# ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ



ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ੴ ਵਾਹਿਗੁਰੂ ਜੀ ਕੀ ਫ਼ਤਹ॥

# ਸ੍ਰੀ ਹਰਿਮੰਦਰ ਸਾਹਿਬ

ਦਾ

# ਸੁਨਹਿਰੀ ਇਤਿਹਾਸ


ਲੇਖਕ

**ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ**

*ਸਾਬਕਾ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ*

*ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ*

ਸ੍ਰੀ ਅੰਮ੍ਰਿਤਸਰ



ਪ੍ਰਕਾਸ਼ਕ

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

ਸਭ ਹੱਕ ਰਾਖਵੇਂ ਹਨ

*ਪ੍ਰਕਾਸ਼ਕ:*

ਸਕੱਤਰ, ਧਰਮ ਪ੍ਰਚਾਰ ਕਮੇਟੀ,

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।

ਅਗਸਤ ੨੦੧੦ ੫੦੦੦

*ਛਾਪਣ ਵਾਲੇ :*

ਗੋਲਡਨ ਆਫਸੈਟ ਪ੍ਰੈਸ, (ਸ਼੍ਰੋਮਣੀ ਗੁ: ਪ੍ਰ: ਕਮੇਟੀ)

ਗੁ: ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

# ਤ ਤ ਕ ਰਾ


| | ਪੰਨਾ |
|---|---|
| ਭੂਮਿਕਾ | ੫ |
| ਮੁੱਖ ਬੰਧ | ੯ |
| ਸ੍ਰੀ ਅੰਮ੍ਰਿਤਸਰ ਸ਼ਹਿਰ | ੧੧ |
| ਸੰਸਥਾਵਾਂ ਦਾ ਕੇਂਦਰ ਸ੍ਰੀ ਅੰਮ੍ਰਿਤਸਰ | ੩੭ |
| ਅੰਮ੍ਰਿਤ-ਸਰ-ਸਰੋਵਰ | ੫੦ |
| ਹੰਸਲੀ | ੬੩ |
| ਅੰਮ੍ਰਿਤਸਰ ਸਰੋਵਰ ਦੀਆਂ ਕਾਰ ਸੇਵਾਵਾਂ | ੬੮ |
| ਸ੍ਰੀ ਹਰਿਮੰਦਰ ਸਾਹਿਬ | ੮੧ |
| ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ | ੧੧੧ |
| ਭਾਈ ਸਾਹਿਬ ਬੁੱਢਾ ਸਾਹਿਬ ਜੀ | ੧੧੫ |
| ਭਾਈ ਸਾਹਿਬ ਭਾਈ ਮਨੀ ਸਿੰਘ ਜੀ | ੧੩੧ |
| ਭਾਈ ਸਾਹਿਬ ਭਾਈ ਗੋਪਾਲ ਦਾਸ ਜੀ ਤੋਂ ਹੁਣ ਤੱਕ ਦੇ ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ | ੧੫੦ ਤੋਂ ੧੯੧ ਤੱਕ |
| ਗਿਆਨੀ (ਕਥਾ ਵਾਚਕ) ਸਾਹਿਬਾਨ ੩ | ੧੯੨ ਤੋਂ ੨੦੭ ਤੱਕ |
| ਪੁਜਾਰੀ, ਅਰਦਾਸੀਏ ਤੇ ਚੌਰ ਬਰਦਾਰ | ੨੦੮ |
| ਕੀਰਤਨੀਏ, ਰਬਾਬੀ ਤੇ ਰਾਗੀ | ੨੨੧ |
| ਬਾਕੀ ਸਟਾਫ | ੨੩੯ |
| ਸ੍ਰੀ ਹਰਿਮੰਦਰ ਸਾਹਿਬ ਦੀ ਅੱਠ ਪਹਿਰੀ ਮਰਯਾਦਾ | ੨੪੪ |
| ਮੇਲੇ ਤੇ ਗੁਰਪੁਰਬ | ੨੬੪ |
| ਸ੍ਰੀ ਹਰਿਮੰਦਰ ਸਾਹਿਬ ਦੀ ਚਿਤ੍ਰ ਕਲਾ | ੨੬੯ |
| ਸ੍ਰੀ ਹਰਿਮੰਦਰ ਸਾਹਿਬ ਦਾ ਜਿਲੌ ਦਾ ਸਮਾਨ | ੨੭੭ |
| ਸਬੰਧਤ ਅਸਥਾਨ | ੨੮੬ |
| ਸਬੰਧਤ ਇਮਾਰਤਾਂ | ੩੧੪ |
| ਚੌਂਕੀਆਂ, ਝੰਡੇ, ਬੁੰਗੇ | ੩੨੧ |
| ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ | ੩੩੪ |
| ਦਫਤਰ ਸ੍ਰੀ ਹਰਿਮੰਦਰ ਸਾਹਿਬ | ੩੬੫ |
| ਅੰਤਿਕਾ | ੩੭੧ |

# ਪ੍ਰਕਾਸ਼ਕ ਵਲੋਂ

ਸਿੱਖੀ ਸ਼ਰਧਾ, ਸੇਵਾ-ਸਿਮਰਨ, ਮਾਨਸਿਕ ਤ੍ਰਿਪਤੀ ਅਤੇ ਕੁਰਬਾਨੀ ਦੀ ਪ੍ਰੇਰਨਾ ਸਰੋਤ ਵਜੋਂ ਜਾਣੇ ਜਾਂਦੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜਿਸ ਬਾਰੇ ਗੁਰਬਾਣੀ ਵਿੱਚ ਅੰਕਤ ਹੈ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ' ਸਬੰਧੀ ਸਰਵ-ਪੱਖੀ ਜਾਣਕਾਰੀ ਭਰਪੂਰ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵਲੋਂ ੧੯੯੧ ਵਿਚ ਛਾਪੀ ਗਈ ਸੀ। ਸ਼ਰਧਾਵਾਨ ਪਾਠਕਾਂ, ਵਿਦਿਆਰਥੀਆਂ ਤੇ ਖੋਜਾਰਥੀਆਂ ਵਲੋਂ ਇਸ ਪੁਸਤਕ ਨੂੰ ਬਹੁਤ ਸਲਾਹਿਆ ਗਿਆ ਹੈ। ਪਿਛਲੇ ਕੁਝ ਸਮੇਂ ਤੋਂ ਇਹ ਪੁਸਤਕ ਸਟਾਕ ਵਿਚੋਂ ਖ਼ਤਮ ਹੋ ਜਾਣ ਕਾਰਨ ਉਪਲੱਬਧ ਨਹੀਂ ਸੀ। ਸਿੱਖ ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਦੇ ਪੁਰਜ਼ੋਰ ਇਸਰਾਰ 'ਤੇ ਇਸ ਪੁਸਤਕ ਦੀ ਚੌਥੀ ਐਡੀਸ਼ਨ ਇੰਨ-ਬਿੰਨ ਛਾਪੀ ਜਾ ਰਹੀ ਹੈ।

*ਗੁਰੂ-ਪੰਥ ਦਾ ਦਾਸ*

ਸਕੱਤਰ,

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),

ਨਵੰਬਰ, ੨੦੦੮ ਸ੍ਰੀ ਅੰਮ੍ਰਿਤਸਰ

# ਭੂਮਿਕਾ

੧ ਮਾਘ ੧੯੯੯ ਈ: (ਮੁ: ੨੦੪੫ ਬਿ:) ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਦੇ ਮੌਕੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਵੱਲੋਂ ਭਾਰੀ ਸਮਾਗਮ ਕੀਤੇ ਜਾਣ ਦੇ ਐਲਾਨ ਤੋਂ ਪ੍ਰੇਰਤ ਹੋ ਕੇ ਦਾਸ ਨੇ ੧੯੮੭ ਈ: ਦੇ ਆਰੰਭ ਵਿੱਚ "ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ" ਪੁਸਤਕ ਲਿਖਣ ਦਾ ਮਨ ਬਣਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਅਤੇ ਮੁੱਖ ਗ੍ਰੰਥੀ ਸਾਹਿਬਾਨ ਬਾਰੇ ਮੇਰਾ ਇਕ ਲੇਖ ਇਸ ਤੋਂ ਕਾਫ਼ੀ ਸਮਾਂ ਪਹਿਲਾਂ ਦਿੱਲੀ ਤੋਂ ਪ੍ਰਕਾਸ਼ਤ ਹੁੰਦੇ ਹਫਤਾਵਾਰ "ਕੌਮੀ ਏਕਤਾ " ਵਿੱਚ ਛਪ ਚੁੱਕਾ ਸੀ। ਸ੍ਰੀ ਅੰਮ੍ਰਿਤਸਰ ਸ਼ਹਿਰ, ਅੰਮ੍ਰਿਤਸਰ-ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਹੁਣ ਤੱਕ ਲਿਖੀਆਂ ਤੇ ਛਪੀਆਂ ਪੁਸਤਕਾਂ ਵਿੱਚ ਲੇਖਕਾਂ ਵੱਲੋਂ ਦਿੱਤੀ ਅਧੂਰੀ ਜਾਣਕਾਰੀ ਦੇ ਕਾਰਨ ਕਈ ਪੱਖ ਸਹੀ ਰੂਪ ਵਿੱਚ ਉਘਾੜੇ ਨਹੀਂ ਜਾ ਸਕੇ ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਤਿਕਾਰ ਯੋਗ ਗ੍ਰੰਥੀ ਅਤੇ ਮੁੱਖ ਗ੍ਰੰਥੀ ਸਾਹਿਬਾਨ ਬਾਰੇ ਬਹੁਤ ਘੱਟ ਲਿਖਿਆ ਹੈ ਅਤੇ ਜੇ ਕਿਸੇ ਲੇਖਕ ਨੇ ਇਸ ਸਬੰਧ'ਚ ਕਲਮ ਉਠਾਈ ਵੀ ਹੈ, ਤਾਂ ਸਿਰਫ਼ ਬ੍ਰਹਮਗਿਆਨੀ ਬਾਬਾ ਬੁੱਢਾ ਸਾਹਿਬ ਅਤੇ ਅਮਰ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਸੰਖੇਪ ਜੀਵਨ ਤੋਂ ਇਲਾਵਾ ਉਨ੍ਹਾਂ ਤੋਂ ਬਾਅਦ ਹੁਣ ਤੱਕ ਦੇ ਸਤਿਕਾਰ ਯੋਗ ਸਿੰਘ ਸਾਹਿਬਾਨ ਬਾਰੇ ਜਾਣਕਾਰੀ ਦੇਣ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ। ਦਾਸ ਨੇ ਇਸ ਪੁਸਤਕ ਵਿੱਚ ਬਾਬਾ ਬੁੱਢਾ ਸਾਹਿਬ ਜੀ ਤੋਂ ਲੈ ਕੇ ਵਰਤਮਾਨ ਸਮੇਂ ਦੇ ਸਭ ਤੋਂ ਅੰਤਲੇ ਸਿੰਘ ਸਾਹਿਬ ਤਕ ਸੰਖੇਪ ਰੂਪ ਵਿੱਚ ਮੁਕੰਮਲ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਇਵੇਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਕਥਾ ਵਾਚਕ ਗਿਆਨੀ ਸਾਹਿਬਾਨ ਸਬੰਧੀ ਜਾਣਕਾਰੀ ਦੀ ਅਣਹੋਂਦ ਨੂੰ ਅਨੁਭਵ ਕਰਦਿਆਂ ਆਰੰਭ ਤੋਂ ਹੁਣ ਤੱਕ ਦੇ ਕਥਾ ਵਾਚਕ ਗਿਆਨੀ ਸਾਹਿਬਾਨ ਬਾਰੇ ਪੂਰੀ ਵਾਕਫ਼ੀਅਤ ਦਿੱਤੀ ਗਈ ਹੈ।ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ, ਰਬਾਬੀਆਂ, ਰਾਗੀਆਂ, ਪੁਜਾਰੀਆਂ ਅਰਦਾਸੀਆਂ, ਚੌਰ ਬਰਦਾਰਾਂ ਅਤੇ ਬਾਕੀ ਸਟਾਫ਼ ਬਾਰੇ ਵੱਖ-ਵੱਖ ਉਰਦੂ ਪੁਸਤਕਾਂ ਜਾਂ ਸ੍ਰੀ ਦਰਬਾਰ ਸਾਹਿਬ ਦੇ ਰੀਕਾਰਡ'ਚੋਂ ਲੱਭੀ ਜਾਣਕਾਰੀ ਕਲਮ-ਬੰਦ ਕਰ ਦਿੱਤੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਅੱਠ ਪਹਿਰੀ ਧਾਰਮਕ ਮਰਯਾਦਾ, ਕੀਰਤਨ ਦੀਆਂ ਚੌਂਕੀਆਂ, ਅਰਦਾਸਾਂ ਤੇ ਕੜਾਹ ਪ੍ਰਸ਼ਾਦ ਬਾਰੇ ਵੀ ਲੋੜੀਂਦੀ ਜਾਣਕਾਰੀ ਅੰਕਿਤ ਕਰ ਦਿੱਤੀ ਹੈ।

ਸ੍ਰੀ ਅੰਮ੍ਰਿਤਸਰ ਸਰੋਵਰ ਦੀਆਂ ਆਰੰਭ ਤੋਂ ਹੁਣ ਤੱਕ ਹੋਈਆਂ ਸਾਰੀਆਂ ਇਤਿਹਾਸਕ ਕਾਰ ਸੇਵਾਵਾਂ ਦਾ ਕਿਸੇ ਵੀ ਲੇਖਕ ਨੇ ਜ਼ਿਕਰ ਨਹੀਂ ਕੀਤਾ, ਜੇ ਕਿਸੇ ਲਿਖਿਆ ਵੀ ਹੈ ਤਾਂ ਸਿਰਫ਼ ੧੯੨੩ ਈ: ਅਤੇ ੧੯੭੩ ਈ: ਦੀਆਂ ਦੋ ਕਾਰ ਸੇਵਾਵਾਂ ਬਾਰੇ ਹੀ ਲਿਖਿਆ ਹੈ। ਅਸਾਂ ਪੂਰੀਆਂ ਦਸ ਕਾਰ ਸੇਵਾਵਾਂ ਦਾ ਸਾਲ ਸੰਮਤਾਂ ਸਮੇਤ ਹਵਾਲਾ ਪੁਸਤਕਾਂ 'ਚੋਂ ਵੇਰਵੇ ਦੇ ਕੇ ਵਰਣਨ ਕੀਤਾ ਹੈ।ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ-ਬਾਹਰ ਹੋਈ ਕਈ ਪ੍ਰਕਾਰ ਦੀ ਚਿਤ੍ਰਕਾਰੀ ਤੇ ਚਿੱਤ੍ਰਕਾਰਾਂ ਬਾਰੇ ਵੀ ਵੇਰਵਾ ਦਰਜ ਹੈ। ਜਲੌ ਦੇ ਸਾਮਾਨ ਦਾ ਰੀਕਾਰਡ ਅਨੁਸਾਰ ਮੁਕੰਮਲ ਵਿਵਰਣ ਦਿੱਤਾ

ਗਿਆ ਹੈ, ਜੋ ਇਸ ਤੋਂ ਪਹਿਲਾਂ ਦੀਆਂ ਲਿਖ਼ਤਾਂ ਵਿੱਚ ਬਹੁਤ ਘੱਟ ਹੈ । ਚੌਕੀਆਂ, ਝੰਡਿਆਂ ਤੇ ਬੁੰਗਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਹੈ । ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨਾਲ ਸਬੰਧਤ ਪ੍ਰਕਰਮਾ ਅਤੇ ਸ਼ਹਿਰ ਦੇ ਇਤਿਹਾਸਕ ਗੁਰ-ਅਸਥਾਨਾਂ ਦੀ ਸੰਖੇਪ ਜਾਣਕਾਰੀ ਅਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਿਤ ਇਮਾਰਤਾਂ ਦੀ ਵਾਕਫ਼ੀਅਤ ਵੀ ਲਿਖ ਦਿੱਤੀ ਗਈ ਹੈ ਤਾਂ ਕਿ ਸ਼ਰਧਾਲੂ ਯਾਤਰੂਆਂ ਨੂੰ ਦਰਸ਼ਨਾਂ ਹਿਤ ਜਾਣਕਾਰੀ ਪ੍ਰਾਪਤ ਹੋ ਸਕੇ ।

ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਗੁਰੂ ਸਾਹਿਬਾਨ ਦੇ ਸਮੇਂ ਕਿਸ ਤਰ੍ਹਾਂ ਦਾ ਸੀ, ਭਾਈ ਮਨੀ ਸਿੰਘ ਜੀ ਦੇ ਸਮੇਂ ਕਿਸ ਤਰ੍ਹਾਂ ਦਾ, ਸਿੰਘਾਂ ਦੇ ਜੰਗਲਾਂ 'ਚ ਰਹਿਣ ਸਮੇਂ ਤੇ ਸਿੱਖ ਮਿਸਲਾਂ ਦੇ ਸਮੇਂ ਦਾ ਪ੍ਰਬੰਧ ਕਿਹੋ ਜਿਹਾ ਸੀ ? ਸਿੱਖ ਰਾਜ ਸਮੇਂ ਦੇ ਪ੍ਰਬੰਧ ਤੇ ਫਿਰ ਅੰਗਰੇਜ਼ੀ ਰਾਜ ਸਮੇਂ ਦੇ ਪ੍ਰਬੰਧ ਦਾ ਫਰਕ ਤੇ ਅਕਾਲੀ ਲਹਿਰ ਸਮੇਂ ਸਿੰਘਾਂ ਨੇ ਮੋਰਚੇ ਲਾ ਕੇ ਕਿਵੇਂ ਗੁਰਦੁਆਰੇ ਆਜ਼ਾਦ ਕਰਵਾਏ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਉਣ ਤੇ ਕੀ ਕੀ ਸੁਧਾਰ ਹੋਏ ? ਅੰਤ ਵਿੱਚ ਦਫ਼ਤਰ ਸ੍ਰੀ ਦਰਬਾਰ ਸਾਹਿਬ ਬਾਰੇ ਆਰੰਭ ਤੋਂ ਹੁਣ ਤੱਕ ਦੀ ਜਾਣਕਾਰੀ ਤੇ ਦਫ਼ਤਰ ਅਧੀਨ ਕੰਮ ਕਰਦੇ ਵਿਭਾਗਾਂ ਅਤੇ ਉਨ੍ਹਾਂ ਦੇ ਸਟਾਫ਼ ਦਾ ਵੇਰਵਾ ਹੈ ।

ਦਾਸ ਨੂੰ ੧੯੫੮ ਈ: ਤੋਂ ੧੯੮੬ ਈ: ਤੱਕ ਲਗਭਗ ੨੮ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਅਤੇ ਮੁੱਖ ਗ੍ਰੰਥੀ ਸੇਵਾ ਨਿਭਾਉਂਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਕਣ-ਕਣ ਨੂੰ ਅਥਾਹ ਸ਼ਰਧਾ ਸਹਿਤ ਹਰ ਪੱਖ ਤੋਂ ਗਹੁ ਨਾਲ ਵੇਖਣ, ਪਰਖਣ ਤੇ ਸਮਝਣ ਦਾ ਅਵਸਰ ਮਿਲਿਆ ਹੈ, ਜਿਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਜੋ ਕੁਝ ਮੈਂ ਅਨੁਭਵ ਕੀਤਾ, ਉਸ ਨੂੰ ਕਲਮ ਰਾਹੀਂ ਅੰਕਿਤ ਕਰ ਦਿੱਤਾ ਹੈ, ਤਾਂ ਕਿ ਆਉਣ ਵਾਲੀ ਪੀੜ੍ਹੀ ਇਸ ਤੋਂ ਯਥਾ ਯੋਗ ਲਾਭ ਪ੍ਰਾਪਤ ਕਰ ਸਕੇ ।

੧੯੮੭ ਈ: ਦੇ ਅੰਤ ਤੱਕ ਮੈਂ ਇਸ ਪੁਸਤਕ ਦਾ ਖਰੜਾ ਤਿਆਰ ਕਰ ਲਿਆ ਸੀ ਪਰ ਆਰਥਕ ਪੱਖੋਂ ਇਸ ਪੁਸਤਕ ਨੂੰ ਛਾਪਣ ਦੀ ਅਸਮਰਥਤਾ ਦੇ ਕਾਰਨ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਛਪਦੇ ਧਾਰਮਿਕ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਵਿੱਚ ਜਨਵਰੀ ੧੯੮੮ ਈ: ਤੋਂ ਲੇਖ-ਲੜੀ ਆਰੰਭ ਕੀਤੀ ਗਈ । ਉਸ ਸਮੇਂ ਇਸ ਮਾਸਕ ਪੱਤਰ ਦੇ ਸ: ਵਰਿਆਮ ਸਿੰਘ ਜੀ ਮੁੱਖ ਸੰਪਾਦਕ ਸਨ । ਉਨ੍ਹਾਂ ਵੱਲੋਂ ਦਿੱਤੀ ਪ੍ਰੇਰਨਾ, ਸਹਿਯੋਗ ਤੇ ਹੌਂਸਲਾ ਅਫਜ਼ਾਈ ਦਾ ਸਦਕਾ ਇਹ ਲੇਖ ਲੜੀ ਜਾਰੀ ਰਹੀ । ਜਦ ਆਪ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਨਿਯੁਕਤ ਹੋਏ, ਤਾਂ ਸ: ਰੂਪ ਸਿੰਘ ਜੀ ਸੰਪਾਦਕ ਬਣੇ, ਉਨ੍ਹਾਂ ਦੇ ਸਮੇਂ ਵੀ ਲੇਖ ਲੜੀ ਚਲਦੀ ਰਹੀ ।

ਗੁਰਮਤਿ ਪ੍ਰਕਾਸ਼ ਦੇ ਬਹੁਤ ਸਾਰੇ ਪਾਠਕਾਂ ਵੱਲੋਂ ਅਜਿਹੇ ਪੱਤਰ ਮਿਲੇ, ਜਿਨ੍ਹਾਂ ਵਿੱਚ ਉਨ੍ਹਾਂ ਨੇ ਲਿਖਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਬਾਰੇ ਤੁਹਾਡੇ ਵੱਲੋਂ ਲਿਖੇ ਲੇਖਾਂ ਨੂੰ ਤਰਤੀਬ ਦੇ ਕੇ ਤੇ ਜ਼ਰੂਰੀ ਸੋਧਾਂ ਤੇ ਵਾਧਿਆਂ ਸਹਿਤ ਪੁਸਤਕ ਦੇ ਰੂਪ ਵਿੱਚ ਛਾਪਿਆ ਜਾਵੇ, ਤਾਂ ਕਿ ਪਾਠਕ ਵਧੇਰੇ ਆਨੰਦ ਮਾਣ ਸਕਣ । ਇਸੇ ਭਾਵ ਦੇ ਪੱਤਰਾਂ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਵੀ ਪ੍ਰੇਰਿਤ ਕੀਤਾ ਗਿਆ । ਜਿਸ ਦੇ ਫਲਸਰੂਪ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਸ੍ਰ: ਗੁਰਚਰਨ ਸਿੰਘ ਜੀ ਟੌਹੜਾ, ਧਰਮ ਪ੍ਰਚਾਰ ਕਮੇਟੀ ਦੇ ਵਿਦਵਾਨ ਤੇ ਪਾਰਖੂ ਮੈਂਬਰ ਸਾਹਿਬਾਨ ਤੇ ਸਕੱਤਰ ਸਾਹਿਬਾਨ ਆਦਿ ਦੀ ਸਮੁੱਚੀ ਰਾਇ ਅਨੁਸਾਰ ਮਿਤੀ ੧੧-੯-੮੯ ਨੂੰ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ੨੫੪੭ ਨੰ: ਮਤਾ ਪਾਸ ਕੀਤਾ ਗਿਆ :

"ਚੇਅਰਮੈਨ ਸਾਹਿਬ ਦੀ ਆਗਿਆ ਅਤੇ ਇਕੱਤ੍ਰਤਾ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਦੇ ਸ੍ਰੀ ਦਰਬਾਰ ਸਾਹਿਬ ਜੀ ਬਾਰੇ ਮਾਸਕ ਪੱਤਰ 'ਗੁਰਮਤਿ-ਪ੍ਰਕਾਸ਼' ਵਿੱਚ ਪ੍ਰਕਾਸ਼ਤ ਹੋਏ ਲੇਖਾਂ ਨੂੰ ਪੁਸਤਕ ਰੂਪ ਵਿੱਚ ਗੁਰਮਤਿ ਲਿਟਰੇਚਰ ਦੀ ਮੱਦ ਵਿੱਚੋਂ ਖਰਚ ਕਰ ਕੇ ਛਾਪ ਦਿੱਤਾ ਜਾਵੇ । ਪੁਸਤਕ ਦਾ ਖਰੜਾ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਪਾਸੋਂ ਪ੍ਰਾਪਤ ਕਰ ਕੇ ਯੋਗ ਗਿਣਤੀ ਵਿੱਚ ਛਪਵਾਉਣ ਦੇ ਅਧਿਕਾਰ ਸਕੱਤਰ ਸਾਹਿਬ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾਂਦੇ ਹਨ ।"

ਉਪ੍ਰੋਕਤ ਮਤੇ ਅਨੁਸਾਰ ਮੈਂ ਖਰੜਾ ਪ੍ਰੈਸ ਵਿੱਚ ਭੇਜ ਦਿੱਤਾ ਤੇ ਇਹ ਪੁਸਤਕ ਸ਼੍ਰੋਮਣੀ ਕਮੇਟੀ ਦੇ ਆਪਣੇ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਰਾਮਸਰ ਰੋਡ ਵਿੱਚ ਛਪਣੀ ਆਰੰਭ ਹੋ ਗਈ। ਸ੍ਰੀ ਅਕਾਲ ਪੁਰਖ ਅਤੇ ਗੁਰੂ ਸਾਹਿਬਾਨ ਦੀ ਅਪਾਰ ਬਖਸ਼ਿਸ਼ ਦਾ ਸਦਕਾ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਨਾਮ ਦੀ ਇਹ ਪੁਸਤਕ ਛਪ ਕੇ ਪਾਠਕਾਂ ਦੇ ਕਰ-ਕਮਲਾਂ ਵਿੱਚ ਪਹੁੰਚ ਗਈ ਹੈ ।

ਮੈਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸਾਹਿਬ ਸ. ਗੁਰਚਰਨ ਸਿੰਘ ਜੀ 'ਟੌਹੜਾ', ਵਰਤਮਾਨ ਪ੍ਰਧਾਨ ਸਾਹਿਬ ਸ. ਬਲਦੇਵ ਸਿੰਘ ਜੀ ਐਡਵੋਕੇਟ; ਧਰਮ ਪ੍ਰਚਾਰ ਕਮੇਟੀ ਦੇ ਮੈਂਬਰ, ਮਹਾਨ ਵਿਦਵਾਨ ਗਿਆਨੀ ਮੇਵਾ ਸਿੰਘ ਜੀ ਅਤੇ ਸਮੂਹ ਮੈਂਬਰ ਸਾਹਿਬਾਨ, ਸਕੱਤਰ ਸਾਹਿਬ ਸ. ਮਨਜੀਤ ਸਿੰਘ ਜੀ 'ਕਲਕੱਤਾ' ਅਤੇ ਮੀਤ ਸਕੱਤਰ ਸਾਹਿਬ ਸ. ਵਰਿਆਮ ਸਿੰਘ ਜੀ ਆਦਿ ਮੁਖੀ ਸੱਜਣਾਂ ਦਾ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਦੇ ਉਦਮ, ਸਹਿਯੋਗ ਤੇ ਯਤਨਾਂ ਸਦਕਾ ਮੇਰੀ ਇਹ ਲਿਖਤ, ਪੁਸਤਕ ਦਾ ਰੂਪ ਧਾਰ ਕੇ ਸਿੱਖ ਸੰਗਤਾਂ ਅਤੇ ਪਾਠਕਾਂ ਤੱਕ ਪਹੁੰਚ ਸਕੀ ਹੈ ।

ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਦੇ ਮੈਨੇਜਰ ਸ. ਹਰਚਰਨ ਸਿੰਘ ਜੀ ਅਤੇ ਪਰੂਫ ਰੀਡਰ ਸਾਹਿਬਾਨ ਵੀ ਮੇਰੇ ਧੰਨਵਾਦ ਦੇ ਪਾਤਰ ਹਨ, ਜਿਨ੍ਹਾਂ ਦੀ ਅਣਥੱਕ ਘਾਲਣਾ ਦਾ ਸਦਕਾ ਇਹ ਪੁਸਤਕ ਵਧੇਰੇ ਸ਼ੁੱਧ ਰੂਪ ਵਿੱਚ ਛਪ ਸਕੀ ਹੈ ।

ਅੰਤ ਵਿੱਚ ਮੈਂ ਵਿਦਵਾਨ ਤੇ ਖੋਜੀ ਸੱਜਣਾਂ ਦੀ ਸੇਵਾ ਵਿੱਚ ਸਨਿਮਰ ਬੇਨਤੀ ਕਰਦਾ ਹਾਂ ਕਿ ਉਹ ਇਸ ਪੁਸਤਕ ਵਿੱਚ ਜੋ ਜੋ ਉਕਾਈਆਂ ਜਾਂ ਤਰੁੱਟੀਆਂ ਦੇਖਣ, ਦਾਸ ਨੂੰ ਉਨ੍ਹਾਂ ਤੋਂ ਜਾਣੂ ਕਰਾਉਣ ਦੀ ਖੇਚਲ ਜ਼ਰੂਰ ਕਰਨ ਤਾਂ ਕਿ ਅਗਲੇ ਸੰਸਕਰਣ ਵਿੱਚ ਲੋੜੀਂਦੀਆਂ ਸੋਧਾਂ ਕਰ ਦਿੱਤੀਆਂ ਜਾਣ । ਦਾਸ ਉਨ੍ਹਾਂ ਸੱਜਣਾਂ ਦਾ ਹਾਰਦਿਕ ਧੰਨਵਾਦੀ ਹੋਵੇਗਾ ।

**ਗੁਰੂ-ਪੰਥ ਦਾ ਦਾਸ :**

258-ਅਜੀਤ ਨਗਰ,
ਸ੍ਰੀ ਅੰਮ੍ਰਿਤਸਰ

**ਕਿਰਪਾਲ ਸਿੰਘ**
ਸਾਬਕਾ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ।
ਮਾਰਚ 1991

# ਸਮਰਪਣ

ਪੰਥ ਪ੍ਰਸਿੱਧ ਹਸਤੀ, ਗੁਰਬਾਣੀ ਤੇ ਗੁਰਮਤਿ ਸਾਹਿਤ ਦੇ ਅਦੁੱਤੀ ਵਿਦਵਾਨ
ਤੇ ਅਚਾਰਯ, ਮਹਾਂ ਮੰਡਲੇਸ਼ਵਰ, ਨਾਮ ਰਸੀਏ, ਉਦਾਰ-ਆਤਮਾ,
ਦੈਵੀ ਗੁਣਾਂ ਦੇ ਪੁੰਜ, ਨਿੰਮ੍ਰਤਾ ਦੀ ਮੂਰਤਿ, ਗੁਰਮਤਿ
ਰਹਿਤ-ਮਰਯਾਦਾ ਦੇ ਧਾਰਨੀ, ਮਹਾਨ
ਪ੍ਰਉਪਕਾਰੀ, ਗੁਰਮੁਖ-ਪਿਆਰੇ,
ਮਹਾਂ ਪੁਰਖ ਸਤਿਕਾਰ ਯੋਗ,
ਵਿਦਿਆ ਦਾਤੇ,
ਸੱਚਖੰਡ ਵਾਸੀ

**ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'**

**ਭਿੰਡਰਾਂ ਵਾਲਿਆਂ**

**ਨੂੰ**

ਮੈਂ ਆਪਣੀ ਇਹ ਪੁਸਤਕ ਬੜੇ ਹੀ ਅਦਬ ਸਤਿਕਾਰ ਸਹਿਤ

ਭੇਟਾ ਕਰਨ ਦੀ ਖੁਸ਼ੀ ਲੈ ਰਿਹਾ ਹਾਂ

ਜਿਨ੍ਹਾਂ ਦੀ
ਗੁਰਮੁਖਿ ਸੰਗਤ, ਪਾਰਸ ਛੋਹ ਦਿਲੀ ਪ੍ਰਸੰਨਤਾ ਤੇ ਅਪਾਰ ਬਖਸ਼ਸ਼ ਦਾ ਸਦਕਾ
ਮੈਨੂੰ ਸਿੱਖ ਧਰਮ ਦੇ ਕੇਂਦਰੀ ਧਾਰਮਕ ਅਸਥਾਨ ਸੱਚਖੰਡ
ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਗ੍ਰੰਥੀ, ਮੁੱਖ ਗ੍ਰੰਥੀ ਅਤੇ
ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਆਦਿ ਦੀਆਂ
ਮਹਾਨ ਸਤਿਕਾਰ ਯੋਗ ਪਦਵੀਆਂ ਉੱਪਰ
ਪਵਿੱਤਰ ਸੇਵਾ ਕਰਨ ਦਾ ਸੁਭਾਗ
ਪ੍ਰਾਪਤ ਹੋਇਆ ਅਤੇ ਮੈਂ ਇਹ
ਪੁਸਤਕ ਲਿਖਣ ਦੇ ਯੋਗ
ਹੋ ਸਕਿਆ ਹਾਂ।

-ਲੇਖਕ

# ਮੁੱਖ-ਬੰਧ

ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦਾ ਕੇਂਦਰੀ ਧਾਰਮਿਕ ਅਸਥਾਨ ਹੈ । ਪਿਛਲੀਆਂ ਚਾਰ ਸਦੀਆਂ ਤੋਂ ਇਹ ਪਵਿੱਤਰ ਅਸਥਾਨ ਸਿੱਖ ਪੰਥ ਲਈ ਸਿੱਖੀ ਸ਼ਰਧਾ, ਦ੍ਰਿੜ੍ਹਤਾ, ਸੇਵਾ ਸਿਮਰਨ ਅਤੇ ਕੁਰਬਾਨੀ ਦੀ ਪ੍ਰੇਰਨਾ ਸ਼ਕਤੀ ਦਾ ਮੁਖ ਸ੍ਰੋਤ ਰਿਹਾ ਹੈ । ਸਮੁੱਚਾ ਸਿੱਖ ਇਤਿਹਾਸ ਕਿਸੇ ਨਾ ਕਿੱਸੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਰਿਹਾ ਹੈ; ਜਿਸ ਦਾ ਜ਼ਿਕਰ ਇਤਿਹਾਸ ਦੀਆਂ ਵੱਖ-ਵੱਖ ਸਮੇਂ ਲਿਖੀਆਂ ਸਾਰੀਆਂ ਪੁਸਤਕਾਂ ਵਿੱਚੋਂ ਮਿਲ ਜਾਂਦਾ ਹੈ ਪ੍ਰੰਤੂ ਇਸ ਅਸਥਾਨ ਦੇ ਸਾਰੇ ਪੱਖਾਂ ਉੱਪਰ ਸੰਗਠਿਤ ਤੇ ਵਿਸਤ੍ਰਿਤ ਰੌਸ਼ਨੀ ਪਾਉਂਦੀ ਅਤੇ ਇਥੋਂ ਦੀ ਮਰਯਾਦਾ ਤੇ ਪ੍ਰਬੰਧ ਸਬੰਧੀ ਸੰਪੂਰਨ ਜਾਣਕਾਰੀ ਦੇਣ ਵਾਲੀ ਇਤਿਹਾਸ ਦੀ ਕਿਸੇ ਪੁਸਤਕ ਦੀ ਘਾਟ ਕਾਫੀ ਸਮੇਂ ਤੋਂ ਮਹਿਸੂਸ ਹੋ ਰਹੀ ਸੀ । ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਦੇ ਚਾਰ ਸੌ ਸਾਲਾ ਸਮੇਂ ਸਭ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੋਈ । ਵਿਦਵਾਨ ਲੇਖਕ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਦੁਆਰਾ ਲਿਖੀ ਇਹ ਪੁਸਤਕ ਇਸੇ ਘਾਟ ਨੂੰ ਪੂਰਿਆਂ ਕਰਨ ਦਾ ਸ਼ਲਾਘਾ ਯੋਗ ਕਾਰਜ ਹੈ ।

ਪੁਸਤਕ ਦਾ ਅਰੰਭ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਰਚਨਾ ਨਾਲ ਹੁੰਦਾ ਹੈ । ਇਸ ਅਧਿਆਏ ਵਿੱਚ ਸ਼ਹਿਰ ਦੇ ਸਾਰੇ ਕੱਟੜੇ, ਬਾਜ਼ਾਰ, ਦਰਵਾਜ਼ੇ, ਇਥੋਂ ਦੀਆਂ ਵਿਦਿਅਕ ਤੇ ਸਮਾਜ ਭਲਾਈ ਦੀਆਂ ਸੰਸਥਾਵਾਂ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਹੈ । ਅੰਮ੍ਰਿਤ-ਸਰੋਵਰ ਦੀ ਖੁਦਾਈ, ਹੰਸਲੀ ਦੀ ਖੁਦਾਈ ਅਤੇ ਹੁਣ ਤੱਕ ਦੀਆਂ ਹੋਈਆਂ ਸਾਰੀਆਂ ਕਾਰ-ਸੇਵਾਵਾਂ ਦਾ ਵਰਣਨ ਕਰ ਕੇ ਬਹੁਮੁੱਲੀ ਇਤਿਹਾਸਕ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ ।

ਇਸ ਉੱਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਤੇ ਨੀਂਹ ਰੱਖਣ ਬਾਰੇ ਨਿਰਖ-ਪਰਖ ਕੇ ਨਿਰਣਾਇਕ ਵਿਚਾਰ ਦਿੱਤਾ ਗਿਆ ਹੈ । ਇਸੇ ਅਧਿਆਏ ਵਿੱਚ ਅਬਦਾਲੀ ਦੁਆਰਾ ਇਮਾਰਤ ਦਾ ਨੁਕਸਾਨ ਅਤੇ ਫਿਰ ਦੁਬਾਰਾ ਉਸਾਰੀ ਸੋਨਾ, ਚਾਂਦੀ, ਸੰਗਮਰਮਰ ਆਦਿ ਦੇ ਹੋਏ ਕੰਮ ਦਾ ਵਿਸਥਾਰ ਸਹਿਤ ਵਰਣਨ ਹੈ ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ, ਗਿਆਨੀ ਸਾਹਿਬਾਨ, ਪੁਜਾਰੀ, ਅਰਦਾਸੀਏ, ਚੌਰਬਰਦਾਰ, ਰਬਾਬੀ ਤੇ ਰਾਗੀ ਸਾਹਿਬਾਨ ਬਾਰੇ ਵਿਸ਼ੇਸ਼ ਜਾਣਕਾਰੀ ਸ਼ਾਇਦ ਪਹਿਲੀ ਵੇਰ ਇਸ ਰੂਪ ਵਿੱਚ ਸਾਹਮਣੇ ਆਈ ਹੈ ।

ਸ੍ਰੀ ਹਰਿਮੰਦਰ ਸਾਹਿਬ ਦੀ ਅੱਠ ਪਹਿਰੀ ਮਰਯਾਦਾ, ਇਥੇ ਮਨਾਏ ਜਾਂਦੇ ਮੇਲੇ ਤੇ ਗੁਰਪੁਰਬ, ਜਲੌ ਦਾ ਸਾਮਾਨ ਅਤੇ ਇਸ ਦਾ ਇਤਿਹਾਸ, ਝੰਡੇ, ਬੁੰਗਿਆਂ ਅਤੇ ਹੋਰ ਸਭ ਸਬੰਧਤ ਅਸਥਾਨਾਂ ਬਾਰੇ ਖੋਜ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤੀ ਗਈ ਚਿਤ੍ਰ ਕਲਾ ਦੇ ਵੱਖ-ਵੱਖ ਰੂਪਾਂ, ਜਿਵੇਂ-ਜੜਤਕਾਰੀ, ਮੁਹਰਾਕਸ਼ੀ, ਨਕਾਸ਼ੀ, ਟੁਕੜੀ ਦੀ ਮੁਨੱਵਤ ਆਦਿ ਦਾ ਵਰਣਨ ਕੀਤਾ ਗਿਆ ਹੈ । ਅਖੀਰ ਵਿੱਚ ਸ੍ਰੀ ਹਰਿਮੰਦਰ

ਸਾਹਿਬ ਦਾ ਪ੍ਰਬੰਧ ਆਰੰਭ ਤੋਂ ਹੁਣ ਤੱਕ ਜਿਹੜੇ ਹੱਥਾਂ ਵਿੱਚ ਗੁਜ਼ਰਿਆ ਹੈ । ਇਸ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ ਗਈ ਹੈ। ਸਮੁੱਚੇ ਤੌਰ 'ਤੇ ਇਸ ਪੁਸਤਕ ਵਿੱਚ ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਦੇ ਸਰਵ-ਪੱਖੀ ਇਤਿਹਾਸ, ਮਰਯਾਦਾ, ਪ੍ਰਬੰਧ ਅਤੇ ਕਲਾ ਬਾਰੇ ਖੋਜ ਭਰਪੂਰ ਵਿਸਤ੍ਰਿਤ ਜਾਣਕਾਰੀ ਹੈ ।

ਨਿਰਸੰਦੇਹ ਵਿਦਵਾਨ ਲੇਖਕ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਇਸ ਪਵਿੱਤਰ ਅਸਥਾਨ ਨਾਲ ਗ੍ਰੰਥੀ, ਮੁੱਖ ਗ੍ਰੰਥੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤੌਰ 'ਤੇ ਲੰਬਾ ਸਮਾਂ ਸਬੰਧਤ ਰਹੇ ਹਨ, ਜਿਸ ਕਾਰਨ ਇਸ ਵਿਸ਼ੇ ਉੱਪਰ ਆਪ ਜੀ ਅਧਿਕਾਰਤ ਹਸਤੀ ਕਹੇ ਜਾ ਸਕਦੇ ਹਨ। ਨਿਸਚੇ ਹੀ ਆਪ ਜੀ ਦੀ ਖੋਜ ਅਤੇ ਦਿੱਤੀ ਜਾਣਕਾਰੀ ਹਰ ਪੱਖ ਤੋਂ ਪ੍ਰਮਾਣਿਕ ਮੰਨੀ ਜਾ ਸਕਦੀ ਹੈ । ਆਸ ਕਰਦੇ ਹਾਂ ਕਿ ਇਹ ਪੁਸਤਕ ਪਾਠਕਾਂ, ਵਿਦਵਾਨ ਖੋਜੀਆਂ ਲਈ ਵਰਦਾਨ ਸਾਬਤ ਹੋਵੇਗੀ ।

ਮਾਰਚ ੧੯੯੧

ਵਰਿਆਮ ਸਿੰਘ
ਮੀਤ ਸਕੱਤਰ

# ਸ੍ਰੀ ਅੰਮ੍ਰਿਤਸਰ ਸ਼ਹਿਰ

ਅੰਮ੍ਰਿਤਸਰ ਸ਼ਹਿਰ ਇਸ ਸਮੇਂ ਉੱਤਰੀ ਭਾਰਤ ਦਾ ਪ੍ਰਮੁੱਖ ਵਪਾਰਕ ਕੇਂਦਰ ਹੈ ਤੇ ਸਨਅਤੀ ਖੇਤਰ ਵਿੱਚ ਵਿਕਸਤ ਹੋ ਰਿਹਾ ਹੈ। ਇਸ ਦਾ ਰਕਬਾ ੭੩.੩ ਵਰਗ ਕਿਲੋ ਮੀਟਰ ਤੇ ੧੯੮੧ ਦੀ ਮਰਦਮ-ਸ਼ੁਮਾਰੀ ਸਮੇਂ ਇਸ ਦੀ ਜਨ-ਸੰਖਿਆ ੫੮੯੨੨੯ ਸੀ। ਇਹ ਪਵਿੱਤਰ ਸ਼ਹਿਰ ਲਾਹੌਰ ਤੋਂ ੩੩ ਮੀਲ, ਕਲਕੱਤੇ ਤੋਂ ੧੨੩੨ ਮੀਲ, ਬੰਬਈ ਤੋਂ ੧੨੬੦ ਮੀਲ ਅਤੇ ਕਰਾਚੀ ਤੋਂ ੮੧੬ ਮੀਲ ਹੈ। ਸਿੱਖ-ਕੌਮ ਦਾ ਮਹਾਨ ਧਾਰਮਕ ਕੇਂਦਰ ਹੋਣ ਦਾ ਸਦਕਾ ਇਸ ਸਮੇਂ ਕੌਮਾਂਤਰੀ ਪ੍ਰਸਿੱਧੀ ਦਾ ਸ਼ਹਿਰ ਬਣ ਚੁੱਕਾ ਹੈ।ਇਥੋਂ ਦੀ ਬਣੀ ਮਸ਼ੀਨਰੀ ਅਤੇ ਮਸ਼ੀਨਰੀ ਤੇ ਦਸਤਕਾਰੀ ਰਾਹੀਂ ਬਣਿਆ ਸੂਤੀ, ਰੇਸ਼ਮੀ ਤੇ ਗਰਮ ਕੱਪੜਾ ਤੇ ਹੋਰ ਸਾਮਾਨ ਭਾਰੀ ਮਿਕਦਾਰ ਵਿੱਚ ਭਾਰਤ ਦੇ ਦੂਜੇ ਪ੍ਰਾਂਤਾਂ ਤੇ ਬਾਹਰਲੇ ਮੁਲਕਾਂ ਨੂੰ ਜਾਂਦਾ ਹੈ। ਸ਼ਹਿਰ ਵਾਂਗ ਇਥੋਂ ਦੇ ਵਪਾਰੀਆਂ ਨੂੰ ਵੀ ਜਗਤ ਪ੍ਰਸਿੱਧੀ ਪ੍ਰਾਪਤ ਹੈ। ਇਹ ਸ਼ਹਿਰ ਲੱਗਭਗ ਚਾਰ ਸਦੀਆਂ ਦੇ ਸਿੱਖ ਇਤਿਹਾਸ ਤੇ ਧਾਰਮਕ ਰਹੁ-ਰੀਤਾਂ ਦੀ ਜਿਉਂਦੀ ਜਾਗਦੀ ਤਸਵੀਰ ਹੈ। ਜੋ ਹਰ ਸਿੱਖ ਲਈ ਹਮੇਸ਼ਾਂ ਪ੍ਰੇਰਨਾ ਦਾ ਸਰੋਤ ਬਣਿਆ ਰਿਹਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਅੱਧਾ ਸਿੱਖ ਇਤਿਹਾਸ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਇਰਦ-ਗਿਰਦ ਹੀ ਘੁੰਮਦਾ ਰਿਹਾ ਹੈ।

**ਸ਼ਹਿਰ ਵਸਣ ਤੋਂ ਪਹਿਲਾਂ :**

ਇਹ ਧਰਤੀ ਜਿਥੇ ਅੱਜ-ਕਲ੍ਹ ਬਹੁਤ ਸੁੰਦਰ ਸ਼ਹਿਰ ਅੰਮ੍ਰਿਤਸਰ ਵਸਿਆ ਹੋਇਆ ਹੈ ਤੇ ਸ਼ਹਿਰ ਦੇ ਐਨ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਸਰੋਵਰ ਦੇ ਦਰਸ਼ਨ ਹੋ ਰਹੇ ਹਨ, ਪਹਿਲੇ ਸਮਿਆਂ ਵਿੱਚ ਇਥੇ ਇਕ ਪਾਣੀ ਦੀ ਢਾਬ ਤੇ ਰਮਣੀਕ ਸੰਘਣਾ ਜੰਗਲ ਸੀ, ਜਿਸ ਵਿੱਚ ਹੋਰ ਜੰਗਲੀ ਬ੍ਰਿਛਾਂ ਤੋਂ ਇਲਾਵਾ ਬੇਰੀਆਂ ਦੇ ਦਰੱਖ਼ਤਾਂ ਦੀ ਬਹੁਤਾਤ ਸੀ,ਆਮ ਆਵਾਜਾਈ ਦੇ ਵੱਡੇ ਮਾਰਗਾਂ ਤੋਂ ਦੁਰਾਡੇ, ਰੌਲੇ-ਗੌਲੇ ਤੋਂ ਰਹਿਤ, ਸ਼ਾਂਤ ਤੇ ਏਕਾਂਤ ਅਸਥਾਨ ਸੀ, ਜੋ ਰੱਬੀ-ਰੰਗਣ ਵਿੱਚ ਰੰਗੇ ਰੱਬੀ ਪਿਆਰਿਆਂ ਨੂੰ ਅਟਕਣ ਲਈ ਮਜਬੂਰ ਕਰ ਦੇਂਦਾ ਸੀ। ਸੰਘਣੇ ਬ੍ਰਿਛਾਂ ਵਿਚਕਾਰ ਇਕ ਢਾਬ ਸੀ, ਜਿਸ ਵਿੱਚ ਬਾਰਾਂ ਮਹੀਨੇ ਜਲ ਜਮ੍ਹਾਂ ਰਹਿੰਦਾ ਸੀ।

ਡਾਕਟਰ ਹਰੀ ਰਾਮ ਗੁਪਤਾ ਨੇ ਲਿਖਿਆ ਹੈ ਕਿ ਸਿਕੰਦਰ ਦੇ ਹਮਲੇ ਸਮੇਂ ਇਸ ਧਰਤੀ 'ਤੇ ਇਕ ਨਿੱਕਾ ਜਿਹਾ ਕਿਲ੍ਹਾ ਬਣ ਚੁੱਕਾ ਸੀ, ਜੋ ਕਿ ਬਾਅਦ ਵਿੱਚ ਵਰਤੋਂ ਵਿੱਚ ਨਾ ਆਉਣ ਕਰ ਕੇ ਢਹਿ-ਢੇਰੀ ਹੋ ਗਿਆ। ਭਾਈ ਸੰਤੋਖ ਸਿੰਘ ਤੇ ਉਨ੍ਹਾਂ ਤੋਂ ਬਾਅਦ ਗਿਆਨੀ ਗਿਆਨ ਸਿੰਘ ਜੀ ਨੇ ਇਸ ਧਰਤੀ ਦੀ ਧਾਰਮਿਕ ਮਹੱਤਤਾ ਨੂੰ ਸੂਰਜ ਬੰਸੀ ਪਹਿਲੇ ਮਹਾਰਾਜੇ ਇਖਵਾਕ ਨਾਲ ਤੇ ਫਿਰ ਰਾਮਾਇਣ ਦੇ ਪ੍ਰਸੰਗ, ਲਊ ਕੁਸ਼ੂ ਦੇ ਸ੍ਰੀ ਰਾਮਚੰਦਰ ਜੀ ਨਾਲ ਹੋਏ ਜੰਗ ਤੋਂ ਬਾਅਦ ਇੰਦਰ ਤੋਂ ਅੰਮ੍ਰਿਤ ਦੀ ਬਰਖਾ ਕਰਵਾ ਕੇ ਮੂਰਛਤ ਹੋਏ ਸ੍ਰੀ ਰਾਮਚੰਦਰ ਜੀ ਸਮੇਤ ਸਾਰੀ ਫ਼ੌਜ ਨੂੰ ਸੁਰਜੀਤ ਕਰਨ ਤੇ ਬਚਿਆ ਅੰਮ੍ਰਿਤ ਇਸ ਸਰੋਵਰ ਵਾਲੀ ਥਾਂ, 'ਤੇ ਦੱਬਣ ਨਾਲ ਜੋੜਿਆ ਹੈ।

ਕਈਆਂ ਨੇ ਲਿਖਿਆ ਹੈ ਕਿ ਬੁੱਧ ਧਰਮ ਦੇ ਪ੍ਰਭਾਵ ਵਧਣ ਸਦਕਾ ਇਹ ਤੀਰਥ ਅਲੋਪ ਹੋ ਗਿਆ ਸੀ, ਜਿਸ ਨੂੰ ਸਤਿਗੁਰਾਂ ਨੇ ਪ੍ਰਗਟ ਕੀਤਾ, ਪਰ ਇਨ੍ਹਾਂ ਉਪ੍ਰੋਕਤ ਤੱਥਾਂ ਨੂੰ ਮੰਨਿਆ ਨਹੀਂ ਜਾ ਸਕਦਾ ਕਿਉਂਕਿ ਪੁਰਾਣਾ ਤੇ ਰਾਮਾਇਣ ਦੀਆਂ ਕਥਾਵਾਂ ਮਿਥਿਹਾਸਕ ਹਨ ਇਤਿਹਾਸਕ ਨਹੀਂ। ਜੇ ਇਹ ਅਸਥਾਨ ਪਹਿਲਾਂ ਕਿਸੇ ਧਾਰਮਿਕ ਮਹੱਤਤਾ ਵਾਲਾ ਸੀ ਤਾਂ ਕੋਈ ਚਿੰਨ੍ਹ ਕਿਉਂ ਨਾ ਮਿਲਿਆ ਤੇ ਜੇ ਐਸਾ ਹੁੰਦਾ, ਤਾਂ ਗੁਰੂ ਸਾਹਿਬ ਜ਼ਰੂਰ ਉਸ ਦਾ ਆਪਣੀ ਬਾਣੀ ਵਿੱਚ ਜ਼ਿਕਰ ਕਰਦੇ। ਮੇਰੇ ਖਿਆਲ ਵਿੱਚ ਇਸ ਅਸਥਾਨ ਦੀ ਮਹੱਤਤਾ ਇਸ ਵਿੱਚ ਹੈ ਕਿ ਇਸ ਅਸਥਾਨ ਨੂੰ ਗੁਰੂ ਸਾਹਿਬਾਨ ਦੀ ਚਰਨ-ਛੁਹ ਪ੍ਰਾਪਤ ਹੋਈ, ਉਸੇ ਚਰਨ-ਛੁਹ ਦਾ ਸਦਕਾ ਇਹ ਅਸਥਾਨ ਕਲਜੁਗ ਦਾ ਮਹਾਨ ਤੀਰਥ ਤੇ ਸਿੱਖ ਕੌਮ ਦਾ ਮਹਾਨ ਕੇਂਦਰੀ ਧਾਰਮਿਕ ਅਸਥਾਨ ਬਣਿਆ।

## ਗੁਰੂ ਸਾਹਿਬਾਨ ਦੀ ਚਰਨ-ਛੁਹ:

ਇਸ ਏਕਾਂਤ ਤੇ ਸ਼ਾਂਤ ਵਾਤਾਵਰਣ ਵਾਲੇ ਅਸਥਾਨ ਨੂੰ ਪਹਿਲੋ-ਪਹਿਲ ੧੫੫੯ ਬਿ: ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਚਰਨ-ਛੁਹ ਪ੍ਰਾਪਤ ਹੋਈ। ਜਦੋਂ ਆਪ ਆਪਣੀ ਪਹਿਲੀ ਉਦਾਸੀ ਸਮੇਂ ਸੁਲਤਾਨਪੁਰ ਲੋਧੀ ਤੋਂ ਚਲ ਕੇ ਬਿਆਸ ਦਰਿਆ ਪਾਰ ਕਰ ਕੇ ਫਤਿਆਬਾਦ ਰਾਤ ਕੱਟ ਕੇ ਸੁਲਤਾਨਵਿੰਡ ਪਿੰਡ ਦੀ ਜੂਹ ਵਿੱਚ ਜਿਥੇ ਹੁਣ ਅੰਮ੍ਰਿਤਸਰ ਸਰੋਵਰ ਹੈ। ਇਥੇ ਪਾਣੀ ਦੀ ਢਾਬ ਦੇ ਕਿਨਾਰੇ ਬ੍ਰਿਛ ਹੇਠ ਬੈਠ ਕੇ ਸ਼ਬਦ ਗਾਉਣ ਲੱਗੇ, ਇਕ ਜ਼ਿਮੀਦਾਰ ਦੇ ਘਰ ਧਮਾਣ ਸੀ, ਇਨ੍ਹਾਂ ਨੂੰ ਸੰਤ ਸਮਝ ਕੇ ਖੀਰ, ਖੰਡ ਕੜਾਹ ਤੇ ਮੰਡੇ ਲੈ ਆਇਆ। ਮਰਦਾਨੇ ਨੇ ਛਕ ਕੇ ਖੁਸ਼ ਹੋ ਕੇ ਬੜੇ ਪ੍ਰੇਮ ਨਾਲ ਸ਼ਬਦ ਗਾਏ। ਗੁਰੂ ਜੀ ਬੋਲੇ ਏਥੇ ਭੋਗ ਮੋਖ ਦਾ ਪ੍ਰਵਾਹ ਚੱਲੇਗਾ

*(ਦੇਖੋ ਤਵਾਰੀਖ ਗੁਰੂ ਖਾਲਸਾ ਛਾਪਾ ਪੱਥਰ ਪੰਨਾ ੬੬-੬੭ਕ੍ਰਿਤ ਗਿ: ਗਿਆਨ ਸਿੰਘ )*

ਇਸ ਤੋਂ ਬਾਅਦ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਇਥੇ ਠਹਿਰ ਕੇ ਕਈ ਦਿਨ ਸਿਮਰਨ ਭਜਨ ਤੇ ਕੀਰਤਨ ਦਾ ਅਨੰਦ ਮਾਣਦੇ ਰਹਿੰਦੇ ਸਨ ਕਿਉਂਕਿ ਇਹ ਜਗ੍ਹਾ ਸੁਲਤਾਨਪੁਰ ਲੋਧੀ ਤੋਂ ਕਰਤਾਰਪੁਰ ਅਤੇ ਕਰਤਾਰਪੁਰ ਤੋਂ ਸੁਲਤਾਨਪੁਰ ਲੋਧੀ ਨੂੰ ਜਾਂਦਿਆਂ ਰਸਤੇ ਵਿੱਚ ਪੈਂਦੀ ਸੀ ਤੇ ਗੁਰੂ ਜੀ ਬਹੁਤ ਵਾਰੀ ਬੇਬੇ ਨਾਨਕੀ ਜੀ ਨੂੰ ਮਿਲਣ ਸੁਲਤਾਨਪੁਰ ਆਉਂਦੇ ਰਹੇ ਸਨ।

ਸ੍ਰੀ ਗੁਰੂ ਅੰਗਦ ਦੇਵ ਜੀ ਵੀ ਜਦ ਪਹਿਲੀ ਵਾਰ ਖਡੂਰ ਸਾਹਿਬ ਤੋਂ ਚੱਲੇ ਤੇ ਕਰਤਾਰਪੁਰ ਅੱਪੜੇ, ਤਾਂ ਉਨ੍ਹਾਂ ਦਾ ਵੀ ਇਹੋ ਰਸਤਾ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੇਵਾ ਵਿੱਚ ਰਹਿਣ ਸਮੇਂ ਕਈ ਵਾਰ ਘਰੋਗੀ ਕੰਮਾਂ-ਕਾਰਾਂ ਖਾਤਰ ਖਡੂਰ ਸਾਹਿਬ ਆਏ ਤੇ ਮੁੜ ਕੇ ਕਰਤਾਰਪੁਰ ਗਏ ਹੋਣਗੇ ਤੇ ਰਸਤੇ ਵਿੱਚ ਇਸ ਰਮਣੀਕ ਤੇ ਸੁੰਦਰ ਵਾਯੂ-ਮੰਡਲ ਵਿੱਚ ਜ਼ਰੂਰ ਆਰਾਮ ਕਰ ਕੇ ਜਾਂਦੇ ਰਹੇ ਹੋਣਗੇ, ਗੁਰਤਾ-ਗੱਦੀ ਪ੍ਰਾਪਤ ਕਰਨ ਤੋਂ ਬਾਅਦ ਤਾਂ ਗੁਰੂ ਨਾਨਕ ਦੀ ਦੂਜੀ ਜੋਤ ਦੇ ਰੂਪ ਵਿੱਚ ਇਥੇ ਠਹਿਰ ਕੇ ਇਲਾਕੇ ਦੀਆਂ ਸੰਗਤਾਂ ਨੂੰ ਦਰਸ਼ਣ ਦੇਂਦੇ ਰਹੇ ਹਨ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਅੰਗੂਠੇ ਦੇ ਇਲਾਜ ਲਈ ਇਕ ਬੂਟੀ ਲਭਦੇ ਇਸ ਢਾਬ ਦੇ ਕੰਡੇ'ਤੇ ਅੱਪੜੇ। ਜਿਥੋਂ ਉਨ੍ਹਾਂ ਨੂੰ ਇਹ ਬੂਟੀ ਲੱਭੀ। ਜਿਸ ਨਾਲ ਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਦਾ ਦਰਦ ਦੂਰ ਹੋਇਆ। ਇਸ ਬੂਟੀ ਦਾ ਨਾਮ 'ਅੰਮ੍ਰਿਤੀ' ਸੀ।

ਉਪ੍ਰੋਕਤ ਪ੍ਰਮਾਣਾਂ ਤੋ ਸਿੱਧ ਹੈ ਕਿ ਇਹ ਅਸਥਾਨ ਸੁੰਦਰਤਾ ਹਰਿਆਵਲਤਾ, ਏਕਾਂਤ

ਤੇ ਸ਼ਾਂਤ ਵਾਤਾਵਰਨ, ਭਜਨ ਸਿਮਰਨ ਕੀਰਤਨ ਲਈ ਢੁਕਵਾਂ, ਆਮ ਆਵਾਜਾਈ ਤੇ ਰੌਲੇ-ਗੌਲੇ ਤੋਂ ਰਹਿਤ ਹੋਣ ਕਾਰਨ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਚਰਨ-ਛੂਹ ਨਾਲ ਪਵਿੱਤਰ ਹੋ ਚੁੱਕਾ ਸੀ। ਜਿਵੇਂ ਕਿ ਹਜ਼ੂਰ ਦਾ ਫੁਰਮਾਣ ਹੈ :

ਜਿਥੈ ਬੈਸਨਿ ਸਾਧ ਜਨ, ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ, ਬਿਨਸੈ ਸਭੁ ਮੰਦਾ ॥ *(ਪੰਨਾ ੩੧੯)*
ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ ॥ *(ਪੰਨਾ ੪੫੦)*
ਸਾ ਧਰਤੀ ਭਈ ਹਰੀਆਵਲੀ, ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ *(ਪੰਨਾ ੩੧੦)*

## ਨਗਰ ਵਸਾਉਣ ਦੀ ਵੀਚਾਰ :

ਨਵਾਂ ਨਗਰ ਵਸਾਉਣ ਦੀ ਵੀਚਾਰ ਪਹਿਲੋ-ਪਹਿਲ ਸ੍ਰੀ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਉਤਪੰਨ ਹੋਈ। ਆਪ ਜੀ ਨੇ ਸੋਚਿਆ ਕਿ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ-ਗੱਦੀ ਬਖਸ਼ ਕੇ ਖਡੂਰ ਸਾਹਿਬ ਭੇਜ ਦਿੱਤਾ ਸੀ, ਤਾਂ ਕਿ ਉਹ ਗੁਰੂ ਕੇ ਸਪੁੱਤਰਾਂ ਵੱਲੋਂ ਪੈਦਾ ਹੋਣ ਵਾਲੇ ਝਗੜਿਆਂ-ਬਖੇੜਿਆਂ ਤੋਂ ਦੂਰ ਰਹਿ ਕੇ ਗੁਰਤਾ-ਗੱਦੀ ਦੇ ਦੈਵੀ ਕਾਰਜ ਨੂੰ ਪੂਰਨ ਸੁਤੰਤਰ ਹੋ ਕੇ ਨਿਰਵਿਘਨ ਜਾਰੀ ਰੱਖ ਸਕਣ। ਜਿਸ ਕਰ ਕੇ ਗੁਰੂ ਅੰਗਦ ਦੇਵ ਜੀ ਨੇ ਵਾਪਸ ਆ ਕੇ ਦੋਬਾਰਾ ਖਡੂਰ ਸਾਹਿਬ ਨੂੰ ਆਬਾਦ ਕੀਤਾ, ਜਿਵੇਂ ਕਿ ਸਤੇ ਬਲਵੰਡ ਨੇ ਜ਼ਿਕਰ ਕੀਤਾ ਹੈ :

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ *(ਪੰਨਾ ੯੬੭)*

ਇਵੇਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਗੁਰਤਾ-ਗੱਦੀ ਦੇਣ ਤੋਂ ਪਹਿਲਾਂ ਉਜੜੇ ਹੋਏ ਗੋਇੰਦਵਾਲ ਦੇ ਕਸਬੇ ਨੂੰ ਵਸਾਉਣ ਹਿਤ ਭੇਜਿਆ। ਜਦ ਗੋਇੰਦਵਾਲ ਪੂਰੀ ਤਰ੍ਹਾਂ ਆਬਾਦ ਹੋ ਗਿਆ, ਤਾਂ ਸਤਿਗੁਰਾਂ ਨੇ ਸਾਨੂੰ ਗੁਰਤਾ-ਗੱਦੀ ਸੌਂਪ ਕੇ ਹੁਕਮ ਕੀਤਾ, ਕਿ ਤੁਸੀਂ ਸਣੇਂ ਪਰਿਵਾਰ ਗੋਇੰਦਵਾਲ ਜਾ ਕੇ ਨਿਵਾਸ ਕਰੋ ਤੇ ਇਸ ਅਸਥਾਨ ਨੂੰ ਸਿੱਖੀ ਦਾ ਕੇਂਦਰ ਸਥਾਪਤ ਕਰੋ, ਕਿਉਂਕਿ ਖਡੂਰ ਸਾਹਿਬ ਰਹਿਣ ਨਾਲ ਹੋ ਸਕਦਾ ਹੈ ਕਿ ਸਾਡੇ ਪੁੱਤਰ ਤੁਹਾਡੇ ਗੁਰਮਤਿ ਪ੍ਰਚਾਰ ਪ੍ਰੋਗਰਾਮ ਵਿੱਚ ਵਿਘਨ ਪਾਉਣ। ਸਤਿਗੁਰਾਂ ਦੇ ਹੁਕਮ ਅਨੁਸਾਰ ਅਸੀਂ ਗੋਇੰਦਵਾਲ ਆ ਗਏ। ਸੰਗਤਾਂ ਦੇ ਜੋੜ ਮੇਲਿਆਂ ਸਦਕਾ ਤੇ ਬਾਉਲੀ ਸਾਹਿਬ ਦੇ ਬਣਨ ਨਾਲ ਇਸ ਅਸਥਾਨ ਨੂੰ ਗੋਬਿੰਦ ਪੁਰੀ ਬਣਨ ਵਿੱਚ ਕਾਫੀ ਮਦਦ ਮਿਲੀ, ਜਿਵੇਂ ਕਿ ਭੱਟਾਂ ਨੇ ਕਿਹਾ ਹੈ :

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ,
ਜਲ੍ਹਨ ਤੀਰਿ ਬਿਪਾਸ ਬਨਾਯਉ ॥ *(ਪੰਨਾ ੧੪੦੦)*

ਪਹਿਲੇ ਦੋਹਾਂ ਸਤਿਗੁਰਾਂ ਵਾਂਗ ਹੁਣ ਸਾਨੂੰ ਵੀ ਚਾਹੀਦਾ ਹੈ ਕਿ ਗੁਰੂ ਰਾਮਦਾਸ ਜੀ ਨੂੰ ਗੁਰਤਾ-ਗੱਦੀ ਸੌਂਪਣ ਤੋਂ ਪਹਿਲਾਂ ਕੋਈ ਅਜਿਹਾ ਨਗਰ ਵਸਾ ਕੇ ਦੇਈਏ, ਜਿਥੇ ਬੈਠ ਕੇ ਇਹ ਆਜ਼ਾਦਾਨਾ ਤੌਰ'ਤੇ ਸਿੱਖ ਧਰਮ ਪ੍ਰਚਾਰ ਨੂੰ ਜਥੇਬੰਦ ਕਰ ਸਕਣ ਤੇ ਉਹ ਅਸਥਾਨ ਅੱਗੋਂ ਤੋਂ ਸਾਰੀ ਸਿੱਖ ਕੌਮ ਦਾ ਹਰ ਪੱਖੋਂ ਕੇਂਦਰ ਸਥਾਪਤ ਹੋ ਸਕੇ। ਦੂਜਾ ਇਹ ਕਿ ਗੁਰੂ ਰਾਮਦਾਸ ਸਾਡੇ ਪੁੱਤਰਾਂ ਤੋਂ ਦੂਰ ਰਹਿ ਕੇ ਉਨ੍ਹਾਂ ਦੇ ਨੇੜੇ ਰਹਿਣ ਤੋਂ ਉਤਪੰਨ ਹੋਣ ਵਾਲੇ ਬਖੇੜਿਆਂ ਤੋਂ ਨਿਰਲੇਪ ਰਹਿ ਕੇ ਸ਼ਾਂਤਮਈ ਤੇ ਏਕਾਂਤ ਵਾਤਾਵਰਨ ਵਿੱਚ ਸਿੱਖੀ ਦਾ ਵਧੇਰੇ ਫੈਲਾਉ ਕਰ ਸਕਣਗੇ।

ਤੀਜਾ ਇਹ ਕਿ ਗੋਇੰਦਵਾਲ ਚੂੰਕਿ ਲਾਹੌਰ ਤੋਂ ਦਿੱਲੀ ਨੂੰ ਜਾਣ ਵਾਲੇ ਸ਼ਾਹੀ ਮਾਰਗ ਉੱਪਰ ਹੋਣ ਕਰ ਕੇ ਵਧੇਰੇ ਰੌਲੇ-ਰੱਪੇ ਵਾਲਾ ਅਸਥਾਨ ਹੈ। ਇਸ ਲਈ ਨਵਾਂ ਨਗਰ ਵੱਡੇ ਮਾਰਗਾਂ ਤੋਂ ਦੂਰ, ਨਵੇਕਲਾ, ਸ਼ਾਂਤ ਵਾਤਾਵਰਨ ਵਾਲਾ ਤੇ ਏਕਾਂਤ ਜਗ੍ਹਾ ਉੱਪਰ ਵਸਾਇਆ ਜਾਵੇ। ਇਸ ਬਾਰੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਪਣੇ ਰਚੇ ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੨, ਭਾਗ ਪਹਿਲਾ, ਦੂਜੀ ਵਾਰ (ਜੋ ਮੇਰੇ ਵੱਲੋਂ ਸੰਪਾਦਿਤ ਹੈ) ਦੇ ਪੰਨਾ ੪੯੩ ਉੱਪਰ ਇਸ ਤਰ੍ਹਾਂ ਲਿਖਦੇ ਹਨ :

ਦੂਮਲਾ ਛੰਦ ॥

ਇਕ ਦਜੋਸ ਸ੍ਰੀ ਗੁਰੁ ਤੀਸਰ ਨੈ,
ਧਰ ਧਜਾਨ ਮਹਾਨ ਸੁ ਜਾਨ ਲਯੋ।
ਜਬਿ ਰਾਮਦਾਸ ਪਰਵਾਰ ਬਢੈ,
ਤਬਿ ਕਬਿ ਈਹਾਂ ਗੁਜ਼ਰਾਨ ਭਯੋ।
ਇਨ ਕੋ ਬਸਨੇ ਹਿਤ ਔਰ ਨਗਰ,
ਇਕ ਰਚ ਦਈਏ ਅਬਿ ਨੀਕ ਸਹੀ।
ਤਿਸ ਮੈਂ ਬਸ ਹੈਂ ਰਸ ਹੈਂ ਸੁਖ ਸੋਂ,
ਗੁਰੁ ਤੀਸਰ ਮਨ ਮੈਂ ਧਾਰ ਯਹੀ ॥੫੬॥
ਇਕ ਨਯੋ ਸੁ ਨਗਰ ਬਸਾਇ ਦਯੋ,
ਸੰਨ ਸੋਲਾਂ ਸੈ ਸਤ ਬੀਸ ਮਹੇਂ।
ਰਾਮਦਾਸ ਪੁਰਾ ਤਿਹ ਨਾਮ ਧਰਯੋ,
ਅਬਿ ਅੰਮ੍ਰਿਤਸਰ ਜਨ ਜਾਂਹਿ ਕਹੇਂ ॥੫੭॥

## ਥਾਂ ਦੀ ਚੋਣ :

ਪਾਠਕ ਪਿੱਛੇ ਪੜ੍ਹ ਆਏ ਹਨ ਕਿ ਇਹ ਧਰਤੀ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਚਰਨ-ਛੁਹ ਦਾ ਸਦਕਾ ਪਵਿੱਤਰ ਹੋ ਚੁੱਕੀ ਸੀ। ਇਸ ਦੀ ਹਰਿਆਵਲਤਾ, ਹਰ ਸਮੇਂ ਪਾਣੀ ਦਾ ਜਮ੍ਹਾਂ ਰਹਿਣਾ, ਘਣਾ ਜੰਗਲ ਜੋ ਫਲਾਂ ਤੇ ਫੁੱਲਾਂ ਨਾਲ ਸੁਗੰਧਤ ਸੀ, ਏਕਾਂਤ ਤੇ ਸ਼ਾਂਤ ਵਾਤਾਵਰਣ ਦੇ ਕਾਰਨ ਤਿੰਨਾਂ ਹੀ ਗੁਰੂ ਸਾਹਿਬਾਨ ਦੇ ਮਨ-ਪਸੰਦ ਦੀ ਜਗ੍ਹਾ ਸੀ। ਹਰ ਗੁਰੂ ਸਾਹਿਬ ਨੇ ਆਪਣੇ ਉਤ੍ਰਾਧਿਕਾਰੀ ਨੂੰ ਇਸ ਜਗ੍ਹਾ ਸਿੱਖੀ ਦਾ ਧਾਰਮਿਕ ਕੇਂਦਰ ਬਣਾਉਣ ਦਾ ਆਪਣਾ ਦ੍ਰਿੜ੍ਹ ਸੰਕਲਪ ਵੀ ਪ੍ਰਗਟ ਕੀਤਾ ਹੋਇਆ ਸੀ। ਜਿਸ ਬਾਰੇ ਸਾਰੇ ਗੁਰੂ ਸਾਹਿਬਾਨ ਦੇ ਉਪ੍ਰੋਕਤ ਵੀਚਾਰਾਂ ਤੋਂ ਬਾਬਾ ਬੁੱਢਾ ਜੀ ਸਭ ਤੋਂ ਵਧ ਜਾਣੂ ਸਨ ਤੇ ਇਤਿਹਾਸ ਅਨੁਸਾਰ ਇਸੇ ਅਸਥਾਨ ਉੱਪਰ ਹੀ ਬਾਬਾ ਜੀ ਪਹਿਲੀ ਵਾਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਮਿਲੇ ਤੇ ਸਿੱਖੀ ਧਾਰਣ ਕੀਤੀ ਸੀ।

ਸ੍ਰੀ ਗੁਰੂ ਅਮਰਦਾਸ ਜੀ ਆਪਣੇ ਨਾਲ ਗੁਰੂ ਰਾਮਦਾਸ ਜੀ, ਬਾਬਾ ਬੁੱਢਾ ਜੀ ਤੇ ਮੁਖੀ ਸਿੱਖਾਂ ਨੂੰ ਲੈ ਕੇ ਗੋਇੰਦਵਾਲ ਤੋਂ ਚੱਲ ਕੇ ਪਿੰਡ ਤੁੰਗ, ਸੁਲਤਾਨਵਿੰਡ, ਗਿਲਵਾਲੀ ਤੇ ਗੁਮਟਾਲਾ ਚੌਹਾਂ ਪਿੰਡਾਂ ਦੇ ਦਰਮਿਆਨ ਬ੍ਰਿਛਾਂ ਦੇ ਘਣੇ ਜੰਗਲ ਵਿਚਕਾਰ ਇਕ ਨਿਰਮਲ ਪਾਣੀ ਦੀ ਨੀਵੇਂ ਥਾਂ 'ਤੇ ਸਥਿਤ ਢਾਬ ਦੇ ਕਿਨਾਰੇ 'ਤੇ ਆ ਕੇ ਬੈਠ ਗਏ। ਜਿਸ ਵਿੱਚ ਸ੍ਵਛ ਜਲ ਬਾਰਾਂ ਮਹੀਨੇ

ਜਮ੍ਹਾਂ ਰਹਿੰਦਾ ਸੀ। ਬਾਅਦ ਵਿੱਚ ਇਸ ਢਾਬ ਦੇ ਕਿਨਾਰੇ ਇਰਦ-ਗਿਰਦ ਫਿਰ ਤੁਰ ਕੇ ਸਾਰੇ ਇਲਾਕੇ ਦਾ ਸਰਵੇਖਣ ਕੀਤਾ ਤੇ ਗੁਰੂ ਰਾਮਦਾਸ ਜੀ ਅਤੇ ਬਾਬਾ ਬੁੱਢਾ ਜੀ ਨਾਲ ਕੀਤੇ ਸਲਾਹ-ਮਸ਼ਵਰੇ ਉਪਰੰਤ ਨਵਾਂ ਨਗਰ ਤੇ ਧਾਰਮਿਕ ਕੇਂਦਰ ਉਸਾਰਨ ਦਾ ਪੱਕਾ ਫੈਸਲਾ ਕਰ ਲਿਆ। ਉਸ ਸਮੇਂ ਇਹ ਥਾਂ ਗੋਇੰਦਵਾਲ ਤੋਂ ੨੫ ਮੀਲ ਦੂਰ ਗੈਰ-ਆਬਾਦ ਥਾਂ ਸੀ।

## ਥਾਂ ਦੀ ਪ੍ਰਾਪਤੀ :

ਇਹ ਧਰਤੀ ਉਸ ਸਮੇਂ ਤੱਲਕਾ ਪੱਟੀ ਪਰਗਣਾ ਝਬਾਲ ਦਾ ਹਿੱਸਾ ਸੀ ਜੋ ਮੁਗ਼ਲ ਰਾਜ ਦੇ ਸੂਬਾ ਲਾਹੌਰ ਦੇ ਮਾਤਹਿਤ ਸੀ। ਇਸ ਧਰਤੀ ਦੀ ਗੁਰੂ ਸਾਹਿਬ ਵੱਲੋਂ ਪ੍ਰਾਪਤੀ ਬਾਰੇ ਪੁਰਾਣੇ ਇਤਿਹਾਸਕਾਰਾਂ ਦੇ ਅੱਡ-ਅੱਡ ਵੀਚਾਰ ਹਨ। ਜਿਵੇਂ ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ, ਆਦਿਕਾਂ ਨੇ ਲਿਖਿਆ ਹੈ ਕਿ ਜ਼ਮੀਨ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਨੂੰ ਭੇਟ ਕੀਤੀ। ਉਨ੍ਹਾਂ ਅੱਗੋਂ ਗੁਰੂ ਰਾਮਦਾਸ ਜੀ ਦੇ ਨਾਮ ਲਗਵਾ ਦਿੱਤੀ ਪਰ ਅੰਮ੍ਰਿਤਸਰ ਡਿਸਟ੍ਰਿਕ ਗਜ਼ਟੀਅਰ ਵਿੱਚ ਲਿਖਿਆ ਹੈ ਕਿ ਇਸ ਭੇਟਾ ਤੋਂ ਪਹਿਲਾਂ ਹੀ ਗੁਰੂ ਰਾਮਦਾਸ ਜੀ ਨੇ ਇਹ ਥਾਂ ਪ੍ਰਾਪਤ ਕਰ ਲਈ ਸੀ। ਇਕ ਹੋਰ ਗਜ਼ਟੀਅਰ ਅਨੁਸਾਰ ਗੁਰੂ ਸਾਹਿਬ ਨੇ ਇਹ ਜ਼ਮੀਨ ਅਕਬਰ ਬਾਦਸ਼ਾਹ ਦੇ ਮਸ਼ਵਰੇ ਨਾਲ ਪਿੰਡ ਦੇ ਜ਼ਿਮੀਦਾਰਾਂ ਤੋਂ ੭੦੦ ਰੁਪਏ ਵਿੱਚ ਖਰੀਦੀ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਜ਼ਮੀਨ ਪਿੰਡ ਸੁਲਤਾਨਵਿੰਡ ਦੇ ਲੋਕਾਂ ਨੇ ਸ਼ਰਧਾ ਵਜੋਂ ਭੇਟ ਕੀਤੀ। ਭਾਈ ਸੰਤੋਖ ਸਿੰਘ ਦੀ ਲਿਖਤ ਅਨੁਸਾਰ ਇਹ ਜ਼ਮੀਨ ਤੁੰਗ, ਸੁਲਤਾਨਵਿੰਡ, ਗਿਲਵਾਲੀ ਤੇ ਗੁਮਟਾਲੇ ਚੌਹਾਂ ਪਿੰਡਾਂ ਦੀ ਸਾਝੀਂ ਸ਼ਾਮਲਾਟ ਸੀ ਪਰ ਬਾਅਦ ਵਿੱਚ ਸਿੱਖ ਗੁਰੂ ਸਾਹਿਬਾਨ ਨੇ ਮੁੱਲ ਤਾਰ ਕੇ ਭੇਟਾ ਵਜੋਂ ਲੈ ਲਈ।

ਅਕਬਰ ਬਾਦਸ਼ਾਹ ਤੋਂ ਜ਼ਮੀਨ ਭੇਟਾ ਲੈਣ ਵਾਲੀ ਗੱਲ ਮੰਨਣ ਵਿੱਚ ਨਹੀਂ ਆਉਂਦੀ, ਕਿਉਂਕਿ ਸਿੱਖ ਗੁਰੂ ਸਾਹਿਬਾਨ ਦੀ ਇਹ ਪਰੰਪਰਾ ਰਹੀ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ ਦੇ ਕਿਸੇ ਬਾਦਸ਼ਾਹ ਸੂਬੇ ਜਾਂ ਹਾਕਮ ਪਾਸੋਂ ਕੋਈ ਵੀ ਜ਼ਮੀਨ ਜਾਇਦਾਦ ਜਾਂ ਕੋਈ ਹੋਰ ਵਸਤੂ ਮੁਫਤ ਵਿੱਚ ਭੇਟਾ ਲੈਣੀ ਕਬੂਲ ਨਹੀਂ ਕੀਤੀ। ਲੇਖਕਾਂ ਨੂੰ ਇਸ ਗੱਲ ਤੋਂ ਭੁਲੇਖਾ ਲੱਗਾ ਜਾਪਦਾ ਹੈ ਕਿ ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਧਰਤੀ ਦਾ ਲਗਾਨ ਮੁਆਫ ਸੀ। ਅੰਗਰੇਜ਼ੀ ਰਾਜ ਸਮੇਂ ਵੀ ਇਹ ਧਰਤੀ ਲਗਾਨ ਮੁਕਤ ਰਹੀ। ਲਗਾਨ ਮੁਕਤ ਜ਼ਮੀਨ ਨੂੰ ਲੇਖਕਾਂ ਵੱਲੋਂ ਸਰਕਾਰ ਵੱਲੋਂ ਦਿੱਤੀ ਸਮਝ ਲਿਆ ਗਿਆ ਪਰ ਇਹ ਸਮਝਣਾ ਗਲਤ ਸੀ। ਇਹ ਤਾਂ ਹੋ ਸਕਦਾ ਹੈ ਕਿ ਅਕਬਰ ਨੇ ਆਪਣੀ ਧਾਰਮਿਕ ਸਹਿਨਸ਼ੀਲਤਾ ਦੀ ਨੀਤੀ ਕਾਰਨ ਗੁਰੂ ਚੱਕ ਦੀ ਭੋਇੰ ਨੂੰ ਲਗਾਨ ਮੁਕਤ ਕਰ ਦਿੱਤਾ ਹੋਵੇ, ਜਿਵੇਂ ਕਿ ਹੋਰ ਗੈਰ ਮੁਸਲਮ ਧਾਰਮਿਕ ਅਸਥਾਨਾਂ ਨੂੰ ਮਿਲੀਆਂ ਸਹੂਲਤਾਂ ਤੋਂ ਜ਼ਾਹਰ ਹੈ। ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਜਦ ਸਿੰਘਾਂ ਦੇ ਸਰਕਾਰ ਨਾਲ ਸਬੰਧ ਸੁਖਾਵੇਂ ਹੋ ਜਾਂਦੇ ਸਨ, ਤਾਂ ਲਗਾਨ ਤੋਂ ਛੋਟ ਦੇ ਦਿੱਤੀ ਜਾਂਦੀ ਸੀ ਤੇ ਜਦ ਸਬੰਧ ਵਿਗੜ ਜਾਂਦੇ ਸਨ, ਤਾਂ ਰਿਆਇਤ ਵਾਪਸ ਲੈ ਲਈ ਜਾਂਦੀ ਸੀ।

## ਮੋਹੜੀ ਗੱਡਣੀ :

ਥਾਂ ਦੀ ਚੋਣ ਅਤੇ ਪ੍ਰਾਪਤੀ ਉਪਰੰਤ ਸ੍ਰੀ ਗੁਰੂ ਅਮਰਦਾਸ ਜੀ ਖੁਦ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਨਿਯਤ ਟਿਕਾਣੇ 'ਤੇ ਪਹੁੰਚ ਗਏ।

ਇਰਦ-ਗਿਰਦ ਦੇ ਪਿੰਡਾਂ ਦੀਆਂ ਸ਼ਰਧਾਲੂ ਸੰਗਤਾਂ ਵੀ ਪਹੁੰਚ ਗਈਆਂ। ਮਿੱਠਾ ਮੰਗਵਾ ਕੇ ਅਰਦਾਸ ਕੀਤੀ ਗਈ ਤੇ ਨਵੇਂ ਨਗਰ ਦੀ ਪਹਿਲੀ ਮੋਹੜੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਗੱਡੀ, ਇਹ ਜ਼ਿਕਰ ਸਭ ਤੋਂ ਪਹਿਲਾਂ ਮਹਿਮਾ ਪ੍ਰਕਾਸ਼ ਦੇ ਲੇਖਕ ਨੇ ਕੀਤਾ ਹੈ, ਜਿਸ ਦੀ ਪੁਸ਼ਟੀ ਤਵਾਰੀਖ ਸ੍ਰੀ ਅੰਮ੍ਰਿਤਸਰ ਪੰਨਾ ੪, ਕ੍ਰਿਤ ਗਿ: ਗਿਆਨ ਸਿੰਘ, ਅੰਮ੍ਰਿਤਸਰ ਮਹਾਤਮ ਦੇ ਲੇਖਕ ਕਵੀ ਸੰਤ ਦਾਸ ਛਿੱਬਰ ਅਤੇ ਡਾ: ਜੀਤ ਸਿੰਘ ਸੀਤਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਨੇ ਆਪਣੀਆਂ ਰਚਿਤ ਪੁਸਤਕਾਂ ਵਿੱਚ ਕੀਤੀ ਹੈ। ਬਹੁਤੇ ਲੇਖਕਾਂ ਨੇ ਮੋਹੜੀ ਗੱਡਣ ਜਾਂ ਨੀਂਹ ਪੱਥਰ ਰੱਖਣਾ ਗੁਰੂ ਰਾਮਦਾਸ ਜੀ ਦੇ ਹੱਥੋਂ ਲਿਖਿਆ ਹੈ ਪਰ ਹਰ ਗੁਰੂ ਸਾਹਿਬ ਨਵਾਂ ਸ਼ਹਿਰ ਵਸਾਉਣ ਸਮੇਂ ਉਸ ਦਾ ਨੀਂਹ ਪੱਥਰ ਆਪ ਰੱਖਦੇ ਤੇ ਆਪ ਹੀ ਉਸ ਦਾ ਨਾਮ ਕਰਣ ਕਰਦੇ ਸਨ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਰਤਾਰ ਪੁਰ, ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ, ਕਰਤਾਰ ਪੁਰ ਦੋਆਬਾ ਤੇ ਹਰਿਗੋਬਿੰਦ ਪੁਰ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਨੰਦਪੁਰ ਸਾਹਿਬ। ਚੂੰਕਿ ਇਸ ਨਵੇਂ ਨਗਰ ਦੀ ਮੋਹੜੀ ਗੁਰੂ ਅਮਰਦਾਸ ਜੀ ਨੇ ਆਪਣੇ ਹੱਥੀਂ ਗੱਡੀ ਤੇ ਨਾਮ ਵੀ ਆਪ ਹੀ ਰੱਖਿਆ ਇਹ 'ਮਹਿਮਾ ਪ੍ਰਕਾਸ਼' ਦੀ ਲਿਖਤ ਸਭ ਤੋਂ ਪੁਰਾਣੀ ਹੈ, ਇਸ ਲਈ ਮੰਨਣ ਯੋਗ ਹੈ।

## ਮੋਹੜੀ ਗੱਡਣ ਦੀ ਮਿਤੀ :

ਇਸ ਬਾਰੇ ਲੇਖਕਾਂ ਦੇ ਵੱਖ-ਵੱਖ ਵੀਚਾਰ ਹਨ। ਰਪੋਟ ਸ੍ਰੀ ਦਰਬਾਰ ਸਾਹਿਬ ਪੰਨਾ ੩ ਉੱਪਰ ੧੩ ਹਾੜ ਸੰਮਤ ੧੬੨੧ ਬਿ: (੧੫੬੪ ਈ:) ਲਿਖਿਆ ਹੈ। ਗੰਡਾ ਸਿੰਘ ਨੇ ਵੀ ਇਹੋ ਸੰਮਤ ਦਿੱਤਾ ਹੈ ਪਰ ਗਿਆਨੀ ਗਿਆਨ ਸਿੰਘ ਨੇ ਆਪਣੇ ਸ੍ਰੀ ਗੁਰੂ ਪੰਥ ਪ੍ਰਕਾਸ਼ (ਮੇਰੇ ਵੱਲੋਂ ਸੰਪਾਦਿਤ) ਦੇ ਪੂਰਬਾਰਧ ਬਿਸ੍ਰਾਮ ੧੭ ਅੰਕ ੫੭ ਵਿੱਚ ੧੬੨੭ ਬਿ: ਲਿਖਿਆ ਹੈ ਜਿਵੇਂ ਕਿ :

ਇਕ ਨਯੋ ਸੁ ਨਗਰ ਬਸਾਇ ਦਯੋ, ਸੰਨ ਸੋਲਾਂ ਸੈ ਸਤ ਬੀਸ ਮਹੇ।

ਇਸੇ ਸੰਮਤ ਨੂੰ ਭਾਈ ਵੀਰ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਅਤੇ ਪ੍ਰੋ: ਪ੍ਰਕਾਸ਼ ਸਿੰਘ ਨੇ ਠੀਕ ਮੰਨਿਆ ਹੈ।

ਤਵਾਰੀਖ ਸ੍ਰੀ ਅੰਮ੍ਰਿਤਸਰ ਦੇ ਪੰਨਾ ੪ ਉੱਪਰ ਗਿ: ਗਿਆਨ ਸਿੰਘ ਨੇ ਹਾੜ ਵਦੀ ਇਕਾਦਸ਼ੀ ੧੬੨੯ ਬਿ: ਲਿਖਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ੧੬੩੧ ਬਿ: ਕਈਆਂ ਨੇ ੧੬੩੩ ਤੇ ਕਈਆਂ ਨੇ ੧੬੩੪ ਬਿ: ਲਿਖਿਆ ਹੈ, ਭਾਵ ਇਹ ਹੈ ਕਿ ਲੇਖਕਾਂ ਨੇ ੧੬੨੧ ਬਿ: ਤੋਂ ੧੬੩੪ ਬਿ: ਦੇ ਅੰਦਰ-ਅੰਦਰ ਵੱਖ-ਵੱਖ ਸੰਮਤ ਦਿੱਤੇ ਹਨ ਪਰ ੧੩ ਹਾੜ ਵਦੀ ਦੀ ਮਿਤੀ ਸਭ ਨੇ ਲਿਖੀ ਹੈ। ਅਸਲ 'ਚ ੧੬੩੪ ਬਿ: ਕੇਸਰ ਸਿੰਘ ਛਿਬਰ ਨੇ ਬੰਸਾਵਾਲੀ ਨਾਮਾ ਦੇ ਪੰਨਾ ੪੦ ਉੱਪਰ ਸ਼ਹਿਰ ਦੀ ਉਸਾਰੀ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਕੰਮ ਸੰਪੂਰਨ ਹੋਣ ਦਾ ਸੰਮਤ ਦਿੱਤਾ ਹੈ, ਆਰੰਭ ਕਰਨ ਦਾ ਨਹੀਂ, ਜਿਵੇਂ ਕਿ ਲਿਖਿਆ ਹੈ :

ਸੰਮਤ ਸੋਲਾਂ ਸੈ ਚਉਤ੍ਰੀ ਜਬ ਭਏ।
ਨਗਰ ਤਲਾਉ ਤਯਾਰ ਕਰ ਲਏ ॥੨੧॥ *(ਚਰਨ ਚਉਥਾ)*

## ਨਾਮ ਕਰਣ :

ਇਸ ਨਵੇਂ ਨਗਰ ਦੇ ਨਾਮ ਬਾਰੇ ਵੀ ਲੇਖਕਾਂ ਦੀ ਰਾਇ ਵੱਖ-ਵੱਖ ਹੈ। ਕਈਆਂ ਨੇ

ਮੁੱਢਲਾ ਨਾਮ ਚੱਕ ਗੁਰੂ, ਚੱਕ ਗੁਰੂ ਕਾ, ਗੁਰੂ ਕਾ ਚੱਕ ਰਾਮਦਾਸ ਪੁਰ ਜਾਂ ਰਾਮਦਾਸ ਪੁਰਾ ਲਿਖਿਆ ਹੈ । ਉਨ੍ਹਾਂ ਨੇ ਅਨੁਮਾਨ ਲਾਇਆ ਹੈ ਕਿ ਬਾਅਦ ਵਿੱਚ ਅੰਮ੍ਰਿਤਸਰ ਸਰੋਵਰ ਤਿਆਰ ਹੋ ਜਾਣ ਤੋਂ ਸਰੋਵਰ ਦੇ ਨਾਮ ਦੀ ਪ੍ਰਸਿੱਧੀ ਕਰ ਕੇ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਹੋ ਗਿਆ ਪਰ ਮੇਰੀ ਸਮਝ ਅਨੁਸਾਰ ਪਹਿਲਾਂ ਆਰੰਭ ਸਮੇਂ ਇਹ ਇਕ ਛੋਟਾ ਜਿਹਾ ਪਿੰਡ ਸੀ । ਪਿੰਡ ਨੂੰ ਉਨ੍ਹਾਂ ਸਮਿਆਂ ਵਿੱਚ ਚੱਕ ਕਹਿੰਦੇ ਸਨ । ਚੂੰਕਿ ਇਹ ਚੱਕ ਗੁਰੂ ਸਾਹਿਬ ਨੇ ਬੰਨ੍ਹਿਆ ਸੀ, ਇਸ ਕਰ ਕੇ ਸੁਭਾਵਕ ਹੀ ਸੀ ਕਿ ਲੋਕ ਇਸ ਨੂੰ ਚੱਕ ਗੁਰੂ ਕਾ ਜਾਂ ਗੁਰੂ ਕਾ ਚੱਕ ਕਹਿਣ ਲੱਗ ਪਏ ਹੋਣ। ਫਿਰ ਇਹ ਚੱਕ ਜਦ ਸ਼ਹਿਰ ਦਾ ਰੂਪ ਧਾਰਨ ਕਰ ਗਿਆ, ਤਾਂ ਇਹ ਪੁਰ ਜਾਂ ਪੁਰਾ ਬਣ ਗਿਆ। ਉਸ ਸਮੇਂ ਗੁਰੂ ਰਾਮਦਾਸ ਮਹਾਰਾਜ ਗੁਰਤਾ-ਗੱਦੀ 'ਤੇ ਬਿਰਾਜਮਾਨ ਸਨ ਤੇ ਇਸ ਨਗਰ ਨੂੰ ਵਸਾਉਣ ਤੇ ਆਬਾਦ ਕਰਨ ਦਾ ਕਾਰਜ ਆਪ ਦੀ ਦੇਖ-ਰੇਖ ਹੇਠ ਹੋਇਆ ਸੀ। ਫਿਰ ਇਹ ਸ਼ਹਿਰ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਲਈ ਹੀ ਉਸਾਰਿਆ ਸੀ, ਜਿਸ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ :

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ...॥ *(੧੩੬੨)*

'ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ॥' *(੮੧੭)*

ਕਹਿਣ'ਤੇ ਨਾਮ ਰਾਮਦਾਸ ਪੁਰ ਪ੍ਰਸਿੱਧ ਕਰ ਦਿੱਤਾ ਪਰ ਮੇਰੀ ਜਾਚੇ ਸ਼ਹਿਰ ਦਾ ਨਾਮ ਸ੍ਰੀ ਅੰਮ੍ਰਿਤਸਰ ਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਹੀ ਰੱਖਿਆ ਸੀ ਕਿਉਂਕਿ ਸਲੋਕ ਵਾਰਾਂ ਤੇ ਵਧੀਕ ਵਿੱਚ ਪੰਨਾ ੧੪੧੨ ਉੱਪਰ ਮ: ੧ ਦੇ ਸਲੋਕ ॥

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥

ਤੋਂ ਬਾਅਦ ਮ: ੩ ਸਿਰਲੇਖ ਹੇਠ ਸ੍ਰੀ ਗੁਰੂ ਅਮਰਦਾਸ ਜੀ ਦਾ ਸਲੋਕ ਹੈ :

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥

ਜਿਸ ਦਾ ਭਾਵ ਹੈ ਕਿ ਗੁਰੂ ਰਾਮਦਾਸ ਜੀ ਦੇ ਇਸ ਸ਼ਹਿਰ ਵਿੱਚ ਜਨਮ ਲੈ ਲੈਣ ਕਰ ਕੇ ਹੁਣ ਲਾਹੌਰ ਸ਼ਹਿਰ ਵਿੱਚ ਸਵਾ ਪਹਿਰ ਤੱਕ ਜ਼ਹਿਰ ਵਰਗੇ ਕਹਿਰ ਦੀ ਥਾਂ ਲਾਹੌਰ ਤਾਂ ਸ਼ਹਿਰ ਦੇ ਰੂਪ ਵਿੱਚ ਵਿਕਸਤ ਹੋਵੇਗਾ ਪਰ ਇਸ ਦੇ ਮੁਕਾਬਲੇ ਨਵਾਂ ਨਗਰ ਅੰਮ੍ਰਿਤ ਸਰ ਸਿਫ਼ਤੀ (ਪ੍ਰਮੇਸ਼ਰ) ਦਾ ਘਰ ਹੋਵੇਗਾ । ਇਸ ਸਲੋਕ ਵਿੱਚ ਅੰਮ੍ਰਿਤਸਰ ਦਾ ਅਰਥ ਅੰਮ੍ਰਿਤ ਦਾ ਸਰੋਵਰ ਨਹੀਂ, ਸਗੋਂ ਅੰਮ੍ਰਿਤਸਰ ਸ਼ਹਿਰ ਹੈ, ਜਿਸ ਤੋਂ ਦੋਵੇਂ ਗੱਲਾਂ ਸਪੱਸ਼ਟ ਹੋ ਜਾਂਦੀਆਂ ਹਨ ਕਿ ਇਸ ਸ਼ਹਿਰ ਦੀ ਮੋੜ੍ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਹੱਥੀਂ ਗੱਡੀ ਤੇ ਨਾਮ ਅੰਮ੍ਰਿਤਸਰ ਵੀ ਆਪ ਨੇ ਹੀ ਰੱਖਿਆ ।

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਨ ਹੈ :

ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ॥ *(ਪੰਨਾ ੬੫੩)*

ਜਿਸ ਦਾ ਅਰਥ ਹੈ, ਗੁਰੂ (ਅਮਰ ਦੇਵ) ਜੀ ਨੇ ਇਹ ਨਗਰੀ ਵਸਾਈ ਉਸ ਗੁਰੂ (ਅਮਰ ਦੇਵ) ਨੇ ਰਖਵਾਲੇ ਗੁਰੂ ਅਰਜਨ ਦੇਵ ਬਖਸ਼ੇ ਹਨ ।

*(ਦੇਖੋ, ਗੁਰੂ ਗ੍ਰੰਥ ਕੋਸ਼ (ਭਾਈ ਵੀਰ ਸਿੰਘ), ਪੰਨਾ ੯੯੪-੯੫)*

ਸ਼ਹਿਰ ਦਾ ਨਾਮ ਅੰਮ੍ਰਿਤਸਰ ਰੱਖਣ ਬਾਰੇ ਉਸ ਸਮੇਂ ਦੇ ਮੌਕੇ ਦੇ ਗਵਾਹ ਭਾਈ ਗੁਰਦਾਸ ਜੀ ਦੀ ਗਵਾਹੀ ਵਧੇਰੇ ਭਰੋਸੇ ਯੋਗ ਹੈ ਆਪ ਲਿਖਦੇ ਹਨ ਕਿ :

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ ।

ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ ।

ਇਥੇ ਅੰਮ੍ਰਿਤਸਰ ਤੋਂ ਭਾਵ ਅੰਮ੍ਰਿਤਸਰ ਸਰੋਵਰ ਨਹੀਂ ਸਗੋਂ ਅੰਮ੍ਰਿਤਸਰ ਸ਼ਹਿਰ ਹੈ ।

## ਗੁਰੂ ਕੇ ਮਹਲ :

ਸ਼ਹਿਰ ਵਸਾਉਣ ਸਮੇਂ ਪਹਿਲੀ ਮੋੜ੍ਹੀ ਗੁਰੂ ਕੇ ਮਹਲ ਵਾਲੀ ਥਾਂ 'ਤੇ ਹੀ ਗੱਡੀ ਗਈ ਸੀ । ਸਭ ਤੋਂ ਪਹਿਲਾਂ ਗੁਰੂ ਸਾਹਿਬ ਦੀ ਰਿਹਾਇਸ਼ ਲਈ ਇਸ ਜਗ੍ਹਾ ਇਕ ਕਾਨਿਆਂ ਦੀ ਛੱਪਰੀ ਬਣਾਈ ਗਈ ਸੀ । ਜੋ ਬਾਅਦ ਵਿੱਚ ਕੱਚੇ ਘਰ ਦੇ ਰੂਪ ਵਿੱਚ ਤਬਦੀਲ ਹੋ ਗਈ । ਜਦ ਇੱਟਾਂ ਦੇ ਆਵੇ, ਪੱਕ ਗਏ ਤਾਂ ਗੁਰੂ ਕੇ ਮਹਲਾਂ ਵਾਲੀ ਥਾਂ 'ਤੇ ਪੱਕੇ ਮਕਾਨ ਤਿਆਰ ਕੀਤੇ ਗਏ । ਕੁਝ ਹੋਰ ਗੁਰਸਿੱਖਾਂ ਨੇ ਵੀ ਆਪਣੇ ਘਰ ਉਸਾਰਨੇ ਸ਼ੁਰੂ ਕਰ ਦਿੱਤੇ । ਗੁਰੂ-ਘਰ ਦੇ ਇਰਦ-ਗਿਰਦ ਤੇ ਹੋਰ ਉਸਾਰੀ ਅਧੀਨ ਅਸਥਾਨਾਂ ਦੇ ਨੇੜੇ ਗੁਰੂ-ਘਰ ਦੇ ਮੁਖੀ ਸਿੱਖਾਂ, ਪ੍ਰੇਮੀਆਂ, ਕਾਰੀਗਰਾਂ ਅਤੇ ਕਾਮਿਆਂ ਲਈ ਕਾਨੇ ਤੇ ਘਾਹ-ਫੂਸ ਦੀਆਂ ਝੁੱਗੀਆਂ ਤਿਆਰ ਕੀਤੀਆਂ ਗਈਆਂ ।

ਗੁਰੂ ਰਾਮਦਾਸ ਜੀ ਮਹਾਰਾਜ ਦੇ ਸਮੇਂ ਭਾਵੇਂ ਗੁਰੂ ਕੇ ਮਹਲ ਦੀਆਂ ਇਮਾਰਤਾਂ ਪੱਕੀਆਂ ਬਣ ਗਈਆਂ ਸਨ ਪਰ ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਨ੍ਹਾਂ ਰਿਹਾਇਸ਼ੀ ਇਮਾਰਤਾਂ ਦਾ ਵਿਸਥਾਰ ਕੀਤਾ ਗਿਆ ਤੇ ਹਰ ਪੱਖੋਂ ਸੁੰਦਰ ਬਣਾਇਆ ਗਿਆ । ਇਸ ਪਾਵਨ ਅਸਥਾਨ ਨੂੰ ਜਿਥੇ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦਾ ਨਿਵਾਸ ਅਸਥਾਨ ਹੋਣ ਦਾ ਮਾਣ ਪ੍ਰਾਪਤ ਹੈ । ਉਥੇ ਇਸ ਗੁਰ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਜਨਮ ਅਸਥਾਨ ਹੋਣ ਦਾ ਵੀ ਗਰਵ ਪ੍ਰਾਪਤ ਹੈ ।

੧੬੨੭ ਬਿ: ਵਿੱਚ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਆਪਣੇ ਹੱਥੀਂ ਅੰਮ੍ਰਿਤਸਰ ਦਾ ਨਵਾਂ ਸ਼ਹਿਰ ਵਸਾਉਣ ਹਿਤ ਗੱਡੀ ਪਹਿਲੀ ਮੋੜ੍ਹੀ ਤੋਂ ਲੈ ਕੇ ੧੬੯੧ ਬਿ: ਨੂੰ ਅੰਮ੍ਰਿਤਸਰ ਦੀ ਆਖਰੀ ਜੰਗ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਸ਼ਹਿਰ ਨੂੰ ਛੱਡ ਜਾਣ ਤੱਕ ਇਹ ਗੁਰੂ ਕੇ ਮਹਲ ਦਾ ਪਵਿੱਤਰ ਅਸਥਾਨ ਇਸ ਸ਼ਹਿਰ ਦੀ ਉਸਾਰੀ ਤੇ ਤਰੱਕੀ ਦਾ ਕੇਂਦਰ ਬਣਿਆ ਰਿਹਾ।

ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 'ਗੁਰੂ ਕੇ ਮਹਲ' ਦੀਆਂ ਯਾਦਗਾਰੀ ਇਮਾਰਤਾਂ ਪੱਕੀਆਂ ਬਣਾਈਆਂ ਗਈਆਂ ਸਨ । ਇਹ ਜਗ੍ਹਾ ਸ਼ਹਿਰ ਦੇ ਅੰਦਰ ਸੰਘਣੀ ਆਬਾਦੀ ਵਿੱਚ ਹੋਣ ਕਰ ਕੇ ਤੇ ਇਰਦ-ਗਿਰਦ ਸਿੱਖ ਆਬਾਦੀ ਬਹੁਤ ਘੱਟ ਹੋਣ ਕਰ ਕੇ ਸੰਗਤਾਂ ਦੀ ਬਹੁਤੀ ਆਵਾਜਾਈ ਨਹੀਂ ਸੀ, ਖਾਸ ਗੁਰਪੁਰਬਾਂ ਦੇ ਸਮਾਗਮਾਂ ਸਮੇਂ ਹੀ ਸੰਗਤਾਂ ਦੇ ਜੋੜ-ਮੇਲ ਹੁੰਦੇ ਸਨ । ੧੯੪੭ ਈ: ਤੋਂ ਪਾਕਿਸਤਾਨ ਬਣਨ ਕਾਰਣ ਜਿਥੇ ਸ਼ਹਿਰ ਦੇ ਬਾਕੀ ਹਿੱਸਿਆਂ ਵਿੱਚ ਸਿੱਖ ਅਬਾਦੀ ਵਧੀ ਉਥੇ 'ਗੁਰੂ ਕੇ ਮਹਲ' ਦੇ ਇਰਦ-ਗਿਰਦ ਵੀ ਸਿੱਖ ਆਬਾਦੀ ਵਿੱਚ ਕਾਫੀ ਵਾਧਾ ਹੋਇਆ ।

ਇਮਾਰਤ ਪੁਰਾਣੀ ਤੇ ਜਗ੍ਹਾ ਦੀ ਤੰਗੀ ਨੂੰ ਅਨੁਭਵ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼ਹਿਰ ਦੀਆਂ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਬਾਬਾ ਸੇਵਾ ਸਿੰਘ ਜੀ ਪ੍ਰਸਿੱਧ ਮਹਾਂਪੁਰਸ਼ਾਂ (ਜਿਨ੍ਹਾਂ ਨੇ ਕਿਲ੍ਹਾ ਅਨੰਦਗੜ੍ਹ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਕਰਵਾਈ ਹੈ) ਨੇ ੧੯੭੮ ਈ: ਵਿੱਚ ਅਰਦਾਸ ਉੱਪਰੰਤ

ਪੰਜਾਂ ਪਿਆਰਿਆਂ ਪਾਸੋਂ ਨੀਂਹ ਪੱਥਰ ਰਖਵਾਇਆ। ਉਨ੍ਹਾਂ ਪੰਜਾਂ ਪਿਆਰਿਆਂ ਵਿੱਚ ਦਾਸ ਬਤੌਰ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ਼ਾਮਲ ਸੀ। ਅਜੇ ਕੁਝ ਮੰਜ਼ਲਾਂ ਹੀ ਤਿਆਰ ਹੋਈਆਂ ਸਨ ਕਿ ਬਾਬਾ ਸੇਵਾ ਸਿੰਘ ਜੀ ਗੁਰਪੁਰੀ ਸਿਧਾਰ ਗਏ। ਉਨ੍ਹਾਂ ਤੋਂ ਬਾਅਦ ਬਾਬਾ ਜੀ ਦੇ ਉਤ੍ਰਾਧਿਕਾਰੀ ਬਾਬਾ ਲਾਭ ਸਿੰਘ ਜੀ ਨੇ ਇਸ ਨੌਂ-ਮੰਜਲੀ ਇਮਾਰਤ ਨੂੰ ਸੰਪੂਰਨ ਕਰ ਕੇ ਜਨਵਰੀ ੧੯੯੮ ਈ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਦਾ ਭੋਗ ਪਾਇਆ। ਕੀਰਤਨ, ਕਥਾ ਵਿਖਿਆਨ ਸਮਾਗਮ ਹੋਏ।

ਉੱਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਪਿੱਛੇ ਸੰਗਤਾਂ ਦੇ ਬਹੁਤ ਭਾਰੀ ਇਕੱਠ ਸਹਿਤ ਇਮਾਰਤ ਦੀਆਂ ਸਾਰੀਆਂ ਮੰਜ਼ਲਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਪੁਆਏ। ਅਤੁੱਟ ਲੰਗਰ ਵਰਤਾਏ। ਐਉਂ ਹੁਣ 'ਗੁਰੂ ਕੇ ਮਹਲ' ਗੁਰ ਅਸਥਾਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਅਸਥਾਨ ਹੋਣ ਕਰ ਕੇ ਨੌਂ-ਮੰਜ਼ਲਾਂ ਆਪਣੀ ਪੂਰੀ ਸ਼ਾਨੋ-ਸ਼ੌਕਤ ਸਹਿਤ ਸ਼ੋਭ ਰਿਹਾ ਹੈ। ਇਰਦ-ਗਿਰਦ ਦੀਆਂ ਇਮਾਰਤਾਂ ਖ਼ਰੀਦ ਕੇ ਜਗ੍ਹਾ ਤੇ ਰਸਤੇ ਵੀ ਖੁੱਲ੍ਹੇ ਕਰ ਦਿੱਤੇ ਗਏ ਹਨ।

## ਸੰਤੋਖਸਰ :

ਗੁਰ ਪ੍ਰਤਾਪ ਸੂਰਜ ਦੇ ਕਥਨ ਅਨੁਸਾਰ ਨਵੇਂ ਨਗਰ ਦੀ ਮੋੜ੍ਹੀ ਗੱਡਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਟਾਹਲੀ ਦੇ ਬ੍ਰਿਛ ਦੇ ਨਜ਼ਦੀਕ ਸੰਤੋਖਸਰ ਸਰੋਵਰ ਦਾ ਟਿਕਾਣਾ ਲੱਭਿਆ। ਮਿੱਠਾ ਮੰਗਵਾ ਕੇ ਬਾਬਾ ਬੁੱਢਾ ਜੀ ਵੱਲੋਂ ਅਰਦਾਸ ਕਰਨ ਉੱਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ ਕਹੀ ਦਾ ਪਹਿਲਾ ਟੱਕ ਆਪਣੇ ਹੱਥੀਂ ਲਾਇਆ ਤੇ ਸੰਗਤਾਂ ਨੇ ਕਾਰ ਸੇਵਾ ਆਰੰਭ ਕਰ ਦਿੱਤੀ। ਇਸ ਸਰੋਵਰ ਦੀ ਖ਼ੁਦਾਈ ਆਰੰਭ ਕਰਨ ਤੋਂ ਪਹਿਲਾਂ ਗੁਰੂ ਕੇ ਮਹਿਲਾਂ ਵਾਲੇ ਅਸਥਾਨ ਦੇ ਇਰਦ-ਗਿਰਦ 'ਗੁਰੂ ਕਾ ਚੱਕ' ਨਾਮ ਦਾ ਇਕ ਛੋਟਾ ਜਿਹਾ ਪਿੰਡ ਵਸ ਗਿਆ ਸੀ। ਅੰਮ੍ਰਿਤਸਰ ਸ਼ਹਿਰ ਦੇ ਪੰਜਾਂ ਇਤਿਹਾਸਕ ਸਰੋਵਰਾਂ ਵਿੱਚੋਂ ਸੰਤੋਖਸਰ ਸਭ ਤੋਂ ਪੁਰਾਣਾ ਤੇ ਪਹਿਲਾ ਸਰੋਵਰ ਹੈ। ਇਹ ਸਰੋਵਰ ਅਜੇ ਅਧੂਰਾ ਹੀ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਅਤੇ ਬਾਬਾ ਬੁੱਢਾ ਜੀ ਸਮੇਤ ਬਾਕੀ ਸਾਰੇ ਮੁਖੀ ਸਿੱਖਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਬੁਲਾ ਲਿਆ। ਦੂਜੀ ਵਾਰ ਜਦ ਗੁਰੂ ਰਾਮਦਾਸ ਜੀ ਵਾਪਸ ਆਏ ਤਾਂ ਤੀਜੇ ਸਤਿਗੁਰਾਂ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ ਗਈ ਤੇ ਨਗਰ ਨਿਰਮਾਣ ਦੇ ਕਾਰਜ ਵੀ ਚਲ ਰਹੇ ਸਨ, ਜਿਸ ਕਰ ਕੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਸਮੇਂ ਇਹ ਸਰੋਵਰ ਅਧੂਰਾ ਹੀ ਰਿਹਾ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ੧੬੪੧ ਬਿ: ਵਿੱਚ ਨਵੇਂ ਸਿਰੇ ਤੋਂ ਕਾਰ ਸੇਵਾ ਕਰਵਾ ਕੇ ਪੌੜੀਆਂ ਤੇ ਪ੍ਰਕਰਮਾਂ ਪੱਕੀਆਂ ਬਣਵਾਈਆਂ। ਇਹ ਕਾਰਜ ੧੬੪੩ ਬਿ: ਵਿੱਚ ਸੰਪੂਰਨ ਹੋਇਆ।

ਗਿਆਨੀ ਗਿਆਨ ਸਿੰਘ ਜੀ ਰਚਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਰਿਪੋਰਟ ਸ੍ਰੀ ਦਰਬਾਰ ਸਾਹਿਬ ਦੀ ਲਿਖਤ ਅਨੁਸਾਰ ਗੁਰੂ-ਘਰ ਦੇ ਅਨਿੰਨ ਸਿੱਖ ਭਾਈ ਸੰਤੋਖੇ ਦੇ ਨਾਮ 'ਤੇ ਨਾਮ ਸੰਤੋਖਸਰ ਰੱਖਿਆ। ਇਹ ਸਰੋਵਰ ਸ਼ਹਿਰ ਦੀ ਕੋਤਵਾਲੀ ਤੇ ਟਾਊਨ ਹਾਲ ਦੇ ਦੱਖਣ ਵਿੱਚ ਸ਼ਹਿਰ ਦੀ ਸੰਘਣੀ ਆਬਾਦੀ ਵਿਚਕਾਰ ਵਾਕਿਆ ਹੈ। ਜਿਸ ਦੇ ਦੋਨੋਂ ਤਰਫ਼ ਬਾਜ਼ਾਰ ਸਨ ਜਿਸ ਕਰ ਕੇ ਦੁਕਾਨਦਾਰ ਤੇ ਲਾਗੇ ਦੇ ਮਕਾਨਾਂ ਵਾਲੇ ਆਪਣਾ ਕੂੜਾ ਕਰਕਟ ਇਸ ਸਰੋਵਰ ਵਿੱਚ ਸੁੱਟ ਦੇਂਦੇ ਰਹੇ। ਇਸ ਕਰ

ਕੇ ਸਰੋਵਰ ਦਾ ਜਲ ਵੀ ਸਾਫ ਨਾ ਰਿਹਾ ਤਦ ਸ਼ਹਿਰ ਦੀ ਮਿਉਂਸਪਲ ਕਮੇਟੀ (ਨਗਰਪਾਲਿਕਾ) ਨੇ ਇਸ ਸਰੋਵਰ ਨੂੰ ਪੂਰ ਦੇਣ ਦਾ ਮਤਾ ਕਰ ਦਿੱਤਾ। ਜਿਸ ਦਾ ਸੰਗਤਾਂ ਨੂੰ ਬਹੁਤ ਰੰਜ ਹੋਇਆ। ਸੰਗਤਾਂ ਦੀ ਬੇਨਤੀ 'ਤੇ ਪਹਿਲਾਂ ਪ੍ਰਸਿੱਧ ਮਹਾਂ ਪੁਰਸ਼ ਬਾਬਾ ਧਾਨ ਸਿੰਘ ਜੀ ਤੇ ਫਿਰ ਕਾਰ ਸੇਵਾ ਵਾਲੇ ਪ੍ਰਸਿੱਧ ਸੰਤ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਪਟਿਆਲੇ ਵਾਲਿਆਂ ਨੇ ਸੰਗਤਾਂ ਪਾਸੋਂ ਪਹਿਲਾਂ ਉਹ ਮਲਬਾ ਕਢਵਾਇਆ, ਜਿਸ ਨਾਲ ਅੱਧਾ ਸਰੋਵਰ ਪੂਰਿਆ ਹੋਇਆ ਸੀ। ਬਾਅਦ ਵਿੱਚ ਕਾਰ ਸੇਵਾ ਕਰਵਾ ਕੇ ਸਾਰੇ ਸਰੋਵਰ ਦੀ ਪੂਰੀ ਤਰ੍ਹਾਂ ਸਫਾਈ ਕਰ ਕੇ ਸਰੋਵਰ ਦੀਆਂ ਨਵੀਆਂ ਪੌੜੀਆਂ, ਫਰਸ਼ ਤੇ ਪ੍ਰਕਰਮਾਂ ਪੱਕੀ ਕਰਵਾਈ। (ਦੇਖੋ ਰਿਪੋਰਟ ਸ੍ਰੀ ਦਰਬਾਰ ਸਾਹਿਬ ਪੰਨਾ ੨੯੬ ਤੇ ਜੀਵਨ ਬਾਬਾ ਸ਼ਾਮ ਸਿੰਘ ਕ੍ਰਿਤ ਮੇਜਰ ਪ੍ਰੇਮ ਸਿੰਘ ਦਾ ਪੰਨਾ ੧੬੦,੧੬੧) ਇਹ ਸੇਵਾ ਲਗਭਗ ੧੯੨੪ ਈ: ਮੁ: ੧੯੮੧ ਬਿ: ਵਿੱਚ ਸੰਪੂਰਨ ਹੋਈ।

ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਦੇ ਪ੍ਰਸਿੱਧ ਸੇਵਕ ਸੰਤ ਜੀਵਨ ਸਿੰਘ ਜੀ ਕਾਰ ਸੇਵਾ ਵਾਲਿਆਂ, ਜਿਨ੍ਹਾਂ ਨੇ ਸ੍ਰੀ ਹਜ਼ੂਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਅਤੇ ਗੋਦਾਵਰੀ ਨਦੀ ਉੱਪਰ ਪੁਲ ਬੰਨ੍ਹਵਾਇਆ। ਉਨਾਂ ੧੯੭੨ ਈ: ਵਿੱਚ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਪੰਜਾਂ ਹੀ ਇਤਿਹਾਸਕ ਸਰੋਵਰਾਂ ਦੀ ਨਵੇਂ ਸਿਰਿਓਂ ਕਾਰ ਸੇਵਾ ਕਰ ਕੇ ਪੌੜਾਂ, ਪ੍ਰਕਰਮਾਂ ਤੇ ਫ਼ਰਸ਼ਾਂ ਆਦਿ ਦੀ ਸੀਮਿੰਟ, ਬਜਰੀ ਤੇ ਲੋਹਾ ਪਾ ਕੇ ਬੜੀ ਹੀ ਪੁਖਤਾ ਸੇਵਾ ਕਰਨੀ ਆਰੰਭੀ, ਤਾਂ ਸੰਤੋਖਸਰ ਸਰੋਵਰ ਦੀ ਪਹਿਲਾਂ ਕਾਰ ਸੇਵਾ ਕੀਤੀ ਤੇ ਹੇਠੋਂ ਫਰਸ਼ ਉੱਚਾ ਕੀਤਾ ਗਿਆ। ਪ੍ਰਕਰਮਾਂ ਚੌੜੀ ਤੇ ਉੱਚੀ ਕੀਤੀ ਗਈ। ਪ੍ਰਕਰਮਾਂ ਦੇ ਬਾਹਰ ਵਾਰ ਚਾਰ-ਚੁਫੇਰੇ ਦਸ ਦਸ ਫੁੱਟ ਉੱਚੀ ਕੰਧ ਕੀਤੀ ਗਈ। ਐਉਂ ਇਸ ਸਰੋਵਰ ਨੂੰ ਹਰ ਪੱਖੋਂ ਪੁਖਤਾ ਸੁੰਦਰ ਤੇ ਨਵੀਨ ਬਣਾਇਆ ਗਿਆ। ਪਹਿਲੋਂ ਪਹਿਲ ਇਸ ਸਰੋਵਰ ਵਿੱਚ ਵੀ ਬਾਰਸ਼ ਦਾ ਜਲ ਹੀ ਜਮ੍ਹਾਂ ਹੁੰਦਾ ਸੀ। ਜੋ ਗਰਮੀ ਦੇ ਮੌਸਮ ਵਿੱਚ ਖੁਸ਼ਕ ਹੋ ਜਾਂਦਾ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘਾਂ ਤੇ ਪੁਜਾਰੀਆਂ ਨੇ ਉਸ ਵਕਤ ਦੇ ਸ਼ਹਿਰ ਦੇ ਕੋਤਵਾਲ ਸ: ਦੇਸਾ ਸਿੰਘ ਨੂੰ ਵੱਡੀ ਹੰਸਲੀ 'ਚੋਂ ਇੱਕ ਸ਼ਾਖ ਕੱਢ ਕੇ ਸੰਤੋਖ ਸਰ ਵਿੱਚ ਜਲ ਪਾਉਣ ਲਈ ਕਿਹਾ, ਤਾਂ ੧੮੮੧ ਬਿ: ਵਿੱਚ ਵੱਡੀ ਹੰਸਲੀ ਵਿੱਚ ਸੁਰਾਖ ਕਰ ਕੇ ਬਾਗ ਰਾਜਾ ਰੁਲੀਆ ਰਾਮ ਅਤੇ ਕਟੜਾ ਮਹਾਂ ਸਿੰਘ ਵਿੱਚ ਦੀ ਘਿਉ ਮੰਡੀ ਦਰਵਾਜ਼ੇ ਤੋਂ ਬਾਜ਼ਾਰ ਘਿਉ ਮੰਡੀ, ਕੂਚਾ ਹੰਸਲੀ, ਬਾਜ਼ਾਰ ਬੱਕਰਵਾਨਾਂ, ਗਵਰਨਮੈਂਟ ਹਾਈ ਸਕੂਲ ਅਤੇ ਜ਼ਮੀਨ ਸੰਤੋਖ ਸਰ ਦੇ ਵਿੱਚ ਦੀ ਇਸ ਸੰਤੋਖਸਰ ਸ਼ਾਖ ਰਾਹੀਂ ਨਹਿਰ ਦਾ ਜਲ ਆ ਕੇ ਸੰਤੋਖ ਸਰ ਸਰੋਵਰ ਵਿੱਚ ਪਾਉਣਾ ਆਰੰਭ ਕੀਤਾ।

## ਗੁਰੂ ਕਾ ਬਾਜ਼ਾਰ :

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਇਸ ਨਵੇਂ ਉਸਰ ਰਹੇ ਕਸਬੇ ਗੁਰੂ ਕੇ ਚੱਕ ਵਿੱਚ ਵਸਣ ਵਾਲਿਆਂ ਤੇ ਬਾਹਰੋਂ ਆਏ ਯਾਤਰੂਆਂ ਨੂੰ ਰੋਜ਼ਾਨਾਂ ਜ਼ਿੰਦਗੀ ਦੀਆਂ ਲੋੜੀਂਦੀਆਂ ਵਸਤਾਂ ਮੁਹੱਈਆ ਕਰਨ ਲਈ ਗੁਰੂ ਕੇ ਮਹਲ ਅਤੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਗੁਰੂ ਕਾ ਬਾਜ਼ਾਰ ਨਾਮ ਦੀ ਵਪਾਰਕ ਮੰਡੀ ਸਥਾਪਤ ਕੀਤੀ। ਜੋ ਇਸ ਸਮੇਂ ਸ਼ਹਿਰ ਦਾ ਸਭ ਤੋਂ ਵੱਡਾ ਤੇ ਕੀਮਤੀ ਵਪਾਰਕ ਕੇਂਦਰ ਹੈ। ਜਿਥੇ ਗਰਮ ਤੇ ਰੇਸ਼ਮੀ ਬਸਤਰਾਂ ਤੋਂ ਇਲਾਵਾ ਸੋਨੇ, ਚਾਂਦੀ ਤੇ ਹੀਰੇ ਜਵਾਹਰਾਤਾਂ ਦਾ ਵੀ ਵਾਪਾਰ ਹੁੰਦਾ ਹੈ। ਇਸ ਦੀ ਸਿਰਜਨਾ ਅੰਮ੍ਰਿਤਸਰ ਸਰੋਵਰ ਦੀਆਂ ਬਾਹੀਆਂ ਦੇ ਸਮਾਨੰਤਰ ਸਿੱਧੇ ਰੁਖ ਕੀਤੀ ਗਈ, ਜਿਸ ਨੂੰ ਅੱਜ-ਕਲ੍ਹ ਦੇ ਨਗਰ ਨਿਰਮਾਣ ਵੇਤਾ ਉਸ ਸਮੇਂ

ਅੰਮ੍ਰਿਤਸਰ ਸ਼ਹਿਰ ਦੀ ਵਿਉਂਤਬੰਦੀ ਵੱਲ ਚੁਕਿਆ ਇਕ ਸੁਚੇਤ ਕਦਮ ਕਰਾਰ ਦੇਂਦੇ ਹਨ ।

ਗੁਰੂ ਰਾਮਦਾਸ ਜੀ ਮਹਾਰਾਜ ਦੇ ਸਮੇਂ ਇਹ ਆਪਣੇ ਪਹਿਲੇ ਰੂਪ ਵਿੱਚ ਛੋਟੇ ਆਕਾਰ ਅੰਦਰ ਰਿਹਾ । ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸ਼ਹਿਰ ਦੀ ਵੱਸੋਂ ਅਤੇ ਯਾਤਰੂਆਂ ਦੀ ਤਾਦਾਦ ਦੇ ਵਾਧੇ ਨਾਲ ਗੁਰੂ ਬਾਜ਼ਾਰ ਦਾ ਆਕਾਰ ਤੇ ਪਸਾਰ ਵੀ ਵਧਿਆ । ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇਂ ਸ਼ਹਿਰ ਦੇ ਵਾਧੇ ਨਾਲ ਹੋਰ ਵਸਤਾਂ ਦੀਆਂ ਮੰਡੀਆਂ ਬਣੀਆਂ, ਜਿਸ ਨਾਲ ਗੁਰੂ ਬਾਜ਼ਾਰ ਦੇ ਵਾਪਾਰ ਵਿੱਚ ਵੀ ਚੋਖਾ ਵਾਧਾ ਹੋਇਆ । ਅੰਗਰੇਜ਼ੀ ਰਾਜ ਸਮੇਂ ਯੂਰਪ ਦੇ ਮੁਲਕਾਂ ਤੋਂ ਕੀਮਤੀ ਕੱਪੜਾ ਤੇ ਅਮੋਲਕ ਵਸਤਾਂ ਕਰਾਚੀ ਦੀ ਬੰਦਰਗਾਹ ਰਾਹੀਂ ਪਹਿਲਾਂ ਅੰਮ੍ਰਿਤਸਰ ਪੁਜਦੀਆਂ ਤੇ ਫਿਰ ਇਥੋਂ ਭਾਰਤ ਦੇ ਹੋਰ ਵੱਡੇ ਸ਼ਹਿਰਾਂ ਨੂੰ ਜਾਂਦੀਆਂ । ਪਾਕਿਸਤਾਨ ਬਣਨ ਨਾਲ ਕੁਝ ਫਰਕ ਪਿਆ ਸੀ, ਪਰ ਹੁਣ ਭਾਰਤ ਦੇ ਹਰ ਪ੍ਰਾਂਤ ਦਾ ਵਾਪਾਰ ਗੁਰੂ ਬਾਜ਼ਾਰ ਨਾਲ ਜੁੜਿਆ ਹੋਣ ਕਰ ਕੇ ਇਹ ਹੁਣ ਵੀ ਅੰਮ੍ਰਿਤਸਰ ਸ਼ਹਿਰ ਦਾ ਸਭ ਤੋਂ ਵੱਡਾ ਵਪਾਰਕ ਕੇਂਦਰ ਹੈ ।

## ਸ਼ਹਿਰ ਦੀ ਵਸੋਂ ਵਿੱਚ ਵਾਧਾ :

ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤ-ਜੋਤਿ ਸਮਾਉਣ ਉਪਰੰਤ ਗੁਰਮਤਿ ਮਰਯਾਦਾ ਅਨੁਸਾਰ ਸਸਕਾਰ, ਪਾਠ, ਕੀਰਤਨ, ਲੰਗਰ ਆਦਿ ਦੀਆਂ ਮਰਯਾਦਾ ਤੇ ਰਹੁ-ਰੀਤਾਂ ਪੂਰੀਆਂ ਕਰ ਕੇ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮਾਂ ਅਨੁਸਾਰ ਪ੍ਰਵਾਰ ਸਮੇਤ ਗੋਇੰਦਵਾਲ ਤੋਂ ਗੁਰੂ ਕੇ ਚੱਕ ਵਿੱਚ ਆ ਵੱਸੇ । ਨਗਰ ਦੀ ਉਸਾਰੀ ਤੇ ਸਰੋਵਰ ਦੀ ਖੁਦਾਈ ਦਾ ਕੰਮ ਜੋ ਦੋਨੋਂ ਬੰਦ ਪਏ ਸਨ, ਆਰੰਭ ਕੀਤੇ ਗਏ । ਗੁਰੂ ਰਾਮਦਾਸ ਜੀ ਦੇ ਗੁਰਗੱਦੀ ਉੱਪਰ ਥਾਪੇ ਜਾਣ ਦੇ ਕਾਰਨ ਗੁਰੂ ਕੇ ਚੱਕ ਦੀ ਮਹਾਨਤਾ ਹੋਰ ਵੀ ਵਧ ਗਈ, ਕਿਉਂਕਿ ਗੁਰੂ ਕੀਆਂ ਸਿੱਖ ਸੰਗਤਾਂ ਗੁਰੂ ਕੇ ਦਰਸ਼ਨ ਕਰਨ ਲਈ ਭਾਰੀ ਗਿਣਤੀ ਵਿੱਚ ਹੁਣ ਗੋਇੰਦਵਾਲ ਦੀ ਬਜਾਇ ਗੁਰੂ ਕੇ ਚੱਕ ਆਉਣੀਆਂ ਸ਼ੁਰੂ ਹੋ ਗਈਆਂ। ਸੰਗਤਾਂ ਦੇ ਮਾਹਵਾਰੀ ਤੇ ਸਾਲਾਨਾ ਜੋੜ-ਮੇਲ ਹੁੰਦੇ ਤੇ ਸੰਗਤਾਂ ਗੁਰੂ ਕੇ ਹਜ਼ੂਰ ਨਜ਼ਰਾਨੇ ਤੇ ਕਾਰ-ਭੇਟ ਅਰਪਨ ਕਰਦੀਆਂ । ਇਸ ਤਰ੍ਹਾਂ ਇਹ ਅਸਥਾਨ ਸਿੱਖਾਂ ਦਾ ਕੇਂਦਰੀ ਤੀਰਥ ਅਸਥਾਨ ਬਣ ਗਿਆ ।

੧੬੩੪ ਬਿ: ਗੁਰੂ ਰਾਮਦਾਸ ਜੀ ਦੇ ਸੇਵਕ ਭਾਈ ਸਾਲੋ, ਚੰਦਰ ਭਾਨ, ਰੂਪ ਰਾਮ ਅਤੇ ਗੁਰੀਆ ਜੀ ਨੇ ੭੨ ਕੌਮਾਂ ਦੇ ਲੋਕ ਪੱਟੀ, ਕਸੂਰ ਅਤੇ ਕਲਾਨੌਰ ਆਦਿ ਥਾਵਾਂ ਤੋਂ ਲਿਆ ਕੇ ਏਥੇ ਵਸਾਏ, ਜੋ ਹੁਣ ਤੱਕ ਗੁਰੂ ਕੇ ਮਹਲਾਂ ਦੇ ਇਰਦ-ਗਿਰਦ ਵੱਸਦੇ ਹਨ ।

*(ਦੇਖੋ ਤਵਾਰੀਖ ਸ੍ਰੀ ਅੰਮ੍ਰਿਤਸਰ, ਪੰਨਾ ੫, ਕ੍ਰਿਤ ਗਿ: ਗਿਆਨ ਸਿੰਘ)*

## ਮਸੰਦ ਪ੍ਰਥਾ ਆਰੰਭ ਕਰਨੀ :

ਨਗਰ ਦੀ ਉਸਾਰੀ ਅਤੇ ਸਰੋਵਰ ਦੀ ਖੁਦਾਈ ਲਈ ਜਿਥੇ ਸਿੱਖ ਸੰਗਤਾਂ ਆ ਕੇ ਨਿਸ਼ਕਾਮ ਸੇਵਾ ਕਰਦੀਆਂ, ਉਥੇ ਕਾਰਜ ਨੂੰ ਲਗਾਤਾਰ ਜਾਰੀ ਰੱਖਣ ਹਿਤ ਕੁਝ ਮਜ਼ਦੂਰਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਅਤੇ ਹੁਨਰਮੰਦ ਕਾਰੀਗਰਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਵੱਡੇ ਸ਼ਹਿਰਾਂ ਤੋਂ ਮੰਗਵਾਇਆ ਜਾਂਦਾ । ਸਿੱਖ ਸੰਗਤਾਂ ਦੀ ਰਿਹਾਇਸ਼ ਦੇ ਖਰਚ ਅਤੇ ਮਜ਼ਦੂਰਾਂ ਤੇ ਕਾਰੀਗਰਾਂ ਦੇ ਰੁਜ਼ੀਨੇ ਜਾਂ ਮਾਹਵਾਰ ਤਨਖਾਹਾਂ ਆਦਿ ਦੇ ਖਰਚੇ ਪੂਰੇ ਕਰਨ ਹਿਤ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਆਰੰਭ ਕੀਤਾ। ਹਰ ਇਲਾਕੇ ਦੇ ਮੁੱਖੀ ਸਿੱਖ ਨੂੰ ਮਸੰਦ ਮੁਕੱਰਰ ਕੀਤਾ । ਉਹ ਆਪਣੇ ਇਲਾਕੇ ਦੀਆਂ ਸਿੱਖ

ਸੰਗਤਾਂ ਪਾਸੋਂ ਗੁਰੂ ਘਰ ਦੇ ਦਸਵੰਧ ਦੀ ਭੇਟ ਇੱਕਤਰ ਕਰ ਕੇ ਸਮੇਂ ਸਿਰ ਗੁਰੂ ਸਾਹਿਬ ਪਾਸ ਅਪੜਾਉਂਦਾ। ਇਸ ਤਰ੍ਹਾਂ ਗੁਰੂ ਘਰ ਦੇ ਲੁੜੀਂਦੇ ਵਿਸ਼ਾਲ ਖਰਚਾਂ ਲਈ ਖੁਲ੍ਹੀ ਮਾਇਆ ਗੁਰੂ ਸਾਹਿਬ ਪਾਸ ਪੁੱਜਣ ਲੱਗੀ ।

ਗੁਰੂ ਕੀ ਨਗਰੀ ਹੋਣ ਕਰ ਕੇ ਬਹੁਤ ਸਾਰੇ ਸਿੱਖ ਪ੍ਰਵਾਰ ਦੂਰ-ਦਰਾਡੇ ਇਲਾਕਿਆਂ ਤੇ ਸ਼ਹਿਰਾਂ 'ਚੋਂ ਆ ਕੇ ਇਸ ਸ਼ਹਿਰ ਵਿੱਚ ਵੱਸ ਗਏ । ਸੰਗਤਾਂ ਦੀ ਆਵਾਜਾਈ ਦਾ ਸਦਕਾ ਵਾਪਾਰ ਵਿੱਚ ਚੋਖਾ ਵਾਧਾ ਹੋ ਗਿਆ, ਜਿਸ ਦੇ ਫਲਸਰੂਪ ਬਹੁਤ ਸਾਰੇ ਵਾਪਾਰੀ ਤੇ ਸਰਾਫ਼ਾਂ ਨੇ ਗੁਰੂ ਕੇ ਬਾਜ਼ਾਰ ਵਿੱਚ ਆਪਣੇ ਵਪਾਰ ਸੈਂਟਰ ਸਥਾਪਤ ਕਰ ਲਏ । ਹਰ ਪੇਸ਼ੇ ਦੇ ਹੁਨਰ-ਮੰਦ ਲੋਕ, ਕਾਰੀਗਰ ਤੇ ਮਜ਼ਦੂਰ ਭਾਰੀ ਗਿਣਤੀ ਵਿੱਚ ਆ ਵੱਸੇ, ਜਿਸ ਕਰ ਕੇ ਰਾਮਦਾਸ ਪੁਰੇ ਵਿੱਚ ਕਾਫ਼ੀ ਜਨ-ਸੰਖਿਆ ਦਾ ਵਾਧਾ ਹੋ ਗਿਆ । ਇਸ ਤਰ੍ਹਾਂ ਹੁਣ ਇਹ ਇਕ ਚੰਗੇ ਕਸਬੇ ਦੇ ਰੂਪ ਵਿੱਚ ਵਿਕਸਤ ਹੋਣ ਲੱਗਾ ।

ਗਿਆਨੀ ਗਿਆਨ ਸਿੰਘ ਜੀ ਕ੍ਰਿਤ ਤਵਾਰੀਖ 'ਗੁਰੁ ਖਾਲਸਾ' ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਦੀ ਦੇਖ-ਰੇਖ ਹੇਠ ਖੇਤੀ-ਬਾੜੀ ਦੇ ਕੰਮ ਨੂੰ ਉਤਸ਼ਾਹਿਤ ਕੀਤਾ । ਹਰਟਾਂ ਵਾਲੇ ਪੁਰਾਣੇ ਖੂਹਾਂ ਦੀ ਗਾਰ ਕਢਵਾ ਕੇ ਉਨ੍ਹਾਂ ਦੀ ਮੁਰੰਮਤ ਕਰਵਾ ਕੇ ਦੋਬਾਰਾ ਵਰਤੋਂ ਵਿੱਚ ਲਿਆਂਦਾ । ਸਿੰਜਾਈ ਦੀਆਂ ਚੰਗੀਆਂ ਸਹੂਲਤਾਂ ਮਿਲਣ ਕਾਰਨ ਖੇਤੀ ਦੀ ਪੈਦਾਵਾਰ ਵਿੱਚ ਚੋਖਾ ਵਾਧਾ ਹੋਇਆ, ਜਿਸ ਦੇ ਫਲ-ਸਰੂਪ ਲੰਗਰ ਵਿੱਚ ਸੰਗਤਾਂ ਨੂੰ ਮਨ ਭਾਉਂਦੇ ਭੋਜਨ ਮਿਲਣ ਲੱਗੇ । ਲੰਗਰ ਤੇ ਰਿਹਾਇਸ਼ ਦੇ ਚੰਗੇ ਪ੍ਰਬੰਧ ਸਦਕਾ ਸੰਗਤਾਂ ਤੇ ਯਾਤਰੂਆਂ ਦੀ ਗਿਣਤੀ ਵੀ ਵਧਣ ਲੱਗੀ ਅਤੇ ਉਸਾਰੀ ਤੇ ਖੁਦਾਈ ਦੇ ਕੰਮ ਵਿੱਚ ਤੇਜ਼ੀ ਆਉਣੀ ਸ਼ੁਰੂ ਹੋ ਗਈ ।

ਕੇਸਰ ਸਿੰਘ ਛਿੱਬਰ ਲਿਖਤ ਬੰਸਾਵਲੀ ਨਾਮਾ ਅਨੁਸਾਰ ਨਗਰ ਦੀ ਉਸਾਰੀ ਤੇ ਸਰੋਵਰ ਦੀ ਖੁਦਾਈ ਦਾ ਕੰਮ ੧੬੩੪ ਬਿ: (੧੫੭੭ ਈਸਵੀ) ਨੂੰ ਸੰਪੂਰਨ ਹੋਇਆ-

ਸੰਮਤ ਸੋਲਾਂ ਸੈ ਚਉਤ੍ਰੀ ਜਬ ਭਏ ।
ਨਗਰ ਤਲਾਉ ਤਯਾਰ ਕਰ ਲਏ । *(ਪੰਨਾ ੪੦-ਅੰਕ ੨੧)*

ਇਹੋ ਹੀ ਸੰਮਤ 'ਚਹਾਰ ਬਾਗ-ਇ-ਪੰਜਾਬ' ਦੇ ਲੇਖਕ ਗਣੇਸ਼ ਦਾਸ ਵਡਹਿਰਾ ਨੇ ਲਿਖਿਆ ਹੈ । ਉਪ੍ਰੋਕਤ ਦੋ ਲਿਖਤਾਂ ਤੋਂ ਇਲਾਵਾ ਹੋਰ ਕਿਸੇ ਵੀ ਲਿਖਤ ਤੋਂ ਇਸ ਕਾਰਜ ਦੀ ਸੰਪੂਰਨਤਾ ਦਾ ਠੀਕ ਸਮਾਂ, ਦਿਨ, ਮਹੀਨਾਂ ਆਦਿ ਦਾ ਵੇਰਵਾ ਨਹੀਂ ਮਿਲਿਆ । ਇਹ ਸਾਰੀ ਸੇਵਾ ਬਿਨਾ ਰੁਕਣ ਦੇ ਲਗਾਤਾਰ ਸੁਖਾਵੇਂ ਮਾਹੌਲ ਵਿੱਚ ਸੁਚਾਰੂ ਢੰਗ ਨਾਲ ਮੁਕੰਮਲ ਹੋਈ ।

ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਭਾਈ ਸੰਤੋਖ ਸਿੰਘ ਦੇ ਪੰਨਾ ੧੯੯੫ ਅਨੁਸਾਰ-

*ਪ੍ਰਸੰਨਤਾ ਦੀ ਗੱਲ ਇਹ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਵਾਰ*
*ਦੇ ਕਿਸੇ ਵੀ ਵਿਅਕਤੀ ਨੇ ਗੁਰੂ ਰਾਮਦਾਸ ਜੀ ਵੱਲੋਂ ਚਲ਼ਾਏ,*
*ਇਸ ਪਰਉਪਕਾਰੀ ਕਾਰਜ ਵਿੱਚ ਕੋਈ ਵਿਘਨ ਨਹੀਂ ਪਾਇਆ,*
*ਸਗੋਂ ਪਰਵਾਰ ਤੇ ਸਬੰਧੀਆਂ ਵਿੱਚੋਂ ਕੁਝ ਕੁ ਨੇ ਗੋਇੰਦਵਾਲ ਤੋਂ*
*ਗੁਰੂ ਕੇ ਚੱਕ ਆ ਕੇ ਸਰੋਵਰ ਦੀ ਖੁਦਾਈ ਵਿੱਚ ਆਪਣਾ ਪੂਰਾ*
*ਯੋਗਦਾਨ ਵੀ ਪਾਇਆ ।*

ਗੁਰੂ ਸਾਹਿਬ, ਮੁਖੀ ਸਿੱਖ ਤੇ ਸ਼ਰਧਾਲੂ ਸਿੱਖ ਸੰਗਤਾਂ ਇਸ ਨਵੇਂ ਬਣੇ ਧਾਰਮਿਕ

ਕੇਂਦਰੀ ਤੀਰਥ ਦੀ ਹੋਈ ਸੰਪੂਰਨਤਾ 'ਤੇ ਬਹੁਤ ਹੀ ਖੁਸ਼ ਤੇ ਪ੍ਰਸੰਨ ਸਨ। ਗੁਰੂ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਦੀ ਮਹਿਮਾ ਵਿੱਚ ਸ਼ਬਦ ਕਹੇ ਤੇ ਸਿੱਖ ਸੰਗਤ ਨੂੰ ਇਸ਼ਨਾਨ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਿਆਈ-ਗੱਦੀ ਦੇ ਆਪਣੇ ਪੂਰੇ ਸੱਤ ਸਾਲ ਦੇ ਸਮੇਂ ਵਿੱਚ ਜਿਥੇ ਗੁਰਿਆਈ-ਗੱਦੀ ਦੀਆਂ ਧਾਰਮਿਕ ਜ਼ਿਮੇਵਾਰੀਆਂ ਨਿਭਾਈਆਂ, ਉਥੇ ਅੰਮ੍ਰਿਤਸਰ ਸ਼ਹਿਰ ਨੂੰ ਵਸਾਉਣਾ, ਨਗਰ ਦੀਆਂ ਨਵੀਆਂ ਇਮਾਰਤਾਂ ਦਾ ਨਿਰਮਾਣ, ਦੋਹਾਂ ਸਰੋਵਰਾਂ ਦੀ ਖੁਦਾਈ, ਗੁਰੂ ਬਾਜ਼ਾਰ ਦੀ ਕਾਇਮੀ, ਰੋਜ਼ ਦਰਸ਼ਨਾਂ ਨੂੰ ਆਏ ਸੈਂਕੜੇ ਹਜ਼ਾਰਾਂ ਸਿੱਖਾਂ ਲਈ ਰਿਹਾਇਸ਼ ਤੇ ਲੰਗਰ ਆਦਿ ਦੇ ਬਿਖੜੇ ਕਾਰਜ ਨੂੰ ਨੇਪਰੇ ਚਾੜ੍ਹਦੇ ਰਹੇ । ਅਖ਼ੀਰ ਇਕ ਦਿਨ ਗੁਰੂ ਅਰਜਨ ਦੇਵ ਬਾਬਾ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਸ੍ਰੀ ਗੋਇੰਦਵਾਲ ਚਲੇ, ਗਏ ਜਿਥੇ ਸੰ: ੧੬੩੮ ਬਿ: ਦੇ ੨ ਅੱਸੂ ਭਾਦਰੋਂ ਸੁਦੀ ੩, ਮੁਤਾਬਕ ੧ ਸਤੰਬਰ ੧੫੮੧ ਈ: ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ-ਗੱਦੀ ਬਖਸ਼ ਕੇ ਗੁਰੂ ਘਰ ਦੇ ਰਹਿੰਦੇ ਕਾਰਜ, ਜਿਵੇਂ ਕਿ ਅੰਮ੍ਰਿਤ ਸਰੋਵਰ ਨੂੰ ਪੱਕਿਆਂ ਕਰਨਾ, ਐਨ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਆਦਿ ਲਈ ਜ਼ਰੂਰੀ ਆਦੇਸ਼ ਦੇ ਕੇ ਆਪ ਉਸੇ ਹੀ ਦਿਨ ਜੋਤੀ-ਜੋਤਿ ਸਮਾ ਗਏ ।

## ਪੰਜਵੇਂ ਸਤਿਗੁਰਾਂ ਦੇ ਸਮੇਂ :

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰਤਾ-ਗੱਦੀ ਦਾ ਕਾਰਜ-ਭਾਰ ਸੰਭਾਲਦਿਆਂ ਸਭ ਤੋਂ ਵੱਧ ਧਿਆਨ ਸ਼ਹਿਰ ਅੰਮ੍ਰਿਤਸਰ ਨੂੰ ਵਸਾਉਣ, ਵਧਾਉਣ, ਫੈਲਾਉਣ ਅਤੇ ਸੁੰਦਰ ਬਣਾਉਣ ਵਲ ਦਿੱਤਾ । ਜਿਥੇ ਆਪਣੇ ਪਿਤਾ ਸਤਿਗੁਰੂ ਜੀ ਦੇ ਆਰੰਭੇ ਕਾਰਜਾਂ, ਜਿਵੇ ਕਿ ਸੰਤੋਖ ਸਰ ਅਤੇ ਅੰਮ੍ਰਿਤਸਰ ਸਰੋਵਰਾਂ ਦੀਆਂ ਦੋਬਾਰਾ ਕਾਰ-ਸੇਵਾਵਾਂ ਕਰਵਾਈਆਂ, ਦੋਹਾਂ ਹੀ ਸਰੋਵਰਾਂ ਦੀਆਂ ਪਰਕਰਮਾਂ ਤੇ ਪੌੜੀਆਂ ਪੱਕੀਆਂ ਬਨਵਾਈਆਂ, ਅਤੇ ਰਾਮਸਰ ਸਰੋਵਰ ਤਿਆਰ ਕਰਵਾਇਆ। ਉਥੇ ਅੰਮ੍ਰਿਤਸਰ ਸਰੋਵਰ ਦੇ ਐਨ ਵਿਚਕਾਰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਇਮਾਰਤ ਦਾ ਨਿਰਮਾਣ ਕਰਵਾ ਕੇ ਜੁਗੋ-ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹਿਲਾ ਪ੍ਰਕਾਸ ਕਰਵਾਇਆ । ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੱਠੇ ਪਹਿਰ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਜਾਰੀ ਕਰ ਕੇ ਇਸ ਪਵਿੱਤਰ ਸ਼ਹਿਰ ਨੂੰ ਸਾਰੀ ਸਿੱਖ ਕੌਮ ਦਾ ਮਹਾਨ ਧਾਰਮਕ ਕੇਂਦਰ ਸਥਾਪਤ ਕਰਨ ਦਾ ਮਹਾਨ ਪਰਉਪਕਾਰੀ ਕਾਰਜ ਸਿਰੇ ਚੜ੍ਹਾਇਆ। ਜਿਸ ਦਾ ਸਦਕਾ ਸ਼ਹਿਰ ਦੀ ਵਸੋਂ, ਵਾਪਾਰ,ਉਦਯੋਗ ਤੇ ਕਾਰੋਬਾਰ ਵਿੱਚ ਭਾਰੀ ਵਾਧਾ ਹੋਇਆ । ਸਰੋਵਰ ਦੀ ਪੂਰਬ ਦਿਸ਼ਾ ਵੱਲ ਗੁਰੂ ਕਾ ਬਾਗ ਲਗਵਾਇਆ ਅਤੇ ਪਾਣੀ ਲਈ ਇਕ ਖੂਹ ਦੀ ਉਸਾਰੀ ਕੀਤੀ । ਗੁਰੂ ਬਜ਼ਾਰ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਦਰਸ਼ਨੀ ਡਿਉਢੀ ਤਿਆਰ ਕਰਵਾਈ, ਜਿਥੋਂ ਸ਼ਹਿਰ ਵਾਸੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸਿੱਧੇ ਦਰਸ਼ਨ ਹੁੰਦੇ ਸਨ ।

ਉਪ੍ਰੋਕਤ ਕਾਰਨਾਂ ਕਰ ਕੇ ਆਪ ਜੀ ਦੇ ਸਮੇਂ ਸ਼ਹਿਰ ਵਿੱਚੋਂ ਤੇ ਇਰਦ-ਗਿਰਦ ਦੇ ਨਗਰਾਂ ਵਿੱਚੋਂ ਸਿੱਖ ਸੰਗਤਾਂ ਹਰ ਰੋਜ਼ ਭਾਰੀ ਗਿਣਤੀ ਵਿੱਚ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਲਈ ਪੁਜਦੀਆਂ, ਜਦ ਕਿ ਮੱਸਿਆ, ਸੰਗਰਾਂਦ ਤੇ ਪੂਰਨਮਾਸ਼ੀ ਦੇ ਮਾਹਵਾਰੀ ਅਤੇ

ਵੈਸਾਖੀ ਤੇ ਦੀਵਾਲੀ ਦੇ ਸਾਲਾਨਾਂ ਜੋੜ ਮੇਲਿਆਂ ਸਮੇਂ ਸਿੱਖ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਜੁੜਦੀਆਂ ਅਤੇ ਨਵੇਂ ਸ਼ਹਿਰ, ਨਵੇਂ ਸ੍ਰੀ ਹਰਿਮੰਦਰ ਸਾਹਿਬ ਦੀ ਸੋਭਾ ਸੁਣ ਕੇ ਬਹੁਤ ਸਾਰੇ ਅਨਯਮਤੀ ਲੋਕ ਅਤੇ ਸਾਧੂ, ਫਕੀਰ, ਜੋਗੀ, ਜੰਗਮ, ਸੰਨਿਆਸੀ, ਵੈਰਾਗੀ ਆਦਿ ਧਾਰਮਕ ਵਿਅਕਤੀ ਵੀ ਦੇਖਣ ਲਈ ਅਤੇ ਪੰਡਿਤ ਤੇ ਵਿਦਵਾਨ ਗੁਰੂ ਸਾਹਿਬ ਨਾਲ ਚਰਚਾ ਅਤੇ ਵਾਰਤਾਲਾਪ ਲਈ ਕਾਫੀ ਤਾਦਾਦ ਵਿੱਚ ਆਉਣ ਲੱਗੇ, ਜਿਸ ਦਾ ਸਦਕਾ ਸ਼ਹਿਰ ਵਿੱਚ ਨਵੇਂ ਬਾਜ਼ਾਰ ਤੇ ਮੰਡੀਆਂ ਆਬਾਦ ਹੋ ਗਈਆਂ ।

ਵਪਾਰ ਪੱਖੋਂ ਵਿਕਸਤ ਹੋ ਰਹੇ ਨਵੇਂ ਨਗਰ ਵਿੱਚ ਦੂਰ-ਦੁਰਾਡੇ ਦੇ ਸ਼ਹਿਰੀਆਂ ਤੇ ਵਾਪਾਰੀਆਂ ਨੇ ਆ ਕੇ ਆਪਣੀਆਂ ਨਵੀਆਂ ਦੁਕਾਨਾਂ ਬਣਾ ਕੇ ਨਵੇਂ ਕਾਰੋਬਾਰ ਆਰੰਭ ਦਿੱਤੇ ਕਿਉਂਕਿ ਨਵੇਂ ਆ ਕੇ ਵਸਣ ਵਾਲੇ ਤੇ ਖਾਸ ਕਰ ਵਾਪਰੀਆਂ ਨੂੰ ਸਤਿਗੁਰਾਂ ਵੱਲੋਂ ਮੁਫ਼ਤ ਜ਼ਮੀਨ ਅਤੇ ਮਕਾਨ ਤੇ ਦੁਕਾਨਾਂ ਬਣਾਉਣ ਹਿਤ ਦਿੱਤੀ ਸਹਾਇਤਾ ਆਦਿ ਦੀਆਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੇ ਫਲ-ਸਰੂਪ ਸ਼ਹਿਰ ਦੀਆਂ ਇਮਾਰਤਾਂ, ਵਾਪਾਰ ਤੇ ਵਸੋਂ ਵਿੱਚ ਭਾਰੀ ਵਾਧਾ ਹੋਇਆ । ਯਾਤਰਾ ਹਿਤ ਆਈਆਂ ਸਿੱਖ ਸੰਗਤਾਂ ਦੇ ਲੰਗਰ, ਰਿਹਾਇਸ਼ ਅਤੇ ਧਾਰਮਕ ਦੀਵਾਨ ਸਜਾਉਣ ਹਿਤ ਗੁਰੂ ਘਰ ਵੱਲੋਂ ਵੀ ਨਵੇਂ ਮਕਾਨ ਤੇ ਹਾਲ ਉਸਾਰੇ ਗਏ । ਉਪ੍ਰੋਕਤ ਕਾਰਨਾਂ ਕਰ ਕੇ ਗੁਰੂ ਕੀ ਅਨੁਪਮ ਨਗਰੀ ਦੀ ਆਬਾਦੀ ਕਾਫੀ ਸੰਘਣੀ ਵਸਣ ਲੱਗੀ । ਜਿਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ-

"ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥" *(ਪੰਨਾ ੧੩੬੨)*

## ਛੇਵੇਂ ਸਤਿਗੁਰਾਂ ਦੇ ਸਮੇਂ :

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਕੌਲਸਰ ਅਤੇ ਬਿਬੇਕਸਰ ਦੋ ਨਵੇਂ ਸਰੋਵਰ ਰਚੇ ਗਏ । ਸ਼ਹਿਰ ਦੀ ਸੁਰੱਖਿਆ ਹਿਤ ਸ਼ਹਿਰ ਦੀ ਪਨਾਹ ਮਜ਼ਬੂਤ ਬਣਾਈ ਗਈ । ਦੋ ਖੂਹ ਲਗਵਾਏ ਗਏ-ਇਕ ਕੌਲਸਰ ਕੋਲ ਤੇ ਇਕ ਅਕਾਲ ਬੁੰਗੇ ਵਿੱਚ । (ਦੇਖੋ ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿ: ਗਿਆਨ ਸਿੰਘ ਪੰਨਾ ੨੪੭) ਮੁਸਲਮਾਨਾਂ ਲਈ ਇਕ ਮਸੀਤ ਤੇ ਇਕ ਦਾਇਰਾ ਬਣਵਾ ਕੇ ਦਿੱਤਾ ਤੇ ਲੰਗਰੋਂ ਮੁਫ਼ਤ ਰੋਟੀ ਦਾ ਹੁਕਮ ਦੇ ਰਖਿਆ ਸੀ ।

*(ਦੇਖੋ ਉਕਤ ਦਾ ਪੰਨਾ ੨੪੭)*

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖ ਕੌਮ ਨੂੰ ਜ਼ਾਲਮ ਸਰਕਾਰ ਦੇ ਟਾਕਰੇ ਲਈ ਤਿਆਰ ਕਰਨ ਹਿਤ ਫੌਜੀ ਸਿਖਲਾਈ ਲਈ ਨੌਜਵਾਨ ਸਿੱਖਾਂ ਨੂੰ ਭਰਤੀ ਕੀਤਾ ਗਿਆ । ਵਧੀਆ ਕਿਸਮ ਦੇ ਘੋੜੇ ਖਰੀਦੇ ਗਏ । ਫੌਜੀ ਸਿੱਖਾਂ ਦੀ ਰਿਹਾਇਸ਼ ਤੇ ਲੰਗਰ ਲਈ ਮਕਾਨ ਤੇ ਘੋੜਿਆਂ ਲਈ ਤਬੇਲੇ ਉਸਾਰੇ ਗਏ। ਸ਼ਹਿਰ ਦੀ ਸੁਰੱਖਿਆ ਦੇ ਪੱਖੋਂ ਸਮਾਂ ਆਉਣ 'ਤੇ ਵੈਰੀਆਂ ਨਾਲ ਜੰਗ ਕਰਨ ਤੇ ਉਸਾਰੀ ਲਈ ਜੰਗੀ ਸਾਮਾਨ ਜਮ੍ਹਾਂ ਕਰਨ ਲਈ ਸ਼ਹਿਰ ਦੇ ਪੱਛਮ ਵਲ ਲੋਹਗੜ੍ਹ ਨਾਮ ਦਾ ਕਿਲ੍ਹਾ ਉਸਾਰਿਆ ਗਿਆ । ਪਾਣੀ ਖਾਤਰ ਕਿਲ੍ਹੇ ਵਿੱਚ ਇਕ ਖੂਹ ਲਗਾਇਆ ਗਿਆ ਜੋ ਹੁਣ ਤੱਕ ਹੈ । ਛੇਵੇਂ ਸਤਿਗੁਰਾਂ ਨੇ ਆਪਣੇ ਸਮੇਂ ਵਿੱਚ ਜ਼ਾਲਮ ਮੁਗ਼ਲ ਹਕੂਮਤ ਵਿਰੁੱਧ ਚਾਰ ਜੰਗ ਲੜੇ ਚੂੰਕਿ ਉਸ ਸਮੇਂ ਸਿੱਖ ਫੌਜਾਂ ਦਾ ਹੈੱਡ ਕੁਵਾਟਰ ਅੰਮ੍ਰਿਤਸਰ ਹੀ ਸੀ । ਜਿਸ ਕਰ ਕੇ ਫੌਜਾਂ ਦੀ ਭਾਰੀ ਗਿਣਤੀ ਦੀ ਰਿਹਾਇਸ਼, ਲੰਗਰ, ਕਪੜੇ ਹਥਿਆਰ ਆਦਿ ਦੀ ਤਿਆਰੀ ਲਈ

ਮਕਾਨ, ਦੁਕਾਨਾਂ, ਕਾਰਖਾਨੇ ਤੇ ਖੱਡੀਆਂ ਆਦਿ ਬਣਵਾਈਆਂ ਗਈਆਂ। ਇਨ੍ਹਾਂ ਉਪ੍ਰੋਕਤ ਕਾਰਨਾਂ ਕਰ ਕੇ ਸ਼ਹਿਰ ਵਿੱਚ ਮਕਾਨ ਉਸਾਰੀ ਰਾਹੀਂ ਵਾਪਾਰਕ ਅਦਾਰੇ ਬਾਜ਼ਾਰ ਅਤੇ ਮੰਡੀਆਂ ਬਣਾਉਣੀਆਂ ਪਈਆਂ। ਸੰਗਤਾਂ ਦੀ ਆਵਾਜਾਈ ਵਿੱਚ ਵੀ ਵਾਧਾ ਹੋਇਆ, ਜਿਸ ਕਰ ਕੇ ਸ਼ਹਿਰ ਦੇ ਪਸਾਰ ਤੇ ਆਬਾਦੀ ਵਿੱਚ ਚੋਖਾ ਵਾਧਾ ਹੋਇਆ।

੧੬੯੧ ਬਿ: ਦੀ ਅੰਮ੍ਰਿਤਸਰ ਜੰਗ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤਪੁਰ ਚਲੇ ਗਏ। ਪਿਛੋਂ ਦਿਲੀ ਸਰਕਾਰ ਦੀ ਮਦਦ ਨਾਲ ਮਿਹਰਵਾਨ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ 'ਤੇ ਕਬਜ਼ਾ ਕਰ ਲਿਆ ਜੋ ਉਸ ਦੇ ਦੇਹਾਂਤ ਤੋਂ ਬਾਅਦ ਉਸ ਦੇ ਪੁੱਤਰ ਹਰਿ ਜੀ ਨੇ ਸੰਭਾਲ ਲਿਆ। ਇਹ ਕਬਜ਼ਾ ੧੭੫੬ ਬਿ: ਤੱਕ ਜਾਰੀ ਰਿਹਾ। ਇਸ ਅਰਸੇ ਵਿੱਚ ਸਿੱਖ ਸੰਗਤਾਂ ਦੀ ਆਵਾਜਾਈ ਬਹੁਤ ਘਟ ਗਈ ਜਿਸ ਕਰ ਕੇ ਸ਼ਹਿਰ ਦਾ ਵਿਕਾਸ ਵੀ ਰੁਕ ਗਿਆ। ਸੰਗਤਾਂ ਕੀਰਤਪੁਰ ਤੇ ਅਨੰਦਪੁਰ ਸਾਹਿਬ ਜਾਣ ਲਗ ਪਈਆਂ।

## ਭਾਈ ਮਨੀ ਸਿੰਘ ਜੀ ਦੇ ਸਮੇਂ :

੧੭੫੬ ਬਿ: ਦੀ ਵੈਸਾਖੀ ਉੱਪਰੰਤ ਕਲਗੀਧਰ ਜੀ ਵੱਲੋਂ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਭੇਜਣ ਤੋਂ ਬਾਅਦ ਸਿੱਖ ਸੰਗਤਾਂ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਹਿਤ ਭਾਰੀ ਗਿਣਤੀ ਵਿੱਚ ਆਉਣ ਲੱਗੀਆਂ ਜਿਸ ਕਰ ਕੇ ਅੰਮ੍ਰਿਤਸਰ ਵਿੱਚ ਰੌਣਕਾਂ ਵਿੱਚ ਬਹੁਤ ਵਾਧਾ ਹੋਇਆ।

ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਜੰਗਲਾਂ, ਪਹਾੜਾਂ ਤੇ ਰੇਗਸਤਾਨਾਂ ਵਿੱਚ ਰਹਿ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈਂਦੇ ਰਹੇ। ਉਸ ਸਮੇਂ ਤੁਰਕਾਂ ਵੱਲੋਂ ਸਿੰਘਾਂ ਦੇ ਅੰਮ੍ਰਿਤਸਰ ਦਾਖ਼ਲੇ 'ਤੇ ਸਖ਼ਤ ਪਾਬੰਦੀ ਹੋਣ ਕਾਰਨ ਕੋਈ ਵਿਰਲਾ ਵਾਂਝਾ ਸਿੰਘ ਸੂਰਮਾ ਹੀ ਪਾਬੰਦੀਆਂ ਤੋੜ ਕੇ ਦਰਸ਼ਨ ਇਸ਼ਨਾਨ ਕਰ ਜਾਂਦਾ। ਉਂਵ ਇਨ੍ਹਾਂ ਘੱਲੂ-ਘਾਰਿਆਂ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਉੱਨਤੀ ਰੁਕੀ ਰਹੀ। ਵਸੋਂ ਦੇ ਵਾਧੇ ਦੀ ਤਾਂ ਸੰਭਾਵਨਾ ਹੀ ਨਹੀਂ ਸੀ ਹੋ ਸਕਦੀ, ਸਗੋਂ ਸਰਕਾਰੀ ਜ਼ੁਲਮ ਤਸ਼ੱਦਦ ਤੋਂ ਤੰਗ ਆ ਕੇ ਬਹੁਤ ਸਾਰੇ ਲੋਕ ਸ਼ਹਿਰ ਛੱਡ ਗਏ ਜਿਸ ਕਰ ਕੇ ਆਬਾਦੀ ਕਾਫੀ ਘਟ ਗਈ। ਜਿਵੇਂ ਕਿ ਭਾਈ ਮਨੀ ਸਿੰਘ ਜੀ ਵੱਲੋਂ ਮਾਤਾ ਸੁੰਦਰੀ ਜੀ ਨੂੰ ਲਿਖੀ ਪੱਤ੍ਰਕਾ ਤੋਂ ਪਤਾ ਚਲਦਾ ਹੈ। " ਦੇਸ ਮੈਂ ਮਲੇਛੋਂ ਕੀ ਦੋਹੀ ਹੈ ਬਸਤੀ ਮੇਂ ਬਾਲਕ, ਯੁਵਾ, ਇਸਤ੍ਰੀ ਸਲਾਮਤ ਨਹੀ, ਮੁੱਛ ਮੁੱਛ ਕਰ ਮਾਰਦੇ ਹੈਂ ਸਭੀ ਚੱਕ ਛੋਡ ਗਏ ਹੈ।"

*(ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ ਪੰਨਾ ੨-੩)*

## ਸ਼ਹੀਦੀ ਤੋਂ ਬਾਅਦ :

੧੭੯੧ ਬਿ: ਨੂੰ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਉੱਪਰੰਤ ਤਾਂ ਤੁਰਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਵੀ ਕਬਜ਼ਾ ਕਰ ਲਿਆ। ਮੱਸਾ ਰੰਘੜ ਵਰਗੇ ਦੁਸ਼ਟਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਹੱਦੋਂ ਵੱਧ ਬੇ-ਹੁਰਮਤੀ ਕੀਤੀ। ਜਿਸ ਕਰ ਕੇ ਮਤਾਬ ਸਿੰਘ ਤੇ ਸੁੱਖਾ ਸਿੰਘ ਨੂੰ ਉਹ ਦੁਸ਼ਟ ਸੋਧਣਾ ਪਿਆ। ੧੮੦੯ ਬਿ: ਦੇ ਅਖੀਰ ਬਿਜੈ ਖਾਂ ਸੂਬਾ ਲਾਹੌਰ ਸਮੇਂ ਦੀਵਾਨ ਲਖਪਤ ਰਾਇ ਅਤੇ ੧੮੧੦ ਬਿ: ਦੇ ਅਖੀਰ ਮੀਰ ਮੰਨੂ ਸੂਬਾ ਲਾਹੌਰ ਨੇ ਸਿੱਖੀ ਦੇ ਸੋਮੇ ਸ੍ਰੀ ਅੰਮ੍ਰਿਤਸਰ ਸਰੋਵਰ ਨੂੰ ਮਿਟੀ ਨਾਲ ਭਰ ਦਿੱਤਾ ਜੋ ਦੋਨੇ ਵਾਰ ਹੀ ਸਿੰਘਾਂ ਨੇ ਥੋੜੇ ਸਮੇਂ

ਬਾਅਦ ਹੀ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਕੇ ਸਰੋਵਰ ਦੀ ਕਾਰ ਸੇਵਾ ਉਪ੍ਰੰਤ ਅੰਮ੍ਰਿਤ ਜਲ ਨਾਲ ਸਰੋਵਰ ਭਰ ਦਿੱਤਾ। ਇਸੇ ਤਰ੍ਹਾਂ ੧੮੧੪ ਬਿ: ਵਿੱਚ ਅਹਿਮਦ ਸ਼ਾਹ ਦੁਰਾਨੀ ਦਾ ਦਿੱਲੀ ਤੋਂ ਲੁੱਟਿਆ ਮਾਲ ਸਿੰਘਾਂ ਨੇ ਦੁਆਬੇ ਤੇ ਮਾਝੇ ਵਿੱਚ ਖੋਹ ਲਿਆ। ਤੈਮੂਰ ਸ਼ਾਹ ਸੂਬਾ ਲਾਹੌਰ ਨੇ ਜਹਾਨ ਖਾਨ ਨੂੰ ਅੰਮ੍ਰਿਤਸਰ ਭੇਜਿਆ ਬਾਬਾ ਦੀਪ ਸਿੰਘ ਨਾਲ ਭਾਰੀ ਜੰਗ ਹੋਇਆ। ਜਿਸ ਵਿੱਚ ਬਾਬਾ ਦੀਪ ਸਿੰਘ ਜੀ ਬਹੁਤ ਸਾਰੇ ਸਿੰਘਾਂ ਸਮੇਤ ਸ਼ਹੀਦ ਹੋ ਗਏ। ਜਹਾਨ ਖਾਨ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਜਿਥੇ ਸ਼ਹਿਰ ਦੀਆਂ ਬਹੁਤ ਸੁੰਦਰ ਇਮਾਰਤਾਂ ਢਾਹ ਦਿੱਤੀਆਂ ਉਥੇ ਅੰਮ੍ਰਿਤ-ਸਰੋਵਰ ਨੂੰ ਵੀ ਮਿੱਟੀ ਨਾਲ ਭਰਵਾ ਦਿਤਾ, ਸਿੰਘਾਂ ਨੇ ਉਸੇ ਸਾਲ ਸ਼ਹਿਰ 'ਤੇ ਕਬਜ਼ਾ ਕਰ ਕੇ ਕਾਰ ਸੇਵਾ ਕਰਵਾ ਕੇ ਸਰੋਵਰ ਨੂੰ ਅੰਮ੍ਰਿਤ ਜਲ ਨਾਲ ਭਰ ਦਿੱਤਾ।

੧੮੧੯ ਬਿ: ਵਿੱਚ ਅਹਿਮਦ ਸ਼ਾਹ ਵੱਲੋਂ ਬਾਰੂਦ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦੇਣ ਅਤੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦੇਣ 'ਤੇ ਸ਼ਹਿਰ ਦੀ ਆਬਾਦੀ ਹੋਰ ਵੀ ਘਟਦੀ ਗਈ। ਕਾਰੋਬਾਰ ਬੰਦ ਹੋ ਗਏ, ਮਕਾਨ ਢਾਹ ਦਿੱਤੇ ਗਏ। ਸ਼ਹਿਰ ਤੇ ਸ਼ਹਿਰੀਆਂ ਨੂੰ ਬਰਬਾਦੀ ਦੇ ਦਿਨ ਦੇਖਣੇ ਪਏ।

## ਸਿੰਘਾਂ ਜ਼ੋਰ ਫੜਿਆ :

ਜਦ ਸਿੰਘਾਂ ਨੇ ਜ਼ੋਰ ਫੜਿਆ ਤਾਂ ਪਹਿਲਾਂ ਖਾਲਸਾ ਦਲ ਬਣਾ ਕੇ ਤੁਰਕਾਂ ਨੂੰ ਅੰਮ੍ਰਿਤਸਰ ਚੋਂ ਕੱਢ ਕੇ ਸ਼ਹਿਰ 'ਤੇ ਕਬਜ਼ਾ ਕੀਤਾ ਤੇ ਉਨ੍ਹਾਂ ਹੀ ਨੀਹਾਂ ਉੱਪਰ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਇਮਾਰਤ ਨੂੰ ਦੋਬਾਰਾ ਉਸਾਰਿਆ। ਫਿਰ ਬੁੱਢਾ ਦਲ ਤੇ ਤਰਨਾ ਦਲ, ਉੱਪਰੰਤ ਪੰਜ ਜਥੇ ਤੇ ਫਿਰ ਬਾਰ੍ਹਾਂ ਮਿਸਲਾਂ ਦੇ ਰੂਪ ਵਿੱਚ ਖਾਲਸੇ ਨੇ ਇਲਾਕਿਆਂ 'ਤੇ ਕਬਜ਼ੇ ਕੀਤੇ ਜਿਸ ਨਾਲ ਪੰਜਾਬ ਵਿੱਚ ਸਿੰਘਾਂ ਦਾ ਬੋਲ ਬਾਲਾ ਹੋਇਆ ਜਿਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਸਥਾਪਤ ਹੋਇਆ। ਸਿੰਘਾਂ ਦੀ ਰਾਜਸੀ ਤਾਕਤ ਦੇ ਵਧਣ ਨਾਲ ਅੰਮ੍ਰਿਤਸਰ ਸ਼ਹਿਰ ਵਿੱਚ ਵੀ ਮੁੜ ਰੌਣਕਾਂ ਬਹਾਲ ਹੋ ਗਈਆਂ। ਨਵੀਆਂ ਇਮਾਰਤਾਂ ਮਕਾਨਾਂ ਤੇ ਦੁਕਾਨਾਂ ਦੀ ਉਸਾਰੀ ਜ਼ੋਰ ਸ਼ੋਰ ਨਾਲ ਹੋਣ ਲੱਗੀ। ਕਾਰੋਬਾਰ ਤੇ ਵਾਪਾਰ ਵਧਣ ਲੱਗਾ। ਸੰਗਤਾਂ ਦੀ ਆਮਦ ਵਿੱਚ ਵਾਧਾ ਹੋਇਆ। ਹਰ ਪੱਖੋਂ ਸ਼ਹਿਰ ਦੀ ਤੱਰਕੀ ਹੋਣ ਲੱਗੀ ਜਿਸ ਕਰ ਕੇ ਵਸੋਂ ਵਿੱਚ ਵੀ ਰੀਕਾਰਡ ਤੋੜ ਇਜ਼ਾਫਾ ਹੋਇਆ।

## ਸਿੱਖ ਰਾਜ ਸਮੇਂ :

ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਸੁਨਹਿਰੀ ਸੰਗਮਰਮਰੀ ਤੇ ਚਿੱਤ੍ਰਤ ਬਣਾਇਆ ਗਿਆ। ਪੁਲ ਤੇ ਪ੍ਰਕਰਮਾ ਦੇ ਫਰਸ਼ ਸੰਗਮਰਮਰੀ ਕੀਤੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਬਾ ਅਟੱਲ ਦੀਆਂ ਇਮਾਰਤਾਂ ਉੱਪਰ ਸੋਨਾ ਤੇ ਸੰਗਮਰਮਰ ਲਾਇਆ ਗਿਆ। ਦਰਸ਼ਨ ਇਸ਼ਨਾਨ ਹਿਤ ਆਉਣ ਵਾਲੀਆਂ ਸੰਗਤਾਂ ਦੇ ਵਾਧੇ ਕਾਰਨ ਸ਼ਹਿਰ ਦੇ ਵਾਪਾਰ, ਸਨਅਤ ਕਾਰੋਬਾਰ ਅਤੇ ਵਸੋਂ ਵਿੱਚ ਵੀ ਅੰਦਾਜ਼ੇ ਤੋਂ ਵੱਧ ਵਾਧਾ ਹੋਇਆ। ਸਿੱਖ ਰਾਜੇ ਮਹਾਰਾਜਿਆਂ, ਮਿਸਲਦਾਰਾਂ ਨੇ ਆਪਣੀ ਮਿਸਲ, ਮਿਸਲਦਾਰ, ਪਿੰਡ, ਇਲਾਕੇ ਜਾਂ ਪ੍ਰਸਿੱਧ ਵਿਅਕਤੀ ਦੇ ਨਾਮ ਉੱਪਰ ਕਟੜੇ ਬੰਨ੍ਹੇ। ਜਿਵੇਂ ਕਟੜਾ ਆਹਲੂਵਾਲੀਆਂ, ਕਟੜਾ ਰਾਮਗੜ੍ਹੀਆਂ, ਕਟੜਾ ਸ਼ੇਰ ਸਿੰਘ, ਕਟੜਾ ਜੈਮਲ ਸਿੰਘ, ਕਟੜਾ ਸੰਤ ਸਿੰਘ ਗਿਆਨੀ ਆਦਿ। ਇਨ੍ਹਾਂ ਕਟੜਿਆਂ (ਆਬਾਦੀਆਂ) ਦੇ ਬੱਝਣ ਨਾਲ ਸ਼ਹਿਰ ਬਹੁਤ ਵਧਿਆ ਤੇ ਵਸੋਂ ਵਿੱਚ ਬੇ-ਸ਼ੁਮਾਰ ਵਾਧਾ ਹੋਇਆ।

ਅਖਾੜੇ, ਧਰਮਸ਼ਾਲਾ, ਠਾਕੁਰ ਦੁਆਰੇ, ਸ਼ਿਵਾਲੇ, ਬੁੰਗੇ, ਸਮਾਧਾਂ, ਮੁਸਲਮਾਨਾ ਦੇ ਤਕੀਏ ਤੇ ਮਸਜਦਾਂ ਦੇ ਬਣਨ ਨਾਲ ਸ਼ਹਿਰ ਨੂੰ ਹੋਰ ਵਿਸ਼ਾਲਤਾ ਮਿਲੀ। ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

੧. ਕਟੜੇ, ਬਾਜ਼ਾਰ, ਮੰਡੀਆਂ ਦੀ ਕੁਲ ਗਿਣਤੀ ੬੯ ਸੀ।

*(ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿ: ਗਿਆਨ ਸਿੰਘ ਪੰਨਾ ੧੪ ਤੇ ੧੯)*

੨. ਉਦਾਸੀ ਸੰਤਾਂ ਦੇ ਅਖਾੜੇ ਭਾਵ ਡੇਰੇ ਜੋ ਗਿਣਤੀ ਵਿੱਚ ੧੨ ਸਨ।

*(ਉਕਤ ਦਾ ਪੰਨਾ ੬੭ ਤੋਂ ੭੬)*

੩. ਨਿਰਮਲੇ-ਸੇਵਾ ਪੰਥੀ ਤੇ ਸਹਜਧਾਰੀ ਸਿੱਖਾਂ, ਸੰਤਾਂ ਦੀਆਂ ਧਰਮਸ਼ਾਲਾ ੨੧੫

*(ਉਕਤ ਦਾ ਪੰ: ੮੨ ਤੋਂ ੯੨)*

੪. ਹਿੰਦੂਆਂ ਦੇ ਠਾਕੁਰ ਦੁਆਰੇ ਗਿਣਤੀ ਵਿੱਚ ੬੯ ਸਨ। *(ਪੰ: ੭੭ ਤੋਂ ੮੧)*

੫. ਗੋਲ ਸੜਕ ਦੇ ਅੰਦਰ ਕੁਲ ਸ਼ਿਵਾਲੇ ੧੯ ਸਨ। *(ਪੰ: ੮੧-੮੨)*

੬. ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾਂ ਦੇ ਬਾਹਰ ਚੁਫੇਰੇ ੮੪ ਬੁੰਗੇ ਸਨ।

੭. ਮਹਾਨ ਵਿਅਕਤੀਆਂ ਦੀਆਂ ੩੬ ਸਮਾਧਾਂ ਸਨ। *(ਪੰਨਾ ੯੨ ਤੋਂ ੯੪)*

੮. ਮੁਸਲਮਾਨਾਂ ਦੇ ੧੦ ਤਕੀਏ ਤੇ ੬ ਮਸੀਤਾਂ ਦਾ ਵੇਰਵਾ ਹੈ। *(ਪੰਨਾ ੯੫)*

ਉਪ੍ਰੋਕਤ ਸਾਰਿਆਂ ਦੇ ਵੇਰਵੇ ਵਿਸਥਾਰ ਦੇ ਭੈ ਤੋਂ ਨਹੀਂ ਲਿਖੇ।

*(ਦੇਖੋ ਤਵਾਰੀਖ ਅੰਮ੍ਰਿਤਸਰ ਗਿ: ਗਿਆਨ ਸਿੰਘ)*

## ਧੂੜ ਕੋਟ 'ਤੇ ਸ਼ਹਿਰ ਪਨਾਹ :

ਮਹਾਰਾਜਾ ਰਣਜੀਤ ਸਿੰਘ ਵੱਲੋਂ ਸ਼ਹਿਰ ਦੀ ਸੁਰੱਖਿਆ ਦੀ ਮਜ਼ਬੂਤੀ ਹਿਤ ਸ਼ਹਿਰ ਦੇ ਚੁਗਿਰਦੇ ਧੂੜ ਕੋਟ ਬਣਾਇਆ ਗਿਆ। ਜਿਸ ਦੀ ਬਾਹਰ ਵਾਰ ਦੀ ਪੱਕੀ ਕੰਧ ਦੋ ਗਜ਼ ਚੌੜੀ ਉਸਾਰੀ ਗਈ। ਉਸ ਦੇ ਅੰਦਰ ਵਾਰ ਧੂੜ ਕੋਟ ਭਾਵ ਕੱਚੀ ਕੰਧ (ਜਿਸ ਵਿੱਚ ਰੇਤ ਭਰਿਆ ਗਿਆ) ਉਸਾਰੀ ਗਈ ਜੋ ੧੦ ਗਜ਼ ਚੌੜੀ ਤੇ ਲੰਬੀ ੮੭੨੪ ਗਜ਼ ਸੀ ਇਸ ਉੱਪਰ ਤੋਪ ਚੱਲ ਸਕਦੀ ਸੀ। ਬਾਹਰਲੀ ਪੱਕੀ ਕੰਧ ਦੇ ਬਾਹਰ ਵਾਰ ਚੁਫੇਰੇ ਡੂੰਘੀ ਖਾਈ ਪੁੱਟ ਕੇ ਪਾਣੀ ਨਾਲ ਭਰ ਦਿੱਤੀ ਗਈ, ਤਾਂ ਕਿ ਕੋਈ ਦੁਸ਼ਮਣ ਅੰਦਰ ਨਾ ਆ ਸਕੇ। ਉਪ੍ਰੋਕਤ ਧੂੜ ਕੋਟ (ਜਿਸ ਨੂੰ ਫਸੀਲ ਜਾਂ ਪਨਾਹ ਗਾਹ ਵੀ ਕਹਿੰਦੇ ਹਨ।) ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਗਣੇਸ਼ ਦਾਸ ਅਫ਼ਸਰ ਇਮਾਰਤ ਦੀ ਰਾਹੀਂ ੧੮੭੮ ਬਿ: ਵਿੱਚ ਬਣਾਉਣਾ ਆਰੰਭ ਕੀਤਾ। ਮੁਹੰਮਦ ਯਾਰ ਖਾਂ ਮਿਸਤ੍ਰੀ ਦੀ ਸਲਾਹ ਨਾਲ ਕਟੜਾ ਮਹਾਂ ਸਿੰਘ ਤੋਂ ਇਸ ਨੂੰ ਬਨਾਉਣਾ ਸ਼ੁਰੂ ਕੀਤਾ। ਫੇਰ ਸ: ਦੇਸਾ ਸਿੰਘ ਮਜੀਠੀਏ ਨੇ ਇਹ ਕੰਮ ਆਪਣੇ ਹੱਥ ਵਿੱਚ ਲਿਆ ਅਤੇ ਬਾਅਦ ਵਿੱਚ ੧੮੮੧ ਬਿ: ਨੂੰ ਸ: ਦੇਸਾ ਸਿੰਘ ਦੇ ਸਪੁੱਤਰ ਸ: ਲਹਿਣਾ ਸਿੰਘ ਮਜੀਠੀਏ ਨੂੰ ਇਹ ਕੰਮ ਸੌਂਪਿਆ ਗਿਆ। ਇਸ ਤੋਂ ਪਿਛੋਂ ਇਹ ਕੰਮ ਸ੍ਰੀ ਅੰਮ੍ਰਿਤਸਰ ਦੇ ਮਸ਼ਹੂਰ ਸ਼ਾਹੂਕਾਰ ਰਾਮਾਨੰਦ (ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਬਾਬਾ ਜੀ ਆਖ ਕੇ ਬੁਲਾਉਂਦੇ ਹੁੰਦੇ ਸਨ) ਦੇ ਸਪੁਰਦ ਕੀਤਾ ਗਿਆ। ਮਹਾਰਾਜੇ ਦੀ ਜ਼ਿੰਦਗੀ ਦੇ ਅੰਦਰ ਇਹ ਕੰਮ ਜਾਰੀ ਰਿਹਾ। ਫਿਰ ਮਹਾਰਾਜੇ ਦੇ ਦੇਹਾਂਤ ਤੋਂ ਬਾਅਦ ਬੰਦ ਹੋ ਗਿਆ। ਜਦ ਮਹਾਰਾਜਾ ਸ਼ੇਰ ਸਿੰਘ ਗੱਦੀ 'ਤੇ ਬੈਠਾ ਤਾਂ ਰੁਕਿਆ ਹੋਇਆ ਕੰਮ ਫਿਰ ਸ਼ੁਰੂ ਕੀਤਾ ਗਿਆ।

ਸ਼ਹਿਰ ਦੇ ਚੁਗਿਰਦੇ ਬਣੇ ਇਸ ਧੂੜ ਕੋਟ ਵਿੱਚ ੧੨ ਦਰਵਾਜ਼ੇ ਰੱਖੇ ਗਏ। ਇਕ ਦਰਵਾਜ਼ੇ ਤੋਂ ਦੂਜੇ ਦਰਵਾਜ਼ੇ ਦੇ ਦਰਮਿਆਨ ੨੦-੨੦ ਬੁਰਜ ਬਣਾਏ ਗਏ। ਬੁਰਜਾਂ ਦੀ

ਕੁਲ ਗਿਣਤੀ ੨੪੦ ਸੀ । ਇਸ ਸ਼ਹਿਰ ਉਦਾਲੇ ਬਣਾਈ ਕੰਧ ਤੇ ਧੂੜ ਕੋਟ ਉੱਪਰ ਹੋਏ ਖਰਚੇ ਦਾ ਵੇਰਵਾ ਇਸ ਪ੍ਰਕਾਰ ਹੈ-

ਸ਼ਾਹੂਕਾਰ ਰਾਮਾਨੰਦ ਦੇ ਮਰਨ ਉੱਪਰੰਤ ਉਸ ਦੀ ਜਾਇਦਾਦ 'ਚੋਂ ਸੱਤ ਲੱਖ ਰੁਪਿਆ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਹੋਇਆ ਜਿਸ ਨੂੰ ਸ਼ਹਿਰ ਪਨਾਹ ਵਾਲੀ ਕੰਧ ਤੇ ਧੂੜ ਕੋਟ ਉੱਪਰ ਖਰਚ ਕੀਤਾ ਗਿਆ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ-

| | |
|---|---|
| ਸ਼ਹਿਰ ਦੀ ਕੰਧ | = ੫੮੨੦੦੦/- |
| ਧੂੜ ਕੋਟ ਜਿਸ ਤੇ ਤੋਪ ਚਲ ਸਕਦੀ ਸੀ | = ੧੧੮੦੦੦/- |
| ਕੁਲ ਖਰਚ | = ੭੦੦੦੦੦/- |

ਮਹਾਰਾਜਾ ਸ਼ੇਰ ਸਿੰਘ ਸਮੇਂ ਆਈ ਲਾਗਤ ਦਾ ਵੇਰਵਾ-

| | |
|---|---|
| ਲਾਗਤ ਸ਼ਹਿਰ ਦੀ ਕੰਧ | = ੫੭੦੪੬੦/- |
| ਲਾਗਤ ੧੨ ਦਰਵਾਜ਼ੇ | = ੭੨੦੦੦/- |
| ਲਾਗਤ ੧੨ ਦਰਵਾਜ਼ਿਆਂ ਦੀਆਂ ਜੋੜੀਆਂ | = ੧੮੦੦੦/- |
| ਤਖਤਾ ਚੋਬੀ ਧੂੜ ਕੋਟ ੭ | = ੧੦੦੦੦/- |
| ਲਾਗਤ ਜੋ ਮਹਾਰਾਜਾ ਰਣਜੀਤ ਸਿੰਘ ਸਮੇਂ ਲਗੀ | = ੫੭੦੦੦੦/- |
| ਕੁਲ ਲਾਗਤ ਦਾ ਜੋੜ | = ੧੯੪੦੪੬੦/- |

ਸੰਮਤ ੧੯੨੨ ਬਿ: ਵਿੱਚ ਜਦ ਸਰਕਾਰ ਅੰਗਰੇਜ਼ੀ ਦਾ ਕਬਜ਼ਾ ਹੋਇਆ ਤਾਂ ਧੂੜ ਕੋਟ ਅਤੇ ਕੰਧ ਨੂੰ ਢਾਹ ਕੇ ਉਸ ਦੀਆਂ ਇੱਟਾਂ ਅਤੇ ਮਿੱਟੀ ਵੇਚ ਦਿੱਤੀ ਗਈ, ਪਰ ਉਸ ਦੀ ਥਾਂ ਤੇ ਡੇਢ ਗਜ਼ ਚੌੜੀ ਤੇ ੧੨ ਗਜ਼ ਉੱਚੀ ਪੱਕੀ ਕੰਧ ਚਵੀਂ ਪਾਸੀਂ ਸੰਮਤ ੧੯੪੧ ਤੱਕ ਤਿਆਰ ਕਰਵਾਈ ਗਈ । ਪਹਿਲੇ ਦਰਵਾਜ਼ਿਆਂ ਵਿੱਚੋਂ ਦਰਵਾਜ਼ੇ ਵੀ ਬਹੁਤ ਸਾਰੇ ਢਾਹੇ ਗਏ ਜਿਨ੍ਹਾਂ ਦੀ ਨਿਸ਼ਾਨੀ ਹੁਣ ਤੱਕ ਸੁਲਤਾਨ ਵਿੰਡ ਤੇ ਚਾਟੀਵਿੰਡ ਦੇ ਦਰਵਾਜ਼ੇ ਹਨ। ਖਾਈ ਵਿੱਚ ਮਿੱਟੀ ਭਰਵਾ ਕੇ ਜ਼ਮੀਨ ਦੇ ਬਰਾਬਰ ਕੀਤੀ ਗਈ ਜਿਸ ਵਿੱਚ ਖੇਤੀ-ਬਾੜੀ ਹੋਣ ਲਗ ਪਈ ਅਤੇ ਬਗੀਚੇ ਲਗ ਗਏ । ਕੰਧ ਦੇ ਨਾਲ-ਨਾਲ ਸ਼ਹਿਰ ਦੀ ਰਾਖੀ ਲਈ ਕੁਝ ਪੁਲਿਸ ਦੀਆਂ ਚੌਕੀਆਂ ਬਣਾਈਆਂ ਗਈਆਂ ।

*(ਦੇਖੋ ਤਵਾਰੀਖ ਅੰਮ੍ਰਿਤਸਰ ਦਾ ਪੰਨਾ ੯ ਤੋਂ ੧੦)*

## ਸ਼ਹਿਰ ਦੇ ਦਰਵਾਜ਼ਿਆਂ ਦਾ ਹਾਲ :

**੧- ਦਰਵਾਜ਼ਾ ਲੋਹਗੜ੍ਹ**- ਗੁਰਦੁਆਰਾ ਕਿਲ੍ਹਾ ਲੋਹਗੜ੍ਹ ਦੇ ਸਾਹਮਣੇ ਬਾਹਰਵਾਰ ।

**੨- ਹਾਥੀ ਦਰਵਾਜ਼ਾ** ।

**੩- ਹਾਲ ਦਰਵਾਜ਼ਾ**- ਸੰਮਤ ੧੯੨੨ ਬਿ: ਵਿੱਚ ਹਾਲ ਸਾਹਿਬ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਰੇਲਵੇ ਸਟੇਸ਼ਨ ਦੇ ਸਾਹਮਣੇ ਇਹ ਤੇਰਵਾਂ ਦਰਵਾਜ਼ਾ ਕੱਢਿਆ ਜੋ ਉਸ ਦੇ ਨਾਮ ਨਾਲ ਹੀ ਪ੍ਰਸਿੱਧ ਹੋ ਗਿਆ ਉਸ ਸਮੇਂ ਇਥੋਂ ਸਿੱਧੀ ਸੜਕ ਰੇਲਵੇ-ਸਟੇਸ਼ਨ ਨੂੰ ਜਾਂਦੀ ਸੀ । ਕਚਹਿਰੀਆਂ ਨੂੰ ਵੀ ਇਸ ਦਰਵਾਜ਼ੇ ਰਾਹੀਂ ਜਾਈਦਾ ਹੈ ।

**੪. ਦਰਵਾਜ਼ਾ ਰਾਮ ਬਾਗ :**

ਇਥੋਂ ਰਾਮ ਬਾਗ ਸ਼ੁਰੂ ਹੁੰਦਾ ਸੀ । ਅੱਜ ਕਲ੍ਹ ਇਸ ਦਰਵਾਜ਼ੇ ਤੋਂ ਗੁਰੂ ਤੇਗ ਬਹਾਦਰ ਹਸਪਤਾਲ ਤੱਕ ਸੜਕ ਦੇ ਦੋਹੀਂ ਪਾਸੀਂ ਆਬਾਦੀ ਹੋ ਗਈ ਹੈ । ਇਸ ਦੇ ਨਾਲ ਹੀ ਖੱਬੇ ਹੱਥ ਪੁਲਿਸ ਥਾਣਾ ਹੈ ।

**੫. ਦਰਵਾਜ਼ਾ ਮਹਾਂ ਸਿੰਘ :**

ਇਹ ਦਰਵਾਜ਼ਾ ਕੋਤਵਾਲੀ ਤੋਂ ਬੱਸ ਅੱਡੇ ਨੂੰ ਜਾਂਦੀ ਸੜਕ ਉੱਪਰ ਸੀ । ਇਸ ਤੋਂ ਬਾਹਰ ਨੇੜੇ ਹੀ ਬੱਸ ਅੱਡਾ ਹੈ । ਅੱਜ ਕੱਲ ਦਰਵਾਜ਼ੇ ਦਾ ਕੋਈ ਨਿਸ਼ਾਨ ਬਾਕੀ ਨਹੀਂ ਹੈ।

**੬. ਦਰਵਾਜ਼ਾ ਸ਼ੇਰਾਂ ਵਾਲਾ :**

ਇਹ, ਦਰਵਾਜ਼ਾ ਮਹਾਂ ਸਿੰਘ ਤੇ ਦਰਵਾਜ਼ਾ ਘੀ ਮੰਡੀ ਦੇ ਵਿਚਕਾਰ ਹੈ । ਜੋ ਗੁਰਦੁਆਰਾ ਸਾਰਾਗੜ੍ਹੀ ਚੌਂਕ ਨੂੰ ਜਾਂਦਾ ਹੈ । ਇਹ ਪੁਰਾਣੇ ਸਮੇਂ ਨਹੀਂ ਸੀ ।

**੭. ਦਰਵਾਜ਼ਾ ਘੀ ਮੰਡੀ :**

ਇਸ ਦਰਵਾਜ਼ੇ ਦੇ ਸਾਹਮਣੇ ਬਾਹਰਵਾਰ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਹੈ । ਅੰਦਰਵਾਰ ਇਹ ਰਸਤਾ ਰਾਮਾਨੰਦ ਬਾਗ ਦੀ ਆਬਾਦੀ ਦੇ ਨਾਲ-ਨਾਲ ਜਲ੍ਹਿਆਂ ਵਾਲੇ ਬਾਗ ਦੇ ਕੋਲ ਦੀ ਸ੍ਰੀ ਦਰਬਾਰ ਸਾਹਿਬ ਅਪੜਦਾ ਹੈ । ਇਸ ਦਰਵਾਜ਼ੇ ਰਾਹੀਂ ਹੰਸਲੀ ਸ਼ਹਿਰ ਅੰਦਰ ਦਾਖ਼ਲ ਹੋ ਕੇ ਅੰਮ੍ਰਿਤਸਰ ਸਰੋਵਰ ਵਿੱਚ ਜਾ ਪੈਂਦੀ ਹੈ ।

**੮. ਦਰਵਾਜ਼ਾ ਸੁਲਤਾਨਵਿੰਡ :**

ਇਸ ਨੂੰ ਦਰਵਾਜ਼ਾ ਤੋਪ ਖਾਨਾ ਜਾਂ ਦਿੱਲੀ-ਦਰਵਾਜ਼ਾ ਵੀ ਕਹਿੰਦੇ ਸਨ । ਬਾਹਰ ਵਾਰ ਸੱਜੇ ਹੱਥ ਪੁਲੀਸ ਦਾ ਥਾਣਾ ਬੀ ਡਵੀਜ਼ਨ ਹੈ ਇਸ ਦਰਵਾਜ਼ੇ ਤੋਂ ਸਿੱਧੀ ਸੜਕ ਸੁਲਤਾਨਵਿੰਡ ਪਿੰਡ ਨੂੰ ਜਾਂਦੀ ਹੈ, ਏਥੋਂ ਹੀ ਵੱਲੇ ਪਿੰਡ ਨੂੰ ਵੀ ਸੜਕ ਜਾਂਦੀ ਹੈ ।

**੯. ਦਰਵਾਜ਼ਾ ਚਾਟੀਵਿੰਡ :**

ਇਥੋਂ ਸ੍ਰੀ ਤਰਨ ਤਾਰਨ ਸਾਹਿਬ ਨੂੰ ਸਿੱਧੀ ਸੜਕ ਜਾਂਦੀ ਹੈ, ਨਹਿਰ ਦੇ ਪੁਲ ਤੋਂ ਸਿੱਧਾ ਰਸਤਾ ਚਾਟੀਵਿੰਡ ਪਿੰਡ ਨੂੰ ਵੀ ਜਾਂਦਾ । ਇਸ ਦਰਵਾਜ਼ੇ ਤੋਂ ਬਾਹਰ ਨਿਕਲਦਿਆਂ ਖੱਬੇ ਹੱਥ ਬਾਬਾ ਦੀਪ ਸਿੰਘ ਜੀ ਦਾ ਸ਼ਹੀਦ ਗੰਜ ਗੁਰਦੁਆਰਾ ਹੈ । ਉਸ ਦੇ ਨਾਲ ਹੀ ਗੁਰਦੁਆਰਾ ਤੇ ਸਰੋਵਰ ਰਾਮਸਰ ਹੈ ।

**੧੦. ਦਰਵਾਜ਼ਾ ਗਿਲਵਾਲੀ :**

ਇਥੋਂ ਸਿੱਧਾ ਰਸਤਾ ਪਿੰਡ ਗਿਲਵਾਲੀ ਨੂੰ ਜਾਂਦਾ ਹੈ, ਬਾਹਰ ਵਾਰ ਪੁਲੀਸ ਦਾ ਸੀ ਡਵੀਜ਼ਨ ਥਾਣਾ ਹੈ ।

**੧੧. ਦਰਵਾਜ਼ਾ ਭਗਤਾਂ ਵਾਲਾ :**

ਇਸ ਦਰਵਾਜ਼ੇ ਤੋਂ ਸਿੱਧੀ ਸੜਕ ਪਿੰਡ ਮੁੱਲਾਂ ਪੁਰ ਨੂੰ ਜਾਂਦੀ ਹੈ । ਇਸ ਦਰਵਾਜ਼ੇ ਦੇ ਸਾਹਮਣੇ ਬਾਹਰ ਵਾਰ ੧੯੬੫ ਬਿ: ਵਿੱਚ ਅੰਮ੍ਰਿਤਸਰ ਸ਼ਹਿਰ ਦਾ ਦੂਜਾ ਸਟੇਸ਼ਨ ਬਣਿਆ ਹੋਇਆ ਹੈ । ਦਰਵਾਜ਼ੇ ਦੇ ਸਾਹਮਣੇ ਹੋਣ ਕਰ ਕੇ ਇਸ ਦਾ ਨਾਮ 'ਭਗਤਾਂ ਵਾਲਾ ਸਟੇਸ਼ਨ' ਹੈ ।

**੧੨. ਦਰਵਾਜ਼ਾ ਹਕੀਮਾਂ :**

ਮਹਾਰਾਜਾ ਰਣਜੀਤ ਸਿੰਘ ਨੇ ਇਹ ਦਰਵਾਜ਼ਾ ਹਕੀਮ ਨੂਰ ਦੀਨ ਅਤੇ ਹਕੀਮ ਚਰਾਗ

ਦੀਨ ਦੀ ਰਾਹੀਂ ਬਣਵਾਇਆ ਸੀ । ਇਸ ਦਰਵਾਜ਼ੇ ਦੇ ਅੰਦਰ ਵਾਰ ਇਨ੍ਹਾਂ ਹਕੀਮਾਂ ਦੀ ਰਿਹਾਇਸ਼ ਸੀ ਜਿਸ ਕਰ ਕੇ ਇਸ ਦਰਵਾਜ਼ੇ ਦਾ ਨਾਮ ਦਰਵਾਜ਼ਾ ਹਕੀਮਾਂ ਵਾਲਾ ਪ੍ਰਸਿੱਧ ਹੋ ਗਿਆ । ਇਸ ਦਰਵਾਜ਼ੇ ਤੋਂ ਇਕ ਰਸਤਾ ਪਿੰਡ ਫਤਿਹਾ ਬਾਦ, ਬੀਰਵਾਲਾ ਅਤੇ ਮਾਝਾ ਪੱਟੀ ਨੂੰ ਜਾਂਦਾ ਹੈ ਜਿਸ ਕਰ ਕੇ ਇਸ ਨੂੰ ਮਾਝੇ ਵਾਲਾ ਦਰਵਾਜ਼ਾ ਵੀ ਕਹਿੰਦੇ ਹਨ ।

**੧੩. ਦਰਵਾਜ਼ਾ ਖਜ਼ਾਨਾ :**

ਖਜ਼ਾਨਾ ਨਾਮ ਦਾ ਇਕ ਆਦਮੀ ਮਹਾਰਾਜਾ ਰਣਜੀਤ ਸਿੰਘ ਦਾ ਨੌਕਰ ਸੀ । ਚੂੰਕਿ ਇਸ ਪਾਸੇ ਉਸ ਦੀ ਜ਼ਮੀਨ ਸੀ । ਜਿਸ ਕਰ ਕੇ ਉਸ ਦੇ ਨਾਮ ਉੱਪਰ ਇਸ ਦਾ ਨਾਮ ਦਰਵਾਜ਼ਾ ਖਜ਼ਾਨਾ ਪੈ ਗਿਆ ।

**੧੪. ਲਾਹੌਰੀ ਦਰਵਾਜ਼ਾ :**

ਇਹ ਦਰਵਾਜ਼ਾ ਬਿਲਕੁਲ ਲਾਹੌਰ ਵਲ ਸਿੱਧਾ ਹੈ । ਪਹਿਲਾਂ ਇਸ ਦਰਵਾਜ਼ੇ ਤੋਂ ਹੀ ਸਿੱਧਾ ਰਸਤਾ ਪਿੰਡ ਮਹਿਮੂਦ ਤੋਂ ਹੋ ਕੇ ਲਾਹੌਰ ਨੂੰ ਜਾਂਦਾ ਸੀ । ਇਸੇ ਲਈ ਇਸ ਦਰਵਾਜ਼ੇ ਦਾ ਨਾਮ ਲਾਹੌਰੀ ਦਰਵਾਜ਼ਾ ਪੈ ਗਿਆ ।

*(ਦੇਖੋ ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਪੰਨਾ ੧੧ ਤੋਂ ੧੩)*

*ਨੋਟ : ਮਹਾਰਾਜੇ ਨੇ ਬਾਰਾਂ ਹੀ ਦਰਵਾਜ਼ੇ ਬਣਾਏ ਸਨ, ਹਾਲ ਦਰਵਾਜ਼ਾ ਤੇ ਸ਼ੇਰਾਂ ਵਾਲਾ ਦਰਵਾਜ਼ਾ ਮਗਰੋਂ ਬਣਾਏ ਗਏ । ਅੱਜ ਕੱਲ੍ਹ ਉਪ੍ਰੋਕਤ ਚੌਦਾਂ ਰਸਤੇ ਹਨ ੧੪ ਦਰਵਾਜ਼ਿਆਂ ਵਿੱਚੋਂ ਕੁਝ ਕੁ ਢੱਠ ਗਏ, ਕੁਝ ਕੁ ਦੇ ਨਿਸ਼ਾਨ ਬਾਕੀ ਹਨ । ਕੁਝ ਕੁ ਕਾਇਮ ਹਨ :*

## ਕਿਲ੍ਹਾ ਗੋਬਿੰਦ ਗੜ੍ਹ :

ਲਾਹੌਰੀ ਦਰਵਾਜ਼ੇ ਦੇ ਬਾਹਰ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਦੀ ਰੱਖਿਆ ਅਤੇ ਜੰਗੀ ਸਾਮਾਨ ਜਮ੍ਹਾਂ ਕਰਨ ਤੇ ਫ਼ੌਜਾਂ ਦੀ ਰਿਹਾਇਸ਼ ਅਤੇ ਸਿਖਲਾਈ ਹਿਤ ਬਹੁਤ ਵੱਡਾ ਤੇ ਮਜ਼ਬੂਤ ਕਿਲ੍ਹਾ ਉਸਾਰਿਆ, ਜਿਸ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਉੱਪਰ ਗੋਬਿੰਦਗੜ੍ਹ ਰੱਖਿਆ । ਇਹ ਕਿਲ੍ਹਾ ੧੮੬੨ ਬਿ: ਤੋਂ ੧੮੬੬ ਬਿ: ਵਿੱਚ ਤਿਆਰ ਕਰਵਾਇਆ ।

**ਰਾਮ ਬਾਗ :**

ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਉੱਪਰ ਬਹੁਤ ਸੁੰਦਰ ਤੇ ਵਿਸ਼ਾਲ ਬਾਗ ਲਗਵਾਇਆ ਜਿਸ ਦਾ ਨਾਮ ਰਾਮ ਬਾਗ ਰੱਖਿਆ । ਇਸ ਬਾਗ ਦੇ ਦਰਮਿਆਨ ਵਿੱਚ ਆਪਣੇ ਤੇ ਰਾਣੀਆਂ ਹਿਤ ਮਹਲ ਬਣਵਾਏ । ਲਾਗੇ ਫੁਹਾਰੇ ਲਗਵਾਏ । ਉਸ ਤੋਂ ਕੁਝ ਫਰਕ ਤੇ ਵਜ਼ੀਰਾਂ ਅਤੇ ਅਹਿਲਕਾਰਾਂ ਦੇ ਠਹਿਰਨ ਹਿਤ ਸੁੰਦਰ ਬੰਗਲੇ ਬਣਵਾਏ । ਹਰ ਪ੍ਰਕਾਰ ਦੇ ਕੀਮਤੀ ਤੇ ਸੁੰਦਰ ਫਲਾਂ ਤੇ ਫੁੱਲਾਂ ਦੇ ਬੂਟੇ ਮੰਗਵਾਕੇ ਲਗਵਾਏ । ਅੰਗਰੇਜ਼ਾਂ ਦੇ ਆਉਣ 'ਤੇ ਕੁਝ ਹਿੱਸਾ ਆਬਾਦੀ ਵਿੱਚ ਲੈ ਆਂਦਾ ਤੇ ਬਾਕੀ ਬਾਗ ਨੂੰ ਕੰਪਨੀ ਬਾਗ ਕਹਿਣ ਲੱਗੇ ਪਰ ਵਧੇਰੇ ਪ੍ਰਸਿੱਧ ਨਾਮ ਰਾਮ ਬਾਗ ਹੀ ਰਿਹਾ ਤੇ ਹੁਣ ਵੀ ਇਹੋ ਨਾਮ ਪ੍ਰਚੱਲਤ ਹੈ ।

**ਹੋਰ ਬਾਗ :**

ਸਿੱਖ ਰਾਜ ਸਮੇਂ ਸ਼ਹਿਰ ਅੰਮ੍ਰਿਤਸਰ ਵਿੱਚ ਹੋਰ ਵੀ ਬਾਗ ਲਗਾਏ ਗਏ ਜਿਵੇਂ ਕਿ ਰਾਣੀ ਦਾ ਬਾਗ, ਗੋਲ ਬਾਗ, ਬਾਗ ਰਾਮਾਨੰਦ, ਬਾਗ ਜਲ੍ਹਿਆਂ ਵਾਲਾ, ਬਾਗ ਅਕਾਲੀਆਂ,

ਬਾਗ ਝੰਡਾ ਸਿੰਘ ਆਦਿ ।

੧੯੪੦ ਈ: ਤੱਕ ਸ਼ਹਿਰ ਦੇ ਇਰਦ-ਗਿਰਦ ਦੀਆਂ ਜ਼ਮੀਨਾਂ ਵਿੱਚ ਫਲ ਦਾਰ ਬਾਗ ਹੀ ਬਾਗ ਸਨ, ਜੋ ਹੁਣ ਨਵੀਆਂ ਆਬਾਦੀਆਂ ਬਣ ਜਾਣ ਨਾਲ ਕੱਟ ਦਿੱਤੇ ਗਏ ਹਨ ।

## ਮੰਡੀਆਂ ਤੇ ਬਾਜ਼ਾਰ :

ਅੱਡ-ਅੱਡ ਵਸਤੂਆਂ ਦੀਆਂ ਵੱਖ-ਵੱਖ ਮੰਡੀਆਂ ਉਸਾਰੀਆਂ ਗਈਆਂ ਜਿਵੇਂ ਕਿ ਅਨਾਜ ਮੰਡੀ, ਕਣਕ ਮੰਡੀ, ਆਟਾ ਮੰਡੀ, ਚੌਲ ਮੰਡੀ, ਦਾਲ ਮੰਡੀ, ਘਿਉ ਮੰਡੀ, ਗੁੜ ਮੰਡੀ, ਲੂਣ ਮੰਡੀ, ਲੱਕੜ ਮੰਡੀ, ਚੀਲ੍ਹ ਮੰਡੀ, ਮਜੀਠ ਮੰਡੀ, ਲੋਹਾ ਮੰਡੀ ਆਦਿ, ਇਵੇਂ ਅੱਡ-ਅੱਡ ਵਸਤੂਆਂ ਜਾਂ ਨਾਵਾਂ 'ਤੇ ਬਾਜ਼ਾਰ ਸਥਾਪਤ ਕੀਤੇ ਗਏ । ਜਿਵੇਂ ਕਿ ਬਾਜ਼ਾਰ ਪਾਪੜਾਂ, ਬਾਜ਼ਾਰ ਕਾਠੀਆਂ, ਬਾਜ਼ਾਰ ਮੁਨਿਆਰਾਂ, ਬਾਜ਼ਾਰ ਮੋਚੀਆਂ, ਬਾਜ਼ਾਰ ਧੋਬੀਆਂ, ਬਾਜ਼ਾਰ ਪਾਸੀਆਂ, ਬਾਜ਼ਾਰ ਸ਼ਤੀਰੀਆਂ, ਮਿਸ਼ਰੀ ਬਾਜ਼ਾਰ, ਬਾਜ਼ਾਰ ਕਸੇਰਿਆਂ, ਬਾਜ਼ਾਰ ਠਠੇਰਿਆਂ, ਬਾਜ਼ਾਰ ਭਾਂਡਿਆਂ, ਬਾਜ਼ਾਰ ਪਟ ਰੰਗਾਂ, ਬਾਜ਼ਾਰ ਸਬੂਣੀਆਂ, ਚੂੜਾ ਬਾਜ਼ਾਰ, ਬਾਜ਼ਾਰ ਵਹੀਆਂ, ਬਾਜ਼ਾਰ ਪੱਸ਼ਮ, ਬਾਜ਼ਾਰ ਬਾਂਸਾ ਵਾਲਾ ਆਦਿ ।

## ਸਰਕਾਰੀ ਇਮਾਰਤਾਂ :

ਦੋ ਮੰਜ਼ਲੀ ਕੋਤਵਾਲੀ ਦੀ ਸੁੰਦਰ ਇਮਾਰਤ ਜਿਸ ਵਿੱਚ ਸ਼ਹਿਰ ਦੀ ਪੁਲੀਸ ਦਾ ਮੁਖ ਦਫ਼ਤਰ ਤੇ ਕੰਟਰੋਲ ਰੂਮ ਹਨ । ਜਿਸ ਦੇ ਦੂਜੇ ਪਾਸੇ ਅੱਜ ਕੱਲ ਨਗਰ ਨਿਗਮ ਅੰਮ੍ਰਿਤਸਰ ਦਾ ਮੁਖ ਦਫ਼ਤਰ ਹੈ । ਇਹ ਕੋਤਵਾਲੀ ਦੀਆਂ ਇਮਾਰਤਾਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਮਹਾਨ ਦੇਣ ਹੈ । ਤਾਰੀਖ ਦਰਬਾਰ ਅੰਮ੍ਰਿਤਸਰ ਕ੍ਰਿਤ ਸ: ਊਧਮ ਸਿੰਘ ਦੇ ਪੰਨਾ ੯-੧੦ 'ਤੇ ਲਿਖਿਆ ਹੈ ਕਿ ਇਥੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਮਾਈ ਸਦਾ ਕੌਰ ਦੀ ਹਵੇਲੀ ਸੀ । ਜਿਸ ਨੂੰ ੧੮੫੨ ਈ: ਵਿੱਚ ਢਾਹ ਕੇ ਕੋਤਵਾਲੀ ਮਦਰਸਾ ਬਣਾਇਆ ਗਿਆ ।

ਇਸ ਦੇ ਨਾਲ ਹੀ ਬੁੰਗਾ ਸ਼ੁਕਰਚੱਕੀਆਂ, ਬੁੰਗਾ ਮਸਤਾਨ ਵਾਲਾ ਅਤੇ ਅਵਤਾਰ ਸਿੰਘ ਦਾ ਬੁੰਗਾ ਵੀ ਸੀ, ਇਹ ਸਾਰੇ ਮਕਾਨ ੧੮੬੦ ਈ: ਵਿੱਚ ਢਾਹੇ ਗਏ ਤੇ ਇਨ੍ਹਾਂ ਦੀ ਥਾਂ ੧੮੬੨ ਈ: ਵਿੱਚ ਮਿਉਂਸਪਲ ਫੰਡ ਨਾਲ ਮਿ: ਜਾਨ ਗਾਰਡਨ ਐਗਜ਼ੈਕਟਿਵ ਇੰਜੀਨੀਅਰ ਦੀ ਨਿਗਰਾਨੀ ਵਿੱਚ ਪੰਜਾਹ ਹਜ਼ਾਰ ਰੁਪਏ ਦੀ ਲਾਗਤ ਨਾਲ ਗਾਥਕ ਤਰਜ਼ ਦੀ ਇਮਾਰਤ ਵਿੱਚ ਇਹ ਘੰਟਾ ਘਰ ਤਿਆਰ ਹੋਣਾ ਸ਼ੁਰੂ ਹੋਇਆ ਜੋ ੧੮੮੨ ਈ: ਵਿੱਚ ਮੁਕੰਮਲ ਹੋਇਆ। ਪਹਿਲਾਂ ਇਸ ਦਾ ਇਕੋ ਕਲਾਕ ਸੀ ਫਿਰ ਚਹੁੰ ਪਾਸੀਂ ਇਕ-ਇਕ ਡਾਇਲ ਲਗਾਇਆ ਗਿਆ ਤਾਂ ਕਿ ਚੌਹਾਂ ਪਾਸਿਆਂ ਤੋਂ ਇਕੋ ਜੇਹਾ ਦਿਖਾਈ ਦੇਵੇ, ਰਾਤ ਨੂੰ ਇਸ ਦੇ ਅੰਦਰ ਰੌਸ਼ਨੀ ਕੀਤੀ ਜਾਂਦੀ ਸੀ ਤਾਂ ਕਿ ਰਾਤ ਦੇ ਵਕਤ ਵਿਖਾਈ ਦਿੰਦਾ ਰਹੇ। ਇਸ ਵਿੱਚ ਇਕ ਵੱਡਾ ਟੱਲ ਲਗਾ ਹੋਇਆ ਸੀ, ਜਿਸ ਦੇ ਵੱਜਣ ਦੀ ਆਵਾਜ਼ ਮੀਲ ਤੱਕ ਸੁਣਾਈ ਦੇਂਦੀ ਸੀ ।

ਇਸ ਘੰਟਾ ਘਰ ਦੇ ਚਬੂਤਰੇ 'ਤੇ ਦੀਵਾਲੀ ਦੇ ਦਿਨ ਭਾਰੀ ਆਲੀਸ਼ਾਨ ਜਸ਼ਨ ਹੁੰਦਾ। ਜਿਸ ਵਿੱਚ ਸੱਜੇ ਹੱਥ ਦੋ ਦਰਜੇ ਹੁੰਦੇ, ਪਹਿਲੇ ਦਰਜੇ ਵਿੱਚ ਸਿਰਫ ਯੂਰਪੀਅਨ ਤੇ ਯੂਰੇਸ਼ੀਅਨ ਮਰਦ ਔਰਤਾਂ ਬੈਠਦੇ ਦੂਜੇ ਦਰਜੇ ਵਿੱਚ ਦੇਸੀ ਅਫ਼ਸਰ ਤੇ ਰਈਸ ਕੁਰਸੀਆਂ ਤੇ ਬੈਠਦੇ ਖੱਬੇ ਹੱਥ ਤੀਜੇ ਦਰਜੇ ਵਿੱਚ ਸਫੈਦਪੋਸ਼ ਜਾਂ ਦਰਮਿਆਨੇ ਦਰਜੇ ਦੇ ਆਦਮੀ ਬੈਂਚਾਂ ਉੱਪਰ ਬੈਠਦੇ । ਘੰਟਾ

ਘਰ ਦੇ ਚਬੂਤਰੇ 'ਤੇ ਦਾਖ਼ਲਾ ਟਿਕਟਾਂ ਨਾਲ ਹੁੰਦਾ ਜੋ ਸੈਕਟਰੀ ਮਿਉਂਸਪਲ ਕਮੇਟੀ ਤੋਂ ਮੁਫ਼ਤ ਮਿਲਦੇ ਸਨ ।

## ਵਾਪਾਰਕ ਕੇਂਦਰ ਤੇ ਕਾਰਖਾਨੇ :

ਸ: ਲਹਿਣਾ ਸਿੰਘ 'ਮਜੀਠੀਆ' ਦੀ ਅਗਵਾਈ ਹੇਠ ਵਧੀਆ ਫ਼ੌਜੀ ਹਥਿਆਰ ਤੇ ਤੋਪਾਂ ਬਣਾਉਣ ਦਾ ਸਰਕਾਰੀ ਕਾਰਖ਼ਾਨਾ ਸੀ । ਕਿਲ੍ਹਾ ਗੋਬਿੰਦ ਗੜ੍ਹ ਵਿਖੇ ਸਰਕਾਰੀ ਸਿੱਕੇ ਬਣਾਉਣ ਦੀ ਟਕਸਾਲ ਕਾਇਮ ਕੀਤੀ ਗਈ । ਜਿਸ ਵਿੱਚ ਚਾਂਦੀ ਤੇ ਤਾਂਬੇ ਦੇ ਸਿੱਕੇ ਤਿਆਰ ਕੀਤੇ ਜਾਂਦੇ ਸਨ । ਭਾਈ ਸੰਤ ਸਿੰਘ ਜੀ ਗਿਆਨੀ ਦੀ ਅਗਵਾਈ ਹੇਠ ਤਾਂਬੇ ਉੱਪਰ ਸੋਨੇ ਦੇ ਵਰਕ ਚੜ੍ਹਾਉਣ ਅਤੇ ਸੰਗਮਰਮਰ ਕਟਾਈ ਤੇ ਲੁਆਈ ਦੀ ਕਾਰੀਗਰੀ ਦਾ ਕੰਮ ਬਹੁਤ ਪ੍ਰਸਿੱਧ ਸੀ । ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹੀ ਕਾਰਖ਼ਾਨਾ ਸੰਗ ਮਰਮਰ ਸਥਾਪਤ ਕੀਤਾ ਗਿਆ, ਜੋ ਹੁਣ ਤੱਕ ਚਲ ਰਿਹਾ ਹੈ। ਬਾਜ਼ਾਰ ਕਸੇਰਿਆਂ ਅਤੇ ਬਾਜ਼ਾਰ ਠਠੇਰਿਆਂ ਵਿੱਚ ਤਾਂਬੇ, ਪਿੱਤਲ ਅਤੇ ਲੋਹੇ ਦੇ ਭਾਂਡੇ ਬਣਦੇ ਸਨ । ਜੋ ਦੂਰ-ਦੂਰ ਇਲਾਕਿਆਂ 'ਚ ਭੇਜੇ ਜਾਂਦੇ ਸਨ । ਮਜੀਠ ਮੰਡੀ ਦਵਾਈਆਂ ਅਤੇ ਸੁੱਕੇ ਮੇਵਿਆਂ ਦਾ ਕੇਂਦਰ ਸੀ ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਮ੍ਰਿਤਸਰ ਵਿੱਚ ਪਸ਼ਮੀਨਾ, ਸ਼ਾਲ, ਪੱਟੂ ਅਤੇ ਸਰਜ ਬਣਾਉਣ ਦੇ ਕਾਰਖ਼ਾਨੇ ਲੱਗ ਗਏ ਸਨ । ਜਿਸ ਕਰ ਕੇ ਰੁਜ਼ਗਾਰ ਦੀ ਭਾਲ ਵਿੱਚ ਬਹੁਤ ਸਾਰੇ ਕਸ਼ਮੀਰੀ ਕਾਰੀਗਰ ਇਥੇ ਆ ਕੇ ਵਸ ਗਏ, ਜੋ ਉਪ੍ਰੋਕਤ ਵਸਤੂਆਂ ਬਣਾਉਣ ਦੇ ਮਾਹਰ ਸਨ । ਬਾਹਰਲੇ ਮੁਲਕਾਂ ਤੋਂ ਸਿਲਕ ਮੰਗਵਾ ਕੇ ਉਸ ਦੀ ਰੰਗਾਈ ਤੇ ਕਢਾਈ ਦਾ ਕੰਮ ਇਥੇ ਕੀਤਾ ਜਾਂਦਾ ਸੀ । ਉਸ ਸਮੇਂ ਬਲਖ, ਬੁਖਾਰਾ, ਅਤੇ ਚੀਨ ਨਾਲ ਅੰਮ੍ਰਿਤਸਰ ਦਾ ਸਿੱਧਾ ਵਪਾਰ ਸੀ । ਇਥੋਂ ਅਨਾਜ, ਸੂਤੀ ਕੱਪੜਾ, ਪਸ਼ਮੀਨਾ, ਨੀਲ, ਹਾਥੀ ਦੰਦ ਦਾ ਸਾਮਾਨ ਅਤੇ ਮਸਾਲੇ ਬਾਹਰ ਭੇਜੇ ਜਾਂਦੇ ਸਨ ਅਤੇ ਉਨ੍ਹਾਂ ਮੁਲਕਾਂ ਵਿੱਚੋਂ ਲੋੜੀਂਦੀਆਂ ਵਸਤਾਂ ਜਿਵੇਂ ਕਿ ਸੁੱਕੇ ਮੇਵੇ ਆਦਿ, ਮੰਗਵਾ ਕੇ ਅਗੋਂ ਸਾਰੇ ਹਿੰਦੁਸਤਾਨ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਭੇਜ ਦਿੱਤੀਆਂ ਜਾਂਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅੰਮ੍ਰਿਤਸਰ ਅਨਾਜ ਦੀ ਬਹੁਤ ਵੱਡੀ ਮੰਡੀ ਬਣ ਗਿਆ ਸੀ । ਇਸ ਦਾ ਕਾਰਨ ਇਹ ਸੀ ਕਿ ਇਥੇ ਵੱਡੀ ਗਿਣਤੀ ਵਿੱਚ ਫ਼ੌਜ ਰਹਿੰਦੀ ਸੀ । ਜਿਸ ਲਈ ਲੋੜੀਂਦੀਆਂ ਵਸਤਾਂ ਅਨਾਜ ਆਟਾ, ਦਾਲਾਂ, ਘਿਉ ਕਪੜੇ, ਵਰਦੀਆਂ ਹਥਿਆਰ ਆਦਿ ਦੀ ਤਿਆਰੀ ਇਥੇ ਹੀ ਕੀਤੀ ਜਾਂਦੀ ਸੀ । ਇਹੋ ਕਾਰਨ ਸੀ ਕਿ ਸਿੱਖ ਰਾਜ ਸਮੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਉਤਰੀ ਭਾਰਤ ਦਾ ਬਹੁਤ ਵੱਡਾ ਵਪਾਰਕ ਕੇਂਦਰ ਬਣ ਗਿਆ ਸੀ ।

## ਅੰਗਰੇਜ਼ੀ ਰਾਜ ਸਮੇਂ :

੧੮੪੯ ਈ: ਵਿੱਚ ਪੰਜਾਬ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ । ਬ੍ਰਿਟਿਸ਼ ਰਾਜ ਸਮੇਂ ਅੰਮ੍ਰਿਤਸਰ ਦਾ ਸ਼ਹਿਰੀ ਵਿਕਾਸ ਬੜੀ ਤੇਜ਼ੀ ਨਾਲ ਹੋਇਆ । ਪੰਜਾਬ ਦੀ ਰਾਜਧਾਨੀ ਤਾਂ ਭਾਵੇ ਲਾਹੌਰ ਹੀ ਰਹੀ, ਪਰ ਅੰਮ੍ਰਿਤਸਰ ਪੰਜਾਬ ਦੇ ਵਿਉਪਾਰਕ ਤੇ ਸਭਿਆਚਾਰਕ ਕੇਂਦਰ ਦੇ ਤੌਰ 'ਤੇ ਵਿਕਸਤ ਹੋਇਆ, ਜਿਸ ਦਾ ਸਦਕਾ ਇਹ ਉੱਤਰੀ ਭਾਰਤ ਦਾ ਵਪਾਰਕ ਤੇ ਉਦਯੋਗਕ ਕੇਂਦਰ ਬਣ ਗਿਆ ।ਨਵੇਂ ਕੰਮ-ਧੰਦੇ ਸ਼ੁਰੂ ਕੀਤੇ ਗਏ। ਨਵੀਆਂ ਸਿੱਖਿਆ-ਸੰਸਥਾਵਾਂ ਖੋਲ੍ਹੀਆਂ ਗਈਆਂ । ਸ਼ਹਿਰ ਨੂੰ ਸੁੰਦਰ ਬਣਾਉਣ ਵਾਸਤੇ ਵੱਡੀਆਂ ਤੇ ਖੂਬਸੂਰਤ ਇਮਾਰਤਾਂ ਬਣਵਾਈਆਂ ਅਤੇ ਬਾਗ ਲਗਵਾਏ, ਜਿਵੇਂ ਸਕੱਤ੍ਰੀ ਬਾਗ ਆਦਿ । ਸ੍ਰੀ ਹਰਿਮੰਦਰ

ਸਾਹਿਬ ਦੇ ਨੇੜੇ ਘੰਟਾ ਘਰ ਦੀ ਸੁੰਦਰ ਇਮਾਰਤ ਉਸਾਰੀ ਗਈ । ਘੰਟਾ ਘਰ ਵਾਲੀ ਥਾਂ 'ਤੇ ਇਸ ਤੋਂ ਪਹਿਲਾਂ ਇਹ ਤਿੰਨ ਇਮਾਰਤਾਂ ਸਨ । ਬੁੰਗਾ ਲਾਡੂ ਵਾਲੀਆਂ ਜੋ ੧੮੨੭ ਈ: ਵਿੱਚ ਨੌ ਹਜ਼ਾਰ ਦੀ ਲਾਗਤ ਨਾਲ ਬਣਿਆ। ਬੁੰਗਾ ਕੰਵਰ ਨੌ ਨਿਹਾਲ ਸਿੰਘ, ਇਸ ਜਗ੍ਹਾ ਪਹਿਲਾਂ ਬੁੰਗਾ ਸੰਗਤਪੁਰੀਆਂ, ਬੁੰਗਾ ਭਾਈ ਤਾਰਾ ਸਿੰਘ ਪਠਾਨ ਕੋਟੀਆਂ ਅਤੇ ਭਾਈ ਮਾਲੀ ਸਿੰਘ ਚਰਾਗੀ ਦਾ ਸੀ। ਇਨਾਂ ਤਿੰਨਾਂ ਨੂੰ ੧੮੪੦ ਈ: ਵਿੱਚ ਢਾਹ ਕੇ ਮਹਾਰਾਜਾ ਰਣਜੀਤ ਸਿੰਘ ਦੇ ਪੋਤੇ ਕੰਵਰ ਨੌ ਨਿਹਾਲ ਸਿੰਘ ਨੇ ਭਾਰੀ ਲਾਗਤ ਨਾਲ ਆਪਣੇ ਨਾਮ ਦਾ ਬੁੰਗਾ ਬਣਵਾਇਆ ।

*(ਊਧਮ ਸਿੰਘ ਕ੍ਰਿਤ ਤਾਰੀਖ ਦਰਬਾਰ ਸਾਹਿਬ ਅੰਮ੍ਰਿਤਸਰ ਪੰ:੯)*

ਹਾਲ ਦਰਵਾਜ਼ੇ ਦੀ ਉਸਾਰੀ ਕੀਤੀ ਗਈ । ਸੁੰਦਰ, ਪੱਕੀਆਂ ਤੇ ਚੌੜੀਆਂ ਸੜਕਾਂ ਬਣਵਾਈਆਂ ਗਈਆਂ । ੧੮੬੦ ਈ: ਵਿੱਚ ਅੰਮ੍ਰਿਤਸਰ ਨੂੰ ਰੇਲ ਗੱਡੀ ਰਾਹੀਂ ਮੁਲਤਾਨ ਅਤੇ ਕਰਾਚੀ ਨਾਲ ਜੋੜ ਦਿੱਤਾ ਗਿਆ । ਜਿਸ ਕਰ ਕੇ ਅੰਮ੍ਰਿਤਸਰ ਦੀਆਂ ਮੰਡੀਆਂ ਦਾ ਮਾਲ ਸਮੁੰਦਰੀ ਜਹਾਜ਼ਾਂ ਰਾਹੀਂ ਯੂਰਪ ਤੇ ਅਫ਼ਰੀਕਾ ਅਤੇ ਮੁਸਲਮ ਦੇਸ਼ਾਂ ਸਾਊਦੀ ਅਰਬ ਤੇ ਮਿਸਰ ਤੱਕ ਜਾਣ ਲਗ ਪਿਆ ਤੇ ਉਨ੍ਹਾਂ ਦੇਸ਼ਾਂ ਦਾ ਮਾਲ ਕਰਾਚੀ ਰਾਹੀਂ ਅੰਮ੍ਰਿਤਸਰ ਦੀਆਂ ਮੰਡੀਆਂ ਵਿੱਚ ਆਉਣ ਲਗ ਪਿਆ । ਦੂਜੇ ਪਾਸੇ ਖੁਸ਼ਕੀ ਰਸਤਿਆਂ ਰਾਹੀਂ ਅਫਗਾਨਿਸਤਾਨ, ਈਰਾਨ ਤੇ ਚੀਨ ਨਾਲ ਵਾਪਾਰ ਵਿੱਚ ਭਾਰੀ ਵਾਧਾ ਹੋਇਆ। ਅੰਮ੍ਰਿਤਸਰ ਤੋਂ ਵਿਦੇਸ਼ਾਂ ਨੂੰ ਜਾਣ ਵਾਲੇ ਮਾਲ ਵਿੱਚ ਪਸ਼ਮੀਨਾ, ਸ਼ਾਲਾਂ, ਸਿਲਕ, ਕਢਾਈ, ਹਾਥੀ ਦੰਦ ਤੇ ਦਸਤਕਾਰੀ ਦੀਆਂ ਵਸਤਾਂ, ਹਾਥੀ ਦੰਦਾ ਦਾ ਕੰਮ, ਲੱਕੜ ਦਾ ਕੰਮ, ਸੰਗ ਮਰਮਰ ਦਾ ਕੰਮ, ਉੱਨ ਦੀਆਂ ਵਸਤਾਂ, ਸੁੱਕੇ ਮੇਵੇ, ਮਸਾਲੇ, ਨੀਲ ਤੇ ਕੇਸਰ ਆਦਿ ਵਸਤਾਂ ਸ਼ਾਮਲ ਸਨ । ਹੌਲੀ-ਹੌਲੀ ਅੰਮ੍ਰਿਤਸਰ ਨੂੰ ਜਦ ਰੇਲ ਗੱਡੀ ਰਾਹੀਂ ਦਿੱਲੀ, ਕਲਕੱਤਾ, ਬੰਬਈ ਤੇ ਮਦਰਾਸ ਆਦਿ ਨਾਲ ਜੋੜ ਦਿੱਤਾ, ਤਾਂ ਇਸ ਸਹੂਲਤ ਦਾ ਸਦਕਾ ਅੰਮ੍ਰਿਤਸਰ ਦਾ ਮਾਲ ਜਿਥੇ ਭਾਰਤ ਦੇ ਸਾਰੇ ਪ੍ਰਾਂਤਾਂ ਵਿੱਚ ਪੁੱਜਣ ਲੱਗ ਪਿਆ, ਉੱਥੇ ਅੰਮ੍ਰਿਤਸਰ ਅੰਤਰ-ਰਾਸ਼ਟਰੀ ਤਜਾਰਤੀ ਕੇਂਦਰ ਵੀ ਬਣ ਗਿਆ । ਇਥੋਂ ਦਾ ਮਾਲ ਲੰਕਾ, ਬ੍ਰਹਮਾ, ਥਾਈਲੈਂਡ, ਵੀਅਤਨਾਮ, ਸਿੰਘਾਪੁਰ, ਮਲੇਸ਼ੀਆ ਜਾਪਾਨ ਤੇ ਅਮਰੀਕਾ, ਕੈਨੇਡਾ, ਆਸਟਰੇਲੀਆ ਤੱਕ ਪੁੱਜਣ ਲਗ ਪਿਆ, ਕੁਝ ਨਵੀਆਂ ਅਬਾਦੀਆਂ ਉਸਾਰੀਆ ਗਈਆਂ, ਜਿਵੇਂ ਕਿ ਸ਼ਰੀਫਪੁਰਾ, ਹੁਸੈਨਪੁਰਾ, ਇਸਲਾਮਾਬਾਦ, ਪੂਰਬ ਵੱਲ ਕਿੱਤੇ ਤੇ ਕੋਟ ਬਾਬਾ ਦੀਪ ਸਿੰਘ, ਕੋਟ ਰਲਿਆ ਰਾਮ ਆਦਿ ।

੧. ੧੯੨੨ ਈ: ਵਿੱਚ ਹੇਠ ਲਿਖੇ ਕਾਰਖ਼ਾਨੇ ਸਨ । ਜਿਨ੍ਹਾਂ ਵਿੱਚ ਹਰ ਕਿਸਮ ਤੇ ਹਰ ਰੰਗ ਦੇ ਕਾਲੀਨ ਬਣਦੇ ਸਨ-

ੳ) ਕਾਰਖ਼ਾਨਾ ਦੇਵੀ ਸਹਾਈ ਚੰਬਾ ਮਲ- ਇਹ ਕਾਰਖ਼ਾਨਾ ਹਾਲ ਦਰਵਾਜੇ ਅੰਦਰਵਾਰ ਸੱਜੇ ਹੱਥ ਇਕ ਲਾਈਨ ਵਿੱਚ ਹੈ ।

ਅ) ਕਾਰਖ਼ਾਨਾ ਖਾਨ ਬਹਾਦਰਖਾਨ ਮੁਹੰਮਦ ਸ਼ਾਹ ਮਰਹੂਮ, ਇਹ ਕਾਰਖ਼ਾਨਾ ਦਰਵਾਜ਼ਾ ਰੋਗਨ ਮੰਡੀ ਦੇ ਅੰਦਰ ਹੈ ।

ੲ) ਕਾਰਖ਼ਾਨਾ ਲਾਲਾ ਰਘੁਨਾਥ ਦਾਸ, ਇਹ ਕਾਰਖ਼ਾਨਾ ਦਰਵਾਜ਼ਾ ਸੁਲਤਾਨਵਿੰਡ ਦੇ ਅੰਦਰ ਹੈ ।

ਸ) ਕਾਰਖ਼ਾਨਾ ਸ਼ੇਖ ਗੁਲਾਮ ਸਾਦਕ ਇਹ ਕਾਰਖ਼ਾਨਾ ਦਰਵਾਜ਼ਾ ਲੋਹਗੜ ਦੇ ਅੰਦਰ

ਸੱਜੇ ਪਾਸੇ ਇਕ ਲਾਈਨ ਵਿੱਚ ਹੈ । ਇਸ ਕਾਰਖ਼ਾਨੇ ਦੀ ਪੱਸ਼ਮ ਬਹਾਵ ਸ਼ਾਹੀ ਬਹੁਤ ਮਸ਼ਹੂਰ ਹੈ ।

੨. ਕਸ਼ਮੀਰੀ ਸ਼ਾਲ ਬਨਾਉਣ ਦੇ ਕਾਰਖ਼ਾਨੇ ਕਟੜਾ ਆਹਲੂਵਾਲਾ ਵਿੱਚ ਹਨ, ਇਸ ਤਰ੍ਹਾਂ ਰਫਲ, ਚਾਦਰਜੋੜੇ, ਰੁਮਾਲ, ਮੇਜਪੋਸ਼, ਬਹੁਤ ਨਫੀਸ ਹੁੰਦੇ ਹਨ ।

੩. ਗੁਲਬਦਨ ਹਰ ਕਿਸਮ-- ਇਹ ਕਾਰਖ਼ਾਨਾ ਹਾਥੀ ਦਰਵਾਜ਼ੇ ਦੇ ਅੰਦਰ ਹੈ, ਇਸ ਦੇ ਨਾਲ ਸਬੰਧਤ ਹਰ ਰੰਗ ਦਾ ਰੇਸ਼ਮ ਬਾਜ਼ਾਰ ਪੱਟ ਰੰਗਾਂ ਵਿੱਚ ਮਿਲਦਾ ਹੈ ।

੪. ਪਿੱਤਲ ਤੇ ਕਾਂਸ਼ੀ ਦੇ ਬਰਤਨ ਬਾਜ਼ਾਰ ਕਸੇਰਿਆਂ ਚ ਮਿਲਦੇ ਹਨ, ਮਗਰ ਪਿੱਤਲ ਤੇ ਤਾਂਬੇ ਦੇ ਥਾਲ, ਲੋਟੇ ਤੇ ਚਾਹਦਾਨੀਆਂ ਕਟੜਾ ਜੈਮਲ ਸਿੰਘ ਵਿੱਚ ਮਿਲਦੇ ਹਨ ।

੫. ਹਾਥੀ ਦੰਦ ਦਾ ਕੰਮ ਬਹੁਤ ਨਫੀਸ ਹੁੰਦਾ ਹੈ, ਜਿਸ ਦੇ ਖਿਡਾਉਣੇ, ਸੁਰਮਾਂ ਦਾਨੀਆਂ, ਕਲਮਦਾਨ ਅਤੇ ਬਟਨ, ਸ਼ਾਨਾਜਾਤ , ਦਰਸ਼ਨੀ ਡਿਉਢੀ ਤੋਂ ਮਿਲਦੇ ਹਨ ।

੬. ਮਾਂਹ ਤੇ ਮੂੰਗੀ ਦੀ ਦਾਲ ਦੇ ਮਸਾਲੇਦਾਰ ਪਾਪੜ ਵੜੀਆਂ ਬਾਜ਼ਾਰ ਪਾਪੜਾਂ ਵਾਲਾ, ਨੇੜੇ ਚੌਂਕ ਦਰਬਾਰ ਸਾਹਿਬ ਮਿਲਦੇ ਹਨ । ਭਾਈ ਗੋਪਾਲ ਸਿੰਘ ਹਲਵਾਈ ਕਟੜਾ ਆਹਲੂਵਾਲੀਆ ਦੇ ਪੇੜੇ ਤੇ ਭਾਈ ਕਾਲਾ ਸਿੰਘ ਕਟੜਾ ਜੈਮਲ ਸਿੰਘ ਦੀ ਖੀਰ । ਜੰਦਰੇ ਭੰਨ ਹਲਵਾਈ ਚੌਰਸਤੀ ਅਟਾਰੀ ਦਾ ਦੁੱਧ ਖਾਸ ਵਰਨਣ ਯੋਗ ਹੈ ।

ਵਪਾਰ ਅਤੇ ਉਦਯੋਗ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਵੱਲੋਂ ਸਹਾਇਕ ਸੰਸਥਾਵਾਂ ਖੋਲ੍ਹੀਆਂ ਗਈਆਂ । ਚਾਰਟਡ ਅਤੇ ਗਰੈਂਡਲੇਜ ਬੈਕਾਂ ਦੇ ਖੁੱਲ੍ਹਣ ਨਾਲ ਅੰਮ੍ਰਿਤਸਰ ਦੇ ਵਿਉਪਾਰੀਆਂ ਨੂੰ ਵਿਦੇਸ਼ੀ ਸਿੱਕੇ ਦੀ ਸਹਾਇਤਾ ਵੀ ਮਿਲਣ ਲਗ ਪਈ। ਜਿਸ ਨਾਲ ਵਿਦੇਸ਼ਾਂ ਤੋਂ ਭਾਰਤੀ ਬਾਜ਼ਾਰ ਹਿਤ ਲੋੜੀਦੀਆਂ ਵਸਤਾਂ ਮੰਗਵਾਈਆਂ ਜਾਣ ਲਗੀਆਂ । ਯੂਰਪ ਆਦਿ ਦੇਸ਼ਾਂ ਤੋਂ ਕਰਾਚੀ ਰਾਹੀ ਆਉਣ ਵਾਲਾ ਥੋਕ ਮਾਲ ਪਹਿਲਾਂ ਅੰਮ੍ਰਿਤਸਰ ਪੁਜਦਾ ਸੀ ਤੇ ਫਿਰ ਇਥੋਂ ਅੱਗੇ ਭਾਰਤ ਦੇ ਵੱਡੇ-ਵੱਡੇ ਸਹਿਰਾਂ ਨੂੰ ਭੇਜਿਆ ਜਾਂਦਾ ਸੀ । ਜਿਸ ਕਰ ਕੇ ਅੰਮ੍ਰਿਤਸਰ ਉੱਤਰੀ ਭਾਰਤ ਦੀ ਥੋਕ ਵਾਪਾਰ ਦੀ ਭਾਰੀ ਮੰਡੀ ਬਣ ਗਿਆ। ਅਨਾਜ ਤੇ ਆਟਾ ਅੰਮ੍ਰਿਤਸਰ ਤੋਂ ਫ਼ਿਰੋਜ਼ਪੁਰ-ਮੁਲਤਾਨ, ਕਲਕੱਤਾ ਤੇ ਬੰਬਈ ਭੇਜਿਆ ਜਾਂਦਾ ਸੀ ਤੇ ਕਾਂਗੜਾ, ਅਲਮੋੜਾ, ਗੜਵਾਲ ਤੇ ਦੇਹਰਾਦੂਨ ਤੋਂ ਹਰੀ ਚਾਹ ਪੱਤੀ ਮੰਗਵਾ ਕੇ ਇਥੋਂ ਦੇ ਕਾਰਖ਼ਾਨਿਆਂ ਵਿੱਚ ਤਿਆਰ ਕਰ ਕੇ ਬਾਹਰ ਭੇਜੀ ਜਾਂਦੀ ਸੀ । ਸੋਨੇ, ਚਾਂਦੀ ਦੇ ਗਹਿਨੇ, ਹੀਰੇ, ਜਵਾਹਰਾਤ, ਪੰਨੇ, ਲਾਲ ਨੀਲਮ, ਪੁਖਰਾਜ, ਸਬਜੇ ਅਦਿ ਕੀਮਤੀ ਵਸਤਾਂ ਦੇ ਵਾਪਾਰ ਦਾ ਕੇਂਦਰ ਸ੍ਰੀ ਅੰਮ੍ਰਿਤਸਰ ਦਾ ਗੁਰੂ ਕਾ ਬਾਜ਼ਾਰ ਸੀ, ਜਿਥੋਂ ਇਹ ਕੀਮਤੀ ਵਸਤਾਂ ਬਾਹਰ ਭੇਜੀਆਂ ਜਾਂਦੀਆਂ ਸਨ, ਸਿਲਕ ਦੀ ਥਾਂ ਰੇਅਨ ਦਾ ਧਾਗਾ ਜਪਾਨ ਤੋਂ ਮੰਗਵਾਇਆ ਜਾਂਦਾ ਹੈ, ਅੰਗਰੇਜ਼ੀ ਰਾਜ ਕਾਲ ਵਿੱਚ ਅੰਮ੍ਰਿਤਸਰ 'ਚ ਕਈ ਫੈਕਟਰੀਆਂ ਲਾਈਆਂ ਗਈਆਂ, ਜਿਵੇਂ ਕਿ ਗਲਾਸ ਇੰਡਸਟਰੀ, ਵੂਲਜ ਇੰਡਸਟਰੀ, ਕਾਰਪੇਟ ਇੰਡਸਟਰੀ ਅਤੇ ਕੈਮੀਕਲ ਫੈਕਟਰੀਆਂ ਤੇ ਕੱਪੜੇ ਦੀਆਂ ਓ. ਸੀ. ਐਮ. ਮਿੱਲ, ਆਦਿ ਚਾਲੂ ਹੋਈਆਂ, ਜਿੰਨਾਂ ਦਾ ਸਦਕਾ ਅੰਮ੍ਰਿਤਸਰ ਵਿੱਚ ਆਧੁਨਿਕ ਪੱਧਰ 'ਤੇ ਸਨਅਤ ਦਾ ਭਾਰੀ ਵਿਕਾਸ ਹੋਇਆ ।

## ੧੯੪੭ ਈਸਵੀ ਦੇ ਬਟਵਾਰੇ ਬਾਅਦ :

ਭਾਰਤ ਦੀ ਸੁੰਤਤਰਤਾ ਸਮੇਂ ਪੰਜਾਬ ਦੇ ਹੋਏ ਬਟਵਾਰੇ ਦਾ ਅੰਮ੍ਰਿਤਸਰ ਸ਼ਹਿਰ ਦੀ ਵਸੋਂ ਉੱਪਰ ਬੁਰਾ ਅਸਰ ਹੋਇਆ, ਕਿਉਂਕਿ ਅੰਮ੍ਰਿਤਸਰ ਸ਼ਹਿਰ ਦੀ ਅੱਧਓਂ ਵਧ ਅਬਾਦੀ ਮੁਸਲਮਾਨ,

ਪਾਕਿਸਤਾਨ ਚਲੇ ਗਏ । ਭਾਵੇਂ ਪਾਕਿਸਤਾਨ ਤੋਂ ਉਜੜ ਕੇ ਆਉਣ ਵਾਲੇ ਹਿੰਦੂ ਸਿੱਖਾਂ ਨੇ ਵਸੋਂ ਤੇ ਘਾਟੇ ਨੂੰ ਕਿਸੇ ਹਦ ਤਕ ਪੂਰਿਆਂ ਕੀਤਾ ਪਰ ਵਧੇਰੇ ਗਿਣਤੀ ਦਿੱਲੀ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿੱਚ ਜਾ ਵਸਣ ਕਾਰਣ ੧੯੪੧ ਈ: ਦੀ ਮਰਦਮ ਸੁਮਾਰੀ ਨਾਲੋਂ ੧੯੫੧ ਈ ਦੀ ਮਰਦਮ ਸੁਮਾਰੀ ਵਿੱਚ ਅੰਮ੍ਰਿਤਸਰ ਦੀ ਅਬਾਦੀ ਵਧਣ ਦੀ ਬਜਾਇ ੫੯੩੭ ਘੱਟ ਗਈ ।

ਚੂੰਕਿ ਮੁਸਲਮਾਨ ਕਾਰੀਗਰ ਤੇ ਵਪਾਰੀ ਪਾਕਿਸਤਾਨ ਚਲੇ ਗਏ, ਜਿਸ ਕਰ ਕੇ ਉਦਯੋਗ ਤੇ ਵਪਾਰ ਨੂੰ ਭਾਰੀ ਨੁਕਸਾਨ ਪੁੱਜਾ ਕਿਉਂਕਿ ਦਸਤਕਾਰੀ ਦੀਆਂ ਵਸਤਾਂ ਬਣਾਉਣ, ਸਿਲਕ ਤੇ ਸ਼ਾਲਾਂ ਦੀ ਰੰਗਾਈ ਤੇ ਕਢਾਈ ਦਾ ਕੰਮ ਮੰਦਾ ਪੈ ਗਿਆ ਤੇ ਹੋਰ ਕਾਰੀਗਰੀ ਦੇ ਕੰਮ ਵੀ ਫਿੱਕੇ ਪੈ ਗਏ ਪਰ ਪਾਕਿਸਤਾਨ ਤੋਂ ਉਜੜ ਕੇ ਆਏ ਸਿੱਖਾਂ ਤੇ ਹਿੰਦੂ ਵਪਾਰੀਆਂ ਦੇ ਉਦਮ ਤੇ ਹਿੰਮਤ ਦਾ ਸਦਕਾ ਥੋੜ੍ਹੇ ਹੀ ਸਮੇਂ ਵਿੱਚ ਅੰਮ੍ਰਿਤਸਰ ਦਾ ਵਪਾਰ ਤੇ ਉਦਯੋਗ ਨਵੇਂ ਰੂਪ ਵਿੱਚ ਨਿੱਖਰ ਪਿਆ । ਨਵੀ ਕਿਸਮ ਦੇ ਕਾਰੋਬਾਰ ਹੋਂਦ ਵਿੱਚ ਆਏ । ਮਿੱਲਾਂ ਤੇ ਕਾਰਖ਼ਾਨਿਆਂ ਵਿੱਚ ਵਿਸ਼ੇਸ ਵਾਧਾ ਹੋਇਆ । ਖਾਸ ਕਰ ਕੇ ਲਘੂ ਉਦਯੋਗ ( ਛੋਟੇ ਕਾਰਖ਼ਾਨੇ ) ਵਧੇਰੇ ਮਾਤਰਾ ਵਿੱਚ ਲੱਗੇ ਤੇ ਹੁਣ ਵੀ ਲੱਗ ਰਹੇ ਹਨ । ਅੰਮ੍ਰਿਤਸਰ ਦੀਆਂ ਬਣੀਆਂ ਪ੍ਰਿੰਟਿੰਗ ਤੇ ਕਟਿੰਗ ਦੀਆਂ ਮਸ਼ੀਨਾਂ ਭਾਰਤ ਦੇ ਹਰ ਸ਼ਹਿਰ ਵਿੱਚ ਪਹੁੰਚਦੀਆਂ ਹਨ । ਹਰ ਪ੍ਰਕਾਰ ਦੇ ਪੱਖਿਆਂ ਦੀ ਸਨਅਤ ਨੇ ਭਾਰੀ ਤਰੱਕੀ ਕੀਤੀ ਹੈ । ਕੱਪੜੇ ਦੀਆਂ ਖੱਡੀਆਂ ਤੇ ਮਿੱਲਾਂ ਰਾਤ ਦਿਨ ਚਲਦੀਆਂ ਹਨ । ਰੰਗ ਰੋਗਨ ਦੇ ਕਈ ਕਾਰਖ਼ਾਨੇ ਹਨ । ਬਿਜਲੀ ਦੀਆਂ ਮੋਟਰਾਂ ਵੀ ਬਹੁਤ ਬਣਦੀਆਂ ਹਨ । ਲੋਹਾ ਢਾਲਣ ਤੇ ਢਲੇ ਲੋਹੇ ਤੋਂ ਤਾਰਾਂ, ਸਰੀਏ, ਗਾਡਰਾਂ ਆਦਿ ਲੋਹੇ ਦੀਆਂ ਵਸਤਾਂ ਬਣਦੀਆਂ ਹਨ । ਕਿੱਲਾਂ, ਮੇਖਾਂ, ਪੇਚਾਂ ਕੁੰਡੀਆਂ, ਕਾਬਲੇ ਤੇ ਢਿੰਬਰੀਆਂ ਦੇ ਵੀ ਕਾਰਖ਼ਾਨੇ ਹਨ। ਪਲਾਸਟਕ ਦੇ ਲਿਫਾਫੇ, ਝੋਲੇ ਤੇ ਹੋਰ ਹਰ ਕਿਸਮ ਦਾ ਸਾਮਾਨ ਤਿਆਰ ਹੁੰਦਾ ਹੈ । ਸੈਨਟਰੀ ਦਾ ਹਰ ਪ੍ਰਕਾਰ ਦਾ ਸਾਮਾਨ ਵੀ ਇਥੇ ਬਣਦਾ ਹੈ । ਕਾਂਸ਼ੀ, ਪਿੱਤਲ, ਲੋਹੇ ਤੇ ਸਟੀਲ ਦੇ ਬਰਤਨਾਂ ਦੇ ਕਾਰਖ਼ਾਨੇ ਹਨ ।ਚੌਲਾਂ ਦੇ ਸ਼ੈਲਰ ਤੇ ਇੱਟਾਂ ਦੇ ਭੱਠੇ ਵੀ ਸ਼ਹਿਰ ਦੀ ਸਨਅਤ ਵਿੱਚ ਖਾਸ ਵਾਧਾ ਕਰ ਰਹੇ ਹਨ । ਵਨ-ਸੁਵੰਨੀਆਂ ਟਾਇਲਾਂ, ਕਰੇਜੀ ਤੇ ਸੰਗ-ਮਰਮਰ ਬਾਹਰੋਂ ਮੰਗਵਾ ਕੇ ਇਥੇ ਨਵੇਂ ਰੂਪ ਵਿੱਚ ਵੇਚੇ ਜਾਂਦੇ ਹਨ । ਸਾਈਕਲਾਂ ਤੇ ਹੋਰ ਮਸ਼ੀਨਾਂ ਦੇ ਵੱਖ-ਵੱਖ ਪੁਰਜ਼ੇ ਬਣਾਉਣ ਦੇ ਵੀ ਕਾਰਖ਼ਾਨੇ ਹਨ ।

ਸਿੱਖ ਧਾਰਮਕ ਸਾਹਿਤ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ, ਟੀਕੇ, ਸ਼ਬਦਾਰਥ, ਕੋਸ਼, ਗੁਟਕੇ, ਪੋਥੀਆਂ, ਸੰਥਾ ਸੈਂਚੀਆਂ ਤੇ ਸਿੱਖ ਇਤਿਹਾਸਕ ਪੁਸਤਕਾਂ ਅੰਮ੍ਰਿਤਸਰ ਵਿੱਚ ਛਪ ਕੇ ਭਾਰਤ ਦੇ ਹਰ ਪ੍ਰਾਂਤ ਤੇ ਸ਼ਹਿਰ ਅਤੇ ਵਿਦੇਸ਼ਾਂ (ਜਿਵੇਂ ਕਿ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨੀ, ਥਾਈਲੈਂਡ, ਮਲੇਸ਼ੀਆ ਤੇ ਸਿੰਘਾ ਪੁਰ ਆਦਿ) ਨੂੰ ਜਾਂਦੀਆਂ ਹਨ । ਸਿੱਖ ਰਹਿਤ ਨਾਲ ਸਬੰਧਤ ਸਾਮਾਨ, ਕੰਘੇ ਕੜੇ, ਕ੍ਰਿਪਾਨਾਂ, ਕਛਹਿਰੇ, ਗਾਤਰੇ ਤੇ ਦਸਤਾਰੇ ਆਦਿ ਥੋਕ ਤੇ ਪਰਚੂਨ ਮਾਲ ਇਥੇ ਹੀ ਤਿਆਰ ਹੁੰਦਾ ਤੇ ਇਥੋਂ ਹੀ ਮਿਲਦਾ ਤੇ ਭਾਰਤ ਦੇ ਹੋਰ ਸ਼ਹਿਰਾਂ ਤੇ ਵਿਦੇਸ਼ਾਂ ਨੂੰ ਜਾਂਦਾ ਹੈ । ਕੀਰਤਨ ਦੇ ਸਾਜ਼ ਹਾਰਮੋਨੀਅਮ, ਢੋਲਕੀਆਂ, ਚਿਮਟੇ, ਛੈਣੇ, ਕੈਂਸੀਆਂ ਆਦਿ ਸਾਮਾਨ ਵੀ ਅੰਮ੍ਰਿਤਸਰ ਤੋਂ ਬਣ ਕੇ ਹਰ ਪਾਸੇ ਨੂੰ ਜਾਂਦਾ ਹੈ । ਸ੍ਰੀ ਹਰਿਮੰਦਰ ਸਾਹਿਬ ਦੀ ਹੋਂਦ ਨੇ ਹੀ ਸ਼ਹਿਰ ਦੀ ਆਬਾਦੀ, ਸਨਅਤ, ਕਾਰੋਬਾਰ ਤੇ ਵਾਪਾਰ ਵਿੱਚ ਭਾਰੀ ਵਾਧਾ ਕੀਤਾ ਹੈ ਤੇ ਅੱਗੋਂ ਨੂੰ ਵਾਧੇ ਦੀਆਂ ਭਾਰੀ ਸੰਭਾਵਨਾਵਾਂ ਹਨ ।

ਸ਼੍ਰੋਮਣੀ ਕਮੇਟੀ ਤੇ ਦਰਬਾਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਅਤੇ ਚੀਫ ਖਾਲਸਾ ਦੀਵਾਨ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਦੇ ਦਫ਼ਤਰਾਂ ਦੀ ਹੋਂਦ ਵੀ ਸ਼ਹਿਰ ਦੇ ਹਰ ਪ੍ਰਕਾਰ ਦੇ ਵਾਧੇ

ਵਿੱਚ ਸਹਾਈ ਹੋ ਰਹੀ ਹੈ ।

ਰੇਲਵੇ ਜੰਕਸ਼ਨ, ਹਵਾਈ ਅੱਡਾ, ਵੱਡਾ ਬੱਸ ਅੱਡਾ, ਵੱਡੇ-ਵੱਡੇ ਹੋਟਲ ਭਾਰਤ ਦੇ ਪ੍ਰਾਂਤਾਂ ਅਤੇ ਵਿਦੇਸ਼ਾਂ 'ਚੋਂ ਆਉਣ ਵਾਲੇ ਯਾਤਰੂ ਵੀ ਸ਼ਹਿਰ ਦੀ ਆਬਾਦੀ ਤੇ ਵਪਾਰ ਵਿੱਚ ਵਾਧੇ ਦਾ ਕਾਰਨ ਬਣਦੇ ਹਨ ।

ਸ਼ਹਿਰ ਦੀਆਂ ਬਹੁਤ ਸਾਰੀਆਂ ਵੱਡੀਆਂ ਸੜਕਾਂ ਹਨ, ਜਿਨ੍ਹਾਂ ਦੇ ਦੋਹੀਂ ਪਾਸੀਂ ਆਬਾਦੀ ਵਿੱਚ ਵਾਧਾ ਹੋਇਆ ਹੈ । ਜਿਵੇਂ ਕਿ ਮਾਲ ਰੋਡ, ਲਾਰੰਸ ਰੋਡ (ਭਾਈ ਵੀਰ ਸਿੰਘ ਮਾਰਗ) ਮਾਲਵੀਆ ਰੋਡ, ਭਗਤ ਰਵਿਦਾਸ ਮਾਰਗ, ਮਜੀਠਾ ਰੋਡ, ਬਟਾਲਾ ਰੋਡ, ਫਤਹਗੜ ਚੂੜੀਆਂ ਰੋਡ, ਅਟਾਰੀ ਰੋਡ, ਮਾਹਣਾ ਸਿੰਘ ਰੋਡ, ਰਾਮਸਰ ਰੋਡ, ਸੁਲਤਾਨਵਿੰਡ ਰੋਡ, ਚਾਟੀ ਵਿੰਡ ਰੋਡ, ਜਲੰਧਰ ਰੋਡ, ਰਾਮ ਤੀਰਥ ਰੋਡ, ਝਬਾਲ ਰੋਡ, ਤਰਨ ਤਾਰਨ ਰੋਡ, ਮਹਿਤਾ ਰੋਡ ਆਦਿ ।

ਗੋਲ ਸੜਕ ਤੋਂ ਬਾਹਰ ਕੁਝ ਨਵੀਆਂ ਆਬਾਦੀਆਂ ਉਸਾਰੀਆਂ ਹਨ,ਜਿਨ੍ਹਾਂ ਨੇ ਸ਼ਹਿਰ ਨੂੰ ਵਿਸ਼ਾਲਤਾ ਪ੍ਰਦਾਨ ਕੀਤੀ ਹੈ : ਜਿਵੇਂ ਕਿ ਅਜੀਤ ਨਗਰ, ਮੋਹਨ ਨਗਰ, ਈਸਟ ਮੋਹਨ-ਨਗਰ, ਸੰਤ ਚੰਨਣ ਸਿੰਘ ਕਾਲੋਨੀ, ਸ਼ਹੀਦ ਊਧਮ ਸਿੰਘ ਨਗਰ, ਕਾਲੋਨੀ-ਅੰਤਰ ਜਾਮੀਆਂ, ਕਪੂਰ ਨਗਰ, ਸੰਤ ਨਗਰ, ਪ੍ਰਤਾਪ ਨਗਰ, ਗੋਬਿੰਦ ਨਗਰ, ਆਜ਼ਾਦ ਨਗਰ, ਨਿਊ ਆਜ਼ਾਦ ਨਗਰ, ਬਹਾਦਰ ਨਗਰ, ਗੁਰੂ ਨਾਨਕ ਪੁਰਾ, ਮਕਬੂਲ ਪੁਰਾ, ਗੁੱਜਰ ਪੁਰਾ, ਹਰੀ ਪੁਰਾ, ਗਰੀਨ ਐਵੇਨਿਊ, ਕੋਆਪ੍ਰੇਟਵ ਕਾਲੋਨੀ, ਬਸੰਤ ਐਵਨਿਊ, ਰਣਜੀਤ ਐਵਨਿਊ, ਕੈਨੇਡੀ ਐਵਨਿਊ, ਰੋਜ਼ ਐਵਨਿਊ, ਮਾਡਲ ਟਾਊਨ, ਰਾਣੀ ਦਾ ਬਾਗ, ਜਵਾਹਰ ਨਗਰ, ਏਕਤਾ ਨਗਰ, ਇੰਦਰਾ ਕਾਲੋਨੀ, ਕ੍ਰਿਸ਼ਨਾ ਨਗਰ, ਸੁੰਦਰ ਨਗਰ, ਕਾਂਗੜਾ ਕਾਲੋਨੀ, ਗੋਪਾਲ ਨਗਰ ਗੁਰੂ-ਅਰਜਨ ਦੇਵ ਨਗਰ, ਗੁਰੂ ਅਮਰ ਦਾਸ ਨਗਰ , ਗੁਰੂ ਨਾਨਕ ਨਗਰ, ਗੁਰੂ ਰਾਮਦਾਸ ਨਗਰ, ਤੇਜ ਨਗਰ, ਮਹਿੰਦਰਾ ਕਾਲੋਨੀ, ਕਸ਼ਮੀਰ ਐਵਨਿਊ, ਗੋਲਡਨ ਐਵਨਿਊ, ਜੋਸ਼ੀ ਕਾਲੋਨੀ, ਡਾਕਟਰ-ਕਾਲੋਨੀ, ਦਯਾਨੰਦ, ਨਗਰ, ਭਵਾਨੀ ਨਗਰ, ਪਵਨ ਨਗਰ, ਮੋਹਕਮ ਪੁਰਾ, ਕੋਟ ਬਾਬਾ ਦੀਪ ਸਿੰਘ, ਕੋਟ ਕਰਨੈਲ ਸਿੰਘ, ਕੋਟ ਰਲਿਆ ਰਾਮ, ਕੋਟ ਹਰਨਾਮ ਦਾਸ, ਆਦਰਸ਼ ਨਗਰ, ਗੁਰੂ ਨਾਨਕ ਨਗਰ, ਸ਼ਕਤੀ ਨਗਰ ਤੇ ਰੂਪ ਨਗਰ ਕਾਲੋਨੀ, ਜਸਪਾਲ ਨਗਰ ਗੁਰਨਾਮ ਨਗਰ ਆਦਿ ।

ਉਪ੍ਰੋਕਤ ਆਬਾਦੀਆਂ ਕਾਰਨ ਸ਼ਹਿਰ ਦੇ ਇਰਦ-ਗਿਰਦ ਦੇ ਪਿੰਡ ਹੁਣ ਅੰਮ੍ਰਿਤਸਰ ਕਾਰਪੋਰੇਸ਼ਨ ਦੇ ਘੇਰੇ ਵਿੱਚ ਆ ਗਏ ਹਨ । ਜਿਵੇਂ ਕਿ ਘਨੂਪੁਰ, ਕਾਲਾ, ਛੇਹਰਟਾ, ਕੋਟ ਖਾਲਸਾ, ਅੰਨ ਗੜ੍ਹ, ਢਪਈ, ਭਰਾੜੀ ਵਾਲ, ਫਤਹ ਪੁਰ: ਗਿਲਵਾਲੀ, ਸੁਲਤਾਨ ਵਿੰਡ, ਤੁੰਗ, ਵੱਲਾ ਤੇ ਵੇਰਕਾ ਆਦਿ ।

ਗੁਰੂ ਕੀ ਨਗਰੀ ਨੀਲਾ ਤਾਰਾ ਐਕਸ਼ਨ ਤੇ ਕਾਲੀ ਗਰਜ ਐਕਸ਼ਨ ਦੇ ਬਾਵਜੂਦ ਹਰ ਪੱਖੋਂ ਉੱਨਤ ਹੋ ਰਹੀ ਹੈ । ਕਾਲੀ ਗਰਜ ਐਕਸ਼ਨ ਤੋਂ ਬਾਅਦ ਸਰਕਾਰੀ ਗਲਿਆਰਾ (ਫਿਰਨੀ) ਸਕੀਮ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਚੁਫੇਰੇ ਦੀਆਂ ੩੦ ਮੀਟਰ ਦੇ ਘੇਰੇ ਵਿੱਚ ਆਉਣ ਵਾਲੀਆਂ ਸਾਰੀਆਂ ਇਮਾਰਤਾਂ ਢਾਹੇ ਜਾਣ ਕਾਰਨ ਅੰਮ੍ਰਿਤਸਰ ਦੇ ਵਾਪਾਰ ਉੱਪਰ ਮਾੜਾ ਅਸਰ ਪਿਆ ਸੀ; ਪਰ ਗੋਲ ਸੜਕ ਦੇ ਬਾਹਰ ਵਾਰ ਨਵੀਆਂ ਦੁਕਾਨਾਂ ਬਣਾ ਦੇਣ ਨਾਲ ਵਾਪਾਰ ਦੀ ਹਾਲਤ ਸੁਧਾਰਨ ਦੀਆਂ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ ਹਨ ।

* * *

# ਸੰਸਥਾਵਾਂ ਦਾ ਕੇਂਦਰ–ਸ੍ਰੀ ਅੰਮ੍ਰਿਤਸਰ

## ਵਿਦਿਅਕ ਸੰਸਥਾਵਾਂ :

ਸ੍ਰੀ ਅੰਮ੍ਰਿਤਸਰ ਸ਼ਹਿਰ ਆਪਣੇ ਸਥਾਪਨਾ ਕਾਲ ਤੋਂ ਹੀ ਸਿੱਖ ਧਾਰਮਕ ਵਿਦਿਆ ਦਾ ਕੇਂਦਰ ਚਲਿਆ ਆ ਰਿਹਾ ਹੈ । ਸ਼ਹਿਰ ਨੂੰ ਆਬਾਦ ਕਰਨ ਦੇ ਨਾਲ ਨਾਲ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਸਮੇਂ ਗੁਰਮਤਿ ਵਿੱਦਿਆ ਦੇ ਧੁਰੰਧਰ ਵਿਦਵਾਨ ਸਤਿਕਾਰ ਯੋਗ ਬਾਬਾ ਬੁੱਢਾ ਜੀ ਗੁਰਮਤਿ ਵਿੱਦਿਆ ਦੇ ਕੇਂਦਰ ਦੇ ਮੁਖੀ ਦੇ ਤੌਰ 'ਤੇ ਸੇਵਾ ਨਿਭਾਉਂਦੇ ਰਹੇ । ਉਸ ਸਮੇਂ ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਸਿੱਖਾਂ ਦਾ ਵੇਦ ਬਿਆਸ ਕਿਹਾ ਜਾਂਦਾ ਹੈ, ਗੁਰਬਾਣੀ ਦੇ ਪਾਠ ਤੇ ਅਰਥ-ਭਾਵ ਅਤੇ ਵਿਆਖਿਆ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਤੇ ਸਿੱਖ ਇਤਿਹਾਸ ਦੀ ਡੂੰਘੀ ਜਾਣਕਾਰੀ ਸੰਗਤਾਂ ਤੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਦੇ ਰਹੇ । ਇਹ ਗੁਰਮਤਿ ਵਿੱਦਿਆ ਦਾਨ ਦਾ ਸਿਲਸਿਲਾ ਛੇਵੇਂ ਸਤਿਗੁਰਾਂ ਦੇ ਸਮੇਂ ਤੱਕ ਚਲਦਾ ਰਿਹਾ ।

੧੬੯੧ ਬਿ. ਦੇ ਅੰਮ੍ਰਿਤਸਰ ਜੰਗ ਤੋਂ ਬਾਅਦ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਛੱਡ ਗਏ ਤੇ ਕੀਰਤਪੁਰ ਸਾਹਿਬ ਨੂੰ ਕੇਂਦਰ ਸਥਾਪਤ ਕਰ ਲਿਆ, ਤਾਂ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਦਾ ਪ੍ਰਬੰਧ ਮਿਹਰਬਾਨ (ਜਿਨ੍ਹਾਂ ਦਾ ਅਸਲ ਨਾਮ ਮਨੋਹਰ ਦਾਸ ਸੀ ) ਨੇ ਸੰਭਾਲ ਲਿਆ। ਉਸ ਦੇ ਦੇਹਾਂਤ ੧੬੯੬ ਬਿ: ਤੋਂ ਬਾਅਦ ਉਸ ਦੇ ਪੁੱਤਰ ਹਰਿ ਜੀ ਦਾ ਪ੍ਰਬੰਧ ਉੱਪਰ ਕਬਜ਼ਾ ਹੋ ਗਿਆ, ਜੋ ੧੭੫੩ ਬਿ: ਤੱਕ ਜਾਰੀ ਰਿਹਾ । ਇਸ ਸਮੇਂ ਗੁਰਬਾਣੀ ਕੇ ਗੁਟਕੇ, ਪੋਥੀਆਂ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਲਿਖਣ ਲਿਖਾਉਣ; ਗੁਰਬਾਣੀ ਦੇ ਅਰਥ ਤੇ ਵਿਆਖਿਆ ਦੀ ਪੜ੍ਹਾਈ ਲਿਖਾਈ ਦਾ ਕਾਰਜ ਚਲਦਾ ਰਿਹਾ । ਜਿਹਾ ਕੀ ਉਨ੍ਹਾਂ ਦੀਆਂ ਲਿਖੀਆਂ ਗੋਸ਼ਟਾਂ, ਸਾਖੀਆਂ; ਸਟੀਕ ਤੇ ਵਿਆਖਿਆ ਤੇ ਹੋਰ ਰਚਨਾਵਾਂ ਤੋਂ ਪਤਾ ਚਲਦਾ ਹੈ। (ਦੇਖੋ; ਜਨਮ ਸਾਖੀ ਮਿਹਰਵਾਨ; ਦੋ ਭਾਗ ਜੋ ਖਾਲਸਾ ਕਾਲਜ ਵੱਲੋਂ ਪ੍ਰਕਾਸ਼ਿਤ ਹਨ ।

੧੭੫੬ ਬਿਕ੍ਰਮੀ ਦੀ ਵੈਸਾਖੀ ਤੋਂ ਬਾਅਦ ਜਦ ਦਸਮ ਪਾਤਸ਼ਾਹ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਸੰਗਤ ਦੀ ਬੇਨਤੀ ਮੰਨ ਕੇ ਭਾਈ ਮਨੀ ਸਿੰਘ ਜੀ ਨੂੰ ਪੰਜ ਹੋਰ ਸਿੰਘਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਮੁਖੀ ਗ੍ਰੰਥੀ ਥਾਪ ਕੇ ਭੇਜਿਆ, ਤਾਂ ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਟਕਸਾਲ ਕਾਇਮ ਕੀਤੀ ਅਤੇ ਨਾਲ-ਨਾਲ ਸਿੱਖ ਇਤਿਹਾਸ ਅਤੇ ਅਨਯ ਮਤਾਂ ਬਾਰੇ ਵੀ ਵਿਦਿਆਰਥੀਆਂ ਅਤੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਂਦਾ ਸੀ, ਇਸ ਗੁਰਮਤਿ ਟਕਸਾਲ ਦੀਆਂ ਕਈ ਸ਼ਾਖਾਂ ਹੋ ਗਈਆਂ । ਜਿਨਾਂ ਵਿੱਚੋਂ ਅੱਜ-ਕਲ੍ਹ ਭਿੰਡਰਾਂ ਵਾਲਿਆਂ ਸੰਤਾਂ ਦੀ ਪ੍ਰਸਿੱਧ ਸ਼ਾਖ ਹੈ।

ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਸਮੇਂ ਜਦ ਗੁਰੂ ਰਾਮਦਾਸ ਜੀ ਨੇ ੫੨ ਕਿੱਤਿਆਂ ਦੇ ਲੋਕਾਂ ਨੂੰ ਲਿਆ ਕੇ ਵਸਾਇਆ, ਤਾਂ ਉਨ੍ਹਾਂ ਵਿੱਚ ਵਧੇਰੇ ਗਿਣਤੀ ਹਿੰਦੂਆਂ ਅਤੇ ਮੁਸਲਮਾਨਾਂ ਦੀ ਸੀ, ਜਿਸ ਕਰ ਕੇ ਗੁਰਮਤਿ ਵਿੱਦਿਆ ਦੇ ਨਾਲ-ਨਾਲ ਹਿੰਦੂ ਧਰਮ ਦੇ ਗ੍ਰੰਥਾਂ ਅਤੇ ਇਸਲਾਮੀ

ਕਿਤਾਬਾਂ ਦੀ ਪੜਾਈ ਦਾ ਉਨ੍ਹਾਂ ਮਤਾ ਦੇ ਮੁੱਖੀਆਂ ਵੱਲੋਂ ਪ੍ਰਬੰਧ ਕੀਤਾ ਗਿਆ ।

ਸਿੱਖ ਮਿਸ਼ਲਾਂ ਤੇ ਸਿੱਖ ਰਾਜ ਸਮੇਂ ਵਿਦਿਅਕ ਸੰਸਥਾਵਾਂ ਵਿੱਚ ਬਹੁਤ ਵਾਧਾ ਹੋਇਆ । ਬੁੰਗਿਆਂ ਤੇ ਧਰਮਸ਼ਾਲਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਤੇ ਅਰਥ ਅਤੇ ਗੁਰਬਾਣੀ ਦੇ ਕੀਰਤਨ ਸਿਖਾਉਣ ਦੇ ਵਿਦਿਆਲੇ ਸਨ । ਸਿੱਖ ਇਤਿਹਾਸ ਵੀ ਪੜਾਇਆ ਜਾਂਦਾ ਸੀ । ਅਨਮਤਾਂ, ਖਾਸ ਕਰ ਕੇ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਗ੍ਰੰਥ ਪੜ੍ਹਾਉਣ ਦੇ ਕਈ ਅਦਾਰੇ ਸਨ । ਬਹੁਤ ਸਾਰੇ ਸਿੱਖ ਵਿਦਵਾਨ ਤੇ ਲੇਖਕ ਇਨ੍ਹਾਂ ਹੀ ਵਿਦਿਅਕ ਸੰਸਥਾਵਾਂ ਦੀ ਮਹਾਨ ਦੇਣ ਸਨ । ਜਿਵੇਂ ਕਿ ਭਾਈ ਗੁਰਬਖਸ਼ ਸਿੰਘ, ਭਾਈ ਸੂਰਤ ਸਿੰਘ, ਭਾਈ ਗੁਰਦਾਸ ਸਿੰਘ ਤੇ ਭਾਈ ਸੰਤ ਸਿੰਘ, ਭਾਈ ਚੰਦਾ ਸਿੰਘ, ਭਾਈ ਸੰਤੋਖ ਸਿੰਘ, ਕਰਤਾ ਗੁਰ ਪ੍ਰਤਾਪ ਸੂਰਜ ਅਤੇ ਗਿਆਨੀ ਗਿਆਨ ਸਿੰਘ ਕਰਤਾ ' ਸ੍ਰੀ ਗੁਰੁ ਪੰਥ ਪ੍ਰਕਾਸ਼ ' ਅਤੇ ਤਵਾਰੀਖ ਗੁਰੂ ਖਾਲਸਾ ਗਿਆਨੀ ਜੰਗ ਸਿੰਘ ਜੀ ਲਿਖਤ 'ਅੰਮ੍ਰਿਤ ਸਰੁ ਸਿਫਤੀ ਦਾ ਘਰੁ' ਪੁਸਤਕ ਦੀ ਲਿਖਤ ਅਨੁਸਾਰ ਅੰਗਰੇਜ਼ੀ ਹਕੂਮਤ ਦੇ ਆਉਣ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਹੇਠ ਲਿਖੇ ਪੰਜ ਕਿਸਮ ਦੇ ਵਿਦਿਅਕ ਅਦਾਰੇ ਸਨ:

**੧ ਪਾਠਸ਼ਾਲਾਵਾਂ :**

ਜਿਹਨਾਂ ਵਿੱਚ ਹਿੰਦੀ ਅਤੇ ਹਿਸਾਬ ਪੜ੍ਹਾਇਆ ਜਾਂਦਾ ਸੀ ।

**੨. ਗੁਰਮੁਖੀ ਦੇ ਸਕੂਲ :**

ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਨਾ, ਅਰਥ ਕਰਨੇਅਤੇ ਇਤਿਹਾਸ ਪੜ੍ਹਾਇਆ ਜਾਂਦਾ ਸੀ ।

**੩. ਮਕਤਬ :**

ਜਿਹਨਾਂ ਵਿੱਚ ਕੁਰਾਨ ਤੇ ਇਸਲਾਮ ਦਾ ਇਤਿਹਾਸ ਅਰਬੀ, ਫਾਰਸੀ ਅਤੇ ਉਰਦੂ ਵਿੱਚ ਪੜ੍ਹਾਇਆ ਜਾਂਦਾ ਸੀ ।

**੪. ਮਹਾਜਨੀ ਸਕੂਲ :**

ਜਿਹਨਾਂ ਵਿੱਚ ਲੰਡੇ ਅਤੇ ਹਿਸਾਬ ਪੜ੍ਹਾਇਆ ਜਾਂਦਾ ਸੀ ।

**੫. ਸਾਝੇ ਸਕੂਲ :**

ਜਿਹਨਾਂ ਵਿੱਚ ਵੱਖ-ਵੱਖ ਬੋਲੀਆਂ ਸੰਸਕ੍ਰਿਤ, ਗੁਰਮੁਖੀ ਅਤੇ ਫਾਰਸੀ ਆਦਿ ਪੜ੍ਹਾਈਆਂ ਜਾਂਦੀਆਂ ਸਨ । ਗੋਰਮਿੰਟ ਕਾਲਜ ਲਾਹੌਰ ਦੇ ਰਹਿ ਚੁੱਕੇ ਪ੍ਰਿੰਸੀਪਲ ਜੀ, ਡਬਲਯੂ, ਲਾਈਟਨਰ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ ਅੰਗਰੇਜ਼ਾਂ ਵੱਲੋਂ ਪੰਜਾਬ ਨੂੰ ਆਪਣੇ ਰਾਜ ਵਿੱਚ ਮਿਲਾਉਣ ਸਮੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਆਸ-ਪਾਸ ੩੦੦ ਐਸੇ ਸਕੂਲ ਸਨ, ਜਿਨ੍ਹਾਂ ਵਿੱਚ ਗੁਰਮੁਖੀ ਪੜਾਈ ਜਾਂਦੀ ਸੀ । ਅਕਾਲ ਬੁੰਗੇ (ਸ੍ਰੀ ਅਕਾਲ ਤਖਤ ਸਾਹਿਬ) ਨੇੜੇ ਗੁਰਮੁਖੀ ਦਾ ਸਭ ਤੋਂ ਵੱਡਾ ਸਕੂਲ ਸੀ, ਜਿਸ ਵਿੱਚ ਗਿਆਨੀ ਆਤਮਾ ਸਿੰਘ ਮੁੱਖ ਅਧਿਆਪਕ ਸਨ ਅਤੇ ਇਸ ਵਿੱਚ ੧੫੦ ਵਿਦਿਆਰਥੀ ਪੜ੍ਹਦੇ ਸਨ । ਇਸ ਤਰ੍ਹਾਂ ਦੇ ਵੱਖ-ਵੱਖ ਕਟੜਿਆਂ ਵਿੱਚ ਵੀ ਸਕੂਲ ਕਾਇਮ ਸਨ ।

੮ ਨਵੰਬਰ ੧੮੫੦ ਈ: ਨੂੰ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿ: ਗੋਬਰਟ

ਮਿੰਟਗੁਮਰੀ ਨੇ ਪੰਜਾਬ ਦੇ ਵਿਦਿਅਕ ਸਕੱਤਰ ਨੂੰ ਇਕ ਚਿੱਠੀ ਲਿਖੀ ਸੀ। ਜਿਸ ਵਿੱਚ ਉਸ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਵੱਖ-ਵੱਖ ਬੋਲੀਆਂ ਦੇ ਪ੍ਰਾਈਵੇਟ ਸਕੂਲਾਂ ਵਿੱਚ ਟੀਚਰਾਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈ--

ਅਰਬੀ ਦੇ ੯ ਸਕੂਲਾਂ ਵਿੱਚ ੭੨ ਟੀਚਰ ਹਨ।

ਫਾਰਸੀ ਦੇ ੧੩ ਸਕੂਲਾਂ ਵਿੱਚ ਟੀਚਰਾਂ ਦੀ ਗਿਣਤੀ ੧੨੯ ਹੈ।

ਹਿੰਦੀ ਦੇ ੧੫ ਸਕੂਲਾਂ ਵਿੱਚ ੫੪੦ ਟੀਚਰ ਹਨ।

ਗੁਰਮੁਖੀ ਦੇ ੨੩ ਸਕੂਲ ਹਨ, ਜਿਹਨਾਂ ਵਿੱਚ ੭੯੨ ਵਿਦਿਆਰਥੀ ਪੜ੍ਹਦੇ ਹਨ, ੪੩ ਐਸੇ ਸਕੂਲ ਹਨ, ਜਿਹਨਾਂ ਵਿੱਚ ਵੱਖ-ਵੱਖ ਬੋਲੀਆਂ ਦੁਆਰਾ ਵਿੱਦਿਆ ਦਿੱਤੀ ਜਾਂਦੀ ਹੈ। ਇਨ੍ਹਾਂ ਵਿੱਚ ੧੯੭ ਅਧਿਆਪਕ ਹਨ। ਇਸ ਸਮੇਂ ਸ਼ਹਿਰ ਵਿੱਚ ਜਿਹੜੇ ਪ੍ਰਸਿੱਧ ਸਿੱਖ, ਹਿੰਦੂ, ਮੁਸਲਮਾਨ ਵਿਦਵਾਨ ਰਹਿੰਦੇ ਸਨ। ਓਹਨਾਂ ਵਿੱਚ ਭਾਈ ਹਜਾਰਾ ਸਿੰਘ ਗਿਆਨੀ, ਭਾਈ ਕਿਸ਼ਨ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਅਰਸਾ ਸਿੰਘ ਧੂਪੀਆ, ਭਾਈ ਗਿਆਨ ਸਿੰਘ, ਸ੍ਰੀ ਗੰਗਾ ਰਾਮ, ਕਿਰਪਾ ਰਾਮ, ਪੀਰ ਬਖਸ਼, ਰੁਕਨ ਦੀਨ, ਅਕਬਰ ਸ਼ਾਹ ਤੇ ਮੁਹੰਮਦ ਫਜਲ ਕਰੀਮ ਦੇ ਨਾਮ ਵਰਨਣ ਯੋਗ ਹਨ।

ਉਪ੍ਰੋਕਤ ਕਮਿਸ਼ਨਰ ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਸਾਊਡਰਸ ਨੇ ਇਸ ਸ਼ਹਿਰ ਵਿੱਚ ਅੰਗਰੇਜ਼ੀ ਸਕੂਲ ਤੇ ਕਾਲਜ ਖੋਲਣ ਲਈ ਸਿਫਾਰਸ਼ਾਂ ਕੀਤੀਆਂ ਤੇ ਉਸ ਸਮੇਂ ਦੇ ਗਵਰਨਰ ਜਨਰਲ ਨੇ ਵੀ ਆਪਣੇ ਰੋਜ਼ਨਾਮਚੇ ਵਿੱਚ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਸਕੂਲ ਖੋਲ੍ਹਣ ਦੀ ਸਿਫਾਰਸ਼ ਤੇ ਪੰਜ ਹਜ਼ਾਰ ਰੁਪਏ ਸਹਾਇਤਾ ਦੇਣ ਦਾ ਭਰੋਸਾ ਵੀ ਦਿਵਾਇਆ।

ਉਪ੍ਰੋਕਤ ਸਿਫਾਰਸ਼ਾਂ ਦੇ ਫਲ ਸਰੂਪ ੧੮੫੧ ਈਸਵੀ ਵਿੱਚ ਸਾਰੇ ਪੰਜਾਬ 'ਚੋਂ ਪਹਿਲਾ ਅੰਗਰੇਜ਼ੀ ਸਕੂਲ ਸ੍ਰੀ ਅੰਮ੍ਰਿਤਸਰ ਵਿੱਚ ਖੋਲ੍ਹਿਆ ਗਿਆ, ਜਿਹੜਾ ਅੱਜ-ਕਲ੍ਹ ਕੋਤਵਾਲੀ ਦੇ ਸਾਹਮਣੇ ਗੋਰਮਿੰਟ ਹਾਈ ਸਕੂਲ ਦੇ ਰੂਪ ਵਿੱਚ ਹੁਣ ਤਕ ਚਲ ਰਿਹਾ ਹੈ। ਉਸ ਸਮੇਂ ਮਿਸ਼ਨ ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਦੀ ਵਿੱਦਿਆ ਦੇ ਨਾਲ-ਨਾਲ ਈਸਾਈ ਮੱਤ ਦਾ ਵੀ ਪਰਚਾਰ ਕੀਤਾ ਜਾਂਦਾ ਸੀ। ਜਿਸ ਦਾ ਇਹ ਅਸਰ ਹੋਇਆ ਕਿ ਚਾਰ ਸਿੱਖ ਲੜਕਿਆਂ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਤੇ ਸੰਤੋਖ ਸਿੰਘ ਨੇ ਜੋ ਮਿਸ਼ਨ ਸਕੂਲ ਵਿੱਚ ਪੜ੍ਹਦੇ ਸਨ, ਈਸਾਈ ਧਰਮ ਧਾਰਨ ਕਰਨ ਦਾ ਐਲਾਨ ਕਰ ਦਿੱਤਾ, ਜਿਸ ਕਾਰਨ ਸਿੱਖ ਪੰਥ ਵਿੱਚ ਬਹੁਤ ਬੇ-ਚੈਨੀ ਫੈਲ ਗਈ। ਉਸ ਬੇ-ਚੈਨੀ ਵਿੱਚੋਂ ਹੀ ਸਿੰਘ ਸਭਾ ਲਹਿਰ ਦਾ ਆਰੰਭ ਅੰਮ੍ਰਿਤਸਰ ਸ਼ਹਿਰ ਵਿੱਚੋਂ ਹੀ ਹੋਇਆ। ਭਾਈ ਵੀਰ ਸਿੰਘ ਜੀ ਵੀ ਉਹਨੀ ਦਿਨੀਂ ਉਸੇ ਮਿਸ਼ਨ ਸਕੂਲ ਵਿੱਚ ਹੀ ਪੜ੍ਹਦੇ ਸਨ। ਉੱਪਰੋਤਕ ਚੋਹਾਂ ਵਿਦਿਆਰਥੀਆਂ ਨੂੰ ਸਮਝਾ-ਬੁਝਾ ਕੇ ਈਸਾਈ ਬਣਨ ਤੋਂ ਰੋਕ ਲਿਆ ਗਿਆ ਪਰ ਸਿੱਖ ਹਿੰਦੂ ਤੇ ਮੁਸਲਮਾਨਾਂ ਵਿੱਚ ਇਹ ਲਹਿਰ ਚਲ ਪਈ ਕਿ ਬੱਚਿਆਂ ਨੂੰ ਈਸਾਈ ਧਰਮ ਵੱਲ ਜਾਣ ਤੋਂ ਰੋਕਣ ਲਈ ਆਪਣੇ-ਆਪਣੇ ਵੱਖਰੇ-ਵੱਖਰੇ ਅੰਗਰੇਜ਼ੀ ਵਿੱਦਿਆ ਦੇ ਸਕੂਲ ਤੇ ਕਾਲਜ ਖੋਲ੍ਹਣੇ ਚਾਹੀਦੇ ਹਨ। ਸਿੱਖਾਂ ਨੇ ਸਭ ਤੋਂ ਪਹਿਲਾ ਖਾਲਸਾ ਕਾਲਜ ਖੋਲ੍ਹਣ ਦਾ ਫੈਸਲਾ ਕਰ ਕੇ ਇਸ ਲਹਿਰ ਦੀ ਅਗਵਾਈ ਕੀਤੀ।

## ਖਾਲਸਾ ਕਾਲਜ ਅੰਮ੍ਰਿਤਸਰ :

ਇਸ ਇਤਿਹਾਸਕ ਵਿੱਦਿਆ ਮੰਦਰ ਦਾ ਨੀਂਹ ਪੱਥਰ ੫ ਮਾਰਚ , ੧੮੯੨

ਈਸਵੀ ਨੂੰ ਰੱਖਿਆ ਗਿਆ । ਸਿੰਘ ਸਭਾ ਲਹਿਰ ਦੇ ਮੁਖੀ ਗਿਆਨੀ ਦਿਤ ਸਿੰਘ, ਪ੍ਰੋ: ਗੁਰਮੁਖ ਸਿੰਘ ਅਤੇ ਭਾਈ ਜਵਾਹਰ ਸਿੰਘ ਅਦਿ ਦੇ ਉਦਮ ਸਦਕਾ ਇਹ ਕਾਲਜ ਵਜੂਦ ਵਿੱਚ ਆਇਆ । ਇਸ ਨੂੰ ਕਾਲਜ ਦਾ ਦਰਜ਼ਾ ੧੮੯੯ ਈਸਵੀ ਵਿੱਚ ਪ੍ਰਾਪਤ ਹੋਇਆ। ਇਸ ਕਾਲਜ ਦੀ ਸ਼ਾਨਦਾਰ ਇਮਾਰਤ ਦਾ ਨਕਸ਼ਾ ਗੌਰਮਿੰਟ ਆਰਟ ਕਾਲਜ ਲਾਹੌਰ ਦੇ ਪ੍ਰਿੰਸੀਪਲ ਸ: ਰਾਮ ਸਿੰਘ ਨੇ ਬੈਕਿੰਘਮ ਪੈਲੇਸ ਲੰਡਨ ਦੇ ਨਮੂਨੇ 'ਤੇ ਤਿਆਰ ਕੀਤਾ ਸੀ । ਸ: ਧਰਮ ਸਿੰਘ ਜੀ ਠੇਕੇਦਾਰ ਦੀ ਨਿਗਰਾਨੀ ਹੇਠ ਇਹ ਸੁੰਦਰ ਇਮਾਰਤ ਤਿਆਰ ਹੋਈ । ਪੰਜਾਬ ਦੇ ਸਿੱਖ ਰਾਜਿਆਂ-ਮਾਹਾਰਾਜਿਆਂ ਤੇ ਵੱਡੇ-ਵੱਡੇ ਸਿੱਖ ਸਰਦਾਰਾਂ ਨੇ ਇਸ ਇਮਾਰਤ ਲਈ ਦਿਲ ਖੋਲ੍ਹ ਕੇ ਸਹਾਇਤਾ ਦਿੱਤੀ । ਆਪਣੇ ਅਰੰਭਕ ਸਮੇਂ ਤੋਂ ਲੈ ਕੇ ਹੁਣ ਤਕ ਇਸ ਕਾਲਜ ਨੇ ਵਿੱਦਿਆ ਦੇ ਖੇਤਰ ਵਿੱਚ ਬਹੁਤ ਹੀ ਅਹਿਮ ਯੋਗ ਦਾਨ ਪਾਇਆ ਹੈ । ਸਿੱਖ ਕੌਮ ਵਿੱਚ ਪ੍ਰਸਿੱਧ ਹੋਏ ਵਿਦਵਾਨ , ਖਿਡਾਰੀ, ਫ਼ੌਜੀ ਜਰਨੈਲ ਜਨਤਕ ਨੇਤਾ ਅਤੇ ਵਿੱਦਿਆ ਸ਼ਾਸਤਰੀ, ਸਾਹਿਤਕਾਰ, ਇਤਿਹਾਸਕਾਰ ਤੇ ਰਾਜਸੀ ਨੇਤਾ ਇਸੇ ਕਾਲਜ ਨੇ ਹੀ ਪੈਦਾ ਕੀਤੇ ਹਨ । ਜਿਵੇਂ ਕਿ ਡਾਕਟਰ ਭਾਈ ਜੋਧ ਸਿੰਘ ਜੀ ਪੰਜਾਬੀ ਯੂਨੀਵਰਸਿਟੀ ਪਟਿਅਲਾ ਦੇ ਪਹਿਲੇ ਵਾਈਸ ਚਾਂਸਲਰ । ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪਹਿਲੇ ਵਾਈਸ ਚਾਂਸਲਰ ਸ: ਬਿਸ਼ਨ ਸਿੰਘ ਜੀ ਸਮੁੰਦਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕ ਵਾਈਸ ਚਾਂਸਲਰ ਸ: ਕ੍ਰਿਪਾਲ ਸਿੰਘ ਜੀ ਨਾਰੰਗ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪਹਿਲੇ ਵਾਈਸ ਚਾਂਸਲਰ ਸ: ਮਹਿੰਦਰ ਸਿੰਘ ਜੀ ਰੰਧਾਵਾ , ਪ੍ਰਸਿੱਧ ਅਕਾਲੀ ਨੇਤਾ, ਮਾਸਟਰ ਤਾਰਾ ਸਿੰਘ ਜੀ, ਪ੍ਰਿੰਸੀਪਲ ਤੇਜਾ ਸਿੰਘ, ਡਾ: ਗੰਡਾ ਸਿੰਘ, ਪ੍ਰਿੰਸੀਪਲ ਗੁਰਬਚਨ ਸਿੰਘ ' ਤਾਲਬ ' ਡਾ: ਗੋਪਾਲ ਸਿੰਘ ਦਰਦੀ ਪ੍ਰੋ: ਮੋਹਨ ਸਿੰਘ ਤੇ ਹੋਰ ਹੁਣ ਤੱਕ ਦੇ ਅਣਗਿਣਤ ਲੇਖਕ ਤੇ ਬੁਧੀਜੀਵੀ ਇਸੇ ਕਾਲਜ ਦੀ ਹੀ ਮਹਾਨ ਦੇਣ ਹਨ। ਇਹ ਗੱਲ ਸੌਲ੍ਹਾਂ ਆਨੇ ਸੱਚ ਹੈ ਕਿ ਇਸ ਕਾਲਜ ਨੇ ਸਿੱਖਾਂ ਦੀ ਵਿਦਿਅਕ ਉੱਨਤੀ ਵਿੱਚ ਸਭ ਤੋਂ ਵੱਧ ਹਿੱਸਾ ਪਾਇਆ । ਜਿਸ ਦਾ ਸਦਕਾ ਸਿੱਖ ਕੌਮ ਇਸ ਸਮੇਂ ਵਿਦਿਅਕ ਪੱਖੋਂ ਦੂਜੀਆਂ ਕੌਮਾਂ ਨਾਲੋਂ ਬਹੁਤ ਅੱਗੇ ਹੈ । ਪੰਜਾਬ ਵਿੱਚ ਖੇਤੀਬੜੀ ਦੀ ਸਿੱਖਿਆ ਸਭ ਤੋਂ ਪਹਿਲਾਂ ਖਾਲਸਾ ਕਾਲਜ ਵਿੱਚ ਹੀ ਆਰੰਭ ਹੋਈ, ਜਿਸ ਦੇ ਕਾਰਨ ਅੱਜ ਪੰਜਾਬ ਹਰੇ ਤੇ ਚਿੱਟੇ ਇਨਕਲਾਬ ਵਿੱਚ ਬਾਕੀ ਪ੍ਰਾਂਤਾਂ 'ਚੋਂ ਮੋਹਰੀ ਹੈ ।

## ਗੁਰੂ ਨਾਨਕ ਦੇਵ ਯੂਨੀਵਰਸਿਟੀ :

ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਸਮੇਂ ਪੰਥਕ ਮੁਖੀਆਂ ਦੇ ਮਨ ਵਿੱਚ ਇਸ ਨੂੰ ਯੂਨੀਵਰਸਿਟੀ ਦਾ ਰੂਪ ਦੇਣ ਦੀ ਭਾਵਨਾ ਕੰਮ ਕਰ ਰਹੀ ਸੀ । ਇਸੇ ਲਈ ਉਸ ਸਮੇਂ ਇਸ ਕਾਲਜ ਦੇ ਇਰਦ-ਗਿਰਦ ਇਕ ਹਜ਼ਾਰ ਏਕੜ ਜ਼ਮੀਨ ਖਰੀਦ ਕੇ ਇਸ ਦੇ ਨਾਮ ਲਾਈ ਗਈ । ਪੰਥਕ ਮੁਖੀਆਂ ਦਾ ਇਹ ਸੁਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮੇਂ ਉਦੋਂ ਸਾਕਾਰ ਹੋਇਆ, ਜਦੋਂ ਪੰਜਾਬ ਦੀ ਅਕਾਲੀ ਸਰਕਾਰ ਦੇ ਫੈਸਲੇ ਅਨੁਸਾਰ ੨੪ ਨਵੰਬਰ ੧੯੬੯ ਈ: ਵਾਲੇ ਦਿਨ ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ਉਸ ਸਮੇਂ ਦੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਨੇ ਆਪਣੇ ਹੱਥਾਂ ਨਾਲ ਰੱਖਿਆ । ਉਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ੫੦੦ਵਾਂ ਪ੍ਰਕਾਸ਼ ਦਿਵਸ ਦਾ ਗੁਰਪੁਰਬ ਸੀ । ਜਿਸ ਨੂੰ ਸੰਸਾਰ ਭਰ ਦੇ ਸਿੱਖ ਥਾਂ-ਥਾਂ ਭਾਰੀ ਉਤਸ਼ਾਹ ਨਾਲ ਮਨਾ

ਰਹੇ ਸਨ ਤੇ ਉਸ ਦਾ ਸਭ ਤੋਂ ਵੱਡਾ ਸਮਾਗਮ ਅੰਮ੍ਰਿਤਸਰ ਵਿੱਚ ਹੋ ਰਿਹਾ ਸੀ, ਜਿਸ ਨੂੰ ਪੰਜਾਬ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਤੇ ਧਾਰਮਕ ਜਥੇਬੰਦੀਆਂ ਦਾ ਪੂਰਾ-ਪੂਰਾ ਸਹਿਯੋਗ ਪ੍ਰਾਪਤ ਸੀ। ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੀ ਸਦੀਵੀ ਯਾਦ ਹਿਤ ਇਸ ਯੂਨੀਵਰਸਿਟੀ ਦਾ ਨਾਮ 'ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ' ਰੱਖਿਆ। ਇਸ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਸ: ਬਿਸ਼ਨ ਸਿੰਘ ਜੀ ਸਮੁੰਦਰੀ ਅਤੇ ਰਜਿਸਟਰਾਰ ਸ: ਭਰਪੂਰ ਸਿੰਘ ਜੀ ਨਿਯੁਕਤ ਹੋਏ। ਇਸ ਦਾ ਕੈਂਪਸ ਉਸਾਰਨ ਲਈ ਪੰਜ ਸੌ ਏਕੜ ਜ਼ਮੀਨ ਪ੍ਰਾਪਤ ਕੀਤੀ ਗਈ। ੩੨੩ ਏਕੜ ਖਾਲਸਾ ਕਾਲਜ ਪਾਸੋਂ ਤੇ ਬਾਕੀ ਦੀ ਘਨੂਪੁਰ ਤੇ ਕਾਲੇ ਪਿੰਡਾਂ ਦੇ ਜ਼ਿਮੀਂਦਾਰਾਂ ਪਾਸੋਂ ਲਈ ਗਈ। ਇਸ ਯੂਨੀਵਰਸਿਟੀ ਦੀਆਂ ਨਵੀਨ ਡੀਜ਼ਾਇਨ ਦੀਆਂ ਸੁੰਦਰ ਇਮਾਰਤਾਂ ਉਸਰ ਗਈਆਂ ਹਨ। ਸਭ ਤੋਂ ਵਧੇਰੇ ਨਵੇਂ ਨਮੂਨੇ ਦੀ ਇਮਾਰਤ ਕਈ ਮੰਜ਼ਲੀ ਭਾਈ ਗੁਰਦਾਸ ਲਾਇਬਰੇਰੀ ਹੈ, ਜੋ ਵੇਖਣ ਨਾਲ ਹੀ ਸਬੰਧ ਰੱਖਦੀ ਹੈ। ਜਿਸ ਵਿੱਚ ਇਕ ਲੱਖ ਤੋਂ ਵਧ ਪੁਸਤਕਾਂ ਹਨ।

ਯੂਨੀਵਰਸਿਟੀ ਨਾਲ ਚਾਰ ਜ਼ਿਲ੍ਹਿਆਂ--ਅੰਮ੍ਰਿਤਸਰ, ਗੁਰਦਾਸਪੁਰ,ਜਲੰਧਰ ਤੇ ਕਪੂਰਥਲਾ ਦੇ ੭੩ ਕਾਲਜ ਸੰਬੰਧਤ ਹਨ। ਜਿਨ੍ਹਾਂ 'ਚੋਂ ਪੰਜ ਸਰਕਾਰੀ ਤੇ ੬੮ ਪ੍ਰਾਈਵੇਟ ਹਨ। ਜਿਨ੍ਹਾਂ ਵਿੱਚੋਂ ੨੧ ਲੜਕੀਆਂ ਦੇ, ਇਕ ਮੈਡੀਕਲ, ਇਕ ਦੰਦਾਂ ਦਾ ਤੇ ੭ ਕਾਲਜ ਐਜੂਕੇਸ਼ਨ ਦੇ ਵੀ ਹਨ। ਬਾਕੀ ੪੩ ਕਾਲਜ ਮੁੰਡਿਆਂ ਦੇ ਹਨ, ਜਦ ਕਿ ਇਕ ਸਪੋਰਟਸ ਕਾਲਜ ਵੀ ਇਸ ਯੂਨੀਵਰਸਿਟੀ ਨਾਲ ਸੰਬਧਤ ਹੈ। ਯੂਨੀਵਰਸਿਟੀ ਵਿੱਚ ਹੇਠ ਲਿਖੇ ਵਿਦਿਅਕ ਵਿਭਾਗ ਕੰਮ ਕਰ ਰਹੇ ਹਨ :

ਕੈਮਿਸਟਰੀ, ਹਿਸਟਰੀ, ਬਾਇਆਲੋਜੀ, ਪੁਲੀਟੀਕਲ ਸਾਇੰਸ, ਸਾਈ-ਕਾਲੋਜੀ, ਇੰਗਲਿਸ਼, ਪੰਜਾਬੀ, ਹਿੰਦੀ, ਮੈਥੇਮੈਟਿਕਸ, ਕਾਨੂੰਨ ਵਿਭਾਗ, ਗੁਰੂ ਨਾਨਕ ਅਧਿਐਨ ਵਿਭਾਗ, ਲਾਇਬਰੇਰੀ ਸਾਇੰਸ, ਉਰਦੂ ਤੇ ਫਾਰਸੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ, ਪੰਜਾਬ ਸਕੂਲ ਆਫ ਇਕਨਾਮਿਕਸ ਅਤੇ ਗੁਰੂ ਰਾਮਦਾਸ ਪੋਸਟ ਗਰੈਜੂਏਟ, ਸਕੂਲ ਆਫ ਪਲਾਨਿੰਗ। ਇਸ ਤੋਂ ਇਲਾਵਾ ਹੇਠ ਲਿਖੇ ਨਾਨ-ਟੀਚਿੰਗ ਵਿਭਾਗ ਵੀ ਕੰਮ ਕਰ ਰਹੇ ਹਨ।

ਯੂਨੀਵਰਸਿਟੀ ਲਾਇਬਰੇਰੀ, ਯੂਥ ਵੈਲਫੇਅਰ, ਨੈਸ਼ਨਲ ਸਰਵਿਸ ਸਕੀਮ, ਪ੍ਰੈਸ ਤੇ ਪਬਲੀਕੇਸ਼ਨ, ਯੂਨੀਵਰਸਿਟੀ ਹੈਲਥ ਸੈਂਟਰ, ਪਬਲਿਕ ਰੀਲੇਸ਼ਨਜ਼ ਲੈਂਡ ਸਕੀਮ ਤੇ ਯੂਨੀਵਰਸਿਟੀ ਫਾਰਮ, ਉਸਾਰੀ ਵਿਭਾਗ, ਇਸਤਰੀਆਂ ਦਾ ਹੋਸਟਲ, ਪੁਰਸ਼ਾਂ ਦਾ ਹੋਸਟਲ, ਯੂਨੀਵਰਸਿਟੀ ਐਮਪਲਾਇਮੈਂਟ ਇਨਫਰਮੇਸ਼ਨ ਅਤੇ ਗਾਈਡੈਂਸ ਬਿਉਰੋ।

ਰਾਸ਼ਟਰਪਤੀ ਵੀ.ਵੀ. ਗਿਰੀ ਨੇ ਨੀਂਹ ਪੱਥਰ ਰੱਖਣ ਵੇਲੇ ਕਿਹਾ ਸੀ, ਕਿ ਇਹ ਯੂਨੀਵਰਸਿਟੀ ਗੁਰੂ ਨਾਨਕ ਦੇਵ ਜੀ ਦੇ ਕਾਇਮ ਕੀਤੇ ਸਰਬ-ਹਿਤਕਾਰੀ ਅਸੂਲਾਂ ਦਾ ਇਕ ਪਵਿੱਤਰ ਚਿੰਨ ਹੋਵੇਗੀ।

ਸਰਹੱਦੀ ਗਾਂਧੀ ਖਾਨ ਅਬਦੁੱਲ ਗੁਫਾਰ ਖਾਂ ਤੇ ਦਲਾਈਲਾਮਾ ਨੇ ਇਸ ਯੂਨੀਵਰਸਿਟੀ ਨੂੰ ਕਾਇਮ ਕਰਨ 'ਤੇ ਪੰਜਾਬ ਦੇ ਲੋਕਾਂ ਨੂੰ ਵਧਾਈ ਦੇਂਦਿਆਂ ਕਿਹਾ ਸੀ, ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਦੇ ਲੋਕ ਇਸ ਯੂਨੀਵਰਸਿਟੀ 'ਤੇ ਮਾਣ ਕਰ ਸਕਣਗੇ ਅਤੇ ਇਹ ਵਿੱਦਿਆ ਦੇ ਪ੍ਰਕਾਸ਼ ਦਾ ਚਾਨਣ-ਮੁਨਾਰਾ ਬਣ ਕੇ ਪੰਜਾਬ ਵਿੱਚ ਅਵਿੱਦਿਆ ਦੇ ਹਨ੍ਹੇਰੇ ਨੂੰ ਦੂਰ ਕਰ ਦੇਵੇਗੀ।

ਇਸ ਨੂੰ ਕਾਇਮ ਹੋਇਆਂ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ ਕਿ ਪੜ੍ਹਾਈ ਤੇ ਖੇਡਾਂ ਆਦਿ

ਕਰ ਕੇ ਇਸ ਦੀ ਗਣਨਾ ਭਾਰਤ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਵਿੱਚ ਹੋਣ ਲੱਗ ਪਈ ਸੀ ।

ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਕੌਮਾਂਤਰੀ ਮਹਾਨਤਾ ਦੇਣ ਵਿੱਚ ਇਸ ਯੂਨੀਵਰਸਿਟੀ ਦਾ ਮਹਾਨ ਯੋਗਦਾਨ ਹੈ ਅਤੇ ਇਸ ਦੇ ਭਵਿੱਖਤ ਨਾਲ ਪੰਜਾਬੀਆਂ ਨੇ ਬਹੁਤ ਸਾਰੀਆਂ ਆਸਾਂ ਤੇ ਉਮੀਦਾਂ ਜੋੜ ਰੱਖੀਆਂ ਹਨ ।

## ਸ਼ਹਿਰ ਸ੍ਰੀ ਅੰਮ੍ਰਿਤਸਰ ਦੇ ਹੋਰ ਕਾਲਜ

### ੧. ਹਿੰਦੂ ਸਭਾ ਸਕੂਲ ਤੇ ਕਾਲਜ :

ਹਿੰਦੂ ਸਭਾ ਅੰਮ੍ਰਿਤਸਰ ਨੇ ਲੋਹਗੜ੍ਹ ਦਰਵਾਜ਼ੇ ਦੇ ਨੇੜੇ ਪਹਿਲਾਂ ੧੮੯੫ ਈ: ਵਿੱਚ ਹਿੰਦੂ ਸਭਾ ਹਾਈ ਸਕੂਲ ਆਰੰਭ ਕੀਤਾ, ਜੋ ੧੯੨੬ ਈ: ਵਿੱਚ ਡਿਗਰੀ ਕਾਲਜ ਬਣ ਗਿਆ । ਇਹ ਇਸ ਸਮੇਂ ਸਫਲਤਾ ਪੂਰਬਕ ਚਲ ਰਿਹਾ ਹੈ ।

### ੨. ਇਸਲਾਮੀਆਂ ਸਕੂਲ ਤੇ ਕਾਲਜ :

੧੮੮੧ ਈ: ਵਿੱਚ ਮੁਸਲਮਾਨਾਂ ਦੀ ਵਿਦਿਅਕ ਜਥੇਬੰਦੀ ਅੰਜਮਨਿ ਇਸਲਾਮੀਆਂ ਨੇ ਮਸਜਦ ਖੈਰ ਦੀਨ ਦੇ ਨੇੜੇ ਪਹਿਲਾਂ ਪ੍ਰਾਇਮਰੀ ਸਕੂਲ ਖੋਲ੍ਹਿਆ, ਜੋ ੧੮੯੫ ਈ: ਵਿੱਚ ਹਾਈ ਸਕੂਲ ਬਣ ਗਿਆ । ਫਿਰ ਇਹ ਸਕੂਲ ਨਵੀਂ ਇਮਾਰਤ ਵਿੱਚ ਮੋਰੀ ਗੇਟ ਚਲਾ ਗਿਆ । ਅੰਜਮਨਿ ਇਸਲਾਮੀਆਂ ਨੇ ਆਪਣਾ ਦੂਜਾ ਹਾਈ ਸਕੂਲ ੧੯੦੨ ਈ: ਵਿੱਚ ਕਟੜਾ ਖਜ਼ਾਨ ਸਿੰਘ ਵਿਖੇ ਇਸਲਾਮੀਆਂ ਹਾਈ ਸਕੂਲ ਨਾਮ 'ਤੇ ਖੋਲ੍ਹਿਆ । ਫਿਰ ਇਕ ਸ਼ਰੀਫ ਪੁਰੇ ਤੇ ਇਕ ਚੌਕ ਫਰੀਦ ਵਿੱਚ ਹਾਈ ਸਕੂਲ ਖੋਲ੍ਹੇ । ਮੋਰੀ ਗੇਟ ਵਾਲੇ ਹਾਈ ਸਕੂਲ ਨੂੰ ੧੯੪੬ ਵਿੱਚ ਪੂਰਾ ਕਾਲਜ ਬਣਾ ਕੇ ਨਾਮ ਮੁਹੰਮਦਨ ਐਂਗਲੋ ਓਰੀਅੰਟਲ ਕਾਲਜ ਰੱਖਿਆ ਪਰ ਬਦ-ਕਿਸਮਤੀ ਨਾਲ ੧੯੪੭ ਈ: ਦੀ ਦੇਸ਼ ਵੰਡ ਕਾਰਨ ਸਾਰੀ ਮੁਸਲਮਾਨ ਆਬਾਦੀ ਅੰਮ੍ਰਿਤਸਰ ਸ਼ਹਿਰ ਛੱਡ ਕੇ ਪਾਕਿਸਤਾਨ ਚਲੀ ਗਈ, ਜਿਸ ਕਰ ਕੇ ਇਹ ਕਾਲਜ ਅਪਨੇ ਆਪ ਬੰਦ ਹੋ ਗਿਆ, ਪਿੱਛੋਂ ਇਸ ਇਮਾਰਤ ਨੂੰ ਡੀ.ਏ. ਵੀ. ਕਾਲਜ ਦੀ ਪ੍ਰਬੰਧਕ ਕਮੇਟੀ ਨੇ ਖ਼ਰੀਦ ਲਿਆ ।

### ੩.ਡੀ. ਏ. ਵੀ. ਕਾਲਜ :

ਸ੍ਰੀ ਅੰਮ੍ਰਿਤਸਰ ਵਿੱਚ ਪਹਿਲਾ ਡੀ.ਏ.ਵੀ. ਕਾਲਜ ੧੯੫੫ ਈ : ਵਿੱਚ ਚਾਲੂ ਹੋਇਆ । ਦੂਜਾ ਸਰਸਵਤੀ ਬੇਸਿਕ ਟਰੇਨਿੰਗ ਕਾਲਜ ੧੯੫੬ ਈ: ਵਿੱਚ ਆਰੰਭ ਕੀਤਾ ਗਿਆ । ਤੀਜਾ ਡੀ.ਏ.ਵੀ. ਕਾਲਜ ਫਾਰਵੋਮੈਨ ਲਾਰੰਸ ਰੋਡ 'ਤੇ ੧੯੬੭ ਵਿੱਚ ਸੁਰੂ ਕੀਤਾ ਗਿਆ । ਜਿਸ ਵਿੱਚ ਬੀ. ਐੱਡ. ਤੇ ਐਮ. ਐੱਡ. ਦੀ ਸਿੱਖਿਆ ਦਿੱਤੀ ਜਾਂਦੀ ਹੈ । ਇਹ ਤਿੰਨੇ ਕਾਲਜ ਡੀ.ਏ.ਵੀ. ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ ਹਨ,ਜਿਸ ਦਾ ਕੇਂਦਰੀ ਦਫ਼ਤਰ ਦਿੱਲੀ ਵਿੱਚ ਹੈ ।

### ੪. ਗੌਰਮਿੰਟ ਕਾਲਜ ਫਾਰ ਵੋਮੈਨ ਅੰਮ੍ਰਿਤਸਰ:

ਜੋ ਪੰਜਾਬ ਗੌਰਮਿੰਟ ਦੇ ਪ੍ਰਬੰਧ ਹੇਠ ਸਫ਼ਲਤਾ ਪੂਰਬਕ ਚਲ ਰਿਹਾ ਹੈ ।

### ੫. ਸ਼ਹਿਜਾਦਾ ਨੰਦ ਗਰਲਜ਼ ਕਾਲਜ :

੧੯੩੮ ਈ: ਵਿੱਚ ਚੌਕ ਪ੍ਰਾਗ ਦਾਸ ਵਿੱਚ ਤੇ ਮਾਡਰਨ ਕਾਲਜ ਫਾਰਵੋਮੈਨ ਗਰੀਨ ਐਵੇਨਿਊ ਵਿੱਚ ਤੇ ਦਇਆਵੰਤੀ ਮਹਾਂ ਵਿਦਿਆਲਾ ਅੰਮ੍ਰਿਤਸਰ ਇਕੋ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਹਨ ।

## ੬. ਮੈਡੀਕਲ ਕਾਲਜ :

ਪਹਿਲਾਂ ਇਸ ਵਿੱਚ ਆਈ. ਐਮ.ਐਸ. ਦਾ ਡਿਪਲੋਮਾ ਦਿੱਤਾ ਜਾਂਦਾ ਸੀ ਪਰ ਹੁਣ ਐਮ. ਬੀ.ਬੀ. ਐਸ. ਦਾ ਪੰਜ ਸਾਲਾ ਕੋਰਸ ਪੜ੍ਹਾਇਆ ਜਾਂਦਾ ਹੈ । ਨਾਲ ਹੀ ਡੈਂਟਲ ਕਾਲਜ ਵੀ ਹੈ, ਜਿਸ ਵਿੱਚ ਬੀ.ਡੀ.ਐਸ. ਦਾ ਡਿਪਲੋਮਾ ਦਿਤਾ ਜਾਂਦਾ ਹੈ । ਤੀਸਰਾ ਸ੍ਰੀ ਲਕਸ਼ਮੀ ਨਰਾਇਣ ਆਯੁਰਵੈਦਿਕ ਕਾਲਜ ਵੀ ਚੱਲ ਰਿਹਾ ਹੈ ।

## ਤਕਨੀਕੀ ਸੰਸਥਾਵਾਂ :

ਅੰਮ੍ਰਿਤਸਰ ਵਿੱਚ ਤਕਨੀਕੀ ਵਿੱਦਿਆ ਦੇਣ ਲਈ ਵੀ ਕਈ ਸੰਸਥਾਵਾਂ ਤੇ ਸਕੂਲ ਹਨ, ਜਿਵੇਂ ਕਿ ਸਰਕਾਰ ਵੱਲੋਂ ਕਾਇਮ ਕੀਤਾ ਹੋਇਆ ਟੈਕਨੀਕਲ ਟਰੇਨਿੰਗ ਸਕੂਲ ਪ੍ਰਸਿੱਧ ਹੈ । ਕੱਪੜੇ ਦੀ ਤਿਆਰੀ ਵਾਸਤੇ ਤਕਨੀਕੀ ਸਿੱਖਿਆ ਦੇਣ ਹਿਤ ਇਥੇ ਸੈਂਟਰਲ ਵੀਵਿੰਗ ਇਨਸਟੀਚਿਊਟ ੧੯੨੦ ਈ: ਵਿੱਚ ਕਾਇਮ ਕੀਤਾ ਗਿਆ । ੧੯੬੬ ਈ: ਵਿੱਚ ਇਹ ਸੰਸਥਾ, ਵਰਤਮਾਨ ਥਾਂ 'ਤੇ ਬਦਲੀ ਗਈ । ਇਸ ਦੀਆਂ ਇਮਾਰਤਾਂ ੧੦ ਏਕੜ ਰਕਬੇ 'ਚ ਫੈਲੀਆਂ ਹੋਈਆਂ ਹਨ । ਉੱਤਰੀ ਭਾਰਤ ਵਿੱਚ ਇਹ ਆਪਣੀ ਕਿਸਮ ਦੀ ਇਕੋ-ਇਕ ਸੰਸਥਾ ਹੈ, ਜਿਥੋਂ ਇਸ ਸਮੇਂ ਕਈ ਪ੍ਰਕਾਰ ਦੇ ਤਕਨੀਕੀ ਡਿਪਲੋਮੇ ਦਿੱਤੇ ਜਾਂਦੇ ਹਨ । ਸੀਨੀਅਰ ਸੈਕੰਡਰੀ ਸਕੂਲ ਹਾਇਰ ਸੈਕੰਡਰੀ ਸਕੂਲ ਤੇ ਹਾਈ ਸਕੂਲਾਂ ਦੀ ਗਿਣਤੀ ਕਾਫ਼ੀ ਹੈ, ਜਿਹਨਾਂ 'ਚੋਂ ਸੰਤ ਸਿੰਘ ਸੁੱਖਾ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਗਿਆਨ ਆਸ਼ਰਮ ਹਾਈ ਸਕੂਲ ਪ੍ਰਸਿੱਧ ਹਨ । ਇਸ ਸ਼ਹਿਰ ਵਿੱਚ ਕੁੜੀਆਂ ਅਤੇ ਮੁੰਡਿਆਂ ਦੇ ੨੯ ਹਾਇਰ ਤੇ ਸੀਨੀਅਰ ਸੈਕੰਡਰੀ ਸਕੂਲ ਹਨ । ਇਨ੍ਹਾਂ ਵਿੱਚੋਂ ਕੁਝ ਤਾਂ ਗੌਰਮਿੰਟ ਸਕੂਲ ਹਨ ਤੇ ਕੁਝ ਵੱਖ-ਵੱਖ ਸੰਸਥਾਵਾਂ ਦੁਆਰਾ ਸਿੱਖਿਆ ਦੇ ਪ੍ਰਚਾਰ ਲਈ ਚਲਾਏ ਜਾ ਰਹੇ ਹਨ । ਮਿਡਲ ਤੇ ਪ੍ਰਾਇਮਰੀ ਸਕੂਲ ਵੀ ਬਹੁਤ ਹਨ । ਇਨ੍ਹਾਂ ਤੋਂ ਬਿਨਾਂ ਅੱਜ-ਕਲ੍ਹ ਪ੍ਰਾਈਵੇਟ ਅਕੈਡਮੀਆਂ ਦਾ ਵੀ ਰਿਵਾਜ ਚਲ ਪਿਆ ਹੈ, ਇਸ ਸ਼ਹਿਰ ਵਿੱਚ ਇਨ੍ਹਾਂ ਦੀ ਵੀ ਘਾਟ ਨਹੀਂ । ਅੱਜ-ਕਲ੍ਹ ਬਹੁਤ ਸਾਰੇ ਪਬਲਿਕ ਸਕੂਲ ਚਲ ਰਹੇ ਹਨ, ਜਿਨ੍ਹਾਂ ਦਾ ਸਿੱਖਿਆ-ਮਾਧਿਅਮ ਅੰਗਰੇਜ਼ੀ ਹੈ । ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤੇ ਇਸ ਦੀਆਂ ਕਈ ਸ਼ਾਖਾਂ ਸ਼ਹਿਰ 'ਚ ਚੱਲ ਰਹੀਆਂ ਹਨ, ਜਿਹਨਾਂ ਦਾ ਪ੍ਰਬੰਧ ਚੀਫ਼ ਖਾਲਸਾ ਦੀਵਾਨ ਵੱਲੋਂ ਕੀਤਾ ਜਾ ਰਿਹਾ ਹੈ । ਕੁਝ ਪਬਲਿਕ ਸਕੂਲ ਹਿੰਦੂਆਂ ਅਤੇ ਈਸਾਈਆਂ ਵੱਲੋਂ ਵੀ ਚਲਾਏ ਜਾ ਰਹੇ ਹਨ ।

## ਪੰਥਕ ਸੰਸਥਾਵਾਂ ਦਾ ਕੇਂਦਰ ਸ੍ਰੀ ਅੰਮ੍ਰਿਤਸਰ

ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਸ੍ਰੀ ਅੰਮ੍ਰਿਤਸਰ ਹਰ ਪ੍ਰਕਾਰ ਦੀਆਂ ਸਿੱਖ ਸਰਗਰਮੀਆਂ ਦਾ ਕੇਂਦਰ ਰਿਹਾ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਤੋਂ ਬਾਅਦ ਸਿੱਖ ਫੌਜਾਂ ਦੀ ਰਿਹਾਇਸ਼ ਤੇ ਸਿਖਲਾਈ ਦਾ ਕੇਂਦਰ ਬਣਿਆ।ਗੁਰੂ ਸਾਹਿਬ ਵੱਲੋਂ ਸਰਕਾਰ ਦੀਆਂ ਵਧੀਕੀਆਂ ਤੇ ਜ਼ੁਲਮ ਵਿਰੁੱਧ ਲੜੀਆਂ ਗਈਆਂ ਲੜਾਈਆਂ ਸਮੇਂ ਵੀ ਅੰਮ੍ਰਿਤਸਰ ਹੀ ਸਾਰੀਆਂ ਸਰਗਰਮੀਆਂ ਦਾ ਕੇਂਦਰ ਰਿਹਾ ।

## ਕਿਲ੍ਹਾ ਰਾਮਗੜ੍ਹ :

ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਸ ਤੋਂ ਬਾਅਦ ਤੱਤ ਖਾਲਸੇ ਵੱਲੋਂ ਸ੍ਰੀ ਹਰਿਮੰਦਰ

ਸਾਹਿਬ ਦਾ ਪ੍ਰਬੰਧ ਸੰਭਾਲਣ ਉੱਪਰੰਤ ਸਿੱਖ ਸਰਗਰਮੀਆਂ ਦਾ ਕੇਂਦਰ ਅੰਮ੍ਰਿਤਸਰ ਹੀ ਸੀ। ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ: ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿੱਚ ਪੰਥ ਵੱਲੋਂ ਜੋ ਪਹਿਲਾ ਕਿਲ੍ਹਾ ਪਹਿਲਾਂ ਰਾਮ ਰੌਣੀ ਤੇ ਫਿਰ ਰਾਮਗੜ੍ਹ ਦੇ ਰੂਪ ਵਿੱਚ ਉਸਾਰਿਆ ਗਿਆ। ਉਹ ਵੀ ਅੰਮ੍ਰਿਤਸਰ ਵਿੱਚ ਹੀ ਗੁ: ਰਾਮਸਰ ਦੇ ਨੇੜੇ ਉਸਾਰਿਆ ਗਿਆ।

## ਜੱਥੇ ਤੇ ਮਿਸਲਾਂ :

ਜਦ ਸਿੰਘਾਂ ਦੇ ਵੱਖ-ਵੱਖ ੬੫ ਜਥੇ ਬਣ ਗਏ, ਤਾਂ ਪੰਥਕ ਮੁਖੀਆਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਇਕੱਠ ਕਰ ਕੇ ਪੰਜ ਜਥੇ ਕਾਇਮ ਕੀਤੇ। ਫਿਰ ਬਾਰਾਂ ਮਿਸਲਾਂ ਬਣੀਆਂ, ਤਾਂ ਉਨ੍ਹਾਂ ਮਿਸਲਾਂ ਦੇ ਮੁਖੀਆਂ ਦੇ ਪੰਥਕ ਇਕੱਠ ਸ੍ਰੀ ਅੰਮ੍ਰਿਤਸਰ ਵਿਖੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਕੀਤੇ ਜਾਂਦੇ ਰਹੇ।

## ਧਾਰਮਿਕ ਰਾਜਧਾਨੀ :

ਪੰਥਕ ਅਕਾਲੀ ਬੁੱਢਾ ਦਲ ਅਤੇ ਤਰਨਾ ਦਲ ਵੀ ਸ੍ਰੀ ਅੰਮ੍ਰਿਤਸਰ ਵਿੱਚ ਹੀ ਕਾਇਮ ਕੀਤੇ ਗਏ। ਜਦ ਅੰਮ੍ਰਿਤਸਰ ਖਾਲਸਾ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ, ਤਾਂ ਮਹਾਰਾਜਾ ਰਣਜੀਤ ਸਿੰਘ ਨੇ ਰਾਜਨੀਤਕ ਰਾਜਧਾਨੀ ਤਾਂ ਲਾਹੌਰ ਨੂੰ ਬਣਾਇਆ ਪਰ ਧਾਰਮਿਕ ਰਾਜਧਾਨੀ ਅੰਮ੍ਰਿਤਸਰ ਨੂੰ ਸਥਾਪਤ ਕੀਤਾ। ਖਾਲਸਾ ਰਾਜ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਧਰਮ ਨੂੰ ਰਾਜਨੀਤੀ ਤੋਂ ਉੱਪਰ ਸਮਝਦਾ ਸੀ ਤੇ ਸ਼ਾਹੀ ਫ਼ੁਰਮਾਨ ਨਾਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਸੁਪਰੀਮ ਸਮਝਿਆ ਜਾਂਦਾ ਸੀ।

## ਸਿੰਘ ਸਭਾ :

ਅੰਗਰੇਜ਼ੀ ਰਾਜ ਆ ਜਾਣ 'ਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਦਾ ਪ੍ਰਬੰਧ ਵੀ ਅੰਗਰੇਜ਼ਾਂ ਨੇ ਅਪਣੇ ਪਿੱਠੂ ਤੇ ਝੋਲੀ-ਚੁੱਕ ਮਹੰਤਾਂ ਤੇ ਪੁਜਾਰੀਆਂ ਰਾਹੀਂ ਚਲਾਉਣਾ ਸ਼ੁਰੂ ਕਰ ਦਿੱਤਾ, ਜਿਸ ਦਾ ਸਿੱਖ ਪੰਥ ਨੂੰ ਭਾਰੀ ਦੁੱਖ ਹੋਇਆ। ਗੁਰਦੁਆਰਾ ਪ੍ਰਬੰਧ ਸੁਧਾਰ ਲਈ ਤੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਪੰਥਕ ਹੱਥਾਂ ਵਿੱਚ ਲੈਣ ਲਈ ੧੮੭੩ ਈਸਵੀ ਵਿੱਚ ਪਹਿਲੀ ਸਿੰਘ ਸਭਾ ਅੰਮ੍ਰਿਤਸਰ ਵਿੱਚ ਹੀ ਕਾਇਮ ਕੀਤੀ ਗਈ।

## ਚੀਫ਼ ਖਾਲਸਾ ਦੀਵਾਨ :

੧੮੮੩ ਈ: ਵਿੱਚ ਖਾਲਸਾ ਦੀਵਾਨ ਅੰਮ੍ਰਿਤਸਰ ਹੋਂਦ ਵਿੱਚ ਆਇਆ। ਜਦ ਕਿ ੧੮੮੫ ਈ: ਵਿੱਚ ਖਾਲਸਾ ਦੀਵਾਨ ਲਾਹੌਰ ਕਾਇਮ ਹੋਇਆ। ੧੯੦੧ ਈਸਵੀ ਵਿੱਚ ਇਨ੍ਹਾਂ ਦੋਹਾਂ ਦੀਵਾਨਾਂ ਨੂੰ ਮਿਲਾ ਕੇ ਚੀਫ਼ ਖਾਲਸਾ ਦੀਵਾਨ ਨਾਮ ਦੀ ਜਥੇਬੰਦੀ ਖੜ੍ਹੀ ਕੀਤੀ ਗਈ, ਜੋ ਹੁਣ ਤਕ ਕਾਇਮ ਹੈ। ਜਿਸ ਨੇ ਵਿਦਿਅਕ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਇਸ ਦਾ ਕੇਂਦਰੀ ਦਫ਼ਤਰ ਵੀ ਅੰਮ੍ਰਿਤਸਰ ਵਿੱਚ ਹੀ ਕੰਮ ਕਰਦਾ ਰਿਹਾ ਤੇ ਕਰ ਰਿਹਾ ਹੈ।

## ਪੰਜਾਬ ਐਂਡ ਸਿੰਧ ਬੈਂਕ :

ਕੌਮ ਨੂੰ ਆਰਥਕ ਪੱਖੋਂ ਮਜ਼ਬੂਤ ਕਰਨ ਲਈ ਚੀਫ਼ ਖਾਲਸਾ ਦੀਵਾਨ ਦੇ ਮੁਖੀਆਂ ਨੇ ਪੰਜਾਬ ਐਂਡ ਸਿੰਧ ਬੈਂਕ ਸ਼ੁਰੂ ਕੀਤਾ, ਜਿਸ ਨੇ ਆਰਥਕ ਇਨਕਲਾਬ ਵਿੱਚ ਪ੍ਰਸੰਸਾ-ਯੋਗ ਯੋਗਦਾਨ ਪਾਇਆ। ਇਸ ਬੈਂਕ ਦੀ ਮੁੱਖ ਸ਼ਾਖ ਵੀ ਅੰਮ੍ਰਿਤਸਰ ਵਿੱਚ ਹੀ ਖੋਲ੍ਹੀ ਗਈ।

ਭਾਵੇਂ ਅੱਜ-ਕਲ੍ਹ ਇਸ ਦੇ ਵਿਸਥਾਰ ਵਿੱਚ ਫੈਲ ਜਾਣ ਕਾਰਨ ਮੁੱਖ ਦਫ਼ਤਰ ਦਿੱਲੀ ਵਿੱਚ ਹੈ ।

## ਸ਼੍ਰੋਮਣੀ ਗੁ: ਪ੍ਰ: ਕਮੇਟੀ :

ਗੁਰਦੁਆਰਾ ਪ੍ਰਬੰਧ ਨੂੰ ਪੰਥਕ ਹੱਥਾਂ ਵਿੱਚ ਲਿਆਉਣ ਹਿੱਤ ੧੬ ਨਵੰਬਰ ੧੯੨੦ ਈ: ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਮੂਹ ਸਿੱਖ ਸੰਪ੍ਰਦਾਵਾਂ ਤੇ ਸਿੱਖ-ਸੰਸਥਾਵਾਂ ਤੇ ਸਿੱਖ ਜਥੇ ਬੰਦੀਆਂ ਦੇ ਪ੍ਰਤੀਨਿਧਾਂ ਦੀ ਕਨਵੈਨਸ਼ਨ ਹੋਈ, ਜਿਸ ਵਿੱਚ ੧੭੫ ਮੈਂਬਰਾਂ ਦੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਚੁਣੀ ਗਈ, ਜਿਸ ਦੇ ਪਹਿਲੇ ਪ੍ਰਧਾਨ ਸ: ਸੁੰਦਰ ਸਿੰਘ ਮਜੀਠਾ, ਮੀਤ ਪ੍ਰਧਾਨ ਸ: ਹਰਬੰਸ ਸਿੰਘ ਜੀ ਅਤੇ ਸਕੱਤਰ ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਚੁਣੇ ਗਏ । ਸ: ਸੁੰਦਰ ਸਿੰਘ ਮਜੀਠਾ ਦੇ ਸਰਕਾਰ ਵਿੱਚ ਚਲੇ ਜਾਣ 'ਤੇ ਬਾਬਾ ਖੜਕ ਸਿੰਘ ਸਿਆਲਕੋਟ ਪ੍ਰਧਾਨ ਚੁਣ ਲਏ ਗਏ । ਹੁਣ ਤਕ ਇਸ ਕਮੇਟੀ ਦੇ ੨੨ ਪ੍ਰਧਾਨ ਹੋ ਚੁਕੇ ਹਨ ੨੩ਵਾਂ ਸ: ਗੁਰਚਰਨ ਸਿੰਘ ਜੀ 'ਟੌਹੜਾ' ਹਨ ਤੇ ੨੪ਵਾਂ ਸ: ਕਾਬਲ ਸਿੰਘ ਸੀ । ੧੯੨੫ ਈ: ਵਿੱਚ ਗੁਰਦੁਆਰਾ ਐਕਟ ਬਣ ਜਾਣ ਬਾਅਦ ਸਿੱਖ ਬਾਲਗਾਂ ਦੀਆਂ ਵੋਟਾਂ ਨਾਲ ਚੁਣੀ ਇਹ ਸਿੱਖ ਕੌਮ ਦੀ ਸੁਪਰੀਮ ਸੰਸਥਾ ਹੈ, ਜੋ ਪੰਜਾਬ ਦੇ ਸਿੱਖ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੀ ਹੈ । ਇਸ ਦਾ ਮੁਖ ਦਫ਼ਤਰ ਵੀ ਹੁਣ ਤਕ ਅੰਮ੍ਰਿਤਸਰ ਵਿੱਚ ਚਲਾ ਆਉਂਦਾ ਹੈ ।

## ਸ਼੍ਰੋਮਣੀ ਅਕਾਲੀ ਦਲ :

ਪੰਥ ਦੀ ਰਾਜਸੀ, ਆਰਥਕ ਤੇ ਸਮਾਜਕ ਪੱਖੋਂ ਅਗਵਾਈ ਕਰਨ ਹਿੱਤ ੧੪ ਦਸੰਬਰ ੧੯੨੦ ਈ: ਨੂੰ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਦਾ ਗਠਨ ਕੀਤਾ ਗਿਆ, ਜਿਸ ਦੇ ਪਹਿਲੇ ਪ੍ਰਧਾਨ ਸ: ਸਰਮੁਖ ਸਿੰਘ ਝਬਾਲੀਆ ਚੁਣੇ ਗਏ ; ਇਸ ਜਥੇਬੰਦੀ ਵੱਲੋਂ ਗੁਰਦੁਆਰੇ ਆਜ਼ਾਦ ਕਰਾਉਣ ਹਿੱਤ ਲਾਏ ਗਏ ਮੋਰਚਿਆਂ (ਜਿਵੇਂ ਕਿ ਗੁਰੂ ਕਾ ਬਾਗ, ਭਾਈ ਫੇਰੂ ਤੇ ਗੁ: ਗੰਗਸਰ ਜੈਤੋ ਦੇ) ਸਮੇਂ ਇਸ ਜਥੇਬੰਦੀ ਦੇ ਵਾਲੰਟੀਅਰਾਂ ਨੇ ਬਹੁਤ ਸ਼ਾਨਦਾਰ ਹਿੱਸਾ ਪਾਇਆ ਤੇ ਕੁਰਬਾਨੀਆਂ ਦਿੱਤੀਆਂ । ਇਸੇ ਕਰ ਕੇ ਇਸ ਨੂੰ ਹੁਣ ਤਕ ਸ਼ਹੀਦਾਂ ਦੀ ਜਥੇਬੰਦੀ ਦਾ ਨਾਮ ਦਿੱਤਾ ਜਾਂਦਾ ਹੈ । ਭਾਵੇਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਹੈ ਪਰ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਟਿਕਟ ਉੱਪਰ ਹੀ ਵਧੇਰੇ ਸਫਲ ਹੁੰਦੇ ਰਹੇ ਹਨ । ਇਸ ਜਥੇਬੰਦੀ ਨੇ ਅੰਗਰੇਜ਼ਾਂ ਪਾਸੋਂ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਭਾਰਤ ਦੀਆਂ ਸਭ ਕੌਮਾਂ ਤੋਂ ਵੱਧ ਹਿੱਸਾ ਪਾਇਆ । ਪੰਜਾਬੀ ਸੂਬਾ ਪ੍ਰਾਪਤੀ ਤੇ ਐਮਰਜੈਂਸੀ ਦੀ ਲਾਹਨਤ ਨੂੰ ਲੋਕਾਂ ਦੇ ਗਲੋਂ ਲਾਹੁਣ ਲਈ ਕਈ ਵਾਰ ਜੇਲ੍ਹਾਂ ਭਰੀਆਂ, ਜੋ ਇਕ ਰੀਕਾਰਡ ਹੈ । ੧੯੮੨ ਈ: 'ਚ ਲੱਗਾ ਧਰਮ-ਯੁੱਧ ਮੋਰਚਾ ਚਲਾਉਣ ਦਾ ਸੇਹਰਾ ਵੀ ਇਸ ਜਥੇਬੰਦੀ ਦੇ ਹੀ ਸਿਰ ਬੱਝਦਾ ਹੈ । ਸਾਰੇ ਮੋਰਚੇ ਤੇ ਅੰਦੋਲਨ ਜੋ ਸ਼੍ਰੋਮਣੀ ਅਕਾਲੀ ਦਲ ਨੇ ਚਲਾਏ । ਉਹ ਸਾਰੇ ਅੰਮ੍ਰਿਤਸਰ ਤੋਂ ਹੀ ਚਲਾਏ ਕਿਉਂਕਿ ਇਸ ਜਥੇਬੰਦੀ ਦਾ ਕੇਂਦਰੀ ਦਫ਼ਤਰ ਵੀ ਅੰਮ੍ਰਿਤਸਰ ਹੀ ਸੀ। ੧੯੭੭ ਈ: ਵਿੱਚ ਅੰਮ੍ਰਿਤਸਰ ਸ਼ਹਿਰ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਬੜੀ ਧੂਮ-ਧਾਮ ਤੇ ਸ਼ਾਨ-ਸ਼ੌਕਤ ਨਾਲ ਮਨਾਇਆ ਗਿਆ, ਜੋ ਸੰਸਾਰ ਦੇ ਇਤਿਹਾਸ ਵਿੱਚ ਆਪਣੀ ਮਿਸਾਲ ਆਪ ਹੈ ।

## ਸ਼ਹੀਦ ਸਿੱਖ ਮਿਸ਼ਨਰੀ ਕਾਲਜ :

ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦਗਾਰ ਵਜੋਂ ਇਹ ਕਾਲਜ ਸ਼੍ਰੋਮਣੀ ਕਮੇਟੀ ਵੱਲੋਂ

੧੯੨੭ ਈ: ਵਿੱਚ ਆਰੰਭ ਕੀਤਾ ਗਿਆ । ਇਸ ਦੀ ਨਿਰੰਤਰ ਤੌਰ ਵਿੱਚ ਦੋ ਵਾਰ ਛੋਟੇ-ਛੋਟੇ ਵਕਫ਼ੇ ਆਏ । ਇਕ ੧੯੪੩ ਈ: ਅਤੇ ਦੂਜਾ ੧੯੪੭ ਈ: ਬਾਅਦ । ਇਸ ਦਾ ਵਰਤਮਾਨ ਦੌਰ ਸ: ਈਸ਼ਰ ਸਿੰਘ ਜੀ ਮਝੈਲ ਦੀ ਪ੍ਰਧਾਨਗੀ ਸਮੇਂ ੧੯੫੪ ਈ: ਤੋਂ ਆਰੰਭ ਹੋਇਆ, ਇਸ ਵਿੱਚ ਪ੍ਰਚਾਰਕ ਕਲਾਸ ਤੇ ਸੰਗੀਤ ਕਲਾਸ ਦੋ ਵਿਭਾਗ ਚਲ ਰਹੇ ਹਨ । ਸੰਗੀਤ ਕਲਾਸ ਦੇ ਅੱਗੇ ਦੋ ਹਿੱਸੇ ਹਨ ਇਕ ਸੰਗੀਤ (ਹਾਰਮੋਨੀਅਮ) ਤੇ ਦੂਜਾ ਤਬਲਾ (ਜੋੜੀ) ਸਿਖਲਾਈ । ਵਿਦਿਆਰਥੀਆਂ ਦੀ ਗਿਣਤੀ ਪ੍ਰਚਾਰਕ ਕਲਾਸ ੨੦, ਸੰਗੀਤ ਕਲਾਸ ੨੦, ਤੇ ਤਬਲਾ ਕਲਾਸ ੧੦, ਕੁਲ ੫੦ ਵਿਦਿਆਰਥੀ ਹਨ । ਸਟਾਫ 'ਚੋ ਇਕ ਪ੍ਰਿੰਸੀਪਲ, ਦੋ ਪ੍ਰੋਫੈਸਰ ਮਿਸ਼ਨਰੀ ਤੇ ਸੰਗੀਤ ਲਈ ਦੋ ਪ੍ਰੋਫੇਸਰ, ਇਕ ਪ੍ਰੋਫੈਸਰ ਤਬਲਾ, ਇਕ ਟਾਇਪਿਸਟ, ਇਕ ਕਲਰਕ ਤੇ ਇਕ ਲਾਇਬ੍ਰੇਰੀਅਨ ਹਨ। ਇਸ ਕਾਲਜ ਚੋਂ ਵਿੱਦਿਆ ਪ੍ਰਾਪਤ ਕਰ ਚੁੱਕੇ ਮੁਖੀ ਵਿਦਿਆਰਥੀ ਬੇਅੰਤ ਨਾਮਨਾ ਖੱਟ ਚੁੱਕੇ ਹਨ ਤੇ ਚੰਗੀਆਂ ਉੱਚ ਧਾਰਮਕ ਪਦਵੀਆਂ ਉੱਪਰ ਸਸ਼ੋਭਤ ਰਹੇ ਹਨ ।

## ਸੈਂਟਰਲ ਖਾਲਸਾ ਯਤੀਮਖਾਨਾ ਅਤੇ ਸੂਰਮਾ ਸਿੰਘ ਆਸ਼ਰਮ ਅੰਮ੍ਰਿਤਸਰ :

ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ੧੯ ਅਪ੍ਰੈਲ ੧੯੦੪ ਈ: ਤੋਂ ਪੁਤਲੀਘਰ ਦੇ ਚੌਂਕ ਦੇ ਨੇੜੇ ਜੀ.ਟੀ.ਰੋਡ ਉੱਪਰ ਚਲ ਰਿਹਾ ਹੈ ਜਿਸ ਵਿੱਚ ਯਤੀਮ, ਲਾਵਾਰਸ ਤੇ ਸੂਰਮੇ (ਨੇਤਰਹੀਣ) ਬੱਚਿਆਂ ਦੀ ਪਾਲਣ- ਪੋਸਣਾਂ ਤੋਂ ਇਲਾਵਾ ਵਿੱਦਿਆ ਤੇ ਕਈ ਕਿੱਤਿਆਂ ਦੀ ਸਿਖਲਾਈ ਦਿੱਤੀ ਜਾਂਦੀ ਹੈ । ਬੱਚਿਆਂ ਨੂੰ ਕੀਰਤਨ (ਹਾਰਮੋਨੀਅਮ) ਤਬਲਾ, ਬੁਣਾਈ, ਸਿਲਾਈ,ਆਰਟ ਐਂਡ ਕਰਾਫਟ, ਬਰੇਲ ਵਿੱਦਿਆ, ਸਕੂਲੀ ਵਿੱਦਿਆ, ਨਿਤਨੇਮ, ਗੁਰਬਾਣੀ ਕਲਾਸ, ਖੇਡਾਂ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ । ਹਰ ਐਤਵਾਰ ਬੱਚਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾਏ ਜਾਂਦੇ ਹਨ । ਨਾਮਵਰ ਹਸਤੀਆਂ ਨੇ ਇਥੋਂ ਵਿੱਦਿਆ ਪ੍ਰਾਪਤ ਕੀਤੀ । ਪ੍ਰਸਿੱਧ ਕੀਰਤਨੀਏ ਇਸੇ ਆਸ਼ਰਮ ਤੋਂ ਕੀਰਤਨ ਦਾ ਹੁੱਨਰ ਸਿੱਖ ਕੇ ਗਏ ਹਨ । ਇਸ ਆਸ਼ਰਮ ਵਿੱਚ ਇਸ ਸਮੇਂ ਕਾਫ਼ੀ ਬੱਚੇ ਹਨ ਤੇ ਆਸ਼ਰਮ ਦਾ ਸਾਲਾਨਾ ਖਰਚ ਕਈ ਲੱਖਾਂ ਰੁਪਏ ਹੈ।

## ਲੋਕ ਭਲਾਈ ਸੰਸਥਾ ਪਿੰਗਲਵਾੜਾ :

ਇਸ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਗੁਰੂ ਘਰ ਦੇ ਅਨੰਨ ਨਿਸ਼ਕਾਮ ਸੇਵਕ ਹਨ । ਇਨ੍ਹਾਂ ਨੇ ਇਹ ਸੰਸਥਾ ਪਹਿਲਾਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ ਆਰੰਭ ਕੀਤੀ । ੧੯੪੭ ਦੇ ਬਟਵਾਰੇ ਸਮੇਂ ਅੰਮ੍ਰਿਤਸਰ ਆ ਗਏ । ਉਨ੍ਹਾਂ ਨੇ ਇਥੇ ਆ ਕੇ ਉਸੇ ਸੰਸਥਾ ਨੂੰ ਪਿੰਗਲਵਾੜਾ ਨਾਮ 'ਤੇ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ। ਲੂਲ੍ਹੇ, ਲੰਗੜੇ, ਅੰਗਹੀਨ, ਨਿਆਸਰੇ, ਲਾਵਾਰਸ, ਯਤੀਮ, ਰੋਗੀ, ਬਾਲ, ਨੌਜਵਾਨ ਤੇ ਬੁੱਢਿਆਂ ਨੂੰ ਰੋਟੀ ਕਪੜਾ ਰਿਹਾਇਸ਼ ਦਵਾਈ ਆਦਿ ਦੀਆਂ ਸਾਰੀਆਂ ਲੋੜੀਂਦੀਆਂ ਸਹੂਲਤਾਂ ਦੇ ਕੇ ਪਰਉਪਕਾਰੀ ਕਾਰਜ ਅਰੰਭਿਆ । ਰੋਗੀਆਂ ਨੂੰ ਆਪ ਹਸਪਤਾਲ ਲੈ ਜਾ ਕੇ ਡਾਕਟਰੀ ਮੁਆਇਨੇ ਕਰਾਉਣ ਤੇ ਦਵਾਈਆਂ ਆਦਿ ਦਾ ਪ੍ਰਬੰਧ ਭਗਤ ਜੀ ਦੇ ਆਪਣੇ ਜ਼ਿੰਮੇ ਹੈ । ਭਗਤ ਜੀ ਇਸ ਸੇਵਾ ਨੂੰ ਮਾਨਵਤਾ ਦੀ ਸੇਵਾ ਤੇ ਲੋਕ ਭਲਾਈ ਦਾ ਸਭ ਤੋਂ ਉੱਤਮ ਕਰਮ ਗਿਣਦੇ ਹਨ । ਲਾਹੌਰ 'ਚ ਰਹਿਣ ਸਮੇਂ ਭਗਤ ਜੀ ਸੜਕਾਂ ਤੋਂ ਗੰਦ-ਮੰਦ, ਇੱਟਾਂ ਰੋੜੇ ਤੇ ਕਿੱਲ ਆਦਿ ਚੁਗ ਕੇ ਬਾਹਰ

ਸੁਟਦੇ ਰਹਿੰਦੇ ਸਨ । ਆਪ ਛੂਤ ਦੀ ਬੀਮਾਰੀ ਨਾਲ ਰੋਗੀ ਵਿਅਕਤੀਆਂ ਤੋਂ ਵੀ ਕੋਈ ਘਿਰਣਾ ਨਹੀਂ ਕਰਦੇ। ਸਗੋਂ ਆਪ ਬੀਮਾਰਾਂ ਵਾਂਗ ਉਨ੍ਹਾਂ ਦੀ ਵੀ ਆਪਣੇ ਹੱਥੀਂ ਸੇਵਾ ਕਰਨ ਨੂੰ ਸੁਭਾਗ ਸਮਝਦੇ ਹਨ । ਇਸ ਸਮੇਂ ਇਸ ਆਸ਼ਰਮ ਵਿੱਚ ੪੦੦ ਦੇ ਲਗਭਗ ਨਿਆਸਰੇ ਵਿਅਕਤੀ ਰਹਿ ਰਹੇ ਹਨ । ਜਿਹਨਾਂ ਦੇ ਲੰਗਰ ਦਾ ਰੋਜ਼ਾਨਾ ਖਰਚ ੩੯੫/- ਤੇ ਮਹੀਨੇ ਦਾ ਇਕ ਲੱਖ ਰੁਪਏ ਹੈ । ਇਸ ਵੇਲੇ ਅੰਮ੍ਰਿਤਸਰ ਦੇ ਵੱਡੇ ਬੱਸ ਅੱਡੇ ਦੇ ਨੇੜੇ ਜੀ.ਟੀ.ਰੋਡ ਉੱਪਰ ਪਿੰਗਲਵਾੜੇ ਦੀ ਆਪਣੀ ਇਮਾਰਤ ਹੈ । ਇਸ ਦੇ ਖਰਚ ਦੀ ਪੂਰਤੀ ਦਾ ਸਰੋਤ ਤਾਂ ਦਾਨੀ ਸੱਜਣਾਂ ਵੱਲੋਂ ਦਿੱਤੀ ਮਾਇਆ ਹੀ ਹੈ ਪਰ ਹੁਣ ਪ੍ਰਦੇਸਾਂ ਤੋਂ ਵੀ ਉਥੇ ਬੈਠੇ ਸਿੱਖ ਤੇ ਪੰਜਾਬੀ ਇਸ ਆਸ਼ਰਮ ਨੂੰ ਸਹਾਇਤਾ ਭੇਜ ਰਹੇ ਹਨ ।

## ਅੰਧ ਵਿਦਿਆਲਾ :

ਸੈਂਟਰਲ ਯਤੀਮਖਾਨਾ ਤੇ ਸੂਰਮਾ ਸਿੰਘ ਆਸ਼ਰਮ ਦੇ ਢੰਗ ਦਾ ਇਹ ਹਿੰਦੂ ਸੂਰਮੇ ਬੱਚਿਆਂ ਦੀ ਪਾਲਣਾ ਤੇ ਸਿਖਲਾਈ ਦਾ ਵਿਦਿਆਲਾ ਦੁਰਗਿਆਣਾ ਮੰਦਰ ਦੇ ਨੇੜੇ ਦੀ ਇਮਾਰਤ ਵਿੱਚ ਚਲ ਰਿਹਾ ਹੈ । ਬੱਚਿਆਂ ਨੂੰ ਕੁਰਸੀਆਂ ਦੇ ਬੁਣਨ, ਦਰੀਆਂ ਉੱਣਨ ਆਦਿ ਕਈ ਪ੍ਰਕਾਰ ਦੇ ਕਿੱਤਿਆਂ ਦੀ ਸਿਖਲਾਈ ਦਿੱਤੀ ਜਾਂਦੀ ਹੈ । ਬਰੇਲ ਵਿਦਿਆ ਦੀ ਪੜ੍ਹਾਈ ਕਰਾਈ ਜਾਂਦੀ ਹੈ । ਸੰਗੀਤ ਵੀ ਸਿਖਾਇਆ ਜਾਂਦਾ ਹੈ । ਸਾਲ ਦੇ ਸਾਲ ਸਰਬ ਭਾਰਤ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ ਜਿਸ ਵਿੱਚ ਭਾਰਤ 'ਚੋਂ ਚੋਟੀ ਦੇ ਸੰਗੀਤਕਾਰ ਤੇ ਗਵੱਈਏ ਇਸ ਵਿੱਚ ਸ਼ਾਮਲ ਹੋ ਕੇ ਆਪੋ ਆਪਣੇ ਹੁੱਨਰਾਂ ਦੇ ਜੌਹਰ ਦਿਖਾਉਂਦੇ ਹਨ ।

## ਅਜ਼ਾਦੀ ਦੀਆਂ ਲਹਿਰਾਂ ਦਾ ਕੇਂਦਰ :

ਆਰੰਭ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰ ਕੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਣੀਆਂ । ਸਿੱਖਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਫ਼ੌਜੀ ਸਿਖਲਾਈ ਦਾ ਕੇਂਦਰ ਸ੍ਰੀ ਅੰਮ੍ਰਿਤਸਰ ਨੂੰ ਥਾਪਿਆ । ਲੋਹਗੜ੍ਹ ਕਿਲ੍ਹਾ ਤੇ ਸ਼ਹਿਰ ਦੇ ਚੁਫੇਰੇ ਫਸੀਲ ਉਸਾਰ ਕੇ ਸੁਰੱਖਿਆ ਪਰਬੰਧ ਮਜ਼ਬੂਤ ਕੀਤੇ । ਵਿਦੇਸ਼ੀ ਤੇ ਜ਼ਾਲਮ ਮੁਗ਼ਲੀਆ ਹਕੂਮਤ ਪਾਸੋਂ ਧਾਰਮਕ ਤੇ ਰਾਜਸੀ ਆਜ਼ਾਦੀ ਦਿਵਾਉਣ ਖਾਤਰ ਅੰਮ੍ਰਿਤਸਰ ਨੂੰ ਆਪਣਾ ਜੰਗੀ ਕੇਂਦਰ ਥਾਪ ਕੇ ਸਰਕਾਰੀ ਫ਼ੌਜਾਂ ਨਾਲ ਚਾਰ ਜੰਗਾਂ ਲੜੀਆਂ ।

ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਜਦ ਕਿ ਭਾਈ ਮਨੀ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਨ । ਭਾਰਤ ਦੀ ਆਜ਼ਾਦੀ ਦੀ ਖਾਤਰ ਸਿੰਘਾਂ ਵੱਲੋਂ ਆਰੰਭੇ ਸੁਤੰਤਰਤਾ ਸੰਗਰਾਮ ਨੂੰ ਤਾਕਤ, ਮਜ਼ਬੂਤੀ, ਅਗਵਾਈ ਅਤੇ ਸੇਧ ਅੰਮ੍ਰਿਤਸਰ ਦੇ ਕੇਂਦਰ ਤੋਂ ਹੀ ਮਿਲਦੀ ਰਹੀ । ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਸਿੰਘਾਂ ਦੇ ੬੫ ਜਥੇ ਬਣੇ, ਫਿਰ ੨੫ ਜਥੇ ਬਣਾਏ ਗਏ । ਸਾਰੇ ਜਥਿਆਂ ਦੇ ਮੁਖੀ ਅੰਮ੍ਰਿਤਸਰ ਪੁੱਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਬੈਠ ਕੇ ਸਰਬੱਤ ਖਾਲਸਾ ਸਮਾਗਮ ਰਚਦੇ ਰਹੇ। ਮੁਗ਼ਲਾਂ ਦੀ ਜ਼ਾਲਮ ਹਕੂਮਤ ਪਾਸੋਂ ਭਾਰਤ ਨੂੰ ਸੁਤੰਤਰ ਕਰਵਾਉਣ ਹਿਤ ਸਕੀਮਾਂ ਸੋਚਦੇ, ਗੁਰਮਤੇ ਸੋਧਦੇ ਤੇ ਉਨ੍ਹਾਂ ਗੁਰਮਤਿਆਂ ਤੇ ਅਮਲ-ਦਰਾਮਦ ਕਰਦੇ, ਜਾਨਾਂ ਹੂਲ ਕੇ ਜੂਝਦੇ ਤੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਇਹ ਸਾਰੀ ਸੁਤੰਤਰਤਾ ਲਹਿਰ ਦਾ ਕੇਂਦਰ ਸ੍ਰੀ

ਅੰਮ੍ਰਿਤਸਰ ਹੀ ਬਣਿਆ ਰਿਹਾ ।

੧੨ ਮਿਸਲਾਂ ਦੇ ਸਮੇਂ ਮਿਸਲਾਂ ਦੇ ਸਰਦਾਰ ਵਿਸਾਖੀ ਜਾਂ ਦੀਵਾਲੀ ਦੇ ਮੌਕੇ 'ਤੇ ਸਰਬੱਤ ਖਾਲਸਾ ਸਮਾਗਮ ਕਰਦੇ, ਪੰਜਾਬ ਅੰਦਰ ਮਜ਼ਬੂਤ ਖਾਲਸਾ ਰਾਜ ਕਾਇਮ ਕਰਨ ਦੀਆਂ ਤਜਵੀਜ਼ਾਂ ਸੋਚਦੇ । ਭਾਰਤ ਨੂੰ ਆਜ਼ਾਦ ਕਰਾਉਣ ਦੇ ਸੁਪਨੇ ਲੈਂਦੇ । ਮਿਸਲਾਂ ਦੇ ਆਪਸੀ ਝਗੜੇ ਨਿਬੇੜਦੇ, ਗੁਰਮਤੇ ਪਾਸ ਕਰਦੇ ਰਹੇ । ਹਰ ਮਿਸਲ ਦੀ ਫਾਈਲ ਅਕਾਲ ਤਖ਼ਤ ਸਾਹਿਬ ਜਮ੍ਹਾਂ ਰਹਿੰਦੀ । ਇਥੋਂ ਦੇ ਕੀਤੇ ਫ਼ੈਸਲੇ ਨੂੰ ਹਰ ਮਿਸਲਦਾਰ ਖਿੜੇ ਮੱਥੇ ਪਰਵਾਨ ਕਰਦਾ । ਇਕ ਤਰ੍ਹਾਂ ਨਾਲ ਸਿੱਖ ਰਾਜ ਦੀ ਰਾਜਧਾਨੀ ਦਾ ਰੋਲ ਉਸ ਸਮੇਂ ਅੰਮ੍ਰਿਤਸਰ ਵਿੱਚ ਹੀ ਪੂਰਾ ਕੀਤਾ ਜਾਂਦਾ ਰਿਹਾ । ਸਾਰੀਆਂ ਮਿਸਲਾਂ ਦੀ ਸੋਚ ਦਾ ਕੇਂਦਰ ਸ੍ਰੀ ਅੰਮ੍ਰਿਤਸਰ ਹੀ ਬਣਿਆ ਰਿਹਾ ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਰਾਜ ਦੀ ਸਿਆਸੀ ਰਾਜਧਾਨੀ ਭਾਵੇਂ ਲਾਹੌਰ ਸੀ, ਪਰ ਮਹਾਰਾਜਾ ਵੱਲੋਂ ਗਰਮੀਆਂ ਦਾ ਸਮਾਂ ਅੰਮ੍ਰਿਤਸਰ ਰਾਮਬਾਗ ਗੁਜ਼ਾਰਨ ਕਾਰਨ ਤੇ ਹਰ ਮੁਹਿੰਮ ਦੇ ਆਰੰਭ ਅਤੇ ਸਮਾਪਤੀ 'ਤੇ ਅੰਮ੍ਰਿਤਸਰ ਪੁੱਜਣ ਦਾ ਸਦਕਾ ਸਿਆਸੀ ਸਰਗਰਮੀਆਂ ਦਾ ਕੇਂਦਰ ਵੀ ਸ੍ਰੀ ਅੰਮ੍ਰਿਤਸਰ ਹੀ ਬਣਿਆ ਰਹਿੰਦਾ । ਸਿੱਖ ਪੰਥ ਦੇ ਸਾਰੇ ਧਾਰਮਕ ਤੇ ਸਿਆਸੀ ਮਸਲੇ ਵੀ ਅੰਮ੍ਰਿਤਸਰ ਹੀ ਵਿਚਾਰੇ ਜਾਂਦੇ ਰਹੇ। ਇਹੋ ਹੀ ਕਾਰਨ ਹੈ ਕਿ ਮਹਾਰਾਜੇ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀ ਤੇ ਸੰਗ-ਮਰਮਰੀ ਕਰਨ ਤੋਂ ਇਲਾਵਾ, ਸ਼ਹਿਰ ਪਨਾਹ, ਦਰਵਾਜ਼ੇ, ਸੜਕਾਂ, ਕਟੜੇ, ਬੁੰਗੇ, ਬਾਜ਼ਾਰ, ਰਾਮਬਾਗ ਤੇ ਕਿਲ੍ਹਾ ਗੋਬਿੰਦਗੜ੍ਹ ਰਚਣ ਨਾਲ ਸ਼ਹਿਰ ਦੀ ਆਬਾਦੀ ਤੇ ਵਾਪਾਰ ਵਿੱਚ ਹਦੋਂ ਵੱਧ ਵਾਧਾ ਹੋਇਆ ।

ਅੰਗਰੇਜ਼ੀ ਰਾਜ ਸਮੇਂ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਜੋਸ਼ ਅੰਮ੍ਰਿਤਸਰ ਨੇ ਹੀ ਭਰਿਆ । ਸੁਤੰਤਰਤਾ ਲਹਿਰ ਨੂੰ ਦਬਾਉਣ ਹਿਤ ਸਰਕਾਰ ਨੇ ਰੋਲਟ ਐਕਟ ਪਾਸ ਕਰ ਦਿੱਤਾ ਜਿਸ ਦੇ ਖਿਲਾਫ਼ ਸਾਰੇ ਭਾਰਤ ਵਿੱਚ ਸਭ ਤੋਂ ਪਹਿਲਾਂ ਜਲਸੇ, ਜਲੂਸ ਤੇ ਮੁਜ਼ਾਹਰੇ ਅੰਮ੍ਰਿਤਸਰ ਵਿੱਚ ਹੀ ਹੋਏ । ਕੁਝ-ਕੁ ਹਿੰਸਕ ਘਟਨਾਵਾਂ ਵੀ ਹੋਈਆਂ ਜਿਹਨਾਂ ਵਿੱਚ ਚਾਰ- ਪੰਜ ਅੰਗਰੇਜ਼ ਵੀ ਮਾਰੇ ਗਏ । ਉਨ੍ਹਾਂ ਦਾ ਬਦਲਾ ਲੈਣ ਲਈ ਪੰਜਾਬ ਦੇ ਗਵਰਨਰ ਸਰ ਮਾਈਕਲ ਓਡਵਾਇਰ ਨੇ ਮਾਰਸ਼ਲ ਲਾਅ ਲਾ ਕੇ ਅੰਮ੍ਰਿਤਸਰ ਸ਼ਹਿਰ ਫੌਜ ਦੇ ਹਵਾਲੇ ਕਰ ਦਿੱਤਾ ਤੇ ਜਨਰਲ ਡਾਇਰ ਨੂੰ ਫੌਜ ਦਾ ਇਨਚਾਰਜ ਬਣਾ ਦਿੱਤਾ ।

੧੩ ਅਪਰੈਲ ੧੯੧੯ ਈ: ਦੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿੱਚ ਸਿੱਖ, ਹਿੰਦੂ ਤੇ ਮੁਸਲਮਾਨਾਂ ਦੇ ਸਾਂਝੇ ਭਾਰੀ ਇਕੱਠ ਉੱਪਰ ਬਿਨਾਂ ਕਿਸੇ ਵਾਰਨਿੰਗ ਦੇ ਜਨਰਲ ਡਾਇਰ ਨੇ ਅੰਧਾ ਧੁੰਧ ਗੋਲੀਆਂ ਦੀ ਵਰਖਾ ਕਰ ਕੇ ਹਜ਼ਾਰਾਂ ਨਿਹੱਥੇ ਭਾਰਤੀਆਂ ਨੂੰ ਬੇਦਰਦੀ ਨਾਲ ਸ਼ਹੀਦ ਕਰ ਦਿਤਾ । ਜਿਸ ਦੇ ਪ੍ਰਤਿਕ੍ਰਮ ਵਜੋਂ ਭਾਰਤ ਦੇ ਨੌਜਵਾਨ ਭੜਕ ਪਏ, ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ, ਦੱਤ ਤੇ ਦੇਵ ਗੁਰੂ ਆਦਿ ਨੌਜਵਾਨ ਕਈ ਅੰਗਰੇਜ਼ ਅਫਸਰਾਂ ਨੂੰ ਮਾਰ ਕੇ ਆਪ ਸ਼ਹੀਦ ਹੋ ਗਏ । ਊਧਮ ਸਿੰਘ ਨੇ ਇੰਗਲੈਂਡ ਜਾ ਕੇ ਡਾਇਰ ਨੂੰ ਕੀਤੀ ਦਾ ਫਲ ਭੁਗਤਾਇਆ ਤੇ ਆਪ ਫਾਂਸੀ ਦੇ ਤਖ਼ਤੇ 'ਤੇ ਲਟਕ ਕੇ ਸ਼ਹੀਦ ਹੋ ਗਿਆ ਐਉਂ ਆਜ਼ਾਦੀ ਦੀ ਲਹਿਰ ਦਾ ਕੇਂਦਰ ਵੀ ਅੰਮ੍ਰਿਤਸਰ ਹੀ ਬਣਿਆ ।

ਅੰਗਰੇਜ਼ ਪਿੱਠੂ ਤੇ ਆਚਰਨ ਹੀਣ ਮਹੰਤਾਂ ਤੇ ਪੁਜਾਰੀਆਂ ਪਾਸੋਂ ਗੁਰਦੁਆਰੇ ਆਜ਼ਾਦ

ਕਰਵਾਉਣ ਲਈ ਸਿੱਖ ਕੌਮ ਨੇ ਅੰਮ੍ਰਿਤਸਰ ਨੂੰ ਕੇਂਦਰ ਬਣਾ ਕੇ ਜਦੋ-ਜਹਿਦ ਆਰੰਭ ਕੀਤੀ । ਮੋਰਚੇ ਲਾਏ । ਜਿਨ੍ਹਾਂ ਰਾਹੀਂ ਸ਼ਾਂਤਮਈ ਰਹਿੰਦਿਆਂ ਹੋਇਆਂ ਸ੍ਰੀ ਨਨਕਾਣਾ ਸਾਹਿਬ, ਗੁ: ਪੰਜਾ ਸਾਹਿਬ, ਗੁਰੂ ਕਾ ਬਾਗ, ਤਰਨ ਤਾਰਨ ਤੇ ਗੁ: ਗੰਗਸਰ ਜੈਤੋ ਵਿਖੇ ਸਿੰਘਾਂ ਨੇ ਆਪਣਾ ਬੇਅੰਤ ਖ਼ੂਨ ਡੋਲ੍ਹਿਆ, ਜੰਡਾਂ ਨਾਲ ਬੰਨ੍ਹ ਕੇ ਤੇ ਭੱਠੀਆਂ 'ਚ ਸੁੱਟ ਕੇ ਸਾੜੇ ਗਏ । ਗੱਡੀਆਂ ਹੇਠ ਚੀਥੜੇ ਗਏ, ਘੋੜਿਆਂ ਹੇਠ ਲਿਤਾੜੇ ਗਏ, ਡਾਂਗਾਂ ਖਾਧੀਆਂ, ਛਾਤੀਆਂ 'ਚ ਗੋਲੀਆਂ ਖਾਧੀਆਂ, ਜੇਹਲਾਂ ਕੱਟੀਆਂ, ਜੁਰਮਾਨੇ ਭਰੇ, ਜਾਇਦਾਦਾਂ ਜ਼ਬਤ ਕਰਵਾਈਆਂ । ਅੰਤ ਨੂੰ ਸਰਕਾਰ ਨੇ ਗੋਡੇ ਟੇਕ ਕੇ ਗੁਰਦੁਆਰਾ ਐਕਟ ਬਣਾਇਆ ੧੯੨੦ ਈ: ਤੋਂ ੧੯੨੫ ਈ: ਤਕ ਅਕਾਲੀ ਲਹਿਰ ਦਾ ਮਰਕਜ਼ ਅੰਮ੍ਰਿਤਸਰ ਹੀ ਰਿਹਾ ।

ਇਸ ਤੋਂ ਪਹਿਲਾਂ ਸਮਾਜ ਸੁਧਾਰ, ਵਿੱਦਿਆ ਪਸਾਰ ਅਤੇ ਧਰਮ ਪ੍ਰਚਾਰ ਹਿਤ ਉੱਠੀ ਸਿੰਘ ਸਭਾ ਲਹਿਰ ਦਾ ਸੈਂਟਰ ਵੀ ਅੰਮ੍ਰਿਤਸਰ ਹੀ ਬਣਿਆ ।

ਪਾਕਿਸਤਾਨ ਨਾਲ ਹੋਏ ੧੯੬੫ ਈ: ਤੇ ੧੯੭੧ ਈ: ਦੇ ਦੋਹਾਂ ਜੰਗਾਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਨਗਰਾਂ ਦੇ ਲੋਕਾਂ ਨੇ ਦੁੱਧ, ਚਾਹ, ਪ੍ਰਸ਼ਾਦੇ, ਸਬਜ਼ੀਆਂ, ਦਾਲਾਂ, ਬਿਸਕੁਟ, ਮਿਠਾਈਆਂ ਤੇ ਫਲਾਂ ਨਾਲ ਜੋ ਫ਼ੌਜ ਦੀ ਸੇਵਾ ਕੀਤੀ ਉਹ ਇਕ ਰੀਕਾਰਡ ਹੈ ਜਿਸ ਦੀ ਫ਼ੌਜੀ ਅਫਸਰਾਂ ਤੇ ਸਰਕਾਰਾਂ ਨੇ ਵੀ ਪ੍ਰਸੰਸਾ ਕੀਤੀ । ਖਾਨ-ਪਾਨ ਤੋਂ ਇਲਾਵਾ ਟਰੱਕਾਂ ਬੱਸਾਂ ਉੱਪਰ ਫ਼ੌਜੀ ਸਾਮਾਨ ਤੇ ਮਨੀਸ਼ਨ ਵੀ ਸਰਹੱਦਾਂ 'ਤੇ ਅਪੜਾਇਆ । ਇਨ੍ਹਾਂ ਦੋਹਾਂ ਜੰਗਾਂ ਦੀ ਫ਼ਤਹ ਦਾ ਸੇਹਰਾ ਅੰਮ੍ਰਿਤਸਰ ਵਾਸੀਆਂ ਦੇ ਸਿਰ ਹੀ ਬੱਝਦਾ ਹੈ । ਇਨ੍ਹਾਂ ਜੰਗਾਂ ਦਾ ਸੈਂਟਰ ਵੀ ਅੰਮ੍ਰਿਤਸਰ ਹੀ ਬਣਿਆ ਰਿਹਾ ।

੧੯੫੫ਈ: ਤੇ ੧੯੬੦ਈ: ਨੂੰ ਪੰਜਾਬੀ ਸੂਬੇ ਦੀ ਪ੍ਰਾਪਤੀ ਦੇ ਮੋਰਚੇ,੧੯੭੫-੭੬ ਦਾ ਐਮਰਜੈਂਸੀ ਵਿਰੋਧੀ ਮੋਰਚਾ ਅਤੇ ੧੯੮੨ ਈ: ਨੂੰ ਧਰਮ ਯੁੱਧ ਮੋਰਚੇ ਸਮੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਅੰਮ੍ਰਿਤਸਰ ਨੂੰ ਹੀ ਕੇਂਦਰ ਥਾਪ ਕੇ ਮੋਰਚੇ ਲੜੇ ਗਏ । ਭਾਰਤ ਸਰਕਾਰ ਦੀ ਫ਼ੌਜ ਵੱਲੋਂ ਕੀਤੇ ਨੀਲਾ ਤਾਰਾ ਐਕਸ਼ਨ ਤੇ ਬਾਅਦ ਵਿੱਚ ਕਾਲੀ ਗਰਜ਼ ਐਕਸ਼ਨ ਨਾਲ ਜੋ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਤੇ ਭਾਰੀ ਨੁਕਸਾਨ ਹੋਇਆ । ਸਾਰੇ ਸ਼ਹਿਰ ਵਾਸੀਆਂ, ਯਾਤਰੂਆਂ ਤੇ ਸਟਾਫ ਦੇ ਮੈਂਬਰਾਂ ਦੀਆਂ ਸ਼ਹੀਦੀਆਂ ਹੋਈਆਂ । ਭਾਰੀ ਜਾਨੀ ਮਾਲੀ ਨੁਕਸਾਨ ਹੋਇਆ । ਪ੍ਰਤਿਕ੍ਰਮ ਵਜੋਂ ਨੌਜਵਾਨ ਭੜਕ ਕੇ ਕੁਰਬਾਨੀ ਦੇ ਰਾਹ ਪਏ ਤੇ ਉਨ੍ਹਾਂ ਆਪਣਾ ਬਲੀਦਾਨ ਦਿਤਾ । ਇਨ੍ਹਾਂ ਉਪ੍ਰੋਕਤ ਸਾਰਿਆਂ ਮੌਕਿਆਂ ਸਮੇਂ ਸ੍ਰੀ ਅੰਮ੍ਰਿਤਸਰ ਨੇ ਹਰ ਜਦੋ-ਜਹਿਦ ਦੇ ਕੇਂਦਰ ਦੇ ਰੂਪ ਵਿੱਚ ਭੂਮਿਕਾ ਨਿਭਾਈ ।

* * *

# ਅੰਮ੍ਰਿਤ-ਸਰ-ਸਰੋਵਰ

ਜਦ ਗੁਰੂ ਕੇ ਚੱਕ ਦੀ ਕੁਝ-ਕੁ ਉਸਾਰੀ ਸਿਰੇ ਚੜ੍ਹੀ ਤੇ ਸੰਤੋਖਸਰ ਸਰੋਵਰ ਦੀ ਖੁਦਾਈ ਅਜੇ ਵਿਚਕਾਰ ਹੀ ਸੀ, ਤਦ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਬੁੱਢਾ ਜੀ ਆਦਿ ਮੁਖੀ ਸਿੱਖਾਂ ਸਮੇਤ ਸ੍ਰੀ ਗੋਇੰਦਵਾਲ ਸਾਹਿਬ ਚਲੇ ਗਏ, ਤਾਂ ਕਿ ਉਹ ਗੁਰੂ ਚੱਕ ਅਤੇ ਸਰੋਵਰ ਸਬੰਧੀ ਹੋ ਰਹੀ ਸੇਵਾ ਬਾਰੇ ਗੁਰੂ ਅਮਰਦਾਸ ਜੀ ਨੂੰ ਜਾਣਕਾਰੀ ਦੇ ਸਕਣ ਤੇ ਉਨ੍ਹਾਂ ਪਾਸੋਂ ਹੋਰ ਨਵੀਆਂ ਹਦਾਇਤਾਂ ਲੈ ਸਕਣ। ਚੱਕ ਦੀ ਉਸਾਰੀ ਅਤੇ ਸਰੋਵਰ ਦੀ ਖੁਦਾਈ ਬਾਰੇ ਜਾਣਕਾਰੀ ਲੈਣ ਉੱਪਰੰਤ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਹਦਾਇਤ ਕੀਤੀ ਕਿ ਗੁਰੂ ਕੇ ਮਹਿਲਾਂ ਤੋਂ ਪੂਰਬ ਦੀ ਤਰਫ ਸੰਘਣੇ ਬੇਰੀਆਂ ਦੇ ਬ੍ਰਿਛਾਂ ਵਿਚਕਾਰ ਨੀਵੀਂ ਥਾਂ ਇਕ ਛੱਪੜੀ ਹੈ ਜਿਥੇ ਬਾਰਾਂ ਮਹੀਨੇ ਪਾਣੀ ਜਮ੍ਹਾਂ ਰਹਿੰਦਾ ਹੈ। ਉਸ ਜ਼ਗ੍ਹਾ ਨਵਾਂ ਸਰੋਵਰ ਤਿਆਰ ਕਰਵਾਉ। ਗੋਇੰਦਵਾਲ ਤੋਂ ਵਾਪਸ ਗੁਰੂ ਚੱਕ ਆ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਬੇਰੀਆਂ ਦੇ ਸੰਘਣੇ ਬ੍ਰਿਛਾਂ ਵਿਚਕਾਰ ਛੱਪੜੀ ਦੀ ਨਿਸ਼ਾਨ-ਦੇਹੀ ਕਰ ਲਈ। ਇਹ ਉਹੀ ਅਸਥਾਨ ਸੀ, ਜਿਸ ਜ਼ਗ੍ਹਾ ਅੱਜ-ਕਲ੍ਹ ਸ੍ਰੀ ਅੰਮ੍ਰਿਤ-ਸਰ-ਸਰੋਵਰ ਸਸ਼ੋਭਤ ਹੈ। ਜੋ ਪਹਿਲਾਂ ਦੁਖ-ਭੰਜਨੀ ਬੇਰੀ ਦੇ ਨੇੜੇ ਪਾਣੀ ਦੀ ਕੁਦਰਤੀ ਢਾਬ ਸੀ।

ਗਿਆਨੀ ਗਿਆਨ ਸਿੰਘ ਜੀ ਲਿਖਤ ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ ਤਵਾਰੀਖ ਗੁਰੂ ਖਾਲਸਾ ਦੇ ਪੰਨਾ ੩੪੪ ਅਨੁਸਾਰ, "ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਕੰਮ ੭ ਕੱਤਕ ਸੰਮਤ ੧੬੩੦ ਬਿ: ਸ਼ੁਕਰਵਾਰ (੬ ਨਵੰਬਰ ੧੫੭੩ ਈ:) ਨੂੰ ਆਰੰਭ ਕੀਤਾ, ਅਰਦਾਸ ਉੱਪਰੰਤ ਬਾਬਾ ਬੁੱਢਾ ਜੀ ਦੇ ਕਹਿਣ ਅਨੁਸਾਰ ਪਹਿਲਾ ਟੱਕ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ ਲਾਇਆ :

ਸ੍ਰੀ ਨਾਨਕ ਆਦਿਕ ਲੇ ਨਾਇ।
ਕਰਿ ਅਰਦਾਸ ਸੀਸ ਨਿਹੁਰਾਇ ॥੧੦॥
ਬ੍ਰਿਧ ਬਚ ਤੇ ਲੇ ਖਨਨੀ ਹਾਥ
ਟਕ ਲਾਇਸ ਚਿਤਵਤਿ ਗੁਰ ਨਾਥ...॥੧੧॥

*(ਸ੍ਰੀ ਗੁਰੁ ਪ੍ਰਤਾਪ ਸੂਰਜ ਰਾਸ ੨ ਅੰਸੂ ੧੩)*

'ਗੁਰੁਪ੍ਰਤਾਪ ਸੂਰਜ ਗ੍ਰੰਥ' ਅਨੁਸਾਰ ਸਰੋਵਰ ਦੀ ਖੁਦਾਈ ਲਈ ਜਿਥੇ ਬਹੁਤ ਸ਼ਰਧਾਲੂ ਸਿੱਖ ਇਸ ਸੇਵਾ ਹਿੱਤ ਗੁਰੂ ਚੱਕ ਪਹੁੰਚੇ, ਉਥੇ ਲੋੜੀਂਦੇ ਮਜ਼ਦੂਰ ਵੀ ਇਸ ਕੰਮ 'ਤੇ ਲਾਏ ਗਏ, ਕਈ ਮਹੀਨੇ ਇਹ ਪਵਿੱਤਰ ਸੇਵਾ ਦਾ ਕਾਰਜ ਨਿਰਵਿਘਨ ਚਲਦਾ ਰਿਹਾ।

ਬਹੁਤੇ ਨਵੀਨ ਇਤਿਹਾਸ ਲੇਖਕਾਂ ਨੇ ਸਰੋਵਰ ਦੀ ਖੁਦਾਈ ਦਾ ਆਰੰਭ ੧੬੩੪ ਬਿ: (੧੫੭੭ ਈ:) ਲਿਖਿਆ ਹੈ, ਜੋ ਕਿਸੇ ਤਰ੍ਹਾਂ ਵੀ ਮੰਨਣ ਯੋਗ ਨਹੀਂ, ਕਿਉਂਕਿ ਨਗਰ ਵਸਾਉਣ ਤੇ ਅੰਮ੍ਰਿਤ-ਸਰੋਵਰ ਦੀ ਖੁਦਾਈ ਦੇ ਆਰੰਭ ਦਾ ਕੰਮ ਸ੍ਰੀ ਗੁਰੂ ਅਮਰਦਾਸ ਜੀ ਦੇ ਹੁੰਦਿਆਂ ਹੀ ਹੋਇਆ। ੧੬੩੪ ਬਿ: ਤੱਕ ਤਾਂ ਚੱਕ ਦੀ ਉਸਾਰੀ ਅਤੇ ਸਰੋਵਰ ਦੀ ਖੁਦਾਈ ਦਾ ਕੰਮ ਪੂਰਾ ਹੋ ਗਿਆ ਸੀ- ਜਿਵੇਂ ਕਿ ਭਾਈ ਕੇਸਰ ਸਿੰਘ ਛਿੱਬਰ ਆਪਣੀ

ਪੁਸਤਕ 'ਬੰਸਾਵਲੀ ਨਾਮਾ' ਦੇ ਪੰਨਾ ੪੦ ਉੱਪਰ ਐਉਂ ਲਿਖਦਾ ਹੈ :

ਸੰਮਤ ਸੋਲਾਂ ਸੈ ਚਉਤ੍ਰੀ ਜਬ ਭਏ ।
ਨਗਰ ਤਲਾਉ ਤਯਾਰ ਕਰ ਲਏ ।।੨੧।।

## ਨਾਮ ਕਰਣ--

ਸਰੋਵਰ ਦੇ ਨਾਮ ਬਾਰੇ ਵੀ ਲੇਖਕਾਂ ਦੇ ਵੀਚਾਰ ਵੱਖ-ਵੱਖ ਹਨ । 'ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼' ਉਰਦੂ ਦੇ ਪੰਨਾ ਇਕ ਉੱਪਰ ਲਿਖਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ, ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ ਉੱਪਰ ਨਾਮ 'ਅਮਰਸਰ' ਰੱਖਿਆ ਸੀ ਜੋ ਬਾਅਦ ਵਿੱਚ ਬਦਲ ਕੇ ਅੰਮ੍ਰਿਤਸਰ ਹੋ ਗਿਆ । ਕੇਸਰ ਸਿੰਘ ਛਿੱਬਰ 'ਬੰਸਾਵਲੀ ਨਾਮਾ' ਦੇ ਚਰਨ ਚਉਥਾ ਪੰਨਾ ੪੦ ਉੱਪਰ ਲਿਖਦਾ ਹੈ ਕਿ ਉਸ ਸਮੇਂ ਸਰੋਵਰ ਦੇ ਦੋ ਨਾਮ ਹੋ ਗਏ 'ਅਮਰਸਰ' ਤੇ ਦੂਜਾ 'ਰਾਮਦਾਸ ਸਰ' :

ਦੁਇ ਨਾਮ ਤੀਰਥ ਦੇ ਪਏ ਸੰਸਾਰ
ਕੋਈ ਕਹੇ ਰਾਮਦਾਸ ਸਰ,
ਕੋਈ ਕਹੇ ਅਮਰਸਰ ਉਚਾਰ ।।੨੫।।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਸਰੋਵਰ ਦਾ ਨਾਂ ਰਾਮਦਾਸ ਸਰੋਵਰ ਜਾਂ ਰਾਮਦਾਸ ਸਰ ਲਿਖਿਆ ਹੈ। ਜਿਵੇਂ ਕਿ :

ਰਾਮਦਾਸ ਸਰੋਵਰਿ ਨਾਤੇ ।।
ਸਭਿ ਉਤਰੇ ਪਾਪ ਕਮਾਤੇ ।। *(ਪੰਨਾ ੬੨੫)*
ਸੰਤਹੁ ਰਾਮਦਾਸ ਸਰੋਵਰੁ ਨੀਕਾ ।।
ਜੋ ਨਾਵੈ ਸੋ ਕੁਲੁ ਤਰਾਵੈ,
ਉਧਾਰੁ ਹੋਆ ਹੈ ਜੀ ਕਾ । ***(ਪੰਨਾ ੬੨੩)***
ਅਤੇ ਹਰਿਹਾਂ ਨਾਨਕ ਕਸਮਲ ਜਾਹਿ,
ਨਾਇਐ ਰਾਮਦਾਸ ਸਰ ।।੧੦॥ *(ਪੰਨਾ੧੩੬੨)*

ਇਕ ਥਾਂ ਸੰਤ ਸਰੋਵਰ ਵੀ ਕਿਹਾ ਹੈ :

ਸੰਤ ਸਰੋਵਰ ਨਾਵੈ ।।
ਸੋ ਜਨੁ ਪਰਮ ਗਤਿ ਪਾਵੈ । *(ਪੰਨਾ ੬੨੩)*

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿੱਚ ਸਰੋਵਰ ਦਾ ਨਾਮ ਅੰਮ੍ਰਿਤਸਰ ਹੀ ਲਿਖਿਆ ਹੈ ਤੇ ਗੁਰਸਿੱਖ ਅਖਵਾਉਣ ਵਾਲੇ ਹਰ ਪ੍ਰਾਣੀ ਨੂੰ ਅੰਮ੍ਰਿਤ ਵੇਲੇ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਨ ਦੀ ਹਦਾਇਤ ਕੀਤੀ ਹੈ । ਜਿਵੇਂ ਕਿ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।।
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ।।

*(ਗਉੜੀ ਕੀ ਵਾਰ ਮਹਲਾ ੪,ਪੰਨਾ ੩੦੫)*

ਇਸ ਸਰੋਵਰ ਦੀ ਮਹਿਮਾ ਵਿੱਚ ਆਪ ਫੁਰਮਾਉਂਦੇ ਹਨ, ਕਿ ਇਹ ਸਤਿਵਾਦੀ ਸਤਿਗੁਰਾਂ ਦਾ ਅੰਮ੍ਰਿਤਸਰ ਸਰੋਵਰ ਹੈ, ਜਿਸ ਵਿੱਚ ਨ੍ਹਾਉਣ ਨਾਲ ਕਾਂ ਹੰਸ ਹੋ ਜਾਂਦਾ ਹੈ :

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ,
ਜਿਤੁ ਨਾਤੈ ਕਊਆ ਹੰਸੁ ਹੋਹੈ ॥

*(ਗੂਜਰੀ ਮਹਲਾ ੪, ਪੰਨਾ ੪੯੩)*

ਮਹਿਮਾ ਦੇ ਹੋਰ ਗੁਰਵਾਕ ਹੇਠ ਲਿਖੇ ਅਨੁਸਾਰ ਹਨ :

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ,
ਵਡਭਾਗੀ ਨਾਵਹਿ ਆਇ।।

*(ਸਿਰੀਰਾਗੁ ਮਹਲਾ ੪, ਪੰਨਾ ੪੦)*

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ,
ਮਿਲਿ ਸੰਗਤੀ ਮਲੁ ਲਹਿ ਜਾਇ।।੭।।

*(ਗਉੜੀ ਮਹਲਾ ੪ ਕਰਹਲੇ, ਪੰਨਾ ੨੩੪)*

ਗੁਰਿ ਅੰਮ੍ਰਿਤ ਸਰਿ ਨਵਲਾਇਆ,
ਸਭਿ ਲਾਥੇ ਕਿਲਵਿਖ ਪੰਙੁ ।।੩।।

*(ਸੂਹੀ ਮਹਲਾ ੪, ਪੰਨਾ ੭੩੨)*

ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ।।
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ,
ਮਿਲਿ ਕਲਮਲ ਪਾਪ ਉਤਾਰੇ ।।

*(ਨੱਟ ਮਹਲਾ ੪, ਪੰਨਾ ੯੮੧)*

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਉਪ੍ਰੋਕਤ ਗੁਰਬਾਣੀ ਦੀਆਂ ਤੁਕਾਂ ਰਾਹੀਂ ਸ੍ਰੀ ਅੰਮ੍ਰਿਤਸਰ ਸਰੋਵਰ ਅਤੇ ਉਸ ਦੇ ਇਸ਼ਨਾਨ ਬਾਰੇ ਕੀਤੀ ਮਹਿਮਾ ਦਾ ਸਦਕਾ ਇਸ ਸਰੋਵਰ ਦੇ ਮਾਨ ਤੇ ਪ੍ਰਤਿਸ਼ਠਾ ਵਿੱਚ ਭਾਰੀ ਵਾਧਾ ਹੋਇਆ ਹੈ । ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਵੀ ਮਹਾਂਵਾਕ ਹੈ :

ਅੰਦਰਹੁ ਤ੍ਰਿਸਨਾ ਅਗਨਿ ਬੁਝੀ,
ਹਰਿ ਅੰਮ੍ਰਿਤ ਸਰਿ ਨਾਤਾ ।।

*(ਗੂਜਰੀ ਕੀ ਵਾਰ, ਮ: ੩, ਪੰਨਾ ੫੧੦)*

ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਵੀ ਫੁਰਮਾਨ ਹੈ :

ਗੁਰੁ ਸਾਗਰੁ ਅੰਮ੍ਰਿਤ ਸਰੁ,
ਜੋ ਇਛੇ ਸੋ ਫਲੁ ਪਾਏ ।।

*(ਮਾਰੂ ਮਹਲਾ ੧, ਅਸਟਪਦੀਆ, ਪੰਨਾ ੧੦੧੧)*

ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ,
ਗੁਰ ਸਰ ਸੰਤੋਖੁ ਪਾਇਆ ॥੮॥

*(ਮਾਰੂ ਸੋਲਹੇ, ਮ: ੧, ਪੰਨਾ ੧੦੪੩)*

ਗੁਰਬਾਣੀ ਦੀਆਂ ਉਪ੍ਰੋਕਤ ਤੁਕਾਂ ਦੇ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਅੰਮ੍ਰਿਤਸਰ ਸਰੋਵਰ ਦੇ ਰਚਨਾ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਪਣਾ ਸੀ। ਜੋ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਦ੍ਰਿੜ੍ਹ ਕਰਵਾਇਆ ਗਿਆ ਤੇ ਉਨ੍ਹਾਂ ਨੇ ਅੱਗੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਹੁਕਮ ਕਰ ਕੇ ਇਹ ਸਰੋਵਰ ਖੁਦਵਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਮੇਂ ਵਿੱਚ ਪੂਰਾ ਤਾਲ ਪੁਟਵਾ ਦਿੱਤਾ ਸੀ, ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਇਸ ਪ੍ਰਕਾਰ ਦੇਂਦੇ ਹਨ :

ਬੈਠਾ ਸੋਢੀ ਪਾਤਿਸਾਹੁ,<br>
ਰਾਮਦਾਸੁ ਸਤਿਗੁਰੂ ਕਹਾਵੈ।<br>
ਪੂਰਨੁ ਤਾਲੁ ਖਟਾਇਆ,<br>
ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ। *(ਵਾਰ ੧/੪੭)*

ਪਹਿਲਾਂ ਇਥੇ ਚੂੰ ਕਿ ਇਕ ਪੁਰਾਣੀ ਪਾਣੀ ਦੀ ਢਾਬ ਸੀ, ਜਿਸ ਵਿੱਚ ਬਰਸਾਤ ਦੇ ਪਾਣੀ ਨਾਲ ਇਰਦ-ਗਿਰਦ ਤੋਂ ਖੁਰ ਕੇ ਤੇ ਅਨ੍ਹੇਰੀਆਂ ਆਦਿ ਨਾਲ ਉਡ ਕੇ ਆਈ ਹੋਈ ਕਾਫ਼ੀ ਮਿੱਟੀ ਗਾਰ ਦੇ ਰੂਪ ਵਿੱਚ ਜਮ੍ਹਾ ਹੋਈ ਹੋਈ ਸੀ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸੰਗਤਾਂ ਰਾਹੀਂ ਕਰਵਾਈ ਗਈ, ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਨੂੰ ਅਸੀਂ ਅੰਮ੍ਰਿਤਸਰ ਸਰੋਵਰ ਦੀ ਪਹਿਲੀ ਕਾਰ-ਸੇਵਾ ਕਹਿ ਸਕਦੇ ਹਾਂ। ਭਾਈ ਸੰਤੋਖ ਸਿੰਘ ਜੀ ਇਸ ਖੁਦਾਈ (ਕਾਰ-ਸੇਵਾ) ਬਾਰੇ ਲਿਖਦੇ ਹਨ :

ਕੇਤਿਕ ਸਿਰ ਧਰਿ ਵਹਿਰ ਗਿਰਾਵੈਂ।<br>
ਕੇਤਿਕ ਖਨਿ ਖਨਿ ਤਿਨਹੂੰ ਉਚਾਵੈਂ।<br>
ਸਿਖ ਅਨੇਕ ਮਿਹਨਤੀ ਘਨੇ।<br>
ਕਰਤਿ ਕਾਰ ਗੁਰ ਸ਼ਰਧਾ ਸਨੇ ॥੧੨॥<br>
ਜਹਿੰ ਦੁਖ ਭੰਜਨਿ ਬਦਰੀ ਖਰੀ।<br>
ਤਹਿੰ ਤੇ ਖਨਹਿੰ ਸੁ ਆਇਸੁ ਕਰੀ।<br>
ਆਪਿ ਨਿਕਟ ਬੈਸੇ ਬਚੁ ਕਹੈਂ।<br>
ਮ੍ਰਿਤਕਾ ਵਹਿਰ ਗਿਰਾਵਤਿ ਲਹੈਂ ॥੧੩॥<br>
ਇਸੀ ਪ੍ਰਕਾਰ ਖਨਤਿ ਦਿਨ ਸਾਰੇ।<br>
ਭੀ ਸੰਧਜਾ ਦਿਸ਼ ਗ੍ਰਾਮ ਪਧਾਰੇ।<br>
ਹੋਤਿ ਪ੍ਰਾਤਿ ਸਭਿ ਕੋ ਸੰਗਿ ਲੈ ਕੈ।<br>
ਕਾਰ ਕਰਾਵਤਿ ਤਹਾਂ ਥਿਰੈ ਕੈ ॥੧੪॥

*(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੧੩)*

ਭਾਈ ਕੇਸਰ ਸਿੰਘ ਛਿੱਬਰ ਲਿਖਤ 'ਬੰਸਾਵਲੀ ਨਾਮਾ' ਅਨੁਸਾਰ ਸ੍ਰੀ ਅੰਮ੍ਰਿਤਸਰ ਨਗਰ ਤੇ ਸਰੋਵਰ ਦੀ ਖੁਦਾਈ ਦਾ ਕੰਮ ੧੬੩੪ ਬਿ:(੧੫੭੭ ਈ:) ਨੂੰ ਸੰਪੂਰਨ ਹੋ ਗਿਆ ਸੀ :

ਸੰਮਤ ਸੋਲਾਂ ਸੈ ਚਉਤ੍ਰੀ ਜਬ ਭਏ।<br>
ਨਗਰ ਤਲਾਉ ਤਿਆਰ ਕਰ ਲਏ। *(ਪੰ:੪੦, ਅੰਕ ੨੧)*

ਇਹੋ ਹੀ ਸੰਮਤ ਪੁਸਤਕ 'ਚਹਾਰ ਬਾਗ-ਇ-ਪੰਜਾਬ' ਦੇ ਲੇਖਕ ਗਣੇਸ਼ ਦਾਸ ਵਡਹਿਰਾ ਨੇ ਲਿਖਿਆ ਹੈ । ਇਨ੍ਹਾਂ ਉਪ੍ਰੋਕਤ ਦੋਹਾਂ ਲਿਖਤਾਂ ਤੋਂ ਬਿਨਾਂ ਹੋਰ ਕਿਸੇ ਵੀ ਲਿਖਤ ਤੋਂ ਸਰੋਵਰ ਦੀ ਖੁਦਾਈ ਦੀ ਸੰਪੂਰਨਤਾ ਦਾ ਠੀਕ ਸਮਾਂ, ਦਿਨ, ਮਹੀਨਾ, ਸੰਮਤ ਆਦਿ ਦਾ ਵੇਰਵਾ ਨਹੀਂ ਮਿਲਦਾ । ਇਹ ਕਾਰ ਸੇਵਾ ਬਿਨਾਂ ਰੁਕਣ ਦੇ ਲਗਾਤਾਰ ਸੁਖਾਵੇਂ ਮਾਹੌਲ ਵਿੱਚ ਸੁਚਾਰੂ ਢੰਗ ਨਾਲ ਮੁਕੰਮਲ ਹੋਈ । ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ-ਗੱਦੀ ਬਖਸ਼ ਕੇ ਆਪ ਜੋਤੀ-ਜੋਤਿ ਸਮਾ ਗਏ ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰ-ਗੱਦੀ ਦਾ ਕਾਰਜ ਭਾਰ ਸੰਭਾਲਦਿਆਂ ਪਿਤਾ ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਵੱਲੋਂ ਆਰੰਭੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਹਿੱਤ ਆਪ ਗੋਇੰਦਵਾਲ ਤੋਂ ਗੁਰੂ ਕੇ ਚੱਕ ਆ ਗਏ । ਕੁਝ ਸਮਾਂ ਤਾਂ ਪ੍ਰਿਥੀਚੰਦ ਦੀ ਵਿਰੋਧਤਾ ਦੇ ਕਾਰਨ ਕੋਈ ਵੱਡਾ ਕਾਰਜ ਆਰੰਭ ਨਾ ਕੀਤਾ ਜਾ ਸਕਿਆ । ਸ਼ਹਿਰ ਦੀ ਵਸੋਂ ਦਿਨ-ਬ-ਦਿਨ ਵਧ ਰਹੀ ਸੀ, ਜਿਸ ਕਰ ਕੇ ਨਵੇਂ ਮਕਾਨਾਂ ਤੇ ਦੁਕਾਨਾਂ ਦੀ ਉਸਾਰੀ ਅਤੇ ਲੰਗਰ ਲਈ ਨਵੀਆਂ ਇਮਾਰਤਾਂ ਤੇ ਰਾਸ਼ਨ ਦਾ ਪ੍ਰਬੰਧ ਪਹਿਲਾਂ ਕਰਨਾ ਅਤਿ ਜ਼ਰੂਰੀ ਸੀ । ਇਸ ਤਰ੍ਹਾਂ ਤਿੰਨ ਸਾਲ ਲੰਘ ਗਏ ।

੧੬੪੧ ਬਿ: ਵਿੱਚ ਸੰਤੋਖ-ਸਰ-ਸਰੋਵਰ ਦੀ ਦੁਬਾਰਾ ਕਾਰ ਸੇਵਾ ਕਰਵਾਈ ਤੇ ਸਰੋਵਰ ਦੀਆਂ ਪਉੜੀਆਂ ਪੱਕੀਆਂ ਕਰਵਾ ਦਿੱਤੀਆਂ ਗਈਆਂ । ਸ਼ਹਿਰ ਦੀ ਜਨਤਾ ਦੀ ਪਾਣੀ ਦੀ ਲੋੜ ਪੂਰੀ ਕਰਨ ਹਿੱਤ ਸਰੋਵਰ ਜਲ ਨਾਲ ਭਰਵਾ ਦਿੱਤਾ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਕਾਫ਼ੀ ਰਾਹਤ ਮਿਲੀ ।

੧੬੪੩ ਈ: ਵਿੱਚ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਆਰੰਭੀ ਗਈ, ਜਿਸ ਨੂੰ ਅਸੀਂ ਇਸ ਸਰੋਵਰ ਦੀ ਦੂਜੀ ਕਾਰ ਸੇਵਾ ਕਹਿ ਸਕਦੇ ਹਾਂ । ਹੁਣ ਤੱਕ ਪਾਵਨ ਸਰੋਵਰ ਦੀ ੧੦ ਵਾਰ ਕਾਰ ਸੇਵਾ ਹੋ ਚੁੱਕੀ ਹੈ । ਇਨ੍ਹਾਂ ਸਾਰੀਆਂ ਕਾਰ ਸੇਵਾਵਾਂ ਦਾ ਇਕ ਵੱਖਰੇ ਲੇਖ ਵਿੱਚ ਵਰਣਨ ਕਰਾਂਗੇ । ਸੰਗਤਾਂ ਵਿੱਚ ਇਸ ਕਾਰ ਸੇਵਾ ਲਈ ਬੜਾ ਉਤਸ਼ਾਹ ਸੀ, ਸੰਗਤਾਂ ਇਸ ਸੇਵਾ ਲਈ ਦੂਰ-ਦੂਰ ਤੋਂ ਭਾਰੀ ਗਿਣਤੀ ਵਿੱਚ ਪੁੱਜਦੀਆਂ । ਕੋਈ ਕਹੀ ਨਾਲ ਮਿੱਟੀ ਪੁੱਟ ਰਿਹਾ ਹੈ । ਕੋਈ ਬਾਟਿਆਂ ਤੇ ਟੋਕਰੀਆਂ ਵਿੱਚ ਮਿੱਟੀ ਭਰ ਰਿਹਾ ਹੈ । ਕੋਈ ਦੂਜਿਆਂ ਨੂੰ ਸਿਰਾਂ 'ਤੇ ਚੁੱਕਾ ਰਿਹਾ ਹੈ ਤੇ ਕੁਝ ਪ੍ਰੇਮੀ ਉਨ੍ਹਾਂ ਟੋਕਰੀਆਂ ਤੇ ਕੜਾਹੀਆਂ 'ਚ ਭਰੀ ਮਿੱਟੀ ਸਿਰ 'ਤੇ ਚੁੱਕ ਕੇ ਬਾਹਰ ਸੁੱਟ ਰਹੇ ਹਨ :

ਕਿਨਹੂੰ ਗਹੀ ਖਨਨੀ ਕਰ ਮਾਂਹੀਂ ।
ਖਨਹਿੰ ਕਰਹਿੰ ਬਲ ਪ੍ਰੇਮ ਉਮਾਹੀ ।
ਕਿਨਹੂੰ ਟੋਕਰੀ ਸਿਰ ਪਰ ਧਰੀ ।
ਬਹੁਤ ਭਾਰਿ ਹਾਥਨਿ ਸੋਂ ਭਰੀ ॥੩੩॥
ਕੇਤਿਕ ਲੈ ਕਰਿ ਵਹਿਰ ਗਿਰਾਵਹਿੰ ।
ਕੋ ਕਹਿ ਕਰਿ ਉਤਸ਼ਾਹੁ ਵਧਾਵਹਿੰ ।
ਅਤਿ ਅਨੰਦਤਾ ਉਰ ਮੈਂ ਹੋਈ ।
ਕਾਰ ਤਲਾਵ ਲਗੇ ਸਭਿ ਕੋਈ ॥੩੪॥

*(ਗੁਰੂ ਪ੍ਰਤਾਪ ਸੂਰਜ, ਰਾਸਿ ੨, ਅੰਸੂ ੩੯)*

ਸ੍ਰੀ ਗੁਰੂ ਅਰਜਨ ਦੇਵ ਜੀ ਦੁਖ ਭੰਜਨੀ ਬੇਰੀ ਹੇਠ ਜਾਂ ਅਠਸਠ ਘਾਟ 'ਤੇ ਦੁਖ-ਭੰਜਨੀ ਬੇਰ ਵਿਚਕਾਰ ਬਣੇ ਥੜ੍ਹੇ ਉੱਪਰ ਬੈਠ ਕੇ ਕਾਰ ਸੇਵਾ ਦੀ ਨਿਗਰਾਨੀ ਕਰਦੇ ਸਨ ਜਾਂ ਲਾਚੀ ਬੇਰ ਦੇ ਗੁਰਦੁਆਰੇ ਵਾਲੀ ਥਾਂ ਬੈਠ ਕੇ ਕਾਰ ਸੇਵਾ ਕਰਵਾਉਂਦੇ ਸਨ ।ਉਤਰੀ ਬਾਹੀ ਵੱਲ ਜਿਸ ਬੇਰ ਹੇਠ ਬੈਠ ਕੇ ਬਾਬਾ ਬੁੱਢਾ ਸਾਹਿਬ ਜੀ ਸੰਗਤਾਂ ਪਾਸੋਂ ਸੇਵਾ ਕਰਵਾਉਂਦੇ ਸਨ, ਉਸ ਬੇਰੀ ਦਾ ਨਾਮ ਬੇਰ ਬਾਬਾ ਬੁੱਢਾ ਸਾਹਿਬ ਪ੍ਰਸਿੱਧ ਹੈ ਤੇ ਹੁਣ ਤਕ ਕਾਇਮ ਹੈ :

ਆਪ ਖਰੇ ਹੋਇ ਸਭਿਨਿ ਮਝਾਰੀ ।
ਕਾਰ ਕਰਾਵਹਿਂ ਗੁਰ ਉਪਕਾਰੀ ।
ਦੇਖਤਿ ਕਾਰ ਚੌਗੁਨੀ ਹੋਇ ।
ਉਦਮ ਕਰਹਿਂ ਅਧਿਕ ਸਭਿ ਕੋਇ ॥੩੫॥

*(ਗੁਰੁ ਪ੍ਰਤਾਪ ਸੂਰਜ, ਰਾਸਿ ੨, ਅੰਸੂ ੩੯)*

ਭਾਈ ਬੁੱਢਾ ਜੁਤਿ ਪਰਵਾਰੁ ।
ਸੁਤ ਪੌਤ੍ਰਾਦਿ ਸਹਿਤ ਕਰਿ ਕਾਰੁ ।...੧੯॥

*(ਉਪ੍ਰੋਕਤ ਅੰਸੂ ੪੦)*

## ਸੰਤਾ ਕੇ ਕਾਰਜਿ ਆਪਿ ਖਲੋਇਆ:

ਭਾਈ ਸੰਤੋਖ ਸਿੰਘ ਜੀ ਰਚਿਤ 'ਸ੍ਰੀ ਗੁਰੁ ਪ੍ਰਤਾਪ ਸੂਰਜ', ਅਨੁਸਾਰ ਜਦ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਹੋ ਰਹੀ ਸੀ ਤਦ ਸ੍ਰੀ ਅਕਾਲ ਪੁਰਖ ਆਪਣੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਹੋ ਕੇ ਅਤਿ ਸੁੰਦਰ ਸਰੂਪ, ਸਡੌਲ ਸਰੀਰ, ਨੂਰਾਨੀ ਮੁਖੜਾ, ਸੁੰਦਰ ਨੇਤਰ, ਚੌੜਾ-ਮਸਤਕ, ਦਿਬਯ ਸਰੂਪ ਮਨੁੱਖਾ ਸਰੀਰ ਧਾਰ ਕੇ ਕਾਰ-ਸੇਵਾ ਕਰ ਰਹੇ ਸੇਵਾਦਾਰਾਂ ਵਿੱਚ ਸ਼ਾਮਲ ਹੋ ਕੇ ਕਾਰ-ਸੇਵਾ ਕਰਨ ਆ ਲੱਗੇ । ਇਹ ਵੇਖ ਕੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿ ਮੁਖੀ ਦੇਵਤੇ ਵੀ ਨਰ-ਸਰੀਰ ਧਾਰ ਕੇ ਵਾਹਿਗੁਰੂ ਜੀ ਨਾਲ ਆ ਸੇਵਾ ਵਿੱਚ ਹਾਜ਼ਰ ਹੋਏ । ਨਿਰੰਕਾਰ ਜੀ ਨੇ ਆਪਣੇ ਸੱਜੇ ਹੱਥ ਵਿੱਚ ਕਹੀ ਫੜੀ ਹੋਈ ਸੀ ਤੇ ਖੱਬੇ ਹੱਥ ਟੋਕਰੀ :

ਕਹੀ ਗਹੀ ਕਰ ਪ੍ਰਭੁ ਸਮਰੱਥ ।
ਧਰੀ ਟੋਕਰੀ ਦੂਸਰ ਹੱਥ ॥੨੧॥
ਹਰਿਮੰਦਰ ਜਿਸ ਥਲ ਚਿਨਵਾਏ ।
ਖਨਨ ਲਗੇ ਮ੍ਰਿਤਕਾ ਤਹਿਂ ਜਾਇ ।
ਕਾਰ ਨਿਕਾਸਹਿਂ ਵਹਿਰ ਗਿਰਾਈ ।
ਦੇਖਤਿ ਭਏ ਦੇਵ ਸਮੁਦਾਈ ॥੨੨॥
ਪਲਟਿ ਪਲਟਿ ਅਪਨੇ ਤਨ ਸਾਰੇ ।
ਆਇ ਲਗੇ ਸਗਰੇ ਸਰ ਕਾਰੇ ।
ਤਿਨ ਕੋ ਪ੍ਰੇਰਤਿ ਕਾਰ ਕਰਾਵਹਿਂ ।
ਕਹਿ ਸਭਿ ਸੋਂ ਉਤਸ਼ਾਹ ਬਧਾਵਹਿਂ ॥੨੩॥
ਛਿਨਿਕ ਮਾਤ੍ਰ ਮਹਿਂ ਮਾਟੀ ਪਾਟੀ ।
ਸਭਿ ਨਿਕਾਸ ਕਰਿ ਬਾਹਰ ਸਾਟੀ ।...੨੪॥

ਸ੍ਰੀ ਹਰਿਮੰਦਰ ਸਾਹਿਬ ਵਾਲੀ ਥਾਂ ਤੇ ਖਾਸ ਕਰ "ਹਰਿ ਕੀ ਪਉੜੀ" ਵਾਲੀ ਜਗ੍ਹਾ ਬਾਕੀ ਥਾਂ ਨਾਲੋਂ ਵਧੇਰੇ ਸਖ਼ਤ ਰੋੜਾਂ ਵਾਲੀ ਧਰਤੀ ਸੀ ਜਿਸ ਨੂੰ ਪੁੱਟਣ ਤੋਂ ਆਮ ਸੰਗਤਾਂ ਅਤੇ ਸੇਵਾਦਾਰ ਕੁਝ ਔਖ ਮਹਿਸੂਸ ਕਰਦੇ ਸਨ ਪਰ ਕਰਤਾ ਪੁਰਖ ਜੀ ਨੇ ਆਪ ਤੇ ਦੇਵਤਿਆਂ ਦੇ ਹੱਥੀਂ ਉਸ ਕਰੜੀ ਧਰਤੀ ਦੀ ਕਾਰ-ਸੇਵਾ ਥੋੜ੍ਹੇ ਹੀ ਸਮੇਂ ਵਿੱਚ ਪੂਰੀ ਕਰ ਕੇ ਸੰਗਤਾਂ ਦੀ ਔਕੜ ਹੱਲ ਕਰ ਦਿੱਤੀ ।

ਸ੍ਰੀ ਗੁਰੂ ਅਰਜਨ ਦੇਵ ਜੀ ਦੂਰੋਂ ਖੜ੍ਹੇ ਬੜੇ ਗਹੁ ਨਾਲ ਵੇਖਦੇ ਤੇ ਵੀਚਾਰ ਕਰ ਰਹੇ ਹਨ, ਕਿ ਅੱਜ ਬਾਹਰੋਂ ਤਾਂ ਕਿਤੋਂ ਬਹੁਤੀ ਸੰਗਤ ਨਹੀਂ ਆਈ ਪਰ ਵੇਖਣ ਵਿੱਚ ਜਿਹੜੇ ਬਹੁਤ ਸਾਰੇ ਆਦਮੀ ਸੇਵਾ ਕਰ ਰਹੇ ਹਨ, ਉਨ੍ਹਾਂ ਦੇ ਲਿਬਾਸ ਬੜੇ ਅਨੋਖੇ ਤੇ ਚਿਹਰੇ ਨੂਰਾਨੀ ਹਨ । ਕਾਰ ਕਰਦਿਆਂ ਦੇ ਸੁੰਦਰ ਸ਼ਰੀਰ ਸੋਭ ਰਹੇ ਹਨ । ਉਨ੍ਹਾਂ 'ਚੋਂ ਮੁਖੀ ਜੋ ਦਿਬਜ ਮੂਰਤੀ ਸਨ ਉਨ੍ਹਾਂ ਬਾਰੇ ਹਜ਼ੂਰ ਨੇ ਅਨੁਭਵ ਕੀਤਾ ਕਿ ਜਗਤ ਦੇ ਸ਼੍ਰੋਮਣੀ ਕਰਤਾ ਪੁਰਖ ਹੀ ਲੀਲ੍ਹਾ ਵਿਖਾ ਰਹੇ ਹਨ :

ਸਵੈਯਾ

ਸ਼੍ਰੀ ਗੁਰ ਏਵ ਬਿਚਾਰਿ ਨਿਹਾਰਤਿ,
ਹੈ ਸਭਿ ਮਹਿਂ ਇਕ ਸੁੰਦਰ ਡੀਲਾ ॥
ਚਾਰੁ ਬਿਲੋਚਨ ਸੋਚ ਬ਼ਿਮੋਚਤਿ,
ਪ੍ਰੇਰਤਿ ਹੈ ਸ਼ਭਿਹੂਨਿ ਛਬੀਲਾ ।
ਬ੍ਰਿੰਦ ਅਦਾਇਬ ਰਾਖਤਿ ਹੈਂ,
ਅਭਿਲਾਖਤਿ ਭਾਖਤਿ ਹੈਂ ਗੁਨ ਸ਼ੀਲਾ ।
ਔਰ ਨਹੀਂ ਜਗਮੌਰ ਇਹੀ
ਇਸੁ ਠੌਰ ਬਿਖੈ ਦਿਖਰਾਵਤਿ ਲੀਲ੍ਹਾ ॥੨੬॥

*(ਉਹੀ ਅੰਸੂ ੫੨)*

ਸਿੱਖ ਸੰਗਤਾਂ ਵੀ ਇਸ ਅਸਚਰਜ ਸਰੂਪ ਦੇ ਦਰਸ਼ਨ ਕਰ ਰਹੀਆਂ ਸਨ ਤੇ ਉਨ੍ਹਾਂ ਵੱਲੋਂ ਆਪ ਕੀਤੀ ਜਾ ਰਹੀ ਤੇ ਦੂਜਿਆਂ ਪਾਸੋਂ ਕਰਵਾਈ ਜਾ ਰਹੀ ਕਾਰ-ਸੇਵਾ ਦਾ ਅਦਭੁੱਤ ਨਜ਼ਾਰਾ ਤੱਕ ਰਹੀਆਂ ਸਨ । ਸੰਗਤਾਂ ਨੇ ਹੈਰਾਨ ਹੋ ਕੇ ਸਤਿਗੁਰਾਂ ਪਾਸੋਂ ਪੁਛਿਆ, ਕਿ "ਸਤਿਗੁਰੂ ਜੀ ! ਇਹ ਦਿਬਜ ਸਰੂਪ ਵਿਅਕਤੀ ਕੌਣ ਹਨ ? ਤੇ ਇਹ ਇਨ੍ਹਾਂ ਨਾਲ ਚਮਕਦੇ ਚਿਹਰਿਆਂ ਵਾਲੀ ਕਿਸ ਇਲਾਕੇ ਦੀ ਸੰਗਤ ਹੈ ?" ਸਤਿਗੁਰੂ ਜੀ ਤਾਂ ਜਾਣੀ-ਜਾਣ ਸਨ ਉਨ੍ਹਾਂ ਤਾਂ ਆਪਣੇ ਅਨੁਭਵ ਦੁਆਰਾ ਪਹਿਲੀ ਨਜ਼ਰ ਨਾਲ ਹੀ ਪਛਾਣ ਲਿਆ ਸੀ ਕਿ ਇਹ ਤਾਂ ਆਪ ਹੀ ਕਰਤਾ ਪੁਰਖ ਹਨ । ਸੰਗਤਾਂ ਦੀ ਗਿਆਤ ਹਿਤ ਆਪ ਜੀ ਨੇ ਵਜਦ ਵਿੱਚ ਆ ਕੇ ਇਹ ਸ਼ਬਦ ਉਚਾਰਨ ਕੀਤਾ :

ਸੂਹੀ ਮਹਲਾ ੫॥

ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ,
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ,
ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ,
ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ,
ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ,
ਨਾਨਕ ਨਾਮੁ ਧਿਆਇਆ ॥

*(ਪੰਨਾ ੭੮੩)*

ਉੱਪਰੰਤ ਸਤਿਗੁਰੂ ਜੀ ਪੂਰਨ ਪੁਰਖ ਦੇ ਪਾਸ ਚਲੇ ਗਏ । ਭਾਵੇਂ ਨਿਰੰਕਾਰ ਜੀ ਨੇ ਹੀ ਸਰਗੁਣ ਸਰੂਪ ਅਤੇ ਗੁਰੂ ਸਰੂਪ ਇਹ ਦੋਨੋਂ ਸਰੂਪ ਆਪੇ ਹੀ ਧਾਰੇ ਸਨ ਪਰ ਫਿਰ ਵੀ ਸੰਸਾਰੀ ਜੀਵਾਂ ਨੂੰ ਸ਼ੁਭ ਸਿਖਿਆ ਦੇਣ ਹਿਤ ਅਤੇ ਮਰਯਾਦਾ ਪ੍ਰਸ਼ੋਤਮ ਹੋਣ ਦੇ ਨਾਤੇ ਗੁਰੂ ਅਰਜਨ ਦੇਵ ਜੀ ਨੇ ਨੇੜੇ ਹੋ ਕੇ ਬੜੇ ਸਤਿਕਾਰ ਸਹਿਤ ਦੋਨੋਂ ਹੱਥ ਜੋੜ ਕੇ ਕਰਤਾ ਪੁਰਖ ਜੀ ਦੇ ਚਰਨਾਂ 'ਤੇ ਸ਼ਰਧਾ ਸਹਿਤ ਨਮਸਕਾਰ ਕੀਤੀ ਤਾਂ ਉਸੇ ਹੀ ਸਮੇਂ ਕਾਹਲੀ ਨਾਲ ਤ੍ਰਿਲੋਕੀ ਨਾਥ ਜੀ ਨੇ ਗੁਰੂ ਜੀ ਨੂੰ ਦੋਹਾਂ ਬਾਹਾਂ ਤੋਂ ਪਕੜ ਕੇ ਆਪਣੀ ਪਿਆਰ ਗਲਵੱਕੜੀ ਵਿੱਚ ਲੈ ਲਿਆ । ਆਪ ਜੀ ਅਗੰਮੀ ਪਿਆਰ ਦਾ ਸਦਕਾ ਕੁਝ ਸਮਾਂ ਦੋਨੋਂ ਸਰੂਪ ਵਿਸਮਾਦ ਅਵਸਥਾ ਦਾ ਅਨੰਦ ਮਾਣਦੇ ਰਹੇ, ਜਿਸ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਿਆਂ ਸੰਗਤਾਂ ਨੇ ਵੀ ਆਪਾ-ਭਾਵ ਭੁੱਲ ਕੇ ਅਕਹਿ ਅਨੰਦ ਮਾਣਿਆ ।

ਬਾਅਦ ਵਿੱਚ ਨਿਰੰਕਾਰ ਜੀ ਨੇ ਜਗਤ ਵਿੱਚ ਗੁਰਮਤਿ ਮਾਰਗ ਦੇ ਫੈਲਾਉਣ ਅਤੇ ਅੰਮ੍ਰਿਤਸਰ ਰਚਣ ਦੇ ਉਪਕਾਰੀ ਕਾਰਜ ਦੀ ਗੁਰੂ ਅਰਜਨ ਦੇਵ ਜੀ ਦੀ ਪ੍ਰਸੰਸਾ ਕੀਤੀ ਕਿ ਇਸ ਧਰਮ ਕੇਂਦਰ ਕਰ ਕੇ ਸਿੱਖੀ ਸਦਾ ਲਈ ਸੰਸਾਰ ਵਿੱਚ ਕਾਇਮ ਰਹੇਗੀ ।

ਅੰਤ ਵਿੱਚ ਕਰਤਾ ਪੁਰਖ ਜੀ ਨੇ ਇਸ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸੁੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਰਚਣ ਦਾ ਹੁਕਮ ਕੀਤਾ ਤੇ ਵਿਉਂਤ ਭੀ ਸੁਝਾਈ ਕਿ ਪੱਛਮ ਦੀ ਤਰਫ਼ ਪੁਲ ਬਣਵਾਉ ਤੇ ਸਰੋਵਰ ਦੇ ਪੌੜ ਵੀ ਪੱਕੇ ਕਰੋ :

ਸਰ ਅੰਦਰ ਅਬਿ ਸ੍ਰੀ ਹਰਿਮੰਦਰ ।
ਸਿਰਜਹੁ ਜਿਸ ਕੀ ਰਚਨਾ ਸੁੰਦਰ ।
ਜਰਹਿ ਜਵਾਹਰ ਜ਼ੇਬ ਬਿਲੰਦ ।
ਸ਼ੋਭਹਿ ਬਹੁ, ਜਿਮ ਪੂਰਨ ਚੰਦ ॥੩੪॥
ਚਹੁੰ ਦਿਸ਼ ਕੋ ਚਹੁੰ ਦਰ ਸਿਰਜਾਵਹੁ ।
ਰੁਚਿਰ ਬੰਗਲਾ ਉਰਧ ਕਰਾਵਹੁ ।
ਪਸ਼ਚਮੁ ਦਿਸ਼ ਕੋ ਸੇਤੁ ਰਚਾਵਹੁ ।
ਤੀਰਥ ਤੀਰ ਪੌਰ ਬਨਿਵਾਵਹੁ' ॥੩੫॥
ਸ੍ਰੀ ਅਰਜਨ ਕੀ ਪਕਰੇ ਬਾਹੂ ।

ਬਯੋਂਤ ਬਤਾਵਤਿ ਸਭਿ ਜਗ ਨਾਹੂ ।
'ਇਹੁ ਮੇਰੋ ਮੰਦਰ ਬਰੁ ਹੋਇ ।
ਜਿਸ ਕੀ ਸਮਤਾ ਕਰਹਿ ਨ ਕੋਇ॥੩੬॥
ਤੀਨ ਲੋਕ ਮਹਿਂ ਹੋਹਿ ਨ ਜੈਸੋ ।
ਭਜਨ ਪ੍ਰਤਾਪ ਬਨਹਿ ਨਿਤਿ ਐਸੋ ।
ਨਰਕ ਨਿਵਾਰਣ ਕਾਰਣ ਮੋਖ ।
ਮੇਰੋ ਸਿਮਰਨ ਹੁਇ ਨਿਰਦੋਖ' ॥੩੭॥

*(ਗੁਰੁ ਪ੍ਰਤਾਪ ਸੂਰਜ, ਰਾਸਿ ੨, ਅੰਸੂ ੫੨)*

ਭਾਈ ਵੀਰ ਸਿੰਘ ਜੀ ਜਿਨ੍ਹਾਂ 'ਗੁਰੁ ਪ੍ਰਤਾਪ ਸੂਰਜ ਗ੍ਰੰਥ' ਦਾ ਸੰਪਾਦਨ ਕੀਤਾ ਹੈ, ਪੰਨਾ ੧੮੫੪ ਦੀ ਪੈਰ ਟੂਕ ਵਿੱਚ ਲਿਖਦੇ ਹਨ ਕਿ :

*"ਇਸ ਅੰਸੂ ਵਿੱਚ ਦੱਸਿਆ ਏਕੰਕਾਰ ਅਕਾਲ ਪੁਰਖ ਦਾ ਮੰਦਰ (ਸਰੋਵਰ) ਦੀ (ਕਾਰ) ਸੇਵਾ ਵਿੱਚ ਆਪ ਸ਼ਾਮਲ ਹੋਣਾ ਕੋਈ ਆਤਮਕ ਕੌਤਕ ਹੈ ਜਿਸ ਦਾ ਭਾਵ ਹੈ ਕਿ ਉਨ੍ਹਾਂ ਦਾ ਆਪਣਾ ਹੱਥ ਇਸ ਹਰਿਮੰਦਰ ਸਾਹਿਬ ਦੀ ਉਸਾਰੀ ਵਿੱਚ ਹੈਸੀ, ਜਿਸ ਨੂੰ ਅਸੀਂ ਸਮਝ ਨਹੀਂ ਸਕਦੇ ਕਿਉਂਕਿ ਉਹ ਕੋਈ ਸੂਖਮ ਆਤਮ ਖੇਲ ਹੈ । ਸਾਡੀ ਸਮਝ ਗੋਚਰਾ ਕਰਨ ਲਈ ਸਾਡੀ ਬੋਲੀ ਤੇ ਸਮਝ ਦੇ ਤਰੀਕੇ ਮੂਜਬ ਕਵੀ (ਸੰਤੋਖ ਸਿੰਘ) ਜੀ ਨੇ ਐਉਂ ਵਰਣਨ ਕੀਤਾ ਹੈ । ਜਿਵੇਂ ਇਸ ਵਿੱਚ ਵਾਹਿਗੁਰੂ ਜੀ ਦੇ ਨਿੱਜੀ ਹੱਥ ਹੋਣ ਦੀ ਸਾਨੂੰ ਸੋਝੀ ਹੋ ਜਾਵੇ ।"ਇਸੇ ਭਾਵ ਨੂੰ ਗੁਰੂ ਜੀ ਨੇ ਐਉਂ ਆਪਣੀ ਬਾਣੀ ਵਿੱਚ ਦੱਸਿਆ ਹੈ :*

*"ਸੰਤਾ ਕੇ ਕਾਰਜਿ ਆਪਿ ਖਲੋਇਆ,*
*ਹਰਿ ਕੰਮੁ ਕਰਾਵਣਿ ਆਇਆ ਰਾਮ ॥"*

ਜਿਸ ਜਗ੍ਹਾ ਵਾਹਿਗੁਰੂ ਜੀ ਨੇ ਖੁਦ ਕਾਰ-ਸੇਵਾ ਕੀਤੀ ਉਸ ਜਗ੍ਹਾ ਦਾ ਨਾਮ ਗੁਰੂ ਜੀ ਨੇ 'ਹਰਿ ਕੀ ਪਉੜੀ' ਰੱਖਿਆ ।

ਸਰੋਵਰ ਦੇ ਪੌੜ ਪੱਕੇ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਸਤਿਗੁਰਾਂ ਨੇ ਪਹਿਲਾਂ ਤੋਂ ਹੀ ਇੱਟਾਂ ਪਕਾਉਣ ਹਿੱਤ ਆਵੇ ਲਾਏ ਹੋਏ ਸਨ, ਜਿਨ੍ਹਾਂ ਦੀ ਹਰ ਪ੍ਰਕਾਰ ਦੀ ਨਿਗਰਾਨੀ ਅਤੇ ਸੇਵਾ ਦੀ ਜ਼ਿੰਮੇਵਾਰੀ ਭਾਈ ਬਹਿਲੋ, ਭਾਈ ਭਗਤੂ, ਭਾਈ ਸਾਲ੍ਹੋ, ਭਾਈ ਪੈੜਾ ਤੇ ਭਾਈ ਜੇਠਾ ਆਦਿ ਗੁਰੂ ਘਰ ਦੇ ਪੰਜ ਮੁਖੀ ਸਿੱਖਾਂ ਨੂੰ ਸੌਂਪੀ ਹੋਈ ਸੀ ਤੇ ਉਹ ਰਾਤ ਦਿਨ ਇਸ ਕਾਰਜ ਵਿੱਚ ਤਨੋਂ-ਮਨੋਂ ਸ਼ਰਧਾ,ਪ੍ਰੇਮ ਤੇ ਸਿਦਕ ਨਾਲ ਲੱਗੇ ਹੋਏ ਸਨ ।

*(ਤਵਾਰੀਖ ਅੰਮ੍ਰਿਤਸਰ ਗਿ: ਗਿਆਨ ਸਿੰਘ ਪੰਨਾ੧੯੬)*

ਸਰੋਵਰ ਦੀ ਕਾਰ-ਸੇਵਾ ਸੰਪੂਰਨ ਹੋ ਜਾਣ ਉਪਰੰਤ ਸ਼ੀਘਰ ਹੀ ਸਤਿਗੁਰਾਂ ਨੇ ਆਵਿਆਂ ਤੋਂ ਪੱਕੀਆਂ ਇੱਟਾਂ ਮੰਗਵਾ ਕੇ ਸਰੋਵਰ ਦੇ ਚਹੁੰ ਪਾਸਿਆਂ ਦੇ ਪੌੜ ਪੱਕੇ ਕਰਨੇ ਆਰੰਭ ਦਿੱਤੇ । ਵਧੀਆ ਚੀਕਣੀ ਮਿੱਟੀ ਦੀਆਂ ਸ਼ਰਧਾਵਾਨ ਸਿੱਖਾਂ ਦੇ ਹੱਥੀਂ ਪੱਥੀਆਂ ਕੱਚੀਆਂ ਇੱਟਾਂ, ਧੁੱਪ

ਵਿੱਚ ਚੰਗੀ ਤਰ੍ਹਾਂ ਸੁਕਾ ਕੇ ਸੇਵਾ-ਭਾਵ ਦੇ ਚਾਅ ਨਾਲ ਆਵਿਆਂ ਵਿੱਚ ਚਿਣੀਆਂ । ਲੋੜੀਂਦਾ ਚੰਗੇ ਤੋਂ ਚੰਗਾ ਬਾਲਣ ਪਾ ਕੇ ਸਮੇਂ ਸਿਰ ਦਿੱਤੀ ਅੱਗ ਦਾ ਸਦਕਾ ਪਕਾਈਆਂ ਗਈਆਂ । ਪੱਕੀਆਂ ਇੱਟਾਂ ਤੇ ਆਪਣੇ ਹੱਥੀਂ ਬਣਾਇਆ ਚੂਨਾਂ ਤੇ ਹੋਰ ਪੱਕਿਆਂ ਮਸਾਲਿਆਂ ਨਾਲ ਕੀਤੀ ਚਿਣਾਈ ਦੇ ਫਲ-ਸਰੂਪ ਸਰੋਵਰ ਦੇ ਪੱਕੇ ਤੇ ਮਜ਼ਬੂਤ ਪੌੜ ਤਿਆਰ ਹੋ ਗਏ ।

ਇਹ ਅੰਮ੍ਰਿਤ ਸਰੋਵਰ ੫੦੦ ਫੁੱਟ ਲੰਬਾ, ੪੯੦ ਫੁੱਟ ਚੌੜਾ ਤੇ ੧੭ ਫੁੱਟ ਡੂੰਘਾ ਹੈ । ਕੁਲ ੧੧ ਪੌੜ ਤਿਆਰ ਕਰਵਾਏ ਗਏ । ਜਿਨ੍ਹਾਂ 'ਚੋਂ ਹੇਠਲੇ ਸਦਾ ਪਾਣੀ ਵਿੱਚ ਰਹਿਣ ਵਾਲੇ ਪੌੜ ਸਵਾ ਦੋ ਫੁੱਟ ਚੌੜੇ ਤੇ ਡੇਢ ਫੁੱਟ ਉੱਚੇ ਹਨ ।

*(ਤਾਰੀਖਿ ਦਰਬਾਰ ਅੰਮ੍ਰਿਤਸਰ ਉਰਦੂ ਦਾ ਪੰਨਾ ੨੩)*

ਸਭ ਤੋਂ ਉੱਪਰਲਾ ਵੱਡਾ ਪੌੜ ਬਾਹਰਲੀ ਪ੍ਰਕਰਮਾ ਤੋਂ ਉੱਚਾ ਤੇ ਪੌਣੇ ਪੰਜ ਫੁੱਟ ਚੌੜਾ ਬਣਾਇਆ ਗਿਆ । ਜਦ ਇਹ ਸਾਰਾ ਕਾਰਜ ਨਿਰਵਿਘਨ ਸੰਪੂਰਨ ਹੋਇਆ ਤਾਂ ਸਤਿਗੁਰਾਂ ਨੇ ਬਚਨ ਫੁਰਮਾਇਆ :

ਵਿਚਿ ਕਰਤਾ ਪੁਰਖੁ ਖਲੋਆ ॥
ਵਾਲੁ ਨ ਵਿੰਗਾ ਹੋਆ ॥ *(ਪੰਨਾ ੬੨੩)*

ਜਦ ਸੰਗਤਾਂ ਨੇ ਹੋ ਰਹੇ ਖਰਚੇ ਬਾਰੇ ਚਿੰਤਾ ਪਰਗਟ ਕੀਤੀ ਤਾਂ ਹਜ਼ੂਰ ਨੇ ਕਿਹਾ :

ਕਰਤੈ ਪੁਰਖਿ ਤਾਲੁ ਦਿਵਾਇਆ ॥
ਪਿਛੈ ਲਗਿ ਚਲੀ ਮਾਇਆ ॥ *(ਪੰਨਾ ੬੨੫)*

ਚੂੰਕਿ ਇਸ ਅੰਮ੍ਰਿਤ ਤਾਲ ਦੇ ਰਚਣ ਦਾ ਉੱਦਮ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤਾ ਸੀ, ਇਸੇ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਇਸ ਭਾਵ ਨੂੰ ਐਉਂ ਪਰਗਟ ਕੀਤਾ ਹੈ :

ਜਿਨਿ ਉਦਮੁ ਕੀਆ ਤਾਲ ਕੇਰਾ,
ਤਿਸ ਕੀ ਉਪਮਾ ਕਿਆ ਗਨੀ ॥ *(ਪੰਨਾ ੭੮੪)*

ਅੰਮ੍ਰਿਤ ਸਰੋਵਰ ਦੇ ਪੌੜ ਪੱਕੇ ਹੋ ਜਾਣ ਤੋਂ ਬਾਅਦ ਛੇਤੀ ਹੀ ਬਰਖਾ ਦੇ ਨਿਰਮਲ ਜਲ ਨਾਲ ਸਰੋਵਰ ਲਬਾ-ਲਬ ਭਰ ਗਿਆ । ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਇਸ਼ਨਾਨ ਕੀਤਾ ਤੇ ਫਿਰ ਬਾਬਾ ਬੁੱਢਾ ਜੀ ਤੇ ਮੁਖੀ ਸਿੱਖਾਂ ਸਮੇਤ ਆਮ ਸਿੱਖ ਸੰਗਤਾਂ ਨੇ ਖੁਲ੍ਹੇ ਇਸ਼ਨਾਨ ਕੀਤੇ ਅਤੇ ਗੁਰੂ ਸਾਹਿਬ ਨੇ ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਦੀ ਮਹਿਮਾ ਵਿੱਚ ਹੇਠ ਲਿਖੇ ਗੁਰਬਾਣੀ ਦੇ ਸ਼ਬਦ ਉਚਾਰਨ ਕੀਤੇ:

੧- ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ,
ਉਧਾਰੁ ਹੋਆ ਹੈ ਜੀ ਕਾ ॥੧॥ਰਹਾਉ॥ *(ਪੰਨਾ ੬੨੩)*

੨- ਸੰਤ ਸਰੋਵਰ ਨਾਵੈ ॥
ਸੋ ਜਨੁ ਪਰਮ ਗਤਿ ਪਾਵੈ ॥ (ਉਹੀ)

੩- ਰਾਮਦਾਸਿ ਸਰੋਵਰ ਨਾਤੇ ॥
ਸਭ ਲਾਥੇ ਪਾਪ ਕਮਾਤੇ ॥ *(ਪੰਨਾ ੬੨੪)*

੪- ਰਾਮਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥ *(ਪੰਨਾ ੬੨੫)*

੫- ਹਰਿਹਾਂ ਨਾਨਕ ਕਸਮਲ ਜਾਹਿ,
ਨਾਇਐ ਰਾਮਦਾਸ ਸਰ ॥ (ਪੰਨਾ ੧੩੬੨)

ਪ੍ਰਸਿੱਧ ਇਤਿਹਾਸਕਾਰ ਤੇ ਬ੍ਰਿਜ ਭਾਸ਼ਾ ਦੇ ਸ਼੍ਰੋਮਣੀ ਕਵੀ ਗਿਆਨੀ ਗਿਆਨ ਸਿੰਘ ਜੀ ਆਪਣੇ ਰਚਿਤ ਗ੍ਰੰਥ 'ਸ੍ਰੀ ਗੁਰੁ ਪੰਥ ਪ੍ਰਕਾਸ਼' (ਮੇਰੇ ਵੱਲੋਂ ਸੰਪਾਦਿਤ) ਦੇ ਪੂਰਬਾਰਧ ਬਿਸ੍ਰਾਮ ੧੮ ਦੇ ਅੰਕ ੪੧ ਤੋਂ ੪੬ ਤੱਕ ਐਉਂ ਲਿਖਦੇ ਹਨ :

ਔ ਗੁਰੁ ਪੰਚਮ ਯਾ ਹਿਤ ਹੀ,
ਜਸ ਗ੍ਰੰਥ ਵਿਖੇ ਬਹੁ ਯਾਹਿ ਕਯੋ ਹੈ ।
ਗਯਾਨ ਹਰੀ ਬਹੁ ਤੀਰਥ ਕੀਨ,
ਨ ਨੈਨਨ ਐਨ ਇਸੋ ਲਖਯੋ ਹੈ ॥੪੧॥

ਅਰਥਾਤ--ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ, ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਮ੍ਰਿਤਸਰ ਸਰੋਵਰ ਦਾ ਬਹੁਤ ਜਸ ਲਿਖਿਆ ਹੈ । ਗਿਆਨੀ ਜੀ ਕਹਿੰਦੇ ਹਨ ਕਿ ਮੈਂ ਭਾਰਤ ਭਰ ਦੇ ਬਹੁਤ ਸਾਰੇ ਤੀਰਥਾਂ ਦੀ ਯਾਤਰਾ ਕੀਤੀ ਹੈ, ਪਰ ਆਪਣੀਆਂ ਅੱਖਾਂ ਨਾਲ ਅੰਮ੍ਰਿਤਸਰ ਵਰਗਾ ਤੀਰਥ ਕਿਤੇ ਵੀ ਨਹੀਂ ਦੇਖਿਆ । ਆਪ ਅੰਮ੍ਰਿਤ ਸਰੋਵਰ ਨੂੰ ਮਾਨ ਸਰੋਵਰ ਨਾਲ ਤੁਲਨਾ ਦੇਂਦਿਆਂ ਅੱਗੇ ਲਿਖਦੇ ਹਨ :

ਦੋਹਰਾ-ਔਰ ਬਾਤ ਸਾਜਨ ਸੁਨੋ,
ਕਹੌਂ ਸਾਤ ਬਖਯਾਤ ।
ਦਾਦਰ ਨਹਿ ਕਾਦਰ ਰਚਯੋ,
ਇਸ ਤੀਰਥ ਮੈਂ ਜਾਤ ॥੪੨॥
ਬਹੁਤੇ ਪ੍ਰੀਖਯਾ ਕਹਿ ਚੁਕੇ,
ਪਰਖਹੁ ਔਰੈਂ ਖਾਸ ।
ਡੱਡ ਨਾ ਰਹਿ ਨਹਿੰ ਬੋਲ ਹੈ,
ਇਹਾਂ ਕਭੀ ਕਿਸਿ ਮਾਸ ॥੪੩॥
ਉਭੈ ਓਰ ਹਸਲੀ ਵਿਖੈ,
ਔਰ ਮੱਧ ਗੁਰੁ ਬਾਗ ।
ਦਾਦਰ ਸਾਦਰ ਰਹਿਤ ਬਹੁ,
ਛੋਰਿ ਤਲਾਉ ਵਿਭਾਗ ॥੪੪॥
ਮਾਨ ਸਰੋਵਰ ਕੀ ਅਹੇ,
ਸਹੀ ਨਿਸ਼ਾਨੀ ਏਹ ।
ਡੱਡ ਨਹਿੰ ਰਹਿ ਨਹਿੰ ਬੋਲ ਹੈ,
ਬਗੁਲਾ ਚੁੰਚ ਨ ਦੇਹ ॥੪੫॥
ਯਹੀ ਨਿਸ਼ਾਨੀ ਸਹੀ ਸਭਿ,

ਹੈ ਅੰਮ੍ਰਿਤ ਸਰ ਮਾਂਹਿ ।
ਲੋਗ ਸਿਆਨੇ ਜਾਨ ਹੈਂ,
ਜੋ ਧਰਿ ਧਯਾਨ ਪਿਖਾਹਿ ॥੪੬॥ *(ਬਿਸ੍ਰਾਮ ੧੮)*

ਸ੍ਵੈਯਾ- ਅਤਿ ਅੰਬੁ ਅਪਾਰ ਅਮੀ ਅਨੁਹਾਰ,
ਅਲੋਕਨ ਤੈ ਅਘ ਓਘ ਨਸੈਂ।
ਜਿਹ ਪਾਨ ਕਰੇ ਨਰ ਪਾਵਨ ਹ੍ਵੈ,
ਸੁਖ ਸੰਪਤਿ ਧਾਮ ਅਮੋਘ ਧਸੈ।
ਹਰਿ ਗਯਾਨ ਸਨਾਨ ਕਰੇ, ਉਰ ਮੈਂ
ਵਰ ਆਤਮ ਗਯਾਨ ਸਜੋਗ ਬਸੈ ।
ਅਸ ਸਾਰ ਸਰੋਵਰ ਮੱਧ ਮਹੋਵਰ,
ਮੰਦਰ ਮੋਖਦ ਭੋਗ ਲਸੈ ॥੨੬॥

*(ਪੂਰਬਾਰਧ ਬਿਸ੍ਰਾਮ ੧)*

ਗਿਆਨੀ ਗਿਆਨ ਸਿੰਘ ਜੀ ਆਪਣੀ ਰਚਿਤ ਪੁਸਤਕ 'ਤਵਾਰੀਖ ਅੰਮ੍ਰਿਤਸਰ' ਦੇ ਪੰਨਾ ੨੦ ਉੱਪਰ ਲਿਖਦੇ ਹਨ ਕਿ 'ਇਸ (ਉਪ੍ਰੋਕਤ) ਗੱਲ ਨੂੰ ਜੈਸੀ ਰਾਮ ਤਹਿਸੀਲਦਾਰ ਅਤੇ ਸਾਂਡਲ ਸਾਹਿਬ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਪਹਿਰੇ ਲਾ ਕੇ ਅਜ਼ਮਾਇਆ ਹੈ ।'

ਜਿਵੇਂ ਕਿ ਪਾਠਕ ਪਿੱਛੇ ਪੜ੍ਹ ਆਏ ਹਨ ਕਿ ਅੰਮ੍ਰਿਤਸਰ ਸਰੋਵਰ ਦੀ ਅਤੇ ਇਸ ਵਿੱਚ ਇਸ਼ਨਾਨ ਕਰਨ ਦੀ ਮਹਿਮਾ ਪਹਿਲੇ, ਤੀਜੇ, ਚੌਥੇ ਤੇ ਪੰਜਵੇਂ ਪਾਤਸ਼ਾਹ ਜੀ ਨੇ ਆਪਣੀ ਬਾਣੀ ਰਾਹੀਂ ਪ੍ਰਗਟ ਕੀਤੀ ਹੈ । ਗੁਰੂ ਘਰ ਦੇ ਸ਼ਰਧਾਲੂ ਸਿੱਖ ਕਵੀਆਂ ਨੇ ਵੀ ਇਸ ਦੀ ਮਹਿਮਾ ਨੂੰ ਆਪਣੀ ਕਾਵਿ ਰਾਹੀਂ ਅੰਕਤ ਕੀਤਾ ਹੈ । ਕੁਝ ਖਾਸ ਕਵੀਆਂ ਦੇ ਨਮੂਨੇ ਮਾਤਰ ਛੰਦ ਹੇਠ ਦਰਜ਼ ਕਰਦੇ ਹਾਂ :

ਕੋਊ ਏਕ ਅਵਨੇਸ[1] ਸੁੰਦਰ ਵਿਸ਼ੇਸ਼ ਰੂਪ,
ਯੱਗਨ ਪ੍ਰਭਾਵ ਤੇ ਸੁਰੇਸ[2] ਪਦ ਪਾਯੋ ਹੈ ।
ਭੋਗੇ ਹੈਂ ਵਿਵਿਧ[3] ਭੋਗ ਰੋਗ ਸੋਗ ਬਯੋਗ ਹੀਨ,
ਵਿਬੁਧ ਵਿਵੇਕ ਕਰਿ[4] ਨਾਕ[5] ਤੇ ਗਿਰਾਯੋ ਹੈ ।
ਗਿਰਯੋ ਸੁਧਾਸਰ ਆਨ, ਆਗਯਾ ਭਗਵਾਨ ਮਾਨ,
ਧਾਏ ਪਾਰਖਦ ਸੋ ਵਿਮਾਨ ਤੈ ਚਢਾਯੋ ਹੈ ।
ਦੀਨੋ ਨਿਜ ਰੂਪ ਹਰਿ, ਪਾਰਖਦ ਭੂਪ ਕੀਨੋ
ਸੁਧਾਸਰ ਜੀ ਕੋ ਜਸ, ਤੀਨ ਲੋਕ ਛਾਯੋ ਹੈ ॥੫੮॥

ਪੁਨਹ ਕਬਿੱਤ :

ਮਹਾ ਮਦਰਾਪੀ ਪਾਪੀ, ਆਮਖ ਕੈ ਧ੍ਰਾਪੀ ਤਨ,
ਧੇਨ ਦਿਜ ਸ੍ਰਾਪੀ ਬੈਨ ਰਰੈ ਸਮ ਸਰ ਕੇ ।
ਕਰੈ ਜਲ ਪਾਨ ਸੋ ਵਿਮਾਨ ਪੈ ਵਿਰਾਜਮਾਨ,
ਰੂਪ ਭਗਵਾਨ ਹ੍ਵੈ ਸਨਾਨ ਕੀਯੋ ਸਰ ਕੇ ।

1 **ਰਾਜਾ** 2 **ਇੰਦਰ** । 3 **ਅਨੇਕ ਤਰ੍ਹਾਂ ਦੇ** । 4 **ਦੇਵਤਿਆਂ ਨੇ ਵਿਚਾਰ ਕਰਕੇ** । 5 **ਸੁਰਗ** ।

ਕਹੈ ਮੇਘ ਸਿੰਘ, ਸੁਰਲੋਕ ਸੂਰਲੋਕ ਭੇਦੇ,
ਨਾਕ ਨਟੀ ਰੋਕਤੀ, ਨ ਰੁਕੈ ਆਗੇ ਸਰਕੇ।
ਨਰਕ ਦੈ ਜੰਤ੍ਰ ਚਿਤ੍ਰ ਗੁਪਤ ਕੇ ਚਿਤ੍ਰ ਫਾਰ,
ਮਿਤ੍ਰ ਸੁਤ ਚਿਤਵੈ ਚਰਿਤ੍ਰ ਸੁਧਾ ਸਰ ਕੇ ॥੫੯॥

ਦੋਹਰਾ :

ਸੁਰ ਸੁਰਪਤਿ; ਸੁਰ ਅੰਗਨਾ,
ਹ੍ਵੈ ਨਰ ਨਾਰਿ ਅਸ਼ੋਕ।
ਸ਼ੋਭ ਸੁਧਾ ਸਰ ਕੀ ਲਖੈ,
ਭੂਲ ਜਾਹਿੰ ਨਿਜ ਲੋਕ ॥੬੨॥

*(ਮੇਘ ਸਿੰਘ ਕ੍ਰਿਤ, ਭਾਈ ਸਾਹਿਬ ਚੰਦ੍ਰਕਾ)*

ਕਬਿੱਤ :

ਗੰਗ ਹੂੰ ਤਰੰਗ ਅੰਗ ਭਾਰਤੀ ਕਾਲਿੰਦ੍ਰੀ ਸੰਗ,
ਗੋਮਤੀ ਗਯਾ ਪ੍ਰਯਾਗ ਮਾਨਸਰ ਭਾਵਤੇ।
ਕਾਂਸੀ ਕਾਂਤੀ ਨੈਮਖਾਰ ਦ੍ਵਾਰਿਕਾ ਔ ਹਰੀ ਦ੍ਵਾਰ,
ਕੁਰੁਖੇਤ੍ਰ ਬਦਰੀ ਚਾਰੁ ਔ ਕਿਦਾਰ ਗਾਵਤੇ।
ਗੋਦਾਵਰੀ ਔਰ ਧਾਮ ਮਥਰਾ ਮਾਯਾ ਭਿਰਾਮ,
ਦੇਵ ਥਲ ਗੁਨ ਗ੍ਰਾਮ ਸਿੱਧ ਜੋਗ ਸਮਾਵਤੇ।
'ਸਸਿਜ ਮ੍ਰਿਗਿੰਦ' ਫਲ ਪਾਵਤ ਹੈ ਬੀਚ ਕਲਿ;
ਜੋਊ ਚਲਿ ਆਇ ਨੈਕ ਸੁਧਾ ਸਰ ਨ੍ਹਾਵਤੇ ॥੩੨॥

*(ਬੁੱਧ ਸਿੰਘ ਕ੍ਰਿਤ, ਦੇਖੋ ਸੁਧਾਸਰ ਸ਼ੱਤਕ ਪਸੀਚਾ ਸੰਪਾਦਿਤ ਸੰਤ ਨਿਹਾਸਿੰਘ)*

ਨੋਟ- 'ਸੁਧਾਸਰ ਸ਼ੱਤਕ ਪਚੀਸਾ' ਨਾਮ ਦੀ ਪੁਸਤਕ ਵਿੱਚ ੧੪ ਮਹਾਨ ਕਵੀਆਂ ਦੇ ੧੨੫ ਛੰਦਾਂ ਦਾ ਸੰਗ੍ਰਹਿ ਹੈ, ਜਿਨ੍ਹਾਂ ਛੰਦਾਂ ਵਿੱਚ ਉਨ੍ਹਾਂ ਨੇ ਵੱਖ-ਵੱਖ ਢੰਗਾਂ ਨਾਲ ਸ੍ਰੀ ਅੰਮ੍ਰਿਤਸਰ ਸ਼ਹਿਰ, ਸ੍ਰੀ ਅੰਮ੍ਰਿਤ-ਸਰ-ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਮਹਿਮਾ ਦਾ ਭਰਪੂਰ ਵਰਣਨ ਕੀਤਾ ਹੈ। ਵਿਸਥਾਰ ਦੇ ਭੈ ਤੋਂ ਬਹੁਤੇ ਛੰਦ ਨਹੀਂ ਦੇ ਸਕੇ। ਇਸ ਉਪ੍ਰੋਕਤ ਦੁਰਲੱਭ ਪੁਸਤਕ ਨੂੰ ਦਾਸ ਨੇ ਸੰਪਾਦਨ ਕਰ ਦਿੱਤਾ ਹੈ। ਛੇਤੀ ਹੀ ਛਪ ਕੇ ਪਾਠਕਾਂ ਤੱਕ ਪਹੁੰਚ ਜਾਏਗੀ।

* * *

# ਹੰਸਲੀ

੧੮੪੦ ਬਿ: ਤੋਂ ਪਹਿਲਾਂ ਅੰਮ੍ਰਿਤਸਰ ਸਰੋਵਰ ਵਿੱਚ ਬਰਖਾ ਦਾ ਪਾਣੀ ਜਮ੍ਹਾਂ ਕਰ ਲਿਆ ਜਾਂਦਾ ਸੀ ਜਾਂ ਔੜ ਦੇ ਸਮੇਂ ਹਰਟਾਂ ਰਾਹੀਂ ਖੂਹਾਂ ਦੇ ਪਾਣੀ ਨਾਲ ਸਰੋਵਰ ਨੂੰ ਭਰਿਆ ਜਾਂਦਾ ਸੀ ਜਿਸ ਵਿੱਚ ਸਿੱਖ ਸੰਗਤਾਂ ਇਸ਼ਨਾਨ ਕਰ ਕੇ ਜਨਮ ਸਫਲ ਕਰਦੀਆਂ ਸਨ। ਸੰਮਤ ੧੮੪੦ ਬਿ: ਮੁਤਾਬਿਕ ੧੭੮੩ ਈ: ਨੂੰ ਬਰਸਾਤ ਦੇ ਮੌਸਮ ਸਾਉਣ ਭਾਦਰੋਂ ਦੇ ਦਿਨਾਂ ਵਿੱਚ ਵੀ ਵਰਖਾ ਨਾ ਹੋਣ ਕਰ ਕੇ ਅਜਿਹੀ ਔੜ ਲੱਗੀ ਕਿ ਸਰੋਵਰ ਦਾ ਜਲ ਬਿਲਕੁਲ ਖੁਸ਼ਕ ਹੋ ਗਿਆ। ਖੂਹਾਂ ਦਾ ਪਾਣੀ ਵੀ ਹੇਠਾਂ ਉਤਰ ਗਿਆ, ਜਿਸ ਕਰ ਕੇ ਹਰਟਾਂ ਰਾਹੀਂ ਵੀ ਸਰੋਵਰ ਵਿੱਚ ਜਲ ਨਾ ਪਾਇਆ ਜਾ ਸਕਿਆ। ਜਿਸ ਕਰ ਕੇ ਸੰਗਤਾਂ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਤੋਂ ਵਾਂਝੀਆਂ ਹੋ ਗਈਆਂ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਾਹਿਬਾਨ ਅਤੇ ਸ਼ਹਿਰ ਦੇ ਮੁਖੀ ਸੱਜਣਾਂ ਨੇ ਇਕੱਠੇ ਹੋ ਕੇ (ਭਾਈ ਸੰਗਤ ਸਾਹਿਬ ਦੇ ਸੇਵਕਾਂ ਵਿੱਚੋਂ) ਮਹੰਤ ਸੰਤੋਖ ਦਾਸ ਜੀ ਨਿਰਬਾਣ ਅਤੇ (ਭਾਈ ਮੀਹਾਂ ਸਾਹਿਬ ਦੀ ਬਖ਼ਸ਼ਸ਼ ਵਿੱਚੋਂ) ਮਹੰਤ ਪ੍ਰੀਤਮ ਦਾਸ ਜੀ ਨਿਰਬਾਣ (ਜੋ ਉਸ ਸਮੇਂ ਉਦਾਸੀ ਸੰਪ੍ਰਦਾਇ ਦੇ ਮੁਖੀ ਸਨ ਅਤੇ ਜਿਨ੍ਹਾਂ ਨੂੰ ਸਾਰੇ ਸਿੱਖ ਪੰਥ ਵਿੱਚ ਬੜੇ ਕਰਨੀ ਵਾਲੇ ਪੂਰਨ ਸਾਧੂ ਮੰਨਿਆਂ ਜਾਂਦਾ ਸੀ) ਨੂੰ ਮਿਲ ਕੇ ਬੇਨਤੀ ਕੀਤੀ ਕਿ ਅੰਮ੍ਰਿਤਸਰ ਸਰੋਵਰ ਲਈ ਪਾਣੀ ਦਾ ਕੋਈ ਪੱਕਾ ਪ੍ਰਬੰਧ ਕਰੋ, ਜਿਸ ਕਰ ਕੇ ਅੱਠੇ ਪਹਿਰ ਤੇ ਬਾਰ੍ਹਾਂ ਮਹੀਨੇ ਅੰਮ੍ਰਿਤ ਸਰੋਵਰ ਸਦਾ ਭਰਿਆ ਰਿਹਾ ਕਰੇ। ਇਨ੍ਹਾਂ ਉਪ੍ਰੋਕਤ ਦੋਹਾਂ ਮਹਾਂ ਪੁਰਖਾਂ ਨੇ ਇਹ ਧਾਰਮਕ ਤੇ ਸਭ ਲਈ ਕਲਿਆਣ-ਕਾਰੀ ਕਾਰਜ ਸਮਝ ਕੇ ਪੰਜ ਸੌ ਨਾਂਗੇ ਉਦਾਸੀ ਸਾਧੂਆਂ ਨੂੰ ਨਾਲ ਲੈ ਕੇ ਆਪ ਉਸ ਸਮੇਂ ਦੇ ਪਠਾਨਕੋਟ ਦੇ ਹਾਕਮ ਭੰਗੀ ਸਰਦਾਰ, ਸ੍ਰ: ਦੇਸਾ ਸਿੰਘ ਪਾਸ ਜਾ ਕੇ ਉਨ੍ਹਾਂ ਨੂੰ ਇਸ ਗੁਰੂ ਦੇ ਕਾਰਜ ਲਈ ਰਾਵੀ ਦਰਿਆ ਵਿੱਚੋਂ ਮਾਧੋਪੁਰ ਤੋਂ ਹੰਸਲੀ (ਛੋਟੀ ਨਹਿਰ) ਕੱਢ ਕੇ ਜਲ ਅੰਮ੍ਰਿਤ ਸਰੋਵਰ ਵਿੱਚ ਪਾਉਣ ਲਈ ਕਿਹਾ। ਉਨ੍ਹਾਂ ਨੇ ਇਨ੍ਹਾਂ ਮਹਾਤਮਾਵਾਂ ਦੇ ਕਹਿਣ ਅਨੁਸਾਰ ਆਪਣੇ ਇਲਾਕੇ ਵਿੱਚ ਆਪਣੇ ਖਰਚ ਨਾਲ ਹੰਸਲੀ ਪੁਟਵਾ ਕੇ ਜਲ ਅੱਗੇ ਤੋਰ ਦਿੱਤਾ। ਇਸ ਤਰ੍ਹਾਂ ਰਸਤੇ ਦੇ ਮਿਸਲ ਘਨੱਈਆਂ ਤੇ ਮਿਸਲ ਰਾਮਗੜ੍ਹੀਆਂ ਦੇ ਸਿੱਖ ਸਰਦਾਰਾਂ ਨੇ ਵੀ ਆਪੋ ਆਪਣੇ ਇਲਾਕੇ ਵਿੱਚ ਹੰਸਲੀ ਨੂੰ ਪੁਟਵਾ ਕੇ ਜਲ ਅੱਗੇ ਤੋਰ ਦਿੱਤਾ। ਇਸ ਤਰ੍ਹਾਂ ਇਹ ਹੰਸਲੀ ਦਾ ਜਲ ਦਰਿਆ ਰਾਵੀ 'ਚੋਂ ਨਿਕਲ ਕੇ ਸੰਮਤ ੧੮੪੨ ਬਿ:(੧੭੮੫ ਈ:) ਵਿੱਚ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਸਾਰੇ ਸਰੋਵਰਾਂ ਵਿੱਚ ਪੈਣ ਲੱਗ ਪਿਆ। ਇਸੇ ਕਰ ਕੇ ਇਸ ਉਪ੍ਰੋਕਤ ਨਹਿਰ ਦਾ ਨਾਮ ਸਿੱਖਾਂ ਵਾਲੀ ਨਹਿਰ ਜਾਂ ਹੰਸਲੀ ਮਸ਼ਹੂਰ ਹੋ ਗਿਆ। ਪਹਿਲਾਂ ਇਹ ਹੰਸਲੀ ਦਰਿਆ ਰਾਵੀ ਤੋਂ ਅੰਮ੍ਰਿਤਸਰ ਸਰੋਵਰ ਤੱਕ ਕੱਚੀ ਸੀ। ਮਹੰਤ ਸੰਤੋਖ ਦਾਸ ਨੇ ਆਪਣੇ ਖਰਚ 'ਤੇ ਸਰੋਵਰ ਤੋਂ ਇਕ ਮੀਲ ਤੱਕ ਹੰਸਲੀ ਪੱਕੀ ਬਣਵਾ ਦਿੱਤੀ। ਪਠਾਨਕੋਟ ਤੋਂ ਅੰਮ੍ਰਿਤਸਰ ਤੱਕ ਜਿਥੋਂ-ਜਿਥੋਂ ਦੀ ਹੰਸਲੀ ਲੰਘੀ ਹੇਠ ਲਿਖੇ ਸਿੱਖ ਸਰਦਾਰ ਹਾਕਮ ਰਾਜ ਕਰਦੇ ਸਨ। ਇਨ੍ਹਾਂ ਨੇ ਵੀ ਆਪੋ ਆਪਣੇ ਇਲਾਕੇ ਵਿੱਚ ਹੰਸਲੀ ਪੁਟਵਾਉਣ ਦੀ ਸੇਵਾ ਕਰ ਕੇ ਜਸ ਖੱਟਿਆ :

## ਮਿਸਲ ਘਨੱਈਆਂ ਵਿੱਚੋਂ

੧. ਸ: ਅਮਰ ਸਿੰਘ ਬੱਗਾ ਪਰਗਨਾ, ਸੁਜਾਨਪੁਰ ਧਰਮਕੋਟ ਤੇ ਬ੍ਰਹਮਪੁਰ ਆਦਿ ਵਿੱਚੋਂ।

੨. ਸ: ਜੈ ਸਿੰਘ ਘਨੱਈਆ ਪਰਗਨਾ ਗੁਰਦਾਸਪੁਰ, ਬਟਾਲਾ ਤੇ ਫ਼ਤਹਗੜ੍ਹ ਆਦਿ ।

੩. ਸ: ਦੇਸਾ ਸਿੰਘ, ਪਰਗਨਾ ਸੁਜਾਨ ਪੁਰ ਦੇ ਕੁਝ ਪਿੰਡਾਂ ਉੱਪਰ ।

੪. ਮਿਰਜ਼ਾ ਸਿੰਘ, ਪਰਗਨਾ ਰਤਨ ਗੜ੍ਹ, ਰਾਮਪੁਰ ਤੇ ਅਜਨਾਲਾ ਆਦਿ ।

## ਮਿਸਲ ਰਾਮਗੜ੍ਹੀਆਂ ਵਿੱਚੋਂ

੫. ਸ: ਜੱਸਾ ਸਿੰਘ (ਮੋਢੀ ਮਿਸਲ) ਪਰਗਨਾ ਕਾਦੀਆਂ ਬਟਾਲਾ ਦੇ ਕੁਝ ਪਿੰਡ ਤੇ ਕਲਾਨੌਰ ਵਿੱਚੋਂ ।

## ਮਿਸਲ ਭੰਗੀਆਂ ਵਿੱਚੋਂ

੬. ਸ: ਦੇਸਾ ਸਿੰਘ ਆਦਿ ਸਰਦਾਰ, ਪਰਗਨਾ ਪਠਾਨਕੋਟ ਦੇ ਕੁਝ ਪਿੰਡ ਕੋਹਾਲੀ ਤੇ ਮਜੀਠਾ ਇਲਾਕੇ ਉੱਪਰ ।

*(ਦੇਖੋ ਇਤਿਹਾਸਕ ਪੱਤਰ ਕੱਤਕ, ਮੱਘਰ, ਪੋਹ ੧੯੫੧ ਈ: ਸਿੱਖ ਹਿਸਟਰੀ ਸੋਸਾਇਟੀ ਅੰਮ੍ਰਿਤਸਰ)*

ਅੰਗਰੇਜ਼ੀ ਸਰਕਾਰ ਆ ਜਾਣ 'ਤੇ ਉਸ ਨੇ ਇਸ ਹੰਸਲੀ ਦਾ ਮੁੱਢਲਾ ਹਿੱਸਾ ਵਰਤੋਂ ਵਿੱਚ ਲਿਆ ਕੇ ਇਸ ਦੀਆਂ ਦੋ ਸ਼ਾਖਾਂ-ਅਪਰ ਬਾਰੀ ਦੁਆਬ ਅੰਮ੍ਰਿਤਸਰ ਲਾਹੌਰ ਬ੍ਰਾਂਚ ਤੇ ਦੂਜੀ ਲੋਇਰ ਬਾਰੀ ਦੁਆਬ ਕਸੂਰ ਸਭਰਾਉਂ ਬਰਾਂਚ ਕੱਢੀਆਂ । ਅੰਮ੍ਰਿਤਸਰ ਦੇ ਲਾਗੇ ਦੀ ਲੰਘਦੀ ਨਹਿਰ ਵਿੱਚੋਂ ਸੂਆ ਕੱਢਿਆ । ਜਿਸ ਦਾ ਨਾਮ ਜੇਠੂ ਵਾਲਾ ਰਜਵਾਹਾ ਹੈ । ਤੁੰਗ ਪਿੰਡ ਕੋਲੋਂ ਇਸ ਸੂਏ ਵਿੱਚ ਮੋਘਾ ਲਾ ਕੇ ਪਾਣੀ ਹੰਸਲੀ ਰਾਹੀਂ ਅੰਮ੍ਰਿਤਸਰ ਸਰੋਵਰ ਵਿੱਚ ਪਾਇਆ ਗਿਆ । ਪਹਿਲਾਂ ਇਸ ਹੰਸਲੀ ਵਿੱਚੋਂ ਕਿਸੇ ਦੀ ਜ਼ਮੀਨ ਨੂੰ ਪਾਣੀ ਨਹੀਂ ਦਿੱਤਾ ਜਾਂਦਾ ਸੀ । ਪਿੱਛੋਂ ਸਰਬਰਾਹਾਂ ਦੀ ਰਜ਼ਾਮੰਦੀ ਨਾਲ ਆਲੇ-ਦੁਆਲੇ ਦੀਆਂ ਜ਼ਮੀਨਾਂ ਤੇ ਬਾਗਾਂ ਵਾਲਿਆਂ ਨੇ ਇਸ ਹੰਸਲੀ ਦਾ ਪਾਣੀ ਲਾਉਣਾ ਸ਼ੁਰੂ ਕਰ ਦਿੱਤਾ । ਪਹਿਲਾਂ ਇਹ ਹੰਸਲੀ ਸੂਏ ਤੋਂ ਸ਼ਹਿਰ ਪਨਾਹ ਤਕ ਕੱਚੀ ਸੀ ਤੇ ਸ਼ਹਿਰ ਪਨਾਹ ਤੋਂ ਅੰਮ੍ਰਿਤਸਰ ਸਰੋਵਰ ਤਕ ਹੇਠੋਂ ਤੇ ਪਾਸਿਆਂ ਤੋਂ ਪੱਕੀ ਸੀ ਪਰ ਉੱਪਰੋਂ ਖੁਲ੍ਹੀ ਸੀ । ਪਹਿਲਾਂ ਇਕੋ ਸ਼ਾਖਾ ਸੀ ਮਗਰੋਂ ਘਿਉ ਮੰਡੀ ਕੋਲੋਂ ਇਸ ਦੀਆਂ ਹੇਠ ਲਿਖੀਆਂ ਤਿੰਨ ਸ਼ਾਖਾਂ ਹੋ ਗਈਆਂ :

### ੧. ਦਰਬਾਰ ਸਾਹਿਬ ਸ਼ਾਖ :

ਘਿਉ ਮੰਡੀ ਦੇ ਦਰਵਾਜ਼ੇ ਰਾਹੀਂ ਘਿਉ ਮੰਡੀ ਦੇ ਵਿੱਚ ਦੀ ਅੱਗੋਂ ਰਾਮਾਨੰਦ ਬਾਗ ਦੇ ਨਾਲ ਦੀ ਲੰਘਦੀ ਜੱਲ੍ਹਿਆਂ ਵਾਲੇ ਬਾਗ ਦੇ ਵਿੱਚ ਦੀ ਮਲਵਈ ਬੁੰਗੇ ਵਿੱਚ ਦੀ ਹੁੰਦੀ ਹੋਈ ਬੁੰਗਾ ਬ੍ਰਹਮ-ਬੂਟਾ ਦੇ ਨੇੜੇ ਸਰੋਵਰ ਦੀ ਉੱਤਰ ਪੂਰਬੀ ਕੋਣ ਨੇੜੇ ਹੰਸਲੀ ਸਰੋਵਰ ਵਿੱਚ ਜਾ ਪੈਂਦੀ ਹੈ ।

ਇਹ ਸ਼ਾਖ ਅੰਮ੍ਰਿਤਸਰ ਤੇ ਕੌਲਸਰ ਦੋਹਾਂ ਸਰੋਵਰਾਂ ਨੂੰ ਜਲ ਪਹੁੰਚਾਉਂਦੀ ਹੈ । ਅੰਮ੍ਰਿਤਸਰ ਸਰੋਵਰ 'ਚੋਂ ਪੂਰਬ ਦੱਖਣ ਦੀ ਕੋਣ 'ਚ ਇਕ ਹੰਸਲੀ ਸਿੰਧੀਆਂ ਦੇ ਬੁੰਗੇ ਦੇ ਕੋਲ ਦੀ ਤੇ ਮਾਨਾਂ ਵਾਲੇ ਬੁੰਗੇ ਦੇ ਵਿੱਚ ਦੀ ਬਣੀ ਹੋਈ ਹੈ ਜਿਸ ਰਾਹੀਂ ਜਲ ਕੌਲਸਰ ਸਰੋਵਰ ਵਿੱਚ ਪੈਂਦਾ ਹੈ । ਕੌਲਸਰ ਦੇ ਪੂਰਬ-ਦਖਣ ਕੋਣ 'ਚੋਂ ਮੋਘੇ ਰਾਹੀਂ ਪੁਰਾਣਾ ਪਾਣੀ ਬਾਜ਼ਾਰ ਢਾਬ ਬਸਤੀ ਰਾਮ ਦੇ ਪਾਸੇ ਵੱਲ ਬਾਹਰ ਕੱਢ ਦਿੱਤਾ ਜਾਂਦਾ ਹੈ ।

## ੨. ਸੰਤੋਖਸਰ ਸ਼ਾਖ :

ਇਸ ਦਾ ਰਸਤਾ ਘਿਉ ਮੰਡੀ ਦਰਵਾਜ਼ੇ ਤੋਂ ਬਾਜ਼ਾਰ ਘਿਉ ਮੰਡੀ, ਕੂਚਾ ਹੰਸਲੀ, ਬਾਜ਼ਾਰ ਬਕਰਵਾਨਾਂ, ਗਵਰਨਮੈਂਟ ਹਾਈ ਸਕੂਲ ਅਤੇ ਜ਼ਮੀਨ ਸੰਤੋਖਸਰ ਦੇ ਵਿੱਚ ਦੀ ਹੈ। ਪਹਿਲਾਂ ਇਸ ਸਰੋਵਰ ਵਿੱਚ ਵੀ ਬਾਰਸ਼ ਦਾ ਜਲ ਹੀ ਜਮ੍ਹਾਂ ਹੁੰਦਾ ਸੀ ਜੋ ਗਰਮੀ ਦੇ ਮੌਸਮ ਵਿੱਚ ਸੁੱਕ ਜਾਂਦਾ ਸੀ । ਇਸ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਅਤੇ ਪੁਜਾਰੀਆਂ ਨੇ ਸ: ਦੇਸਾ ਸਿੰਘ ਪਾਸ-ਜੋ ਉਸ ਵਕਤ ਸ਼ਹਿਰ ਅੰਮ੍ਰਿਤਸਰ ਦਾ ਥਾਣੇਦਾਰ ਸੀ- ਵੱਡੀ ਹੰਸਲੀ ਤੋਂ ਸੰਤੋਖਸਰ ਸਰੋਵਰ ਵਿੱਚ ਜਲ ਪਾਉਣ ਲਈ ਕਿਹਾ, ਤਾਂ ੧੯੮੧ ਸੰਮਤ ਵਿੱਚ ਹੰਸਲੀ ਵਿੱਚ ਸੁਰਾਖ ਕਰ ਕੇ ਬਾਗ ਰਾਜਾ ਰਲੀਆ ਰਾਮ ਅਤੇ ਕਟੜਾ ਮਹਾਂ ਸਿੰਘ ਵਿੱਚ ਦੀ ਹੰਸਲੀ ਦੀ ਸ਼ਾਖ ਪੁਟਵਾ ਕੇ ਸੰਤੋਖਸਰ ਵਿੱਚ ਜਲ ਪਾਇਆ ਗਿਆ । ਇਸ ਪਾਣੀ ਦਾ ਕੋਈ ਮਾਮਲਾ ਨਹੀਂ ਦਿੱਤਾ ਜਾਂਦਾ, ਕਿਉਂਕਿ ਇਹ ਪਾਣੀ ਮੁਆਫੀ ਆਬਿਆਨਾ ਹੈ ।

*(ਦੇਖੋ ਤਵਾਰੀਖ ਅੰਮ੍ਰਿਤਸਰ ਦੇ ਚੰਦ ਮਾਖਜ਼ ਪੰਨਾ ੬੬-੬੭)*

## ੩. ਬਿਬੇਕਸਰ ਰਾਮਸਰ ਸ਼ਾਖ :

ਇਹ ਘਿਉ ਮੰਡੀ ਦਰਵਾਜ਼ੇ ਤੋਂ ਸੁਲਤਾਨਵਿੰਡ ਦਰਵਾਜ਼ੇ ਵੱਲ ਦੀ ਸ਼ਹਿਰ ਦੇ ਬਾਹਰ ਬਾਹਰ ਜਾ ਕੇ ਬਿਬੇਕਸਰ ਅਤੇ ਰਾਮਸਰ ਦੇ ਦੋਹਾਂ ਸਰੋਵਰਾਂ ਨੂੰ ਜਲ ਦਿੰਦੀ ਹੈ । ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਤੇ ਅੰਗਰੇਜ਼ੀ ਰਾਜ ਦੇ ਆਉਣ ਤਕ ਸਰੋਵਰਾਂ ਦੇ ਜਲ ਦਾ ਮਾਮਲਾ ਮੁਆਫ਼ ਸੀ ਪਰ ਫਿਰ ਅੰਗਰੇਜ਼ਾਂ ਦੇ ਰਾਜ ਵਿੱਚ ਤੇ ਫਿਰ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ ਸਮੇਂ ੧੯੩੦-੩੧ ਈ: ਵਿੱਚ ਸ਼ਹਿਰ ਦੇ ਸਰੋਵਰਾਂ ਨੂੰ ਹੰਸਲੀ ਦਾ ਜਿਹੜਾ ਪਾਣੀ ਮਿਲਦਾ ਸੀ, ਮਹਿਕਮਾ ਨਹਿਰ ਵਾਲੇ ਪਾਣੀ ਦਾ ਆਬਿਆਨਾ ਮਿਉਂਸਪਲ ਕਮੇਟੀ ਅੰਮ੍ਰਿਤਸਰ ਪਾਸੋਂ ੩੦੦੦)- ਤਿੰਨ ਹਜ਼ਾਰ ਰੁਪਏ ਸਾਲਾਨਾ ਵਸੂਲ ਕਰਦੇ ਸਨ , ਕਿਉਂਕਿ ਸਰੋਵਰਾਂ ਦੇ ਵਿੱਚੋਂ ਜਿਹੜਾ ਵਾਧੂ ਜਲ ਬਾਹਰ ਜਾਂਦਾ ਸੀ ਮਿਉਂਸਪਲ ਕਮੇਟੀ ਉਸ ਨੂੰ ਸਿੰਜਾਈ ਲਈ ਜ਼ਿਮੀਂਦਾਰਾਂ ਨੂੰ ਦੇ ਕੇ ਉਨ੍ਹਾਂ ਪਾਸੋਂ ਮਾਮਲਾ ਵਸੂਲ ਕਰਦੀ ਸੀ ।

ਸੂਏ ਦੇ ਮੋਘੇ ਤੋਂ ਲੈ ਕੇ ਸ਼ਹਿਰ ਪਨਾਹ ਤਕ ਹੰਸਲੀ ਤਿੰਨਾਂ ਪਾਸਿਆਂ ਤੋਂ ਕੱਚੀ ਤੇ ਉੱਪਰੋਂ ਖੁੱਲ੍ਹੀ ਹੋਣ ਕਰ ਕੇ ਜਿੱਥੇ ਜਲ ਨਾਲ ਵਧੇਰੇ ਮਾਤਰਾ ਵਿੱਚ ਮਿੱਟੀ ਤੇ ਗਾਰ ਮਿਲ ਕੇ ਸਰੋਵਰ ਵਿੱਚ ਪਹੁੰਚਦੀ ਸੀ, ਉਥੇ ਹੰਸਲੀ ਵਿੱਚ ਵਗਦੇ ਜਲ ਵਿੱਚ ਉੱਪਰੋਂ ਕਈ ਕੁਝ ਡਿਗਣ ਨਾਲ ਪਵਿੱਤ੍ਰਤਾ ਭੰਗ ਹੁੰਦੀ ਸੀ । ਇਸ ਲਈ ੧੯੧੯ ਈ: ਨੂੰ ਮਾਰਸ਼ਲ ਲਾਅ ਦੇ ਦਿਨਾਂ ਵਿੱਚ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਜੀ ਅਤੇ ਸੰਤ ਸਾਧੂ ਸਿੰਘ ਜੀ ਪਟਿਆਲੇ ਵਾਲਿਆਂ ਨੇ ਸੰਤੋਖਸਰ, ਰਾਮਸਰ ਤੇ ਬਿਬੇਕਸਰ ਦੇ ਸਰੋਵਰਾਂ ਨੂੰ ਜਲ ਪੁਚਾਣ ਵਾਲੀਆਂ ਹੰਸਲੀਆਂ ਨੂੰ ਪੱਕਾ ਕਰਨ ਦੀ ਸੇਵਾ ਦਾ ਬੀੜਾ ਚੁੱਕ ਲਿਆ । ਜਦ ਇਹ ਦੋਵੇਂ ਹੰਸਲੀਆਂ ਪੱਕੀਆਂ ਹੋ ਗਈਆਂ, ਤਾਂ ਫਿਰ ਸ੍ਰੀ ਤਰਨ ਤਾਰਨ ਸਾਹਿਬ ਦੀ ਹੰਸਲੀ ਨੂੰ ਪੱਕਾ ਕਰਨਾ ਆਰੰਭ ਦਿੱਤਾ । ਸੰਤਾਂ ਦੀ ਸਰਪ੍ਰਸਤੀ ਅਤੇ ਸੰਗਤਾਂ ਦੇ ਪ੍ਰੇਮ ਉਤਸ਼ਾਹ ਤੇ ਸ਼ਰਧਾ ਨਾਲ ਕੀਤੀ ਸੇਵਾ ਦਾ ਸਦਕਾ ਇਹ ਕਾਰਜ ਜਦ ਪੂਰਾ ਹੋ ਗਿਆ ਅਤੇ ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਹੰਸਲੀ ਪੱਕੀ ਹੋ ਗਈ ਤਾਂ ਜਥੇਦਾਰ ਤੇਜਾ ਸਿੰਘ ਜੀ 'ਅਕਰਪੁਰੀ' ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਜਾਰਾ ਸਿੰਘ 'ਜਾਮਾਰਾਏ' ਅਤੇ ਸ਼ਹਿਰ ਵੱਲੋਂ ਬਾਬਾ ਹਰਨਾਮ ਸਿੰਘ ਜੀ

'ਚਾਵਲਮੰਡੀ' ਵਾਲੇ ਸੰਤਾਂ ਦੀ ਸੇਵਾ ਵਿੱਚ ਤਰਨ ਤਾਰਨ ਸਾਹਿਬ ਪੁੱਜੇ ਤੇ ਅੰਮ੍ਰਿਤਸਰ ਦੀ ਹੰਸਲੀ ਨੂੰ ਪੱਕਾ ਕਰਨ ਹਿੱਤ ਬੇਨਤੀ ਕੀਤੀ ਤਾਂ ਸੰਤਾਂ ਨੇ ਉਕਤ ਪੰਥਕ ਮੁਖੀਆਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਇਸ ਮਹਾਨ ਸੇਵਾ ਦਾ ਬੀੜਾ ਚੁੱਕ ਲਿਆ ਤੇ ਸੰਮਤ ੧੯੮੫ ਬਿ: (੧੯੨੮ ਈ:) ਨੂੰ ਹੰਸਲੀ ਨੂੰ ਹੇਠੋਂ ਤੇ ਪਾਸਿਆਂ ਤੋਂ ਪੱਕਾ ਕਰਨ ਤੇ ਉੱਪਰੋਂ ਛੱਤ ਦੇਣ ਦਾ ਕਾਰਜ ਆਰੰਭ ਦਿੱਤਾ। ਇਸ ਤਰ੍ਹਾਂ ਸੰਗਤਾਂ ਤੇ ਮੁਖੀਆਂ ਦੇ ਸਹਿਯੋਗ ਨਾਲ ਹੰਸਲੀ ਤਿੰਨਾਂ ਪਾਸਿਆਂ ਤੋਂ ਪੱਕੀ ਤੇ ਉੱਪਰੋਂ ਛੱਤੀ ਗਈ। ਜਿਸ ਦਾ ਖੁਲਾਉ ੩੬+੨੬ ਇੰਚ ਹੈ ਤੇ ਮੋਘੇ ਤੋਂ ਸ਼ਹਿਰ ਤੱਕ ੮੯੮੬ ਫੁੱਟ ਲੰਬੀ ਹੈ। ਮੋਘੇ ਦੇ ਲਾਗੇ ਹੰਸਲੀ ਵਿੱਚ ਦੋ ਹੋਜ਼ (ਤਾਲ) ੧੦੦ x ੨੦ ਅਤੇ ੧੦੦ x ੬-੧/੨ ਫੁੱਟ ਦੇ ਬਣਾਏ ਗਏ ਹਨ ਅਤੇ ਇਨ੍ਹਾਂ ਵਿੱਚ ਸੱਤ ਸਾਈਫਨ ਤਿਆਰ ਕਰਵਾਏ ਗਏ ਹਨ। ਤਾਲ ਬਨਾਉਣ ਦਾ ਕਾਰਨ ਇਹ ਹੈ ਕਿ ਜਲ ਵਿੱਚ ਰਲੀ ਘੁਲੀ ਮਿੱਟੀ ਤੇ ਰੇਤ ਉਥੇ ਹੀ ਬੈਠ ਜਾਏ। ਹੰਸਲੀ ਵਿੱਚ ਕੁਝ ਫਾਸਲੇ ਪਰ ਸਫਾਈ ਆਦਿ ਕਰਨ ਲਈ ਪੇਚਾਂ ਵਾਲੇ ਮੁੱਘ ਰੱਖੇ ਗਏ ਹਨ ਜਿਨ੍ਹਾਂ ਰਾਹੀਂ ਹੰਸਲੀ ਦੇ ਵਿੱਚ ਉਤਰ ਕੇ ਸਫਾਈ ਅਤੇ ਮੁਰੰਮਤ ਆਦਿ ਕੀਤੀ ਜਾ ਸਕਦੀ ਹੈ। ਛੱਤ ਏਨੀ ਉੱਚੀ ਹੈ ਕਿ ਵਿੱਚ ਆਦਮੀ ਤੁਰ ਫਿਰ ਕੇ ਸਫ਼ਾਈ ਅਤੇ ਮੁਰੰਮਤ ਆਦਿ ਕਰ ਸਕਦਾ ਹੈ। ਸੇਵਾ ਦੇ ਇਸ ਮਹਾਨ ਕਾਰਜ ਨੂੰ ਸ਼ਲਾਘਾ ਯੋਗ ਉਦਮ ਤੇ ਪ੍ਰੇਮ ਭਾਵ ਅਤੇ ਸੰਗਤਾਂ ਦੇ ਹਰ ਪ੍ਰਕਾਰ ਦੇ ਸਹਿਯੋਗ ਨੇ ਹੀ ਸਿਰੇ ਚੜ੍ਹਾਇਆ ਸੀ। ਸ਼ਹਿਰ ਦੀਆਂ ਸੰਗਤਾਂ ਨੇ ਜਿਥੇ ਮਾਇਆ ਦੇ ਖੁੱਲ੍ਹੇ ਗੱਫੇ ਅਰਦਾਸ ਕਰਵਾਏ ਉਥੇ ਹੱਥੀਂ ਸੇਵਾ ਕਰ ਕੇ ਵੀ ਜਨਮ ਸਫਲ ਕੀਤਾ। ਦਰਬਾਰ ਸਾਹਿਬ ਕਮੇਟੀ ਵੱਲੋਂ ਵੀ ੧੦੦੦) ਇਕ ਹਜ਼ਾਰ ਰੁਪੈ ਮਾਹਵਾਰ ਖਰਚ ਕੀਤਾ ਜਾਂਦਾ ਰਿਹਾ।

ਸ਼ਹਿਰ ਪਨਾਹ ਤੋਂ ਬਾਹਰ ਹੰਸਲੀ ਦੇ ਦੋਹੀਂ-ਪਾਸੀਂ ਪਟੜੀਆਂ ਸਨ, ਜਿਨ੍ਹਾਂ ਉੱਪਰ ਅੰਬ ਆਦਿ ਮੇਵੇਦਾਰ ਰੁੱਖ ਲੱਗੇ ਹੋਏ ਸਨ, ਜਿਹੜੇ ਰੁੱਖ ਹੰਸਲੀ ਪੱਕੀ ਹੋਣ ਵਿੱਚ ਰੋਕ ਸਮਝੇ ਉਹ ਕਟਾ ਦਿੱਤੇ ਗਏ। ਉਸ ਤੋਂ ਬਾਅਦ ਹੋਰ ਨਵੇਂ ਬੂਟੇ ਲਗਾ ਦਿੱਤੇ।

ਸ਼ਹਿਰ ਦੇ ਵਿੱਚ ਇਨ੍ਹਾਂ ਹੰਸਲੀਆਂ ਦੀ ਛੱਤ ਤੇ ਆਲੇ-ਦੁਆਲੇ ਦੀ ਜ਼ਮੀਨ ਖਾਲੀ ਹੈ ਇਸ ਉੱਪਰ ਕੋਈ ਗਵਾਂਢੀ ਮਕਾਨ, ਛੱਜਾ ਤੇ ਪਨਾਲਾ ਆਦਿ ਨਹੀਂ ਵਧਾ ਸਕਦਾ ਨਾ ਕਿਸੇ ਹੋਰ ਕਾਰਜ ਲਈ ਵਰਤ ਸਕਦਾ ਹੈ।

ਹੰਸਲੀ ਦੇ ਨੇੜਲੇ ਬਾਗਾਂ ਤੇ ਜ਼ਮੀਨਾਂ ਨੂੰ ਸੰਚਾਈ ਲਈ ਬਣਾਏ ਮੋਘੇ ਬੰਦ ਕਰ ਦਿੱਤੇ ਗਏ। ਇਸ ਮਕਸਦ ਲਈ ਮਹਿਕਮਾ ਨਹਿਰ ਨੂੰ ਹੰਸਲੀ ਦੇ ਨਾਲ-ਨਾਲ ਨਵਾਂ ਖਾਲ ਬਨਾਉਣ ਲਈ ਥਾਂ ਦੇ ਦਿੱਤੀ ਗਈ ਸੀ, ਪਰ ਹੰਸਲੀ ਤੇ ਇਸ ਦੇ ਇਰਦ-ਗਿਰਦ ਦੀ ਜ਼ਮੀਨ ਸਣੇ ਖਾਲ ਵਾਲੀ ਜ਼ਮੀਨ ਅਤੇ ਉਸ ਉੱਪਰ ਲੱਗੇ ਸਾਰੇ ਦਰੱਖਤਾਂ ਦੀ ਮਾਲਕੀ ਵੀ ਸ੍ਰੀ ਦਰਬਾਰ ਸਾਹਿਬ ਦੀ ਹੀ ਹੋਵੇਗੀ।

ਮਾਲ ਦੇ ਕਾਗਜ਼ਾਂ ਵਿੱਚ ਹੰਸਲੀ ਅਤੇ ਇਰਦ-ਗਿਰਦ ਦੀ ਜ਼ਮੀਨ ਦੀ ਮਾਲਕੀ ਦਾ ਇੰਦਰਾਜ ਸ੍ਰੀ ਦਰਬਾਰ ਸਾਹਿਬ ਦੇ ਨਾਮ ਬਦਸਤੂਰ ਦਰਜ਼ ਹੈ।

*(ਦੇਖੋ ਰਿਪੋਰਟ ਸ੍ਰੀ ਦਰਬਾਰ ਸਾਹਿਬ ਪੰਨਾ ੪੬ ਤੋਂ ੫੦)*

੧੯੮੩ ਈ: ਵਿੱਚ ਪੰਜਾਬ ਸ਼ਰਕਾਰ ਨੇ ੩੬ ਲੱਖ ਰੁਪਏ ਖਰਚ ਕੇ ਸੂਏ ਦੀ

ਬਜਾਏ ਵੱਡੀ ਨਹਿਰ 'ਚੋਂ ਨਵੀਂ ਹੰਸਲੀ ਬਣਾ ਕੇ ਅੰਮ੍ਰਿਤਸਰ ਜਲੰਧਰ ਜੀ. ਟੀ. ਰੋਡ ਦੇ ਖੱਬੇ ਪਾਸੇ ਨਹਿਰ ਦੇ ਪੁਲ ਤੋਂ ਨੇੜੇ ਉੱਤਰ ਦੀ ਤਰਫ ਨਹਿਰ ਵਿੱਚ ਮੋਘਾ ਲਾ ਕੇ ਪਾਣੀ ਹੰਸਲੀ ਵਿੱਚ ਛਡਿਆ । ਇਹ ਹੰਸਲੀ ਜੀ. ਟੀ. ਰੋਡ ਦੇ ਹੇਠੋਂ ਲੰਘਾ ਕੇ ਸੜਕ ਦੇ ਸੱਜੇ ਪਾਸੇ ਨਾਲ-ਨਾਲ ਲਿਆ ਕੇ ਰਾਮ ਤਲਾਈ ਕੋਲੋਂ ਪੁਰਾਣੀ ਹੰਸਲੀ ਵਿੱਚ ਪਾ ਦਿੱਤੀ ਹੈ । ਇਸ 'ਤੇ ਲੱਗਣ ਵਾਲਾ ਸੀਮਿੰਟ, ਬਜਰੀ, ਰੇਤ ਤੇ ਲੋਹਾ ਆਦਿ ਮਟੀਰੀਅਲ ਦਾ ਖਰਚ ਸਰਕਾਰ ਨੇ ਕੀਤਾ ਹੈ । ਇਸ ਹੰਸਲੀ ਦੀ ਹੱਥੀਂ ਸੇਵਾ ਬਾਬਾ ਖੜਕ ਸਿੰਘ ਜੀ, ਬਾਬਾ ਦਰਸ਼ਨ ਸਿੰਘ ਜੀ ਨੇ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਪਾਸੋਂ ਕਰਵਾਈ । ਪਹਿਲੀ ਹੰਸਲੀ ਵਾਂਗ ਹੇਠੋਂ ਤੇ ਪਾਸਿਆਂ ਤੋਂ ਪੱਕੀ ਤੇ ਉੱਪਰੋਂ ਛੱਤੀ ਹੋਈ ਹੈ । ਇੱਟਾਂ ਦੀ ਵਰਤੋਂ ਨਹੀਂ ਕੀਤੀ । ਸੀਮਿੰਟ, ਬੱਜਰੀ, ਰੇਤ ਤੇ ਲੋਹਾ ਹੀ ਵਰਤਿਆ ਹੈ । ਬਹੁਤ ਪੁਖਤਾ ਤੇ ਵਿੱਚੋਂ ਖੁੱਲ੍ਹੀ ਹੈ । ਥੋੜ੍ਹੇ-ਥੋੜ੍ਹੇ ਫਾਸਲੇ ਤੇ ਮੁੱਘ ਬਣਵਾਏ ਹਨ ਜੋ ਉੱਪਰੋਂ ਪੇਚਾਂ ਵਾਲੇ ਲੋਹੇ ਦੇ ਢੱਕਣਾਂ ਨਾਲ ਬੰਦ ਹਨ । ਜਿਹਨਾਂ ਰਾਹੀਂ ਹੇਠ ਉੱਤਰ ਕੇ ਸਫਾਈ ਤੇ ਮੁਰੰਮਤ ਆਦਿ ਕਰਨ ਵਿੱਚ ਸੌਖ ਹੋਵੇਗੀ । ਪਹਿਲੀ ਹੰਸਲੀ ਵਾਂਗ ਦੋ ਹੌਜ਼ (ਤਾਲ) ਵੀ ਬਣਾਏ ਹਨ ਤਾਂ ਕਿ ਗਾਰ ਤੇ ਰੇਤਾ ਉਥੇ ਹੀ ਰਹਿ ਜਾਵੇ ਤੇ ਪਾਣੀ ਨਿੱਤਰ ਕੇ ਸਾਫ ਤੇ ਸਵੱਛ ਹੋ ਕੇ ਸਰੋਵਰ ਵਿੱਚ ਅਪੜੇ । ਨੀਲਾ ਤਾਰਾ ਘਲੂਘਾਰੇ ਤੋਂ ਬਾਅਦ ੧੯੮੪ ਈ: ਦੇ ੧੨ ਅਕਤੂਬਰ ਤੋਂ ਸ਼ੁਰੂ ਹੋਈ ਕਾਰ ਸੇਵਾ ਤੋਂ ਬਾਅਦ ੧੭ ਅਕਤੂਬਰ ਨੂੰ ਇਸੇ ਨਵੀਂ ਹੰਸਲੀ ਰਾਹੀਂ ਅੰਮ੍ਰਿਤਸਰ ਸਰੋਵਰ ਵਿੱਚ ਜਲ ਪਾਉਣਾ ਆਰੰਭ ਕੀਤਾ ਸੀ ।

* * *

# ਸ੍ਰੀ ਅੰਮ੍ਰਿਤਸਰ ਸਰੋਵਰ
## ਦੀਆਂ
# ਕਾਰ ਸੇਵਾਵਾਂ

ਕਾਰ ਸ਼ਬਦ ਅਰਬੀ ਭਾਸ਼ਾ ਦੇ, ਕਅ੍ਰ ਸ਼ਬਦ ਦਾ ਹੀ ਰੂਪਾਂਤਰ ਹੈ । ਅਰਬੀ ਵਿੱਚ ਕਅ੍ਰ ਸ਼ਬਦ ਦਾ ਅਰਥ ਹੈ:' ਕਿਸੇ ਦਰਿਆ ਜਾਂ ਖੂਹ ਦੀ ਗਹਿਰਾਈ ' ਪਰ ਏਥੇ ਕਾਰ ਸੇਵਾ ਦੇ ਵਰਣਨ ਵਿੱਚ 'ਕਾਰ' ਸ਼ਬਦ ਦਾ ਅਰਥ ਹੈ, ਉਹ 'ਗਾਰ' ਜੋ ਕਿਸੇ ਇਤਿਹਾਸਕ ਖੂਹ, ਬਾਉਲੀ ਜਾਂ ਸਰੋਵਰ ਦੇ ਥੱਲੇ ਜਲ ਰਾਹੀਂ ਜਾਂ ਅਨ੍ਹੇਰੀਆਂ ਆਦਿ ਨਾਲ ਉਡ ਕੇ ਪਏ ਮਿੱਟੀ-ਘੱਟੇ ਨਾਲ ਆ ਕੇ ਜਮ੍ਹਾਂ ਹੋ ਗਈ ਹੋਵੇ । ਇਸ ਗਾਰ ਨੂੰ ਪਵਿੱਤਰ ਸਮਝ ਕੇ ਪਿਆਰ, ਸ਼ਰਧਾ ਤੇ ਉਤਸ਼ਾਹ ਨਾਲ ਬਿਨਾਂ ਕੋਈ ਇਵਜ਼ਾਨਾ ਲਏ ਬਾਹਰ ਕੱਢ ਕੇ ਸੁੱਟਣ ਨੂੰ ਸਿੱਖ ਪਰੰਪਰਾ ਅਨੁਸਾਰ 'ਕਾਰ-ਸੇਵਾ' ਦਾ ਨਾਮ ਦਿੱਤਾ ਗਿਆ ਹੈ । ਇਸੇ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਚੁਗਿਰਦੇ ਸਥਿਤ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਦੀ ਵਿਸ਼ੇਸ਼ ਮਹੱਤਤਾ ਹੈ । ਆਰੰਭ ਸਮੇਂ ਤੋਂ ਵਰਤਮਾਨ ਸਮੇਂ ਤਕ ਕਈ ਵਾਰ ਇਹ ਕਾਰ ਸੇਵਾ ਹੋ ਚੁੱਕੀ ਹੈ । ਇਨ੍ਹਾਂ ਹੋ ਚੁੱਕੀਆਂ ਕਾਰ-ਸੇਵਾਵਾਂ ਦਾ ਕਾਲ ਕ੍ਰਮ ਅਨੁਸਾਰ ਇਤਿਹਾਸਕ ਵਿਵਰਣ ਹੇਠ ਲਿਖੇ ਅਨੁਸਾਰ ਹੈ:

## ਪਹਿਲੀ ਕਾਰ-ਸੇਵਾ

ਜਿਸ ਜਗ੍ਹਾ ਅੱਜ ਕਲ੍ਹ ਸ੍ਰੀ ਅੰਮ੍ਰਿਤਸਰ ਸਰੋਵਰ-ਸਸ਼ੋਭਤ ਹੈ। ਪਹਿਲੇ ਸਮਿਆਂ ਵਿੱਚ ਇਸ ਥਾਂ ਸੰਘਣੇ ਬੇਰੀਆਂ ਦੇ ਬ੍ਰਿਛਾਂ ਵਿਚਕਾਰ ਇਕ ਪਾਣੀ ਦੀ ਛਪੜੀ ਜਾਂ ਢਾਬ ਸੀ, ਜਿਥੇ ੧੨ ਮਹੀਨੇ ਪਾਣੀ ਜਮ੍ਹਾਂ ਰਹਿੰਦਾ ਸੀ । ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਇਸ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਆਰੰਭ ੭ ਕੱਤਕ ਸੰਮਤ ੧੬੩੦ ਬਿ: ਸ਼ੁਕਰਵਾਰ* (ਮੁਤਾਬਕ ੧੫੭੩ ਈ:) ਨੂੰ ਅਰਦਾਸ ਉੱਪਰੰਤ ਬਾਬਾ ਬੁੱਢਾ ਜੀ ਦੇ ਕਹਿਣ 'ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ ਪਹਿਲਾ ਟੱਕ ਲਾਇਆ :

ਸ੍ਰੀ ਨਾਨਕ ਆਦਿਕ ਲੇ ਨਾਇ ।
ਕਰਿ ਅਰਦਾਸ ਸੀਸ ਨਿਹੁਰਾਇ ॥੧੦॥
ਬ੍ਰਿਧ ਬਚ ਤੇ ਲੇ ਖਨਨੀ ਹਾਥ ।
ਟਕ ਲਾਇਸ ਚਿਤਵਤਿ ਗੁਰ ਨਾਥ.....॥੧੧॥

ਗੁਰੂ ਜੀ ਦੇ ਹੁਕਮ ਅਨੁਸਾਰ ਦੁੱਖ-ਭੰਜਨੀ ਬੇਰ ਦੇ ਨੇੜਿਉਂ ਕਾਰ-ਸੇਵਾ ਸ਼ੁਰੂ ਕੀਤੀ । ਸਿੱਖ ਤੇ ਮਜ਼ਦੂਰ ਪ੍ਰੇਮ ਤੇ ਸ਼ਰਧਾ ਨਾਲ ਗਾਰ ਕੱਢ ਰਹੇ ਹਨ । ਗੁਰੂ ਸਾਹਿਬ ਨਿਗਰਾਨੀ ਕਰਦੇ ਹੋਏ ਲੋੜੀਂਦੀ ਅਗਵਾਈ ਕਰ ਰਹੇ ਹਨ :

---

*ਗਿਆਨੀ ਗਿਆਨ ਸਿੰਘ ਜੀ, ਵਲੋਂ ਲਿਖਤ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ ਤਵਾਰੀਖ ਗੁਰੂ ਖਾਲਸਾ ਦਾ ਪੰਨਾ ੩੪੪ ।

ਸਿੱਖਜ ਅਨੇਕ ਮਿਹਨਤੀ ਘਨੇ ।
ਕਰਤਿ ਕਾਰ ਗੁਰ ਸ਼ਰਧਾ ਸਨੇ ॥੧੨॥
ਜਹਿਂ ਦੁਖਭੰਜਨਿ ਬਦਰੀ ਖਰੀ ।
ਤਹਿਂ ਤੇ ਖਨਹਿਂ ਸੁ ਆਇਸੁ ਕਰੀ...॥੧੩॥
ਹੋਤਿ ਪ੍ਰਾਤਿ ਸਭਿ ਕੋ ਸੰਗਿ ਲੈ ਕੈ ।
ਕਾਰ ਕਰਾਵਤਿ ਤਹਾਂ ਥਿਰੈ ਕੈ ॥੧੪॥

*(ਗੁਰੁ ਪ੍ਰਤਾਪ ਸੂਰਜ, ਰਾਸਿ ੨,ਅੰਸੂ ੧੩)*

ਕਾਰ ਤਾਲ ਕੀ ਕਛੁ ਕਰਿਵਾਈ ।
ਸਿੱਖ ਨਿਕਾਸਹਿਂ ਬਹੁ ਫਲ ਪਾਈ ॥੧੦॥
ਮਹਾਂ ਮਹਾਤਮ ਸਤਿਗੁਰ ਕਹੈਂ ।
ਕਾਰ ਕਢਤਿ ਮਨ ਬਾਂਛਤਿ ਲਹੈਂ ॥..੧੧॥

*(ਉਕਤ ਅੰਸੂ ੧੪)*

੧੬੩੪ ਬਿ: ਵਿੱਚ ਨਗਰ ਦੀ ਉਸਾਰੀ ਅਤੇ ਸਰੋਵਰ ਦੀ ਕਾਰ-ਸੇਵਾ ਪੂਰੀ ਹੋ ਗਈ ਸੀ। ਭਾਈ ਕੇਸਰ ਸਿੰਘ ਜੀ 'ਛਿੱਬਰ' ਆਪਣੀ ਪੁਸਤਕ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦੇ ਪੰਨਾ ੪੦ ਉਮਰ ਐਉਂ ਜ਼ਿਕਰ ਕਰਦੇ ਹਨ :

ਸੰਮਤ ਸੋਲਾਂ ਸੈ ਚਉਤ੍ਰੀ ਜਬ ਭਏ ।
ਨਗਰ ਤਲਾਉ ਤਿਆਰ ਕਰ ਲਏ ॥੨੧॥

੧੬੩੮ ਬਿ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ-ਗੱਦੀ ਬਖ਼ਸ਼ ਕੇ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ ।

## ਦੂਜੀ ਕਾਰ-ਸੇਵਾ

ਸਰੋਵਰ ਦੀ ਖੁਦਾਈ ਤਾਂ ਮੁਕੰਮਲ ਹੋ ਗਈ ਸੀ ਪਰ ਸ਼ਹਿਰ ਦੀ ਉਸਾਰੀ, ਸੰਗਤਾਂ ਦੇ ਲੰਗਰ, ਰਿਹਾਇਸ਼ ਆਦਿ ਦੇ ਪ੍ਰਬੰਧ ਤੇ ਗੁਰਮਤਿ ਪ੍ਰਚਾਰ ਦੇ ਰੁਝੇਵਿਆਂ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਸਰੋਵਰ ਨੂੰ ਪੱਕਿਆਂ ਨਾ ਕਰ ਸਕੇ । ਇਹ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ। ਸਰੋਵਰ ਕੱਚਾ ਹੋਣ ਕਾਰਨ ਬਾਹਰੋਂ ਵਰਖਾ ਦੇ ਪਾਣੀ ਨਾਲ ਮਿਲ ਕੇ ਆਈ ਹੋਈ ਕਾਫ਼ੀ ਗਾਰ ਜਮ੍ਹਾਂ ਹੋ ਗਈ ਸੀ । ਕੁਝ ਸਮਾਂ ਪ੍ਰਿਥੀ ਚੰਦ ਵੱਲੋਂ ਝਗੜੇ ਖੜ੍ਹੇ ਕਰਨ ਕਰ ਕੇ ਕਾਰ-ਸੇਵਾ ਆਰੰਭ ਨਾ ਕੀਤੀ ਜਾ ਸਕੀ ।

੧੬੪੧ ਬਿ: ਵਿੱਚ ਸੰਤੋਖ ਸਰ ਦੀ ਕਾਰ-ਸੇਵਾ ਕਰਵਾ ਕੇ ਉਸ ਨੂੰ ਪੱਕਿਆਂ ਕੀਤਾ। ੧੬੪੩ ਬਿ: ਵਿੱਚ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਆਰੰਭ ਕਰਵਾਈ, ਇਸ ਨੂੰ ਅਸੀਂ ਅੰਮ੍ਰਿਤਸਰ ਸਰੋਵਰ ਦੀ ਦੂਜੀ ਕਾਰ-ਸੇਵਾ ਕਹਿੰਦੇ ਹਾਂ। ਇਸ ਕਾਰ ਸੇਵਾ ਦੇ ਨਜ਼ਾਰੇ ਨੂੰ ਭਾਈ ਸੰਤੋਖ ਸਿੰਘ ਜੀ ਐਉਂ ਵਰਣਨ ਕਰਦੇ ਹਨ :

ਧਨ ਤੇ ਤਨ ਤੇ ਮਨ ਤੇ ਬਚ ਤੇ ।
ਤੀਰਥ ਕਾਰ ਕਰਹਿਂ ਲਹਿ ਸੱਚੁ ਤੇ ।
ਜਹਿਂ ਕਹਿਂ ਤੇ ਮਜੂਰ ਚਲਿ ਆਵੈਂ ।

ਕਰਹਿਂ ਕਾਰ ਮਿਹਨਤ ਨਿਤ ਪਾਵੈਂ ॥੩੦॥
ਤੀਖਨ ਖਨਨੀ ਲੇ ਕਰਿ ਹਾਥ ।
ਮ੍ਰਿਤਕਾ ਖਨੀ ਪ੍ਰਥਮ ਗੁਰ ਨਾਥ ।...
ਕਿਨਹੁਂ ਗਹੀ ਖਨਨੀ ਕਰ ਮਾਂਹੀ ।
ਖਨਹਿਂ ਕਰਹਿਂ ਬਲ ਪ੍ਰੇਮ ਉਮਾਹੀ ।
ਕਿਨਹੁਂ ਟੋਕਰੀ ਸਿਰ ਪਰ ਧਰੀ ।
ਬਹੁਤ ਭਾਰਿ ਹਾਥਨਿ ਸੋਂ ਭਰੀ ॥੩੩॥
ਕੇਤਿਕ ਲੈ ਕਰਿ ਵਹਿਰ ਗਿਰਾਵਹਿਂ ।
ਕੋ ਕਹਿ ਕਰਿ ਉਤਸ਼ਾਹੁ ਵਧਾਵਹਿਂ ।
ਅਤਿ ਅਨੰਦਤਾ ਉਰ ਮੈਂ ਹੋਈ ।
ਕਾਰ ਤਲਾਵ ਲਗੇ ਸਭਿ ਕੋਈ ॥੪੩॥

*(ਗੁਰੁ ਪ੍ਰਤਾਪ ਸੂਰਜ ਰਾਸਿ ੨,ਅੰਸੂ ੩੯)*

ਸ੍ਰੀ ਗੁਰੂ ਅਰਜਨ ਦੇਵ ਜੀ ਦੁੱਖ ਭੰਜਨੀ ਬੇਰ ਹੇਠ ਜਾਂ ਅਠਸਠ ਘਾਟ 'ਤੇ ਦੁੱਖ ਭੰਜਨੀ ਬੇਰ ਵਿਚਕਾਰ ਬਣੇ ਥੜ੍ਹੇ ਉੱਪਰ ਬੈਠ ਕੇ ਕਾਰ-ਸੇਵਾ ਦੀ ਨਿਗਰਾਨੀ ਕਰਦੇ ਸਨ ਜਾਂ ਲਾਚੀ ਬੇਰ ਦੇ ਗੁਰਦੁਆਰੇ ਵਾਲੀ ਥਾਂ 'ਤੇ ਬੈਠ ਕੇ ਕਾਰ ਸੇਵਾ ਕਰਵਾਉਂਦੇ ਸਨ । ਉੱਤਰੀ ਬਾਹੀ ਦੀ ਪ੍ਰਕਰਮਾ ਵਿੱਚ ਬੇਰ ਬਾਬਾ ਬੁੱਢਾ ਜੀ ਹੇਠ ਬੈਠ ਕੇ ਬਾਬਾ ਬੁੱਢਾ ਜੀ ਸੰਗਤਾਂ ਪਾਸੋਂ ਕਾਰ-ਸੇਵਾ ਕਰਵਾਉਂਦੇ ਤੇ ਆਪ ਵੀ ਪ੍ਰਵਾਰ ਸਮੇਤ ਹੱਥੀਂ ਸੇਵਾ ਕਰਦੇ ਸਨ :

ਆਪ ਖਰੇ ਹੋਇ ਸਭਿਨਿ ਮਝਾਰੀ ।
ਕਾਰ ਕਰਾਵਹਿਂ ਗੁਰ ਉਪਕਾਰੀ ।
ਦੇਖਤਿ ਕਾਰ ਚੌਗੁਨੀ ਹੋਇ ।
ਉੱਦਮ ਕਰਹਿਂ ਅਧਿਕ ਸਭਿ ਕੋਇ ॥੩੫॥
ਸਗਰੇ ਦਿਨ ਮਹਿਂ ਕਾਰ ਕਰਾਵਹਿਂ ।
ਸੰਧਯਾ ਗ੍ਰਾਮ ਬਿਖੈ ਚਲਿ ਜਾਵਹਿਂ ॥੩੬॥...(ਉਪ੍ਰੋਕਤ)
ਭਾਈ ਬੁੱਢਾ ਜੁਤਿ ਪਰਵਾਰੁ ।
ਸੁਤ ਪੌਤ੍ਰਾਦਿ ਸਹਤ ਕਰਿ ਕਾਰ ।...੧੯॥ *(ਅੰਸੂ ੪੦)*

ਇਸ ਕਾਰ ਸੇਵਾ ਦੌਰਾਨ ਹੀ ਅਕਾਲ ਪੁਰਖ ਜੀ ਨੇ ਵੀ ਦੇਵਤਿਆਂ ਸਮੇਤ ਮਨੁੱਖੀ ਸਰੂਪ ਧਾਰ ਕੇ ਸਰੋਵਰ ਦੀ ਹੋ ਰਹੀ ਸੇਵਾ ਵਿੱਚ ਸ਼ਾਮਲ ਹੋ ਕੇ ਕਾਰ-ਸੇਵਾ ਕੀਤੀ । ਜਿਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ :

ਕਹੀ ਗਹੀ ਕਰ ਪ੍ਰਭੁ ਸਮਰੱਥ ।
ਧਰੀ ਟੋਕਰੀ ਦੂਸਰ ਹੱਥ ॥੨੧॥
ਹਰਿਮੰਦਰ ਜਿਸ ਥਲ ਚਿਨਵਾਇ ।
ਖਨਨ ਲਗੇ ਮ੍ਰਿਤਕਾ ਤਹਿਂ ਜਾਇ ।
ਕਾਰ ਨਿਕਾਸਹਿਂ ਵਹਿਰ ਗਿਰਾਈ ।

ਦੇਖਤਿ ਭਏ ਦੇਵ ਸਮੁਦਾਈ ॥੨੨॥
ਪਲਟਿ ਪਲਟਿ ਅਪਨੋ ਤਨ ਸਾਰੇ ।
ਆਇ ਲਗੇ ਸਗਰੇ ਸਰ ਕਾਰੇ ।...੨੩॥ (ਅੰਸੂ ੪੨)

ਆਪ ਜੀ ਦੇ ਸਡੌਲ ਸਰੀਰ, ਨੂਰਾਨੀ ਮੁਖੜਾ, ਚੌੜਾ ਮਸਤਕ, ਸੁੰਦਰ ਨੇਤ੍ਰ ਤੇ ਦਿਬਜ-ਸਰੂਪ ਦੇ ਦਰਸ਼ਨ ਕਰ ਕੇ ਹੀ ਸੰਗਤਾਂ ਦੇ ਪੁਛਣ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਸੀ:

ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ,
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ (੭੮੩)

ਕਾਰ-ਸੇਵਾ ਮੁਕੰਮਲ ਹੋਣ 'ਤੇ ਸਰੋਵਰ ਦੇ ਪੌੜ ਅਤੇ ਪ੍ਰਕਰਮਾ ਪੱਕੀ ਕੀਤੀ ਗਈ । ਅੰਮ੍ਰਿਤ-ਸਰੋਵਰ ਦੇ ਵਿਚਕਾਰ ਸੁੰਦਰ ਸ੍ਰੀ ਹਰਿਮੰਦਰ ਸਾਹਿਬ ਦੀ ਅਨੂਪਮ ਇਮਾਰਤ ਉਸਾਰੀ ਗਈ । ਫਿਰ ਅੰਮ੍ਰਿਤ-ਸਰੋਵਰ ਨੂੰ ਅੰਮ੍ਰਿਤ-ਜਲ ਨਾਲ ਲਬਾ-ਲਬ ਭਰ ਦਿੱਤਾ, ਜਿਸ ਵਿੱਚ ਸੰਗਤਾਂ ਨੇ ਖੁਲ੍ਹੇ ਇਸ਼ਨਾਨ ਕੀਤੇ ।

## ਤੀਜੀ ਕਾਰ ਸੇਵਾ

ਬਿਜੈ ਖਾਂ ਸੂਬਾ ਲਾਹੌਰ ਦੇ ਸਮੇਂ ਦੀਵਾਨ ਲਖਪਤ ਰਾਇ ਨੇ ਸਿੰਘਾਂ ਵੱਲੋਂ ਆਪਣੇ ਭਰਾ ਜਸਪਤ ਨੂੰ ਮਾਰ ਦੇਣ 'ਤੇ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦਾ ਪ੍ਰਣ ਕਰ ਲਿਆ, ਜਿਸ ਦੇ ਫਲ ਸਰੂਪ ਸਿੰਘਾਂ ਉੱਪਰ ਬਿਪਤਾ ਦੇ ਪਹਾੜ ਟੁੱਟ ਪਏ । ਇਸੇ ਹੀ ਸਬੰਧ ਵਿੱਚ ੧੮੦੯ ਬਿ: ਦੇ ਅਖੀਰ ਮੁ: ੧੭੫੧ ਈਸਵੀ ਦੇ ਆਰੰਭ ਵਿੱਚ ਲਖਪਤ ਰਾਇ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ ਸਿੱਖਾਂ ਦੇ ਦਾਖਲੇ ਉੱਪਰ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ, ਪਰ ਥੋਹੜੇ ਹੀ ਸਮੇਂ ਬਾਅਦ ਖਾਲਸਾ ਦਲ ਨੇ ਤੁਰਕਾਂ ਦੀਆਂ ਫੌਜਾਂ ਨੂੰ ਕਰਾਰੀ ਹਾਰ ਦੇ ਕੇ ਸ਼ਹਿਰ ਉੱਪਰ ਆਪਣਾ ਕਬਜ਼ਾ ਕਰ ਲਿਆ । ਸਭ ਤੋਂ ਪਹਿਲਾਂ ਤੁਰਕਾਂ ਵੱਲੋਂ ਸਰੋਵਰ ਵਿੱਚ ਭਰੀ ਮਿੱਟੀ ਅਤੇ ਸਰੋਵਰ ਵਿੱਚ ਬਰਖਾ ਨਾਲ ਬਾਹਰੋਂ ਖੁਰ ਕੇ ਆਈ ਤੇ ਹਨੇਰੀ ਨਾਲ ਉੱਡ ਕੇ ਪਈ ਮਿੱਟੀ ਜੋ ਗਾਰ ਬਣ ਕੇ ਪਾਣੀ ਦੇ ਹੇਠ ਜੰਮੀ ਹੋਈ ਸੀ-ਨੂੰ 'ਕਾਰ-ਸੇਵਾ' ਰਾਹੀਂ ਦਲ ਖਾਲਸੇ ਦੇ ਸਿੰਘਾਂ ਅਤੇ ਸ਼ਹਿਰ ਦੇ ਇਰਦ-ਗਿਰਦ ਅਤੇ ਦੂਰ ਦੁਰਾਡੇ ਤੋਂ ਸੇਵਾ ਤੇ ਦਰਸ਼ਨਾਂ ਹਿਤ ਪੁੱਜੀਆਂ ਸੰਗਤਾਂ ਨੇ ਬੜੀ ਸ਼ਰਧਾ, ਪ੍ਰੇਮ ਭਾਵਨਾ ਤੇ ਸਿਦਕ ਨਾਲ ਬਾਹਰ ਕੱਢਿਆ । ਸਰੋਵਰ ਦੀ ਚਾਰ ਚੁਫੇਰਿਉਂ ਚੰਗੀ ਤਰ੍ਹਾਂ ਸਫਾਈ ਕੀਤੀ ਗਈ। ਬਾਅਦ ਵਿੱਚ ਹਰਟਾਂ ਵਾਲੇ ਖੂਹਾਂ ਤੋਂ ਸਾਫ, ਸ੍ਵੱਛ ਤੇ ਨਿਰਮਲ ਜਲ ਨਾਲ ਸਰੋਵਰ ਭਰ ਦਿੱਤਾ ।

ਇਸ ਕਾਰ-ਸੇਵਾ ਵਿੱਚ ਦੀਵਾਨ ਕੌੜਾ ਮੱਲ (ਜਿਸ ਨੂੰ ਸਿੰਘ ਮਿੱਠਾ ਮੱਲ ਕਹਿ ਕੇ ਪੁਕਾਰਦੇ ਸਨ) ਨੇ ਵੀ ਆਪਣੇ ਵਿਤ ਅਨੁਸਾਰ ਹਿੱਸਾ ਪਾਇਆ । ਉਸ ਨੇ ਗਿਆਰਾਂ ਹਜ਼ਾਰ ਰੁਪਇਆ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਭੇਟ ਕੀਤਾ । ਇਹ ਭੇਟਾ ਉਸ ਸ਼ੁਕਰਾਨੇ ਵੱਜੋਂ ਸੀ ਜਿਸ ਵਿੱਚ ਸਿੰਘਾਂ ਦੀ ਮਦਦ ਨਾਲ ਕੌੜਾ ਮੱਲ ਨੇ ੧੮੦੮ ਬਿ: ਵਿੱਚ ਮੁਲਤਾਨ ਦੇ ਸੂਬੇ ਸ਼ਾਹ ਨਿਵਾਸ ਨਾਲ ਮੁਲਤਾਨ ਵਿੱਚ ਭਾਰੀ ਜੰਗ ਕੀਤੀ, ਜਿਸ ਵਿੱਚ ਭੀਮ ਸਿੰਘ ਦੇ ਹੱਥੋਂ ਸ਼ਾਹ ਨਿਵਾਜ਼ ਮਾਰਿਆ ਗਿਆ ਤੇ ਕੌੜਾ ਮੱਲ ਦੀ ਫ਼ਤਹ ਹੋਈ, ਇਸ ਫ਼ਤਹ 'ਤੇ ਖੁਸ਼ ਹੋ ਕੇ ਮੀਰ

ਮੰਨੂ ਨੇ ਕੌੜਾ ਮੱਲ ਨੂੰ ਮੁਲਤਾਨ ਦੀ ਸੂਬੇਦਾਰੀ ਤੇ ਰਾਜਸੀ ਖ਼ਿਤਾਬਬਖ਼ਸ਼ਿਆ ਸੀ ।

*(ਗਿ: ਗਿਆਨ ਸਿੰਘ ਸ਼ਮਸ਼ੇਰ ਖਾਲਸਾ ਛਾਪਾ ਪੱਥਰ ਪੰਨਾ ੧੧੨)*

## ਚੌਥੀ ਕਾਰ ਸੇਵਾ

ਦੀਵਾਨ ਕੌੜਾ ਮੱਲ ਸਿੰਘਾਂ ਦਾ ਹਮਦਰਦ ਸੀ । ਜਿਸ ਕਰ ਕੇ ਉਸ ਦੇ ਕਹਿਣ 'ਤੇ ਸਿੰਘਾਂ ਨੇ ਮੀਰ ਮੰਨੂ ਦੀ ਪਰਗਣਾ ਚੂਹਣੀਆਂ ਤੇ ਝਬਾਲ ਦੀ ਜ਼ਬਤ ਹੋਈ ਜਾਗੀਰ ਲੈਣੀ ਪ੍ਰਵਾਨ ਕਰ ਲਈ । ਜਿਸ ਕਰ ਕੇ ਸਿੰਘਾਂ ਉੱਪਰ ਸਰਕਾਰ ਵੱਲੋਂ ਸਖ਼ਤੀ ਘਟ ਗਈ ਤੇ ਸਿੰਘਾਂ ਨੇ ਵੀ ਕੌੜਾ ਮੱਲ ਦਾ ਲਿਹਾਜ਼ ਕਰ ਕੇ ਲੁੱਟ ਮਾਰ ਬਹੁਤ ਘੱਟ ਕੀਤੀ । ਪਰ ਜਦ ੬ ਮਾਰਚ ੧੭੫੨ ਈ: ਵਿੱਚ ਅਹਿਮਦ ਸ਼ਾਹ ਦੇ ਚੌਥੇ ਹੱਲੇ ਸਮੇਂ ਹੋਏ ਜੰਗ ਵਿੱਚ ਕੌੜਾ ਮੱਲ ਮਾਰਿਆ ਗਿਆ ਤੇ ਮੀਰ ਮੰਨੂ ਨੇ ਉਸ ਦੀ ਈਨ ਮੰਨ ਲਈ ਤਾਂ ਫਿਰ ਸਿੰਘਾਂ ਦੇ ਦੋਖੀ ਮੁਸਲਮਾਨਾਂ ਨੇ ਝੂਠੀਆਂ ਸੱਚੀਆਂ ਊਜਾਂ ਲਾ ਕੇ ਮੀਰ ਮੰਨੂ ਨੂੰ ਸਿੰਘਾਂ ਦੇ ਖਿਲਾਫ਼ ਕਰ ਦਿੱਤਾ ਤੇ ਮੀਰ ਮੰਨੂ ਨੇ ਸਿੰਘਾਂ ਉੱਪਰ ਜੋ ਜ਼ੁਲਮ ਕੀਤੇ ਉਹ ਬਿਆਨ ਤੋਂ ਬਾਹਰ ਹਨ । ਜੋ ਸਿੰਘ ਮਿਲਿਆ ਕਤਲ ਕਰ ਦਿੱਤਾ । ਮਾਈਆਂ ਬੀਬੀਆਂ ਨੂੰ ਜੇਲ੍ਹੀਂ ਪਾ ਦਿੱਤਾ ਤੇ ਉਨ੍ਹਾਂ ਤੋਂ ਸਵਾ-ਸਵਾ ਮਣ ਪੀਸਣੇ ਪਿਸਾਏ ਉਨ੍ਹਾਂ ਨੇ ਖੰਨੀ-ਖੰਨੀ ਰੋਟੀ 'ਤੇ ਗੁਜ਼ਾਰਾ ਕੀਤਾ । ਜ਼ਾਲਮਾਂ ਨੇ ਉਨ੍ਹਾਂ ਦੇ ਬੱਚਿਆਂ ਨੂੰ ਉਹਨਾਂ ਦੇ ਸਾਹਮਣੇ ਟੋਟੇ-ਟੋਟੇ ਕਰ ਕੇ ਉਨ੍ਹਾਂ ਦੀਆਂ ਝੋਲੀਆਂ 'ਚ ਪਾਏ ਪਰ ਉਹਨਾਂ ਸਿੰਘਣੀਆਂ ਨੇ ਸਿਦਕ ਨਾ ਹਾਰਿਆ ਤੇ ਆਪਣੇ ਧਰਮ 'ਚ ਪੱਕੀਆਂ ਰਹੀਆਂ । ਉਦੋਂ ਦੀ ਇਹ ਕਹਾਵਤ ਮਸ਼ਹੂਰ ਹੈ :

ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ ।
ਜਿਉਂ ਜਿਉਂ ਸਾਨੂੰ ਵੱਢਦਾ ,
ਅਸੀ ਦੂਣ ਸਵਾਏ ਹੋਏ ।

੧੭੫੩ ਈ: ਦੇ ਆਰੰਭ ਵਿੱਚ ਜਦ ਸਿੱਖਾਂ ਦਾ ਬੀਜ ਨਾਸ ਕਰਨ ਦੇ ਮਨੋਰਥ ਨਾਲ ਮੀਰ ਮੰਨੂ ਸੂਬਾ ਲਾਹੌਰ ਨੇ ਸਿੱਖੀ ਦਾ ਸੋਮਾ ਸੁਕਾਉਣ ਲਈ ਸ੍ਰੀ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਤੇ ਅੰਮ੍ਰਿਤਸਰ ਸ਼ਹਿਰ ਅੰਦਰ ਸਿੰਘਾਂ ਦੇ ਦਾਖਲੇ ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਤਾਂ ਇਸੇ ਹੀ ਸਾਲ ਸਿੰਘਾਂ ਨੇ ਇਕੱਠੇ ਹੋ ਕੇ ਅਜਿਹਾ ਜਬਰਦਸਤ ਹਮਲਾ ਕੀਤਾ ਕਿ ਤੁਰਕੀ ਫ਼ੌਜ ਅੰਮ੍ਰਿਤਸਰ ਛੱਡ ਕੇ ਲਾਹੌਰ ਜਾ ਵੜੀ । ਸਿੰਘਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਪਹਿਲਾ ਕੰਮ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਆਰੰਭ ਕੀਤੀ । ਪਹਿਲਾਂ, ਪਕੜੇ ਹੋਏ ਉਨ੍ਹਾਂ ਹੀ ਮੁਸਲਮਾਨਾਂ ਪਾਸੋਂ ਉਨ੍ਹਾਂ ਹੀ ਹੱਥਾਂ ਨਾਲ ਸਰੋਵਰ ਦੀ ਸਫਾਈ ਕਰਵਾਈ, ਜਿਨ੍ਹਾਂ ਹੱਥਾਂ ਨਾਲ ਉਨ੍ਹਾਂ ਨੇ ਸਰੋਵਰ ਨੂੰ ਮਿੱਟੀ ਨਾਲ ਪੂਰ ਕੇ ਬੇ-ਅਦਬੀ ਕੀਤੀ ਸੀ । ਇਸ ਸਮੇਂ ਸ਼ਹਿਰ ਦੇ ਇਰਦ-ਗਿਰਦ ਦੇ ਇਲਾਕੇ ਦੀਆਂ ਸੰਗਤਾਂ ਅਤੇ ਦਲ ਦੇ ਸਿੰਘਾਂ ਨੇ ਵੀ ਭਾਰੀ ਗਿਣਤੀ ਵਿੱਚ ਸ਼ਾਮਲ ਹੋ ਕੇ ਪਾਵਨ ਸਰੋਵਰ ਦੀ ਕਾਰ-ਸੇਵਾ ਨੂੰ ਬੜੇ ਸਿਦਕ, ਸ਼ਰਧਾ ਤੇ ਪ੍ਰੇਮ ਨਾਲ ਸਿਰੇ ਚੜ੍ਹਾ ਕੇ ਸਰੋਵਰ ਨੂੰ ਸ੍ਵੱਛ ਜਲ ਨਾਲ ਭਰਿਆ ਤੇ ਖੁਲ੍ਹੇ ਦਰਸ਼ਨ-ਇਸ਼ਨਾਨ ਕਰ ਕੇ ਜਨਮ ਸਫਲਾ ਕੀਤਾ ।

*(ਕਰਮ ਸਿੰਘ ਹਿਸਟੋਰੀਅਨ, ਇਤਿਹਾਸਕ ਖੋਜ, ਪੰਨਾ ੯੩)*

## ਪੰਜਵੀਂ ਕਾਰ-ਸੇਵਾ

ਅਹਿਮਦ ਸ਼ਾਹ ਦੁਰਾਨੀ ਸੰਮਤ ੧੮੧੪ ਬਿ: (੨੮ ਜਨਵਰੀ ੧੭੫੭ਈ:) ਨੂੰ ਲੁੱਟਣ ਦੇ ਖਿਆਲ ਨਾਲ ਦਿੱਲੀ ਦਾਖ਼ਲ ਹੋਇਆ । ਜੇਹੜਾ ਲੁੱਟ ਦਾ ਮਾਲ ਇਕੱਠਾ ਕਰ ਕੇ ਕਾਬਲ ਨੂੰ

ਭੇਜਿਆ, ਉਸ ਨੂੰ ਅੰਬਾਲੇ ਤੇ ਸਮਾਣੇ ਦੇ ਵਿਚਕਾਰ ਆਲਾ ਸਿੰਘ ਪਟਿਆਲਾ ਨੇ ਖੋਹ ਲਿਆ। ਬਾਕੀ ਬਚਦਾ ਮਾਲ ਸਿੰਘਾਂ ਨੇ ਦੁਆਬੇ ਤੇ ਮਾਝੇ ਦੇ ਇਲਾਕਿਆਂ ਵਿੱਚ ਲੁੱਟ ਲਿਆ।

ਅਹਿਮਦ ਸ਼ਾਹ ਆਪ ੨ ਅਪ੍ਰੈਲ ੧੭੫੭ ਈ: ਨੂੰ ਦਿੱਲੀ ਤੋਂ ਚਲਿਆ ਜਦ ਪੰਜਾਬ ਆਇਆ ਤਾਂ ਸਿੰਘਾਂ ਉੱਪਰ ਖਿੱਝ ਕੇ ਅੰਮ੍ਰਿਤਸਰ ਆ ਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਬੇ-ਅਦਬੀ ਕੀਤੀ। ਇਸ ਬੇ-ਅਦਬੀ ਨੂੰ ਦੂਰ ਕਰਾਉਣ ਲਈ ਮਾਲਵੇ ਤੋਂ ਬਾਬਾ ਦੀਪ ਸਿੰਘ ਜੀ ਸਮੇਤ ਬਹੁਤ ਸਾਰੇ ਸਿੰਘ ਦੀਵਾਲੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ। ਤੈਮੂਰ ਸ਼ਾਹ ਸੂਬਾ ਲਾਹੌਰ ਨੇ ਜਹਾਨ ਖ਼ਾਨ ਨੂੰ ਫੌਜ ਦੇ ਕੇ ਅੰਮ੍ਰਿਤਸਰ ਭੇਜਿਆ। ਨਵੰਬਰ ੧੭੫੭ ਈ: ਵਿੱਚ ਬਹੁਤ ਭਾਰੀ ਜੰਗ ਹੋਇਆ, ਜਿਸ ਵਿੱਚ ਬਾਬਾ ਦੀਪ ਸਿੰਘ ਜੀ ਬਹੁਤ ਸਾਰੇ ਸਿੰਘਾਂ ਸਮੇਤ ਸ਼ਹੀਦ ਹੋ ਗਏ। ਜਹਾਨ ਖ਼ਾਨ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਬਹੁਤ ਸਾਰੀਆਂ ਸੁੰਦਰ ਇਮਾਰਤਾਂ ਢਾਹ ਦਿੱਤੀਆਂ। ਅੰਮ੍ਰਿਤ-ਸਰੋਵਰ ਦੀ ਬੇ-ਅਦਬੀ ਕੀਤੀ ਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ।

ਸਿੰਘਾਂ ਨੇ ਛੇਤੀ ਹੀ ਮੁੜ ਇਕੱਠੇ ਹੋ ਕੇ ਅੰਮ੍ਰਿਤਸਰ ਸ਼ਹਿਰ ਉੱਪਰ ਕਬਜ਼ਾ ਕਰ ਲਿਆ ਤੇ ਹਮਲਾ ਕਰ ਕੇ ਤੈਮੂਰ ਸ਼ਾਹ ਤੇ ਜਹਾਨ ਖ਼ਾਨ ਨੂੰ ਲਾਹੌਰੋਂ ਭੱਜਾ ਦਿੱਤਾ। ੧੯ ਅਪ੍ਰੈਲ ੧੯੫੮ ਈ: ਨੂੰ ਏਮਾਨਬਾਦ ਝਨਾ ਨਦੀ ਦੇ ਕੰਢੇ ਸਿੰਘਾਂ ਨੇ ਦੁਰਾਨੀਆਂ ਦੀ ਫ਼ੌਜ ਨੂੰ ਹਾਰ ਦੇ ਕੇ ਕੁਝ ਪਠਾਣ ਫ਼ੌਜੀਆਂ ਨੂੰ ਕੈਦੀ ਬਣਾ ਲਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਖਾਲਸਾ ਜੀ ਅੰਮ੍ਰਿਤਸਰ ਆ ਗਏ। ਸਰੋਵਰ ਦੀ ਜਿਤਨੀ ਬੇ-ਅਦਬੀ ਅਹਿਮਦ ਸ਼ਾਹ, ਤੈਮੂਰ ਸ਼ਾਹ ਤੇ ਜਹਾਨ ਖ਼ਾਨ ਨੇ ਕੀਤੀ ਸੀ, ਉਤਨੀ ਹੀ ਟਹਿਲ ਸੇਵਾ ਇਨ੍ਹਾਂ ਦੁਰਾਨੀ ਪਠਾਣਾਂ ਪਾਸੋਂ ਕਰਵਾਈ। ਗੁਰੂ ਕੀਆਂ ਸਿੱਖ ਸੰਗਤਾਂ ਅਤੇ ਦਲ ਦੇ ਸਿੰਘਾਂ ਨੇ ਵੀ ਇਸ ਕਾਰ-ਸੇਵਾ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ। ਪੂਰੀ ਸਫਾਈ ਤੋਂ ਬਾਅਦ ਟੁੱਟ-ਭੱਜ ਦੀ ਮੁਰੰਮਤ ਕਰ ਕੇ ਬਾਅਦ ਵਿੱਚ ਸੂੱਛ ਅੰਮ੍ਰਿਤ ਜਲ ਭਰ ਕੇ ਖੁੱਲ੍ਹੇ ਇਸ਼ਨਾਨ ਕੀਤੇ।

*(ਹਰੀ ਰਾਮ ਗੁਪਤਾ, ਹਿਸਟਰੀ ਆਫ਼ ਦੀ ਸਿਖਸ ਪੰਨਾ ੧੧੭)*

## ਛੇਵੀਂ ਕਾਰ-ਸੇਵਾ

੧੮੧੯ ਬਿ: ਵਿੱਚ ਅਹਿਮਦ ਸ਼ਾਹ ਦੁਰਾਨੀ ਨੇ ਹਿੰਦ ਉੱਪਰ ਆਪਣਾ ਅੱਠਵਾਂ ਹੱਲਾ ਕੀਤਾ। ੫ ਫਰਵਰੀ ਸੰਨ ੧੭੬੨ ਈਸਵੀ ਨੂੰ ਮਾਲਵੇ ਵਿੱਚ ਕੁੱਪ ਰਹੀੜੇ ਦੇ ਮੈਦਾਨ ਵਿੱਚ ਸਿੰਘਾਂ ਨਾਲ ਵੱਡਾ ਘਲੂਘਾਰਾ ਹੋਇਆ, ਜਿਸ ਵਿੱਚ ਇਕੋ ਦਿਨ ੩੦ ਹਜ਼ਾਰ ਸਿੰਘ ਸ਼ਹੀਦ ਹੋਇਆ। ਵਾਪਸ ਮੁੜਦਿਆਂ ਲਾਹੌਰ ਨੂੰ ਜਾਂਦਿਆਂ ਸਿੰਘਾਂ ਉੱਪਰ ਖਿਝੇ ਹੋਏ ਅਹਿਮਦ ਸ਼ਾਹ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਪਵਿੱਤਰ ਤਾਲ ਮਿੱਟੀ ਨਾਲ ਭਰਵਾ ਦਿੱਤਾ। ੧੮੧੯ ਬਿ: (੧੦ ਅਪ੍ਰੈਲ ੧੭੬੨ ਈ: ) ਨੂੰ ਅੰਦਰ ਬਾਰੂਦ ਦੇ ਕੁੱਪੇ ਰਖਵਾ ਕੇ ਤੇ ਅੱਗ ਲਗਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਨੂੰ ਉਡਵਾ ਦਿੱਤਾ। ਇਸ ਸਮੇਂ ਇਕ ਇੱਟ ਉੱਡ ਕੇ ਅਹਿਮਦ ਸ਼ਾਹ ਦੇ ਨੱਕ 'ਤੇ ਜਾ ਵੱਜੀ ਜਿਸ ਨਾਲ ਸ਼ਾਹ ਨੂੰ ਨਾਸੂਰ ਦੀ ਬੀਮਾਰੀ ਹੋ ਗਈ ਜੋ ਅੰਤ ਨੂੰ ਜਾਨ-ਲੇਵਾ ਸਾਬਤ ਹੋਈ। ਫਿਰ ਥੋੜ੍ਹੇ ਹੀ ਸਮੇਂ ਬਾਅਦ ਸਿੰਘਾਂ ਨੇ ਇੱਕਠੇ ਹੋ ਕੇ ਅੰਮ੍ਰਿਤਸਰ ਸ਼ਹਿਰ ਉੱਪਰ ਕਬਜ਼ਾ ਕਰ ਲਿਆ। ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਆਪ ਕੀਤੀ ਤੇ ਸੰਗਤਾਂ ਪਾਸੋਂ ਕਰਵਾਈ।

੧੮੨੧ ਬਿਕ੍ਰਮੀ ਦੀ ਦੀਵਾਲੀ ( ੧੭ ਅਕਤੂਬਰ ੧੭੬੪ ਈਸਵੀ ) ਨੂੰ ੬੦ ਹਜ਼ਾਰ ਸਿੰਘ ਅੰਮ੍ਰਿਤਸਰ ਇਕੱਠਾ ਹੋ ਗਿਆ । ਪੰਥ ਦੇ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਉਸਾਰੀ ਦਾ ਨੀਂਹ ਪੱਥਰ ਰਖਵਾਇਆ । ਭਾਈ ਦੇਸ ਰਾਜ ਸੁਰ ਸਿੰਘ ਵਾਲੇ ਦੀ ਅਗਵਾਈ ਵਿੱਚ ਇਸ ਪਾਵਨ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਇਮਾਰਤ ਨੂੰ ਨਵੇਂ ਸਿਰਿਉਂ ਦੋਬਾਰਾ ਤਿਆਰ ਕਰਵਾਇਆ ।

*(ਪ੍ਰਸਿੱਧ ਇਤਿਹਾਸਕਾਰ ਗੰਡਾ ਸਿੰਘ, ਅਹਿਮਦ ਸ਼ਾਹ ਅਬਦਾਲੀ(ਅੰਗ੍ਰੇਜ਼ੀ)*

## ਸੱਤਵੀਂ ਕਾਰ-ਸੇਵਾ

**ਸੰਮਤ** ੧੮੯੯ ਬਿ: ਮੁਤਾਬਿਕ ਸੰਨ ੧੮੪੨ ਈਸਵੀ ਨੂੰ ਮਹਾਰਾਜਾ ਸ਼ੇਰ ਸਿੰਘ ਦੇ ਰਾਜ-ਕਾਲ ਸਮੇਂ ਪ੍ਰਸਿੱਧ ਗਿਆਨੀ ਗੁਰਮੁਖ ਸਿੰਘ ਦੀ ਸਰਕਰਦਗੀ ਵਿੱਚ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਕਰਵਾਈ ਗਈ । ਸਰੋਵਰ ਵਿਚਕਾਰ ਚਿੱਕੜ ਦਾ ਬੰਨ੍ਹ ਬਣਾ ਕੇ ਇਕ ਪਾਸੇ ਦਾ ਪਾਣੀ ਖੁਸ਼ਕ ਕਰ ਕੇ ਗਾਰ ਕੱਢ ਰਹੇ ਸਨ ਤੇ ਤਜਵੀਜ਼ ਇਹ ਸੀ ਕਿ ਇਸ ਤਰ੍ਹਾਂ ਸਰੋਵਰ ਦਾ ਇਕ ਪਾਸਾ ਸਾਫ ਕਰ ਕੇ ਦੂਜੇ ਪਾਸੇ ਜਮ੍ਹਾਂ ਪਾਣੀ ਸਾਫ ਪਾਸੇ ਵੱਲ ਛੱਡ ਦਿੱਤਾ ਜਾਵੇਗਾ, ਤਾਂ ਕਿ ਸੰਗਤਾਂ ਦੇ ਹਰ ਰੋਜ਼ ਦੇ ਇਸ਼ਨਾਨ ਵਿੱਚ ਫਰਕ ਨਾ ਪਵੇ, ਪਰ ਅਚਨਚੇਤ ਇਕ ਦਿਨ ਵਿਚਕਾਰਲਾ ਬੰਨ੍ਹ ਖੁਲ੍ਹ ਗਿਆ ਤੇ ਪਾਣੀ ਸਾਰੇ ਸਰੋਵਰ ਵਿੱਚ ਫੈਲ ਕੇ ਸੁੱਕ ਗਿਆ । ਇਉਂ ਸਾਰਾ ਸਰੋਵਰ ਹੀ ਖ਼ੁਸ਼ਕ ਹੋ ਗਿਆ । ਫਿਰ ਸਾਰੇ ਸਰੋਵਰ ਦੀ ਸ਼ਰਧਾ ਤੇ ਪ੍ਰੇਮ ਨਾਲ ਸੰਗਤਾਂ ਨੇ ਕਾਰ-ਸੇਵਾ ਕੀਤੀ । ਭਾਵੇਂ ਇਸ ਕਾਰ-ਸੇਵਾ ਲਈ ਮਹਾਰਾਜਾ ਸ਼ੇਰ ਸਿੰਘ ਵੱਲੋਂ ਕਈ ਸੈਂਕੜੇ ਮਜ਼ਦੂਰ ਲਾਏ ਹੋਏ ਸਨ ਪਰ ਸ਼ਹਿਰ ਅੰਮ੍ਰਿਤਸਰ ਤੇ ਇਲਾਕੇ ਦੀਆਂ ਸੰਗਤਾਂ ਨੇ ਵੀ ਇਸ ਕਾਰ-ਸੇਵਾ ਦੇ ਪਵਿੱਤਰ ਕਾਰਜ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਕਿਉਂਕਿ ਆਮ ਲੋਕ ਇਸ ਸੇਵਾ ਨੂੰ ਬਹੁਤ ਵੱਡਾ ਦਾਨ-ਪੁੰਨ ਜਾਣਦੇ ਸਨ ।*

## ਅੱਠਵੀਂ ਕਾਰ-ਸੇਵਾ

**੧੯੨੩** ਈਸਵੀ ਦੇ ਆਰੰਭ ਵਿੱਚ ਇਕ ਦਿਨ ਇਕ ਪੇਂਡੂ ਨੌਜਵਾਨ ਨੇ ਮਨ੍ਹਾ ਕਰਨ ਦੇ ਬਾਵਜੂਦ ਨਿਸ਼ਾਨ ਸਾਹਿਬ ਦੀ ਤਰਫੋਂ ਦੌੜ ਕੇ ਅੰਮ੍ਰਿਤਸਰ ਸਰੋਵਰ ਵਿੱਚ ਛਾਲ ਮਾਰ ਦਿੱਤੀ ਪਰ ਮੁੜ ਉੱਪਰ ਨਾ ਆਇਆ । ਟੋਭਿਆਂ ਨੇ ਉਸ ਦੀ ਲਾਸ਼ ਡੂੰਘੀ ਗਾਰ ਵਿੱਚੋਂ ਖੁਭੀ ਹੋਈ ਬੜੀ ਮੁਸ਼ਕਲ ਨਾਲ ਲੱਭ ਕੇ ਬਾਹਰ ਕੱਢੀ । ਇਸ ਘਟਨਾ ਤੋਂ ਪ੍ਰਭਾਵਤ ਹੋ ਕੇ ਉਸ ਸਮੇਂ ਦੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਮਤਾ ਕਰ ਕੇ ਸਰੋਵਰ ਦੀ ਕਾਰ-ਸੇਵਾ ਕਰਵਾਉਣ ਦਾ ਪ੍ਰੋਗਰਾਮ ਬਣਾਇਆ । ਸ਼ਹਿਰ ਦੇ ਮੁਖੀ ਸਿੰਘਾਂ ਦੀ ਇਕ ਕਾਰ ਸੇਵਾ ਕਮੇਟੀ ਬਣਾਈ ਗਈ । ਆਉਣ ਵਾਲੀਆਂ ਸੰਗਤਾਂ ਦੇ ਲੰਗਰ, ਰਿਹਾਇਸ਼ ਅਤੇ ਜਲੂਸ ਆਦਿ ਦਾ ਸਾਰਾ ਪ੍ਰਬੰਧ ਇਸ ਕਮੇਟੀ ਦੇ ਜ਼ਿੰਮੇ ਲਾਇਆ ਗਿਆ ।

ਕਾਰ-ਸੇਵਾ ਆਰੰਭ ਕਰਨ ਤੋਂ ਇਕ ਹਫਤਾ ਪਹਿਲਾਂ ਸਰੋਵਰ ਦੇ ਵਿਚਕਾਰ ਮਿੱਟੀ ਦਾ ਇਕ ਬੰਨ੍ਹ ਬਣਾ ਕੇ ਸੰਗਤਾਂ ਦੇ ਇਸ਼ਨਾਨ ਲਈ ਜਲ ਇਕ ਪਾਸੇ ਕਰ ਦਿੱਤਾ ਗਿਆ, ਦੂਜੇ ਪਾਸੇ ਦਾ ਜਲ

---

* ਤਵਾਰੀਖ ਦਰਬਾਰ ਸਾਹਿਬ ਯਾਨੀ ਹਰਿਮੰਦਰ ਵਾਕਿਆ ਅੰਮ੍ਰਿਤਸਰ ਵ ਸ਼ਹਿਰ ਅੰਮ੍ਰਿਤਸਰ (ਉਰਦੂ) । ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼, ਸੰਪਾਦਕ ਰਣਧੀਰ ਸਿੰਘ, ਪ੍ਰਕਾਸ਼ਕ ਸਿੱਖ ਹਿਸਟਰੀ ਸੋਸਾਇਟੀ ਅੰਮ੍ਰਿਤਸਰ (ਉਰਦੂ) ਦਾ ਪੰਨਾ ੩੮ ਤੋਂ ੪੦ ।

ਬਾਲਟੀਆਂ ਤੇ ਝਲਾਰਾਂ ਰਾਹੀਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ । ਸਰੋਵਰ ਦਾ ਪਾਣੀ ਇਸ ਤਰ੍ਹਾਂ ਨਿਕਲਦਾ ਨਾ ਦੇਖ ਕੇ ਪ੍ਰਬੰਧਕ ਘਬਰਾ ਗਏ । ਆਪਣੇ ਵੱਲੋਂ ਖੋਜ ਕਰ ਥੱਕੇ ਸਨ ਪਰ ਕੋਈ ਤਦਬੀਰ ਕਾਰਗਰ ਸਾਬਤ ਹੁੰਦੀ ਨਜ਼ਰ ਨਹੀਂ ਸੀ ਆਉਂਦੀ, ਉਸ ਸਮੇਂ ਅੱਜ ਕਲ੍ਹ ਵਾਂਗ ਬਿਜਲੀ ਰਾਹੀਂ ਚੱਲਣ ਵਾਲੇ ਇੰਜਣਾਂ ਜਾਂ ਮੋਟਰਾਂ ਨਲ ਕੂਪਾਂ ਰਾਹੀਂ ਜਲ ਬਾਹਰ ਕੱਢਣ ਦਾ ਕੋਈ ਸਾਧਨ ਨਹੀ ਸੀ । ਪਾਣੀ ਬਹੁਤ ਘੱਟ ਨਿਕਲਦਾ ਵੇਖ ਕੇ ਸਾਰਿਆਂ ਨੂੰ ਬਹੁਤ ਚਿੰਤਾ ਹੋਈ ਤਾਂ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਅਤੇ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ, ਆਪਣੇ ਜਥੇ ਦੇ ਕੁਝ ਸਿੰਘਾਂ ਸਮੇਤ ਸਰੋਵਰ ਦੇ ਦੱਖਣ ਪੂਰਬੀ ਕੌਣ ਵਿੱਚ ਗੁਪਤ ਹੰਸਲੀ ਨੂੰ ਆਪਣੇ ਅਨੁਭਵ ਦੁਆਰਾ ਪ੍ਰਗਟ ਕਰ ਕੇ ਜੋ ਮਾਨਾਂ ਵਾਲੇ ਬੁੰਗੇ ਵਿੱਚ ਦੀ ਕੌਲਸਰ ਵਿੱਚ ਜਾ ਪੈਂਦੀ ਸੀ- ਦਾ ਹੇਠੋਂ ਮੋਘਾ ਖੋਲ੍ਹ ਦਿੱਤਾ ਜਿਸ ਰਾਹੀਂ ਸਾਰਾ ਜਲ ਕੌਲਸਰ ਵਿੱਚ ਜਾ ਪਿਆ । ਕੌਲਸਰ ਦੀ ਸਤਹ ਅੰਮ੍ਰਿਤ-ਸਰੋਵਰ ਦੀ ਸਤਹ ਤੋਂ ਬਹੁਤ ਨੀਵੀਂ ਹੈ । ਇਸੇ ਮਕਸਦ ਲਈ ਹੀ ਇਹ ਗੁਪਤ ਹੰਸਲੀ ਬਣਾਈ ਜਾਪਦੀ ਹੈ । ਜਲ ਨਿਕਲ ਜਾਣ ਤੋਂ ਬਾਅਦ ਅੱਧਾ ਸਰੋਵਰ ਖੁਸ਼ਕ ਕਰ ਲਿਆ ਗਿਆ ।

ਜਲੂਸ ਦੀ ਅਗਵਾਈ ਅਤੇ ਇਸ ਸੇਵਾ ਦੀ ਆਰੰਭਕ ਰਸਮ ਅਦਾ ਕਰਨ ਲਈ ਪੰਥ ਦੀਆਂ ਪੰਜ ਮਹਾਨ ਹਸਤੀਆਂ ਨੂੰ ਪੰਜ ਪਿਆਰੇ ਚੁਣ ਲਿਆ ਗਿਆ :

੧- ਸੰਤ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਅੰਮ੍ਰਿਤਸਰ ।
੨- ਸੰਤ ਗੁਲਾਬ ਸਿੰਘ ਜੀ ਘੋਲੀਏ ਵਾਲੇ (ਮੋਗਾ) ।
੩- ਭਾ: ਸਾਹਿਬ ਭਾਈ ਫ਼ਤਹ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ।
੪- ਬਾਬਾ ਖੜਗ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ।
੫- ਸ: ਤੇਜਾ ਸਿੰਘ ਜੀ ਸਮੁੰਦਰੀ ।

੧੭ ਜੂਨ ੧੯੨੩ ਈ: ਮੁ: ਸੰਮਤ ੧੯੮੦ ਬਿ: ੪ ਹਾੜ ਐਤਵਾਰ ਨੂੰ ਉਪ੍ਰੋਕਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਪਿਪਲੀ ਸਾਹਿਬ ਤੋਂ ਸੰਗਤਾਂ ਦੀ ਬਹੁਤ ਭਾਰੀ ਗਿਣਤੀ ਵਿੱਚ ਕਾਰ-ਸੇਵਾ ਦਾ ਜਲੂਸ ਆਰੰਭ ਹੋਇਆ, ਜੋ ਵੱਡੇ ਬਾਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਘੰਟਾ ਘਰ ਵਾਲੇ ਪਾਸੇ ਤੋਂ ਪ੍ਰਕਰਮਾ ਵਿੱਚ ਦਾਖਲ ਹੋਇਆ, ਅਰਦਾਸ ਉੱਪਰੰਤ ਹਰਿ ਕੀ ਪਉੜੀ ਵਾਲੀ ਥਾਂ 'ਤੇ ਸੋਨੇ ਦੀਆਂ ਪੰਜ ਕਹੀਆਂ ਨਾਲ ਪੰਜਾਂ ਪਿਆਰਿਆਂ ਨੇ ਪੰਜ ਚਾਂਦੀ ਦੇ ਬਾਟੇ ਕਾਰ ਨਾਲ ਭਰ ਕੇ ਤੇ ਆਪਣੇ ਸਿਰਾਂ ਉੱਪਰ ਚੁੱਕ ਕੇ ਬਾਹਰ ਸੁੱਟੇ । ਉਸ ਸਮੇਂ ਕੁਝ ਸਿੰਘਾਂ ਨੇ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟਿਆਂ ਉੱਪਰ ਇਤਰਾਜ਼ ਕੀਤਾ ਅਤੇ ਸਰਬ ਲੋਹ ਦੀਆਂ ਕਹੀਆਂ ਤੇ ਬਾਟੇ ਵਰਤਣ ਲਈ ਆਪਣੀ ਰਾਇ ਪ੍ਰਗਟ ਕੀਤੀ । ਪੰਜਾਂ ਪਿਆਰਿਆਂ ਤੋਂ ਬਾਅਦ ਜ਼ਿਲ੍ਹੇ ਵਾਰ ਸੰਗਤਾਂ ਵਾਰੋ-ਵਾਰੀ ਕਾਰ ਕੱਢਣ ਦੀ ਸੇਵਾ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਕਰਦੀਆਂ ਰਹੀਆਂ । ਸੰਗਤਾਂ ਤੋਂ ਇਲਾਵਾ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਮੁਖੀ, ਸੰਤ ਮਹਾਤਮਾ, ਵਿਦਵਾਨਾਂ ਅਤੇ ਸਿੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ ਨੇ ਵੀ ਇਸ ਸੇਵਾ ਨੂੰ ਆਪਣਾ ਸੁਭਾਗ ਸਮਝ ਕੇ ਇਸ ਸੇਵਾ ਵਿੱਚ ਆਪਣਾ ਹਿੱਸਾ ਪਾਇਆ । ਸੰਗਤਾਂ ਦੇ ਇਕੱਠ

ਦਾ ਅਨੁਮਾਨ ਸਾਢੇ ਛੇ ਲੱਖ ਤੋਂ ਉੱਪਰ ਦਾ ਲਿਖਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਉੱਪਰ ੩੬ ਲੰਗਰ ਚਲ ਰਹੇ ਸਨ। ਸੋਨੇ ਦੀਆਂ ਕਹੀਆਂ ਤੇ ਬਾਟਿਆਂ ਲਈ ਸੋਨਾ ਤੇ ਚਾਂਦੀ ਸੰਗਤਾਂ ਵੱਲੋਂ ਭੇਟ ਕੀਤੀ ਗਈ। ੩੦ ਸੇਰ ਚਾਂਦੀ ਤੇ ਕੁਝ ਸੋਨਾ ਜੋ ਬਚ ਗਿਆ ਉਹ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ ।*

## ਨੌਵੀਂ ਕਾਰ-ਸੇਵਾ

ਤਕਰੀਬਨ ੫੦ ਸਾਲ ਬਾਅਦ ੧੯੭੩ ਈਸਵੀ ਦੇ ਆਰੰਭ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਸਰਬ-ਸੰਮਤੀ ਨਾਲ ਮਤਾ ਪਾਸ ਕਰ ਕੇ ਸ੍ਰੀ ਅੰਮ੍ਰਿਤਸਰ-ਸਰੋਵਰ ਦੀ ਕਾਰ-ਸੇਵਾ ਕਰਵਾਉਣ ਲਈ ਕਾਰ-ਸੇਵਾ ਵਾਲੇ ਪ੍ਰਸਿੱਧ ਬਾਬਾ ਜੀਵਨ ਸਿੰਘ ਜੀ ਨੂੰ ਮੁੱਖ ਪ੍ਰਬੰਧਕ ਥਾਪਿਆ । ਕਾਰ-ਸੇਵਾ ਆਰੰਭ ਕਰਨ ਤੋਂ ਕੁਝ ਦਿਨ ਪਹਿਲਾਂ ਉਤਰੀ ਬਾਹੀ ਵੱਲੋਂ ਹਰਿ ਕੀ ਪਉੜੀ ਦੇ ਕੋਲ ਦੀ ਦੱਖਣੀ ਬਾਹੀ ਤਕ ਅੱਧੇ ਸਰੋਵਰ ਵਿੱਚ ਮਿੱਟੀ ਦਾ ਬੰਨ੍ਹ ਬਣਾਇਆ ਗਿਆ । ਦੁੱਖ ਭੰਜਨੀ ਬੇਰੀ ਵਾਲੇ ਪਾਸੇ ਦਾ ਅੰਮ੍ਰਿਤ-ਜਲ ਨਲ ਕੂਪਾਂ ਰਾਹੀ ਬਾਹਰ ਕੱਢਿਆ ਗਿਆ । ਜਲੂਸ ਦੀ ਅਗਵਾਈ ਅਤੇ ਕਾਰ-ਸੇਵਾ ਦੀ ਆਰੰਭਕ ਰਸਮ ਅਦਾ ਕਰਨ ਲਈ ਪੰਥ ਦੀਆਂ ਪੰਜ ਮਹਾਨ ਸ਼ਖ਼ਸੀਅਤਾਂ ਨੂੰ ਪੰਜ ਪਿਆਰੇ ਚੁਣਿਆ ਗਿਆ-

੧- ਬਾਬਾ ਜੀਵਨ ਸਿੰਘ ਜੀ ਕਾਰ ਸੇਵਾ ਵਾਲੇ ।

੨- ਬਾਬਾ ਖੜਕ ਸਿੰਘ ਜੀ ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਸ੍ਰੀ ਅੰਮ੍ਰਿਤਸਰ ।

੩- ਸੰਤ ਸੇਵਾ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ।

੪- ਸੰਤ ਗੁਰਮੁਖ ਸਿੰਘ ਜੀ ਪਟਿਆਲਾ ।

੫- ਸੰਤ ਮਹਿੰਦਰ ਸਿੰਘ ਜੀ ਹਰਖੋਵਾਲ ।

ਉਪ੍ਰੋਕਤ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ੩੧ ਮਾਰਚ ੧੯੭੩ ਈਸਵੀ ਦਿਨ ਸ਼ਨੀਵਾਰ ਨੂੰ ਸੁਬ੍ਹਾ ੭ ਵਜੇ ਗੁਰਦੁਆਰਾ ਸ਼ਹੀਦ-ਗੰਜ ਬਾਬਾ ਦੀਪ ਸਿੰਘ ਜੀ ਤੋਂ ਜਲੂਸ ਆਰੰਭ ਹੋਇਆ । ਜੋ ਗੋਲ ਸੜਕ, ਰਾਮ ਬਾਗ ਤੋਂ ਦਰਵਾਜ਼ਾ ਹਾਲ ਬਾਜ਼ਾਰ ਰਾਹੀਂ ਸ਼ਹਿਰ ਵਿੱਚ ਦਾਖ਼ਲ ਹੋਇਆ । ਵੱਡੇ ਬਾਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਕੋਤਵਾਲੀ, ਗੁਰਦੁਆਰਾ ਸਾਰਾਗੜ੍ਹੀ, ਚੌਂਕ ਫੁਹਾਰਾ, ਜਲ੍ਹਿਆਂ ਵਾਲਾ ਬਾਗ ਤੋਂ ਹੁੰਦਾ ਹੋਇਆ ਘੰਟਾ ਘਰ ਵਾਲੀ ਡਿਊਢੀ ਰਾਹੀਂ ਪ੍ਰਕਰਮਾ ਵਿੱਚ ਦਾਖ਼ਲ ਹੋਇਆ ।

ਅਰਦਾਸ ਉੱਪਰੰਤ ਉਪ੍ਰੋਕਤ ਪੰਜਾਂ ਪਿਆਰਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮੱਥਾ ਟੇਕ ਕੇ ੧੯੨੩ ਈ: ਦੀ ਕਾਰ-ਸੇਵਾ ਸਮੇਂ ਵਰਤੀਆਂ ਸੋਨੇ ਦੀਆਂ ਪੰਜ ਕਹੀਆਂ ਤੇ ਚਾਂਦੀ ਦੇ ਪੰਜ ਬਾਟੇ ਗ੍ਰਹਣ ਕੀਤੇ । ਹਰਿ ਕੀ ਪਾਉੜੀ ਰਾਹੀਂ ਉਤੱਰ ਕੇ ਪੰਜਾਂ ਪਿਆਰਿਆਂ ਨੇ ਉਕਤ ਕਹੀਆਂ ਨਾਲ ਕਾਰ ਦੇ ਪੰਜੇ ਬਾਟੇ ਭਰ ਕੇ ਸੀਸ 'ਤੇ ਚੁੱਕ ਕੇ ਘੰਟਾ ਘਰ ਵਾਲੇ ਪਾਸੇ ਬਾਹਰ ਸੁੱਟੇ । ਇਸ ਮੌਕੇ

---

* ਦੇਖੋ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਦਫਤਰ ਦੇ ਸੁਪਰੰਟੈਂਡਟ ਸ: ਹਰਨਾਮ ਸਿੰਘ 'ਮਨੋਹਰ' ਸਿੰਘ ਪਿੰਡ ਸੁੱਖੋ ਰਾਵਲ ਪਿੰਡੀ ਵਾਲਿਆਂ ਦਾ ਲਿਖਿਆ ਹੱਥ ਲਿਖਤ ਖਰੜਾ ਜੋ ਜੀਵਨ ਬਾਬਾ ਸ਼ਾਮ ਸਿੰਘ ਜੀ ਕ੍ਰਿਤ ਮੇਜਰ ਪ੍ਰੇਮ ਸਿੰਘ ਵਿੱਚ ਛੱਪ ਗਿਆ (ਪੰਨਾ ੧੨੪-੧੨੫)

'ਤੇ ਪੰਜਾਬ ਸਰਕਾਰ ਵੱਲੋਂ ਇਕ ਚਾਂਦੀ ਦੀ ਕਹੀ ਤੇ ਪੰਜ ਬਾਟੇ ਚਾਂਦੀ ਦੇ ਮੁੱਖ ਮੰਤਰੀ ਪੰਜਾਬ ਨੇ ਭੇਟ ਕੀਤੇ ਤੇ ਫਿਰ ਉਨ੍ਹਾਂ ਨਾਲ ਸਰਕਾਰ ਦੇ ਮੁਖ ਮੰਤਰੀ ਤੇ ਮੰਤਰੀਆਂ ਨੇ ਕਾਰ ਦੇ ਬਾਟੇ ਭਰ-ਭਰ ਕੇ ਸਿਰ 'ਤੇ ਚੁੱਕ ਕੇ ਕਾਰ ਬਾਹਰ ਸੁੱਟੀ। ਇਸੇ ਸਮੇਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖੀਆਂ ਨੇ ਵੀ ਸ਼ਰਧਾ ਸਹਿਤ ਕਾਰ-ਸੇਵਾ ਵਿੱਚ ਆਪਣਾ ਯੋਗਦਾਨ ਪਾਇਆ, ਫਿਰ ਲੱਖਾਂ ਦੀ ਗਿਣਤੀ ਦੀਆਂ ਸੰਗਤਾਂ ਨੇ ਲੋਹੇ ਦੀਆਂ ਕਹੀਆਂ ਤੇ ਬਾਟਿਆਂ ਨਾਲ ਕਤਾਰਾਂ ਬੰਨ੍ਹ ਕੇ ਰਾਤ ਦਿਨ ਸੇਵਾ ਜਾਰੀ ਰੱਖੀ। ਇਸ ਇੱਕਠ ਬਾਰੇ ਦਸ ਲੱਖ ਦੀ ਗਿਣਤੀ ਦਾ ਅਨੁਮਾਨ ਲਾਇਆ ਗਿਆ।

ਇਕ ਪਾਸੇ ਦੀ ਪੂਰੀ ਸਫਾਈ ਹੋ ਜਾਣ ਤੋਂ ਬਾਅਦ ਦੂਜੇ ਪਾਸੇ ਦਾ ਜਲ ਨਲ ਕੂਪਾਂ ਰਾਹੀਂ ਬਾਹਰ ਕੱਢ ਕੇ ਤੇ ਖੁਸ਼ਕ ਕਰ ਕੇ ਕੁਝ ਦਿਨਾਂ ਬਾਅਦ ਫਿਰ ਪਹਿਲੇ ਵਾਂਗ ਹੀ ਸੰਗਤਾਂ ਵੱਲੋਂ ਕਾਰ-ਸੇਵਾ ਆਰੰਭ ਕੀਤੀ ਗਈ। ਜਿਹਨਾਂ ਨੂੰ ਕਹੀਆਂ ਤੇ ਬਾਟੇ ਨਾ ਮਿਲੇ ਉਨ੍ਹਾਂ ਨੇ ਆਪਣੇ ਦੁਪੱਟਿਆਂ ਤੇ ਝੋਲੀਆਂ ਜਾਂ ਪਰਨਿਆਂ ਵਿੱਚ ਪਾ ਕੇ ਜਾਂ ਹੱਥਾਂ ਉੱਪਰ ਹੀ ਚੁੱਕ ਕੇ ਕਾਰ ਨੂੰ ਬਾਹਰ ਸੁੱਟਿਆ। ਕਾਰ ਨੂੰ ਪਵਿੱਤਰ ਜਾਣ ਕੇ ਬਹੁਤੇ ਸ਼ਰਧਾਲੂ ਘਰੀਂ ਲੈ ਗਏ। ਕਈਆਂ ਨੇ ਵਿਦੇਸ਼ਾਂ ਵਿੱਚ ਵੱਸਦੇ ਆਪਣੇ ਸਬੰਧੀਆਂ ਨੂੰ ਕਾਰ ਸ਼ਰਧਾ ਵਜੋਂ ਘੱਲੀ। ਇਸ ਸਮੇਂ ਪੰਜਾਬ ਤੋਂ ਇਲਾਵਾ ਭਾਰਤ ਦੇ ਹਰ ਪ੍ਰਾਂਤ ਤੇ ਵਿਦੇਸ਼ਾਂ ਤੋਂ ਆਏ ਸਿੱਖਾਂ ਨੇ ਇਸ ਕਾਰ-ਸੇਵਾ ਵਿੱਚ ਆਪਣਾ ਪੂਰਨ ਯੋਗਦਾਨ ਪਾ ਕੇ ਆਪਣੀ ਸਿੱਖੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਸਮੇਂ ਗੁਰੂ ਰਾਮਦਾਸ ਲੰਗਰ ਤੋਂ ਇਲਾਵਾ ਸ਼ਹਿਰ ਦੇ ਹਰ ਹਿੱਸੇ ਵਿੱਚ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਹਰ ਰਸਤੇ ਉੱਪਰ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਪ੍ਰਸ਼ਾਦੇ, ਚਾਹ, ਬਿਸਕੁਟ, ਮਠਿਆਈਆਂ ਤੇ ਫਲਾਂ ਦੇ ਲੰਗਰ ਲੱਗੇ ਹੋਏ ਸਨ। ਸੰਗਤਾਂ ਨੇ ਤਨ, ਮਨ, ਧਨ ਨਾਲ ਮਹਾਨ ਸੇਵਾ ਕੀਤੀ। ਦਾਸ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਗ੍ਰੰਥੀ ਸਿੰਘ ਵੀ ਕਾਰ ਦੇ ਬਾਟੇ ਭਰ ਕੇ ਸਿਰਾਂ ਉੱਪਰ ਚੁੱਕ ਕੇ ਸ਼ਹਿਰ ਦੀਆਂ ਵੱਖ-ਵੱਖ ਨੀਵੀਆਂ ਥਾਵਾਂ ਉੱਪਰ ਕਾਰ ਸੁਟ ਕੇ ਆਏ। ਸੰਗਤਾਂ ਦੀ ਗਿਣਤੀ ਦਾ ਅਨੁਮਾਨ ੧੦ ਲੱਖ ਲਾਇਆ ਗਿਆ। ਮੈਂ ਸਾਰਾ ਦ੍ਰਿਸ਼ਜ ਆਪਣੀਆਂ ਅੱਖਾਂ ਨਾਲ ਦੇਖਿਆ ਕਿਉਂਕਿ ਮੈਂ ਇਸ ਸਮੇਂ ਬਤੌਰ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸੇਵਾ ਨਿਭਾ ਰਿਹਾ ਸੀ।

## ਦਸਵੀਂ ਕਾਰ-ਸੇਵਾ

੪, ੫ ਤੇ ੬ ਜੂਨ ੧੯੮੪ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਉੱਪਰ ਭਾਰਤੀ ਫ਼ੌਜ ਵੱਲੋਂ ਕੀਤੇ 'ਨੀਲਾ ਤਾਰਾ' ਹਮਲੇ ਸਮੇਂ ਉਪ੍ਰੋਕਤ ਇਮਾਰਤਾਂ ਤੇ ਸਾਮਾਨ ਦੇ ਹੋਏ ਨੁਕਸਾਨ ਤੋਂ ਇਲਾਵਾ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਦੇ ਦਰਮਿਆਨ ਸਿਹਨ ਵਿੱਚ ਅਤੇ ਸਰੋਵਰ ਦੀਆਂ ਚੁਗਿਰਦੇ ਪ੍ਰਕਰਮਾ ਵਿੱਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਬੱਚੇ-ਬੱਚੀਆਂ ਦਾ ਖੂਨ ਡੁੱਲਿਆ, ਉਥੇ ਸਰੋਵਰ ਦੇ ਵਿੱਚ ਵੀ ਸ਼ਹੀਦਾਂ ਦੀਆਂ ਲਾਸ਼ਾਂ ਡਿੱਗਣ, ਮਾਰੂ ਹਥਿਆਰ ਤੇ ਸਿੱਕਾ ਬਾਰੂਦ ਵਿੱਚ ਸੁੱਟਣ, ਫ਼ੌਜੀਆਂ ਵੱਲੋਂ ਕਪੜੇ ਧੋਣ ਤੇ ਹੋਰ ਮਿੱਟੀ-ਘੱਟਾ ਵਿੱਚ ਪੈਣ ਨਾਲ ਸਰੋਵਰ ਦਾ ਅੰਮ੍ਰਿਤ-ਜਲ ਵੀ ਗੰਧਲਾ ਤੇ ਅਪਵਿੱਤਰ ਹੋ ਗਿਆ ਸੀ।

ਪੰਜਾਂ ਸਿੰਘ ਸਾਹਿਬਾਨ ਦੀ ਇਕ ਉਚੇਚੀ ਮੀਟਿੰਗ ਵਿੱਚ ਨਵੇਂ ਸਿਰੇ ਤੋਂ ਕਾਰ-ਸੇਵਾ ਕਰਨ ਦਾ ਫ਼ੈਸਲਾ ਲਿਆ ਗਿਆ ਤੇ ਇਸ ਸੇਵਾ ਦੀ ਮੁਖ ਜ਼ਿੰਮੇਵਾਰੀ ਬਾਬਾ ਖੜਕ ਸਿੰਘ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਬਾਬਾ ਦਰਸ਼ਨ ਸਿੰਘ ਜੀ ਨੂੰ ਸੌਂਪੀ ਗਈ ਅਤੇ ਇਸ ਸੇਵਾ ਸਬੰਧੀ ਹੋਰ ਸਾਰੇ

ਮੁੱਢਲੇ ਕਦਮ ਚੁੱਕਣ ਤੇ ਹਰ ਪ੍ਰਕਾਰ ਦੀ ਨਿਗਰਾਨੀ ਤੇ ਸੁਚੱਜੇ ਪ੍ਰਬੰਧ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀਆਂ ਨੂੰ ਸਿੰਘ ਸਾਹਿਬਾਨ ਵੱਲੋਂ ਹਿਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ।

ਜਦ ੨੮ ਸਤੰਬਰ ੧੯੮੪ ਈ: ਵਾਲੇ ਦਿਨ ਸਰਕਾਰ ਨੇ ੨ ਸਤੰਬਰ ਦੇ ਦਿੱਤੇ ਅਲਟੀਮੇਟਮ ਤੋਂ ਡਰਦਿਆਂ ਸ੍ਰੀ ਹਰਿਮੰਦਰ ਸਾਹਿਬ ਸਮੂੰਹ ਵਿੱਚੋਂ ਫ਼ੌਜਾਂ ਬਾਹਰ ਕੱਢ ਲਈਆਂ ਤੇ ਸਮੂੰਹ ਦਾ ਸਾਰਾ ਪ੍ਰਬੰਧ ਪੰਜਾਂ ਸਿੰਘ ਸਾਹਿਬਾਨਾਂ ਨੂੰ ਸੌਂਪ ਦਿੱਤਾ ਤਾਂ ੨੯ ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਅਖੰਡ ਪਾਠ ਰੱਖ ਕੇ ੧ ਅਕਤੂਬਰ ਨੂੰ ਭੋਗ ਪਾ ਕੇ ਸਤਿਗੁਰਾਂ ਤੇ ਅਕਾਲ ਪੁਰਖ ਦਾ 'ਧੰਨਵਾਦ ਦਿਵਸ' ਮਨਾਇਆ । ਦੀਵਾਨ ਦੀ ਸਮਾਪਤੀ ਉੱਪਰੰਤ ਮਿਥੇ ਪ੍ਰੋਗਰਾਮ ਅਨੁਸਾਰ ਅਰਦਾਸ ਉੱਪਰੰਤ ਪੰਜਾਂ ਸਿੰਘ ਸਾਹਿਬਾਨ ਅਤੇ ਬਾਬਾ ਖੜਕ ਸਿੰਘ ਜੀ ਨੇ ਬੇਰ ਬਾਬਾ ਬੁੱਢਾ ਜੀ ਪਾਸ ਬਿਜਲੀ ਦਾ ਬਟਨ ਦਬਾ ਕੇ ਨਲ ਕੂਪਾਂ ਰਾਹੀਂ ਅੰਮ੍ਰਿਤ ਜਲ ਬਾਹਰ ਕੱਢਣ ਹਿਤ ਕਾਰ-ਸੇਵਾ ਦੀ ਆਰੰਭਕ ਰਸਮ ਅਦਾ ਕੀਤੀ । ਜਦ ਅੱਧਾ ਕੁ ਜਲ ਘੱਟ ਗਿਆ ਤਾਂ ਹਰਿ ਕੀ ਪਉੜੀ ਤੋਂ ਅਠਸਠ ਘਾਟ ਤੱਕ ਮਿਟੀ ਤੇ ਰੇਤ ਦੀਆਂ ਭਰੀਆਂ ਬੋਰੀਆਂ ਜੋੜ ਕੇ ਕੱਚਾ ਪੁਲ ਬਣਾ ਦਿੱਤਾ ਗਿਆ ।ਇਸ ਤਰਾਂ ਸਰੋਵਰ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ । ਉਤੱਰੀ ਪਾਸੇ ਦਾ ਸਾਰਾ ਜਲ ਕੱਢ ਕੇ ਖੁਸ਼ਕ ਕਰ ਲਿਆ ਗਿਆ । ਦੱਖਣੀ ਪਾਸੇ ਦੇ ਅੱਧੇ ਸਰੋਵਰ ਦੇ ਅੰਮ੍ਰਿਤ ਜਲ ਵਿੱਚ ਸੰਗਤਾਂ ਇਸ਼ਨਾਨ ਕਰਦੀਆਂ ਰਹੀਆਂ ।

ਮਿਥੀ ਮਿਤੀ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਅਵਤਾਰ ਗੁਰਪੁਰਬ ੧੨ ਅਕਤੂਬਰ ਨੂੰ ਦਿਨ ਦੇ ੧੧ ਵਜੇ ਘੰਟਾ ਘਰ ਦੀ ਡਿਉਢੀ ਵਿੱਚ ਅਰਦਾਸ ਕਰਨ ਉੱਪਰੰਤ ਪੰਜਾਂ ਸਿੰਘ ਸਾਹਿਬਾਨ ਵੱਲੋਂ ਨਿਯੁਕਤ ਕੀਤੇ ਗਏ ਮਹਾਨ ਵਿਅਕਤੀਆਂ ਪੰਜਾਂ ਪਿਆਰਿਆਂ ਨੂੰ ਪੰਜਾਂ ਸਿੰਘ ਸਾਹਿਬਾਨ ਨੇ ਪੰਜ ਸੋਨੇ ਦੀਆਂ ਕਹੀਆਂ ਅਤੇ ਪੰਜ ਚਾਂਦੀ ਦੇ ਬਾਟੇ ਫੜਾਏ। ਪੰਜ ਪਿਆਰੇ ਇਹ ਸਨ :

੧- ਸੰਤ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲੇ ।

੨- ਸੰਤ ਬਾਬਾ ਕਰਤਾਰ ਸਿੰਘ ਜੀ ਪਟਨੇ ਸਾਹਿਬ ਵਾਲੇ ।

੩- ਸੰਤ ਬਾਬਾ ਦਰਸ਼ਨ ਸਿੰਘ ਜੀ ਉਤਰਾਧਿਕਾਰੀ ਬਾਬਾ ਖੜਕ ਸਿੰਘ ਜੀ ।

੪- ਬਾਬਾ ਦਇਆ ਸਿੰਘ ਜੀ ਬਿਧੀਚੰਦੀਏ ਸੁਰ ਸਿੰਘ ਵਾਲੇ ।

੫- ਬਾਬਾ ਦੀਵਾਨ ਸਿੰਘ ਜੀ ਖਾਨ ਛਾਬੜੀ ਵਾਲੇ ।

ਉਪ੍ਰੋਕਤ ਪੰਜਾਂ ਪਿਆਰਿਆਂ ਨੇ ਹੇਠ ਸਰੋਵਰ ਵਿੱਚ ਜਾ ਕੇ ਸੋਨੇ ਦੀਆਂ ਕਹੀਆਂ ਨਾਲ ਚਾਂਦੀ ਦੇ ਪੰਜੇ ਬਾਟੇ ਕਾਰ ਨਾਲ ਭਰ ਕੇ ਆਪਣੇ ਸਿਰਾਂ 'ਤੇ ਚੁੱਕ ਕੇ ਕਾਰ ਬਾਹਰ ਸੁੱਟ ਕੇ ਕਾਰ-ਸੇਵਾ ਦਾ ਉਦਘਾਟਨ ਕੀਤਾ । ਫਿਰ ਆਮ ਸੰਗਤਾਂ ਬਾਟਿਆਂ, ਬਾਲਟੀਆਂ, ਕਪੜਿਆਂ ਤੇ ਹੱਥਾਂ 'ਚ ਪਾ-ਪਾ ਕੇ ਕਾਰ ਬਾਹਰ ਕੱਢ ਕੇ ਸੁੱਟਣ ਦੀ ਸੇਵਾ ਵਿੱਚ ਜੁੱਟ ਪਈਆਂ ।

ਪੰਜ ਸਿੰਘ ਸਾਹਿਬਾਨ ਇਹ ਸਨ :

੧- ਦਾਸ ( ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ) ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ।

੨- ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ।

੩-ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ।

੪- ਸਿੰਘ ਸਾਹਿਬ ਸੰਤ ਲੱਖਾ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ।

੫- ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤਸਾਹਿਬ, ਸ੍ਰੀ ਅੰਮ੍ਰਿਤਸਰ ।

ਪਹਿਲੇ ਹਿੱਸੇ ਦੀ ਸੇਵਾ ਸੰਪੂਰਨ ਹੋਣ 'ਤੇ ਦੂਜੇ ਪਾਸੇ ਦਾ ਜਲ ਕੱਢ ਕੇ ਤੇ ਖ਼ੁਸ਼ਕ ਕਰ ਕੇ ਉਸ ਪਾਸੇ ਦੀ ਕਾਰ-ਸੇਵਾ ਆਰੰਭ ਕਰ ਦਿੱਤੀ ਗਈ । ਸੰਗਤਾਂ ਰਾਤ ਦਿਨ ਲੱਗੀਆਂ ਰਹੀਆਂ ਜਿਸ ਕਰ ਕੇ ਸਾਰੀ ਸੇਵਾ ਇਕ ਹਫ਼ਤੇ ਵਿੱਚ ਹੀ ਸੰਪੂਰਨ ਹੋ ਗਈ । ਸੰਗਤਾਂ ਦੀ ਗਿਣਤੀ ਦਸ ਲੱਖ ਅਨੁਮਾਨੀ ਗਈ ।

ਜਿਥੇ ਪੰਜਾਬ, ਭਾਰਤ ਦੇ ਹਰ ਪ੍ਰਾਂਤ ਅਤੇ ਵਿਦੇਸ਼ਾਂ ਤੋਂ ਸਿੱਖ ਸੰਗਤਾਂ ਇਸ ਕਾਰ-ਸੇਵਾ ਸਮੇਂ ਪੁੱਜੀਆਂ ਉਥੇ ਹਿੰਦੂਆਂ, ਮੁਸਲਮਾਨਾਂ ਤੇ ਈਸਾਈਆਂ ਨੇ ਵੀ ਸ਼ਰਧਾ ਪੂਰਬਕ ਸੇਵਾ ਕੀਤੀ।

ਨਵੀਂ ਬਣੀ ਹੰਸਲੀ ਰਾਹੀਂ ਨਹਿਰ ਦਾ ਨਵਾਂ ਨਿਰਮਲ ਜਲ ਪਾ ਕੇ ਦੀਵਾਲੀ ਤੋਂ ਪਹਿਲਾਂ-ਪਹਿਲਾਂ ਸਰੋਵਰ ਨੂੰ ਅੰਮ੍ਰਿਤ ਜਲ ਨਾਲ ਭਰ ਦਿੱਤਾ ਗਿਆ । ਜਿਸ ਵਿੱਚ ਸੰਗਤਾਂ ਸ਼ਰਧਾ ਪੂਰਬਕ ਇਸ਼ਨਾਨ ਕਰ ਕੇ ਅਨੰਦ ਮਾਨਣ ਲੱਗੀਆਂ । ਲਗ-ਭਗ ਸਾਢੇ ਚਾਰ ਮਹੀਨੇ ਬਾਅਦ ਸੰਗਤਾਂ ਨੂੰ ਖੁਲ੍ਹੇ ਇਸ਼ਨਾਨ ਦਾ ਸੁਭਾਗ ਪ੍ਰਾਪਤ ਹੋਇਆ ।

* * *

## ਕਾਰ-ਸੇਵਾ ਦੀ ਮਹੱਤਤਾ

ਕਾਰ-ਸੇਵਾ ਨਾਲ ਸਿੱਖ ਸੰਗਤਾਂ ਵਿੱਚ ਸੇਵਾ-ਭਾਵ ਉਜਾਗਰ ਹੋਇਆ ਹੈ, ਸਮਾਜਕ ਏਕਤਾ ਦ੍ਰਿੜ੍ਹ ਹੋਈ ਹੈ ਅਤੇ ਸਾਰੀ ਸਿੱਖ ਕੌਮ ਵਿੱਚ ਧਾਰਮਕ ਜਾਗ੍ਰਤੀ ਪੈਦਾ ਹੋਈ ਹੈ ਤੇ ਵਿਤਕਰੇ ਦੂਰ ਹੋ ਕੇ ਕੌਮ ਦੀ ਏਕਤਾ ਵਿੱਚ ਭਾਰੀ ਵਾਧਾ ਹੋਇਆ ਹੈ । ਸਿੱਖ ਧਰਮ ਸਫ਼ਾਈ-ਪਸੰਦ ਧਰਮ ਹੈ । ਜਿਥੇ ਇਹ ਮਨ ਤੇ ਹਿਰਦੇ ਦੀ ਸਫ਼ਾਈ ਚਾਹੁੰਦਾ ਹੈ ਉਥੇ ਬਾਹਰਲੀ ਸਫ਼ਾਈ ਨੂੰ ਵੀ ਅੰਦਰਲੀ ਸਫ਼ਾਈ ਦਾ ਸੂਚਕ ਮੰਨਦਾ ਹੈ । ਕਾਰ-ਸੇਵਾ ਰਾਹੀਂ ਹੋਈ ਸਰੋਵਰ ਦੀ ਸਫ਼ਾਈ ਨਾਲ ਅੰਮ੍ਰਿਤ ਜਲ ਨਿਰਮਲ, ਸਾਫ਼ ਪਵਿੱਤਰ ਤੇ ਸੁਆਦੀ ਹੋ ਗਿਆ ਹੈ । ਇਸ ਕਾਰ-ਸੇਵਾ ਨਾਲ ਸਿੱਖੀ ਸ਼ਰਧਾ, ਪਿਆਰ, ਨਿੰਮ੍ਰਤਾ, ਕੁਰਬਾਨੀ ਅਤੇ ਦਾਨ ਸ਼ਕਤੀ ਨੂੰ ਬਲ ਮਿਲਿਆ ਹੈ ।

* * *

# ਸ੍ਰੀ ਹਰਿਮੰਦਰ ਸਾਹਿਬ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਕ ਅਸਥਾਨ ਹੈ । ਇਸ ਦੇ ਚਾਰ-ਚੁਫੇਰੇ ਅੰਮ੍ਰਿਤ-ਜਲ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ-ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ-ਚੰਨ ਲਾਉਂਦਾ ਪ੍ਰਤੀਤ ਹੁੰਦਾ ਹੈ ।

ਅਸਲ ਵਿੱਚ ਪੰਜਾਬ ਦੀ ਧਰਤੀ 'ਤੇ ਲੱਗੀ ਹੋਈ ਇਹ ਰੱਬੀ ਮੋਹਰ ਛਾਪ ਹੈ । ਇਹ ਸਿੱਖ ਸਤਿਗੁਰਾਂ ਦੀ ਅਮਰ ਯਾਦਗਾਰ ਹੈ । ਇਹ ਜਗਤ ਨੂੰ ਸਤਿਗੁਰਾਂ ਦੀ ਮਹਾਨ ਅਦੁੱਤੀ ਤੇ ਅਮੋਲਕ ਦੇਣ ਹੈ । ਇਹ ਜਗਤ ਦਾ ਅਜੂਬਾ ਹੈ । ਸਿੱਖ ਰਹੁ-ਰੀਤੀ ਦਾ ਕੇਂਦਰੀ ਧੁਰਾ ਹੈ । ਸਾਰੀ ਸਿੱਖ ਕੌਮ ਦਾ ਦਿਲ ਤੇ ਜਿੰਦ-ਜਾਨ ਹੈ । ਸਿੱਖੀ ਦਾ ਮਾਣ ਤੇ ਖਾਲਸਾ ਪੰਥ ਦੀ ਆਨ-ਸ਼ਾਨ ਤੇ ਪ੍ਰਾਣ ਹੈ ।

ਇਹ ਸ੍ਰੀ ਹਰਿਮੰਦਰ, ਕਲਾ ਦਾ ਸੁੰਦਰ ਨਮੂਨਾ, ਇਮਾਰਤਬਾਜ਼ੀ ਦੀ ਦਿਲਕਸ਼ ਤੇ ਅਨੂਪਮ ਘਾੜਤ, ਆਤਮਕ ਹੁਲਾਸ ਦਾ ਸੋਮਾ, ਗੁਰਬਾਣੀ ਦੇ ਕੀਰਤਨ ਤੇ ਪਾਠ ਦੇ ਅਖੰਡ ਪ੍ਰਵਾਹ ਦੀ ਵਗਦੀ ਨਿਰਮਲ ਧਾਰਾ, ਸੇਵਾ ਤੇ ਸਿਮਰਨ ਦਾ ਸੰਗਮ ਅਤੇ ਸਿੱਖੀ ਦਾ ਰੌਸ਼ਨ ਮੀਨਾਰ ਹੈ । ਇਹ ਸੱਚ-ਮੁੱਚ ਮਾਤ-ਲੋਕ ਦਾ ਸੱਚ-ਖੰਡ ਹੈ ।

ਇਹ ਸੁੰਦਰ ਸੁਵਰਨ-ਮੰਦਰ ਜਾਂ ਗੋਲਡਨ ਟੈਂਪਲ ਨਹੀਂ ਤੇ ਨਾ ਹੀ ਸੰਗ-ਮਰਮਰੀ ਮੰਦਰ ਹੈ । ਸਗੋਂ ਇਹ ਤਾਂ 'ਹਰਿ ਜਪੇ ਹਰਿ ਮੰਦਰੁ ਸਾਜਿਆ ' ਹੈ । ਇਹ ਤਾਂ ਗੁਰਬਾਣੀ ਮੰਦਰ ਹੈ, ਨਾਮ-ਮੰਦਰ ਹੈ ਅਤੇ ਕੀਰਤਨ ਮੰਦਰ ਹੈ । ਗੁਰੂ ਮੰਦਰ ਹੈ ਤੇ ਹਰੀ ਦਾ ਮੰਦਰ ਹੈ । ਇਹ ਤਾਂ ਮੋਤੀਆਂ ਦੀਆਂ ਇੱਟਾਂ ਨਾਲ ਉਸਾਰੇ ਰਤਨਾਂ ਨਾਲ ਜੜਤ ਹੋਏ ਤੇ ਕਸਤੂਰੀ, ਕੇਸਰ ਤੇ ਚੰਦਨ ਨਾਲ ਪਲੱਸਤਰ ਕੀਤੇ ਹੋਏ ਮੰਦਰਾਂ ਦੀ ਨਿਖੇਧੀ ਕਰਨ ਵਾਲਾ ਮੰਦਰ ਹੈ । ਇਹ ਮੰਦਰ ਤਾਂ ਕੰਚਨ-ਵੰਨੇ ਪਾਸੇ ਕਲਵਤ੍ਰ ਚੀਰਿਆ' ਅਰਥਾਤ ਸੋਨੇ ਵਾਲੇ ਪਾਸੇ ਤੁਰਨ ਵਾਲਿਆਂ ਨੂੰ ਕਲਵੱਤ੍ਰ ਨਾਲ ਚੀਰੇ ਜਾਣ ਦੀ ਚੇਤਾਵਨੀ ਦੇਣ ਵਾਲਾ ਮੰਦਰ ਹੈ । ਇਹ ਗੁਰ-ਅਸਥਾਨ ਰੱਬੀ ਪਿਆਰ, ਰੱਬੀ ਏਕਤਾ, ਸਮਾਨਤਾ, ਇਕ-ਸੁਰਤਾ ਅਤੇ ਮਨੁੱਖ ਮਾਤਰ ਦੇ ਪ੍ਰਸਪਰ ਪਿਆਰ ਦਾ ਕੇਵਲ ਪ੍ਰਤੀਕ ਹੀ ਨਹੀਂ ਸਗੋਂ ਜਿਉਂਦੀ-ਜਾਗਦੀ ਮੂੰਹ ਬੋਲਦੀ ਸੁੰਦਰ ਤਸਵੀਰ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਇਨਸਾਨੀ ਭਾਈਚਾਰੇ ਅਤੇ ਮਨੁੱਖੀ ਏਕਤਾ ਦਾ ਹੀ ਪ੍ਰਤੀਕ ਨਹੀਂ ਸਗੋਂ ਸ੍ਵੈਮਾਨ ਨਾਲ ਜੀਵਨ ਜਿਉਣ ਦੀ ਪ੍ਰੇਰਨਾ ਅਤੇ ਜਬਰ ਵਿਰੁੱਧ ਜੂਝਣ ਦੇ ਜਜ਼ਬੇ ਦਾ ਸੋਮਾ ਵੀ ਹੈ ।

ਇਹ ਸਮੁੱਚੇ ਸਿੱਖ ਪੰਥ ਦੀ ਹੋਂਦ ਦੀ ਨਿਸ਼ਾਨੀ ਹੈ । ਇਸ ਨੂੰ ਸਥਾਈ ਰੂਪ ਵਿੱਚ ਕਾਇਮ ਰੱਖਣਾ ਸਮੁੱਚੇ ਪੰਥ ਦਾ ਨਿਸ਼ਾਨਾ ਹੈ । ਇਸ ਹਰਿਮੰਦਰ ਦੀ ਪਾਵਨ ਹੋਂਦ ਨੂੰ ਕਾਇਮ ਰੱਖਣ ਲਈ ਅਣਗਿਣਤ ਗੁਰੂ ਪਿਆਰਿਆਂ ਨੇ ਆਪਣੇ ਲਹੂ ਤੇ ਮਿੱਝ ਦਾ ਸੀਮਿੰਟ ਤੇ ਸਿਰਾਂ ਦੀਆਂ ਇੱਟਾਂ ਲਾਈਆਂ ਹਨ, ਕਿਉਂਕਿ ਸਿੱਖ ਕੌਮ ਇਸ ਦੀ ਹੋਂਦ ਤੋਂ ਬਿਨਾਂ ਸੰਸਾਰ ਵਿੱਚ ਜ਼ਿੰਦਾ ਨਹੀਂ ਰਹਿ ਸਕਦੀ । ਇਥੇ ਅੱਠੇ ਪਹਿਰ ਗੁਰਬਾਣੀ ਦੇ ਪਾਠ ਤੇ ਕੀਰਤਨ ਦੀਆਂ ਅਗੰਮੀ ਧੁਨਾਂ ਇਸ ਦੇ ਚੁਗਿਰਦੇ ਦੇ ਵਾਤਾਵਰਨ ਨੂੰ ਅਧਿਆਤਮਕ ਸੁਗੰਧੀ ਨਾਲ ਸੁਗੰਧਤ ਕਰ ਰਹੀਆਂ

ਹਨ, ਜਿਸ ਕਰ ਕੇ ਹਰ ਯਾਤਰੂ ਭਾਵੇਂ ਉਹ ਕਿਸੇ ਦੇਸ਼, ਨਸਲ, ਮਜ਼੍ਹਬ, ਜ਼ਾਤੀ ਤੇ ਸੰਪ੍ਰਦਾ ਨਾਲ ਸਬੰਧਤ ਹੋਵੇ ਆਪਣੇ ਆਪ ਨੂੰ ਅਗੰਮੀ ਰਸ ਵਿੱਚ ਮਗਨ ਹੋਇਆ ਅਨੁਭਵ ਕਰਦਾ ਹੈ। ਇਹੋ ਕਾਰਨ ਹੈ ਕਿ ਦੇਸ਼-ਵਿਦੇਸ਼ ਵਿੱਚ ਵਸਦਾ ਹਰ ਗੁਰਸਿੱਖ ਦੋਨੋਂ ਵੇਲੇ ਦੀ ਅਰਦਾਸ ਵਿੱਚ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਦੀ ਆਪਣੀ ਮੰਗ ਨੂੰ ਹਰ ਰੋਜ਼ ਦੁਹਰਾਉਂਦਾ ਰਹਿੰਦਾ ਹੈ। ਉਸ ਪਾਵਨ ਸ੍ਰੀ ਹਰਿਮੰਦਰ ਸਾਹਿਬ ਬਾਰੇ ਆਰੰਭ ਤੋਂ ਹੁਣ ਤਕ ਪ੍ਰਾਪਤ ਹੋਈ ਵਿਸ਼ੇਸ਼ ਜਾਣਕਾਰੀ ਸੰਖੇਪ ਰੂਪ ਵਿੱਚ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ-

## ਸ੍ਰੀ ਹਰਿਮੰਦਰ ਸਾਹਿਬ ਦਾ ਸੰਕਲਪ :

ਜਦ ਅਸੀਂ ਸ੍ਰੀ ਹਰਿਮੰਦਰ ਸਾਹਿਬ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚੋਂ ਖੋਜ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀਰਾਗੁ ਦੇ ਨੌਵੇਂ ਸ਼ਬਦ ਵਿੱਚ ਲਿਖਦੇ ਹਨ :

ਪ੍ਰਭੁ ਹਰਿਮੰਦਰੁ ਸੋਹਣਾ, ਤਿਸੁ ਮਹਿ ਮਾਣਕ ਲਾਲ ॥ *( ਪੰਨਾ ੧੭ )*

ਅਤੇ ਮਾਰੂ ਸੋਹਲੇ ਮਹਲਾ ੧ ਵਿੱਚ ਉਚਾਰਨ ਕਰਦੇ ਹਨ :

ਸਾਕਤ ਠਉਰ ਨਾਹੀ ਹਰਿ ਮੰਦਰ,<br>
ਜਨਮ ਮਰੈ ਦੁਖੁ ਪਾਇਆ ॥ *( ਪੰਨਾ ੧੦੪੩ )*

ਫਿਰ ਮਹਾਂਵਾਕ ਹੈ :

ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ<br>
ਧਨ ਊਭੀ ਗੁਣ ਸਾਰੀ ॥ *( ਪੰਨਾ ੧੧੦੭ )*

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿੱਚ ੧੫ ਵਾਰ ਹਰਿਮੰਦਰ ਪਦ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਇਕ ਥਾਵੇਂ ਕਾਇਆਂ ਅਰਥਾਤ ਮਨੁੱਖਾ ਦੇਹ ਨੂੰ ਹਰਿਮੰਦਰ ਕਿਹਾ ਹੈ, ਜਿਵੇਂ ਕਿ :

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥<br>
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ *( ਪੰਨਾ ੧੦੫੯ )*

ਅਤੇ- ਹਰਿ ਮੰਦਰੁ ਏਹੁ ਸਰੀਰੁ ਹੈ,<br>
ਗਿਆਨਿ ਰਤਨਿ ਪਰਗਟੁ ਹੋਇ ॥

ਅਤੇ- ਮਨਮੁਖ ਮੂਲੁ ਨ ਜਾਣਨੀ,<br>
ਮਾਣਸਿ ਹਰਿ ਮੰਦਰੁ ਨ ਹੋਇ ॥ *( ਪੰਨਾ ੧੩੪੬ )*

ਇਸੇ ਤਰ੍ਹਾਂ ਜਗਤ ਨੂੰ ਵੀ ਹਰਿ ਮੰਦਰ ਕਿਹਾ ਹੈ-

'ਹਰਿ ਮੰਦਰੁ ਏਹੁ ਜਗਤੁ ਹੈ,<br>
ਗੁਰ ਬਿਨੁ ਘੋਰੰਧਾਰ ॥" *( ਪੰਨਾ ੧੩੪੬ )*

ਪ੍ਰਭਾਤੀ ਰਾਗ ਅੰਦਰ ਇਕੋ ਸ਼ਬਦ ਵਿੱਚ ੧੨ ਵਾਰ 'ਹਰਿਮੰਦਰ' ਸ਼ਬਦ ਵਰਤਿਆ ਹੈ। ਜਿਨ੍ਹਾਂ ਵਿੱਚੋਂ ਕੁਝ ਤੁਕਾਂ ਵਿੱਚ ਇਸ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵੱਲ ਵੀ ਇਸ਼ਾਰਾ ਹੈ, ਜਿਵੇਂ ਕਿ :

੧- "ਹਰਿ ਮੰਦਰੁ ਹਰਿ ਜੀਉ ਸਾਜਿਆ,<br>
ਰਖਿਆ ਹੁਕਮਿ ਸਵਾਰਿ ॥"

੨- "ਹਰਿ ਮੰਦਰੁ ਹਰਿ ਕਾ ਹਾਟੁ ਹੈ,
ਰਖਿਆ ਸਬਦਿ ਸਵਾਰਿ ॥"
੩- "ਹਰਿ ਮੰਦਰ ਮਹਿ ਹਰਿ ਵਸੈ,
ਸਰਬ ਨਿਰੰਤਰਿ ਸੋਇ ॥"
੪- "ਹਰਿ ਮੰਦਰੁ ਸਬਦੇ ਸੋਹਣਾ,
ਕੰਚਨੁ ਕੋਟੁ ਅਪਾਰ ॥੪॥"
੫- "ਸਚੀ ਭਗਤਿ ਸਚਾ ਹਰਿ ਮੰਦਰੁ,
ਪ੍ਰਗਟੀ ਸਾਚੀ ਸੋਇ ॥"
੬- "ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ,
ਨਾ ਬੂਝਹਿ ਮੁਗਧ ਗਵਾਰ ॥"
੭- "ਹਰਿ ਮੰਦਰੁ ਸਬਦੇ ਖੋਜੀਐ,
ਹਰਿ ਨਾਮੋ ਲੇਹੁ ਸਮ੍ਾਲਿ ॥"

*(ਮਹਲਾ ੩, ਪੰਨਾ ੧੩੪੬)*

ਹਰਿ ਮੰਦਰੁ ਸੋਈ ਆਖੀਐ,
ਜਿਥਹੁ ਹਰਿ ਜਾਤਾ ॥.....
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ
ਤਿਨੀ ਜਨਮੁ ਗਵਾਤਾ ॥

*(ਰਾਮਕਲੀ ਕੀ ਵਾਰ, ਮ: ੩, ਪੰਨਾ ੯੫੩)*

ਸ੍ਰੀ ਗੁਰੂ ਰਾਮਦਾਸ ਜੀ ਨੇ ਦੋ ਵਾਰ ਹਰਿਮੰਦਰ ਪਦ ਆਪਣੀ ਬਾਣੀ ਵਿਖੇ ਵਰਤਿਆ ਹੈ :

"ਹਰਿ ਮੰਦਰੁ ਹਰਿ ਸਾਜਿਆ,
ਹਰਿ ਵਸੈ ਜਿਸੁ ਨਾਲਿ ॥" *(ਪੰਨਾ ੧੪੧੮)*
ਅਤੇ "ਹਰਿ ਮੰਦਰਿ ਵਸਤੁ ਅਨੇਕ ਹੈ,
ਨਵ ਨਿਧਿ ਨਾਮੁ ਸਮਾਲਿ ॥" (ਉਹੀ)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਹਰਿਮੰਦਰ ਪਦ ਤਿੰਨ ਵਾਰ ਆਇਆ ਹੈ :

"ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ,
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥" *(ਪੰਨਾ ੫੪੨)*
"ਹਰਿ ਜਪੇ ਹਰਿ ਮੰਦਰੁ ਸਾਜਿਆ ,
ਸੰਤ ਭਗਤ ਗੁਣ ਗਾਵਹਿ ਰਾਮ ॥" *(ਪੰਨਾ ੭੮੧)*
ਅਤੇ "ਕਰਿ ਅਪੁਨੀ ਦਾਸੀ ਮਿਟੀ ਉਦਾਸੀ ,
**ਹਰਿ** ਮੰਦਰਿ ਥਿਤਿ ਪਾਈ ॥" *(ਪੰਨਾ ੭੮੨)*

ਉਪ੍ਰੋਕਤ ਗੁਰਬਾਣੀ ਦੀਆਂ ਤੁਕਾਂ ਵਿੱਚ ਆਏ ਹਰਿਮੰਦਰ ਪਦ ਦੀ ਵਰਤੋਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਕੀਤੇ ਜਾਣ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਚਨਾ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸੀ।

ਜਿਸ ਨੂੰ ਰਚਣ ਹਿਤ ਇਹ ਸੰਕਲਪ ਸ੍ਰੀ ਗੁਰੂ ਅੰਗਦ ਦੇਵ ਜੀ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਤੱਕ ਅਪੜਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ਼ਹਿਰ, ਸਰੋਵਰ ਤੇ ਹਰਿਮੰਦਰ ਸਾਹਿਬ ਦੇ ਰਚਣ ਦਾ ਹੁਕਮ ਕੀਤਾ, ਪਰ ਸਮਾਂ ਸੀਮਤ ਹੋਣ ਦੇ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਹਿਰ ਦੀ ਉਸਾਰੀ ਤੇ ਦੋਹਾਂ ਸਰੋਵਰਾਂ ਦੀ ਖੁਦਾਈ ਤਾਂ ਕਰਵਾਈ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਆਰੰਭ ਨਾ ਹੋ ਸਕੀ। ਅੰਮ੍ਰਿਤ-ਸਰੋਵਰ ਨੂੰ ਪੱਕਿਆਂ ਕਰਨ ਅਤੇ ਐਨ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੇ ਰਚਣ ਦਾ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ। ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਉਪ੍ਰੰਤ ਪੱਕਿਆਂ ਕੀਤਾ ਤੇ ਫਿਰ ਗੁਰੂ ਰਾਮਦਾਸ ਸਾਹਿਬ ਜੀ ਦੀ ਹਦਾਇਤ 'ਤੇ ਸ੍ਰੀ ਅਕਾਲ ਪੁਰਖ ਜੀ ਦੀ ਆਗਿਆ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਆਰੰਭ ਕਰਵਾਈ ।

## ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣੀ :

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਜ ਨੇ ਬਾਬਾ ਬੁੱਢਾ ਜੀ ਆਦਿ ਮੁਖੀ ਸਿੱਖਾਂ ਨਾਲ ਸਲਾਹ-ਮਸ਼ਵਰੇ ਉੱਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਹਿੱਤ ਦਿਨ ਮੁਕੱਰਰ ਕਰ ਕੇ ਦੂਰ-ਦੁਰਾਡੇ ਦੀਆਂ ਸਿੱਖ ਸੰਗਤਾਂ ਨੂੰ ਇਤਲਾਹਾਂ ਭੇਜ ਦਿੱਤੀਆਂ। ਜਿਸ ਕਰ ਕੇ ਠੀਕ ੧ ਮਾਘ ੧੬੪੫ ਬਿ: ਵਾਲੇ ਦਿਨ ਸੰਗਤਾਂ ਦਾ ਭਾਰੀ ਧਾਰਮਕ ਇਕੱਠ ਹੋਇਆ। ਨੀਂਹ ਰੱਖਣ ਦੇ ਖਿਆਲ ਨਾਲ ਸਰੋਵਰ ਨੂੰ ਪਹਿਲਾਂ ਹੀ ਖੁਸ਼ਕ ਕਰ ਲਿਆ ਗਿਆ ਸੀ। ਸਰੋਵਰ ਦੇ ਅੰਦਰ ਸਜੇ ਦੀਵਾਨ ਵਿੱਚ ਸਤਿਗੁਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਰੱਚਣ ਦੇ ਮਨੋਰਥ ਦੀ ਵਿਆਖਿਆ ਕੀਤੀ ਅਤੇ ਫੁਰਮਾਇਆ, ਕਿ "ਪਿਤਾ ਗੁਰੂ ਜੀ ਦੀ ਹਦਾਇਤ ਅਤੇ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਅੱਜ ਇਸ ਅਦੁੱਤੀ ਸ੍ਰੀ ਹਰਿਮੰਦਰ ਦੀ ਨੀਂਹ ਰੱਖੀ ਜਾ ਰਹੀ ਹੈ। "ਕੜਾਹ ਪ੍ਰਸ਼ਾਦ ਦੀ ਦੇਗ ਸਜ ਕੇ ਆ ਗਈ । ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਅਰਦਾਸ ਕਰਨ ਲਈ ਹੁਕਮ ਕੀਤਾ । ਬਾਬਾ ਜੀ ਨੇ ਚਹੁੰ ਸਤਿਗੁਰਾਂ ਦੇ ਨਾਮ ਲੈ ਕੇ ਅਰਦਾਸ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦੀ ਆਗਿਆ ਮੰਗੀ । ਉੱਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿਤ੍ਰ ਹਥੀਂ ਨੀਂਹ ਦੀ ਪਹਿਲੀ ਇੱਟ ਰੱਖੀ :

ਇਮਿ ਅਰਦਾਸ ਕਰੀ ਬ੍ਰਿਧ ਜਬੈ ।
ਸ੍ਰੀ ਅਰਜਨ ਕਰ ਪੰਕਜ ਤਬੈ ॥੧੩॥
ਗਹੀ ਈਂਟ ਤਹਿਂ ਕਰੀ ਟਿਕਾਵਨ ।
ਮੰਦਰ ਅਵਿਚਲ ਨੀਵ ਰਖਾਵਨ ।...੧੪॥

*(ਗੁਰ ਪ੍ਰਤਾਪ ਸੂਰਜ ਰਾਸ ੨,ਅੰਸੂ ੫੩)*

ਅਤੇ ਸਤਿਗੁਰਾਂ ਨੇ ਬਚਨ ਕਹੇ:

"ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜੈ ਸਵਾਈ ॥"

*(ਗੂਜਰੀ ਮਹਲਾ ੫,ਪੰਨਾ ੫੦੦)*

"ਭਲਾ ਸੰਜੋਗੁ ਮੂਰਤੁ ਪਲੁ ਸਾਚਾ
ਅਬਿਚਲ ਨੀਵ ਰਖਾਈ ॥" *(ਪੰਨਾ ੭੮੧)*

"ਅਬਿਚਲ ਨੀਵ ਧਰਾਈ ਸਤਿਗੁਰਿ,
ਕਬਹੂ ਡੋਲਤ ਨਾਹੀ ॥"

*(ਸਾਰਗ ਮਹਲਾ ੫, ਪੰਨਾ ੧੨੨੬)*

ਸਤਿਗੁਰਾਂ ਵੱਲੋਂ ਪਹਿਲੀ ਇੱਟ ਰੱਖਣ ਉੱਪਰੰਤ ਉਸਾਰੀ ਦਾ ਕਾਰਜ ਆਰੰਭ ਹੋ ਗਿਆ ਉਸ ਸਮੇਂ ਸਤਿਗੁਰਾਂ ਨੇ ਕਾਰੀਗਰਾਂ ਨੂੰ ਜੋ ਸ੍ਰੀ ਹਰਿਮੰਦਰ ਸਾਹਿਬ ਦਾ ਨਕਸ਼ਾ ਸਮਝਾਇਆ ਉਸ ਬਾਰੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਹਰਿ ਮੰਦਰ ਇਸ ਰੀਤਿ ਬਨਾਵਹੁ ।
ਚਾਰ ਦ੍ਵਾਰ ਚਹੁ ਦਿਸ਼ਨ ਰਖਾਵਹੁ ॥੪॥
ਨਗਰ ਦਿਸ਼ਾ ਸਰ ਸੇਤੁ ਰਚੀਜਹਿ ।
ਦ੍ਵਾਰ ਦਰਸ਼ਨੀ ਸਰ ਤਟ ਕੀਜਹਿ ।
ਹਰਿ ਮੰਦਰ ਕੀ ਕੁਰਸੀ ਸਾਰਹੁ
ਤਾਲ ਨੀਰ ਤੇ ਊਰਧ ਉਠਾਰਹੁ ॥੫॥
ਸ੍ਵਰਗਦ੍ਵਾਰੀਆਂ ਤਰੇ ਬਨਾਵਹੁ ।
ਪੂਰਬ ਦਿਸਿ ਹਰਿ ਪੌੜ ਚਿਨਾਵਹੁ ।
ਚਹੁੰ ਦਿਸ਼ਿ ਕੀ ਪਰਕਰਮਾ ਕਰੀਅਹਿ ।
ਗਾਢੀ ਨੀਵ ਤਰੇ ਤੇ ਧਰੀਅਹਿ ॥੬॥
ਦਰਿ ਮੰਦਰ ਕੇ ਚਾਰੋਂ ਜੋਇ ।
ਦੁਇ ਦੁਇ ਛਾਤ ਚਉਗਿਰਦੇ ਹੋਇ ।
ਮੱਧ ਜਾਇ ਊਚੀ ਇਕ ਛਾਤ ।
ਉੱਪਰ ਮਿਲਿ ਸਮ ਹੁਇ ਸਭਿ ਭਾਂਤਿ ॥੭॥
ਤਿਸ ਪਰ ਰੁਚਿਰ ਬੰਗਲਾ ਥਪਹਿ ।
ਕੰਚਨ ਤੇ ਚਹੁੰ ਦਿਸ਼ ਮਹਿ ਦਿਪਹਿ ।

ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ੪੦ ਫ਼ੁੱਟ ਮੁਰੱਬਾ ਹੈ । ਚੁਗਿਰਦੇ ੧੩-੧੩ ਫੁੱਟ ਚੌੜੀ ਪ੍ਰਕਰਮਾ ਹੈ । ਸਣੇ ਪ੍ਰਕਰਮਾ ੬੬ ਫੁੱਟ ਮੁਰੱਬਾ ਠੋਸ ਥੜ੍ਹਾ ਹੈ ਜਿਸ ਦੀ ਨੀਂਹ ੨੦ ਫੁੱਟ ਡੂੰਘੀ ਹੈ। ਤਿੰਨ-ਤਿੰਨ ਫੁੱਟ ਹੇਠ ਰੋੜੀ ਮਸਾਲੇ ਸਮੇਤ ਪਾਈ ਹੋਈ ਹੈ ।

## ਨੀਂਹ ਕਿਸ ਨੇ ਰੱਖੀ :

ਜਿਵੇਂ ਕਿ ਪਾਠਕ ਪਿਛੇ ਪੜ੍ਹ ਆਏ ਹਨ ਕਿ ਬਾਬਾ ਬੁੱਢਾ ਜੀ ਦੇ ਅਰਦਾਸ ਕਰਨ ਉੱਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿਤ੍ਰ ਕਰ ਕੰਵਲਾਂ ਨਾਲ ਰੱਖੀ। ਇਹ ਜ਼ਿਕਰ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਰਚਿਤ ਪ੍ਰਸਿੱਧ ਇਤਿਹਾਸਕ ਗ੍ਰੰਥ ਸ੍ਰੀ ਗੁਰਪ੍ਰਤਾਪ ਸੂਰਜ ਵਿੱਚ ਕੀਤਾ ਹੈ। ਇਸ ਗ੍ਰੰਥ ਦੀ ਰਚਨਾਂ ਤੋਂ ਪਹਿਲਾਂ ਕਿਸੇ ਵੀ ਸਿੱਖ ਲੇਖਕ ਨੇ ਨਹੀਂ ਲਿਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ।

ਨਵੀਨ ਸਿੱਖ ਇਤਿਹਾਸਕਾਰਾਂ ਵਿੱਚੋਂ ਸਭ ਤੋਂ ਪਹਿਲਾਂ ਗਿਆਨੀ ਗਿਆਨ ਸਿੰਘ ਜੀ ਨੇ

ਆਪਣੇ ਪ੍ਰਸਿੱਧ ਗ੍ਰੰਥ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਤੀਜੀ ਲਾਹੌਰ ਐਡੀਸ਼ਨ ਛਾਪਾ ਪੱਥਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਬਾਰੇ ਐਉਂ ਲਿਖਿਆ ਹੈ :

ਮੀਆਂ ਮੀਰ ਤੇ ਨੀਉਂ ਰਖਾਈ ।
ਕਾਰੀਗਰੇ ਪਲਟ ਕਰ ਲਾਈ ।

*(ਪੂਰਬਾਰਧ ਬਿਸ੍ਰਾਮ ੧੮ ਅੰਕ ੨੦)*

ਹੈਰਾਨੀ ਇਸ ਗੱਲ ਦੀ ਹੈ ਕਿ ਗਿਆਨੀ ਜੀ ਨੇ ਆਪਣੇ ਉਕਤ ਗ੍ਰੰਥ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਪਹਿਲੀ ਦਿੱਲੀ ਐਡੀਸ਼ਨ (੧੯੩੬ ਬਿ:) ਤੇ ਦੂਜੀ ਅੰਮ੍ਰਿਤਸਰ ਐਡੀਸ਼ਨ (੧੯੪੬ ਬਿ:) ਦੋਹਾਂ ਵਿੱਚ ਕਿਸੇ ਥਾਂ ਵੀ ਪਹਿਲੀ ਇੱਟ ਕਿਸ ਨੇ ਰੱਖੀ ਦਾ ਜ਼ਿਕਰ ਤੱਕ ਨਹੀਂ ਕੀਤਾ ਤੇ ਤੀਜੀ ਲਾਹੌਰ ਐਡੀਸ਼ਨ ਜਿਸ ਵਿੱਚ ਉਕਤ ਤੁਕਾਂ ਵਿੱਚ ਮੀਆਂ ਮੀਰ ਦਾ ਨਾਮ ਲਿਖਿਆ ਹੈ । ਉਸ ਵਿੱਚ ਵੀ ਇਹ ਲਿਖਣ ਦੀ ਖੇਚਲ ਨਹੀਂ ਕੀਤੀ ਕਿ ਮੈਂ ਇਹ ਵਾਰਤਾ ਕਿਸ ਪੁਰਾਤਨ ਸੋਮੇ ਤੋਂ ਲੈ ਕੇ ਲਿਖੀ ਹੈ ।

ਗਿਆਨੀ ਜੀ ਦੀ ਉਪ੍ਰੋਕਤ ਲਿਖਤ ਨੂੰ ਸੱਚੀ ਮੰਨ ਕੇ ਪ੍ਰੋ:ਤੇਜਾ ਸਿੰਘ ਜੀ ਅਤੇ ਪ੍ਰੋ: ਗੰਡਾ ਸਿੰਘ ਜੀ ਨੇ 'ਸਿੱਖ ਇਤਿਹਾਸ' ਵਿੱਚ, ਪ੍ਰੋ: ਸਾਹਿਬ ਸਿੰਘ ਜੀ ਨੇ 'ਗੁਰ ਇਤਿਹਾਸ' ਵਿੱਚ ਅਤੇ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਆਪਣੇ 'ਸੰਖੇਪ ਸਿੱਖ ਇਤਿਹਾਸ' ਵਿੱਚ ਮੀਆਂ ਮੀਰ ਦੇ ਹੱਥੋਂ ਨੀਂਹ ਰਖਾਉਣੀ ਲਿਖ ਦਿੱਤੀ ਹੈ । ਅਗੋਂ ਹੁਣ ਤਕ ਦੇ ਇਤਿਹਾਸਕਾਰ ਮੱਖੀ 'ਤੇ ਮੱਖੀ ਮਾਰਦੇ ਚਲੇ ਆ ਰਹੇ ਹਨ । ਇਸ ਦਾ ਮੂਲ ਸ੍ਰੋਤ ਲੱਭਣ ਦਾ ਯਤਨ ਨਹੀਂ ਕੀਤਾ । ਨਾ ਹੀ ਕਿਸੇ ਮੂਲ ਸ੍ਰੋਤ ਦਾ ਹਵਾਲਾ ਹੀ ਦਿੱਤਾ ਹੈ ।

ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦੇ ਸਮੇਂ ੧ ਮਾਘ ੧੬੪੫ ਬਿ: ਤੋਂ ਗਿ: ਗਿਆਨ ਸਿੰਘ ਜੀ ਦੇ ਲਿਖਣ ਸਮੇਂ ੧੯੪੬ ਬਿ: ਤਕ ਪੂਰੇ ਤਿੰਨ ਸੌ ਸਾਲ ਦੇ ਅਰਸੇ ਵਿੱਚ ਗੁਰਬਿਲਾਸ ਪਾ:੬, ਦੋਹਾਂ ਗੁਰਬਿਲਾਸਾਂ ਪਾ: ੧੦ ਕੋਇਰ ਸਿੰਘ ਤੇ ਸੁੱਖਾ ਸਿੰਘ, ਕੇਸਰ ਸਿੰਘ ਛਿਬਰ ਲਿਖਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ ਗੁਰਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ ਆਦਿ ਗ੍ਰੰਥਾਂ ਵਿੱਚ ਕਿਸੇ ਵੀ ਲੇਖਕ ਨੇ ਮੀਆਂ ਮੀਰ ਦਾ ਜ਼ਿਕਰ ਤਕ ਨਹੀਂ ਕੀਤਾ।ਇਥੋਂ ਤੱਕ ਕਿ ਮੀਆਂ ਮੀਰ ਦੇ ਸ਼ਰਧਾਲੂ ਜਿਹਨਾਂ ਮੁਸਲਮਾਨ ਲੇਖਕਾਂ ਨੇ ਮੀਆਂ ਮੀਰ ਦੀਆਂ ਜੀਵਨੀਆਂ ਲਿਖਿਆ ਹਨ ਉਹਨਾਂ 'ਚੋਂ ਕਿਸੇ ਵੀ ਲੇਖਕ ਨੇ ਮੀਆਂ ਮੀਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਬਾਰੇ ਕੁਝ ਨਹੀਂ ਲਿਖਿਆ ਜੇ ਇਹ ਘਟਨਾ ਦਰੁਸਤ ਹੁੰਦੀ ਤਾਂ ਉਨ੍ਹਾਂ ਨੇ ਇਸ ਵਾਰਤਾ ਨੂੰ ਬੜੇ ਫ਼ਖ਼ਰ ਨਾਲ ਲਿਖਣਾ ਸੀ । ਇਨ੍ਹਾਂ ਉਪ੍ਰੋਕਤ ਹਵਾਲਿਆਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਇਹ ਗੱਲ ਐਵੇਂ ਕਲਪਣਾ ਮਾਤ੍ਰ ਹੈ ਇਸ ਵਿੱਚ ਸਚਾਈ ਦਾ ਰਤਾ ਭਰ ਅੰਸ਼ ਵੀ ਨਹੀਂ ਹੈ ।

ਹੁਣ ਅਸੀਂ ਮੀਰ ਮੀਆਂ ਮੀਰ ਤੋਂ ਨੀਂਹ ਰਖਾਉਣ ਵਾਲੇ ਲੇਖਕਾਂ ਦਾ ਮੂਲ ਸ੍ਰੋਤ ਲੱਭਣ ਦਾ ਯਤਨ ਕਰਦੇ ਹਾਂ । ਪ੍ਰਸਿੱਧ ਇਤਿਹਾਸਕਾਰ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ੯ ਦਸੰਬਰ ੧੯੯੯ ਬਿ: ਦੇ ਸਪਤਾਹਕ 'ਖਾਲਸਾ ਐਡਵੋਕੇਟ' ਵਿੱਚ ਛਾਪੇ ਆਪਣੇ ਇਕ ਲੇਖ ਵਿੱਚ ਲਿਖਿਆ ਹੈ ਕਿ ਮੀਆਂ ਮੀਰ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਾਉਣ ਦਾ ਜ਼ਿਕਰ ਸਭ ਤੋਂ ਪਹਿਲਾਂ ਬੂਟੇ ਸ਼ਾਹ (ਜਿਸ ਦਾ ਅਸਲ ਨਾਮ ਗੁਲਾਮ ਮੁਹੈਈਉਦੀਨ ਸੀ ਨੇ ਆਪਣੀ ਫ਼ਾਰਸੀ ਵਿੱਚ ਲਿਖੀ ਕਿਤਾਬ 'ਤਾਰੀਖਿ-ਪੰਜਾਬ' ਦੇ ਪੰਨਾ ੧੩੯ ਉੱਪਰ ਕੀਤਾ ਹੈ) ਲਿਖਦਾ ਹੈ ਕਿ-

"ਸ਼ਾਹ ਮੀਆਂ ਮੀਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੱਦੇ 'ਤੇ ਅੰਮ੍ਰਿਤਸਰ ਆਏ ਆਪਣੇ ਪਾਵਨ ਹੱਥ ਨਾਲ ਚਾਰ ਇੱਟਾਂ ਚਾਰ ਦਿਸ਼ਾਵਾਂ ਤੇ ਇਕ ਚਾਰਾਂ ਦੇ ਵਿਚਕਾਰ ਨੀਂਹ ਦੇ ਤੱਟ 'ਤੇ ਰੱਖੀ।" ਇਸ ਕਿਤਾਬ ਦੀ ਇਕ ਹੱਥ ਲਿਖਤ ਦੇ ਲਿਖਣ ਦਾ ਸੰਮਤ ੧੮੪੮ ਈ: ਮੁ: ੧੯੦੫ ਬਿ: ਹੈ। (ਦੇਖੋ ਪੰਜਾਬ ਦਾ ਗੌਰਵ ਮਹਾਰਾਜਾ ਰਣਜੀਤ ਸਿੰਘ, ਸੰਪਾਦਕ ਡਾ: ਹਰਨਾਮ ਸਿੰਘ ਸ਼ਾਨ ਦੇ ਪੰਨਾ ੧੫ ਦੀ ਪੈਰਟੂਕ) ਰਤਨ ਸਿੰਘ ਭੰਗੂ ਦੇ ਲਿਖਣ ਅਨੁਸਾਰ ਇਹ ਕਿਤਾਬ ੧੮੯੮ ਬਿ: ਤੋਂ ਪਹਿਲਾਂ ਲਿਖੀ ਜਾ ਚੁੱਕੀ ਸੀ।

ਇਹ ਸਮਾਂ ਅੰਗਰੇਜ਼ ਦੇ ਪੰਜਾਬ ਉੱਪਰ ਕਬਜ਼ੇ ਦਾ ਸੀ। ਬੂਟੇ ਸ਼ਾਹ ਤੋਂ ਪਹਿਲਾਂ ਕਿਸੇ ਸਿੱਖ ਜਾਂ ਗੈਰ ਸਿੱਖ ਲੇਖਕ ਨੇ ਮੀਆਂ ਮੀਰ ਬਾਰੇ ਜ਼ਿਕਰ ਤੱਕ ਨਹੀਂ ਕੀਤਾ। ਬੂਟੇ ਸ਼ਾਹ ਨੂੰ ਇਹ ਕਿਥੋਂ ਇਲਹਾਮ ਹੋਇਆ। ਕਿਉਂਕਿ ਉਸ ਨੇ ਆਪਣੀ ਇਸ ਲਿਖਤ ਦਾ ਕੋਈ ਸ੍ਰੋਤ ਵੀ ਨਹੀਂ ਦੱਸਿਆ। ਨੀਂਹ ਦੀ ਪਹਿਲੀ ਇੱਟ ਰੱਖਣ ਦਾ ਇਹ ਢੰਗ ਕਿ 'ਚਾਰ ਇੱਟਾਂ ਚਾਰ ਦਿਸ਼ਾਵਾਂ 'ਤੇ ਇਕ ਵਿਚਕਾਰ ਨੀਂਹ ਦੇ ਤੱਟ 'ਤੇ ਰੱਖੀ' ਅਸਾਂ ਤਾਂ ਹੁਣ ਤੱਕ ਨਾ ਦੇਖਿਆ ਹੈ ਤੇ ਨਾ ਹੀ ਕਿਤੇ ਪੜ੍ਹਿਆ ਸੁਣਿਆ ਹੈ। ਨਾ ਹੀ ਨੀਂਹ ਰੱਖਣ ਦੀ ਇਹ ਕੋਈ ਰੀਤ ਹੀ ਹੈ।

ਜਿਸ ਬੂਟੇ ਸ਼ਾਹ ਨੇ ਇਹ ਗੱਲ ਲਿਖੀ ਹੈ ਉਸ ਦਾ ਸਮਕਾਲੀ ਭਾਈ ਰਤਨ ਸਿੰਘ ਜੀ ਭੰਗੂ ਕਰਤਾ ਪ੍ਰਾਚੀਨ ਪੰਥ ਪ੍ਰਕਾਸ਼ ਉਸ ਬੂਟੇ ਸ਼ਾਹ ਬਾਰੇ ਐਉਂ ਲਿਖਦਾ ਹੈ:

ਸਰਕਾਰ ਅੰਗਰੇਜ਼ੀ ਦੇ ਫੌਜੀ ਅਫ਼ਸਰ ਕੈਪਟਨ ਮਰੇ ਨੇ ਬੂਟੇ ਸ਼ਾਹ ਮੌਲਵੀ ਪਾਸੋਂ ਫ਼ਾਰਸੀ ਵਿੱਚ ਖਾਲਸੇ ਦਾ ਇਤਿਹਾਸ ਲਿਖਵਾਇਆ। ਜਦ ਇਸ ਗੱਲ ਦਾ ਪਤਾ ਮੈਨੂੰ ਲੱਗਾ ਤਾਂ ਮੈਂ ਮਰੇ ਸਾਹਿਬ ਨੂੰ ਕਿਹਾ:

ਹਿੰਦੂ ਤੁਰਕ ਮੇਲ ਕਛ ਨਾਹਿ।
ਮੁਸਲਮਾਨ ਕਦ ਸੱਚ ਕਹਾਹਿ ॥੧੨॥

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੪੦)*

ਦੁਸ਼ਟ ਦੁਸ਼ਟਾਈ ਨਹਿ ਤਜੈ, ਜਿਮ ਸਰਪ ਤਜੇ ਬਿਖ ਨਾਹਿ।
ਅਕਸਰ ਦੂਧ ਪਿਲਾਈਐ, ਡੰਗ ਮਾਰਨ ਤੇ ਨ ਟਲਾਹਿ ॥੨੮॥ *(ਪੰਨਾ ੩੭)*
ਉਸੀ ਕਚਹਿਰੀ ਹਮ ਥੇ ਗਏ। ਸੁਨ ਯਹ ਬਾਤ ਸੁ ਚਿੰਤਤ ਭਏ।
ਯਹਿ ਮੌਲਵੀ ਹੈ ਮੁਸਲਮਾਨ। ਕਬ ਸਿੰਘਨ ਜਸ ਕਰੈ ਬਖਾਨ ॥੨੬॥
ਕਰ ਗੋਸ਼ਟ ਹਮ ਮਰੀ ਸਮਝਾਯੋ। ਉਸ ਕਾ ਲਿਖਿਆ ਹਮਹਿ ਦਿਖਾਯੋ।
ਉਸ ਕੋ ਦੇਖ ਹਮ ਬਾਤ ਉਚਾਰੀ। ਇਨ ਗਲ ਖਾਲਸੇ ਕਹੀ ਨ ਸਾਰੀ।
ਤੁਰਕ ਹਿੰਦੂਅਨ ਬੈਰ ਹੈ ਆਦਿ। ਖਹਾ ਖਹੀ ਕਰ ਰਖੈਂ ਬਾਦ ॥੨੯॥
ਹਿੰਦੂਅਨ ਕੀ ਤੁਰਕ ਖੋਟੀ ਕਹੈਂ। ਹਿੰਦੂ ਤੁਰਕਨ ਨਿੰਦਤ ਰਹੈਂ ॥੩੦॥

*(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੪੧)*

ਇਸੇ ਉਪ੍ਰੋਕਤ ਵਾਰਤਾ ਨੂੰ ਗਿਆਨੀ ਗਿਆਨ ਸਿੰਘ ਜੀ ਸ੍ਰੀ ਗੁਰੁ ਪੰਥ ਪ੍ਰਕਾਸ਼ ਵਿੱਚ ਖੁੱਲ੍ਹ ਕੇ ਲਿਖਦੇ ਹਨ:

ਬੂਟੇ ਸ਼ਾਹ ਮੌਲਵੀ ਤਾਈਂ। ਪੇਸ਼ਕਾਰ ਜੋ ਹੁਤੋ ਤਦਾਈਂ ॥੨੦੦॥
ਦਯੋ ਹੁਕਮ ਤੂੰ ਸਿੰਘਨ ਕਥਾ। ਲਿਖ ਕਰ ਦੇਹੁ ਭਈ ਸਬ ਜਥਾ।

ਮਾਨ ਹੁਕਮ ਵਹੁ ਲਿਖਨੇ ਲਾਗਯੋ । ਹੁਤੋ ਤੁਰਕ ਸੁ ਮਤਸਰ ਪਾਗਯੋ ॥੨੦੧॥
ਪੁਨ ਤਹਿ ਥਾਂ ਇਕ ਬੁਧਿ ਬਰੀ ਕੋ । ਰਤਨ ਸਿੰਘ ਸਰਦਾਰ ਭਰੀ ਕੋ ।
ਉਸ ਨੇ ਕਹਯੋ ਤਬੈ ਯਹਿ ਖਯਾਲ ।
ਯਹਿ ਕਿਮ ਲਿਖ ਹੈ ਨੀਕ ਹਵਾਲ ॥੨੦੨॥
ਤੁਰਕ ਸਰਪ ਸਮ ਸਯਾਨੇ ਕਹੈਂ । ਮਾਰੇ ਬਿਨਾ ਡੰਗ ਨ ਰਹੈਂ ।
ਸਿੱਖਨ ਕਾ ਅਰ ਤੁਰਕਨ ਕੇਰਾ । ਬੈਰ ਆਦਿ ਤੇ ਆਹਿ ਬਧੇਰਾ ॥੨੦੩॥
ਯਹਿ ਤੌਂ ਹਾਲ ਲਿਖੈਗੋ ਐਸੇ । ਹੁਇ ਨੁਕਸਾਨ ਸਿੰਘ ਕੋ ਜੈਸੇ ।
ਸੱਤ੍ਰ ਸੱਤ੍ਰ ਕੀ ਸਾਚ ਨ ਕੈਹੈ । ਉਲਟਾ ਹੱਤਕ ਕਰਨੀ ਚੈਹੈ ॥੨੦੪॥
ਮਤ ਕਿਤ ਐਸੀ ਲਿਖ ਦਿਖਰਾਵੈ । ਜਿਸ ਤੇ ਰਾਜ ਹਮਾਰੋ ਜਾਵੈ ।
ਯਹਿ ਬਿਚਾਰ ਕਰ ਤਿਸ ਨੇ ਸਬਹੀ ।
ਕਹਯੋ ਮਰੀ ਢਿਗ ਫਿਰ ਯੌਂ ਤਬਹੀ ॥੨੦੫॥
ਸਾਚ ਸਾਚ ਸਭ ਹਾਲ ਹਮਾਰਾ । ਨਹਿ ਲਿਖ ਸਕੈ ਮੌਲਵੀ ਸਾਰਾ...॥੨੦੬॥
ਦੋਹਰਾ:ਅਪਨੇ ਅਪਨੇ ਮਜ੍ਹਬ ਕਾ, ਹਾਲ ਲਿਖਤ ਸਭ ਕੋਇ ॥
ਖਬਰ ਦੂਸਰੇ ਮਜ੍ਹਬ ਕੀ, ਨਹਿ ਦੂਸਰ ਕੋ ਹੋਇ ॥੨੦੭॥
ਫਿਰ ਬਡ ਬੈਰ ਹਮਾਰਾ ਇਨ ਕਾ ।
ਬਢਯੋ ਦਲਯੋ ਆਵਤ ਬਾਹੁ ਦਿਨ ਕਾ ।
ਯਹਿ ਕਿਮ ਹਮਰੀ ਸਾਚ ਲਿਖੈ ਹੈ ।
ਬਲਕਿ ਉਲਟੀ ਲਿਖ ਦਿਖਰੈ ਹੈ ॥੨੦੮॥
ਬਾਦਸ਼ਾਹ ਜਯੋਂ ਭਾਖੀ ਝੂਠੀ ।
ਤੈਸੇ ਯਹਿ ਭੀ ਲਿਖੈ ਅਨੂਠੀ ।
ਤਾਂ ਤੇ ਹਮ ਸਭ ਅਪਨਾ ਹਾਲ ।
ਦਿਖਰੈ ਹੈਂ ਲਿਖਿ ਤੁਮੈ ਬਿਲਾਸ ।੨੦੯॥

*(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ਦੂਜਾ)*

ਕੈਪਟਨ ਮਰੇ ਨਾਲ ਹੋਏ ਉਪ੍ਰੋਕਤ ਵਾਰਤਾਲਾਪ ਤੋਂ ਬਾਅਦ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਕਲਮ ਨਾਲ ਪ੍ਰਾਚੀਨ ਪੰਥ ਪ੍ਰਕਾਸ਼ ਲਿਖ ਕੇ ਕੈਪਟਨ ਮਰੇ ਨੂੰ ਦਿੱਤਾ ਉਸ ਨੇ ਬੂਟੇ ਸ਼ਾਹ ਦੀ ਤਾਰੀਖਿ-ਪੰਜਾਬ ਤੇ ਸ: ਰਤਨ ਸਿੰਘ ਦੀ ਲਿਖਤ ਪੰਥ ਪ੍ਰਕਾਸ਼ ਦੋਨੋਂ ਪੁਸਤਕ ਆਪਣੇ ਪਾਸ ਰੱਖ ਲਏ। ਰਤਨ ਸਿੰਘ ਰਚਿਤ ਪੰਥ ਪ੍ਰਕਾਸ਼ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ਦਾ ਕੋਈ ਜ਼ਿਕਰ ਨਹੀਂ ਹੈ ।

ਜਿਸ ਬੂਟੇ ਸ਼ਾਹ ਬਾਰੇ ਸ: ਰਤਨ ਸਿੰਘ ਭੰਗੂ ਨੇ ਇਹ ਲਿਖਿਆ ਹੈ ਕਿ 'ਯਹਿ ਕਿਮ ਲਿਖ ਹੈ ਨੀਕ ਹਵਾਲ' ਤੇ ਫਿਰ ਲਿਖਦੇ ਹਨ ਕਿ-

ਯਹਿ ਤੌਂ ਹਾਲ ਲਿਖੈਗੋ ਐਸੇ । ਹੋਇ ਨੁਕਸਾਨ ਸਿੰਘਨ ਨੋ ਜੈਸੇ ।
ਮਤ ਕਿਤ ਐਸੀ ਲਿਖ ਦਿਖਰਾਵੈ । ਜਿਸ ਤੇ ਰਾਜ ਹਮਾਰੋ ਜਾਵੈ ।

ਅਤੇ-- ਯਹਿ ਕਿਮ ਹਮਰੀ ਸਾਚ ਲਿਖੈਹੈ। ਬਲਕਿ ਉਲਟੀ ਲਿਖ ਦਿਖ ਰੈਹੈ ।

ਆਦਿ ਭੰਗੂ ਜੀ ਦੇ ਵਾਕਾਂ ਤੋਂ ਸਪੱਸ਼ਟ ਹੈ ਕਿ ਉਹ ਈਰਖਾਲੂ ਮੌਲਵੀ ਬੂਟੇ ਸ਼ਾਹ ਨੇ ਸਿੱਖਾਂ ਦੀ ਤਾਰੀਖ ਵਿੱਚ ਜ਼ਰੂਰ ਕੁਝ ਜਾਣ ਬੁੱਝ ਕੇ ਗ਼ਲਤ ਲਿਖਿਆ ਹੈ। ਉਸੇ ਗ਼ਲਤ ਲਿਖਤ ਵਿੱਚ ਮੀਆਂ ਮੀਰ ਦੇ ਹੱਥੋਂ ਨੀਂਹ ਰਖਾਉਣ ਦੀ ਲਿਖਤ ਵੀ ਸ਼ਾਮਲ ਕੀਤੀ ਜਾ ਸਕਦੀ ਹੈ।

ਬੂਟੇ ਸ਼ਾਹ ਦੀ ਉਪਰੋਕਤ ਲਿਖਤ ਨੂੰ ਸਹੀ ਮੰਨ ਕੇ ਸੋਹਣ ਲਾਲ ਸੂਰੀ ਨੇ ਆਪਣੀ ਪੁਸਤਕ ਉਮਦਾ-ਤੁ-ਤਵਾਰੀਖ਼(੧੮੮੫ ਈ: ਮੁ: ੧੯੪੨ ਬਿ:) ਵਿੱਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਆਪ ਲਾਹੌਰ ਗਏ ਤੇ ਮੀਆਂ ਮੀਰ ਨੂੰ ਅੰਮ੍ਰਿਤਸਰ ਆ ਕੇ ਸ੍ਰੀ ਹਰਿਮੰਦਰ ਦੀ ਨੀਂਹ ਰੱਖਣ ਵਾਸਤੇ ਕਿਹਾ। ਸੋਹਣ ਲਾਲ ਨੇ ਵੀ ਨਹੀਂ ਲਿਖਿਆ ਕਿ ਮੈਂ ਕਿਸ ਮੂਲ ਸ੍ਰੋਤ ਦੇ ਅਧਾਰ 'ਤੇ ਲਿਖ ਰਿਹਾ ਹਾਂ। ਇਸੇ ਤਰ੍ਹਾਂ ਬੂਟੇ ਸ਼ਾਹ ਦੀ ਲਿਖਤ ਨੂੰ ਸਹੀ ਮੰਨ ਕੇ ਸ੍ਰੀ ਅੰਮ੍ਰਿਤਸਰ ਦੀ ਮਿਉਂਸਪਲ ਕਮੇਟੀ ਦੇ ਜ਼ਿਮੇਵਾਰਾਂ ਨੇ ਆਪਣੇ ੧੮੪੮ ਤੋਂ ੧੮੮੫ ਈ: ਦੇ ਰੀਕਾਰਡ ਵਿੱਚ ਮੀਆਂ ਮੀਰ ਜੀ ਦੇ ਹੱਥੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਾਉਣੀ ਲਿਖ ਦਿੱਤੀ ਜਾਪਦੀ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਵੀ ਉਪ੍ਰੋਕਤ ਤਿੰਨਾਂ ਹੀ ਹੱਥ ਲਿਖਤਾਂ ਵਿੱਚੋਂ ਕਿਸੇ ਇਕ ਜਾਂ ਸਾਰੀਆਂ ਹੀ ਲਿਖਤਾਂ ਪੜ੍ਹਨ ਤੋਂ ਪ੍ਰਭਾਵਤ ਹੋ ਕੇ ਆਪਣੇ ਪੰਥ ਪ੍ਰਕਾਸ਼ ਵਿੱਚ ਲਿਖ ਦਿੱਤਾ ਹੋਵੇਗਾ।

ਪਾਠਕ ਪਿਛੇ ਪੜ੍ਹ ਆਏ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦੇ ੧੬੪੫ ਬਿ: ਤੋਂ ੧੯੪੬ ਬਿ: ਤਕ ਭਾਵ ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਤਕ ਕਿਸੇ ਵੀ ਸਿੱਖ ਲੇਖਕ ਨੇ ਮੀਆਂ ਮੀਰ ਦੇ ਹੱਥੋਂ ਨੀਂਹ ਰਖਾਉਣੀ ਨਹੀਂ ਲਿਖੀ।

ਸਿੱਖ ਲੇਖਕਾਂ ਵਿੱਚ ਸਭ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਲਿਖੇ ਗ੍ਰੰਥ ਸ੍ਰੀ ਗੁਰੁਪ੍ਰਤਾਪ ਸੂਰਜ ਵਿੱਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹੁਕਮ ਅਨੁਸਾਰ ਅਰਦਾਸ ਬਾਬਾ ਬੁੱਢਾ ਜੀ ਨੇ ਕੀਤੀ ਤੇ ਪਹਿਲੀ ਇੱਟ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਰੱਖੀ :

ਇਮ ਅਰਦਾਸ ਕਰੀ ਬ੍ਰਿਧ ਜਬੈ।
ਸ੍ਰੀ ਅਰਜਨ ਕਰ ਪੰਕਜ ਤਬੈ ॥੧੩॥
ਗਹੀ ਈਂਟ ਤਹਿਂ ਕਰੀ ਟਿਕਾਵਨ।
ਮੰਦਰ ਅਵਚਲ ਨੀਵ ਰਖਾਵਨ ॥੧੪॥

*(ਸ੍ਰੀ ਗੁ: ਪ੍ਰ: ਸੂ: ਰਾਸ ੨; ਅੰਸੂ ੪੩)*

ਇਹ ਗੁਰੁਪ੍ਰਤਾਪ ਸੂਰਜ ਗ੍ਰੰਥ ਉਨ੍ਹਾਂ ਨੇ ੧੯੦੦ ਬਿ: ਵਿੱਚ ਸੰਪੂਰਨ ਕੀਤਾ ਜੇ ਉਨ੍ਹਾਂ ਨੇ ਏਡਾ-ਵੱਡਾ ਗ੍ਰੰਥ ਫਰਜ਼ ਕਰੋ ਦਸਾਂ ਸਾਲਾਂ ਵਿੱਚ ਲਿਖਿਆ ਹੋਵੇ ਤਾਂ ਨੀਂਹ ਰੱਖਣ ਦਾ ਪ੍ਰਸੰਗ ਲਗ-ਭਗ ੧੮੯੫ ਬਿ: ਵਿੱਚ ਲਿਖਿਆ ਸਹੀ ਹੁੰਦਾ ਹੈ।

ਭਾਈ ਸੰਤੋਖ ਸਿੰਘ ਜੀ ਦੀ ਲਿਖਤ ਸਚਾਈ ਦੇ ਇਸ ਕਰ ਕੇ ਵੀ ਨੇੜੇ ਹੈ ਕਿ ਭਾਈ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਸੰਤ ਸਿੰਘ ਜੀ ਗਿਆਨੀ ਪਾਸੋਂ ਵਿੱਦਿਆ ਹਾਸਲ ਕਰਦੇ ਰਹੇ ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਰੋਜ਼ ਕਥਾ ਕਰਦੇ ਸਨ ਤੇ ਵਿਦਿਆਰਥੀਆਂ ਨੂੰ ਗੁਰਬਾਣੀ ਤੇ ਗੁਰਇਤਿਹਾਸ ਪੜ੍ਹਾਉਂਦੇ ਸਨ। ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਭਰਾਤਾ ਗਿਆਨੀ ਗੁਰਦਾਸ ਸਿੰਘ ਤੇ ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਭਾਈ ਸੂਰਤ ਸਿੰਘ ਜੀ ਗਿਆਨੀ ਏਹੋ ਸੇਵਾ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਿਭਾਉਂਦੇ

ਰਹੇ। ਭਾਈ ਸੂਰਤ ਸਿੰਘ ਦੇ ਉਸਤਾਦ ਸਨ ਭਾਈ ਗੁਰਬਖ਼ਸ਼ ਸਿੰਘ ਗਿਆਨੀ ਜਿਨ੍ਹਾਂ ਨੇ ਗੁਰਮਤਿ ਤੇ ਗੁਰਇਤਿਹਾਸ ਦੀ ਵਿੱਦਿਆ ਭਾਈ ਮਨੀ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ ਸੀ। ਅੱਗੋਂ ਭਾਈ ਮਨੀ ਸਿੰਘ ਜੀ ਸਤਵੇਂ ਪਾਤਸ਼ਾਹ ਜੀ ਦੇ ਸਮੇਂ ਲਗ-ਭਗ ੧੭੧੫ ਬਿ: ਤੋਂ ਗੁਰੂ ਘਰ ਨਾਲ ਸੰਬੰਧਤ ਰਹੇ ਹਨ। ਭਾਈ ਮਨੀ ਸਿੰਘ ਜੀ ਦੇ ਦਾਦਾ ਭਾਈ ਬੱਲੂ ਜੀ ਛੇਵੇਂ ਸਤਿਗੁਰਾਂ ਦੇ ਸਮੇਂ ਗੁਰੂ ਜੀ ਦੇ ਨਾਲ ਰਹੇ ਤੇ ੧੬੯੧ ਬਿ: ਦੇ ਅੰਮ੍ਰਿਤਸਰ ਜੰਗ ਵਿੱਚ ਸ਼ਹੀਦ ਹੋਏ।

ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਨੇ ਉਨ੍ਹਾਂ ਦੇ ਪਿਤਾ ਮਾਈ ਦਾਸ ਜੀ ਨੂੰ ਦੱਸਿਆ ਹੋਵੇਗਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਗੁਰੂ ਅਰਜਨ ਦੇਵ ਜੀ ਨੇ ਰੱਖੀ ਸੀ। ਭਾਈ ਮਨੀ ਸਿੰਘ ਜੀ ਨੂੰ ਆਪਣੇ ਪਿਤਾ ਪਾਸੋਂ ਅਤੇ ਸੱਤਵੇਂ ਅੱਠਵੇਂ ਨੌਵੇਂ ਤੇ ਦਸਵੇਂ ਪਾਤਸ਼ਾਹ ਜੀ ਤੋਂ ਵੀ ਸੁਣਿਆ ਹੋਵੇਗਾ। ਐਉਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਰੱਖਣ ਬਾਰੇ ਸਹੀ ਤੱਥ ਗੁਰੂ ਸਾਹਿਬਾਨ ਪਾਸੋਂ ਅਤੇ ਆਪਣੇ ਦਾਦਾ ਜੀ ਤੇ ਪਿਤਾ ਜੀ ਪਾਸੋਂ ਭਾਈ ਮਨੀ ਸਿੰਘ ਜੀ ਪਾਸ ਪੁੱਜੇ ਹੋਣਗੇ। ਉਨ੍ਹਾਂ ਤੋਂ ਭਾਈ ਗੁਰਬਖ਼ਸ਼ ਸਿੰਘ ਜੀ ਗਿਆਨੀ ਪਾਸ ਉਨ੍ਹਾਂ ਤੋਂ ਭਾਈ ਸੂਰਤ ਸਿੰਘ ਜੀ ਪਾਸ ਉਨ੍ਹਾਂ ਤੋਂ ਅੱਗੋਂ ਪੁੱਤਰ ਹੋਣ ਦੇ ਨਾਤੇ ਭਾਈ ਗੁਰਦਾਸ ਸਿੰਘ ਜੀ ਅਤੇ ਭਾਈ ਸੰਤ ਸਿੰਘ ਜੀ ਗਿਆਨੀ ਪਾਸ ਅਪੜੇ ਹੋਣਗੇ, ਜਿਹਨਾਂ ਪਾਸੋਂ ਉਨ੍ਹਾਂ ਦੇ ਸੁਯੋਗ ਵਿਦਿਆਰਥੀ ਭਾਈ ਸੰਤੋਖ ਸਿੰਘ ਜੀ ਕਰਤਾ ਗੁਰੁਪ੍ਰਤਾਪ ਸੂਰਜ ਨੂੰ ਇਹ ਤੱਥ ਪ੍ਰਾਪਤ ਹੋਏ। ਇਸ ਤਰ੍ਹਾਂ ਸੀਨੇ-ਬਸੀਨੇ ਪ੍ਰੰਪਰਾ ਤੋਂ ਪੁੱਜੇ ਸਹੀ ਹਾਲਾਤ ਉਨ੍ਹਾਂ ਨੇ ਆਪਣੀ ਰਚਨਾ ਗੁਰੁਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖ ਦਿੱਤੇ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਦੀ ਪਹਿਲੀ ਇੱਟ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਪਾਵਨ ਕਰ ਕਮਲਾਂ ਦੁਆਰਾ ਰੱਖੀ। ਉਪ੍ਰੋਕਤ ਸਬੂਤਾਂ ਅਤੇ ਦਲੀਲਾਂ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਭਾਈ ਸੰਤੋਖ ਸਿੰਘ ਜੀ ਦੀ ਲਿਖਤ ਹਰ ਤਰ੍ਹਾਂ ਦਰੁਸਤ ਤੇ ਮੰਨਣ ਯੋਗ ਹੈ।

ਬੂਟੇ ਸ਼ਾਹ ਤੇ ਸੋਹਣ ਲਾਲ ਸੂਰੀ ਦਾ ਸ੍ਰੀ ਹਰਿਮੰਦਰ ਸਾਹਿਬ ਨਾਲ਼ ਦੂਰ ਦਾ ਵੀ ਵਾਸਤਾ ਨਹੀਂ ਸੀ ਤੇ ਨਾ ਹੀ ਇਨ੍ਹਾਂ ਦੇ ਵਡ-ਵਡੇਰਿਆਂ ਦਾ ਹੀ ਸ੍ਰੀ ਹਰਿਮੰਦਰ ਸਾਹਿਬ ਨਾਲ ਕੋਈ ਸਬੰਧ ਸੀ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਲੇਖਕਾਂ ਦੀਆਂ ਲਿਖਤਾਂ ਉਨ੍ਹਾਂ ਦੀਆਂ ਆਪਣੀਆਂ ਮਨੋ-ਕਲਪਣਾ ਤੋਂ ਵੱਧ ਕੋਈ ਅਹਿਮੀਅਤ ਨਹੀਂ ਰਖਦੀਆਂ। ਇਸ ਲਈ ਇਨ੍ਹਾਂ ਲਿਖਤਾਂ ਨੂੰ ਸਹੀ ਮੰਨਣਾ ਕਿਸੇ ਵੀ ਤਰ੍ਹਾਂ ਯੋਗ ਨਹੀਂ ਹੈ।

ਬੂਟੇ ਸ਼ਾਹ ਤੇ ਸੋਹਣ ਲਾਲ ਦੋਹਾਂ ਦੇ ਬਿਆਨ ਵੀ ਨਹੀਂ ਮਿਲਦੇ। ਬੂਟੇ ਸ਼ਾਹ ਲਿਖਦਾ ਹੈ ਕਿ 'ਚਾਰ ਇੱਟਾਂ ਚਾਰ ਦਿਸ਼ਾਵਾਂ 'ਤੇ ਇਕ ਚਾਰਾਂ ਦੇ ਵਿਚਕਾਰ ਨੀਂਹ ਦੇ ਤੱਟ 'ਤੇ ਰੱਖੀ। 'ਦੂਜੀ ਗੱਲ ਇਹ ਲਿਖਦਾ ਹੈ ਕਿ ਮੀਆਂ ਮੀਰ ਗੁਰੂ ਜੀ ਦੇ ਸੱਦੇ 'ਤੇ ਅੰਮ੍ਰਿਤਸਰ ਆਏ। ਪਰ ਸੋਹਣ ਲਾਲ ਲਿਖਦਾ ਹੈ ਕਿ ਗੁਰੂ ਜੀ ਆਪ ਲਾਹੌਰ ਗਏ ਤੇ ਅੰਮ੍ਰਿਤਸਰ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵਾਸਤੇ ਕਿਹਾ। ਅਗੋਂ ਕੋਈ ਜ਼ਿਕਰ ਨਹੀਂ ਕਿ ਮੀਆਂ ਮੀਰ ਅੰਮ੍ਰਿਤਸਰ ਆਏ ਕਿ ਨਾ ਆਏ। ਨੀਂਹ ਰੱਖੀ ਵੀ ਕਿ ਨਹੀਂ। ਇੱਟ ਇਕ ਰੱਖੀ ਕਿ ਪੰਜ। ਜੇ ਇਕ ਰੱਖੀ ਤਾਂ ਕਿਥੇ ਤੇ ਜੇ ਪੰਜ ਰਖੀਆਂ ਤਾਂ ਕਿੱਥੇ-ਕਿੱਥੇ। ਕੋਈ ਵੇਰਵਾ ਨਹੀਂ। ਅਦਾਲਤ ਵਿੱਚ ਦੋ ਗਵਾਹਾਂ ਦੀਆਂ ਗਵਾਹੀਆਂ ਨਾ ਰਲਣ ਤਾਂ ਉਹ ਗਵਾਹੀਆਂ ਝੂਠੀਆਂ ਸਾਬਤ ਹੋ ਜਾਂਦੀਆਂ ਹਨ ਤੇ ਅਦਾਲਤ ਉਨ੍ਹਾਂ ਨੂੰ ਕੋਈ ਅਹਿਮੀਅਤ ਨਹੀਂ ਦੇਂਦੀ, ਇਸੇ ਤਰ੍ਹਾਂ ਬੂਟੇ ਸ਼ਾਹ ਤੇ ਸੋਹਣ ਲਾਲ ਦੀਆਂ ਲਿਖਤਾਂ ਝੂਠੀਆਂ ਗਵਾਹੀਆਂ ਤੁੱਲ ਹੀ ਸਮਝਣੀਆਂ ਯੋਗ ਹਨ, ਇਹ ਦੋਨੋਂ ਲਿਖਤਾਂ

ਗੁਰੁਪ੍ਰਤਾਪ ਸੂਰਜ ਗ੍ਰੰਥ ਦੇ ਲਿਖਣ ਤੋਂ ਬਾਅਦ ਦੀਆਂ ਰਚਨਾਵਾਂ ਹਨ ।

ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਗੁਰੂ ਸਾਹਿਬ ਵੱਲੋਂ ਜਦ ਕੋਈ ਨਵਾਂ ਸ਼ਹਿਰ ਵਸਾਇਆ ਗਿਆ ਜਾਂ ਕਿਸੇ ਸਰੋਵਰ ਤੇ ਬਾਉਲੀ ਦਾ ਟੱਕ ਲਾਇਆ ਗਿਆ ਜਾਂ ਕਿਸੇ ਨਵੀਂ ਇਮਾਰਤ ਦੀ ਉਸਾਰੀ ਆਰੰਭੀ ਗਈ । ਉਸ ਸਮੇਂ ਉਸ ਦੀਆਂ ਆਰੰਭਕ ਰਸਮਾਂ ਜਿਵੇਂ ਕਿ ਪਿੰਡ ਜਾਂ ਸ਼ਹਿਰ ਦੀ 'ਮੋਹੜੀ ਗੱਡਣੀ' ਸਰੋਵਰ ਜਾਂ ਬਾਉਲੀ ਦੀ ਖੁਦਾਈ, ਇਮਾਰਤ ਦਾ ਨੀਂਹ ਪੱਥਰ ਭਾਵ ਪਹਿਲੀ ਇੱਟ ਰੱਖਣੀ ਆਦਿ ਗੁਰੂ ਸਾਹਿਬਾਨ ਦੇ ਸਮੇਂ ਹਰ ਗੁਰੂ ਸਾਹਿਬ ਦੇ ਆਪਣੇ ਪਾਵਨ ਕਰ-ਕਮਲਾਂ ਰਾਹੀਂ ਹੀ ਪੂਰੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ । ਜਿਵੇਂ ਕਿ :

੧. ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦਾ ਨੀਂਹ ਪੱਥਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਰੱਖਿਆ :

ਤਿਨੋ ਕੀ ਸਲਾਹਿ ਔ ਉਛਾਹਿ ਸੈਂ ਨਿਹਾਰ ਧਰਾ,
ਤਹਾਂ ਇਕ ਗਾਉਂ ਕੀ ਬੁਨਯਾਦ ਡਾਰਤੇ ਭਏ ।... ੮।
ਸ੍ਰੀ ਕਰਤਾਰ ਜਪਿ , ਕਰਤਾਰ ਬਪੁ ਗੁਰ ।
ਨਾਮ ਕਰਤਾਰ ਪੁਰ ਥਪਿ ਮੁਦ ਭਰ ਕੇ ।... ੯।

*(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੨)*

੨. ਸ੍ਰੀ ਖਡੂਰ ਸਾਹਿਬ ਨੂੰ ਨਵੇਂ ਸਿਰਿਉਂ ਵਸਾਉਣ ਦਾ ਆਰੰਭ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਕੀਤਾ । ਜਿਵੇਂ ਕਿ ਸਤੇ ਬਲਵੰਡ ਨੇ ਕਿਹਾ ਹੈ:

"ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥" *(ਪੰਨਾ ੯੬੭)*
ਤਬ ਤੇ ਸਿੱਖੀ ਪੰਥ ਕੇ ਹੋਏ ਗੁਰ ਜੁਗਾਦਿ ।
ਰੌਣਕ ਭਈ ਖਡੂਰ ਮੈ ਦਿਨ ਦਿਨ ਬੇਤਾਦਾਦ ।

*(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੩)*

੩. ਸ੍ਰੀ ਗੋਇੰਦਵਾਲ ਦੇ ਉਜੜੇ ਥੇਹ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ :

ਉਜੜੁ ਥੇਹੁ ਵਸਾਇਓ,
ਹਉ ਤੁਧ ਵਿਟਹੁ ਕੁਰਬਾਣੁ ਜੀਉ ॥

*(ਸ੍ਰੀ ਰਾਗੁ ਮਹਲਾ ੫, ਪੰਨਾ ੭੩)*

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ,
ਜਲੵਨ ਤੀਰਿ ਬਿਪਾਸ ਬਨਾਯਉ ॥

*(ਸਵਯੇ ਮਹਲੇ ਚੌਥੇ ਕੇ, ਪੰਨਾ ੧੪੦੦)*

ਇਕ ਨਯੋ ਸੁ ਨਗਰ ਬਸਾਇ ਦਯੋ,
ਸਨ ਸੋਲਾਂ ਸੈ ਸਤ ਬੀਸ ਮਹੇਂ ।
ਰਾਮਦਾਸ ਪੁਰਾ ਤਿਹ ਨਾਮ ਧਰਯੋ,
ਅਬ ਅੰਮ੍ਰਿਤ ਸਰ ਜਨ ਜਾਹਿ ਕਹੇਂ ।....੫੭।

*(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੭)*

ਜਿਸ ਤੋਂ ਸਪੱਸ਼ਟ ਹੈ ਕਿ ਸ੍ਰੀ ਅੰਮ੍ਰਿਤਸਰ ਦੀ ਮੋਹੜੀ ਗੁਰੂ ਅਮਰਦਾਸ ਜੀ ਨੇ ਗੱਡੀ ।

੪. ਸੰਤੋਖਸਰ ਅਤੇ ਅੰਮ੍ਰਿਤਸਰ ਦੋਹਾਂ ਸਰੋਵਰਾਂ ਦੀ ਖੁਦਾਈ ਦਾ ਪਹਿਲਾ ਟੱਕ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ ਲਾਇਆ :

ਸੰਤੋਖਸਰ-ਟਕ ਲਾਯਹੁ ਸਿਰਜਨ ਕੋ ਤਾਲ ।
ਚਿਤਵਜੋ ਉਰ ਉਪਕਾਰ ਬਿਸਾਲ ।.....੩੦।

*(ਗੁ: ਪ੍ਰ: ਸੂ: ਰਾਸ ੨ ਅੰਸੂ ੧੨)*

ਅੰਮ੍ਰਿਤਸਰ-ਬ੍ਰਿਧ ਬਚ ਤੇ ਲੇ ਖਨਨੀ ਹਾਥ ।
ਟਕ ਲਾਇਵ ਚਿਤਵਤ ਗੁਰ ਨਾਥ ।....੩੧।

*(ਗੁ: ਪ੍ਰ: ਸੂ: ਰਾਸ ੨ ਅੰਸੂ ੧੩)*

੫. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਆਪਣੇ ਹੱਥੀਂ ਰੱਖੀ :

ਇਮ ਅਰਦਾਸ ਕਰੀ ਬ੍ਰਿਧ ਜਬੈ ।
ਸ੍ਰੀ ਅਰਜਨ ਕਰ ਪੰਕਜ ਤਬੈ ।....੧੩।
ਗਹੀ ਈਂਟ ਤਹ ਕਰੀ ਟਿਕਾਵਨ ।
ਮੰਦਰ ਅਵਚਲ ਨੀਵ ਰਖਾਵਨ ।....੧੪।

*(ਸ੍ਰੀ ਗੁਰੁ ਪ੍ਰਤਾਪ ਸੂਰਜ ਰਾਸ ੨ ਅੰਸੂ ੫੩)*

ਤਰਨ ਤਾਰਨ ਸ਼ਹਿਰ ਦੀ ਨੀਂਹ ਵੀ ਗੁਰੂ ਅਰਜਨ ਦੇਵ ਜੀ ਨੇ ਰੱਖੀ :

ਦਸ ਕੋਸ ਸੁਧਾਸਰ ਤੇ ਦਿਸ ਪੂਰਬ,
ਕੀਨ ਭਲੋ ਇਕ ਗਾਉਂ ਬਸਾਵਨ ।
ਸੋਲਾਂ ਸੈ ਸਰ ਦੁਇ ਵਿਖੇ,
ਗੁਰ ਨੀਵ ਧਰੀ ਤਰਨ ਤਾਰਨ ਭਾਵਨ ।੬੮।

ਸਰੋਵਰ ਦਾ ਨੀਂਹ ਪੱਥਰ ਵੀ ਪੰਚਮ ਗੁਰਾਂ ਰੱਖਿਆ :

ਖੋੜਸ ਸੈ ਸਰ ਚਾਰ ਵਿਖੇ ਪੁਨ,
ਤਾਲ ਤਹਾਂ ਗੁਰ ਕੀਨ ਲਗਾਵਨ ।.....

ਕਰਤਾਰ ਪੁਰ ਦੁਆਬਾ ਦਾ ਆਰੰਭ ਭੀ ਗੁਰੂ ਅਰਜਨ ਜੀ ਨੇ ਹੀ ਕੀਤਾ :

ਖੋੜਸ ਸੈ ਪਚਵੰਜਾ ਵਿਖੇ,
ਕਰਤਾਰ ਪੁਰਾ ਗੁਰ ਕੀਨ ਬਸਾਨੇ ॥੭੧॥

*(ਸ੍ਰੀ ਗੁਰੁ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੧੯)*

੬. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਕਰ-ਕਮਲਾਂ ਨਾਲ ਰੱਖੀ :

ਪ੍ਰਿਥਮ ਨੀਂਵ ਸ੍ਰੀ ਗੁਰ ਰਖੀ ਅਬਚਲ ਤਖ਼ਤ ਸੁਹਾਇ ॥੩੮॥

*(ਗੁਰ ਬਿਲਾਸ ਪਾ: ੬, ਅਧਿਆਇ ੮)*

ਪ੍ਰਥਮ ਆਪਨੇ ਲੇ ਕਰ ਹਾਥ ।
ਧਰੀ ਈਂਟ ਬਲ ਤੇਜ ਕਿ ਸਾਥ ॥੧੬॥

*(ਸ੍ਰੀ ਗੁਰੁ ਪ੍ਰਤਾਪ ਸੂਰਜ ਰਾਸਿ ੪,ਅੰਸੂ ੪੨)*

ਇਵੇਂ ਹੀ ਕੀਰਤਪੁਰ ਸਾਹਿਬ ਅਤੇ ਹਰਿਗੋਬਿੰਦ ਪੁਰ ਨਗਰ ਵਸਾਉਣ ਸਮੇਂ ਆਰੰਭਕ ਰਸਮਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਰ-ਕਮਲਾਂ ਦੁਆਰਾ ਪੂਰੀਆਂ ਕੀਤੀਆਂ ਗਈਆਂ।

੭. ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨਗਰ ਦੀ ਨੀਂਹ ਆਪਣੇ ਹੱਥੀਂ ਰੱਖ ਕੇ ਵਸਾਇਆ :

ਸੱਤ੍ਰਾਂ ਸੈਂ ਇਕ ਮਾਘ ਸੁਦੀ ਪੰਚਮੀ ਕੋ ਗੁਰ
ਸਾਨੰਦ ਬਸਾਇਓ ਪੁਰ ਆਨੰਦ ਗਰਾਮ ਹੈ।....੧੬।

(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂ: ਬਿ: ੩੪)

ਸਤਿਲੁਜ ਦਰਯਾ ਕਿਨਾਰੇ ਮਾਖੋਵਾਲ ਪਿੰਡ ਦੀ ਮਲਕੀਅਤ ਜ਼ਿਮੀਂਦਾਰਾ ਖਰੀਦ ਕਰ ੨੧ ਹਾੜ ਸੰਮਤ ੧੭੨੨ ਬਿ: ਨੂੰ ਅਨੰਦ ਪੁਰ ਨਗਰ ਆਬਾਦ ਕਰ ਕੇ ਨਿਵਾਸ ਕਰ ਲੀਤਾ।

(ਤਵਾਰੀਖ ਗੁਰੂ ਖਾਲਸਾ ਛਾਪਾ ਪੱਥਰ ਪੰਨਾ ੨੬੭)

੮. ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੪੨ ਬਿ: ਵਿੱਚ ਨਾਹਣ ਦੀ ਰਿਆਸਤ ਵਿੱਚ ਜਮਨਾ ਦੇ ਕਿਨਾਰੇ ਪਾਉਂਟਾ ਨਗਰ ਆਪ ਵਸਾਇਆ :

ਸੰਮਤ ਸੱਤ੍ਰਾਂ ਸੈ ਬੈਤਾਲੀ।
ਬਨਯੋ ਪਾਂਵਟਾ ਸੁਖਦ ਬਿਸਾਲੀ ॥੧੬੭॥

(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂ: ਬਿ: ੫੨)

੧੭੪੫-੪੬ ਬਿਕ੍ਰਮੀ ਵਿੱਚ ਹੀ ਅਨੰਦਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ, ਕੇਸਗੜ੍ਹ ਇਹ ਚਾਰੇ ਕਿਲ੍ਹੇ ਬਣਵਾਏ। ਉਪ੍ਰੋਕਤ ਕਿਲ੍ਹਿਆਂ ਦੇ ਨੀਂਹ ਪੱਥਰ ਵੀ ਸਤਿਗੁਰਾਂ ਨੇ ਆਪਣੇ ਹੱਥੀਂ ਰੱਖੇ।

(ਤਵਾਰੀਖ ਗੁਰੂ ਖਾਲਸਾ ਛਾਪਾ ਪੱਥਰ ਪੰਨਾ ੨੯੪)

ਉਪ੍ਰੋਕਤ ਸਿੱਖ ਪੁਸਤਕਾਂ ਦੇ ਹਵਾਲਿਆਂ ਤੋਂ ਸਾਫ ਸਪੱਸ਼ਟ ਹੈ ਕਿ ਸਿੱਖ ਕੌਮ ਦੇ ਮਹਾਨ ਪਵਿੱਤ੍ਰ ਸ਼੍ਰੋਮਣੀ, ਕੇਂਦਰੀ ਧਾਰਮਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਸ਼ਹੀਦਾਂ ਦੇ ਸਿਰਤਾਜ ਸਾਹਿਬ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹੀ ਆਪਣੇ ਪਾਵਨ ਕਰ-ਕਮਲਾਂ ਦੁਆਰਾ ਰੱਖੀ ਸੀ। ਇਹ ਕਦੀ ਹੋ ਹੀ ਨਹੀਂ ਸਕਦਾ ਕਿ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਤੋਂ ਰਖਾਈ ਹੋਵੇ।

ਇਹ ਵੀ ਇਕ ਅਟੱਲ ਸਚਾਈ ਹੈ ਕਿ ਸਿੱਖ ਇਤਿਹਾਸ ਦੇ ਕਿਸੇ ਵੀ ਪੁਰਾਤਨ ਗ੍ਰੰਥ ਵਿੱਚ ਮੀਆਂ ਮੀਰ ਦਾ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦੇ ਵਾਕਿਆਤ ਦਾ ਕੋਈ ਜ਼ਿਕਰ ਨਹੀਂ। ਸ੍ਰੀ ਗੁਰੁ ਪ੍ਰਤਾਪ ਸੂਰਜ ਰਾਸਿ ੪ ਅੰਸੂ ੩੬, ਅੰਕ ੯ ਵਿੱਚ ਗੁਰੂ ਸਾਹਿਬ ਨੂੰ ਚੰਦੂ ਵਲੋਂ ਦਿੱਤੇ ਜਾ ਰਹੇ ਕਸ਼ਟਾਂ ਸਮੇਂ ਪੀਰਾਂ ਦੇ ਆਉਣ ਦਾ ਵਰਨਣ ਹੈ ਜਿਵੇਂ ਕਿ :

ਅਵਸਰ ਪਾਇ ਪੀਰ ਪੁਨ ਆਏ।
ਕਰਾਮਾਤ ਕਾਮਲ ਸਮੁਦਾਏ। (ਪੰਨਾ ੨੩੭੦)

ਇਨ੍ਹਾਂ ਉਪ੍ਰੋਕਤ ਤੁਕਾਂ ਵਿੱਚ ਵੀ ਮੀਆਂ ਮੀਰ ਜਾਂ ਕਿਸੇ ਹੋਰ ਪੀਰ ਦਾ ਨਾਮ ਨਹੀਂ ਜਿਨ੍ਹਾਂ ਕੁਝ ਨਵੀਨ ਇਤਿਹਾਸਕਾਰਾਂ ਨੇ ਸ੍ਰੀ ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲੇ ਦਿਨਾਂ ਵਿੱਚ ਚੰਦੂ ਵੱਲੋਂ ਦਿੱਤੇ ਕਸ਼ਟਾਂ ਸਮੇਂ ਮੀਆਂ ਮੀਰ ਦਾ ਗੁਰੂ ਸਾਹਿਬ ਨੂੰ ਮਿਲਣ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਵੱਲੋਂ ਵੀ ੧੬੪੫ ਬਿ: ਤੋਂ ੧੬੬੩ ਬਿ: ਦੇ ਦਰਮਿਆਨ ਦੇ ਲਗਭਗ ੧੭ ਸਾਲ ਦੇ ਅਰਸੇ ਵਿੱਚ ਕਿਸੇ

ਵੀ ਮੌਕੇ 'ਤੇ ਮੀਆਂ ਮੀਰ ਦੇ ਮਿਲਣ ਦਾ ਕੋਈ ਜ਼ਿਕਰ ਨਹੀਂ ਕੀਤਾ। ਕੀ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਲਿਖਣ ਤਕ ਪੂਰੇ ੨੫੦ ਸਾਲ ਕਿਸੇ ਵੀ ਸਿੱਖ ਲੇਖਕ ਨੂੰ ਪਤਾ ਨਾ ਲੱਗਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਤੋਂ ਰਖਵਾਈ ਸੀ ?

ਅੱਜ ਕਲ੍ਹ ਦੇ ਨਵੀਨ ਲੇਖਕਾਂ ਦਾ ਵੀਚਾਰ ਹੈ ਕਿ ਮੀਆਂ ਮੀਰ ਪਾਸੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਾ ਕੇ ਗੁਰੂ ਸਾਹਿਬ ਨੇ ਸਿੱਖ ਧਰਮ ਨੂੰ ਸੈਕੂਲਰ (ਧਰਮ ਨਿਰਪੇਖ) ਜਾਂ ਸਰਬ ਸਾਂਝਾ ਧਰਮ ਹੋਣ ਦਾ ਮਾਣ ਬਖ਼ਸ਼ਿਆ ਹੈ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਜੀ ਆਦਿ ਮੁਸਲਮਾਨ ਸੂਫ਼ੀ ਫ਼ਕੀਰਾਂ, ਭਗਤ ਰਵਿਦਾਸ ਆਦਿ ਕਥਤ ਅਛੂਤ ਜਾਤੀਆਂ ਤੇ ਸਧਨਾ ਕਸਾਈ ਆਦਿ ਭਗਤਾਂ ਦੀ ਬਾਣੀ ਨੂੰ ਗੁਰੂ ਬਾਣੀ ਦੇ ਬਰਾਬਰ ਦਾ ਅਸਥਾਣ ਤੇ ਮਾਣ ਦੇਣ ਨਾਲ ਉਕਤ ਮਕਸਦ ਪੂਰਾ ਨਹੀਂ ਹੋਇਆ ?

ਕੁਝ ਕੁ ਵੀਚਾਰਵਾਨਾਂ ਦੀ ਜੇ ਇਹ ਵੀ ਗੱਲ ਮੰਨ ਲਈਏ ਕਿ ਗੁਰੂ ਸਾਹਿਬ ਨਿੰਮ੍ਰਤਾ ਵਿੱਚ ਰਹਿ ਕੇ ਕਿਸੇ ਪੁੱਜੇ ਹੋਏ ਬ੍ਰਹਮ ਗਿਆਨੀ ਮਹਾਂਪੁਰਸ਼ ਪਾਸੋਂ ਨੀਂਹ ਰਖਾਉਣਾ ਚਾਹੁੰਦੇ ਸਨ ਤਾਂ ਉਸ ਸਮੇਂ ਸਾਰੇ ਸਿੱਖਾਂ ਵਿੱਚੋਂ ਬਜ਼ੁਰਗ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਮੁੱਖ ਹਜ਼ੂਰੀ ਗੁਰਮੁਖ ਗੁਰਸਿੱਖ ਬ੍ਰਹਮ ਗਿਆਨੀ, ਜਿਨ੍ਹਾਂ ਨੇ ਗੁਰੂ ਬਨਣ ਨਾਲੋਂ ਗੁਰਸਿੱਖ ਅਖਵਾਉਣ ਨੂੰ ਤਰਜੀਹ ਦਿੱਤੀ ਉਸ ਵੇਲੇ ਤਕ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਵਾਲੇ ਤੇ ਸੇਵਾ ਵਿੱਚ ਨਿਪੁੰਨ ਮਹਾਂਪੁਰਸ਼ ਬਾਬਾ ਬੁੱਢਾ ਜੀ ਤੋਂ ਨੀਂਹ ਰਖਵਾਈ ਜਾ ਸਕਦੀ ਸੀ ਜਿਵੇਂ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਚਉਰਾਸੀ ਕੱਟ ਚਉਰਾਸੀ ਪੌੜੀਆਂ ਵਾਲੀ ਬਾਉਲੀ ਸਾਹਿਬ ਦਾ ਪਹਿਲਾ ਟੱਕ ਗੁਰੂ ਅਮਰਦਾਸ ਜੀ ਨੇ ਬਾਬਾ ਬੁੱਢਾ ਜੀ ਤੋਂ ਲਗਵਾਇਆ ਸੀ :

ਸੁਥਲ ਜਾਨਿ ਗੁਰੁ ਇਸਥ਼ਤ ਭਏ।<br>
ਟੱਕ ਲਾਇਨ ਕੀ ਆਇਸ ਦਏ।<br>
ਬੁੱਢੇ ਪ੍ਰਥਮ ਕਹੀ ਕਰ ਗਹੀ।<br>
ਜਹਿਂ ਗੁਰ ਕਹੀ ਤਿਰਥ ਕਰ ਸਹੀ ॥੮॥<br>
ਤਹਿਂ ਤੇ ਮਾਟੀ ਲੀਨ ਉਪਾਟੀ।<br>
ਭਰੀ ਟੋਕਰੀ ਸਿਰਿ ਧਰਿ ਸਾਟੀ ॥੯॥

*(ਗੁਰੁਪ੍ਰਤਾਪ ਸੂਰਜ ਰਾਸਿ ੧, ਅੰਸੂ ੫੧)*

ਜੇ ੧੬੪੫ ਬਿ: ੧ ਮਾਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਸਮੇਂ ਤੱਕ ਮੀਆਂ ਮੀਰ ਦਾ ਗੁਰੂ ਸਾਹਿਬ ਨਾਲ ਇੰਨਾਂ ਨੇੜ ਦਾ ਸਬੰਧ ਹੁੰਦਾ ਜਿਸ ਦੇ ਕਾਰਨ ਉਸ ਤੋਂ ਨੀਂਹ ਰਖਾਈ ਜਾਂਦੀ ਤਾਂ ਉਸ ਦਾ ਗੁਰੂ ਸਾਹਿਬ ਨਾਲ ਮੇਲ ਦਸ ਪੰਦਰਾਂ ਸਾਲ ਪਹਿਲੋਂ ਦਾ ਹੋਣਾ ਸੀ ਤੇ ਫਿਰ ਉਸ ਦਾ ਸਤਿਗੁਰਾਂ ਕੋਲ ਨੀਂਹ ਰੱਖਣ ਤੋਂ ਪਹਿਲਾਂ ਆਉਣ ਜਾਣ ਦਾ ਜ਼ਿਕਰ ਹੋਣਾ ਚਾਹੀਦਾ ਸੀ ਜੋ ਕਿਸੇ ਗ੍ਰੰਥ ਵਿੱਚ ਨਹੀਂ। ਨਾ ਹੀ ਨੀਂਹ ਤੋਂ ਬਾਅਦ ਸ਼ਹੀਦੀ ਤੱਕ ਮਿਲਣ ਦਾ ਕਿਤੇ ਜ਼ਿਕਰ ਹੈ।

ਜੇ ਇੰਨਾਂ ਨੇੜ ਦਾ ਸਬੰਧ ਹੁੰਦਾ ਤਾਂ ਉਹ ਗੁਰੂ ਸਾਹਿਬ ਨੂੰ ਕਈ ਵਾਰ ਮਿਲਦਾ ਤੇ ਚੰਦੂ ਦੀਆਂ ਲਾਈਆਂ ਗਲਤ ਊਜਾਂ ਬਾਰੇ ਜਹਾਂਗੀਰ ਨੂੰ ਸਹੀ ਹਾਲਾਤ ਤੋਂ ਜਾਣੂ ਕਰਵਾ ਕੇ ਤੇ ਆਪਣੇ ਅਸਰ ਰਸੂਖ ਨਾਲ ਗੁਰੂ ਸਾਹਿਬ ਦੀ ਸ਼ਹੀਦੀ ਰੁਕਵਾ ਸਕਦਾ ਸੀ ਕਿਉਂਕਿ ਜਹਾਂਗੀਰ ਉਸ ਦਾ ਪੂਰਾ ਮੁਰੀਦ ਸੀ। ਐਸਾ ਨਹੀਂ ਹੋ ਸਕਿਆ ਜਿਸ ਤੋਂ ਸਪੱਸ਼ਟ ਹੈ ਕਿ ਮੀਆਂ ਮੀਰ ਨੀਂਹ ਰੱਖਣ ਸਮੇਂ ਅਜੇ ਏਨਾਂ

ਪ੍ਰਸਿੱਧ ਨਹੀਂ ਸੀ ਜਿਵੇਂ ਕਿ ਪ੍ਰੋ: ਪਿਆਰਾ ਸਿੰਘ ਜੀ 'ਪਦਮ' ਨੇ ਮੈਨੂੰ ਲਿਖੇ ਖ਼ਤ ਵਿੱਚ ਲਿਖਿਆ ਹੈ । ਨੀਂਹ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹੀ ਆਪਣੇ ਕਰ-ਕਮਲਾਂ ਦੁਆਰਾ ਰੱਖੀ ਹੀ ਸਹੀ ਤੇ ਹਰ ਤਰ੍ਹਾਂ ਮੰਨਣ ਯੋਗ ਹੈ ।

ਮੇਰੀ ਉਪ੍ਰੋਕਤ ਲਿਖਤ ਨਾਲ ਸਹਿਮਤ ਹਨ । ਪ੍ਰੋ: ਪ੍ਰੀਤਮ ਸਿੰਘ ਜੀ ਸਾਬਕਾ ਮੁਖੀ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ । ਬੀਬੀ ਮਦਨਜੀਤ ਕੌਰ ਸਾਬਕਾ ਮੁਖੀ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਲੇਖਕਾਂ ਗੋਲਡਨ ਟੈਂਪਲ (ਅੰਗਰੇਜ਼ੀ) । ਸ: ਪ੍ਰਕਾਸ਼ ਸਿੰਘ ਜੀ ਸਾਬਕਾ ਪ੍ਰਿੰਸੀਪਲ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਅੰਮ੍ਰਿਤਸਰ । ਸ: ਨਰਿੰਦਰ ਸਿੰਘ ਜੀ 'ਸੋਚ' ਸਾਬਕਾ ਸੰਪਾਦਕ ਰੋਜ਼ਾਨਾ ਵਰਤਮਾਨ ਅਤੇ ਮਾਸਕ ਪੱਤਰ ਗੁਰਮਤਿ ਪ੍ਰਕਾਸ਼ ਅਤੇ ਗੁਰ ਸੰਦੇਸ਼ ।

ਮੇਰਾ ਇਹ ਲੇਖ ਪੜ੍ਹ ਕੇ ਪ੍ਰੋ: ਪਿਆਰਾ ਸਿੰਘ ਜੀ 'ਪਦਮ' ਨੇ ਆਪਣੇ ਵੱਲੋਂ ਮੈਨੂੰ ੨੦-੧-੮੯ ਨੂੰ ਲਿਖੇ ਪੱਤਰ ਵਿੱਚ ਇਹ ਅੱਖਰ ਲਿਖ ਭੇਜੇ ਹਨ :

> "ਹਰਿਮੰਦਰ ਸਾਹਿਬ ਬਾਰੇ ਤੁਹਾਡਾ ਲੇਖ ਮੈਂ ਪੜ੍ਹਿਆ ਹੈ । ਮੈਂ ਤਾਂ ਇਸੇ ਰਾਇ ਦਾ ਹਾਂ ਕਿ ਹਰਿਮੰਦਰ ਦੀ ਨੀਂਹ ਗੁਰੂ ਜੀ ਨੇ ਆਪ ਰੱਖੀ ਤੇ ਇਹੋ ਰਾਇ ਸੰਖੇਪ ਸਿੱਖ ਇਤਿਹਾਸ ਦੀ ੧੯੮੯ ਈ: ਵਾਲੀ ਐਡੀਸ਼ਨ ਵਿੱਚ ਦਰਜ ਹੈ । ਸ਼ਾਇਦ ਤੁਸੀਂ ਪਹਿਲੀ ਛਾਪ ਵੱਲ ਕਿਤੇ ਨਜ਼ਰ ਮਾਰੀ ਹੋਵੇਗੀ । ਜਿਸ ਨੂੰ ਮੁੜ ਸੋਧ ਲਿਆ ਗਿਆ ਹੈ ।ਇਕ ਦਲੀਲ ਹੋਰ ਬਲਵਾਨ ਹੈ ਕਿ ਮੀਆਂ ਮੀਰ ਉਸ ਸਮੇਂ ਮਸਾਂ ੩੬-੩੭ ਸਾਲ ਦਾ ਸੀ। ਭਜਨ-ਬੰਦਗੀ ਕਰਦਾ-ਕਰਦਾ ਆਖਰ ਸਨਮਾਨ ਦਾ ਪਾਤਰ ਬਣਿਆ । ਜਹਾਂਗੀਰ ਵੀ ਇਸ ਦਾ ਆਦਰ ਕਰਦਾ ਸੀ ਇਹੋ ਪਿਛੋਂ ਦੀ ਗੱਲ ਹੈ ।"

ਉਪ੍ਰੋਕਤ ਚੋਟੀ ਦੇ ਸਿੱਖ ਵਿਦਵਾਨਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦੀ ਸੰਮਤੀ ਨਾਲ ਇਹ ਤੱਥ ਬਿਲਕੁਲ ਸਾਫ਼ ਤੇ ਸਪੱਸ਼ਟ ਹੋ ਗਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਮੀਆਂ ਮੀਰ ਨੇ ਨਹੀਂ ਸਗੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹੀ ਆਪਣੇ ਕਰ-ਕੰਵਲਾਂ ਦੁਆਰਾ ਰੱਖਿਆ ਸੀ ।

## ਗੁਰੂ ਸਾਹਿਬ ਵੱਲੋਂ ਸ੍ਰਾਪ ਨਹੀਂ:

ਭਾਈ ਸੰਤੋਖ ਸਿੰਘ ਜੀ ਨੇ ਗੁਰੁਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ ਕਿ ਜਦ ਪਹਿਲੀ ਇੱਟ ਸਤਿਗੁਰਾਂ ਨੇ ਰੱਖੀ ਤਾਂ ਕਾਰੀਗਰ ਨੇ ਉਠਾ ਕੇ ਉਲਟਾ ਪੁਲਟਾ ਕੇ ਰੱਖ ਦਿੱਤੀ ਜਿਸ 'ਤੇ ਸਤਿਗੁਰਾਂ ਨੇ ਇਹ ਸ੍ਰਾਪ ਦੇ ਦਿੱਤਾ ਕਿ ਇਹ ਮੰਦਰ ਢੱਠ ਕੇ ਫੇਰ ਬਣੇਗਾ । ਮੇਰੇ ਖਿਆਲ ਵਿੱਚ ਇਹ ਗੱਲ ਵੀ ਮੰਨਣ ਯੋਗ ਨਹੀਂ ਕਿਉਂਕਿ ਸਤਿਗੁਰੂ ਜੀ ਹਰ ਨਿੱਕੀ ਵੱਡੀ ਗੱਲ 'ਤੇ ਸ੍ਰਾਪ ਨਹੀਂ ਦੇਂਦੇ ਸਨ । ਫਿਰ ਆਪਣੇ ਹੀ ਰਚੇ ਸਰੋਵਰ ਤੇ ਹਰਿਮੰਦਰ ਨੂੰ ਸ੍ਰਾਪ ਦੇਣਾ ਤਾਂ ਬਿਲਕੁਲ ਅਸੰਭਵ ਹੈ ਪਹਿਲੀ ਗੱਲ ਇਹ ਕਿ ਅਸਾਂ ਕਈ ਗੁਰਦੁਆਰਿਆਂ ਦੇ ਨੀਂਹ ਪੱਥਰ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਖੁਦ ਰੱਖੇ ਹਨ ਤੇ ਬਚਪਨ ਤੋਂ ਅਨੇਕਾਂ ਗੁਰ ਅਸਥਾਨਾਂ

ਦੇ ਨੀਂਹ ਪੱਥਰ ਮਹਾਂ-ਪੁਰਖਾਂ ਨੂੰ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਰੱਖਦਿਆਂ ਦੇਖਦੇ ਰਹੇ ਹਾਂ । ਕਿਸੇ ਥਾਂ ਵੀ ਕਾਰੀਗਰ ਨੇ ਐਸੀ ਹਰਕਤ ਨਹੀਂ ਕੀਤੀ । ਫਿਰ ਸਤਿਗੁਰਾਂ ਦੀ ਰੱਖੀ ਇੱਟ ਨੂੰ ਕਾਰੀਗਰ ਚੁੱਕਣ ਦੀ ਕਿਵੇਂ ਜੁਰਅਤ ਕਰ ਸਕਦਾ ਹੈ ? ਦੂਜੀ ਗੱਲ ਇਹ ਕਿ ਫ਼ਰਜ਼ ਕਰੋ ਕਿ ਕਾਰੀਗਰ ਨੇ ਐਸਾ ਕੀਤਾ ਹੀ ਸੀ ਤਾਂ ਸ੍ਰੀ ਹਰਿਮੰਦਰ ਸਾਹਿਬ ਨੂੰ ਬਣਾ ਕੇ ਉਸ ਨੂੰ ਢਾਹੇ ਜਾਣ ਦਾ ਸ੍ਰਾਪ ਦੇਣ ਦੀ ਬਜਾਇ ਸਤਿਗੁਰੂ ਜੀ ਦੋਬਾਰਾ ਆਪਣੇ ਪਵਿੱਤ੍ਰ ਕਰ-ਕੰਵਲਾਂ ਨਾਲ ਨੀਂਹ ਰੱਖ ਸਕਦੇ ਸਨ ?

ਇਸੇ ਘਟਨਾ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ :

ਮੀਆਂ ਮੀਰ ਤੇ ਨੀਉਂ ਰਖਾਈ ।
ਕਾਰੀਗਰੇ ਪਲਟਿ ਕਰਿ ਲਾਈ ॥੨੦॥
ਯਹਿ ਪਿਖਿ ਪੁਨ ਗੁਰੁ ਯੌਂ ਬਚ ਕਹੇ ।
ਧਰੀ ਤੁਰਕ ਕੀ ਨੀਉਂ ਨ ਰਹੇ ।

*(ਦੇਖੋ ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੮, ਅੰਕ ੨੦-੨੧)*

ਜੇ ਸਤਿਗੁਰਾਂ ਨੇ ਇਹ ਕਹਿਣਾ ਸੀ ਕਿ ਤੁਰਕ ਦੀ ਧਰੀ ਨੀਂਹ ਨਹੀਂ ਰਹੇਗੀ ਤਾਂ ਫਿਰ ਉਸ ਪਾਸੋਂ ਨੀਂਹ ਰਖਾਈ ਹੀ ਕਿਉਂ? ਇਨ੍ਹਾਂ ਉਪ੍ਰੋਕਤ ਦੋਹਾਂ ਮਹਾਨ ਵਿਦਵਾਨ ਖੋਜੀ ਇਤਿਹਾਸਕਾਰਾਂ ਦੇ ਇਹ ਬਚਨ ਮੰਨਣ ਯੋਗ ਨਹੀਂ ਕਿਉਂਕਿ ਸਤਿਗੁਰਾਂ ਨੇ ਖੁਦ ਗੁਰਬਾਣੀ ਅੰਦਰ ਫੁਰਮਾਇਆ ਹੈ ਕਿ :

"ਅਬਿਚਲ ਨੀਵ ਧਰੀ ਗੁਰ ਨਾਨਕ ;
ਨਿਤ ਨਿਤ ਚੜੈ ਸਵਾਈ ॥" *(ਪੰਨਾ ੫੦੦)*

ਅਤੇ "ਅਬਿਚਲ ਨੀਵ ਧਰਾਈ ਸਤਿਗੁਰਿ,
ਕਬਹੂ ਡੋਲਤ ਨਾਹੀ ॥" *(ਪੰਨਾ ੧੨੨੬)*

## ਇਮਾਰਤ ਦੀ ਉਸਾਰੀ :

ਸ੍ਰੀ ਹਰਿਮੰਦਰ ਸਾਹਿਬ ਤੇ ਪ੍ਰਕਰਮਾ ਸਮੇਤ ੬੬ ਫੁੱਟ ਮੁਰੱਬਾ ਠੋਸ ਥੜ੍ਹਾ ਉਸਾਰਿਆ ਗਿਆ । ਪ੍ਰਕਰਮਾ ਦੀ ਸਤਹ ਤੋਂ ਕਾਫ਼ੀ ਉੱਚਾ ਚੁੱਕਿਆ ਗਿਆ । ਉਸ ਥੜ੍ਹੇ ਦੇ ਵਿਚਕਾਰ ੪੦ ਫੁੱਟ ਮੁਰੱਬਾ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਉਸਾਰੀ ਸ਼ੁਰੂ ਕੀਤੀ ਗਈ । ਢਾਈ ਫੁੱਟ ਕੰਧਾਂ ਦਾ ਉਸਾਰ ਅਰੰਭਿਆ ਗਿਆ । ਚਹੁੰ ਪਾਸੀਂ ਕੰਧਾਂ ਦੇ ਦਰਮਿਆਨ ਵਿੱਚ ਛੇ-ਛੇ ਫੁੱਟ ਉੱਚੇ ਅਤੇ ਚਾਰ-ਚਾਰ ਫੁੱਟ ਚੌੜੇ ਚਾਰ ਦਰਵਾਜ਼ੇ ਰੱਖੇ ਗਏ । ਹੇਠ ਕਲਬੂਤ ਦੇ ਕੇ ਚਹੁੰਆਂ ਦਰਵਾਜ਼ਿਆਂ ਦੀਆਂ ਡਾਟਾਂ ਮੇਲ ਦਿਤਿਆਂ ਗਈਆਂ । ਉੱਪਰ ਕੰਧਾਂ ਉੱਚੀਆਂ ਕਰ ਕੇ ਵਿਚਕਾਰ ੧੨ ਫੁੱਟ ਮੁਰੱਬਾ ਚੌਂਕ ਛੱਡ ਕੇ ਚਾਰ ਥੰਮ ਉਸਾਰ ਕੇ ਚਹੁੰ ਖੂੰਜਿਆਂ 'ਚ ਚਾਰ ਕੋਠੜੀਆਂ ੮ x ੮ ਫੁੱਟ ਬਣਾਉਣ ਹਿਤ ਡਾਟਾਂ ਮੇਲ ਦਿੱਤੀਆਂ । ਦੂਜੇ ਪਾਸੇ ਚਾਰ ਦਾਲਾਨਾਂ ਦੀਆਂ ਡਾਟਾਂ ਮੇਲੀਆਂ ਗਈਆਂ । ਚੌਂਕ ਛੱਡ ਕੇ ਚਹੁੰ ੧੨ x ੮ ਫੁੱਟ ਦਾਲਾਨਾਂ ਤੇ ਚੌਹਾਂ ਕੋਠੜੀਆਂ ਦੀ ਇਕੋ ਛੱਤ ਪਾ ਦਿੱਤੀ । ਉੱਤਰ ਪੱਛਮੀ ਕੋਨੇ ਵਾਲੀ ਕੋਠੜੀ ਵਿੱਚ ਦੀ ਪੱਕੀ ਪੌੜੀ ਚੜ੍ਹਾਈ ਗਈ । ਜੋ ਦੂਜੀ ਮੰਜ਼ਲ ਦੇ ਉੱਪਰ ਤਕ ਜਾਂਦੀ ਹੈ । ਇਸ ਪੌੜੀ ਦੇ ਕੁਲ ੨੭ ਪੌੜ ਹਨ । ਪਹਿਲੀ ਮੰਜ਼ਲ ਦੇ ੧੪ ਤੇ ਦੂਜੀ ਮੰਜ਼ਲ ਦੇ ੧੩ ਪੌੜ ਹਨ । ਹਰਿ ਕੀ ਪਉੜੀ ਅਤੇ ਉਸ ਨਾਲ ਲੱਗਦੀ ਪੂਰਬ

ਵੱਲ ਦੀ ਪ੍ਰਕਰਮਾ ਦੀ ਛੱਤ ਵੀ ਪਹਿਲੀ ਛੱਤ ਦੇ ਬਰਾਬਰ ਹੀ ਪਾ ਦਿੱਤੀ। ਦੂਜੀ ਮੰਜ਼ਲ ਦੀ ਉਸਾਰੀ ਕਰਦੇ ਸਮੇਂ ਰੌਸ਼ਨੀ ਹਿਤ ਬਾਰੀਆਂ ਰੱਖੀਆਂ ਗਈਆਂ। ਪੱਛਮ ਤੇ ਦੱਖਣ ਵੱਲ ਪੰਜ-ਪੰਜ ਬਾਰੀਆਂ ਜਦ ਕਿ ਉੱਤਰ ਵੱਲ ਚਾਰ ਬਾਰੀਆਂ ਹਨ, ਕਿਉਂਕਿ ਇਕ ਬਾਰੀ ਦੀ ਥਾਂ ਪਉੜੀ ਵਿੱਚ ਆ ਗਈ ਹੈ। ਹਰਿ ਕੀ ਪਉੜੀ ਵੱਲ ਦੀ ਪ੍ਰਕਰਮਾ ਦੀ ਛੱਤ ਦੇ ਦੋਹੀਂ ਪਾਸੀਂ ਉੱਤਰ ਤੇ ਦੱਖਣ ਵੱਲ ਤਿੰਨ-ਤਿੰਨ ਬਾਰੀਆਂ ਰੱਖੀਆਂ ਹੋਈਆਂ ਹਨ। ਹਰਿ ਕੀ ਪਉੜੀ ਦੀ ਛੱਤ ਉੱਪਰ ਇਕ ਦਾਲਾਨ ਹੈ ਜਿਸ ਦੀ ਪੂਰਬ ਦੀ ਦਿਸ਼ਾ ਬਣੇ ਬੁਖਾਰਚੇ ਵਿੱਚ ਤਿੰਨ ਬਾਰੀਆਂ ਹਨ। ਇਸ ਦਾਲਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਅਖੰਡ ਪਾਠ ਕੀਤੇ ਜਾਂਦੇ ਹਨ। ਹਰਿ ਕੀ ਪਉੜੀ ਦੀਆਂ ਉੱਤਰੀ ਤੇ ਦੱਖਣੀ ਬਾਹੀਆਂ ਦੇ ਨਾਲ ਹੇਠ ਤੋਂ ਦੋਹੀਂ ਪਾਸੀਂ ਦੋ ਪੱਕੀਆਂ ਪਉੜੀਆਂ ਚੜ੍ਹਾਈਆਂ ਗਈਆਂ ਹਨ ਜੋ ਦੂਜੀ ਮੰਜ਼ਲ ਦੇ ਉੱਪਰ ਤੱਕ ਜਾਂਦੀਆਂ ਹਨ, ਇਨ੍ਹਾਂ ਦੋਹਾਂ ਪਉੜੀਆਂ 'ਚੋਂ ਹਰ ਇਕ ਪੌੜੀ ਦੇ ੩੭ ਪੌੜ ਹਨ। ਪਹਿਲੀ ਮੰਜ਼ਲ ਦੇ ੧੮ ਤੇ ਦੂਜੀ ਮੰਜ਼ਲ ਦੇ ੧੯ ਪੌੜ ਹਨ। ਜਿਨ੍ਹਾਂ ਵਿੱਚ ਦੋਹੀਂ ਪਾਸੀਂ ਚਾਨਣ ਹਿਤ ਇਕ-ਇਕ ਬਾਰੀ ਰੱਖੀ ਗਈ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਛੱਤ ਵਿੱਚ ਪੂਰਬ ਵੱਲ ਇੱਕ ਵੱਡਾ ਖੁੱਲਾ ਬੂਹਾ ਰੱਖਿਆ ਹੋਇਆ ਹੈ। ਦੂਜੀ ਛੱਤ ਦੇ ਅੰਦਰਵਾਰ ਚੌਂਕ ਵੱਲ ਚੌਹੀਂ ਪਾਸੀਂ ਤਿੰਨ-ਤਿੰਨ ਖੁਲ੍ਹੀਆਂ ਬਾਰੀਆਂ ਰੱਖੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਦੀ ਦੂਜੀ ਮੰਜ਼ਲ ਵਿੱਚ ਸੰਗਤਾਂ ਬੈਠ ਕੇ ਹੇਠ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੀਆਂ ਹਨ ਤੇ ਕੀਰਤਨ ਸੁਣਦੀਆਂ ਹਨ। ਪੂਰਬ ਵੱਲ ਦੀ ਵਿਚਕਾਰਲੀ ਬਾਰੀ ਬੰਦ ਹੈ ਕਿਉਂਕਿ ਉਸ ਦੇ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਜਦ ਹਰਿ ਕੀ ਪੌੜੀ ਨਾਲ ਲੱਗਦੀ ਪ੍ਰਕਰਮਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਚਹੁੰਆਂ ਦਾਲਾਨਾਂ ਤੇ ਚੌਹਾਂ ਕੋਠੜੀਆਂ ਦੀਆਂ ਕੰਧਾਂ ਦੀ ਉਸਾਰੀ ਛੱਤ ਤਕ ਪਹੁੰਚ ਗਈ ਤਾਂ ਚੁਗਿਰਦੇ ਦੀ ਦੂਜੀ ਛੱਤ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਚੌਂਕ ਦੀ ਪਹਿਲੀ ਛੱਤ ਉੱਪਰੋਂ ਬਰਾਬਰ ਕਰ ਕੇ ਇਕੋ ਛੱਤ ਪਾ ਦਿੱਤੀ ਗਈ। ਜਿਸ ਦੀ ਉਚਾਈ ੨੭ ਫੁੱਟ ਹੈ। ਉੱਪਰੋਂ ਥਾਂ ਪੱਧਰਾ ਕਰ ਕੇ ਪੱਕੀਆਂ ਇੱਟਾਂ ਦਾ ਸੁੰਦਰ ਫਰਸ਼ ਲਾ ਦਿੱਤਾ ਗਿਆ।

ਚੌਂਕ ਦੀ ਪਹਿਲੀ ਛੱਤ ਦੇ ਉੱਪਰ ਚੌਹਾਂ ਕੋਣਾਂ 'ਤੇ ਚਾਰ ਥੰਮ ਉਸਾਰੇ ਗਏ। ਚੌਹੀਂ ਪਾਸੀਂ ਚਾਰ ਬੂਹੇ ਰੱਖ ਕੇ ਬੂਹਿਆਂ ਨੂੰ ਡਾਟਾਂ ਨਾਲ ਉੱਪਰੋਂ ਜੋੜ ਦਿੱਤਾ ਗਿਆ। ਚੌਹਾਂ ਕੋਣਾਂ ਉੱਪਰ ਚਾਰੇ ਮਹਤਾਬੀਆਂ(ਛੋਟੇ ਗੁੰਬਦ) ਬਣਾਏ ਗਏ। ਛੋਟੇ ਗੁੰਬਦਾਂ ਦੇ ਵਿਚਕਾਰ ਚੌਹੀਂ ਪਾਸੀਂ ੯-੯ ਛੋਟੇ ਕੋਲ(ਕਲਸ) ਬਣਾਏ ਗਏ ਜੋ ਗਿਣਤੀ ਵਿੱਚ ੩੬ ਹਨ। ਉਸ ਤੋਂ ਉੱਪਰ ਵੱਡਾ ਗੁੰਬਦ ਉਸਾਰ ਕੇ ਉੱਪਰੋਂ ਮੇਲ ਦਿੱਤਾ ਗਿਆ। ਹਰਿ ਕੀ ਪਉੜੀ, ਪੂਰਬ ਦੀ ਪ੍ਰਕਰਮਾ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸਾਰੀ ਇਮਾਰਤ ਦੀਆਂ ਬਾਹਰਲੀਆਂ ਕੰਧਾਂ ਦੇ ਉੱਪਰ ਚਾਰ ਚੁਫੇਰੇ ਬਾਹਰ ਨੂੰ ਵਧਾਏ ਹੋਏ ਛੱਜੇ ਤੋਂ ਚਾਰ-ਚਾਰ ਫੁੱਟ ਉੱਚਾ ਪੱਕੀਆਂ ਇੱਟਾਂ ਦਾ ਠੋਸ ਜੰਗਲਾ ਹੈ। ਉਸ ਜੰਗਲੇ ਦੀਆਂ ਚੌਹਾਂ ਕੋਣਾਂ ਉੱਪਰ ਚਾਰ ਬੰਗਲੇ ਹਨ। ਪੱਛਮੀ ਬਾਹੀ ਦੇ ਦੋਵੇਂ ਬੰਗਲੇ ਹੇਠੋਂ ਚੌਰਸ ਤੇ ਉੱਪਰ ਗੁੰਬਦ ਹਨ ਗੁੰਬਦਾਂ ਹੇਠ ਚਹੁੰ ਪਾਸੀਂ ਤਿੰਨ-ਤਿੰਨ ਕੁਲ ਬਾਰ੍ਹਾਂ ਡਾਟਾਂ ਹਨ। ਪਰ, ਹਰਿ ਕੀ ਪਉੜੀ ਵੱਲ ਦੇ ਦੋਵੇਂ ਬੰਗਲੇ ਹੇਠੋਂ ਗੋਲ ਤੇ ਉੱਪਰ ਗੁੰਬਦ ਹਨ। ਹਰ ਬੰਗਲੇ ਦੀਆਂ ਅੱਠ ਡਾਟਾਂ ਹਨ। ਇਨ੍ਹਾਂ ਚੌਹਾਂ ਬੰਗਲਿਆਂ ਦੇ ਦਰਮਿਆਨ ਕਬਜ਼ੀਆਂ(ਛੋਟੇ- ਛੋਟੇ ਗੁੰਬਦ) ਹਨ ਉੱਤਰ ਤੇ ਦੱਖਣ ਦੀ ਤਰਫ਼ ੧੯-੧੯, ਪੂਰਬ ਵੱਲ ੧੩ ਤੇ ਪੱਛਮ ਵੱਲ ੭ ਗੁੰਬਦ ਹਨ। ਐਉਂ ਇਹ ਕੁਲ ੫੮ ਗੁੰਬਦ ਹਨ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਾਰੀ ਇਮਾਰਤ ਸਮੇਤ ਪੂਰਬੀ ਪ੍ਰਕਰਮਾ ਤੇ ਹਰਿ ਕੀ

ਪਉੜੀ ਦੇ ਨੀਹਾਂ ਤੋਂ ਲੈ ਕੇ ਉੱਪਰਲੇ ਵੱਡੇ ਗੁੰਬਦ ਤੱਕ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ, ਭਾਈ ਭਗਤੂ ਜੀ, ਭਾਈ ਮੰਝ ਜੀ ਤੇ ਭਾਈ ਸਾਲ੍ਹੋ ਜੀ ਆਦਿ ਮੁਖੀ ਸਿੱਖਾਂ ਦੀ ਨਿਗਰਾਨੀ ਵਿੱਚ ਅਤੇ ਉਪ੍ਰੋਕਤ ਮੁਖੀ ਗੁਰ ਸਿੱਖਾਂ ਤੇ ਹੋਰ ਸ਼ਰਧਾਲੂ ਪ੍ਰੇਮੀ ਗੁਰਸਿੱਖਾਂ ਦੀ ਹੱਥੀਂ ਆਪਣੇ ਪਾਏ ਆਵਿਆਂ ਵਿੱਚ ਪੱਕਾਈਆਂ ਪੁਖਤਾ ਇੱਟਾਂ, ਆਪਣੇ ਹੱਥੀਂ ਤਿਆਰ ਕੀਤਾ ਵਧੀਆ ਕਿਸਮ ਦਾ ਚੂਨਾ ਤੇ ਹੋਰ ਮਸਾਲਾ ਜੋ ਉਸ ਸਮੇਂ ਚੰਗੇ ਤੋਂ ਚੰਗਾ ਮਿਲ ਸਕਦਾ ਸੀ ਮਿਲਾ ਕੇ ਨੇਕ-ਦਿਲ ਕਾਰੀਗਰਾਂ ਤੋਂ ਗੁਰੂ ਸਾਹਿਬ ਵੱਲੋਂ ਦੱਸੇ ਨਕਸ਼ੇ ਮੁਤਾਬਕ ਬਹੁਤ ਪੁਖਤਾ ਇਮਾਰਤ ਤਿਆਰ ਕੀਤੀ ਗਈ ਸੀ। ਅੰਦਰੋਂ ਬਾਹਰੋਂ ਚੂਨੇ ਆਦਿ ਨਾਲ ਕੀਤੇ ਪਲੱਸਤਰ ਤੋਂ ਬਾਅਦ ਕੰਧਾਂ ਉੱਪਰ ਅੰਦਰ ਬਾਹਰ ਉਸ ਸਮੇਂ ਅਨੁਸਾਰ ਬੇਲ ਬੂਟੇ ਜਾਂ ਹੋਰ ਜਿਸ ਪ੍ਰਕਾਰ ਦੀ ਗੁਰੂ ਸਾਹਿਬ ਵੱਲੋਂ ਆਗਿਆ ਹੋਈ ਹੋਵੇਗੀ ਚਿਤ੍ਰਕਾਰੀ ਵੀ ਜ਼ਰੂਰ ਹੀ ਕੀਤੀ ਗਈ ਹੋਵੇਗੀ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਦੇ ਮੁਕੰਮਲ ਹੋਣ ਦੀ ਮਿਤੀ ਤੇ ਸੰਮਤ ਕਿਸੇ ਵੀ ਪੁਰਾਤਨ ਜਾਂ ਨਵੀਨ ਪੁਸਤਕ ਵਿੱਚੋਂ ਹੁਣ ਤਕ ਤਾਂ ਅਸਾਨੂੰ ਨਹੀਂ ਮਿਲਿਆ ਜਿਸ ਕਰ ਕੇ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਕਦ ਸੰਪੂਰਨ ਹੋਈ। ਇਹ ਵੀ ਜ਼ਿਕਰ ਨਹੀਂ ਮਿਲਦਾ ਕਿ ੧੬੬੧ ਬਿ: ਭਾਦਰੋਂ ਸੁਦੀ ਏਕਮ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗੱਦੀ ਉੱਪਰ ਜਾਂ ਮੰਜੀ ਸਾਹਿਬ ਉੱਪਰ ਬੈਠ ਕੇ ਸੰਗਤਾਂ ਵੱਲੋਂ ਆਈ ਭੇਟਾ ਪਰਵਾਨ ਕਰਦੇ ਸਨ ਜਾਂ ਆਮ ਸੰਗਤਾਂ ਵਿੱਚ ਬੈਠ ਕੇ ਦੀਵਾਨ ਸਜਾਂਦੇ, ਗੁਰਬਾਣੀ ਦਾ ਕੀਰਤਨ ਰਬਾਬੀਆਂ ਅਤੇ ਰਾਗੀਆਂ ਪਾਸੋਂ ਸੁਣਦੇ ਤੇ ਕਈ ਵਾਰ ਆਪ ਵੀ ਸਿਰੰਦਾ ਪਕੜ ਕੇ ਖੁਦ ਵੀ ਅਕਾਲੀ ਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਸ੍ਰਵਨ ਕਰਵਾਉਂਦੇ ਅਤੇ ਸੁਬ੍ਹਾ ਆਸਾ ਜੀ ਦੀ ਵਾਰ ਅਤੇ ਸ਼ਾਮ ਨੂੰ ਚਰਨ-ਕਵਲ ਦੀ ਚੌਂਕੀ ਉੱਪਰੰਤ ਦੋਨੋਂ ਸਮੇਂ ਆਪਣੀ ਰਸਨਾ ਤੋਂ ਗੁਰਬਾਣੀ ਦੇ ਅਰਥ, ਕਥਾ, ਵਿਆਖਿਆ ਸੁਣਾ ਕੇ ਸਿੱਖ ਸੰਗਤਾਂ ਨੂੰ ਕ੍ਰਿਤਾਰਥ ਕਰਦੇ ਸਨ।

੧੬੬੧ ਬਿ: ਦੀ ਭਾਦਰੋਂ ਸੁਦੀ ਏਕਮ ਵਾਲੇ ਦਿਨ ਤੋਂ ਤਾਂ ਪੂਰਬੀ ਦਾਲਾਨ ਅਤੇ ਚੌਂਕ ਦੇ ਦਰਮਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਉੱਤਰੀ ਦਾਲਾਨ ਵਿੱਚ ਬੈਠ ਕੇ ਰਾਗੀ ਅਤੇ ਰਬਾਬੀ ਕੀਰਤਨ ਕਰਦੇ ਸਨ ਤੇ ਉਨ੍ਹਾਂ ਦੇ ਪਿੱਛੇ ਬੈਠ ਕੇ ਪ੍ਰੇਮੀ ਸਿੱਖ ਕੀਰਤਨ ਸੁਣਦੇ ਸਨ।

ਲਹਿੰਦੇ ਪਾਸੇ ਦਾਲਾਨ ਤੋਂ ਅੰਦਰਵਾਰ ਚੌਂਕ ਵਿੱਚ ਪੁਜਾਰੀ ਤੇ ਦਾਰੋਗੇ ਬੈਠਦੇ ਸਨ ਜਦ ਕਿ ਹੁਣ ਅਰਦਾਸੀਏ ਸਿੰਘ ਬੈਠਦੇ ਹਨ। ਦੱਖਣੀ ਦਾਲਾਨ ਵਿੱਚ ਸੰਤ ਮਹਾਤਮਾ, ਮੁਖੀ ਸਿੱਖ ਤੇ ਆਮ ਪ੍ਰੇਮੀ ਬੈਠ ਕੇ ਕੀਰਤਨ ਦਾ ਅਨੰਦ ਮਾਣਦੇ ਹਨ। ਉਂਜ ਭਾਵੇਂ ਸੰਗਤਾਂ ਦੇ ਅੰਦਰ ਆਉਣ ਤੇ ਬਾਹਰ ਜਾਣ ਲਈ ਚਾਰੇ ਦਰਵਾਜ਼ੇ ਹਰ ਵਕਤ ਖੁਲ੍ਹੇ ਰਹਿੰਦੇ ਹਨ ਪਰ ਪੱਛਮੀ ਦੁਆਰ ਰਾਹੀਂ ਹੀ ਜ਼ਿਆਦਾ ਤਰ ਸੰਗਤਾਂ ਅੰਦਰ ਦਾਖਲ ਹੋ ਕੇ ਪਹਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੀਆਂ ਤੇ ਯਥਾ ਸ਼ਕਤ ਭੇਟਾ ਅਰਪਨ ਕਰਦੀਆਂ ਅਤੇ ਕੜਾਹ ਪ੍ਰਸ਼ਾਦ ਭੇਟ ਕਰਦੀਆਂ ਹਨ। ਪੂਰਬੀ ਦਰਵਾਜ਼ੇ ਰਾਹੀਂ ਵੀ ਕੁਝ ਸੰਗਤਾਂ ਅੰਦਰ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਛਲੇ ਪਾਸਿਉਂ ਭੇਟਾ ਅਰਪ ਕੇ ਤੇ ਮੱਥਾ ਟੇਕ ਕੇ ਫੁੱਲ ਸੇਹਰੇ ਭੇਟ ਕਰਦੀਆਂ ਤੇ ਚੌਰ ਬਰਦਾਰ ਪਾਸੋਂ ਫੁੱਲ ਸੇਹਰੇ ਪ੍ਰਸ਼ਾਦ ਵਜੋਂ ਪ੍ਰਾਪਤ ਕਰਦੀਆਂ ਹਨ।

ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋਣ ਤੋਂ ਲੈ ਕੇ ਅਪ੍ਰੈਲ ੧੭੬੨ ਈ: ਤੱਕ ਸਤਿਗੁਰਾਂ ਵੱਲੋਂ ਬਣਾਈ ਇਮਾਰਤ ਆਪਣੇ ਅਸਲੀ ਰੂਪ ਵਿੱਚ ਸਥਿਤ ਰਹੀ ਪਰ ੫ ਫਰਵਰੀ ਸੰਨ ੧੭੬੨ ਈ: ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ ੧੦ ਅਪ੍ਰੈਲ ਸੰਨ ੧੭੬੨ ਈ: ਮੁ: ੧੮੧੯ ਬਿ: ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉੱਡਾ ਦਿੱਤਾ। ਇਹ ਕਾਰਵਾਈ ਉਸ ਨੇ ਆਪਣੇ ਭਾਰਤ ਉੱਪਰ ਕੀਤੇ ਅੱਠਵੇਂ ਹੱਲੇ ਸਮੇਂ ਮੁਤੱਸਬੀ ਕਾਜ਼ੀਆਂ ਮੁੱਲਾਂ ਤੇ ਜੰਡਿਆਲੇ ਦੇ ਨਿਰੰਜਨੀ ਆਦਿ ਚੁਗਲ-ਖੋਰਾਂ ਦੇ ਸਿਖਾਵੇ ਵਿੱਚ ਆ ਕੇ ਕੀਤੀ। ਪਰ ਥੋੜੇ ਹੀ ਸਮੇਂ ਬਾਅਦ ਸਿੰਘਾਂ ਨੇ ਮੁੜ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਲਿਆ ਅਤੇ ਪੰਥ ਨੇ ਇੱਕਠੇ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਸੇ ਰੂਪ ਵਿੱਚ ਦੋਬਾਰਾ ਉਸਾਰਨ ਦਾ ਗੁਰਮਤਾ ਕੀਤਾ।

## ਦੋਬਾਰਾ ਉਸਾਰੀ-

ਅਕਤੂਬਰ ੧੭੬੪ ਈ: ਮੁ: ੧੮੨੧ ਬਿ: ਵਿੱਚ ਖਾਲਸਾ ਪੰਥ ਦੇ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਦੇ ਹੱਥੋਂ ਨਵੇਂ ਸਿਰਿਓਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਾ ਕੇ ਇਮਾਰਤ ਦੀ ਉਸਾਰੀ ਆਰੰਭ ਕਰਵਾ ਦਿੱਤੀ। ਤਾਰੀਖ ਦਰਬਾਰ ਅੰਮ੍ਰਿਤਸਰ ਉਰਦੂ ਦੇ ਪੰਨਾ ੮੮-੮੯ ਉੱਪਰ ਲਿਖਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਉਸਾਰੀ ਵਿੱਚ ਜੋ ਇੱਟ ਵਰਤੀ ਗਈ ਉਹ ਖਾਸ ਨਮੂਨੇ ਦੀ ਹੈ ਯਾਨੀ ਏਕ ਇੰਚ ਮੋਟੀ ਤੀਨ ਇੰਚ ਚੌੜੀ ਔਰ ਅਠਾਰਾਂ ਇੰਚ ਲੰਬੀ ਜਿਸ ਕਾ ਨਾਮ ਨਾਨਕ ਸ਼ਾਹੀ ਈਂਟ ਹੈ। ਇਸ ਇੱਟ ਵਿੱਚ ਇਹ ਖੂਬੀ ਹੈ ਕਿ ਜੇ ਇਕ ਇੱਟ ਨਿਕਲ ਜਾਏ ਤਾਂ ਦੂਜੀਆਂ ਇੱਟਾਂ ਉਸੇ ਤਰ੍ਹਾਂ ਕਾਈਮ ਰਹਿੰਦੀਆਂ ਹਨ। ਅੰਗਰੇਜ਼ੀ ਡਬਲ ਇੱਟ ਦੀ ਤਰ੍ਹਾਂ ਇਹ ਨਹੀਂ ਹੁੰਦਾ ਕਿ ਇਕ ਇੱਟ ਦੇ ਨਿਕਲ ਜਾਣ ਨਾਲ ਬਾਕੀ ਦੀਆਂ ਇੱਟਾਂ ਆਪੇ ਨਿਕਲ ਜਾਣ ਜਾਂ ਇਕ ਇੱਟ ਦੇ ਕੱਢ ਲੈਣ ਨਾਲ ਬਾਕੀ ਦੀਆਂ ਇੱਟਾਂ ਆਸਾਨੀ ਨਾਲ ਨਿਕਲ ਆਉਣ। ਇਸੇ ਹੀ ਸਾਲ ਯੂ. ਪੀ. ਦੇ ਖੁਰਜਾ ਸ਼ਹਿਰ ਫ਼ਤਹ ਕਰਨ ਸਮੇਂ ਸਾਰੇ ਜਥਿਆਂ ਦੇ ਮੁਖੀ ਸਿੰਘਾਂ(ਜਿਨ੍ਹਾਂ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ: ਜੱਸਾ ਸਿੰਘ ਰਾਮਗੜ੍ਹੀਆ, ਜਯ ਸਿੰਘ ਘਨੱਯਾ, ਸ: ਤਾਰਾ ਸਿੰਘ ਗੈਬਾ ਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਸ਼ਾਮਲ ਸਨ) ਨੇ ਪ੍ਰਣ ਕੀਤਾ ਸੀ ਕਿ ਖੁਰਜਾ ਸ਼ਹਿਰ ਦੇ ਫ਼ਤਹ ਹੋਣ ਦੀ ਸੂਰਤ ਵਿੱਚ ਏਥੋਂ ਜੋ ਕੁਝ ਮਿਲੇ ਉਸ ਵਿੱਚੋਂ ਅੱਧਾ ਰੁਪਇਆ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਉੱਪਰ ਲਾਇਆ ਜਾਵੇਗਾ। ਖੁਰਜਾ ਸ਼ਹਿਰ ਦੇ ਫ਼ਤਹ ਹੋ ਜਾਣ 'ਤੇ ਸਰਦਾਰਾਂ ਨੇ ਆਪਣੇ ਕੀਤੇ ਪ੍ਰਣ ਅਨੁਸਾਰ ਇਕ ਚਾਦਰ ਵਿੱਛਾ ਦਿੱਤੀ ਜਿਸ ਉੱਪਰ ਉਸ ਸਮੇਂ ਸੱਤ ਲੱਖ ਰੁਪਇਆ ਜਮ੍ਹਾਂ ਹੋ ਗਿਆ। ਇਹ ਰੁਪਇਆ ਅੰਮ੍ਰਿਤਸਰ ਦੇ ਕਰੋੜੀ ਮੱਲ ਸ਼ਾਹੂਕਾਰ ਪਾਸ ਜਮ੍ਹਾਂ ਕਰਵਾ ਦਿੱਤਾ। ਸੁਰ ਸਿੰਘ ਨਗਰ ਦੇ ਗੁਰਮੁਖ ਸਿੱਖ ਭਾਈ ਦੇਸ ਰਾਜ ਜੀ ਨੂੰ ਪੰਥ ਵੱਲੋਂ ਇਮਾਰਤ ਉੱਪਰ ਮਾਇਆ ਖਰਚਣ ਦੇ ਸਾਰੇ ਅਧਿਕਾਰ ਦੇ ਦਿੱਤੇ। ਆਮ ਸੰਗਤਾਂ ਪਾਸੋਂ ਮਾਇਆ ਉਗ੍ਰਾਹੁਣ ਹਿਤ ਪੰਥ ਵੱਲੋਂ ਭਾਈ ਦੇਸ ਰਾਜ ਜੀ ਨੂੰ ਇਕ ਮੋਹਰ ਬਖ਼ਸ਼ੀ ਗਈ ਜਿਸ ਰਾਹੀਂ ਉਹ ਗੁਰਸਿੱਖਾਂ ਪਾਸੋਂ ਮਾਇਆ ਵਸੂਲ ਕਰਦਾ ਸੀ। ਉਸ ਮੋਹਰ ਨੂੰ ਹਰ ਗੁਰਸਿੱਖ ਗੁਰੂ ਮਹਾਰਾਜ ਦੇ ਹੁਕਮਨਾਮੇ ਦੇ ਬਰਾਬਰ ਸਮਝਦਾ ਸੀ।

ਸੰਮਤ ੧੮੩੩ ਬਿ: ਤੱਕ ਸ੍ਰੀ ਹਰਿਮੰਦਰ ਸਾਹਿਬ, ਪੁਲ ਤੇ ਦਰਸ਼ਨੀ ਦਰਵਾਜ਼ਾ ਤਿਆਰ ਹੋ ਗਿਆ। ਦਰਸ਼ਨੀ ਦਰਵਾਜ਼ੇ 'ਤੇ ੩੦੦੦/- ਰੁਪਏ ਲਾਗਤ ਆਈ। ਇਹ ਕੰਮ ਮੁਕੰਮਲ ਹੋਣ 'ਤੇ ਸਰੋਵਰ ਦੀਆਂ ਪੌੜੀਆਂ(ਜੋ ਮੁਤੱਸਬੀ ਮੁਸਲਮਾਨਾਂ ਨੇ ਤੁੜਵਾ ਦਿੱਤੀਆਂ ਸਨ) ਦੋਬਾਰਾ ਬਣਵਾਈਆਂ ਗਈਆਂ। ਪਰਕਰਮਾ ਦੇ ਵੱਡੇ ਪੌਣੇ ਤੇ ਦੁੱਖ ਭੰਜਨੀ ਬੇਰੀ ਆਦਿ ਥਾਵਾਂ ਵੀ ਸੰਮਤ ੧੮੪੧ ਬਿ: ਵਿੱਚ ਬਿਲਕੁਲ ਮੁਕੰਮਲ ਹੋ ਗਈਆਂ ਸਨ। ਇਹ ਸਾਰੇ ਅਸਥਾਨ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ: ਜੱਸਾ ਸਿੰਘ ਰਾਮਗੜ੍ਹੀਆ ਆਦਿ ਮੁਖੀ ਸਿੱਖ ਸਰਦਾਰਾਂ ਨੇ ਆਪਣੀ ਇੱਛਾ ਅਨੁਸਾਰ ਭਾਈ ਦੇਸ ਰਾਜ ਜੀ ਦੀ ਨਿਗਰਾਨੀ ਵਿੱਚ ਪੂਰੇ ਧਿਆਨ ਨਾਲ ਬਣਵਾਏ, ਜਿਸ ਕਰ ਕੇ ਬਹੁਤ ਪੱਕੇ ਤੇ ਮਜ਼ਬੂਤ ਅਸਥਾਨ ਬਣ ਗਏ।

ਸ੍ਰੀ ਹਰਿਮੰਦਰ ਸਾਹਿਬ, ਸਣੇ ਹਰਿ ਕੀ ਪਉੜੀ, ਛੋਟੀ ਪਰਕਰਮਾ; ਪੁਲ, ਦਰਸ਼ਨੀ ਡਿਉਢੀ ਤੇ ਸਰੋਵਰ ਦੀ ਵੱਡੀ ਪਰਕਰਮਾ ਵਿੱਚ ਸੰਗਮਰਮਰ, ਚਾਂਦੀ, ਸੋਨੇ ਤੇ ਗੱਚ, ਮੀਨਾਕਾਰੀ ਤੇ ਜੜਤ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ਼ੁਰੂ ਹੋਇਆ। ਨਾਲ ਉਸ ਸਮੇਂ ਦੇ ਮਿਸਲਦਾਰ ਸਰਦਾਰਾਂ ਨੇ ਵੀ ਆਪਣੇ ਵਿਤ ਅਨੁਸਾਰ ਪੂਰਾ ਯੋਗਦਾਨ ਪਾਇਆ।

## ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਕਰਨ-

੧੮੬੦ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੋਨਾ ਚੜ੍ਹਾਉਣ ਲਈ ਪੰਜ ਲੱਖ ਰੁਪਏ ਦਾ ਸੋਨਾ ਭਾਈ ਸੰਤ ਸਿੰਘ ਜੀ ਗਿਆਨੀ ਦੇ ਸਪੁਰਦ ਕੀਤਾ। ਜਿਹਨਾਂ ਨੇ ਆਪਣੇ ਵੱਲੋਂ ਮੁਹੰਮਦ ਯਾਰ ਖਾਂ ਮਿਸਤਰੀ ਨੂੰ ਇਮਾਰਤ ਨੂੰ ਸੁਨਹਿਰੀ ਕਰਨ ਲਈ ਨੀਅਤ ਕੀਤਾ।

੧. ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਛੱਤ ਤੇ ਫਿਰ ਚਾਰੇ ਬੰਗਲੇ ਸੁਨਹਿਰੀ ਕਰਨ ਦਾ ਹੁਕਮ ਹੋਇਆ। ਜਿਨ੍ਹਾਂ ਵਿੱਚੋਂ ਦੱਖਣ ਪੱਛਮੀ ਬੰਗਲੇ ਨੂੰ ਸ: ਹੁਕਮਾ ਸਿੰਘ ਚਿਮਨੀ ਨੇ ਸੋਨਾ ਚੜ੍ਹਾਇਆ। ਬਾਕੀ ਤਿੰਨ ਬੰਗਲਿਆਂ ਅਤੇ ਬੁਰਜੀਆਂ ਨੂੰ ਸੰਮਤ ੧੮੬੨ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਤਿੰਨ ਲੱਖ ਬਤਾਲੀ ਹਜ਼ਾਰ ਛੇ ਸੌ ਪੈਂਤੀ (੩੪੨੬੩੫)/- ਰੁਪਏ ਖਰਚ ਕੇ ਸੁਨਹਿਰੀ ਕਰਵਾਇਆ।

੨. ਸ੍ਰੀ ਹਰਿਮੰਦਰ ਸਾਹਿਬ ਦੇ ਵੱਡੇ ਗੁੰਬਦ ਉੱਪਰ ਸ: ਫਤੇ ਸਿੰਘ ਆਹਲੂਵਾਲੀਏ ਨੇ ਦੋ ਲੱਖ ਪੰਜਾਹ ਹਜ਼ਾਰ(੨੫੦੦੦੦) ਰੁਪਏ ਦਾ ਸੋਨਾ ਚੜ੍ਹਾਇਆ।

੩. ਦੂਜੀ ਮੰਜ਼ਲ ਦੀਆਂ ਬਾਰੀਆਂ ਦੇ ਅੰਦਰਲੇ ਦਰਵਾਜ਼ੇ ਤੇ ਕੰਧਾਂ ਉੱਪਰ ਸੁਨਹਿਰੀ ਗੱਚ ਤੇ ਮੀਨਾਕਾਰੀ ਤੇ ਛੱਤਾਂ ਦਾ ਜੜਾਊ ਕੰਮ ਮਹਾਰਾਜਾ ਰਣਜੀਤ ਸਿੰਘ ਨੇ ਦੂਜੇ ਸਿੱਖ ਸਰਦਾਰਾਂ ਨਾਲ ਮਿਲ ਕੇ ਅੱਸੀ ਹਜ਼ਾਰ(੮੦੦੦੦) ਰੁਪਏ ਖਰਚ ਕੇ ਕਰਵਾਇਆ। ਇਹ ਕੰਮ ੧੮੭੪ ਤੋਂ ੧੮੮੭ ਬਿ: ਦੇ ਦੌਰਾਨ ਹੋਇਆ।

੪. ਚੜ੍ਹਦੇ ਪਾਸੇ ਦੇ ਦਾਲਾਨ ਦੀ ਛੱਤ ਨੂੰ ਰਾਣੀ ਸਦਾ ਕੌਰ ਘਨਈਆ ਮਿਸਲ ਦੀ ਸਰਦਾਰਨੀ ਨੇ ਇਕ ਲੱਖ ਪਝੱਤਰ ਹਜ਼ਾਰ ਤਿੰਨ ਸੌ(੧੭੫੩੦੦) ਰੁਪਏ ਖਰਚ ਕੇ ਸੁਨਹਿਰੀ ਕਰਵਾਇਆ।

੫. ਬਾਕੀ ਤਿੰਨਾਂ ਦਾਲਾਨਾਂ ਦੀਆਂ ਛੱਤਾਂ ਨੂੰ ੧੮੭੫ ਬਿ: ਤੋਂ ੧੮੮੮ ਬਿ: ਤਕ ਉਸੇ ਨਮੂਨੇ ਦੀਆਂ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਈਆਂ। ਜਿਨ੍ਹਾਂ ਉੱਪਰ ਮਹਾਰਾਜੇ ਦਾ ਪੰਜ ਲੱਖ ਪੈਂਤੀ ਹਜ਼ਾਰ ਤਿੰਨ ਸੌ ਬੱਤੀ (੫੩੫੩੩੨) ਰੁਪਏ ਖਰਚ ਆਇਆ।

੬. ਪੌੜੀਆਂ ਵਾਲੇ ਪਾਸੇ ਦੀ ਛੱਤ ਸੰਮਤ ੧੮੯੩ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਬਣਵਾਈ ।

੭. ੧੮੯੩ ਬਿ: ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਚੁਫੇਰੇ ਦੀਆਂ ਕੰਧਾਂ ਤੇ ਬਾਰ੍ਹਾਂ-ਬਾਰ੍ਹਾਂ ਫੁੱਟ ਉੱਚੇ ਲੱਗੇ ਸੰਗਮਰਮਰ ਤੋਂ ਉੱਪਰ ਅਠਾਰਾਂ ਅਠਾਰਾਂ ਫੁੱਟ ਜੰਗਲੇ ਸਮੇਤ, ਕਿੰਗਰੇ ਤੇ ਕਲਸਾਂ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਈਆਂ ਜਿਨ੍ਹਾਂ 'ਤੇ ਪੈਂਹਠ ਹਜ਼ਾਰ (੬੫੦੦੦) ਰੁਪਏ ਖਰਚ ਹੋਏ ।

੮. ਛੋਟੀ ਛੱਤ ਤੇ ਵਿਚਕਾਰਲੀ ਕੰਧ ਸੰਮਤ ੧੮੯੫ ਬਿ: ਵਿੱਚ ਮਹਾਰਾਜਾ ਖੜਗ ਸਿੰਘ ਨੇ ਸੁਨਹਿਰੀ ਤਿਆਰ ਕਰਵਾਈ ।

੯. ਉੱਤਰੀ ਪਾਸੇ ਦੀ ਛੱਤ ੧੮੯੫ ਬਿ: ਵਿੱਚ ਭਾਈ ਰਾਮ ਸਿੰਘ ਪਸ਼ੌਰੀਏ ਨੇ ਸੁਨਹਿਰੀ ਕਰਵਾਈ ।

੧੦. ਪੱਛਮ ਵੱਲ ਦੀ ਛੱਤ ਤੇ ਅੰਦਰੋਂ ਕੰਧ ਭਾਈ ਰਾਮ ਸਿੰਘ ਅਤੇ ਭਾਈ ਗੁਰਮੁਖ ਸਿੰਘ ਜੀ 'ਲੁਬਾਣੇ' ਨੇ ੧੯੦੨ ਬਿਕ੍ਰਮੀ ਵਿੱਚ ਸੁਨਹਿਰੀ ਕਰਵਾਈ ।

੧੧. ਦੱਖਣੀ ਪਾਸੇ ਦੀ ਛੱਤ ਸੰਮਤ ੧੯੦੬ ਬਿ: ਵਿੱਚ ਭਾਈ ਸੁਜਾਨ ਸਿੰਘ ਜੀ ਨੇ ਸੁਨਹਿਰੀ ਕਰਵਾਈ ।

੧੨. ਪੂਰਬੀ ਛੋਟੀ ਛੱਤ ਸੰਮਤ ੧੯੧੧ ਬਿ: ਵਿੱਚ ਭਾਈ ਚੈਨ ਸਿੰਘ ਗੰਢ ਨੇ ਸੁਨਹਿਰੀ ਕਰਵਾਈ ।

੧੩. ਵੱਡੇ ਗੁੰਬਦ ਦੇ ਹੇਠ ਚੌਹਾਂ ਕੋਣਾਂ ਤੇ ਚਾਰ ਛੋਟੀਆਂ ਗੁੰਬਦੀਆਂ ਤੇ ਉਨ੍ਹਾਂ ਚੌਹਾਂ ਵਿਚਕਾਰ ਹਰ ਪਾਸੇ ਨੌ-ਨੌ, ਕੁਲ ਛੱਤੀ ਕਲਸ ਹਨ । ਜਿਨ੍ਹਾਂ ਨੂੰ ਸੰਮਤ ੧੯੭੩ ਬਿ: ਵਿੱਚ ਭਾਈ ਭਾਗ ਸਿੰਘ, ਫਤੇ ਸਿੰਘ ਆਹਲੂਵਾਲੀਆ ਨੇ ਸੁਨਹਿਰੀ ਕਰਵਾਇਆ ।

੧੪. ਵੱਡੇ ਗੁੰਬਦ ਦੇ ਹੇਠਲੇ ਬਾਰ੍ਹਾਂ ਦਰਵਾਜ਼ਿਆਂ 'ਤੇ ਸੁਨਹਿਰੀ ਕੰਮ ਸ: ਬਸੰਤ ਸਿੰਘ ਖੇੜੀ ਵਾਲੇ ਨੇ ਕਰਵਾਇਆ ।

੧੫. ਸ੍ਰੀ ਹਰਿਮੰਦਰ ਸਾਹਿਬ ਦਾ ਚੁਫੇਰੇ ਅੱਗੇ ਨੂੰ ਵਧਿਆ ਛੱਜਾ ਤੇ ਜੰਗਲੇ ਦੇ ਉੱਪਰ ਬਣੇ ਛੋਟੇ ਗੁੰਬਦ ਜੋ ਗਿਣਤੀ ਵਿੱਚ ੫੮ ਹਨ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਏ ।

੧੬. ਸ੍ਰੀ ਹਰਿਮੰਦਰ ਸਾਹਿਬ ਦੇ ਚਹੁ ਦਰਵਾਜ਼ਿਆਂ ਦੀਆਂ ਚਾਰ ਸੁਨਹਿਰੀ ਜੋੜੀਆਂ ਪੁਰਾਣੇ ਸਮੇਂ ਦੀਵਾਲੀ ਵੈਸਾਖੀ ਅਤੇ ਵੱਡੇ ਗੁਰਪੁਰਬਾਂ (ਹੁਣ ਸਿਰਫ ਪੰਜ ਵੱਡੇ ਗੁਰਪੁਰਬਾਂ ਸਮੇਂ) ਜਿੰਨਾਂ ਸਮਾਂ ਜਲੌ ਲਗਦਾ ਹੈ, ਸਜਾਉਣ ਵਾਸਤੇ ਸੁਨਹਿਰੀ ਤਿਆਰ ਕਰਵਾਈਆਂ, ਗਈਆਂ ਇਨ੍ਹਾਂ ਵਿੱਚੋਂ ੧. ਇਕ ਜੋੜੀ ਮਹਾਰਾਜਾ ਰਣਜੀਤ ਸਿੰਘ ਵੱਲੋਂ । ੨. ਦੂਜੀ ਮਹਾਰਾਜਾ ਖੜਗ ਸਿੰਘ ਦੀ ਮਾਤਾ ਵੱਲੋਂ । ੩. ਤੀਜੀ ਮਹਾਰਾਜਾ ਖੜਗ ਸਿੰਘ ਵੱਲੋਂ ਅਤੇ ੪. ਚੌਥੀ ਕੰਵਰ ਨੌਨਿਹਾਲ ਸਿੰਘ ਦੀ ਮਾਤਾ ਮਹਾਰਾਣੀ ਚੰਦ ਕੌਰ ਵੱਲੋਂ ਭੇਟ ਕੀਤੀਆਂ ਗਈਆਂ । ਇਨ੍ਹਾਂ 'ਚੋਂ ਹਰ ਇਕ ਉੱਪਰ ਚੌਦਾਂ-ਚੌਦਾਂ ਹਜ਼ਾਰ ਰੁਪਏ ਖਰਚ ਆਇਆ । ਇਹ ਸਾਰਾ ਕੰਮ ਭਾਈ ਸੰਤ ਸਿੰਘ ਗਿਆਨੀ ਦੀ ਰਾਹੀਂ ਮਿਸਤਰੀ ਮੁਹੰਮਦ ਯਾਰ ਖਾਂ ਦੀ ਨਿਗਰਾਨੀ 'ਚ ਹੋਇਆ । ਭਾਈ ਸੰਤ ਸਿੰਘ ਦੇ ਦੇਹਾਂਤ ਬਾਅਦ ਇਹ ਕੰਮ ਉਨ੍ਹਾਂ ਦੇ ਸਪੁੱਤਰ ਭਾਈ ਗੁਰਮੁਖ

ਸਿੰਘ ਗਿਆਨੀ ਦੇ ਸਪੁਰਦ ਹੋਇਆ । ਜਿਸ ਦੀ ਰਾਹੀਂ ਪੰਜ ਲੱਖ ਪੈਤੀਂ ਹਜ਼ਾਰ ਦਾ ਸੋਨਾ ਖਰਚ ਹੋਇਆ । ਜੋੜੀਆਂ ਉੱਪਰ ਸੋਨੇ ਦਾ ਸਾਰਾ ਕੰਮ ਮੁਹੰਮਦ ਯਾਰ ਖਾਂ ਮਿਸਤਰੀ ਦੇ ਪੁੱਤਰ ਅੱਲਾ ਯਾਰ ਖਾਂ ਨੇ ਕੀਤਾ । ਜਿਸ ਦੇ ਇਵਜ਼ ਵਿੱਚ ਮਹਾਰਾਜੇ ਨੇ ਤਿੰਨ ਸੌ ਰੁਪਏ ਦੀ ਕੀਮਤ ਦੇ ਸੋਨੇ ਦੇ ਕੜਿਆਂ ਦੀ ਜੋੜੀ ਤੇ ਸੌ ਰੁਪਇਆ ਨਕਦ ਬਤੌਰ ਇਨਾਮ ਦਿੱਤਾ ।*

## ਸਿੱਖ ਰਾਜ ਸਮੇਂ ਹੋਏ ਕੁਲ ਖਰਚ ਦਾ ਵੇਰਵਾ

| | |
|---|---|
| ੧. ਮਹਾਰਾਜਾ ਰਣਜੀਤ ਸਿੰਘ ਵੱਲੋਂ | ੧੬੩੯੦੦੦/- |
| ੨. ਭੰਗੀ ਸਰਦਾਰਾਂ ਵੱਲੋਂ | ੩੩੫੫੦੦੦/- |
| ੩. ਸ: ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਵੱਲੋਂ | ੯੪੧੦੦੦/- |
| ੪. ਰਾਣੀਆਂ ਵੱਲੋਂ | ੧੮੫੦੦੦/- |
| ੫. ਸਿੱਖ ਸਰਦਾਰਾਂ ਵੱਲੋਂ | ੧੨੮੦੦੦/- |
| ੬. ਫੁਟਕਲ ਸਿੱਖ ਸਰਦਾਰਾਂ ਵੱਲੋਂ | ੧੬੩੦੦੦/- |
| ਕੁਲ ਜੋੜ | ੬੪੧੧੦੦੦/- |

ਨੋਟ : ਇਹ ਉਪ੍ਰੋਕਤ ਸੋਨੇ ਦਾ ਸਾਰਾ ਵੇਰਵਾ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਵੱਲੋਂ ਲਗਭਗ ੧੯੭੨ ਬਿ: ਵਿੱਚ ਲਿਖੀ ਪੁਸਤਕ ਤਵਾਰੀਖ ਸ੍ਰੀ ਅੰਮ੍ਰਿਤਸਰ(ਜੋ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰ ਸੌ ਸਾਲਾ ਜੁਬਲੀ ਸਮੇਂ ਕੇਂਦਰੀ ਸਿੰਘ ਸਭਾ ਨੇ ਦੂਜੀ ਵਾਰ ਛਾਪੀ ਹੈ) ਵਿੱਚੋਂ ਦਿੱਤੀ ਗਈ ਹੈ ਦੇਖੋ ਪੰਨਾ ੨੮ ਤੋਂ ੩੦ । ਉਨ੍ਹਾਂ ਨੇ ਲਿਖਿਆ ਹੈ ਕਿ ਇਹ ਵੇਰਵਾ ਉਸ ਸਮੇਂ ਦੇ ਦਫ਼ਤਰ ਸ੍ਰੀ ਦਰਬਾਰ ਸਾਹਿਬ ਦੇ ਰੀਕਾਰਡ 'ਚੋਂ ਉਤਾਰਾ ਕਰ ਕੇ ਪਾਠਕਾਂ ਦੀ ਭੇਟ ਕੀਤਾ ਹੈ । ਇਹ ਵੇਰਵਾ ਸ੍ਰੀ ਹਰਿਮੰਦਰ ਸਾਹਿਬ ਦੇ ਫਰਸ਼ ਤੇ ਕੰਧਾਂ ਆਦਿ ਉੱਪਰ ਲੱਗੇ, ਸੰਗਮਰਮਰ ਤੋਂ ਇਲਾਵਾ ਸਿਰਫ ਸੋਨੇ ਚਾਂਦੀ ਤੇ ਨਕਾਸ਼ੀ ਆਦਿ ਉੱਪਰ ਖਰਚ ਹੋਈ ਮਾਇਆ ਦਾ ਹੀ ਹੈ ।

ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਮੰਜ਼ਲ ਦੀ ਛੱਤ ਦਾ ਉੱਪਰ ਵੱਲ ਦਾ ਹਿੱਸਾ ਸੰਮਤ ੧੮੫੬ ਬਿ: ਵਿੱਚ ਸ: ਸੋਭਾ ਸਿੰਘ ਨਕਈ ਨੇ ਸੁਨਹਿਰੀ ਕਰਵਾਇਆ ਅਤੇ ਉਸੇ ਪਾਸੇ ਦੀ ਕੰਧ ਦੀ ਨਕਾਸ਼ੀ ਸੰਮਤ ੧੮੫੬ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਈ । ਦੱਖਣੀ ਪਾਸੇ ਵੱਲ ਦੀ ਛੱਤ ਨੂੰ ਸੰਮਤ ੧੮੪੩ ਬਿ: ਵਿੱਚ ਬੰਸੀ ਰਾਮ ਪੁੱਤਰ ਜੋਧ ਸਿੰਘ ਦੀਵਾਨ ਭੰਗੀ ਖਾਨਦਾਨ ਪਿੰਡ ਸੋਹਲ ਨੇ ਸੁਨਹਿਰੀ ਤਿਆਰ ਕਰਵਾਇਆ । ਬਾਕੀ ਦੋਹਾਂ ਪਾਸਿਆਂ ਦੀ ਛੱਤ ਮਹਾਰਾਜਾ ਰਣਜੀਤ ਸਿੰਘ ਦੇ ਰੁਪਏ ਨਾਲ ਸੁਨਹਿਰੀ ਤਿਆਰ ਹੋਈ। ਮਹਾਰਾਜਾ ਸਾਹਿਬ ਨੇ ਪੁਲ ਦੇ ਦੋਹੀਂ ਪਾਸੀਂ ਚਾਰ-ਚਾਰ ਕਲਸ ਸੁਨਹਿਰੀ ਕਰਵਾਏ ।

*(ਦੇਖੋ ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿ: ਗਿਆਨ ਸਿੰਘ ਪੰਨਾ, ੨੭)*

## ਸੁਨਹਿਰੀ ਝੰਡਾ-

ਸ੍ਰੀ ਹਰਿਮੰਦਰ ਸਾਹਿਬ ਦੀ ਤੀਜੀ ਮੰਜ਼ਲ 'ਤੇ ਚੋਬੀ ਝੰਡਾ ਸੀ । ਪਰ ਸੰਮਤ ੧੮੯੩ ਬਿ: ਵਿੱਚ ਲਾਲਾ ਰਾਮ ਕਿਸ਼ਨ ਈਸ਼ਰ ਦਾਸ ਅਤੇ ਲਾਲ ਚੰਦ ਖੱਤਰੀ ਨੇ ਚੋਬੀ

* ਤਵਾਰੀਖ ਦਰਬਾਰ ਸਾਹਿਬ ਅੰਮ੍ਰਿਤਸਰ ਕ੍ਰਿਤ ਊਧਮ ਸਿੰਘ ਪੰਨਾ ੯੫ ।

ਝੰਡੇ ਉੱਪਰ ਸੁਨਹਿਰੀ ਕੰਮ ਦਿੱਤਾ। *(ਤਵਾਰੀਖ ਅੰਮ੍ਰਿਤਸਰ, ਪੰਨਾ ੨੭)*

## ਸ੍ਰੀ ਹਰਿਮੰਦਰ ਸਾਹਿਬ ਵਿੱਚ ਚਾਂਦੀ ਦਾ ਕੰਮ–

ਸ੍ਰੀ ਹਰਿਮੰਦਰ ਸਾਹਿਬ ਦੀਆਂ ਛੱਤਾਂ ਸਿੱਖ ਸਰਦਾਰਾਂ ਨੇ ਪਹਿਲਾਂ ਚਾਂਦੀ ਦੀਆਂ ਬਣਵਾਈਆਂ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਦੋ ਪਾਸਿਆਂ ਦੀਆਂ ਛੱਤਾਂ ਸ: ਤਾਰਾ ਸਿੰਘ ਗੈਬਾ ਨੇ ਚਾਂਦੀ ਦੀਆਂ ਬਣਵਾਈਆਂ ਤੇ ਮੀਨਾਕਾਰੀ ਕਰਵਾਈ। ਤੀਜੇ ਪਾਸੇ ਦੀ ਛੱਤ ਸ੍ਰ: ਪ੍ਰਤਾਪ ਸਿੰਘ ਤੇ ਸ੍ਰ: ਜੱਸਾ ਸਿੰਘ ਅਤੇ ਚੌਥੇ ਪਾਸੇ ਦੀ ਛੱਤ ਸ੍ਰ: ਗੰਡਾ ਸਿੰਘ ਪਸ਼ੌਰੀਏ ਨੇ ੧੮੮੦ ਬਿ: ਵਿੱਚ ਤਿਆਰ ਕਰਵਾਈ।

ਸ੍ਰੀ ਹਰਿਮੰਦਰ ਸਾਹਿਬ ਦੇ ਚੌਂਕ ਅਤੇ ਹਰਿ ਕੀ ਪਉੜੀ ਦੀਆਂ ਚਾਂਦੀ ਦੀਆਂ ਛੱਤਾਂ ਸੰਮਤ ੧੮੭੭ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅਤੇ ਸੰਮਤ ੧੮੯੪ ਬਿ: ਵਿੱਚ ਮਹਾਰਾਜਾ ਖੜਗ ਸਿੰਘ ਨੇ ਤਿਆਰ ਕਰਵਾਈਆਂ।

ਸ੍ਰੀ ਹਰਿਮੰਦਰ ਸਾਹਿਬ ਦੇ ਚੌਹਾਂ ਦਰਵਾਜ਼ਿਆਂ ਦੀਆਂ ਚਾਰ ਚਾਂਦੀ ਦੀਆਂ ਜੋੜੀਆਂ ਬਣਵਾਈਆਂ ਜੋ ਹਰ ਵਕਤ ਹੁਣ ਤੱਕ ਚੜ੍ਹਦੀਆਂ ਰਹਿੰਦੀਆਂ ਹਨ। ਇਨ੍ਹਾਂ 'ਚੋਂ ਲਹਿੰਦੇ ਪਾਸੇ ਦੀ ਚਾਂਦੀ ਦੀ ਜੋੜੀ ੧੮੮੯ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ। ਦੱਖਣੀ ਦਰਵਾਜ਼ੇ ਦੀ ਜੋੜੀ ਮਹਾਰਾਜਾ ਖੜਗ ਸਿੰਘ ਦੀ ਮਾਤਾ ਰਾਣੀ ਦਯਾ ਕੌਰ ਨਕਈ ਨੇ, ਉੱਤਰੀ ਦਰਵਾਜ਼ੇ ਦੀ ਮਹਾਰਾਜਾ ਖੜਗ ਸਿੰਘ ਨੇ ਅਤੇ ਪੂਰਬੀ ਦਰਵਾਜ਼ੇ ਦੀ ਕੰਵਰ ਨੌਂ-ਨਿਹਾਲ ਸਿੰਘ ਦੀ ਮਾਤਾ ਰਾਣੀ ਚੰਦ ਕੌਰ ਨੇ ਤਿਆਰ ਕਰਵਾਈ। ਉਸ ਸਮੇਂ ਹਰ ਇਕ ਜੋੜੀ ਉੱਪਰ ਸੱਤ-ਸੱਤ ਹਜ਼ਾਰ ਰੁਪਏ ਖਰਚ ਆਇਆ। ੧੯੦੫ ਬਿ: ਵਿੱਚ ਇਨ੍ਹਾਂ ਜੋੜੀਆਂ ਨੂੰ ਸ: ਜੇਠਾ ਸਿੰਘ ਦੀ ਰਾਹੀਂ ਨਵੇਂ ਸਿਰੇ ਤੋਂ ਮੁਰੰਮਤ ਕਰਵਾਇਆ। ਜਿਸ ਉੱਪਰ ਛੇ ਹਜ਼ਾਰ ਰੁਪਏ ਖਰਚ ਹੋਏ।

ਪਾਠਕ ਪਿੱਛੇ ਪੜ੍ਹ ਆਏ ਹਨ ਕਿ ਬਾਅਦ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਹਰਿ ਕੀ ਪਉੜੀ ਦੀਆਂ ਸਾਰੀਆਂ ਛੱਤਾਂ ਸੁਨਹਿਰੀ ਕਰ ਦਿੱਤੀਆਂ ਗਈਆਂ ਤੇ ਚੌਹਾਂ ਦਰਵਾਜ਼ਿਆਂ ਲਈ ਚਾਰ ਜੋੜੀਆਂ ਸੁਨਹਿਰੀ ਬਣਵਾਈਆਂ ਗਈਆਂ। ਜੋ ਸਿਰਫ ਵੱਡੇ ਗੁਰਪੁਰਬਾਂ ਤੇ ਜਲੌ ਸਮੇਂ ਹੀ ਲਗਦੀਆਂ ਹਨ।

### ਸੰਗ-ਮਰਮਰ ਦਾ ਕੰਮ–

੧– ਸ੍ਰੀ ਹਰਿਮੰਦਰ ਸਾਹਿਬ ਦੀਆਂ ਚੌਹਾਂ ਕੰਧਾਂ ਦੇ ਅੰਦਰਵਾਰ ਅਤੇ ਬਾਹਰਵਾਰ ਹੇਠ ਤੋਂ ਉੱਪਰ ੧੨-੧੨ ਫੁੱਟ ਸੰਗਮਰਮਰ ਦਾ ਪੱਥਰ ਮਹਾਰਾਜਾ ਰਣਜੀਤ ਸਿੰਘ ਨੇ ਲਗਵਾਇਆ। ਬਾਹਰਲੇ ਪਾਸੇ ਲੱਗੇ ਸੰਗਮਰਮਰ ਉੱਪਰ ਗੁਲਕਾਰੀ, ਨਕਾਸ਼ੀ, ਹਕੀਕ, ਨੀਲਮ,ਹੀਰੇ, ਪੰਨੇ ਤੇ ਚੁੰਨੀ ਆਦਿ ਨਾਲ ਮੀਨਾਕਾਰੀ ਕੀਤੀ ਹੋਈ ਹੈ। ਉਸ ਸਮੇਂ ਇਸ ਸੰਗ-ਮਰਮਰ ਦੀ ਕੀਮਤ (੨੧੦੦੦) ਇੱਕੀ ਹਜ਼ਾਰ ਰੁਪਏ ਸੀ।

੨– ਚੌਹਾਂ ਦਰਵਾਜ਼ਿਆਂ ਦੀਆਂ ਚੁਗਾਠਾਂ ੧੮੯੪ ਬਿ: ਵਿੱਚ ਸੰਗ-ਮਰਮਰ ਦੀਆਂ ਬਣਵਾਈਆਂ, ਜਿਨ੍ਹਾਂ ਉੱਪਰ (੮੨੬੯੨) ਬਿਆਸੀ ਹਜ਼ਾਰ ਛੇ ਸੌ ਬਾਨਵੇ ਰੁਪਏ ਖਰਚ ਆਇਆ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲਾ ਫਰਸ਼ ਤੇ ਸਰੋਵਰ ਦੇ ਪੌੜਾਂ ਉੱਪਰ ਸੰਗ-ਮਰਮਰ ੧੮੮੪ ਬਿ: ਵਿੱਚ ਮਹਾਰਾਜੇ ਨੇ ਲਗਵਾਇਆ।

੩– ਛੋਟੀ ਪ੍ਰਕਰਮਾ ਦਾ ਵਡਮੁੱਲਾ ਸੰਗ-ਮਰਮਰੀ ਫਰਸ਼ ਸ: ਲਹਿਣਾ ਸਿੰਘ ਮਜੀਠੀਏ ਨੇ ਦਸ

ਹਜ਼ਾਰ ਰੁਪਇਆ ਖਰਚ ਕੇ ੧੮੯੧ ਬਿ: ਵਿੱਚ ਲਗਵਾਇਆ । ਇਸ ਦੀਆਂ ਚੌਹਾਂ ਨੁਕਰਾਂ 'ਤੇ ਚਾਰ ਬੰਗਲੇ, ਦੋ-ਦੋ ਬੁਰਜੀਆਂ, ਹਰ ਦੋ ਬੁਰਜੀਆਂ ਵਿਚਕਾਰ ਪੰਜ-ਪੰਜ ਸਫੈਦ ਸੰਗ-ਮਰਮਰ ਦੇ ਪਿੰਜਰੇ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਏ ।

੪- ਪੁਲ ਦਾ ਚਿੱਟੇ ਕਾਲੇ ਰੰਗ ਦੇ ਸੰਗ-ਮਰਮਰ ਦਾ ਫਰਸ਼, ਦੋਹੀਂ ਪਾਸੀਂ ੧੦-੧੦ ਚਿੱਟੇ ਸੰਗ-ਮਰਮਰ ਦੀਆਂ ਬੁਰਜੀਆਂ, ਹਰ ਦੋ ਬੁਰਜੀਆਂ ਦੇ ਵਿਚਕਾਰ ਪੰਜ-ਪੰਜ ਤਾਕਚੇ ਜਾਲੀਦਾਰ ਸੰਗ-ਮਰਮਰ ਦੇ ਛੋਟੀਆਂ ਬੁਰਜੀਆਂ ਸਮੇਤ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਏ। ਇਹ ਸਾਰਾ ਕੰਮ ੧੮੯੨ ਬਿ: ਵਿੱਚ ਹੋਇਆ ।

੫- ਪੁਲ ਦੀ ਉੱਤਰੀ ਕਤਾਰ ਵਿੱਚ ਇਕ ਧੁੱਪ-ਘੜੀ, ਸੰਗ-ਮਰਮਰ ਦੀ ਬੁਰਜੀ ਸਮੇਤ ਸ: ਲਹਿਣਾ ਸਿੰਘ ਮਜੀਠੀਏ ਨੇ ਆਪਣੇ ਹੱਥਾਂ ਨਾਲ ਸੰ: ੧੯੦੮ ਵਿੱਚ ਬਣਾਈ ।

## ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ-

ਸੰਮਤ ੧੮੯੬ ਹਾੜ ਸੁਦੀ ਇਕਾਦਸ਼ੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਮਗਰੋਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦਾ ਕੰਮ ਮਹਾਰਾਜਾ ਖੜਗ ਸਿੰਘ ਜੀ ਨੇ ਓਸੇ ਤਰ੍ਹਾਂ ਜਾਰੀ ਰੱਖਿਆ । ਉਨ੍ਹਾਂ ਨੇ ਪੰਜਾਹ ਹਜ਼ਾਰ ਰੁਪਏ ਦਾ ਸੰਗਮਰਮਰ ਮੰਗਵਾਇਆ ਜਿਸ ਨਾਲ ਪੰਜ ਸੌ ਕਾਰੀਗਰ ਤੇ ਅੱਠ ਸੌ ਮਜ਼ਦੂਰਾਂ ਨੂੰ ਲਾ ਕੇ ਬੜੀ ਕੋਸ਼ਿਸ਼ ਤੇ ਪਿਆਰ ਨਾਲ ਦਰਸ਼ਨੀ ਡਿਊਢੀ ਤੋਂ ਅਕਾਲ ਬੁੰਗੇ ਤੱਕ ਦਾ ਚੌਕ, ਫੁਵਾਰਾ, ਫਰਸ਼, ਥੰਮ, ਘੜਿਆਲ ਅਤੇ ਬੁੰਗਾ ਤਿਆਰ ਕਰਵਾਇਆ । ਉਨ੍ਹਾਂ ਦਿਨਾਂ ਵਿੱਚ ਹੀ ਸ੍ਰੀ ਦਰਬਾਰ ਸਾਹਿਬ ਦੀ ਬਾਕੀ ਸੇਵਾ(ਪੌੜ, ਫਰਸ਼, ਸਰਕਾਰੀ ਬੁੰਗੇ ਤੱਕ, ਦਰਸ਼ਨੀ ਦਰਵਾਜ਼ੇ ਅਤੇ ਅਕਾਲ ਤਖ਼ਤ ਦੇ ਬੇਲ ਬੂਟੇ ਆਦਿ) ਕੰਵਰ ਨੌਨਿਹਾਲ ਸਿੰਘ ਦੀ ਮਰਜ਼ੀ ਅਨੁਸਾਰ ਹੁੰਦੀ ਰਹੀ ।

ਕੰਵਰ ਸਾਹਿਬ ਦਾ ਵੀਚਾਰ ਬਣ ਚੁੱਕਾ ਸੀ ਕਿ ਇਸੇ ਤਰ੍ਹਾਂ ਦੀ ਪ੍ਰਕਰਮਾ ਅਤੇ ਏਸੇ ਤਰ੍ਹਾਂ ਦਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵੀ ਤਿਆਰ ਕੀਤਾ ਜਾਵੇ । ਇਸੇ ਖਿਆਲ ਨਾਲ ਕੰਵਰ ਸਾਹਿਬ ਨੇ ਮਿਸਤਰੀ ਅਹਿਮਦ ਯਾਰ ਖਾਨ ਦੀ ਰਾਹੀਂ ਜੋਧਪੁਰ ਤੋਂ ਸੱਤ ਲੱਖ ਦਾ ਸੰਗ-ਮਰਮਰ ਮੰਗਵਾ ਲਿਆ ਸੀ ਪਰ ਮਹਾਰਾਜਾ ਖੜਗ ਸਿੰਘ ਅਤੇ ਕੰਵਰ ਨੌ-ਨਿਹਾਲ ਸਿੰਘ ਦੇ ਇਕੋ ਦਿਨ ਗੁਰਪੁਰੀ ਸਿਧਾਰ ਜਾਣ ਕਰ ਕੇ ਉਹ ਸੱਤ ਲੱਖ ਰੁਪਏ ਦਾ ਜੋਧਪੁਰ ਤੋਂ ਸੈਂਕੜੇ ਗੱਡਿਆਂ ਵਿੱਚ ਮੰਗਵਾਇਆ ਸੰਗ-ਮਰਮਰ ਬਹੁਤ ਸਾਰਾ ਰਸਤੇ ਵਿੱਚ ਹੀ ਲੁਟਿਆ ਗਿਆ। ਉਸ ਵਿੱਚੋਂ ਬਹੁਤ ਥੋੜ੍ਹਾ ਹੀ ਅੰਮ੍ਰਿਤਸਰ ਪੁੱਜਾ ।

ਉਨ੍ਹਾਂ ਤੋਂ ਮਗਰੋਂ ਕੰਵਰ ਸਾਹਿਬ ਦੀ ਮਾਤਾ ਮਹਾਰਾਣੀ ਚੰਦ ਕੌਰ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਨੂੰ ਉਸੇ ਤਰ੍ਹਾਂ ਜਾਰੀ ਰੱਖਿਆ । ਸੰਮਤ ੧੮੯੯ ਬਿਕ੍ਰਮੀ ਵਿੱਚ ਮਹਾਰਾਜਾ ਸ਼ੇਰ ਸਿੰਘ ਦੇ ਚਲਾਣੇ ਪਿੱਛੋਂ ਰਾਜਾ ਹੀਰਾ ਸਿੰਘ ਨੇ ਕੁਝ ਧਿਆਨ ਨਾ ਦਿੱਤਾ ਜਿਸ ਕਰ ਕੇ ਸੇਵਾ ਦਾ ਕੰਮ ਇਕ ਸਾਲ ਬੰਦ ਰਿਹਾ । ਸੰਮਤ ੧੯੦੦ ਦੇ ਪੋਹ ਨੂੰ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਪਿੱਛੋਂ ਸ: ਜਵਾਹਰ ਸਿੰਘ ਨੇ ਭਾਈ ਪ੍ਰਦੁਮਨ ਸਿੰਘ ਗਿਆਨੀ ਦੀ ਰਾਹੀਂ ਫੇਰ ਇਮਾਰਤ ਦਾ ਕੰਮ ਆਰੰਭ ਕੀਤਾ ਅਤੇ ਪਝੱਤਰ ਹਜ਼ਾਰ ਦੀ ਜਾਗੀਰ ਤੋਂ ਛੁੱਟ ਹੋਰ ਖਰਚ ਆਦਿ ਲਈ ਪੰਜ ਹਜ਼ਾਰ ਸਾਲਾਨਾ ਸ੍ਰੀ ਦਰਬਾਰ ਸਾਹਿਬ ਦੀ ਮੁਰੰਮਤ ਵਾਸਤੇ ਸਦਾ ਲਈ ਲਾ ਦਿੱਤਾ । ਸੰਮਤ ੧੯੦੬ ਬਿ: ਸਰਕਾਰ ਅੰਗਰੇਜ਼ੀ ਦੇ ਸਮੇਂ ਵੀ ਇਹ ਕੰਮ ਉਸੇ ਤਰ੍ਹਾਂ ਜਾਰੀ ਰਿਹਾ । ਗਿਆਨੀ

ਗਿਆਨ ਸਿੰਘ ਜੀ ਲਿਖਦੇ ਹਨ ਕਿ ਹੁਣ ਸੰਮਤ ੧੯੭੨ ਅਰਥਾਤ ੧੯੧੫ ਈ: ਵਿੱਚ ਇਮਾਰਤ ਦੀ ਮੁਰੰਮਤ ਲਈ ਸਾਲਾਨਾ ਜਗੀਰ ਛੇ ਹਜ਼ਾਰ ਰੁਪਏ ਮਿਲਦੀ ਹੈ। ਜੋ ਭਾਈ ਪ੍ਰਦੁਮਨ ਸਿੰਘ ਗਿਆਨੀ ਦੇ ਸਪੁੱਤਰ ਭਾਈ ਗੁਰਬਖਸ਼ ਸਿੰਘ ਗਿਆਨੀ ਦੀ ਰਾਹੀਂ ਇਮਾਰਤ ਦੀ ਮੁਰੰਮਤ ਤੇ ਖਰਚ ਕੀਤੀ ਜਾਂਦੀ ਹੈ।

*(ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿ: ਗਿਆਨ ਸਿੰਘ-ਪੰਨਾ ੨੨-੨੩)*

## ਸਰੋਵਰ ਦੇ ਚੁਫੇਰੇ ਵੱਡੀ ਪ੍ਰਕਰਮਾ ਵਿੱਚ ਲੱਗੇ

**ਸੰਗ-ਮਰਮਰ ਦਾ ਵੇਰਵਾ :**

੧. ਮਹਾਰਾਜਾ ਸ਼ੇਰ ਸਿੰਘ ਜੀ ਨੇ ਦਰਸ਼ਨੀ ਦਰਵਾਜ਼ੇ ਤੋਂ ਬੇਰ ਬਾਬਾ ਬੁੱਢਾ ਜੀ ਤੱਕ ਸਰੋਵਰ ਦੀ ਪ੍ਰਕਰਮਾ ਵਿੱਚ ੧੮੯੭ ਬਿ: ਨੂੰ ਇਕ ਲੱਖ ਤੀਹ ਹਜ਼ਾਰ ਰੁਪਏ ਨਾਲ ਸੰਗ-ਮਰਮਰ ਲਗਵਾਇਆ।

੨. ਭਾਈ ਪ੍ਰਦੁਮਨ ਸਿੰਘ ਜਾਗੀਰਦਾਰ ਸ੍ਰੀ ਦਰਬਾਰ ਸਾਹਿਬ ਨੇ ਬਾਬੇ ਦੀ ਬੇਰ ਤੋਂ ਇਸ਼ਨਾਨ ਘਰ (ਪੌਣੇ) ਤੱਕ ਸੰਮਤ ੧੯੧੬ ਤੋਂ ੧੯੨੦ ਤੱਕ ਪੰਦਰਾਂ ਹਜ਼ਾਰ ਰੁਪਏ ਨਾਲ ਸੰਗ-ਮਰਮਰ ਦਾ ਫਰਸ਼, ਪੌੜੀਆਂ ਸਮੇਤ ਬਣਵਾਇਆ।

੩. ਰਿਆਸਤ ਕਪੂਰਥਲੇ ਦੇ ਮਹਾਰਾਜਾ ਰਣਧੀਰ ਸਿੰਘ ਨੇ ਇਸ਼ਨਾਨ ਘਰ (ਪੌਣੇ) ਤੋਂ ਅਠਸਠ ਘਾਟ ਤੱਕ ਸੰਮਤ ੧੯੨੩ ਤੋਂ ੧੯੨੪ ਬਿ: ਤੱਕ ਬਾਈ ਹਜ਼ਾਰ ਰੁਪਏ ਖਰਚ ਕੇ ਸੰਗਮਰਮਰ ਦੀ ਪ੍ਰਕਰਮਾ ਬਣਵਾਈ। ਜਿਥੇ-ਜਿਥੇ ਚਿੱਟੇ ਪੱਥਰ ਵਿੱਚ ਲਾਲ ਪੱਥਰ ਲੱਗਾ ਹੋਇਆ ਸੀ ਉਹ ਸਾਰਾ ਆਹਲੂਵਾਲੀਆ ਸਰਦਾਰਾਂ ਦਾ ਲਗਵਾਇਆ ਹੋਇਆ ਸੀ। ਮਹਾਰਾਜੇ ਰਣਧੀਰ ਸਿੰਘ ਨੇ ੧੯ ਰੁਪਏ ਫੀ ਮੁੱਰਬਾ ਗਜ਼ ਦੇ ਹਿਸਾਬ ਨਾਲ ਸੰਗਮਰਮਰ ਲਗਵਾਇਆ।

੪. ਰਿਆਸਤ ਦੇ ਜੀਂਦ ਮਹਾਰਾਜਾ ਰਘਬੀਰ ਸਿੰਘ ਨੇ ਗੁਰੂ ਕੇ ਬਾਗ ਦੇ ਛੋਟੇ ਰਸਤੇ ਤੋਂ ਮਜੀਠੀਆਂ ਦੇ ਬੁੰਗੇ ਤੱਕ ੧੯੩੯ ਬਿ: ਤੋਂ ਸੰਮਤ ੧੯੪੪ ਬਿ: ਤੱਕ ਇਕ ਲੱਖ ਰੁਪਏ ਦੀ ਲਾਗਤ ਨਾਲ ਪ੍ਰਕਰਮਾ ਦਾ ਸੰਗਮਰਮਰ ਦਾ ਫਰਸ਼ ਲਗਵਾਇਆ। ਮਹਾਰਾਜੇ ਨੇ ਪੰਜ ਰੁਪਏ ਫੀ ਮੁਰੱਬਾ ਗਜ਼ ਦੇ ਹਿਸਾਬ ਨਾਲ ਸੰਗਮਰਮਰ ਲਗਵਾਇਆ।

੫. ਭਾਗੋਵਾਲੀਏ ਸ: ਭਾਗ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਜਾਗੀਰ ਵਿੱਚੋਂ ਬੁੰਗਾ ਮਜੀਠੀਆਂ ਤੋਂ ਬੁੰਗਾ ਜਮਾਂਦਾਰ ਤੱਕ ੧੯੪੪ ਬਿ: ਤੋਂ ੧੯੫੦ ਬਿ: ਤੱਕ ਸੰਗ-ਮਰਮਰ ਦਾ ਫਰਸ਼ ਲਗਵਾਇਆ।

੬. ਜਾਗੀਰਦਾਰ ਰਾਇ ਕਲਿਆਨ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਜਾਗੀਰ ਵਿੱਚੋਂ ਬੁੰਗੇ ਜਮਾਦਾਰ ਤੋਂ ਬੁੰਗਾ ਮੀਰਾਂ ਕੋਟੀਏ ਤੱਕ ਪੌੜੀਆਂ ਸਮੇਤ ਪ੍ਰਕਰਮਾ ਦਾ ਫਰਸ਼ ਸੰਗਮਰਮਰ ਦਾ ਬਣਵਾਇਆ।

੭. ਸ੍ਰੀ ਦਰਬਾਰ ਸਾਹਿਬ ਦੀ ਜਾਗੀਰ ਵਿੱਚੋਂ ਅਠਸਠ ਘਾਟ ਦੀਆਂ ਪੌੜੀਆਂ ਤਿਆਰ ਹੋਈਆਂ।

੮. ਤੁਲਸੀ ਰਾਮ ਭਗਤ ਰਾਮ ਸ਼ਾਹੂਕਾਰਾਂ ਨੇ ਦੁੱਖ ਭੰਜਨੀ ਬੇਰ ਦੀਆਂ ਪੌੜੀਆਂ ਬਣਵਾਈਆਂ।

੯. ਗਿਆਨੀ ਗੁਰਬਖਸ਼ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਜਾਗੀਰ ਵਿੱਚੋਂ ਬੁੰਗਾ ਮੀਰਾਂ

ਕੋਟੀਏ ਤੋਂ ਲੈ ਕੇ ਬੁੰਗਾ ਮਾਨਾਂਵਾਲਾ ਤੋਂ ਅੱਗੇ ਤੱਕ ਸਿਰਫ਼ ਤਿੰਨ ਪੌੜੀਆਂ ਸੰਮਤ ੧੯੫੧ ਵਿੱਚ ਬਣਵਾਈਆਂ ।

*(ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿ: ਗਿਆਨ ਸਿੰਘ ਪੰਨਾ ੫੭-੫੮)*

ਸਿੱਖ ਰਾਜ ਤੋਂ ਬਾਅਦ ਅੰਗਰੇਜ਼ੀ ਸਰਕਾਰ ਸਮੇਂ ਕੋਈ ਵਿਸ਼ੇਸ਼ ਸੇਵਾ ਨਹੀਂ ਹੋਈ । ਕੋਈ ਇੱਕਾ ਦੁੱਕਾ ਸਿੱਖ ਸਰਦਾਰ ਜਾਂ ਸਿੱਖ ਰਿਆਸਤਾਂ ਦੇ ਰਾਜਿਆਂ ਵੱਲੋਂ ਕੁਝ ਸੁਨਹਿਰੀ ਜਾਂ ਚਾਂਦੀ ਦੀ ਸੇਵਾ ਹੁੰਦੀ ਰਹੀ । ਜਾਂ ਫਿਰ ਦਾਨੀ ਸੱਜਣਾਂ ਵੱਲੋਂ ਸੰਗਮਰਮਰ ਦੀ ਸੇਵਾ ਸ਼ੁਰੂ ਰਹੀ ਜੋ ਸੰਗਮਰਮਰ ਦੀਆਂ ਸਿਲਾਂ ਉੱਪਰ ਲਿਖੇ ਸੰਗਤਾਂ ਦੇ ਨਾਵਾਂ ਤੋਂ ਸਪਸ਼ਟ ਹੈ ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਉੱਪਰਲੀ ਮੰਜ਼ਲ ਵਿੱਚ ਹੋਏ ਚਿਤ੍ਰਕਾਰੀ ਦੇ ਕੰਮ ਦੀ ਮੁਰੰਮਤ ਜ਼ਰੂਰ ਹੁੰਦੀ ਰਹੀ । ਇਕ ਦੋ ਨਕਾਸ਼ ਹਰ ਰੋਜ਼ ਇਸ ਸੇਵਾ ਉੱਪਰ ਨੀਅਤ ਕੀਤੇ ਹੋਏ ਸਨ ।

## ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਸਮੇਂ :

ਆਰੰਭ ਵਿੱਚ ਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਤੇ ਸੰਗਮਰਮਰੀ ਇਮਾਰਤ ਲਈ ਕਿਸੇ ਵਿਸ਼ੇਸ਼ ਸੇਵਾ ਦੀ ਤਾਂ ਲੋੜ ਹੀ ਨਹੀਂ ਸੀ । ਦੋ ਨਕਾਸ਼ਾਂ ਦੀ ਡਿਊਟੀ ਜ਼ਰੂਰ ਸੀ, ਜੋ ਚਿਤ੍ਰਕਾਰੀ ਦੇ ਕੰਮ ਵਿੱਚ ਮੁਰੰਮਤ ਕਰਦੇ ਰਹਿੰਦੇ ਸਨ । ਲਗ-ਭਗ ੧੯੫੫ ਈ: ਬਾਅਦ ਗੱਚ ਤੇ ਨਕਾਸ਼ੀ ਦੇ ਸਾਰੇ ਹਿੱਸੇ ਨਵੇਂ ਸਿਰੇ ਤੋਂ ਦੋਬਾਰਾ ਬਨਾਉਣੇ ਸ਼ੁਰੂ ਕੀਤੇ ਕਿਉਂਕਿ ਪਹਿਲੇ ਕੰਮ ਦਾ ਰੰਗ ਫਿੱਕਾ ਪੈ ਚੁੱਕਾ ਸੀ ਜਾਂ ਯਾਤਰੂਆਂ ਦੇ ਕੰਧਾਂ ਉੱਪਰ ਹੱਥ ਲਾਉਣ ਕਰ ਕੇ ਚਿੱਤ੍ਰਾਂ ਦੀਆਂ ਸ਼ਕਲਾਂ ਘਸ ਚੁੱਕੀਆਂ ਸਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੀਤੇ ਫੈਸਲੇ ਅਨੁਸਾਰ ਉੱਪਰਲੀ ਮੰਜ਼ਲ ਦੀਆਂ ਬਾਹਰਲੀਆਂ ਕੰਧਾਂ ਤੇ ਅੰਦਰਲੇ ਥੰਮ੍ਹਾਂ ਉੱਪਰ ਦੋਬਾਰਾ ਨਕਾਸ਼ੀ ਕਰਵਾ ਕੇ ਉਨ੍ਹਾਂ ਉੱਪਰ ਚਿੱਟੇ ਸ਼ੀਸ਼ੇ ਇਸ ਤਰ੍ਹਾਂ ਜੜ ਦਿੱਤੇ ਗਏ ਕਿ ਹੁਣ ਯਾਤਰੂਆਂ ਦੇ ਹੱਥ ਲਾਉਣ ਨਾਲ ਵੀ ਉਹ ਚਿੱਤ੍ਰ ਮੈਲੇ ਨਹੀਂ ਹੁੰਦੇ ਤੇ ਸ਼ੀਸ਼ੇ ਦੇ ਵਿੱਚ ਦੀ ਉਨ੍ਹਾਂ ਚਿਤ੍ਰਾਂ ਦੀ ਚਮਕ-ਦਮਕ ਦਰਸ਼ਕਾਂ ਨੂੰ ਵਧੇਰੇ ਖਿੱਚ ਪਾਉਂਦੀ ਹੈ ।

## ਦੋਬਾਰਾ ਸੁਨਹਿਰੀ ਕੰਮ :

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਲੱਗਾ ਹੋਇਆ ਸੋਨਾ ਕਾਫੀ ਮੈਲਾ ਹੋ ਗਿਆ ਸੀ । ੧੯੬੫ ਈ: ਵਿੱਚ ਸੰਤ ਫ਼ਤਹ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸੋਨੇ ਨੂੰ ਧੋਣ ਦਾ ਫ਼ੈਸਲਾ ਕਰ ਲਿਆ । ਸੋਨਾ ਧੋਣ ਦਾ ਮਸਾਲਾ ਲਾ ਕੇ ਸੁੱਚੇ ਤੇ ਪਵਿਤ੍ਰ ਜਲ ਨਾਲ ਵੱਡੇ ਗੁੰਬਦ ਦੇ ਉੱਪਰ ਤੇ ਹੇਠ ਕੰਧਾਂ ਤੱਕ ਬਾਹਰੋਂ ਅਤੇ ਅੰਦਰੋਂ ਸਾਰਾ ਸੋਨਾ ਧੋ ਦਿੱਤਾ ਗਿਆ, ਜਿਸ ਨਾਲ ਸੋਨੇ ਵਿੱਚ ਕਾਫ਼ੀ ਚਮਕ ਆ ਗਈ ਪਰ ਬਾਅਦ ਵਿੱਚ ਉਹ ਚਮਕ ਮੱਧਮ ਹੋਣੀ ਸ਼ੁਰੂ ਹੋ ਗਈ । ਜਦ ਸੋਨੇ ਨੂੰ ਧੋਣ ਵਾਲੇ ਮਾਹਰਾਂ ਤੋਂ ਰਾਇ ਲਈ, ਤਾਂ ਉਨ੍ਹਾਂ ਕਿਹਾ ਕਿ ਜਿਹੜਾ ਮਸਾਲਾ ਸੋਨਾ ਧੋਣ ਲਈ ਵਰਤਿਆ ਗਿਆ, ਉਹ ਠੀਕ ਨਹੀਂ ਸੀ । ਉਸ ਨੇ ਤਾਂਬੇ ਦੇ ਪੱਤ੍ਰਿਆਂ ਉੱਪਰ ਚੜ੍ਹਿਆ ਹੋਇਆ ਸੋਨਾ ਲਾਹ ਦਿੱਤਾ ਹੈ । ਇਸ ਲਈ ਸੋਨਾ ਨਵੇਂ ਸਿਰੇ ਤੋਂ ਚੜ੍ਹਾਇਆ ਜਾਣਾ ਚਾਹੀਦਾ ਹੈ ।

ਦਾਸ ਨੇ ੧੯੭੪ ਈ: ਵਿੱਚ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਸੰਭਾਲੀ, ਤਾਂ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਨਾਲ ਸ੍ਰੀ ਹਰਿਮੰਦਰ ਸਾਹਿਬ ਉੱਪਰ ਦੋਬਾਰਾ ਸੋਨਾ ਚੜ੍ਹਾਉਣ ਲਈ ਵੀਚਾਰਾਂ ਕੀਤੀਆਂ । ਸਾਰੇ ਸਿੰਘ ਸਾਹਿਬਾਨ, ਪ੍ਰਧਾਨ ਸਾਹਿਬ, ਸਕੱਤਰ ਸਾਹਿਬ ਤੇ ਐਗਜੈਕਟਿਵ ਮੈਂਬਰਾਂ ਨੇ ਸਰਬ

ਸੰਮਤੀ ਨਾਲ ਨਵਾਂ ਸੋਨਾ ਚੜ੍ਹਾਉਣ ਦਾ ਫੈਸਲਾ ਕਰ ਦਿੱਤਾ ਪਰ ਫਿਰ ਮਸਲਾ ਇਹ ਖੜਾ ਹੋਇਆ ਕਿ ਇਹ ਸੇਵਾ ਕਿਸ ਵਿਅਕਤੀ ਵਿਸ਼ੇਸ਼ ਨੂੰ ਸੌਂਪੀ ਜਾਵੇ, ਤਾਂ ਦਾਸ ਨੇ ਸੇਵਾ ਦੇ ਪੁੰਜ ਸੰਤ ਕਰਤਾਰ ਸਿੰਘ ਜੀ 'ਠੱਟੇ ਟਿੱਬੇ ਵਾਲਿਆਂ' ਦਾ ਨਾਮ ਪੇਸ਼ ਕੀਤਾ ਤੇ ਕਿਹਾ ਕਿ ਉਨ੍ਹਾਂ ਨੇ ਇਸ ਤੋਂ ਪਹਿਲਾਂ ਜਿਥੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਬਹੁਤ ਵੱਡੀ ਇਮਾਰਤ ਦੀ ਸੇਵਾ ਕਰਵਾਈ ਹੈ, ਉਥੇ ਤਖ਼ਤ ਸਾਹਿਬ ਦੇ ਗੁੰਬਦ ਉੱਪਰ ਸੋਨਾ ਚੜ੍ਹਾਉਣ ਦੀ ਵੀ ਸੇਵਾ ਕੀਤੀ ਹੈ। ਸੁਲਤਾਨਪੁਰ ਲੋਦੀ ਦੇ ਗੁਰਦੁਆਰਿਆਂ ਦੀ ਇਮਾਰਤੀ ਸੇਵਾ ਦੇ ਨਾਲ-ਨਾਲ ਸੋਨੇ ਦੀ ਸੇਵਾ ਕਰਾਉਣ ਦਾ ਵੀ ਉਨ੍ਹਾਂ ਨੂੰ ਕਾਫ਼ੀ ਤਜ਼ਰਬਾ ਹੈ । ਸਾਰੇ ਮੇਰੀ ਰਾਇ ਨਾਲ ਸਹਿਮਤ ਹੋ ਗਏ । ਸੰਤ ਕਰਤਾਰ ਸਿੰਘ ਜੀ ਨੂੰ ਇਹ ਸੇਵਾ ਸੰਭਾਲਣ ਦਾ ਸ਼੍ਰੋਮਣੀ ਕਮੇਟੀ ਨੇ ਮਤਾ ਕਰ ਦਿੱਤਾ ਤੇ ਸੰਤਾਂ ਪਾਸ ਕਮੇਟੀ ਦੇ ਮੁਖੀ ਸਿੰਘਾਂ ਨੇ ਜਾ ਕੇ ਬੇਨਤੀ ਕੀਤੀ । ਸੰਤ ਜੀ ਉਸ ਸਮੇਂ ਗੁਰਦੁਆਰਾ ਮੰਜੀ ਸਾਹਿਬ ਦੇ ਦੀਵਾਨ ਹਾਲ ਦੀ ਸੇਵਾ ਕਰਵਾ ਰਹੇ ਸਨ । ਪਹਿਲਾਂ ਤਾਂ ਉਨ੍ਹਾਂ ਇਸ ਕਠਨ ਸੇਵਾ ਨਿਭਾਉਣ ਤੋਂ ਅਸਮਰਥਾ ਪ੍ਰਗਟ ਕੀਤੀ ਪਰ ਸਾਡੇ ਸਾਰਿਆਂ ਦੀ ਬੇਨਤੀ ਕਰਨ 'ਤੇ ਆਪ ਮੰਨ ਗਏ ।

ਸ੍ਰੀ ਹਰਿਮੰਦਰ ਸਾਹਿਬ ਦੇ ਗੁੰਬਦ 'ਚੋਂ ਕੁਝ ਪੱਤਰੇ ਖੋਲ੍ਹ ਕੇ ਗਰਮ ਕਰ ਕੇ ਉਨ੍ਹਾਂ ਵਿੱਚ ਪਏ ਵੱਲ-ਵਿੰਗ ਸਿੱਧੇ ਕੀਤੇ । ਪਹਿਲੇ ਦਿਨ ਸੋਨਾ ਚੜ੍ਹਾਉਣ ਦੀ ਰਸਮ ਆਰੰਭ ਕਰਨ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਹੋਣ ਦੇ ਨਾਤੇ ਸੰਤ ਜੀ ਨੇ ਦਾਸ ਪਾਸੋਂ ਅਰਦਾਸ ਕਰਵਾਈ ਤੇ ਤਾਂਬੇ ਦੇ ਪੱਤਰੇ ਉੱਪਰ ਸੋਨੇ ਦਾ ਪਹਿਲਾ ਵਰਕ ਚੜ੍ਹਾਇਆ, ਜਿਸ ਤੋਂ ਇਹ ਕਾਰਜ ਆਰੰਭ ਹੋ ਗਿਆ । ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਤੇ ਅੰਦਰ ਜੋ ਇਸ ਵਕਤ ਸੋਨਾ ਚੜ੍ਹਿਆ ਹੋਇਆ ਦਿਸਦਾ ਹੈ, ਇਹ ਸਾਰਾ ਸੰਤ ਕਰਤਾਰ ਸਿੰਘ ਜੀ ਰਾਹੀਂ ਚੜ੍ਹਿਆ ਹੈ। ਤਾਂਬੇ ਦੇ ਪੱਤ੍ਰਿਆਂ ਉੱਪਰ ਛੇ-ਛੇ ਵਰਕ ਸੋਨੇ ਦੇ ਚੜ੍ਹੇ ਹੋਏ ਹਨ । ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪੂਰਬ-ਦੱਖਣ ਦੀ ਕੋਠੜੀ ਵਿੱਚ ਛੱਤ 'ਤੇ ਸਿਰਫ ਤਾਂਬਾ ਚੜ੍ਹਿਆ ਹੋਇਆ ਸੀ ਤੇ ਪੱਛਮ-ਦੱਖਣ ਦੀ ਕੋਠੜੀ ਦੇ ਅੱਧੇ ਹਿੱਸੇ ਵਿੱਚ ਤਾਂਬੇ ਉੱਪਰ ਸੋਨਾ ਨਹੀਂ ਸੀ ਚੜ੍ਹਿਆ । ਇਨ੍ਹਾਂ ਦੋਹਾਂ ਥਾਵਾਂ 'ਤੇ ਪਹਿਲੀ ਵਾਰ ਸੋਨਾ ਚੜ੍ਹਾਇਆ ਗਿਆ । ਇਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਤਿੰਨੀ ਪਾਸੀਂ ਜੋ ਤਾਂਬੇ ਦਾ ਛੋਟਾ ਜੰਗਲਾ ਲੱਗਾ ਹੋਇਆ ਹੈ, ਉਸ ਦਾ ਸੋਨਾ ਬਿਲਕੁਲ ਲੱਥਾ ਹੋਇਆ ਸੀ, ਉਸ ਉੱਪਰ ਵੀ ਸੰਤ ਜੀ ਨੇ ਸੋਨਾ ਚੜ੍ਹਾਇਆ । ਇਹ ਸੁਨਹਿਰੀ ਜੰਗਲਾ ੧੯੩੬ ਈ: ਵਿੱਚ ਭਾਈ ਕਾਲੂ ਸਿੰਘ, ਸੁੰਦਰ ਸਿੰਘ ਨੇ ਬਣਵਾਇਆ ਤੇ ਸੁਨਹਿਰੀ ਕਰਵਾਇਆ ਸੀ ।

ਨੀਲਾ ਤਾਰਾ ਘਲੂਘਾਰੇ ਸਮੇਂ ੧ ਜੂਨ ੧੯੮੪ ਈ: ਨੂੰ ਸੀ. ਆਰ.ਪੀ. ਦੀਆਂ ਗੋਲੀਆਂ ਨਾਲ ਉੱਪਰਲੀ ਮੰਜ਼ਲ ਦੀਆਂ ਬਾਰੀਆਂ ਦੇ ਉੱਪਰ ਉੱਤਰ ਅਤੇ ਦੱਖਣ ਵੱਲ ਸੁਨਹਿਰੀ ਪੱਤਰਿਆਂ ਵਿੱਚ ਕਾਫ਼ੀ ਨਿਸ਼ਾਨ ਲੱਗੇ ਸਨ । ੪,੫,੬ ਜੂਨ ਨੂੰ ਫ਼ੌਜ ਦੀਆਂ ਗੋਲੀਆਂ ਦੇ ਉੱਤਰ ਦੱਖਣ ਦੀਆਂ ਕੰਧਾਂ ਵਿੱਚ ਬਾਹਰਵਾਰ ਨਿਸ਼ਾਨ ਸਨ । ਇਕ ਦੋ ਥਾਵਾਂ 'ਤੇ ਗੋਲੀਆਂ ਨਾਲ ਪੱਤਰੇ ਉੱਖੜ ਗਏ ਸਨ ਪਰ ਇਮਾਰਤ ਨੂੰ ਕੋਈ ਨੁਕਸਾਨ ਨਹੀਂ ਪੁੱਜਾ । ਕਮੇਟੀ ਨੇ ਗੋਲੀਆਂ ਦੇ ਨਿਸ਼ਾਨ ਰੀਜ਼ਰਵ ਕਰਨ ਦਾ ਫੈਸਲਾ ਕੀਤਾ ਹੈ । ਕਾਲੀ ਗਰਜ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਸੋਨੇ ਨੂੰ ਦੋਬਾਰਾ ਧੁਆਇਆ ਗਿਆ ਹੈ ।

## ਸ੍ਰੀ ਹਰਿਮੰਦਰ ਮਹਿਮਾ :

ਸਿੱਖ ਕਵੀਆਂ ਵੱਲੋਂ ਉਚਾਰੇ ਸ੍ਰੀ ਹਰਿਮੰਦਰ ਸਾਹਿਬ ਦੀ ਮਹਿਮਾ ਦੇ ਕੁਝ ਛੰਦ

ਪਾਠਕਾਂ ਦੀ ਭੇਟ ਹਨ-

**ਚੌਪਈ-** ਚਿੱਤ੍ਰਤਿ ਚਾਂਮੀਕਰ ਤੇ ਚਾਰੁ ।
ਚਾਰ ਓਰ ਮਹਿਂ ਚਮਕ ਨਿਹਾਰ ।
ਚਾਰ ਪਥਾਰਥ ਕੋ ਦਾਤਾਰ ।
ਚਾਰ ਬਰਨ ਕੋ ਜਹਾਂ ਉਚਾਰ ॥੧੫॥
ਚਾਰ ਬਰਨ ਜਹਿਂ ਬੰਦਨ ਧਾਰਿ ।
ਚਾਰੁ ਬਰਨ ਦਿਪਤਹਿਂ ਦੁਤਿ ਵਾਰ ।
ਚਾਰ ਚੱਕ੍ਰ ਮਹਿਂ ਬਿਦਤ ਉਦਾਰਿ ।
ਚਾਰ ਮੋਖ ਠਾਂਢੀ ਦਰਬਾਰ ॥੧੬॥
ਦਰਸ਼ਨੀਯ ਜੋ ਆਸ਼੍ਰਮ ਚਾਰ ।
ਚਾਰ ਬੇਦ ਜਹਿਂ ਸਾਰੁ ਉਚਾਰ ।
ਚਾਰ ਦਿਸ਼ਾ ਮਹਿਂ ਚਾਰਹੁਂ ਦ੍ਵਾਰ ।
ਸ਼੍ਰਵਣਾਦਿਕ ਸਾਧਨ ਜਹਿਂ ਚਾਰ ॥੧੭॥

*(ਸ੍ਰੀ ਗੁਰੁ ਪ੍ਰਤਾਪ ਸੂਰਜ ਰਾਸ ੨,ਅੰਸੂ ੫੬)*

**ਕਬਿੱਤ-** ਮੰਦਰ ਰਚਾਯੋ ਅਤਿ ਸੁੰਦਰ ਅਪਾਰ ਗੁਰੁ,
ਮੁਕਤਿ ਚਤੁਰ ਦਾਇ ਜਾਹਿਂ ਦ੍ਵਾਰ ਚਾਰ ਹੈਂ ।
ਚਮਕ ਦਮਕ ਚਾਰੁ ਚਾਰ ਦਿਸਹੂੰ ਤੇ ਚਾਰਿ,
ਚਾਰ ਹੀ ਬਰਨ ਆਇ ਪਾਇਂ ਫਲ ਚਾਰ ਹੈਂ ।
ਚਾਰ ਚਾਰ ਜਾਂਮ ਚਾਰ ਬਰਨ ਕੋ ਉਚਾਰ ਨਾਮ,
ਆਸ਼੍ਰਮ ਸੁ ਚਾਰ ਚੱਕ ਚਾਰ ਕੋ ਵਿਚਾਰ ਹੈਂ ।
ਸੰਪ੍ਰਦਾਇ ਚਾਰ, ਚਾਰ ਸੰਪਦਾ, ਸਾਧਨ ਚਾਰ,
ਚਾਰ ਬੇਦ ਸਾਰ, ਚਾਰ ਦਸ ਲੋਕ ਸਾਰ ਹੈ ॥੩੪॥

*(ਗਿ: ਗਿਆਨ ਸਿੰਘ ਜੀ,ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੧੯)*

**ਸਵੈਯਾ-** ਭਗਤੀ ਹਰਿ ਨਾਮ ਸਰੂਪ ਕਿਧੌਂ,
ਜਗਤਿ ਭਰ ਰੂਪਿ ਕਿ ਊਪਿ ਠਿਕਾਨੋ।
ਯਹਿ ਰਾਗਨਿ ਰੂਪ ਅਨੁਰਾਗ ਕਿਧੌਂ,
ਸੁ ਬਿਰਾਗ ਕਿ ਭਾਗ ਧਰਾ ਬਿਗਸਾਨੋ।
ਗਿਰ ਕੈ ਤੁਹਿਨਾਚਲ ਮੇਰੁ ਉਭੈ,
ਮਿਲ ਸਿੰਧ ਸੁਧਾਸਰ ਤੈ ਪ੍ਰਗਟਾਨੋ।
ਕਿਤ ਭੋਗ ਭੰਡਾਰ ਕਿ ਮੋਖ ਅਗਾਰ,
ਕਿ ਕਾਮ ਤਰੂ ਕਿ ਗੁਰੂ ਅਸਥਾਨੋ॥੩੨॥
ਨਰ ਨਾਰ ਨਖੱਤ ਭਜੈਂ ਦਿਨ ਰੈਨ;
ਸੁ ਮੈਨ ਰਤੀ ਧਰ ਕੈ ਤਨ ਮਾਨੋ ।

ਮੁਨਿ ਮਾਲ ਮਰਾਲ ਬਿਸਾਲ ਥਿਰੇ,
ਨਿਗਮਾਗਮ ਬਾਚਤਿ ਨੀਤ ਪੁਰਾਨੋ ।
ਹਮ ਚੌਦਸ ਭੌਨਨ ਮੈ ਕਤਹੂੰ,
ਸੁਨਿਓ ਨ ਪਿਖਿਓ ਬਰ ਐਸ ਠਿਕਾਨੋ ।
ਗੁਰੁ ਰੂਪ ਮਨੋ ਕਰਤਾਰ ਸਹੀ,
ਨਿਜ ਲੋਕ ਯਹੀ ਸੁ ਧਰਾ ਪਰ ਆਨੋ ॥੩੩॥
(ਉਹੀ ਪੂਰਬਾਰਧ ਬਿਸ੍ਰਾਮ ੧)

ਕਬਿੱਤ :

ਸੁੰਦਰ ਨਗੀਨੇ ਲਾਲ ਮੋਤੀ ਗਜ ਹੈਂ ਬਿਸਾਲ,
ਪੰਨਨ ਕੇ ਕਹੂੰ ਜਾਲ ਜਰੇ ਚੁਨ ਸਾਰ ਹੈਂ ।
ਹੀਰੇ ਹਰ ਲੇਤੇ ਮਨ ਮਨੀ ਜੋ ਜਰੀ ਹੈ ਖਨ,
ਕੇਤੀ ਹੈਂ ਸੁਨਾਊਂ ਗਨ ਕਹਾਂ ਲੌ ਸ਼ੁਮਾਰ ਹੈ ।
ਦਯਾ ਸਿੰਘ ਕਹੇ ਦਾਸ ਦੀਨਾ ਨਾਥ ਸੁਖ ਰਾਸਿ,
ਕਾਟੇ ਕਾਲ ਹੂੰ ਕੀ ਫਾਸਿ ਤਾਰੇ ਭਵ ਪਾਰ ਹੈ ।
ਜੋਊ ਮਨ ਕਰੇ ਆਸ ਸੋਊ ਦੇਤ ਸੁਖ ਰਾਸਿ,
ਐਸੋ ਗੁਰੁ ਰਾਮਦਾਸ ਤੇਰੋ ਦਰਬਾਰ ਹੈ ॥੧੦੩॥
ਝਮਕ ਚੰਦੋਏ ਕੀ ਦਿਖਾਈ ਦੇਤ ਦੂੰਨੀ ਚੂੰਨੀ,
ਚਮਕ ਚਰਾਗ ਕੀ ਨਿਹਾਰੀ ਜੋਤਿਦਾਰ ਹੈ ।
ਚੌਰ ਕੀ ਢੁਰਨ ਔ ਮੁਰਨ ਮਨੁ ਮੋਹਿ ਲੇਤ,
ਹਰਖ ਹਮੇਸ਼ ਦੇਤ ਦਰਸ ਅਪਾਰ ਹੈ ।
ਕਹਤ ਗੁਲਾਬ ਸਿੰਘ ਸੁੰਦਰ ਬਜਤ ਸਾਜ,
ਬੇਸ ਹੈ ਅਲਾਪ ਚਾਰ ਨਰਕ ਨਿਵਾਰ ਹੈ ।
ਅਧਮ ਉਧਾਰ ਹੈ ਸਵਾਰ ਹੈ ਸਕਲ ਸੁਖ,
ਸੋਢੀ ਪਾਤਸ਼ਾਹ ਐਸੋ ਤੇਰੋ ਦਰਬਾਰ ਹੈ ॥੧੦੫॥
ਬਨੀ ਹੈ ਬੁਲੰਦ ਮਸਨੰਦ ਘਨੀ ਸੋਭਾ ਸਨੀ,
ਤਾਫਤੇ ਕੀ ਬਾਫਤੇ ਕੀ ਬਰਸੈ ਬਹਾਰ ਹੈ ।
ਮਖਮਲ ਕੋ ਕੋਮਲ ਬਨਜੋ ਹੈ ਚੰਦੋਆ ਤਨਜੋ,
ਤਾਂ ਕੇ ਤਰੇ ਸ੍ਰੀ ਗੁਰੂ ਗ੍ਰੰਥ ਕੋ ਦੀਦਾਰ ਹੈ ।
ਕਹਤ ਗੁਲਾਬ ਸਿੰਘ ਤਾਂ ਪੈ ਫੂਲ ਫਬੀ ਛਬਿ,
ਫੈਲੇ ਫੂਲ ਚਾਰੋਂ ਓਰ ਚੌਰ ਝੁਲੇ ਚਾਰ ਹੈ ।
ਸਬਦ ਉਚਾਰ ਹੈ ਉਬਾਰ ਹੈ ਅਧਮ,
ਜਾ ਕੀ ਉਪਮਾ ਅਪਾਰ ਐਸੋ ਦਿਪੈ ਦਰਬਾਰ ਹੈ ॥੧੦੬॥
ਸੋਨੇ ਕੀ ਝਮਕ ਚਾਰੁ ਚਾਂਦੀ ਕੀ ਦਮਕ ਨੀਕੀ,

ਚੂੰਨੀ ਕੀ ਚਮਕ ਚੂੰਨੀ ਝਲਾਝਲ ਪੌਰ ਕੋ ।
ਬਨੀ ਹੈ ਬਨਾਤ ਕੀ ਕਨਾਤ ਕੋਰਦਾਰ ਕਹੂੰ,
ਬਿਲਸੈ ਫਰਸ਼ ਬੰਦ ਆਨੰਦ ਕੀ ਠੌਰ ਕੌ ।
ਕਹਤ ਗੁਲਾਬ ਸਿੰਘ ਸ਼ੀਸ਼ੇ ਕੀ ਚਿਲਤ ਲਾਲ,
ਝਾਲਰੈਂ ਝਲਕ ਔਰ ਗੌਰ ਰੰਗ ਚੌਰ ਕੋ ।
ਝਾਂਕੀ ਬਾਂਕੀ ਤਾਕੀ ਹੈ ਮੈਂ ਅਦਾ ਕੀ ਦਰਬਾਰ ਜੂ ਕੀ,
ਐਸੋ ਅਭਿਰਾਮ ਧਾਮ ਸੋਢੀ ਸਿਰਮੌਰ ਕੋ ॥੧੦੭॥
ਝਿਲਮਿਲ ਬਾਦਲੇ ਕੀ ਝਲਕੈ ਝਮਕਦਾਰ,
ਚਿਲਕੈ ਚੰਦੋਆ ਚਾਰੁ ਚਪਲਾ ਪ੍ਰਕਾਸ਼ ਕੋ ।
ਸੋਨੇ ਕੇ ਕਮਾਮ ਮੈ ਤਮਾਮ ਲਸੈਂ ਮੋਤੀ ਮਣੀ,
ਮਾਨਕ ਕੀ ਜੋਤੀ ਚੜ੍ਹ ਜਾਤ ਸੋ ਅਕਾਸ਼ ਕੋ ।
ਕਹਤ ਗੁਲਾਬ ਸਿੰਘ ਮਹਿਮਾ ਮਹਾਨ ਜਾਨ,
ਜਾਹਰ ਜਹਾਨ ਕਲਾ ਸੱਤਜਾ ਕੀਨ ਵਾਸ ਕੋ ।
ਦੇਖੈਂ ਦੌਰ ਦੇਵਤੇ ਦਿਮਾਕਦਾਰ ਐਸੋ ਧਾਮ,
ਸੋਢੀ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਕੋ ॥੧੦੮॥
ਕੈਧੋ ਤੇਜ ਦਮਕੈ ਦਿਵਾਕਰ ਕੋ ਚਾਰੋਂ ਓਰ,
ਕੈਧੋ ਬ੍ਰਹਮੰਡ ਕੇ ਅਨੰਦ ਕੀ ਨਿਕਾਈ ਹੈ ।
ਕੈਧੋ ਭੂਮਿ ਸਾਰੀ ਕੋ ਸ਼ਿਗਾਰ ਸਾਰ ਸੰਚ ਕੈ,
ਬਿਰੰਚ ਰਚਿ ਦੀਨੀ ਕੀਨੀ ਬੁਧਿ ਬਲ ਤਾਈ ਹੈ ।
ਕੈਧੋ ਯੇ ਗੁਲਾਬ ਸਿੰਘ ਦ੍ਵਾਰਿਕਾ ਸ਼ਿਤਾਬ ਦੌਰਿ;
ਈਹਾਂ ਆਇ ਬਸੀ ਵਾਂ ਕੀ ਪਰੈ ਸਰ ਝਾਂਈ ਹੈ ।
ਅਧਮ ਉਧਾਰਨ ਕੋ ਅਘਨ ਬਿਦਾਰਨ ਕੋ,
ਕੈਧੋ ਹਰਿਮੰਦਰ ਕੀ ਰਚਨਾ ਸੁਹਾਈ ਹੈ ॥੧੧੧॥

*(ਸੰਤ ਨਿਹਾਲ ਸਿੰਘ, 'ਸੁਧਾਸਰ ਸ਼ੱਤਕ ਪੱਚੀਸਾ')*

# ਸ੍ਰੀ ਹਰਿਮੰਦਰ ਸਾਹਿਬ ਜੀ ਦੇ
## ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ

### ਗ੍ਰੰਥੀ ਦੇ ਗੁਣ ਤੇ ਲੱਛਣ-

ਗ੍ਰੰਥੀ ਪਦ ਦਾ ਗੁਰਮਤਿ ਅਨੁਸਾਰ ਅਰਥ ਹੈ ਉਹ ਵਿਅਕਤੀ ਜੋ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਮੁੱਖੀ ਸੇਵਾਦਾਰ ਹੈ ਭਾਵ ਉਹ ਗੁਰਮੁਖ ਗੁਰਸਿੱਖ ਜੋ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ, ਮਹਾਂਵਾਕ ਲੈਣ ਅਤੇ ਸੁਖਾਸਣ ਕਰਨ ਆਦਿ ਦੀ ਸੇਵਾ ਵਿੱਚ ਤਤਪਰ ਰਹਿੰਦਾ ਹੈ । ਜੋ ਖੁਦ ਸ਼ਬਦ ਗੁਰੂ ਦਾ ਉਪਾਸ਼ਕ ਹੈ ਅਤੇ ਜੋ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਅਮੋਲਕ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ । ਗੁਰਬਾਣੀ ਦੇ ਸਹੀ ਅਰਥਾਂ ਅਤੇ ਭਾਵਾਂ ਨੂੰ ਆਪ ਚੰਗੀ ਤਰ੍ਹਾਂ ਸਮਝਦਾ ਅਤੇ ਦੂਜਿਆਂ ਨੂੰ ਸੋਹਣੀ ਤਰ੍ਹਾਂ ਸਮਝਾਉਣ ਦੀ ਸਮਰੱਥਾ ਰਖਦਾ ਹੈ, ਸਿੱਖ ਇਤਿਹਾਸ ਅਤੇ ਗੁਰਮਤਿ ਰਹੁ ਰੀਤੀ ਦਾ ਭਲੀ ਪ੍ਰਕਾਰ ਗਿਆਤਾ ਤੇ ਧਾਰਨੀ ਹੈ । ਜਿਸ ਨੇ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣੇ ਜੀਵਨ ਨੂੰ ਸਿੱਖੀ ਦੇ ਸਹੀ ਸਾਂਚੇ ਵਿੱਚ ਢਾਲਿਆ ਹੋਇਆ ਹੈ । ਉਸ ਦੀ ਹਰ ਗੱਲ ਅਤੇ ਹਰ ਹਰਕਤ ਵਿੱਚ ਰੂਹਾਨੀ ਰਸ ਤੇ ਆਪਾ ਗਵਾ ਕੇ ਲੋਕਾਈ ਦੇ ਭਲੇ ਦੀਆਂ ਭਾਵਨਾਵਾਂ ਡੁਲ੍ਹ-ਡੁਲ੍ਹ ਪੈਂਦੀਆਂ ਹੋਣ । ਜਿਸ ਦੇ ਦਰਸ਼ਨ ਕਰਦਿਆਂ ਸਾਰ ਦਰਸ਼ਕ ਚੰਗਾ ਉਸਾਰੂ ਪ੍ਰਭਾਵ ਗ੍ਰਹਿਣ ਕਰੇ ।

ਵਰਤਮਾਨ ਸਮੇਂ ਵਿੱਚ ਗ੍ਰੰਥੀ ਲਈ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ । ਪੰਜਾਂ ਕਕਾਰਾਂ ਦਾ ਦ੍ਰਿੜ੍ਹ ਧਾਰਨੀ, ਬੱਜਰ ਕੁਰਹਿਤਾਂ ਤੋਂ ਬਚਿਆ ਹੋਇਆ, ਤਿਆਰ-ਬਰ-ਤਿਆਰ ਖਾਲਸਾ ਹੋਣਾ ਚਾਹੀਦਾ ਹੈ । ਘੱਟੋ ਘੱਟ ਪੰਜ ਬਾਣੀਆਂ, ਰਹਰਾਸਿ ਤੇ ਸੋਹਿਲੇ ਦਾ ਨਿਤਨੇਮੀ, ਮੂਲ ਮੰਤ੍ਰ ਦਾ ਜਾਪਕ ਤੇ ਗੁਰਮੰਤ੍ਰ ਦਾ ਸਿਮਰਨ ਅਭਿਆਸੀ ਹੋਵੇ । ਆਚਰਨ ਦੀ ਪਵਿੱਤ੍ਰਤਾ, ਤਿਆਗ ਬ੍ਰਿਤੀ, ਸੇਵਾ ਭਾਵ, ਨਿੰਮ੍ਰਤਾ ਤੇ ਵੀਰਤਾ ਆਦਿ ਦੈਵੀ ਗੁਣਾਂ ਦਾ ਮਾਲਕ ਹੋਵੇ ।

ਗੁਰਬਾਣੀ ਦਾ ਬੋਧ ਤੇ ਗੁਰਮਤਿ ਵਿੱਚ ਨਿਪੁਨਤਾ ਹੋਵੇ ਭਾਵ ਸਿੱਖ ਧਰਮ ਦੇ ਧਾਰਮਕ ਇਤਿਹਾਸਕ ਸਾਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ, ਸ੍ਰੀ ਗੁਰੁ ਨਾਨਕ ਪ੍ਰਕਾਸ਼, ਸ੍ਰੀ ਗੁਰੁ ਪ੍ਰਤਾਪ ਸੂਰਜ, ਸ੍ਰੀ ਗੁਰੂ ਪੰਥ ਪ੍ਰਕਾਸ਼ (ਦੋਵੇਂ) ਸ੍ਰੀ ਗੁਰ ਬਿਲਾਸ ਪਾ: ੬ ਤੇ ਪਾ: ੧੦, ਜਨਮ ਸਾਖੀਆਂ, ਤਵਾਰੀਖ ਗੁਰੂ ਖਾਲਸਾ ਤੇ ਹੋਰ ਗੁਰਮਤਿ ਵਿਆਖਿਆਕਾਰਾਂ ਦੇ ਸਾਹਿਤ ਤੋਂ ਭਲੀ ਪ੍ਰਕਾਰ ਜਾਣੂ ਹੋਵੇ । ਦੂਸਰੇ ਮੱਤਾਂ ਤੇ ਗੁਰਮਤਿ ਦਾ ਤੁਲਨਾਤਮਕ ਅਧਿਐਨ ਕਰ ਕੇ ਗੁਰਮਤਿ ਦੀਆਂ ਵਿਸ਼ੇਸ਼ਤਾਵਾਂ ਤੋਂ ਮਨਮਤੀਆਂ ਨੂੰ ਜਾਣੂ ਕਰਵਾ ਸਕਦਾ ਹੋਵੇਂ । ਗੁਰਬਾਣੀ ਦੀ ਕਥਾ ਤੇ ਵਿਖਿਆਨ ਕਰਨ ਵਿੱਚ ਪ੍ਰਬੀਨ ਹੋਵੇ ਭਾਵ ਟਕਸਾਲੀ ਅਖੰਡ ਪਾਠੀ ਤੇ ਗਿਆਨੀ ਹੋਵੇ । ਆਵਾਜ਼ ਵਿੱਚ ਸੁਰੀਲਾਪਨ ਹੋਵੇ । ਸੁੰਦਰ, ਸ੍ਵਛ, ਸਾਦਾ, ਸਫ਼ੈਦ ਪੁਸ਼ਾਕ ਦਾ ਧਾਰਨੀ ਹੋਵੇ । ਜਿਸ ਦੇ ਦਰਸ਼ਨਾਂ ਤੋਂ ਦੈਵੀ ਪੁਰਸ਼ਾਂ ਵਾਲਾ ਪ੍ਰਭਾਵ ਪਵੇ ।

ਧਰਮ ਪ੍ਰਚਾਰ ਦੇ ਪ੍ਰਸਾਰ ਲਈ ਜੀਵਨ ਅਰਪਨ ਦੀ ਭਾਵਨਾ, ਸਿੱਖੀ, ਧਰਮ, ਪੰਥ, ਕੌਮ ਅਤੇ ਮਾਨਵਤਾ ਦੇ ਭਲੇ ਹਿਤ ਕੁਰਬਾਨੀ ਕਰਨ ਦਾ ਜ਼ਜਬਾ ਹੋਵੇ । ਗੁਰਦੁਆਰੇ ਸਾਹਿਬ ਦੀ ਸੁਬ੍ਹਾ ਤੇ ਸ਼ਾਮ ਦੀ ਮਰਯਾਦਾ ਅਤੇ ਪ੍ਰਬੰਧ ਦੀ ਸੂਝ ਤੇ ਸਮਝ ਵਾਲਾ ਹੋਵੇ। ਹਰ ਪ੍ਰਕਾਰ ਦੇ

ਦੁਨਿਆਵੀ ਗਿਆਨ ਵਿਗਿਆਨ ਵਿੱਚ ਆਮ ਰੁਚੀ ਪਰ ਰੂਹਾਨੀ ਸਾਹਿਤ ਅਤੇ ਪੰਥਕ ਮਸਲਿਆਂ ਵੱਲ ਵਿਸ਼ੇਸ਼ ਦਿਲਚਸਪੀ ਹੋਵੇ । ਗੁਰੂ-ਘਰ ਵਿੱਚ ਆਏ ਯਾਤਰੂਆਂ, ਅਭਿਆਗਤਾਂ, ਮੁਸਾਫ਼ਰਾਂ, ਗਰੀਬਾਂ ਤੇ ਲੋੜਵੰਦਾਂ ਪ੍ਰਤੀ ਵਤੀਰਾ ਸੁਘੜ, ਸੁਸ਼ੀਲ, ਨਰਮ ਤੇ ਹਮਦਰਦੀ ਭਰਿਆ ਹੋਵੇ । ਕਥਨੀ, ਕਰਨੀ, ਰਹਿਣੀ-ਬਹਿਣੀ ਅਤੇ ਸਹਿਣੀ ਦਾ ਪੂਰਾ ਸੂਰਾ ਹੋਵੇ ।

ਹਰ ਧਰਮ ਵਿੱਚ ਧਰਮ ਦੇ ਸਿਧਾਂਤਾਂ ਅਤੇ ਉਨ੍ਹਾਂ ਉੱਪਰ ਠੀਕ ਢੰਗ ਨਾਲ ਪਹਿਰਾ ਦੇਣ ਦੀ ਖਾਤਰ ਧਰਮ ਦੇ ਬਾਨੀਆਂ ਨੇ ਆਪੋ ਆਪਣੇ ਧਰਮ ਦੇ ਪ੍ਰਚਾਰ ਦਾ ਸਿਲਸਿਲਾ ਜਾਰੀ ਕੀਤਾ ਹੋਇਆ ਹੈ । ਉਨ੍ਹਾਂ ਨੇ ਧਰਮ ਦੇ ਪ੍ਰਚਾਰਕਾਂ ਦੇ ਆਪੋ ਆਪਣੇ ਨਾਮ ਰੱਖੇ ਹਨ, ਜਿਵੇਂ ਈਸਾਈਆਂ ਦੇ ਮਿਸ਼ਨਰੀ, ਮੁਸਲਮਾਨਾਂ ਦੇ ਮੌਲਵੀ, ਹਿੰਦੂਆਂ ਦੇ ਪੰਡਿਤ ਜਾਂ ਪੁਜਾਰੀ, ਯਹੂਦੀਆਂ ਦੇ ਰਬੀ, ਬੋਧੀਆਂ ਦੇ ਭਿਖਸ਼ੂ ਤੇ ਜੈਨੀਆਂ ਦੇ ਪ੍ਰਚਾਰਕ ਅਚਾਰੀਆ ਅਖਵਾਉਂਦੇ ਹਨ । ਇਨ੍ਹਾਂ ਸਾਰਿਆਂ ਦਾ ਆਪੋ ਆਪਣੇ ਧਰਮ ਵਿੱਚ ਪ੍ਰਮੁਖ ਸਥਾਨ ਹੁੰਦਾ ਹੈ, ਪਰ ਸਿੱਖ ਧਰਮ ਵਿੱਚ ਗ੍ਰੰਥੀ ਦੀ ਪਦਵੀ ਉਪ੍ਰੋਕਤ ਸ਼੍ਰੇਣੀਆਂ ਵਿੱਚੋਂ ਹੁੰਦੀ ਹੋਈ ਵੀ ਉਨ੍ਹਾਂ ਤੋਂ ਵਿਲੱਖਣ, ਵਧੇਰੇ ਪ੍ਰਭਾਵਸ਼ਾਲੀ ਤੇ ਪ੍ਰਮੁੱਖ ਸਥਾਨ ਰੱਖਦੀ ਹੈ । ਗ੍ਰੰਥੀ ਦਾ ਗੁਰੂ ਨਾਲ ਸਬੰਧ ਐਉਂ ਹੈ, ਜਿਵੇਂ ਕਿਸੇ ਬਾਦਸ਼ਾਹ ਨਾਲ ਉਸ ਦੇ ਪ੍ਰਧਾਨ ਮੰਤਰੀ ਦਾ ਹੁੰਦਾ ਹੈ । ਇਸੇ ਲਈ ਹੀ ਸੰਗਤਾਂ ਗ੍ਰੰਥੀ ਨੂੰ ਗੁਰੂ ਕਾ ਵਜ਼ੀਰ ਕਹਿ ਕੇ ਪੁਕਾਰਦੀਆਂ ਹਨ । ਇਸੇ ਕਰ ਕੇ ਹੀ ੧੯੨੫ ਈ: ਵਿੱਚ ਬਣੇ ਗੁਰਦੁਆਰਾ ਐਕਟ ਵਿੱਚ ਵੀ ਗ੍ਰੰਥੀ ਨੂੰ ਮਨਿਸਟਰ ਤੇ ਹੈੱਡ ਗ੍ਰੰਥੀ ਨੂੰ ਹੈੱਡ ਮਨਿਸਟਰ ਲਿਖਿਆ ਹੋਇਆ ਹੈ ।

ਜਿਵੇਂ ਕਿਸੇ ਦੇਸ਼ ਦੀ ਹਰ ਪ੍ਰਕਾਰ ਦੀ ਅਗਵਾਈ ਉਸ ਦੇਸ਼ ਦੇ ਬਾਦਸ਼ਾਹ ਦੇ ਹੱਥ ਹੁੰਦੀ ਹੈ । ਐਨ ਇਸੇ ਤਰ੍ਹਾਂ ਸਿੱਖ ਕੌਮ ਦੀ ਧਾਰਮਕ, ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਅਗਵਾਈ ਦੀ ਵਾਗ-ਡੋਰ ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਵਿੱਚ ਹੈ; ਪਰੰਤੂ, ਗੁਰੂ-ਪੰਥ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਮਿਆਨ ਮੇਲ ਕਰਨ ਵਾਲੀ ਕੜੀ, ਚਵਰ ਤਖ਼ਤ ਦੇ ਮਾਲਕ ਤੇ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਸ਼ੋਭਤ ਮਹਾਨ ਸ਼ਖ਼ਸੀਅਤ ਦੇ ਮਾਲਕ ਗ੍ਰੰਥੀ ਸਾਹਿਬਾਨ ਹੀ ਬਣਦੇ ਹਨ ।

## ਗ੍ਰੰਥੀ ਪਦਵੀ ਦੀ ਪ੍ਰਥਾ ਦਾ ਆਰੰਭ :

ਰਾਮਸਰ ਸਰੋਵਰ ਦੇ ਕਿਨਾਰੇ ਗੁਰਦੁਆਰਾ ਰਾਮਸਰ ਸਾਹਿਬ ਵਾਲੀ ਥਾਂ 'ਤੇ ਤੰਬੂ ਲਗਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਦੀ ਕਲਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ, ਜਿਸ ਦੀ ਸੰਪੂਰਨਤਾ ੧੬੬੧ ਬਿ: ਭਾਦਰੋਂ ਵਦੀ ਏਕਮ ਨੂੰ ਹੋਈ । ਬੀੜ ਦੀ ਜਿਲਦ ਬੰਨ੍ਹਵਾਉਣ ਤੇ ਹੋਰ ਸਾਰੇ ਪ੍ਰਬੰਧ ਮੁਕੰਮਲ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਭਾਦਰੋਂ ਸੁਦੀ ਏਕਮ ਨੂੰ ਕਰਨ ਦਾ ਪ੍ਰੋਗਰਾਮ ਪੱਕਾ ਕੀਤਾ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਤੇ ਗੁਰਬਾਣੀ ਦੇ ਅਰਥ-ਬੋਧ ਕਰਾਉਣ ਹਿਤ ਗ੍ਰੰਥੀ ਨੀਅਤ ਕਰਨ ਸਬੰਧੀ ਗੁਰੂ ਅਰਜਨ ਦੇਵ ਜੀ ਵਿਚਾਰਾਂ ਕਰਦੇ ਹਨ। ਉਨ੍ਹਾਂ ਵਿਚਾਰਾਂ ਬਾਰੇ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਆਪਣੇ ਰਚਿਤ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਵਿੱਚ ਐਉਂ ਲਿਖਦੇ ਹਨ :

ਰਿਦੈ ਬਿਚਾਰਨਿ ਸ੍ਰੀ ਗੁਰ ਕਰੈਂ ।
ਟਹਿਲ ਗ੍ਰਿੰਥ ਕੀ ਕੌਨ ਸੁ ਧਰੈਂ ।
ਬੇਦੀ ਤੇਹਣ ਭੱਲੇ ਬੰਸ ।
ਸੋਢੀ ਜੇ ਕੁਲ ਕੇ ਅਵਤੰਸ਼ ॥੨੪॥
ਨਿਜ ਕੁਲ ਕੋ ਇਨ ਕੋ ਹੰਕਾਰਾ ।
ਕਰਿ ਨ ਸਕਹਿਂਗੇ ਸੇਵ ਉਦਾਰਾ ।
ਇਹ ਸੇਵਕ ਕੀ ਵਸਤੁ ਸਦੀਵਾ ।
ਨਿਰਹੰਕਾਰ ਜਿਨਹੁੰ ਮਨ ਨੀਵਾ ॥੨੫॥

*(ਰਾਸ ੩, ਅੰਸੂ ੫੦)*

ਉਪ੍ਰੋਕਤ ਵਿਚਾਰ ਉੱਪਰੰਤ ਆਪ ਜੀ ਦੀ ਨਿਗਾਹ ਬਾਬਾ ਬੁੱਢਾ ਜੀ ਉੱਪਰ ਜਾ ਟਿਕੀ ਤੇ ਆਪ ਜੀ ਨੇ ਫੁਰਮਾਇਆ :

ਸੇਵਾ ਬਿਖੈ ਨਿਪੁਨ ਜੋ ਹੋਇ ।
ਕਰੀਅਹਿ ਇਹਾਂ ਸਥਾਪਨਿ ਸੋਇ ।
ਸ੍ਰੀ ਨਾਨਕ ਕੋ ਦਰਸ਼ਨ੍ ਕੀਨਿ ।
ਅਸ ਬੁੱਢਾ ਬਿਚ ਸੇਵ ਪ੍ਰਬੀਨ ॥੨੬॥(ਉਹੀ)

ਇਓਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਥਾਪ ਦਿੱਤਾ ਤੇ ਆਪ ਜੀ ਨੂੰ ਭਾਈ ਸਾਹਿਬ ਦਾ ਖ਼ਿਤਾਬ ਬਖ਼ਸ਼ਿਆ ਤੇ ਬਾਬਾ ਜੀ ਨੂੰ ਹੁਕਮ ਕੀਤਾ :

'ਬੁੱਢਾ ! ਨਿਜ ਸਿਰ ਪਰ ਧਰਿ ਗ੍ਰਿੰਥ ।
ਆਗੇ ਚਲਹੁ ਸੁਧਾਸਰ ਪੰਥ ।'
ਮਾਨਿ ਬਾਕ ਲੇ ਭਯੋ ਅਗਾਰੇ ।
ਚਮਰ ਗੁਰੂ ਅਰਜਨ ਕਰ ਧਾਰੇ ॥੨੯॥
ਸੰਖ ਅਨਿਕ ਲਘੁ ਦੁੰਦਭਿ ਬਾਜੇ ।
ਜੈ ਜੈ ਕਾਰ ਊਚ ਸੁਰ ਗਾਜੇ ।
ਸੁੰਦਰ ਸ੍ਰੀ ਹਰਿਗੋਵਿੰਦ ਚੰਦ ।
ਸੰਗ ਚਲਿਤ ਹੁਇ ਸ਼ੋਭ ਬਿਲੰਦ ॥੩੦॥
ਹਰਿਮੰਦਿਰ ਮਹਿਂ ਜਾਇ ਪਹੂੰਚੇ ।
ਰਾਗੀ ਰਾਗ ਕਰਤਿ ਸੁਰ ਊਚੇ ।
ਮੰਜੀ ਸਹਤ ਗ੍ਰਿੰਥ ਤਹਿਂ ਥਾਪਿ ।
ਬੈਠੇ ਨਿਕਟ ਗੁਰੂ ਤਬਿ ਆਪਿ ॥੩੧॥
ਵਾਰ ਭੋਗ ਕੋ ਸੁਨਿ ਮਨ ਲਾਈ ।
ਸ੍ਰੀ ਅਰਜਨ ਪੁਨ ਗਿਰਾ ਅਲਾਈ :
'ਬੁੱਢਾ ਸਾਹਿਬ ਖੋਲਹੁ ਗ੍ਰਿੰਥ ।

ਲੇਹੁ ਅਵਾਜ਼ ਸੁਨਹਿ ਸਭਿ ਪੰਥ' ॥੩੨॥
ਸੁਨਿ ਗੁਰ ਬਚਨ ਰੁਚਿਰ ਮਨ ਲਾਯਕ ।
ਸੱਤ ਬਾਕ ਮੁਖ ਜਲਜ ਅਲਾਇਕ ।
ਅਦਬ ਸੰਗ ਤਬਿ ਗ੍ਰਿੰਥ ਸੁ ਖੋਲ੍ਹਾ ।
ਲੇ ਅਵਾਜ਼ ਬੁੱਢਾ ਮੁਖ ਬੋਲਾ ॥੩੩॥

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥ *(ਪੰਨਾ ੭੮੩)*

ਇਸ ਤਰ੍ਹਾਂ ਭਾਦਰੋਂ ਸੁਦੀ ਏਕਮ ੧੬੬੧ ਬਿ: ਦੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਬਾਬਾ ਬੁੱਢਾ ਜੀ ਨੂੰ ਪ੍ਰਮੁੱਖ ਗ੍ਰੰਥੀ ਦੀ ਪਦਵੀ 'ਤੇ ਸਥਾਪਨ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗ੍ਰੰਥੀ ਦੀ ਪਦਵੀ ਦੀ ਪ੍ਰਥਾ ਆਰੰਭ ਕੀਤੀ । ਅੱਗੋਂ ਬਾਬਾ ਬੁੱਢਾ ਜੀ ਤੋਂ ਹੁਣ ਤੱਕ ਇਸ ਮਹਾਨ ਪਦਵੀ 'ਤੇ ਸਸ਼ੋਭਤ ਹੋ ਕੇ ਜੋ ਜੋ ਗ੍ਰੰਥੀ ਅਤੇ ਮੁੱਖ ਗ੍ਰੰਥੀ ਸਾਹਿਬਾਨ ਇਸ ਪਰਮ ਪਵਿੱਤਰ ਸੇਵਾ ਨੂੰ ਨਿਭਾਉਂਦੇ ਰਹੇ ਹਨ, ਉਨ੍ਹਾਂ ਦੇ ਸੰਖੇਪ ਜੀਵਨ ਸਮਾਚਾਰ ਜਿੰਨੇ ਕੁ ਸਾਨੂੰ ਪੁਰਾਤਨ ਲਿਖਤਾਂ ਤੋਂ ਮਿਲੇ ਜਾਂ ਵਰਤਮਾਨ ਰੀਕਾਰਡ 'ਚੋਂ ਲੱਭੇ, ਪਾਠਕਾਂ ਦੀ ਜਾਣਕਾਰੀਹਿਤ ਯਥਾ ਸ਼ਕਤਿ ਭੇਟ ਕਰ ਰਹੇ ਹਾਂ ।

* * *

# ਜੀਵਨ ਬਾਬਾ ਬੁੱਢਾ ਸਾਹਿਬ ਜੀ
## ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ

**ਵੰਸ਼ ਪ੍ਰਣਾਲੀ :**

ਚੰਦ੍ਰਵੰਸ਼ੀ ਛੱਤ੍ਰੀਆਂ ਦੀ ਇਕ ਸ਼ਾਖ ਯਦਵੰਸ਼ੀ ਰਾਜਪੂਤਾਂ ਵਿੱਚ ਜੈਸਲ ਭੱਟੀ ਆਪਣੇ ਸਮੇਂ ਦਾ ਬਹੁਤ ਵੱਡਾ ਪ੍ਰਤਾਪੀ ਜੋਧਾ ਹੋਇਆ ਹੈ। ਇਸ ਨੇ ੧੨੧੩ ਬਿਕ੍ਰਮੀ ਵਿੱਚ ਜੈਸਲਮੇਰ ਨਗਰ ਵਸਾਇਆ, ਜੋ ਬਹੁਤਾ ਸਮਾਂ ਰਾਜਪੂਤਾਨੇ ਦੀ ਪ੍ਰਸਿੱਧ ਰਾਜਧਾਨੀ ਰਿਹਾ ਹੈ, ਜੈਸਲ ਦਾ ਪੁੱਤ੍ਰ ਹੇਮ ਸੀ ਜਿਸ ਨੂੰ ਹੇਮ-ਹੇਲ ਤੇ ਭੀਮ ਭੀ ਕਹਿੰਦੇ ਸਨ। ਇਸ ਦਾ ੧੨੬੫ ਬਿਕ੍ਰਮੀ ਵਿੱਚ ਦੇਹਾਂਤ ਹੋ ਗਿਆ। ਹੇਮ ਦੇ ਪੁੱਤਰ ਜੂੰਧਰ (ਜੋਧ ਰਾਯ) ਦੇ ੨੧ ਪੁੱਤਰਾਂ ਵਿੱਚੋਂ ਇਕ ਦਾ ਨਾਮ ਪਪਟ ਸੀ। ਪਪਟ ਦੀ ਸੰਤਾਨ ਵਿੱਚ ਰੰਧਾਵਾ ਨਾਮ ਦਾ ਸੂਰਮਾ ਪੈਦਾ ਹੋਇਆ। ਜਿਸ ਦਾ ਅਸਲ ਨਾਮ ਰਣਧਾਵਾ ਸੀ, ਜੋ ਬਦਲ ਕੇ ਰੰਧਾਵਾ ਬਣ ਗਿਆ। ਕਿਸੇ ਪੁਰਾਤਨ ਸਮੇਂ ਇਹ ਰੰਧਾਵੇ ਬੀਕਾਨੇਰ ਵੱਲੋਂ ਤਾਮ-ਕੋਟ ਤੋਂ ਚੱਲ ਕੇ ਪੰਜਾਬ ਦੇ ਦਰਿਆ ਰਾਵੀ ਤੇ ਬਿਆਸ ਦੇ ਦਰਮਿਆਨੀ ਇਲਾਕੇ ਵਿੱਚ ਆ ਕੇ ਵਸ ਗਏ। ਇਨ੍ਹਾਂ ਨੇ ਸਭ ਤੋਂ ਪਹਿਲਾਂ ਬਟਾਲਾ ਨਗਰ ਵਸਾਇਆ। ੧੨੭੭ ਬਿ: ਵਿੱਚ ਚਵਿੰਡਾ ਕਸਬਾ ਵੀ ਰੰਧਾਵਿਆਂ ਨੇ ਹੀ ਬੰਨ੍ਹਿਆਂ। ਰੰਧਾਵਿਆਂ ਵਿੱਚੋਂ ਬੰਦ ਦਾ ਪੁੱਤਰ ਕੱਜਲ, ਕੱਜਲ ਦਾ ਭੋਆ, ਭੋਏ ਦਾ ਔਘੜ, ਔਘੜ ਦਾ ਢੋਲਾ, ਢੋਲੇ ਦਾ ਕਰਣ, ਕਰਣ ਦਾ ਕੱਥੂ, ਕੱਥੂ ਦਾ ਮੱਲ, ਮੱਲ ਦਾ ਡੱਲਾ, ਡੱਲੇ ਦਾ ਗੱਗੋ, ਗੱਗੋ ਦਾ ਬੂਆ ਅਤੇ ਬੂਏ ਦਾ ਪੁੱਤਰ ਭਾਈ ਸੁੱਘਾ ਜੀ ਹੋਏ ਜਿਨ੍ਹਾਂ ਦੇ ਸਪੁੱਤਰ ਸਾਡੇ ਸਤਿਕਾਰ ਯੋਗ ਬਾਬਾ ਬੁੱਢਾ ਸਾਹਿਬ ਜੀ ਹੋਏ।*

### ਬਾਬਾ ਬੁੱਢਾ ਜੀ ਦੀ ਵੰਸ਼ ਪ੍ਰਣਾਲੀ

| | |
|---|---|
| ੧ ਜੈਸਲ (ਭੱਟੀ ਰਾਜਪੂਤ) | ੧੦ ਢੋਲਾ |
| ↓ | ↓ |
| ੨ ਹੇਮ (ਭੀਮ ਦੇਹਾਂਤ ਸੰ: ੧੨੬੫ ਬਿ:) | ੧੧ ਕਰਣ |
| ↓ | ↓ |
| ੩ ਜੂੰਧਰ (ਜੋਧ ਰਾਯ) | ੧੨ ਕੱਥੂ |
| ↓ | ↓ |
| ੪ ਪਪਟ | ੧੩ ਮੱਲ |
| ↓ | ↓ |
| ੫ ਰੰਧਾਵਾ | ੧੪ ਡੱਲਾ |
| ↓ | ↓ |
| ੬ ਬੰਦ | ੧੫ ਗੱਗੋ |
| ↓ | ↓ |
| ੭ ਕੱਜਲ | ੧੬ ਬੂਆ |
| ↓ | ↓ |
| ੮ ਭੋਆ | ੧੭ ਸੁੱਘਾ |
| ↓ | ↓ |
| ੯ ਔਘੜ | ੧੮ ਬਾਬਾ ਬੁੱਢਾ ਜੀ |

* ਦੇਖੋ ਜੀਵਨ ਬਾਬਾ ਬੁੱਢਾ ਸਾਹਿਬ ਜੀ ਲੇਖਕ ਮੰਗਲ ਸਿੰਘ ਉਪਦੇਸ਼ਕ ਮਾਮੂੰਪੁਰੀਆ ਪੰਨਾ ਖ ਤੇ ਪ।

**ਜਨਮ :**

ਚਵਿੰਡੇ ਪਿੰਡ ਵਿੱਚੋਂ ਕਰਣ ਦੇ ਪੁੱਤਰ ਕੱਥੂ ਨੇ ਆਪਣੇ ਨਾਮ ਉੱਪਰ ਕੱਥੂ ਨੰਗਲ ਪਿੰਡ ਬੰਨ੍ਹਿਆਂ, ਕੱਥੂ ਦੀ ਬੰਸ ਵਿੱਚ ਤੀਜੀ ਪੀਹੜੀ ਗੱਗੋ ਜੀ ਹੋਏ, ਉਨ੍ਹਾਂ ਦੀਆਂ ਨਿਹਾਲੋ ਤੇ ਭਾਗੋ ਦੋ ਇਸਤ੍ਰੀਆਂ ਸਨ। ਜਿਨ੍ਹਾਂ ਦੇ ਨਾਮ ਉੱਪਰ ਪਿੰਡ ਦੀਆਂ ਨਿਹਾਲੋ ਤੇ ਭਾਗੋ ਦੋ ਪੱਤੀਆਂ ਪ੍ਰਸਿੱਧ ਸਨ। ਭਾਗੋ ਦੀ ਪੱਤੀ ਵਿੱਚ ਭਾਗੋ ਦੀ ਕੁਖੋਂ ਬੂਆ ਜੀ ਅਤੇ ਬੂਆ ਜੀ ਦੇ ਘਰ ਸੁੱਘਾ ਜੀ ਪੈਦਾ ਹੋਏ। ਅੱਗੋਂ ਸੁੱਘਾ ਰੰਧਾਵੇ ਦਾ ਵਿਆਹ ਸੰਧੂਆਂ ਦੇ ਬੁੰਡਾਲੇ ਗਾਜੀ ਸੰਧੂ ਦੀ ਪੁੱਤਰੀ (ਮਾਤਾ) ਗੌਰਾਂ ਜੀ ਨਾਲ ਹੋਇਆ। ਪਿਤਾ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਜੀ ਦੀ ਕੁਖੋਂ ਸੰਮਤ ੧੫੬੩ ਬਿਕ੍ਰਮੀ ੭ ਕੱਤਕ ਵਦੀ ੧੦ ਦਿਨ ਸ਼ੁੱਕਰ ਵਾਰ ਨੂੰ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬਾਬਾ ਬੁੱਢਾ ਜੀ ਦਾ ਜਨਮ ਹੋਇਆ। ਮਾਤਾ ਪਿਤਾ ਨੇ ਨਾਮ ਬੂੜਾ ਰੱਖਿਆ, ਪਿੰਡ ਦੇ ਰਿਵਾਜ ਅਨੁਸਾਰ ਅੱਠ ਦਸ ਸਾਲ ਦੀ ਉਮਰ ਵਿੱਚ ਪਸ਼ੂ ਚਾਰਨ ਜਾਂਦੇ। ਬਰਖਾ ਸਮੇਂ ਸਿਰ ਨਾ ਹੋਣ ਕਰ ਕੇ ਜਦ ਚਾਰਾ ਤੇ ਘਾਹ ਸੁੱਕ ਗਿਆ ਤਾਂ ਪਸ਼ੂਆਂ ਦੇ ਚਾਰਨ ਹਿਤ ਸਾਰਾ ਪ੍ਰਵਾਰ ਪਸ਼ੂਆਂ ਸਮੇਤ ਦਰਿਆ ਰਾਵੀ ਨੇੜੇ ਚੁਮਾਸਾ ਕੱਟਣ ਹਿਤ ਛੱਪਰ ਬੰਨ੍ਹ ਕੇ ਰਹਿਣ ਲੱਗ ਪਿਆ। ਉਥੇ ਬੂੜਾ ਜੀ ਹੋਰ ਬਾਲਕਾਂ ਸਮੇਤ ਪਸ਼ੂ ਚਾਰਨ ਜਾਂਦੇ।

**ਸਤਿਗੁਰ ਮਿਲਾਪ :**

੧੫੭੫ ਬਿ: ਵਿੱਚ ਜਗਤ ਗੁਰੂ ਨਾਨਕ ਦੇਵ ਜੀ ਵਿਚਰਦੇ ਹੋਏ ਭਾਈ ਬਾਲੇ ਸਮੇਤ ਉਸ ਪਾਸੇ ਵੱਲ ਆਏ ਜਿਥੇ ਬੂੜਾ ਜੀ ਪਸ਼ੂ ਚਾਰਦੇ ਸਨ। ਆਪ ਜੀ ਨੂੰ ਸਾਧੂ ਜਾਣ ਕੇ ਆਪ ਜੀ ਦੀ ਭੇਟਾ ਦੁੱਧ ਲੈ ਕੇ ਬੂੜਾ ਜੀ ਹਾਜ਼ਰ ਹੋਏ ਅਤੇ ਸਤਿਗੁਰਾਂ ਨਾਲ ਕਾਫੀ ਸਮਾਂ ਬਿਬੇਕ ਵੈਰਾਗ ਦੀਆਂ ਗੱਲਾਂ ਕਰਦੇ ਰਹੇ, "ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ" ਦੇ ਅਖਾਣ ਅਨੁਸਾਰ ਬੂੜਾ ਜੀ ਦੀਆਂ ਗਿਆਨ-ਵਿਚਾਰ ਦੀਆਂ ਗੱਲਾਂ ਸੁਣ ਕੇ ਸਤਿਗੁਰਾਂ ਨੇ ਬਖਸ਼ਸ਼ ਦੇ ਘਰ ਵਿੱਚ ਆ ਕੇ ਕਿਹਾ ਕਿ :

> "ਭਾਈ ! ਉਮਰ ਤਾਂ ਤੇਰੀ ਭਾਵੇਂ ਨਿੱਕੀ ਹੈ ਪਰ ਸੂਝ ਸਮਝ ਤੇ ਵਿਚਾਰ ਦੇ
> ਪੱਖੋਂ ਤੂੰ ਬੂੜਾ ਨਹੀਂ ਸਗੋਂ ਬੁੜ੍ਹਾ ਭਾਵ ਬੁੱਢਾ (ਬਜ਼ੁਰਗ) ਹੈਂ।"

ਉਸ ਦਿਨ ਤੋਂ ਆਪ ਦਾ ਨਾਮ ਬੁੱਢਾ ਪ੍ਰਸਿੱਧ ਹੋ ਗਿਆ। ਬੁੱਢਾ ਜੀ ਗੁਰੂ ਨਾਨਕ ਦਾ ਸਿੱਖ ਹੋ ਗਿਆ। ਸ਼ਰਧਾ ਪਿਆਰ ਤੇ ਸਿਦਕ ਨਾਲ ਸੇਵਾ ਕਰਨ ਤੇ ਨਾਮ ਸਿਮਰਨ ਕਰਨ ਲੱਗਾ। ਬੁੱਢਾ ਜੀ ਦਿਨ-ਬ-ਦਿਨ ਸਤਿਗੁਰਾਂ ਦੇ ਨੇੜੇ ਦੀ ਸੇਵਾ ਵਿੱਚ ਤਤਪਰ ਰਹਿੰਦੇ, ਹਰ ਆਗਿਆ ਦਾ ਪਾਲਨ ਕਰਦੇ ਜਿਸ ਕਰ ਕੇ ਸਤਿਗੁਰਾਂ ਦੀ ਕ੍ਰਿਪਾ ਦੇ ਪਾਤਰ ਬਣ ਗਏ।

ਬਾਬਾ ਬੁੱਢਾ ਜੀ ਨੇ ਸਿੱਖੀ ਧਰਮ ਧਾਰਨ ਕਰ ਕੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ, ਜਿਸ ਕਰ ਕੇ ਗੁਰੂ-ਘਰ ਵਿੱਚ ਬਹੁਤ ਵੱਡਾ ਮਾਣ ਪਾਇਆ। ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਾਸ ਸਮੇਂ ਆਪ ਸਤਿਗੁਰਾਂ ਦੀ ਹਜ਼ੂਰੀ ਵਿੱਚ ਰਹਿ ਕੇ ਪ੍ਰਮੁੱਖ ਸੇਵਕ ਦੇ ਤੌਰ 'ਤੇ ਸੇਵਾ ਨਿਭਾਉਂਦੇ ਰਹੇ ਤੇ ਸਤਿਗੁਰਾਂ ਦੇ ਹਰ ਹੁਕਮ 'ਤੇ ਫੁੱਲ ਚੜ੍ਹਾਉਂਦੇ ਰਹੇ। ਹਰ ਪ੍ਰਕਾਰ ਦੀ ਸੇਵਾ ਬੜੇ ਚਾਅ ਨਾਲ ਕਰਦੇ ਰਹੇ।

ਬਾਬਾ ਜੀ ਨੇ ਗੁਰਮਤਿ ਵਿੱਦਿਆ ਤੇ ਗੁਰਬਾਣੀ ਦੇ ਅਰਥਾਂ ਦਾ ਗਿਆਨ ਵੀ ਗੁਰੂ ਨਾਨਕ ਸਾਹਿਬ ਪਾਸੋਂ ਪ੍ਰਾਪਤ ਕੀਤਾ ਤੇ ਅੱਗੋਂ ਆਪ ਨੇ ਇਸ ਖਜ਼ਾਨੇ ਨੂੰ ਹੋਰ ਸਿੱਖਾਂ ਵਿੱਚ ਖੁੱਲ੍ਹੇ ਦਿਲ ਨਾਲ ਵੰਡਿਆ।

## ਸ਼ਾਦੀ :

੨੦ ਸਾਲ ਦੀ ਉਮਰ ਵਿੱਚ ੧੫੯੩ ਬਿ: ਨੂੰ ਪਿੰਡ ਅਚਲ (ਵਟਾਲੇ) ਦੇ ਸਮਰਾਹ ਗੋਤ ਦੀ ਸਪੁੱਤਰੀ ਮਾਤਾ ਮਿਰੋਯਾਂ ਨਾਲ ਬੁੱਢਾ ਜੀ ਦਾ ਵਿਆਹ ਹੋ ਗਿਆ ।

## ਸੰਤਾਨ :

ਮਾਤਾ ਮਿਰੋਯਾਂ ਜੀ ਤੋਂ ਆਪ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ :

੧. ੧੫੮੫ ਬਿ: ਵਿੱਚ ਭਾਈ ਸੁਧਾਰੀ ਜੀ ।

੨. ੧੫੮੮ ਬਿ: ਵਿੱਚ ਭਾਈ ਭਿਖਾਰੀ ਜੀ ।

੩. ੧੫੯੦ ਬਿ: ਵਿੱਚ ਭਾਈ ਮਹਿੰਮੂ ਜੀ ਅਤੇ

੪. ੧੫੯੩ ਬਿ: ਵਿੱਚ ਭਾਈ ਭਾਨਾ ਜੀ ਪੈਦਾ ਹੋਏ ।

## ਗੁਰਗੱਦੀ ਦਾ ਤਿਲਕ :

ਹਾੜ ਵਦੀ ੧੦ ਮਿਤੀ ੧੭ ਹਾੜ ਸੰ: ੧੫੯੬ ਬਿ: ਨੂੰ ਕਰਤਾਰਪੁਰ ਸਾਹਿਬ ਵਿਖੇ ਜਦ ਗੁਰੂ ਨਾਨਕ ਦੇਵ ਜੀ ਆਪਣੇ ਉਤਰਾਧਿਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਗੱਦੀ ਦੀ ਬਖਸ਼ਸ਼ ਕਰਨ ਲੱਗੇ ਤਾਂ ਸਤਿਗੁਰਾਂ ਨੇ ਸਿੱਖਾਂ ਵਿੱਚੋਂ ਪ੍ਰਮੁੱਖ ਸਿੱਖ ਬਾਬਾ ਬੁੱਢਾ ਜੀ ਪਾਸੋਂ ਗੁਰਤਾ ਗੱਦੀ ਦਾ ਤਿਲਕ ਕਰਵਾਇਆ । ਅੱਗੋਂ ਤੀਜੇ, ਚੌਥੇ, ਪੰਜਵੇਂ ਤੇ ਛੇਵੇਂ ਪਾ: ਤੱਕ ਪੰਜਾਂ ਸਤਿਗੁਰਾਂ ਨੂੰ ਗੁਰਤਾ ਗੱਦੀ ਦਾ ਤਿਲਕ ਕਰਨ ਦਾ ਸੁਭਾਗ ਬਾਬਾ ਬੁੱਢਾ ਜੀ ਨੂੰ ਹੀ ਪ੍ਰਾਪਤ ਹੁੰਦਾ ਰਿਹਾ ।

ਜਦ ਗੁਰਤਾ ਗੱਦੀ ਦੀ ਬਖਸ਼ਸ਼ ਲੈ ਕੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਸਾਹਿਬ ਤੋਂ ਖਡੂਰ ਸਾਹਿਬ ਆ ਗਏ ਤੇ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਜੋਤੀ ਜੋਤ ਸਮਾ ਗਏ ਤਾਂ ਸਤਿਗੁਰਾਂ ਦੇ ਵਿਛੋੜੇ ਵਿੱਚ ਗੁਰੂ ਅੰਗਦ ਦੇਵ ਜੀ ਮਾਈ ਸਭਰਾਈ ਦੇ ਘਰ ਇਕ ਬੰਦ ਕਮਰੇ ਵਿੱਚ ਸਮਾਧੀ ਲਾ ਕੇ ਬੈਠ ਗਏ ਤਦੋਂ ਸੰਗਤਾਂ ਨੂੰ ਬਾਬਾ ਬੁੱਢਾ ਜੀ ਨੇ ਗੁਰਾਂ ਨੂੰ ਲੱਭ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਵਾਏ । ਇਵੇਂ ਹੀ ਦਾਤੂ ਵੱਲੋਂ ਗੁਰੂ ਅਮਰਦਾਸ ਜੀ ਦੇ ਵੱਖੀ ਵਿੱਚ ਲੱਤ ਮਾਰਨ ਦੀ ਘਟਨਾ ਤੋਂ ਉਪਰਾਮ ਹੋ ਕੇ ਜਦ ਗੁਰੂ ਜੀ ਬਾਸਰਕੇ ਪਿੰਡ ਪਾਸ ਇਕ ਕੋਠੇ 'ਚ ਬੈਠ ਕੇ ਬੂਹਾ ਬੰਦ ਕਰ ਲਿਆ ਤਾਂ ਸੰਗਤਾਂ ਦੀ ਬਿਹਬਲਤਾ ਨੂੰ ਤੱਕ ਬਾਬਾ ਜੀ ਨੇ ਉਥੇ ਪਹੁੰਚ ਕੇ ਪਿਛੋਂ ਦੀ ਸੰਨ੍ਹ ਲਾ ਕੇ ਸੰਗਤਾਂ ਨੂੰ ਦਰਸ਼ਨ ਕਰਵਾਏ । ਜਿਸ ਘਟਨਾ ਦੀ ਯਾਦ ਵਿੱਚ ਉਥੇ ਗੁਰਦੁਆਰਾ ਸੰਨ੍ਹ ਸਾਹਿਬ ਬਣਿਆ ਹੋਇਆ ਹੈ । ਬਾਬਾ ਬੁੱਢਾ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਇਹ ਵਰ ਦਿੱਤਾ ਹੋਇਆ ਸੀ ਕਿ ਸਾਡਾ ਸਰੀਰ ਤੁਹਾਥੋਂ ਗੁਪਤ ਨਹੀਂ ਰਹੇਗਾ ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਗੁਰਮੁਖੀ ਅੱਖਰਾਂ ਦੀ ਲਿਖਾਈ ਤੇ ਪੜ੍ਹਾਈ ਦਾ ਸਾਰਾ ਪ੍ਰਬੰਧ ਤੇ ਨਿਗਰਾਨੀ ਖਡੂਰ ਸਾਹਿਬ ਵਿਖੇ ਬਾਬਾ ਬੁੱਢਾ ਜੀ ਹੀ ਕਰਦੇ ਰਹੇ, ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਸਦਕਾ ਆਪ ਗੁਰਮਤਿ ਤੇ ਗੁਰਬਾਣੀ ਦੇ ਮਹਾਨ ਗਿਆਤਾ ਤੇ ਅਚਾਰਯ ਬਣ ਚੁੱਕੇ ਸਨ । ਗੁਰੂ ਨਾਨਕ ਦੇਵ ਜੀ ਦੀ ਬਣਾਈ ਹੋਈ ਗੁਰਮੁਖੀ ਲਿਪੀ ਦਾ ਜੋ ਪ੍ਰਚਾਰ ਗੁਰੂ ਅੰਗਦ ਦੇਵ ਜੀ ਦੇ ਸਮੇਂ ਹੋਇਆ ਉਸ ਵਿੱਚ ਸਭ ਤੋਂ ਵੱਧ ਤੇ ਵਿਸ਼ੇਸ਼ ਯੋਗਦਾਨ ਬਾਬਾ ਬੁੱਢਾ ਜੀ ਦਾ ਹੀ ਸੀ । ਗੁਰਬਾਣੀ ਦੇ ਅਰਥ ਪੜ੍ਹਾਉਣ ਤੇ

ਭਾਈ ਬਾਲਾ ਜੀ ਨਾਲ ਮਿਲ ਕੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਉਣ ਵਿੱਚ ਬਾਬਾ ਜੀ ਦਾ ਬਰਾਬਰ ਦਾ ਹਿੱਸਾ ਸੀ ।

ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਅ ਜਾਣ ਤੋਂ ਬਾਅਦ ਡੇਹਰਾ ਬਾਬਾ ਨਾਨਕ ਅਸਥਾਨ ਅਤੇ ਸ਼ਹਿਰ ਦਾ ਨੀਂਹ ਪੱਥਰ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਦੇ ਕਹਿਣ 'ਤੇ ਬਾਬਾ ਬੁੱਢਾ ਜੀ ਨੇ ਆਪਣੇ ਹੱਥੀਂ ਰੱਖਿਆ । ਮੰਦਰ ਦੀ ਉਸਾਰੀ ਅਤੇ ਸ਼ਹਿਰ ਦੇ ਵਸਾਉਣ ਵਿੱਚ ਵੀ ਬਾਬਾ ਜੀ ਵੱਲੋਂ ਪੂਰਾ ਯੋਗਦਾਨ ਪਾਇਆ ਗਿਆ ।

ਤੀਜੇ ਸਤਿਗੁਰਾਂ ਦੇ ਵਕਤ ਗੋਇੰਦਵਾਲ ਸਾਹਿਬ ਵਿਖੇ ੮੪ ਪਉੜੀਆਂ ਵਾਲੀ ਬਾਉਲੀ ਸਾਹਿਬ ਦੀ ਰਚਨਾ ਆਰੰਭ ਕਰਨ ਸਮੇਂ ਸਤਿਗੁਰੂ ਅਮਰਦਾਸ ਜੀ ਨੇ ੧੬੦੯ ਬਿ: ਨੂੰ ਪਹਿਲਾ ਟੱਕ ਬਾਬਾ ਬੁੱਢਾ ਜੀ ਪਾਸੋਂ ਲਗਵਾਇਆ :

ਸੁਥਲ ਜਾਨਿ ਗੁਰੁ ਇਸਥਤ ਭਏ ।
ਟੱਕ ਲਾਵਨਿ ਕੀ ਆਇਸੁ ਦਏ ।
ਬੁੱਢੇ ਪ੍ਰਥਮ ਕਹੀ ਕਰ ਗਹੀ ।
ਜਹਿਂ ਗੁਰ ਕਹੀ ਤਿਰਥ ਕਰਿ ਸਹੀ ॥੮॥
ਤਹਿਂ ਤੇ ਮਾਟੀ ਲੀਨ ਉਪਾਟੀ ।
ਭਰੀ ਟੋਕਰੀ ਸਿਰ ਧਰਿ ਸਾਟੀ ।...੯॥*

ਸਤਿਗੁਰਾਂ ਦੀ ਆਗਿਆ ਮੰਨ ਕੇ ਝਬਾਲ ਪਿੰਡ ਦੇ ਨੇੜੇ ਗੁਰੂ ਕੀ ਬੀੜ ਸਾਹਿਬ ਵਿਖੇ ਖੇਤੀਬਾੜੀ ਅਤੇ ਬਾਗਬਾਨੀ ਦਾ ਸਾਰਾ ਕੰਮ ਆਪਣੀ ਨਿਗਰਾਨੀ ਵਿੱਚ ਕਾਮਿਆਂ ਪਾਸੋਂ ਕਰਵਾਉਂਦੇ ਤੇ ਆਪ ਹੱਥੀਂ ਵੀ ਕਰਦੇ ਰਹੇ । ਪਿੰਡ ਦੇ ਮਾਮਲੇ ਦੀ ਉਗਰਾਹੀ ਦਾ ਕੰਮ ਵੀ ਬਾਬਾ ਜੀ ਦੇ ਹੀ ਜ਼ਿੰਮੇ ਸੀ । ਇੱਥੇ ਬੈਠ ਕੇ ਗੁਰਮਤਿ ਦੇ ਵਿਦਿਆਰਥੀ ਸਿੱਖਾਂ ਨੂੰ ਵਿੱਦਿਆ ਦਾਨ ਵੀ ਦੇਂਦੇ ਰਹੇ ਤੇ ਨਾਲ-ਨਾਲ ਸਿੱਖੀ ਦੀ ਰਹੁ-ਰੀਤ ਵੀ ਦ੍ਰਿੜ੍ਹ ਕਰਵਾਉਂਦੇ ਰਹੇ ।

ਜਥੇਬੰਦਕ ਰੂਪ ਵਿੱਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਬਾਬਾ ਬੁੱਢਾ ਜੀ ਦੀ ਸਲਾਹ ਨਾਲ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਅਰਥਾਤ ੨੨ ਪ੍ਰਚਾਰਕਾਂ ਦੀ ਸਥਾਪਨਾ ਕੀਤੀ । ਇਨ੍ਹਾਂ ਪ੍ਰਚਾਰਕਾਂ ਵਿੱਚ ਸਿੱਖਾਂ ਅਤੇ ਹਿੰਦੂਆਂ ਤੋਂ ਇਲਾਵਾ ਅੱਲਾ ਯਾਰ ਖਾਂ ਵਰਗੇ ਮੁਸਲਮਾਨ ਮੁਰੀਦ ਵੀ ਸ਼ਾਮਲ ਸਨ । ਮਰਦਾਂ ਦੇ ਨਾਲ ਪ੍ਰਚਾਰਕਾਂ ਵਿੱਚ ਮਾਈ ਸੇਵਾਂ ਜੀ ਕਾਬਲ ਵਾਲੀ ਮਾਈ ਵਰਗੀਆਂ ਇਸਤਰੀਆਂ ਵੀ ਸ਼ਾਮਲ ਸਨ । ਇਨ੍ਹਾਂ ਪ੍ਰਚਾਰਕਾਂ ਦੇ ਮੁਖੀ ਬਾਬਾ ਬੁੱਢਾ ਜੀ ਨੂੰ ਨੀਯਤ ਕੀਤਾ ਗਿਆ ਸੀ ।

ਜਦ-ਤੀਰਥ ਉਦਮੁ ਸਤਿਗੁਰੂ ਕੀਆ,
ਸਭ ਲੋਕ ਉਧਰਣ ਅਰਥਾ ॥ (੧੧੧੬)

ਤਾਂ ਪਿੱਛੇ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਬਾਬਾ ਜੀ ਨੂੰ ਸਾਰਾ ਪ੍ਰਬੰਧ ਸੰਭਾਲ ਗਏ। ਸਤਿਗੁਰਾਂ ਦੇ ਆਉਣ ਤੱਕ ਕਥਾ, ਕੀਰਤਨ, ਲੰਗਰ ਅਤੇ ਆਏ ਗਏ ਦੀ ਰਿਹਾਇਸ਼ ਦਾ ਸਾਰਾ ਪ੍ਰਬੰਧ ਬਾਬਾ ਜੀ ਨੇ ਪੂਰੀ ਯੋਗਤਾ ਨਾਲ ਨਿਭਾਇਆ, ਜਿਸ ਬਾਰੇ ਵੇਖ ਸੁਣ ਕੇ ਗੁਰੂ ਸਾਹਿਬ

* ਦੇਖੋ ਗੁਰੁ ਪ੍ਰਤਾਪ ਗ੍ਰੰਥ, ਰਾਸਿ ੧, ਅੰਸੂ ੫੧ ।

ਬਹੁਤ ਪ੍ਰਸੰਨ ਹੋਏ ।

ਗੁਰੂ ਅਮਰਦਾਸ ਜੀ ਬਾਬਾ ਬੁੱਢਾ ਜੀ ਨੂੰ ਮੁਖ ਸਲਾਹਕਾਰ ਦੇ ਤੌਰ 'ਤੇ ਨਾਲ ਲੈ ਕੇ ਗੁਰੂ ਰਾਮਦਾਸ ਜੀ ਲਈ 'ਗੁਰੂ ਚੱਕ' ਨਾਮ ਦਾ ਪਿੰਡ ਬੰਨ੍ਹਣ ਵਾਸਤੇ ਨੀਯਤ ਜਗ੍ਹਾ ਉੱਪਰ ਪੁੱਜੇ ਤਾਂ ਗੁਰੂ ਅਮਰਦਾਸ ਜੀ ਦੀ ਨਿਸ਼ਾਨ-ਦੇਹੀ 'ਤੇ ਬਾਬਾ ਬੁੱਢਾ ਜੀ ਦੀ ਸਲਾਹ ਨਾਲ ੧੦ ਵੈਸਾਖ ੧੬੨੭ ਬਿ: ਨੂੰ ਅਰਦਾਸ ਕਰ ਕੇ ਗੁਰੂ ਅਮਰਦਾਸ ਜੀ ਨੇ ਪਿੰਡ ਦੀ ਮੋੜ੍ਹੀ ਗੱਡ ਦਿੱਤੀ, ਨਗਰ ਦੀ ਉਸਾਰੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਰਾਮਦਾਸ ਜੀ ਦੇ ਜ਼ਿੰਮੇ ਲਾ ਕੇ ਆਪ ਗੋਇੰਦਵਾਲ ਆ ਗਏ । ਰਿਹਾਇਸ਼ੀ ਮਕਾਨ ਉਸਰਨੇ ਸ਼ੁਰੂ ਹੋ ਗਏ ।ਕਈਆਂ ਨੇ ਛੱਪਰ ਤੇ ਛੱਪਰੀਆਂ ਬੰਨ੍ਹ ਲਈਆਂ,ਬਾਬਾ ਜੀ ਦੀ ਦੱਸੀ ਵਿਉਂਤ ਅਨੁਸਾਰ ਕਾਰਜ ਹੋਣ ਲੱਗ ਪਿਆ ।

"ਜਿਮ ਜਿਮ ਬੁੱਢਾ ਬਯੋਂਤ ਬਤਾਵਹਿ ।
ਤਿਮਿ ਸ੍ਰੀ ਰਾਮਦਾਸੁ ਕਰਿਵਾਵਹਿ ॥੧੭॥

*(ਗੁ: ਪ੍ਰ: ਸੂ: ਰਾ: ੨, ਅੰ: ੧੨, ਅੰਕ ੧੭)*

ਕੁਝ ਦਿਨ ਬਾਬਾ ਬੁੱਢਾ ਜੀ ਦੀ ਸਲਾਹ ਨਾਲ ਗੁਰੂ ਅਮਰਦਾਸ ਜੀ ਦੀ ਦੱਸੀ ਨਿਸ਼ਾਨੀ ਟਾਹਲੀ ਦੇ ਦਰੱਖਤ ਦੀ ਪਛਾਣ ਕਰ ਕੇ ਗੁਰੂ ਰਾਮਦਾਸ ਜੀ ਨੇ ਸੰਤੋਖ ਸਰ ਸਰੋਵਰ ਦਾ ਅਰਦਾਸਾ ਕਰ ਕੇ ਆਪਣੇ ਹੱਥੀਂ ਟੱਕ ਲਾਇਆ । ਐਉਂ ਸਰੋਵਰ ਦੀ ਕਾਰ-ਸੇਵਾ ਅਤੇ ਪਿੰਡ ਵਸਾਉਣ ਲਈ ਮਕਾਨਾਂ ਦੀ ਉਸਾਰੀ ਦੋਨੋਂ ਕਾਰਜ ਬਰਾਬਰ ਚਲਦੇ ਰਹੇ। ਕੁਝ ਮਜ਼ਦੂਰ ਤੇ ਕੁਝ ਸੰਗਤਾਂ ਸੇਵਾ ਕਰਦੀਆਂ ਰਹੀਆਂ ।

ਗੁਰੂ ਅਮਰਦਾਸ ਜੀ ਦੇ ਬੁਲਾਵੇ 'ਤੇ ਗੁਰੂ ਰਾਮਦਾਸ ਜੀ ਤੇ ਬਾਬਾ ਜੀ ਵਾਪਸ ਗੋਇੰਦਵਾਲ ਆ ਗਏ । ਕੁਝ ਸਮੇਂ ਬਾਅਦ ਫਿਰ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਬਾਬਾ ਬੁੱਢਾ ਜੀ ਸਮੇਤ ਨਵੇਂ ਉਸਰ ਰਹੇ 'ਗੁਰੂ ਚੱਕ' ਤੇ ਸਰੋਵਰ ਦੀ ਹੋ ਰਹੀ ਸੇਵਾ ਸੰਬੰਧੀ ਹੋ ਰਹੇ ਕੰਮ ਦਾ ਜਾਇਜ਼ਾ ਲੈਣ ਲਈ ਤੇ ਨਵਾਂ ਸਰੋਵਰ ਪੁੱਟਣਾ ਆਰੰਭ ਕਰਨ ਲਈ ਭੇਜਿਆ । ਨਵੇਂ ਸਰੋਵਰ ਦੀ ਨਿਸ਼ਾਨ-ਦੇਹੀ ਸਤਿਗੁਰਾਂ ਨੇ ਐਉਂ ਕੀਤੀ ਕਿ ਗੁਰੂ ਕੇ ਮਹਿਲਾਂ ਤੋਂ ਪੂਰਬ ਵੱਲ ਬੇਰੀਆਂ ਦੇ ਝੁੰਡ ਵਿੱਚ ਬਣੀ ਛੱਪੜੀ ਵਾਲੀ ਥਾਂ 'ਤੇ ਸਰੋਵਰ ਪੁੱਟਣਾ । ਗੁਰੂ ਕੇ ਮਹਿਲਾਂ ਵਾਲੀ ਥਾਂ ਪੁੱਜ ਕੇ ਬਾਬਾ ਜੀ ਦੀ ਰਾਇ ਅਨੁਸਾਰ ਸਰੋਵਰ ਦਾ ਟਿਕਾਣਾ ਲੱਭਿਆ :

ਬ੍ਰਿਧ ਕੇ ਸੰਮਤ ਹੋਇ ਸੁ ਟੋਰਾ ।

ਬਾਬਾ ਜੀ ਦੇ ਬਚਨ ਅਨੁਸਾਰ ਕਹੀ ਆਪਣੇ ਹੱਥ ਲੈ ਗੁਰੂ ਰਾਮਦਾਸ ਜੀ ਨੇ ਟੱਕ ਲਾਇਆ :

ਬ੍ਰਿਧ ਬਚ ਤੇ ਲੇ ਖਨਨੀ ਹਾਥਿ ।
**ਟਕ ਲਾਇਸ** ਚਿਤਵਤਿ ਗੁਰ ਨਾਥ ।...੧੧॥

*(ਗੁ: ਪ੍ਰਤਾਪ ਸੂਰਜ, ਰਾਸ ੨, ਅੰਸੂ ੧੩)*

ਉਪ੍ਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਹਰ ਗੁਰੂ ਸਾਹਿਬ ਹਰ ਕੰਮ ਵਿੱਚ ਬਾਬਾ ਬੁੱਢਾ ਜੀ ਦੀ ਸਲਾਹ ਨੂੰ ਬਹੁਤ ਮਹੱਤਤਾ ਦੇਂਦੇ ਸਨ ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਜਦ ਅੰਮ੍ਰਿਤਸਰ ਸਰੋਵਰ ਦੀ ਦੋਬਾਰਾ ਕਾਰ-ਸੇਵਾ ਸ਼ੁਰੂ ਹੋਈ ਤਾਂ ਜਿੱਥੇ ਬਾਬਾ ਜੀ ਖੁਦ ਟੋਕਰੀ ਚੁੱਕ ਕੇ ਹੱਥੀਂ ਤੇ ਸਰੀਰਕ ਤੌਰ

'ਤੇ ਸੇਵਾ ਕਰਦੇ ਰਹੇ ਉਥੇ ਸਰੋਵਰ ਦੀ ਉੱਤਰੀ ਪ੍ਰਕਰਮਾ ਵਿੱਚ ਸਥਿਤ ਬੇਰੀ ਹੇਠ ਬੈਠ ਕੇ ਕਾਰ-ਸੇਵਾ ਦੇ ਕੰਮ ਦੀ ਨਿਗਰਾਨੀ ਵੀ ਕਰਦੇ ਰਹੇ ।

੧ ਮਾਘ ੧੬੪੫ ਬਿ: ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਣ ਸਮੇਂ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਅਰਦਾਸ ਬਾਬਾ ਜੀ ਨੇ ਕੀਤੀ ਤੇ ਗੁਰੁ ਪ੍ਰਤਾਪ ਸੂਰਜ ਅਨੁਸਾਰ ਪਹਿਲੀ ਇੱਟ ਗੁਰੂ ਅਰਜਨ ਸਾਹਿਬ ਨੇ ਰੱਖੀ । ਸਰੋਵਰ ਦੀ ਪੁਟਾਈ ਪੌੜੀਆਂ ਦੀ ਪੱਕੀ ਚਿਣਾਈ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਦੀਆਂ ਸਾਰੀਆਂ ਸੇਵਾਵਾਂ ਬਾਬਾ ਬੁੱਢਾ ਜੀ ਦੀ ਸਲਾਹ ਅਤੇ ਨਿਗਰਾਨੀ ਹੇਠ ਹੁੰਦੀਆਂ ਰਹੀਆਂ ।

ਸਿੱਖ ਇਤਿਹਾਸ ਗਵਾਹ ਹੈ ਕਿ ਮਾਤਾ ਗੰਗਾ ਜੀ ਦੀ ਇੱਛਾ ਅਨੁਸਾਰ ਬਾਬਾ ਜੀ ਵੱਲੋਂ ਮਾਤਾ ਜੀ ਨੂੰ ਬਲੀ ਯੋਧਾ ਪੁੱਤਰ ਹੋਣ ਦੇ ਦਿੱਤੇ ਵਰਦਾਨ ਨਾਲ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਗਟ ਹੋਏ । ਬਚਪਨ ਵਿੱਚ ਗੁਰੂ ਹਰਿਗੋਬਿੰਦ ਜੀ ਨੇ ਜਿਥੇ ਗੁਰਮੁਖੀ ਅਤੇ ਗੁਰਮਤਿ ਵਿੱਦਿਆ ਬਾਬਾ ਜੀ ਤੋਂ ਪ੍ਰਾਪਤ ਕੀਤੀ, ਉਥੇ ਸ਼ਸਤ੍ਰ ਵਿੱਦਿਆ ਦੀ ਸਿਖਲਾਈ ਵੀ ਬਾਬਾ ਜੀ ਨੇ ਹੀ ਦਿੱਤੀ । ਬਾਬਾ ਜੀ ਗੁਰਮਤਿ ਵਿੱਦਿਆ ਦੇ ਧੁਰੰਧਰ ਵਿਦਵਾਨ ਹੋਣ ਦੇ ਨਾਲ-ਨਾਲ ਸ਼ਸਤ੍ਰ ਵਿੱਦਿਆ ਦੇ ਵੀ ਉਸਤਾਦ ਸਨ :

ਪੜ੍ਹਿ ਵਿਦਿਆ ਗੁਰ ਭਏ ਪ੍ਰਸੰਨ ।
ਬੁੱਢੇ ਕੋ ਭਾਖਯੋ ਧੰਨ ਧੰਨ ।
ਸ਼ਸਤ੍ਰ ਸ਼ਾਸਤ੍ਰ ਕੀ ਵਿਦਿਆ ਪਾਈ ।
ਹਰਿਗੋਬਿੰਦ ਮਨ ਅਤਿ ਹਰਖਾਈ ।
ਸਾਹਿਬ ਬੁੱਢੇ ਕੇ ਪਗ ਲਾਗੇ ।
ਗੁਰ ਦੀਖਿਆ ਦੀਨੀ ਹਿਤ ਪਾਗੇ ॥੭੫॥

*(ਗੁਰਬਿਲਾਸ ਪਾ: ੬, ਅਧਿਆਇ ੩)*

ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੰਪਾਦਨਾ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਜੀ ਨਾਲ ਸਲਾਹ-ਮਸ਼ਵਰਾ ਕੀਤਾ । ਗੁਰਬਾਣੀ ਇਕੱਤ੍ਰ ਕਰਨ, ਤਰਤੀਬ ਦੇਣ ਅਤੇ ਸੁਧਾਈ ਆਦਿ ਦੇ ਕਾਰਜ ਵਿੱਚ ਬਾਬਾ ਜੀ ਪੂਰਾ ਯੋਗਦਾਨ ਪਾਉਂਦੇ ਰਹੇ । ਭਾਈ ਗੁਰਦਾਸ ਜੀ ਦੇ ਹੱਥੀਂ ਬੀੜ ਦੇ ਲਿਖਣ ਸਮੇਂ ਭਾਈ ਗੁਰਦਾਸ ਜੀ ਨੂੰ ਯੋਗ ਸਲਾਹ-ਮਸ਼ਵਰਾ ਤੇ ਸਹਿਯੋਗ ਦੇਂਦੇ ਰਹੇ । ਗੁਰੁ ਪ੍ਰਤਾਪ ਸੂਰਜ ਅਨੁਸਾਰ ਬੀੜ ਸੰਪੂਰਨ ਹੋਣ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੇ ਪ੍ਰਕਾਸ਼ ਦੀ ਮਿਤੀ ਗੁਰੂ ਜੀ ਨੇ ਬਾਬਾ ਜੀ ਨਾਲ ਸਲਾਹ ਕਰ ਕੇ ਹੀ ਮਿਥੀ ।

੧੬੬੧ ਬਿ: ਭਾਦਰੋਂ ਸੁਦੀ ੧ ਨੂੰ ਨਰਸਿੰਘਿਆਂ ਅਤੇ ਵਾਜਿਆਂ-ਗਾਜਿਆਂ ਦੀ ਘਨਘੋਰ ਵਿੱਚ ਸੰਗਤਾਂ ਦਾ ਭਾਰੀ ਜਲੂਸ ਚੱਲਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਾਬਾ ਜੀ ਦੇ ਸੀਸ ਉੱਪਰ ਸੀ ਤੇ ਗੁਰੂ ਅਰਜਨ ਦੇਵ ਜੀ ਸਾਰੇ ਰਾਹ ਚੌਰ ਕਰਦੇ ਗਏ । ਸ੍ਰੀ ਹਰਿਮੰਦਰ ਸਾਹਿਬ ਪੁੱਜ ਕੇ ਸਤਿਗੁਰਾਂ ਨੇ ਬਾਬਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦਾ ਹੁਕਮ ਕੀਤਾ ਜਦ ਬਾਬਾ ਜੀ ਨੇ ਸਤਿਕਾਰ ਸਹਿਤ ਪ੍ਰਕਾਸ਼ ਕਰ ਲਿਆ ਤਾਂ ਸਤਿਗੁਰਾਂ ਨੇ ਸੰਗਤਾਂ ਨੂੰ ਹੁਕਮਨਾਮਾ ਸੁਣਾਉਣ ਲਈ ਆਖਿਆ । ਬਾਬਾ ਜੀ ਨੇ ਪਹਿਲੇ ਪ੍ਰਕਾਸ਼ ਬਾਅਦ ਪਹਿਲਾ ਹੁਕਮਨਾਮਾ ਲਿਆ ਤਾਂ ਇਹ ਮਹਾਂਵਾਕ ਆਇਆ :

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥ *(ਪੰ: ੭੮੩)*

ਇਸ ਤੋਂ ਬਾਅਦ ਜਪੁ ਜੀ ਸਾਹਿਬ ਦਾ ਪਾਠ ਕੀਤਾ ਅਤੇ ਸੰਗਤਾਂ ਨੇ ਬਾਬਾ ਜੀ ਦੀ ਉਸਤਤਿ ਕੀਤੀ :

ਸੁਨਿ ਅਵਾਜ਼ ਸੰਗਤ ਸੁਖ ਲੀਨੋ ।
ਬੁੱਢੇ ਪਾਠ ਜਪੁ ਜੀ ਕਾ ਕੀਨੋ ।
ਸਭ ਸੰਗਤ ਧੰਨ ਧੰਨ ਉਚਾਰੈ ।
ਬੁੱਢੇ ਕੀ ਉਪਮਾ ਬਿਸਥਾਰੈ ॥੨੮॥

*(ਗੁਰਬਿਲਾਸ ਪਾ: ੬, ਅਧਿਆਇ ੫)*

ਜਿੰਨਾਂ ਸਮਾਂ ਮਹਾਂਵਾਕ ਹੁੰਦਾ ਰਿਹਾ ਉਨਾਂ ਸਮਾਂ ਗੁਰੂ ਅਰਜਨ ਦੇਵ ਜੀ ਖੜ੍ਹੇ ਹੋ ਕੇ ਚੌਰ ਕਰਦੇ ਰਹੇ ।

ਬਾਬਾ ਬੁੱਢਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪ੍ਰਮੁੱਖ ਸਿੱਖ, ਗੁਰਮਤਿ ਦੇ ਮਹਾਨ ਵਿਦਵਾਨ, ਗੁਰਬਾਣੀ ਦੇ ਗਿਆਤਾ ਤੇ ਅਚਾਰਯ, ਸੇਵਾ ਦਾ ਮੁਜੱਸਮਾ,ਗੁਰੂ-ਘਰ ਦੇ ਸ਼ਰਧਾਲੂ, ਆਗਿਆਕਾਰ, ਨਿੰਮਤ੍ਰਾ ਦੇ ਪੁੰਜ, ਸਿੱਖੀ ਦਾ ਸੁੰਦਰ ਨਮੂਨਾ, ਬਜ਼ੁਰਗ ਸ਼ਖਸੀਅਤ, ਦ੍ਰਿੜ੍ਹ ਵਿਸ਼ਵਾਸੀ ਤੇ ਹਰ ਪੱਖ ਤੋਂ ਹਰ ਪ੍ਰਕਾਰ ਯੋਗ ਸਮਝ ਕੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਤੋਂ ਉਤਰ ਕੇ ਸਿੱਖਾਂ ਵਿੱਚ ਸਭ ਤੋਂ ਉੱਚੀ-ਸੁੱਚੀ ਤੇ ਸਤਿਕਾਰਯੋਗ ਮਹਾਨ ਪਦਵੀ ਸਿੱਖਾਂ ਦੇ ਧਾਰਮਿਕ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਦਿੱਤਾ ਤੇ ਆਪ ਜੀ ਨੂੰ ਭਾਈ ਸਾਹਿਬ ਦਾ ਖ਼ਿਤਾਬ ਬਖਸ਼ਿਆ । ਬਾਬਾ ਬੁੱਢਾ ਜੀ ਨਾਲ ਜੁੜਿਆ ਪਦ ਬਾਬਾ ਅੱਗੋਂ ਹਰ ਗ੍ਰੰਥੀ ਸਿੰਘ ਨਾਲ ਜੁੜ ਗਿਆ ਖਾਸ ਕਰ ਕੇ ਫ਼ੌਜਾਂ ਵਿੱਚ ਤੇ ਮਾਝੇ ਦੇ ਇਲਾਕੇ ਵਿੱਚ ਗ੍ਰੰਥੀ ਨੂੰ ਬਾਬਾ ਜੀ ਕਹਿੰਦੇ ਹਨ, ਉਮਰ ਵਿੱਚ ਭਾਵੇਂ ਉਹ ਨੌਜਵਾਨ ਹੀ ਹੋਵੇ । ਬਾਬਾ ਜੀ ਨੇ ਇਸ ਮਹਾਨ ਪਦਵੀ ਉੱਪਰ ਸਸ਼ੋਭਤ ਹੋ ਕੇ ਇਸ ਪਦਵੀ ਦੀਆਂ ਸਾਰੀਆਂ ਜ਼ਿੰਮੇਂਵਾਰੀਆਂ ਨੂੰ ਬੜੀ ਸੂਝ-ਬੂਝ, ਹਿੰਮਤ, ਉੱਦਮ, ਦ੍ਰਿੜ੍ਹਤਾ ਅਤੇ ਬੜੀ ਸੁਘੜਤਾ ਨਾਲ ਨਿਭਾਇਆ। ਸਿੱਖ ਧਰਮ ਵਿੱਚ ਗ੍ਰੰਥੀ ਪਦਵੀ ਦੀ ਪ੍ਰਥਾ ਦਾ ਆਰੰਭ ਉਸ ਦਿਨ ਬਾਬਾ ਜੀ ਦੀ ਨਿਯੁਕਤੀ ਨਾਲ ਹੋਇਆ ।

## ਗੁਰਤਾ ਗੱਦੀ ਦਾ ਤਿਲਕ :

ਗੁਰੂ ਅਰਜਨ ਦੇਵ ਜੀ ਹੋਣਹਾਰ ਨੂੰ ਸਮਝਦੇ ਹੋਏ ਬਾਬਾ ਬੁੱਢਾ ਜੀ ਨਾਲ ਸਲਾਹ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਾਲ ਲੈ ਕੇ ੧੬੬੩ ਬਿ: ਦੀ ਜੇਠ ਵਦੀ ੮ ਨੂੰ ਕੋਠਾ ਸਾਹਿਬ ਵਾਲੇ ਕਮਰੇ ਵਿੱਚ ਆ ਗਏ । ਪੰਜ ਪੈਸੇ ਨਲੇਰ ਅੱਗੇ ਰੱਖ ਕੇ ਪਰਕਰਮਾ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੱਥਾ ਟੇਕ ਦਿੱਤਾ ਤੇ ਕਿਹਾ ਕਿ ਸਾਡੇ ਬਾਅਦ ਇਹ ਸਾਡਾ ਰੂਪ ਗੁਰੂ ਹੋਵੇਗਾ । ਸਤਿਗੁਰਾਂ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਚੰਦਨ ਤੇ ਕੇਸਰ ਦਾ ਟਿੱਕਾ ਲਾ ਗੁਰਤਾ-ਗੱਦੀ ਦਾ ਤਿਲਕ ਕਰ ਦਿੱਤਾ ।

*(ਦੇਖੋ ਗੁਰੂ ਪ੍ਰਤਾਪ ਸੂਰਜ ਰਾਸ ੪, ਅੰਸੂ ੩੦, ਪੰਨਾ ੨੩੪੮-੪੯)*

## ਦਸਤਾਰਬੰਦੀ :

੧੬੬੩ ਬਿ: ਜੇਠ ਸੁਦੀ ੪ ਨੂੰ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪ੍ਰੰਤ ਗੁਰੂ ਅਰਜਨ ਦੇਵ ਜੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਜ ਪਾਠ ਕੋਠਾ ਸਾਹਿਬ ਵਿਖੇ ਆਰੰਭ ਕਰ ਕੇ ਸਾਰਾ ਪਾਠ ਬਾਬਾ ਬੁੱਢਾ ਜੀ ਨੇ ਆਪ ਕੀਤਾ। ਤੇਰ੍ਹਵੇਂ ਦਿਨ ਹਾੜ ਵਦੀ ਏਕਮ, ਹਾੜ ਦੀ ਸੰਗਰਾਂਦ ਦਿਨ ਬੁੱਧਵਾਰ ਨੂੰ ਕੋਠੇ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿੱਚ ਬਾਬਾ ਜੀ ਨੇ ਹੀ ਪਾਠ ਦਾ ਭੋਗ ਪਾਇਆ। ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ-ਟੋਪੀ ਤੇ ਮੰਜੀ ਲੈ ਆਏ ਤਾਂ ਸਤਿਗੁਰਾਂ ਨੇ ਬਾਬਾ ਜੀ ਨੂੰ ਕਹਿ ਕੇ ਇਹ ਚੀਜ਼ਾਂ ਤੋਸ਼ੇਖਾਨੇ ਵਿੱਚ ਭੇਜ ਦਿੱਤੀਆਂ ਤੇ ਕਿਹਾ ਕਿ ਸਾਨੂੰ ਦਸਤਾਰ ਸਜਾਓ। ਬਾਬਾ ਜੀ ਨੇ ਪਾਠ ਦੇ ਭੋਗ ਦੀ ਅਰਦਾਸ ਉੱਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਸਤਾਰ ਬਨ੍ਹਾਈ ਭਾਵ ਦਸਤਾਰ-ਬੰਦੀ ਦੀ ਰਸਮ ਕੀਤੀ :

ਹਾੜ ਪ੍ਰਿਥਮ ਏਕਮ ਥਿਤ ਮਾਹੀਂ।
ਹਰਿਗੋਬਿੰਦ ਗੁਰ ਪਾਗ ਬੰਧਾਹੀਂ।

*(ਗੁਰਬਿਲਾਸ ਪਾ: ੬, ਅਧਿਆਇ ੮ ਅੰਕ ੩੩)*

ਫਿਰ ਬੇਦੀਆਂ, ਤੇਹਣਾਂ, ਭੱਲਿਆਂ, ਸੋਢੀਆਂ, ਮਸੰਦਾਂ, ਮੁਖੀ ਸਿੱਖਾਂ ਤੇ ਦੇਸ਼- ਪ੍ਰਦੇਸ਼ ਦੀਆਂ ਸੰਗਤਾਂ ਨੇ ਦਸਤਾਰਾਂ ਤੇ ਮਾਇਆ ਭੇਟ ਕੀਤੀ, ਕੜਾਹ ਪ੍ਰਸ਼ਾਦ ਵਰਤਿਆ ਤੇ ਸੰਗਤਾਂ ਨੇ ਲੰਗਰ ਛਕੇ।

## ਅਕਾਲ ਤਖ਼ਤ ਦੀ ਰਚਨਾ :

ਹਾੜ ਪੰਚਮੀ ਕੋ ਦਿਨ ਜਾਨ।
ਸ੍ਰੀ ਗੁਰ ਉਦਮ ਕੀਨ ਮਹਾਨ।

*(ਗੁ: ਬਿ: ਪਾ: ੬ ਅ: ੮ ਅੰ: ੩੫)*

੧੬੬੩ ਬਿ: ਹਾੜ ਵਦੀ ਪੰਚਮੀ ਦਿਨ ਐਤਵਾਰ ਨੂੰ ਬਾਬਾ ਬੁੱਢਾ ਜੀ ਨਾਲ ਸਲਾਹ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਜਦ ਅਕਾਲ ਤਖ਼ਤ ਸਾਹਿਬ ਵਾਲੀ ਜਗ੍ਹਾ ਆਏ ਤਾਂ ਅੱਗੋਂ ਸਿੱਖਾਂ ਨੇ ਆਪ ਦੇ ਹੁਕਮ ਅਨੁਸਾਰ ਥਾਂ ਪੱਧਰਾ ਕੀਤਾ ਹੋਇਆ ਸੀ ਤੇ ਇੱਟਾਂ ਤੇ ਚੂਨਾ ਤਿਆਰ ਸੀ। ਬਾਬਾ ਜੀ ਦੇ ਅਰਦਾਸ ਕਰਨ ਉੱਪਰੰਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਇੱਟ ਬੜੇ ਬਲ ਤੇ ਤੇਜ ਵਿੱਚ ਆਪ ਰੱਖੀ :

ਪ੍ਰਥਮ ਆਪਨੇ ਲੇ ਕਰਿ ਹਾਥ।
ਧਰੀ ਈਂਟ ਬਲ ਤੇਜ ਕਿ ਸਾਥ।...੧੬॥

*(ਗੁਰ ਪ੍ਰਤਾਪ ਸੂਰਜ ਰਾਸਿ ੪ ਅੰਸੂ ੪੨)*

ਰਵਿ ਦਿਨ ਪੰਚਮ ਥਿਤ ਲਗਨ, ਉਤਮ ਸਮਾ ਵਿਚਾਰ।੩੭।
ਪ੍ਰਿਥਮ ਨੀਵ ਸ੍ਰੀ ਗੁਰ ਰਖੀ ਅਬਚਲ ਤਖਤ ਸੁਹਾਇ।੩੮।
ਕਿਸੀ ਰਾਜ ਨਹਿ ਹਾਥ ਲਗਾਯੋ।
ਬੁੱਢੇ ਔ ਗੁਰਦਾਸ ਬਨਾਯਉ।੩੯।

*(ਗੁ: ਬਿ: ਪਾ: ੬ ਅ: ੮)*

ਥੋੜ੍ਹੇ ਹੀ ਦਿਨਾਂ ਵਿੱਚ ਪੱਕਾ ਥੜ੍ਹਾ ਤਿਆਰ ਹੋ ਗਿਆ। ਸਤਿਗੁਰਾਂ ਨੇ ਇਸ ਥੜ੍ਹੇ ਦਾ ਨਾਮ

'ਅਕਾਲ ਤਖ਼ਤ' ਰੱਖਿਆ ਤੇ ਤਖ਼ਤ-ਨਸ਼ੀਨੀ ਦੇ ਤਿਲਕ ਦੀ ਰਸਮ ਹਿਤ ਹਾੜ ਸੁਦੀ ਦਸਵੀਂ ਨੂੰ ਹੁਮ-ਹੁਮਾ ਕੇ ਪੁੱਜਣ ਹਿੱਤ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਉਸ ਦਿਨ ਚੰਗੇ ਸ਼ਸਤ੍ਰਾਂ ਤੇ ਘੋੜਿਆਂ ਦੀ ਭੇਟਾ ਲਿਆਓ ।

## ਤਖ਼ਤ-ਨਸ਼ੀਨੀ ਦਾ ਤਿਲਕ :

ਹਾੜ ਸੁਦੀ ਨੌਵੀਂ ਦੀ ਸ਼ਾਮ ਤਕ ਸੰਗਤਾਂ ਦਾ ਭਾਰੀ ਇਕੱਠ ਅੰਮ੍ਰਿਤਸਰ ਪੁੱਜ ਗਿਆ । ਹਾੜ ਸੁਦੀ ਦਸਵੀਂ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਤਿਗੁਰਾਂ ਦੇ ਬੈਠਣ ਲਈ ਬਾਦਸ਼ਾਹਾਂ ਵਰਗਾ ਸ਼ਾਹੀ ਸਿੰਘਾਸਨ ਸਜਾਇਆ ਗਿਆ । ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਜੀ ਮੱਥਾ ਟੇਕ ਕੇ ਅਕਾਲ ਤਖ਼ਤ ਸਾਹਿਬ ਆਏ ।

ਹੋ ਦਸਮੀ ਥਿਤਿ ਰਵਿ ਵਾਰ ਅਮੋਲਕ ਜਾਨੀਏ ।...੪੪॥
ਦਸਮੀ ਥਿਤਿ ਉਦਾਰ ਮਹੂਰਤ ਗਾੜ ਕੇ ।...੪੫॥

*(ਗੁ: ਬਿ: ਪਾ: ੬ ਅ: ੮)*

ਦਸਮੀ ਸੁਦੀ ਅਸਾਢ ਮਝਾਰੀ ।
ਆਦਿਤ ਵਾਰ ਤੇਜ ਬਲ ਭਾਰੀ ।੩੩।

*(ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਰਾਸਿ ੪ ਅੰਸੂ ੪੨)*

ਅਕਾਲ ਤਖ਼ਤ ਸਾਹਿਬ ਮੱਥਾ ਟੇਕ ਕੇ, ਉੱਪਰ ਪਹੁੰਚ ਕੇ ਗੁਰੂ ਸਾਹਿਬ ਸਿੰਘਾਸਨ 'ਤੇ ਸਸ਼ੋਭਤ ਹੋ ਗਏ । ਥੱਲੇ ਸਿੱਖ ਸੰਗਤਾਂ ਦਾ ਖਚਾ-ਖੱਚ ਦੀਵਾਨ ਭਰਿਆ ਹੋਇਆ ਸੀ । ਸਤਿਗੁਰਾਂ ਨੇ ਆਪਣੇ ਵੱਲੋਂ ਤਿਆਰ ਕਰਵਾਏ ਸ਼ਸਤਰ ਮੰਗਵਾਏ । ਉਨ੍ਹਾਂ ਵਿੱਚੋਂ ਬਾਬਾ ਜੀ ਨੇ ਦੋ ਸੁਨਹਿਰੀ ਮੁੱਠਿਆਂ ਵਾਲੀਆਂ ਤਲਵਾਰਾਂ ਗੁਰੂ ਜੀ ਨੂੰ ਪਹਿਨਾਈਆਂ ਜਦ ਮੁਖੀ ਸਿੱਖਾਂ ਨੇ ਦੋ ਤਲਵਾਰਾਂ ਪਹਿਨਣ ਦਾ ਕਾਰਨ ਪੁੱਛਿਆ, ਤਾਂ ਹਜ਼ੂਰ ਨੇ ਫ਼ੁਰਮਾਇਆ ਕਿ :

"ਇਕ ਮੀਰੀ ਦੀ ਤੇ ਦੂਜੀ ਪੀਰੀ ਦੀ ਹੈ,
ਇਨ੍ਹਾਂ ਦੋਹਾਂ ਨਾਲ ਪੰਥ ਨੂੰ ਮੀਰੀ ਤੇ ਪੀਰੀ ਲੈ ਕੇ ਦਿਆਂਗੇ ।"

ਇਕ ਤੇ ਲੇਂ ਮੀਰਨਿ ਕੀ ਮੀਰੀ ।
ਦੂਸਰ ਤੇ ਪੀਰਨਿ ਕੀ ਪੀਰੀ ।੨੨।
ਮੀਰੀ ਪੀਰੀ ਦੋਨੋਂ ਧਰੈਂ ।
ਬਚਹਿ ਸ਼ਰਨਿ ਨਤੁ ਜੁਗ ਪਰਹਰੈਂ ॥੨੩।

*(ਗੁ: ਪ੍ਰ: ਸੂ: ਰਾਸਿ ੪ ਅੰਸੂ ੪੩)*

ਉੱਪਰੰਤ ਬਾਦਸ਼ਾਹਾਂ ਵਾਂਗ ਪਹਿਲਾਂ ਬਾਬਾ ਜੀ ਨੇ ਆਪਣੇ ਵੱਲੋਂ ਭੇਟਾ ਹਾਜ਼ਰ ਕੀਤੀ, ਫਿਰ ਭਾਈ ਗੁਰਦਾਸ ਜੀ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਚੌਧਰੀਆਂ ਤੇ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੇ ਆਪੋ ਆਪਣੀਆਂ ਭੇਟਾਵਾਂ ਅਰਪੀਆਂ । ਭੇਟਾਵਾਂ ਵਿੱਚ ਖਾਸ ਤੌਰ 'ਤੇ ਸਤਿਗੁਰਾਂ ਦੇ ਹੁਕਮਨਾਮਿਆਂ ਅਨੁਸਾਰ ਤਲਵਾਰਾਂ, ਢਾਲਾਂ, ਬੰਦੂਕਾਂ, ਸੁੰਦਰ ਤੇਜ ਤੇ ਚੰਚਲ ਘੋੜੇ, ਨੇਜੇ, ਬਰਛੇ, ਬਰਛੀਆਂ, ਕਟਾਰਾਂ, ਖੰਡੇ, ਧਨੁਖ, ਕਮਾਣਾਂ, ਤਿੱਖੇ ਤੀਰ ਤੇ ਤੀਰਾਂ ਦੇ ਭਰੇ ਭੱਥੇ, ਜੰਗੀ-ਕੁਹਾੜੇ, ਸਫਾ-ਜੰਗ ਆਦਿ ਸ਼ਸਤ੍ਰਾਂ-ਬਸਤ੍ਰਾਂ ਤੇ ਗਹਿਣਿਆਂ ਦੇ ਢੇਰ ਲੱਗ ਗਏ ਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ ।

## ਸ਼ਬਦ ਚੌਂਕੀ ਦੀ ਰੀਤੀ :

ਚੰਦੂ ਦੀ ਚੁੱਕ 'ਚ ਆ ਕੇ ਜਹਾਂਗੀਰ ਨੇ ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਆਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਤਾਂ ਬਾਬਾ ਜੀ ਨੇ ਸਤਿਗੁਰਾਂ ਦੀ ਯਾਦ ਵਿੱਚ ਚੌਂਕੀ ਦੀ ਰੀਤ ਚਲਾਈ। ਹਰਿਮੰਦਰ ਸਾਹਿਬ ਵਿਖੇ ਸ਼ਾਮ ਨੂੰ ਰਹਿਰਾਸ ਦੇ ਪਾਠ ਦੀ ਅਰਦਾਸ ਉੱਪਰੰਤ ਬਾਬਾ ਜੀ ਸਮੇਤ ਸਾਰੀ ਸੰਗਤ ਸ਼ਬਦ ਪੜ੍ਹਦੀ ਹਰਿਮੰਦਰ ਤੋਂ ਚਲ ਕੇ, ਸਰੋਵਰ ਦੀ ਵੱਡੀ ਪ੍ਰਕਰਮਾ ਕਰਦੀ, ਵਾਪਸ ਆ ਕੇ ਹਰਿਮੰਦਰ ਦੀ ਛੋਟੀ ਪ੍ਰਕਰਮਾ ਕਰ ਕੇ, ਸਾਹਮਣੇ ਦਰਵਾਜ਼ੇ ਅੱਗੇ ਖੜ੍ਹ ਕੇ ਸ਼ਬਦ ਚੌਂਕੀ ਦੀ ਅਰਦਾਸ ਨਾਲ ਸਮਾਪਤੀ ਹੋ ਜਾਂਦੀ। ਬਾਬਾ ਜੀ ਵੱਲੋਂ ਆਰੰਭ ਕੀਤੀ ਇਹ ਚੌਂਕੀ ਦੀ ਰੀਤੀ ਹੁਣ ਤੱਕ ਉਸੇ ਤਰ੍ਹਾਂ ਚਲ ਰਹੀ ਹੈ।

ਮਾਤਾ ਗੰਗਾ ਜੀ ਦੇ ਕਹਿਣ 'ਤੇ ਬਾਬਾ ਬੁੱਢਾ ਜੀ ਕੁਝ ਮੁਖੀ ਸਿੱਖਾਂ ਸਮੇਤ ਗੁਆਲੀਅਰ ਪੁੱਜੇ। ਕਿਲ੍ਹੇ ਵਿਖੇ ਗੁਰੂ ਜੀ ਨੂੰ ਮਿਲ ਕੇ, ਸੁਖ-ਸਾਂਦ ਦਾ ਪਤਾ ਕਰ ਕੇ, ਵਾਪਸ ਆ ਕੇ ਮਾਤਾ ਜੀ ਨੂੰ ਸਤਿਗੁਰੂ ਜੀ ਦਾ ਹਾਲ ਤੇ ਬਚਨ ਸੁਣਾਏ ਅਤੇ ਧੀਰਜ ਦਿੱਤਾ।

ਗੁਰੂ ਜੀ ਗੁਆਲੀਅਰ ਦੇ ਕਿਲ੍ਹੇ 'ਚੋਂ ੧੬੭੬ ਬਿ: ਕੱਤਕ ਵਦੀ ੧੪ ਨੂੰ ੫੨ ਰਾਜਿਆਂ ਸਮੇਤ ਬਾਹਰ ਆਏ ਤਾਂ ਉਸ ਰਾਤ ਬੰਦੀ-ਛੋੜ ਸਤਿਗੁਰੂ ਜੀ ਦੇ ਬੰਧਨ ਮੁਕਤ ਹੋਣ ਦੀ ਖੁਸ਼ੀ ਵਿੱਚ ਹਰੀ ਰਾਮ ਦਰੋਗੇ ਨੇ ਆਪਣੇ ਘਰ ਲੈ ਜਾ ਕੇ ਦੀਪ ਮਾਲਾ ਕੀਤੀ। ਬਾਬਾ ਜੀ ਦੇ ਹੁਕਮ ਅਨੁਸਾਰ, ਉਸ ਦਿਨ ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ਼ਹਿਰ ਅੰਮ੍ਰਿਤਸਰ ਵਿੱਚ ਸਿੱਖਾਂ ਨੇ ਘਰ-ਘਰ ਖੁਸ਼ੀ ਵਿੱਚ ਦੀਪਮਾਲਾ ਕੀਤੀ ਤੇ ਖੁਸ਼ੀ ਮਨਾਈ। ਇਹ ਦੀਪਮਾਲਾ ਦਾ ਦਿਨ ਸੀ।

*(ਭੱਟ ਵਹੀ ਜਾਦੋ ਬੰਸੀਆਂ ਬੜਤੀਆਂ ਕੀ)*

੧੬੭੬ ਬਿ: ਮਹੀਨਾ ਫੱਗਣ ਸੰਗਰਾਂਦ ਵਾਲੇ ਦਿਨ ਗੁਰੂ ਜੀ ਨਾਰਨੌਲ ਪਰਗਨਾ ਬਟਾਲਾ ਵਿਖੇ ਆਏ ਤਾਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਹੋਰ ਮੁਖੀ ਸਿੱਖਾਂ ਸਮੇਤ ਗੁਰਾਂ ਨੂੰ ਮਿਲਣ ਆਏ ਤੇ ਸਤਿਗੁਰਾਂ ਦੇ ਦਰਸ਼ਨ ਕੀਤੇ।

*(ਭੱਟ ਵਹੀ ਤਲਉਂਢਾ ਪਰਗਨਾ ਜੀਂਦ। ਗੁਰੂ ਕੀਆਂ ਸਾਖੀਆਂ ਪੰਨਾ ੨੭)*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਤਾਏ ਪ੍ਰਿਥੀਚੰਦ ਦੀ ਮੁਕਾਣ ਲਾਹੁਣ ਉੱਪਰੰਤ ਹੇਹਰ ਪਿੰਡ ਤੋਂ ਚੱਲ ਕੇ ਸੰਮਤ ੧੬੭੭ ਬਿ: ਮਾਘ ਦੀ ਸੰਗਰਾਂਦ ਵਾਲੇ ਦਿਨ ਗੁਰੂ ਚੱਕ (ਅੰਮ੍ਰਿਤਸਰ) ਪਰਗਨਾ ਨਿਝਰ-ਆਲਾ ਆਏ।ਉਨ੍ਹਾਂ ਦੇ ਨਾਲ ਮੋਹਰੀ ਜੀ ਦੇ ਪੁੱਤਰ ਅਰਜਾਨੀ, ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਜੀ ਦੇ ਦਾਦਾ ਭਾਈ ਬੱਲੂ ਜੀ ਤੇ ਹੋਰ ਮੁਖੀ ਸਿੱਖ ਆਏ। ਗੁਰੂ ਸਾਹਿਬ ਦੇ ਆਉਣ ਦੀ ਖੁਸ਼ੀ ਵਿੱਚ ਦੀਪਮਾਲਾ ਕੀਤੀ ਗਈ।

*(ਦੇਖੋ ਗੁਰੂ ਕੀਆਂ ਸਾਖੀਆਂ ਪੰਨਾ ੨੮, ਭੱਟ ਵਹੀ ਤਲਉਂਢਾ ਪਰਗਨਾ ਜੀਂਦ)*

## ਗੁਰਪੁਰੀ ਨਿਵਾਸ :

ਬਾਬਾ ਬੁੱਢਾ ਜੀ ਦੀ ਇੱਛਾ ਅਨੁਸਾਰ ਬਾਬਾ ਜੀ ਦੇ ਸਰੀਰ ਤਿਆਗਣ ਤੋਂ ਪਹਿਲਾਂ ਰਮਦਾਸ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਰਸ਼ਨ ਦਿੱਤੇ, ਬਾਬਾ ਜੀ ਨਾਲ ਖੁੱਲ੍ਹ ਕੇ ਬਚਨ-ਬਿਲਾਸ ਕੀਤੇ। ਬਾਬਾ ਜੀ ਨੇ ਆਪਣੇ ਛੋਟੇ ਪੁੱਤਰ ਭਾਈ ਭਾਨਾ ਜੀ ਦੀ ਬਾਂਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਫੜਾ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਇਸ ਉੱਪਰ ਵੀ ਬਖਸ਼ਸ਼

ਕਰ ਕੇ ਮੇਰੇ ਵਾਂਗ ਇਸ ਪਾਸੋਂ ਸੇਵਾ ਲੈਂਦੇ ਰਹਿਣਾ । ਅੰਤ ੧੪ ਮੱਘਰ, ਮੱਘਰ ਸੁਦੀ ੪, ਸੰਮਤ ੧੬੮੮ ਬਿ : ਨੂੰ ੧੨੫ ਸਾਲ ੧ ਮਹੀਨਾ, ੪ ਦਿਨ ਉਮਰ ਭੋਗ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਦਿਆਂ ਪਿੰਡ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੰਜ ਭੌਤਕ ਸਰੀਰ ਤਿਆਗ ਕੇ ਪੂਰਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਨੇ ਆਪਣੀ ਪ੍ਰਤਿਕ ਜੋਤ ਨੂੰ ਗੁਰੂ-ਜੋਤਿ ਵਿੱਚ ਅਭੇਦ ਕਰ ਲਿਆ । ਅਰਥੀ ਉਠਾਣ ਸਮੇਂ ਇਕ ਪਾਸੇ ਗੁਰੂ ਹਰਿਗੋਬਿੰਦ ਸਾਹਿਬ ਤੇ ਭਾਈ ਭਾਨਾ ਜੀ ਤੇ ਦੂਜੇ ਪਾਸੇ ਭਾਈ ਗੁਰਦਾਸ ਜੀ ਅਤੇ ਭਾਈ ਅਜਿੱਤਾ ਜੀ ਨੇ ਮੋਢਾ ਦਿੱਤਾ :

ਦੋਹਰਾ : ਏਕ ਓਰ ਸ੍ਰੀ ਗੁਰੁ ਲਗੇ ਦੂਜੋ ਭਾਨਾ ਸਾਥ ।
ਗੁਰਦਾਸ ਅਜਿੱਤਾ ਹਰਖ ਸੋਂ, ਦੁਤੀ ਓਰ ਗਹਿ ਹਾਥ ॥੫੬॥
ਚਿਖਾ ਉੱਪਰ ਜਬ ਹੀ ਧਰੀ ਸਾਹਿਬ ਬੁੱਢੇ ਦੇਹ ।
ਹਰਿਗੋਬਿੰਦ ਕੇ ਨੈਨ ਤੇ ਚਾਲਯੋ ਨੀਰ ਸਨੇਹ ॥੬੧॥

*(ਗੁ: ਬਿ: ਪਾ: ੬, ਅਧਿਆਇ ੧੬)*

ਸਤਿਗੁਰਾਂ ਦੀ ਨਿਗਰਾਨੀ ਵਿੱਚ ਸਤਿਕਾਰ ਸਹਿਤ ਸਸਕਾਰ ਹੋਇਆ ।

## ਬਾਬਾ ਜੀ ਦੇ ਗੁਣ ਤੇ ਮਹਿਮਾ :

ਦੋਹਰਾ: ਹਸਤਾਮਲਕ ਸਮਾਨ ਉਰ,
ਜਿਨ ਕੇ ਦਿਢਿ ਬ੍ਰਹਮ ਗਯਾਨ ।
ਸ੍ਰੀ ਬੁੱਢਾ ਸਾਹਿਬ ਭਏ,
ਨਮੋ ਬੰਦਿ ਕਰਿ ਪਾਨ ॥੧॥

ਚੌਪਈ- ਗੁਰਸਿੱਖੀ ਕੀ ਅਵਧਿ ਅਧਾਰਾ ।
ਜਿਮ ਸਭਿ ਜਲ ਕੀ ਸਿੰਧੁ ਅਪਾਰਾ ।
ਮਾਰਤੰਡ ਜਿਮ ਤੇਜ ਪ੍ਰਚੰਡਹਿ ।
ਜਥਾ ਅਖੰਡਲ ਭੂਤਲ ਖੰਡਹਿ ॥੨॥
ਜਥਾ ਛਿਮਾ ਕੀ ਛੌਣੀ ਅਹੈ ।
ਬਾਯੂ ਮਹਿਦ ਬੇਗ ਕੀ ਲਹੈ ।
ਸਹਨਸ਼ੀਲ ਸੌਂਦਰਯ ਸੂਰਤਾ ।
ਪ੍ਰਭੂ ਬਿਸ਼ਨ ਹੈ ਸਭੇ ਪੂਰਤਾ ।
ਸੁ ਪ੍ਰਕਾਸ਼ ਕੀ ਅਵਧਿ ਮਯੰਕਾ ।
ਜਥਾ ਦੁਰਗ ਕੀ ਦੀਰਘ ਲੰਕਾ ।
ਨਾਗਨਿ ਸ਼ੇਸ਼ ਬਾਸ਼ਕੀ ਸਰਪਨਿ ।
ਤਨ ਹੰ ਤਜਿਨਿ ਹੋਤਿ ਸਭਿ ਅਰਪਨਿ ॥੪॥
ਲਿਖਨਿ ਬਿਖੈ ਜਿਮਿ ਅਵਧਿ ਗਜਾਨਨ ।
ਜੋਗੀ ਸਭਿਹਿਨਿ ਕੀ ਪੰਚਾਨਨ ।
ਸੈਨਾਪਤਿ ਕੀ ਅਵਧਿ ਖੜਾਨਨ ।
ਰਚਨਾ ਰਚਨਨ ਮਹਿਂ ਚਤੁਰਾਨਨ ॥੫॥

ਤਿਮਿ ਬੁੱਢਾ ਸਾਹਿਬ ਬ੍ਰਹਮ ਗਜਾਨੀ ।
ਸਿੱਖੀ ਕੇ ਅਧਾਰ ਗੁਨਖਾਨੀ ।
ਤਿਨ ਕੋ ਸੁਜਸੁ ਕਹਾਂ ਲੌ ਕਹੀਐ ।
ਜੀਵਨ ਮੁਕਤਿ ਅਵਸਥਾ ਲਹੀਐ ॥੬॥

*(ਗੁਰੁ ਪ੍ਰਤਾਪ ਸੂਰਜ ਗ੍ਰੰਥ, ਰਾਸ ੧ ਅੰਸੂ ੩)*

ਗੁਰੂ ਅਰਜਨ ਦੇਵ ਜੀ ਲਾਹੌਰ ਨੂੰ ਜਾਣ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਉਪਦੇਸ਼ ਕਰਦੇ ਹੋਏ ਬਾਬਾ ਬੁੱਢਾ ਜੀ ਬਾਰੇ ਫ਼ੁਰਮਾਉਂਦੇ ਹਨ :

ਹਰਿਗੁਵਿੰਦ ਕੋ ਪੁਨਹ ਸੁਨਾਈ ।
ਅਦਬ ਰਖਹੁ ਨਿਤ ਬੁੱਢਾ ਭਾਈ ।
ਜਿਮ ਆਗਯਾ ਦੇ ਤੈਸੇ ਰਹਿਨਾ ।
ਨਹਿੰ ਇਨ ਕੇ ਸਨਮੁਖ ਕਬਿ ਕਹਨਾ ॥੨੬॥

*(ਗੁਰ ਪ੍ਰਤਾਪ ਸੂਰਜ ਰਾਸਿ ੪, ਅੰਸੂ ੩੧)*

ਦੇਖੋ ਮਰਯਾਦਾ ਪੁਰਸ਼ੋਤਮ ਸ੍ਰੀ ਗੁਰੂ ਅਰਜਨ ਦੇਵ ਜੀ ਪੁੱਤਰ ਨੂੰ ਗੱਦੀ ਦੇ ਕੇ, ਗੁਰਤਾ ਦੀ ਵਡਿਆਈ ਬਖਸ਼ ਕੇ ਜਿਸ ਅੱਗੇ ਭਾਈ ਬੁੱਢਾ ਸਿੱਖ ਹੈ । ਫਿਰ ਸਪੁੱਤਰ ਨੂੰ ਆਗਿਆ ਕਰਦੇ ਹਨ ਕਿ ਭਾਈ ਬੁੱਢਾ ਜੀ ਦੀ ਆਗਿਆ ਦਾ ਸਤਿਕਾਰ ਕਰਨਾ । ਇਕ ਤਾਂ ਭਾਈ ਬੁੱਢਾ ਜੀ ਤੋਂ ਗੁਰੂ ਹਰਿਗੋਬਿੰਦ ਜੀ ਨੇ ਗੁਰਮੁਖੀ ਵਿੱਦਿਆ ਪਾਈ ਸੀ, ਦੂਜੇ ਆਦਿ ਗੁਰੂ ਦੇ ਵਰੋਸਾਏ ਆਦਿ ਸਿੱਖ ਦੇ ਤਿਲਕ ਦੇਣ ਦਾ ਅਧਿਕਾਰ ਰੱਖਣ ਵਾਲੇ ਮਹਾਨ ਸਤਿਕਾਰਯੋਗ ਹੋਣ ਕਰ ਕੇ ਇਹ ਆਗਿਆ ਦਿੱਤੀ ।

ਪਹਿਲੇ ਸਾਰੇ ਗੁਰੂ ਸਾਹਿਬਾਨ ਬਾਬਾ ਜੀ ਦਾ ਹੱਦੋਂ ਵੱਧ ਸਤਿਕਾਰ ਕਰਦੇ ਰਹੇ ਹਨ। ਖੁਦ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਬਾਬਾ ਜੀ ਦੇ ਸਤਿਕਾਰ ਵਿੱਚ ਕਈ ਵਾਰ ਉਠ ਕੇ ਖੜ੍ਹੇ ਹੋ ਜਾਂਦੇ ਸਨ । ਇਕ ਵਾਰ ਦਾ ਜ਼ਿਕਰ ਹੈ ਕਿ :

ਸਾਹਿਬ ਬੁੱਢਾ ਜਬ ਆਏ, ਗੁਰ ਅਰਜਨ ਨਿਕਟਾਰ ।
ਤਾਹਿੰ ਪੇਖਿ ਸ੍ਰੀ ਗੁਰ ਉਠੇ, ਕਰਿ ਆਦਰ ਅਧਿਕਾਰ ॥੭੨॥

*(ਗੁਰ ਬਿਲਾਸ ਪਾ: ੬ ਅਧਿਆਇ ੩)*

ਗੁਰੂ ਹਰਿਗੋਬਿੰਦ ਸਾਹਿਬ ਭਾਈ ਕੀ ਡਰੋਲੀ ਤੋਂ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਤਾਂ ਦਰਸ਼ਨਾਂ ਉਪਰੰਤ ਬਾਬਾ ਬੁੱਢਾ ਜੀ ਦੇ ਚਰਨੀ ਨਮਸਕਾਰ ਕੀਤੀ :

ਪਿਤਾ ਪਿਤਾਮੇ ਕੋ ਧਰਿ ਧਜਾਨ ।
ਹਾਥ ਜੋਰਿ ਅਭਿਬੰਦਨ ਠਾਨਿ ।
ਪੁਨ ਭਾਈ ਬ੍ਰਿਧ ਕੇ ਪਗ ਪਰੇ ।
ਕੁਸ਼ਲ ਪ੍ਰਸ਼ਨ ਦੁਹਿ ਦਿਸ਼ਿ ਤੇ ਕਰੇ ॥੪੧॥

*(ਸ੍ਰੀ ਗੁ: ਪ੍ਰ: ਸੂ: ਗ੍ਰੰਥ, ਰਾਸ ੫ ਅੰਸੂ ੩੯)*

ਬਾਬਾ ਬੁੱਢਾ ਜੀ ਇਕ ਅਜਿਹੇ ਆਦਰਸ਼ਕ ਅਤੇ ਅਦੁੱਤੀ ਸਿੱਖ ਸਨ, ਜਿਨ੍ਹਾਂ ਦੀਆਂ ਅੱਖਾਂ ਅੱਗੋਂ ਲੱਗਭਗ ਅੱਧਾ ਗੁਰ ਇਤਿਹਾਸ ਲੰਘਿਆ । ਆਪ ਉਸ ਇਤਿਹਾਸ ਦੇ ਅਨਿੱਖੜ

ਅੰਗ ਸਨ । ਉਸ ਦੀ ਉਸਾਰੀ ਵਿੱਚ ਆਪ ਦਾ ਯੋਗਦਾਨ ਸੀ । ਗੁਰਬਾਣੀ ਵਿੱਚ ਜਿਸ ਪੂਰਨ ਮਨੁੱਖ, ਬ੍ਰਹਮ ਗਿਆਨੀ, ਗੁਰਮੁਖ ਜਾਂ ਸੰਤ ਦੇ ਗੁਣਾਂ ਦਾ ਵਰਣਨ ਕੀਤਾ ਗਿਆ ਹੈ, ਉਹ ਸਾਰੇ ਹੀ ਆਪ ਜੀ ਅੰਦਰ ਵਿਦਮਾਨ ਸਨ । ਆਪ 'ਜੀਵਨ-ਮੁਕਤ' ਸਨ ਅਤੇ ਹੋਰਨਾਂ ਨੂੰ ਜੀਵਨ ਦਾਨ ਦੇਣ ਵਾਲੇ ਸਨ । ਭਾਈ ਗੁਰਦਾਸ ਜੀ ਨੇ ਜਿਸ ਗਾਡੀ-ਰਾਹ ਦਾ ਜ਼ਿਕਰ ਕੀਤਾ ਹੈ, ਉਸ 'ਤੇ ਆਪ ਨੇ ਸਫਲਤਾ ਸਹਿਤ ਚੱਲ ਕੇ ਹੋਰਨਾਂ ਨੂੰ ਤੋਰਿਆ । ਬਾਬਾ ਜੀ ਉਮਰ ਕਰ ਕੇ ਹੀ ਬ੍ਰਿਧ (ਵੱਡੇ) ਨਹੀਂ ਹੋਏ, ਸਗੋਂ ਆਪ ਆਤਮਕ ਅਤੇ ਬੌਧਿਕ ਤੌਰ 'ਤੇ ਬੁੱਢੇ (ਉੱਚੇ) ਸਨ । ਆਪ ਦਿਲ ਦੇ ਵੀ ਬ੍ਰਿਧ (ਵਿਸ਼ਾਲ) ਸਨ । ਆਪ ਇਕ ਅਜਿਹੇ ਬੋਹੜ ਸਨ, ਜਿਸ ਦੀ ਸੰਘਣੀ, ਠੰਡੀ ਅਤੇ ਮਿੱਠੀ ਛਾਂ ਤੋਂ ਅਨੇਕਾਂ ਨੂੰ ਮਾਨਸਿਕ ਸ਼ਾਂਤੀ ਮਿਲਦੀ ਰਹੀ ।(ਡਾ: ਦਲੀਪ ਸਿੰਘ 'ਦੀਪ') ਗੁਰੂ ਅਮਰਦਾਸ ਜੀ ਬਾਬਾ ਬੁੱਢਾ ਜੀ ਬਾਰੇ ਕਹਿੰਦੇ ਹਨ :

ਇਹੁ ਸੰਗਤਿ ਕੋ ਬੋਹਿਥ ਭਾਰਾ ।
ਭਉਜਲ ਤੇ ਕਰਿਹੈ ਨਿਸਤਾਰਾ ।
ਸਿੱਖੀ ਅਵਧਿ, ਨ ਇਸ ਤੇ ਪਰੈ ।
ਨਾਮ ਲਿਏ ਗਨ ਬਿਘਨ ਸੁ ਹਰੈ ॥੪੨॥

*(ਗੁਰਪ੍ਰਤਾਪਸੂਰਜਗ੍ਰੰਥ, ਰਾਸਿ ੧ ਅੰਸੂ ੩੬)*

ਸਸਕਾਰ ਵਾਲੀ ਜਗ੍ਹਾ ਉੱਪਰ ਸੁੰਦਰ ਮੰਦਰ ਬਣਿਆ ਹੋਇਆ ਹੈ, ਇਸ ਅਸਥਾਨ ਦੇ ਨਾਮ ਮਹਾਰਾਜਾ ਰਣਜੀਤ ਸਿੰਘ ਤੇ ਹੋਰ ਮਿਸਲਾਂ ਦੇ ਸਰਦਾਰਾਂ ਵੱਲੋਂ ਲੁਵਾਈ ਹੋਈ ਕਾਫੀ ਜ਼ਮੀਨ ਹੈ । ਇਸ ਅਸਥਾਨ ਤੇ ਜਾਇਦਾਦ ਦੇ ਪ੍ਰਬੰਧ ਤੇ ਸਿੱਖੀ ਪ੍ਰਚਾਰ ਹਿਤ ਬਾਬਾ ਜੀ ਤੋਂ ਬਾਅਦ ਉਨ੍ਹਾਂ ਦੇ ਖਾਨਦਾਨ ਵਿੱਚੋਂ ਹੇਠ ਲਿਖੀਆਂ ਵਿਅਕਤੀਆਂ ਸਮੇਂ ਸਮੇਂ ਸੇਵਾ ਕਰਦੀਆਂ ਰਹੀਆਂ ਹਨ । ਬਾਬਾ ਬੁੱਢਾ ਜੀ ਦੇ ਚਾਰ ਪੁੱਤਰ ਸਨ : ਭਾਈ ਸੁਧਾਰੀ , ਭਾਈ ਭਿਖਾਰੀ , ਭਾਈ ਮਹਿਮੂੰ ਅਤੇ ਭਾਈ ਭਾਨਾ ਜੀ । ਭਾਈ ਭਾਨਾ ਜੀ ਨੂੰ ਗੱਦੀ ਦੇ ਗਏ । ਭਾਈ ਭਾਨੇ ਤੋਂ ਬਾਅਦ ਉਸ ਦੇ ਪੁੱਤ੍ਰ ਜਲਾਲ ਨੇ ਦੋ ਮਹੀਨੇ ਬਾਅਦ ਸਰੀਰ ਤਿਆਗ ਦਿੱਤਾ ਤਾਂ ਭਾਨਾ ਜੀ ਦਾ ਪੁੱਤਰ ਸਰਵਣ ਗੱਦੀ 'ਤੇ ਬੈਠਾ । ਉਸ ਤੋਂ ਬਾਅਦ ਸਰਵੱਣ ਦਾ ਪੁੱਤਰ ਝੰਡਾ, ਝੰਡੇ ਦਾ ਗੁਰਦਿੱਤਾ, ਗੁਰਦਿੱਤੇ ਦਾ ਭਾਈ ਰਾਮ ਕੌਰ (ਗੁਰਬਖਸ਼ ਸਿੰਘ) , ਗੁਰਬਖਸ਼ ਸਿੰਘ ਦਾ ਮੋਹਰ ਸਿੰਘ, ਮੋਹਰ ਸਿੰਘ ਦਾ ਸ਼ਯਾਮ ਸਿੰਘ, ਸ਼ਯਾਮ ਸਿੰਘ ਦਾ ਕਾਨ੍ਹ ਸਿੰਘ, ਕਾਨ੍ਹ ਸਿੰਘ ਦਾ ਸੁਜਾਨ ਸਿੰਘ ਉੱਪਰੰਤ ਕਾਨ੍ਹ ਸਿੰਘ ਦੀ ਸੁਪਤਨੀ ਤੇ ਸੁਜਾਨ ਸਿੰਘ ਦੀ ਮਾਤਾ ਕਰਮ ਕੌਰ ਗੱਦੀਦਾਰ ਬਣੀ । ਉਹ ਆਪਣੇ ਭਰਾ ਚੜ੍ਹਤ ਸਿੰਘ ਨੂੰ ਗੱਦੀ ਦੇ ਗਈ । ਇਸ ਨੂੰ ਯੋਗ ਨਾ ਸਮਝ ਕੇ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕਰ ਕੇ ਗੱਦੀ ਉੱਪਰ ਉਦਾਸੀ ਸੰਤ ਚਰਨ ਦਾਸ ਨੂੰ ਮਹੰਤ ਥਾਪ ਦਿੱਤਾ । ਬਾਬਾ ਜੀ ਦੇ ਪੁੱਤਰਾਂ ਦੀ ਸੰਤਾਨ ਮਾਝੇ ਅਤੇ ਮਾਲਵੇ ਵਿੱਚ ਫੈਲੀ ਹੋਈ ਹੈ, ਵੰਸ ਪ੍ਰਣਾਲੀ ਇਸ ਪ੍ਰਕਾਰ ਹੈ :

( ਦੇਖੋ ਅੰਤਿਕਾ ਨੰ. ੧)

ਭਾਈ ਸੁਜਾਨ ਸਿੰਘ ਆਪਣੇ ਪਿਤਾ ਕਾਨ੍ਹ ਸਿੰਘ ਦੇ ਸਰੀਰ ਤਿਆਗਣ ਤੋਂ ਥੋੜ੍ਹੇ ਸਮੇਂ ਬਾਅਦ ਪੰਜ ਸਾਲ ੧੨ ਦਿਨ ਦੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਿਆ । ਜਿਸ ਕਰ ਕੇ ਰਿਆਸਤ ਦਾ ਸਾਰਾ ਪ੍ਰਬੰਧ ਮਾਤਾ ਕਰਮ ਕੌਰ ਨੇ ਚਲਾਇਆ । ਜੰਗ ਆਪ ਲੜਦੀ ਰਹੀ । ਗੁਰਮੁਖੀ, ਫਾਰਸੀ ਪੜ੍ਹੀ ਹੋਈ ਲਾਇਕ ਪ੍ਰਬੰਧਕ ਸੀ । ਇਨਸਾਫ ਕਰਦੀ

ਰਹੀ, ਲੋਕਾਂ ਵਿੱਚ ਮਹਿਮਾ ਸੀ । ਆਪਣੇ ਭਰਾ ਚੜ੍ਹਤ ਸਿੰਘ ਨੂੰ ਗੱਦੀ ਦੇ ਕੇ ੧੮੮੧ ਬਿ: ਵਿੱਚ ਸਵਰਗਵਾਸ ਹੋ ਗਈ । ਚੜ੍ਹਤ ਸਿੰਘ ਦੇ ਖਿਲਾਫ ਨਵਧਾ ਦੁਬੇਸਰ ਬ੍ਰਾਹਮਣ ਨੇ ਸ਼ਿਕਾਇਤ ਕਰ ਦਿੱਤੀ । ਮਹਾਰਾਜਾ ਰਣਜੀਤ ਸਿੰਘ ਨੇ ਚੜ੍ਹਤ ਸਿੰਘ ਨੂੰ ਲਾਹੌਰ ਬੁਲਾਇਆ । ਇਹ ਨਾ ਗਿਆ । ਮਹਾਰਾਜੇ ਨੇ ਫ਼ੌਜ ਭੇਜ ਕੇ ਕਬਜ਼ਾ ਕਰ ਲਿਆ । ਪਤਾ ਲੱਗਣ 'ਤੇ ਕਿ ਬਾਬਾ ਬੁੱਢਾ ਜੀ ਦੀ ਗੱਦੀ ਹੈ, ਤਾਂ ੭ ਪਿੰਡਾਂ ਦੀ ਮਾਫ਼ੀ ਦਾ ਪਟਾ ੧੮੮੬ ਬਿ: ਵਿੱਚ ਲਿਖ ਦਿੱਤਾ ਤੇ ਉਦਾਸੀ ਮਹਾਤਮਾ ਚਰਨ ਦਾਸ ਜੀ ਨੂੰ ਮਹੰਤ ਥਾਪ ਦਿੱਤਾ । ਇਥੋਂ ਮਹੰਤ ਪ੍ਰਣਾਲੀ ਚਲ ਪਈ ਜੋ ਇਸ ਪ੍ਰਕਾਰ ਹੈ--

## ਮਹੰਤ ਪ੍ਰਣਾਲੀ

ਮਹੰਤੀ ੧੮੮੬ ਬਿ: ਚਰਨ ਦਾਸ ਜੀ, ਦੇ: ੧੯੦੨ ਬਿ:

↓

ਮਹੰਤੀ ੧੯੦੨ ਬਿ: ਬ੍ਰਹਮ ਪ੍ਰਕਾਸ਼ ਜੀ, ਦੇ: ੧੯੩੩ ਬਿ:

↓

ਮਹੰਤੀ ੧੯੩੩ ਬਿ: ਰਾਮ ਪ੍ਰਸ਼ਾਦ ਜੀ, ਦੇ: ੧੯੫੯ ਬਿ:

↓

ਮਹੰਤੀ ੧੯੪੭ ਬਿ: ਠਾਕਰ ਦਾਸ ਜੀ, ਦੇ: ੧੯੫੫ ਬਿ:

↓

ਮਹੰਤੀ ੧੯੫੫ ਬਿ: ਰਾਘੋ ਦਾਸ ਜੀ (ਰਘਬੀਰ ਸਿੰਘ) ਬਿ:

| | | |
|---|---|---|
| ਪੁੱਤਰ ਉੱਤਮ ਸਿੰਘ | ਪੁੱਤਰ ਅਵਤਾਰ ਸਿੰਘ | ਪੁੱਤਰੀ ਅਵਤਾਰ ਕੌਰ |
| ਜ: ੧੯੬੯ ਬਿ: ਪੋਹ | ਜ: ੧੯੭੧ ਬਿ: ਵੈਸਾਖ | ਜ: ੧੯੭੨ ਫੱਗਣ |

ਰਾਘੋ ਦਾਸ ੨੫ ਮਾਘ ੧੯੬੮ ਬਿ: ਵਿੱਚ ਅੰਮ੍ਰਿਤ ਛਕ ਕੇ ਰਘਬੀਰ ਸਿੰਘ ਬਣ ਗਿਆ । ਗੁਰਦੁਆਰੇ ਤੇ ਜ਼ਮੀਨ ਦੇ ਪ੍ਰਬੰਧ ਦੇ ਨਾਲ-ਨਾਲ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਵੀ ਕਰਦਾ ਰਿਹਾ ।

ਗੁਰਦੁਆਰਾ ਐਕਟ ਬਣ ਜਾਣ ਤੇ ਕਮੇਟੀ ਨਾਲ ਸਮਝੌਤਾ ਕਰ ਕੇ ਅਲੱਗ ਹੋ ਗਿਆ। ਹੁਣ ਪ੍ਰਬੰਧ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ ।

### ਬਾਬਾ ਬੁੱਢਾ ਜੀ ਤੋਂ ਬਾਅਦ :

ਤਵਾਰੀਖ਼ ਅੰਮ੍ਰਿਤਸਰ ਕੇ ਚੰਦ ਮਾਖਜ਼ ਨਾਮ ਦੀ ਉਰਦੂ ਪੁਸਤਕ ਦੇ ਲੇਖਕ ਨੇ ਪੰਨਾ ੧ ਉੱਪਰ ਆਈਨਾ-ਏ-ਦਰਬਾਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਜਦੋਂ ਬਾਬਾ ਬੁੱਢਾ ਜੀ ਮਾਤਾ ਗੰਗਾ ਜੀ ਦੇ ਹੁਕਮ ਅਨੁਸਾਰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਖ਼ਬਰ-ਸਾਰ ਲੈਣ ਗਏ, ਤਾਂ ਉਹ ਆਪਣੀ ਥਾਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ, ਆਪਣੇ ਚਾਚੇ ਦੇ ਪੁੱਤਰ ਭਰਾ ਭਾਈ ਪਿਆਰਾ ਜੀ ਨੂੰ ਥਾਪ ਗਏ ਤੇ ਭਾਈ ਮਨੀ ਸਿੰਘ ਜੀ ਦੇ ਆਉਣ ਤੱਕ ਉਨ੍ਹਾਂ ਦੀ ਸੰਤਾਨ ਪਾਸ ਹੀ ਇਹ ਪਦਵੀ ਰਹੀ । ਜਦ ਭਾਈ ਮਨੀ ਸਿੰਘ ਜੀ ਮੁੱਖ ਗ੍ਰੰਥੀ ਬਣ

ਕੇ ਆਏ ਤਾਂ ਉਨ੍ਹਾਂ ਨੇ ਭਾਈ ਪਿਆਰਾ ਜੀ ਦੀ ਸੰਤਾਨ ਨੂੰ ਅਰਦਾਸੀਏ ਥਾਪ ਦਿੱਤਾ, ਜੋ ਕਾਫ਼ੀ ਸਮਾਂ ਇਸ ਸੇਵਾ ਉੱਪਰ ਰਹੇ । ਕਈ ਲੇਖਕਾਂ ਨੇ ਬਾਬਾ ਜੀ ਦੇ ਛੋਟੇ ਸਪੁੱਤਰ ਭਾਈ ਭਾਨਾ ਜੀ ਨੂੰ ਮੁੱਖ-ਗ੍ਰੰਥੀ ਦੀ ਸੇਵਾ ਸੰਭਾਲ ਸੌਂਪੇ ਜਾਣ ਬਾਰੇ ਲਿਖਿਆ ਹੈ, ਪਰ ਇਹ ਦੋਵੇਂ ਉਕਤ ਲਿਖਤਾਂ ਕਿਸੇ ਪੁਰਾਤਨ ਲਿਖਤ ਸ੍ਰੋਤ ਦੇ ਆਧਾਰ 'ਤੇ ਨਹੀਂ ਲਿਖੀਆ, ਜਿਸ ਕਰ ਕੇ ਤਸੱਲੀ ਬਖਸ਼ ਨਹੀਂ । ਇਹ ਤਾਂ ਹੋ ਸਕਦਾ ਹੈ ੧੭ ਵੈਸਾਖ ੧੬੯੧ ਬਿਕ੍ਰਮੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅੰਮ੍ਰਿਤਸਰ ਵਿਖੇ ਸ਼ਾਹੀ ਫ਼ੌਜਾਂ ਨਾਲ ਹੋਈ ਜੰਗ ਤੱਕ ਭਾਈ ਪਿਆਰਾ ਜੀ ਜਾਂ ਭਾਈ ਭਾਨਾ ਜੀ ਇਸ ਸੇਵਾ ਨੂੰ ਨਿਭਾਉਂਦੇ ਰਹੇ ਹੋਣ, ਪਰ ਉੱਕਤ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਚਲੇ ਗਏ । ਇਸ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੁੜ ਅੰਮ੍ਰਿਤਸਰ ਨਹੀਂ ਆਏ ।

ਸਤਿਗੁਰਾਂ ਦੇ ਜਾਣ ਤੋਂ ਬਾਅਦ ਸਰਕਾਰ ਦੀ ਮਦਦ ਨਾਲ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ (ਜਿਸ ਦਾ ਅਸਲ ਨਾਮ ਮਨੋਹਰ ਦਾਸ ਸੀ) ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਉੱਪਰ ਆਪਣਾ ਕਬਜ਼ਾ ਕਰ ਲਿਆ । ਮਾਘ ਸੁਦੀ ਪੰਚਮੀ ਸੰਮਤ ੧੬੯੬ ਬਿਕ੍ਰਮੀ (੧੮ ਜਨਵਰੀ ੧੬੪੦ ਈ.) ਨੂੰ ਮਿਹਰਵਾਨ ਦੇ ਦਿਹਾਂਤ ਉਪਰੰਤ ਉਸ ਦਾ ਵੱਡਾ ਪੁੱਤਰ ਹਰਿ ਜੀ ਉਸ ਦੀ ਗੱਦੀ ਉੱਪਰ ਬੈਠਾ, ਜਿਸ ਕਰ ਕੇ ਹਰਿਮੰਦਰ ਸਾਹਿਬ ਦਾ ਸਾਰਾ ਪ੍ਰਬੰਧ ਵੀ ਉਸ ਦੇ ਅਧੀਨ ਹੋ ਗਿਆ ।

ਹਰਿ ਜੀ ਦਾ ਇਹ ਕਬਜ਼ਾ ਲੰਮੇ ਸਮੇਂ ਤੱਕ ਰਿਹਾ, ਕਿਉਂਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਆਪਣੇ ਜੀਵਨ ਵਿੱਚ ਅੰਮ੍ਰਿਤਸਰ ਨਹੀਂ ਆਏ । ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮੱਘਰ ਸੁਦੀ ਪੂਰਨਮਾਸ਼ੀ ਸੰਮਤ ੧੭੨੧ ਬਿ: (੨੨ ਦਸੰਬਰ ੧੬੬੪ ਈ.) ਨੂੰ ਪਰਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਬਾਬਾ ਬਕਾਲਾ ਤੋਂ ਆਏ ਸਨ ਪਰ ਹਰਿ ਜੀ ਦੇ ਮਸੰਦਾਂ ਤੇ ਪੁਜਾਰੀਆਂ ਨੇ (ਇਸ ਗੱਲ ਤੋਂ ਡਰਦਿਆਂ ਕਿ ਕਿਤੇ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਉੱਪਰ ਆਪਣਾ ਕਬਜ਼ਾ ਨਾ ਕਰ ਲੈਣ) ਦਰਸ਼ਨੀ ਡਿਉਢੀ ਦੇ ਬੂਹੇ ਬੰਦ ਕਰ ਦਿੱਤੇ ਸਨ ਤੇ ਸਤਿਗੁਰੂ ਦਰਸ਼ਨੀ ਡਿਉਢੀ ਤੋਂ ਬਾਹਰ ਹੀ ਖੜ੍ਹੇ ਹੋ ਕੇ ਕੜਾਹ ਪ੍ਰਸ਼ਾਦ ਦੀ ਅਰਦਾਸ ਕਰ ਕੇ, ਮੱਥਾ ਟੇਕ ਕੇ, ਪ੍ਰਸ਼ਾਦ ਵਰਤਾ ਕੇ, ਥੜ੍ਹਾ ਸਾਹਿਬ ਵਾਲੇ ਅਸਥਾਨ 'ਤੇ ਜਾ ਬੈਠੇ ਸਨ ।

ਹਰਿ ਜੀ ਦਾ ਦੇਹਾਂਤ ਵਿਸਾਖ ਵਦੀ ਇਕਾਦਸ਼ੀ ਸੰਮਤ ੧੭੫੩ ਬਿ: (੧੭ ਅਪ੍ਰੈਲ ੧੬੯੬ ਈ:) ਨੂੰ ਸ੍ਰੀ ਅੰਮ੍ਰਿਤਸਰ ਜੀ ਵਿਖੇ ਹੋਇਆ । ਇਸ ਤਰ੍ਹਾਂ ੧੬੯੧ ਬਿ: ਤੋਂ ੧੭੫੩ ਬਿ: ਤੱਕ ਦੇ ਦਰਮਿਆਨੀ ਅਰਸੇ ਵਿਚ ਪੂਰੇ ੬੨ ਸਾਲ ਮਿਹਰਵਾਨ ਅਤੇ ਉਸ ਦੇ ਪੁੱਤਰ ਹਰਿ ਦੀ ਦਾ ਕਬਜ਼ਾ ਰਿਹਾ । ਇਸ ਸਮੇਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਕੌਣ ਨਿਭਾਉਂਦਾ ਰਿਹਾ ? ਮਿਹਰਵਾਨ ਜਾਂ ਹਰਿ ਜੀ ਆਪ ਜਾਂ ਉਨ੍ਹਾਂ ਦੇ ਮਸੰਦ ਪੁਜਾਰੀ ਜਾਂ ਕੋਈ ਹੋਰ ਵਿਅਕਤੀ ? ਇਸ ਬਾਰੇ ਹੁਣ ਤੱਕ ਕਿਸੇ ਲਿਖਤ ਸਰੋਤ ਤੋਂ ਪਤਾ ਨਹੀਂ ਚੱਲ ਸਕਿਆ ।

ਭਾਈ ਦਰਬਾਰੀ ਪਿੰਡ ਵੈਰੋਕੇ ਤਹਿਸੀਲ ਮੋਗਾ ਜ਼ਿਲ੍ਹਾ ਫਰੀਦ ਕੋਟ (ਜੋ ਮੇਰਾ ਜਨਮ ਨਗਰ ਹੈ) ਦੀ ਲਿਖਤ ਅਨੁਸਾਰ ਹਰਿ ਜੀ ਦੇ ਦੇਹਾਂਤ ਤੋਂ ਬਾਅਦ ਹਰਿ ਜੀ ਦਾ ਵੱਡਾ ਪੁੱਤਰ ਨਿਰੰਜਨ

ਰਾਇ ਗੱਦੀ 'ਤੇ ਬੈਠਾ ਪਰ ਘਰ ਦੀ ਫੁੱਟ ਦੇ ਕਾਰਨ ਉਹ ਆਪਣੀ ਗੱਦੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਨਾ ਚਲਾ ਸਕਿਆ । ਆਖ਼ਰ ਇਸ ਘਰੋਗੀ ਫੁੱਟ ਦੇ ਕਾਰਨ ਤਿੰਨਾਂ ਭਰਾਵਾਂ ਨੇ ਸੰਗਤ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡ ਲਿਆ ਤੇ ੧੭੫੬ ਬਿ: ਤੋਂ ਪਹਿਲਾਂ-ਪਹਿਲਾਂ ਅੰਮ੍ਰਿਤਸਰ ਦਾ ਨਿਵਾਸ ਛੱਡ ਕੇ ਘਰਾਂਚੋਂ, ਕਵਲ ਨੈਨ ਗੁਰੂ ਕੇ ਕੋਠੇ ਅਤੇ ਹਰਿ ਗੋਪਾਲ ਗੁਰੂ ਹਰਿ ਸਹਾਇ ਮਾਲਵੇ ਵਿਚ ਆ ਰਹੇ ।

*(ਦੇਖੋ ਗੁਰੂ ਪ੍ਰਿਥੀ ਚੰਦ ਗੁਰ ਬੰਸਾਵਲੀ)*

ਜਦ ਹਰਿ ਜੀ ਦੀ ਸੰਤਾਨ ਅੰਮ੍ਰਿਤਸਰ ਛੱਡ ਗਈ ਤਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਕੋਈ ਪ੍ਰਬੰਧਕ ਨਾ ਰਿਹਾ । ਅਜਿਹੀ ਹਾਲਤ ਨੂੰ ਵੇਖ ਕੇ ਸ਼ਹਿਰ ਦੀ ਸੰਗਤ ੧੭੫੬ ਬਿ: ਦੀ ਵਿਸਾਖੀ ਸਮੇਂ ਅਨੰਦਪੁਰ ਸਾਹਿਬ ਕਲਗੀਧਰ ਦੇ ਹਜ਼ੂਰ ਪੁੱਜੀ । ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਅਤੇ ਪ੍ਰਬੰਧ ਲਈ ਪ੍ਰਬੰਧਕਾਂ ਅਤੇ ਸੇਵਾਦਾਰਾਂ ਦੀ ਮੰਗ ਕੀਤੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਸਾਹਿਬ ਗਿਆਨੀ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਤੇ ਪੰਜ ਹੋਰ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਭੇਜੇ । ਐਉਂ ਬਾਬਾ ਬੁੱਢਾ ਜੀ ਤੋਂ ੬੮ ਸਾਲ ਬਾਅਦ ਪੂਰਨ ਬ੍ਰਹਮ ਗਿਆਨੀ, ਵਿਦਵਾਨ, ਕਹਿਣੀ ਤੇ ਕਰਨੀ ਦਾ ਪੂਰਾ ਸੂਰਾ ਸਿੰਘ ਭਾਈ ਮਨੀ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਮਹਾਨ ਪਦਵੀ 'ਤੇ ਸਥਾਪਨ ਹੋਇਆ ।

* * *

## ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ
## ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਬਾਰੇ ਜਾਣਕਾਰੀ

ਬਹੁਤ ਸਾਰੇ ਖੋਜੀ ਵਿਦਵਾਨਾਂ ਦੀ ਇਹ ਮੁਤਫਿਕਾ ਰਾਇ ਹੈ ਕਿ ਸਿੱਖ ਇਤਿਹਾਸ ਨੂੰ ਸਿੱਖ ਮਰਜੀਵੜਿਆਂ ਨੇ ਸਿਰਜਿਆ ਵਧੇਰੇ ਹੈ ਪਰ ਲੇਖਕਾਂ ਵੱਲੋਂ ਬਹੁਤ ਹੀ ਘੱਟ ਲਿਖਿਆ ਗਿਆ ਹੈ, ਜੇ ਕਿਸੇ ਲਿਖਿਆ ਵੀ ਹੈ, ਤਾਂ ਉਸ ਵਿੱਚ ਬਹੁਤ ਸਾਰੇ ਖੱਪੇ ਹਨ । ਸਿੱਖ ਕੌਮ ਦੇ ਕਈ ਪ੍ਰਸਿੱਧ ਉਸਰੱਈਆਂ ਦੇ ਅਦੁੱਤੀ ਕਾਰਨਾਮੇ ਤਾਂ ਲੋਕਾਂ ਦੇ ਦਿਲ ਦਿਮਾਗ ਤੇ ਜ਼ਬਾਨ ਉੱਪਰ ਹਨ, ਪਰ ਉਨ੍ਹਾਂ ਦੇ ਜੀਵਨ ਸਮਾਚਾਰ ਬਹੁਤ ਹੀ ਅਲੱਭ, ਹਨ੍ਹੇਰੇ ਵਿੱਚ ਜਾਂ ਅਧੂਰੀ ਜਾਣਕਾਰੀ ਵਾਲੇ ਹਨ । ਇਸੇ ਤਰ੍ਹਾਂ ਦੀ ਇਸ ਕੌਮ ਦੀ ਮਹਾਨ ਜਾਣੀ-ਪਛਾਣੀ ਤੇ ਸਤਿਕਾਰ ਯੋਗ ਮਹਾਨ ਸ਼ਖਸੀਅਤ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਹਨ, ਜਿਨ੍ਹਾਂ ਬਾਰੇ ਅਸੀਂ ਏਥੇ ਜ਼ਿਕਰ ਕਰਨ ਲੱਗੇ ਹਾਂ ।

ਆਪ ਜੀ ਦੇ ਮਾਤਾ ਪਿਤਾ, ਜਨਮ ਸਥਾਨ, ਜਨਮ ਤਰੀਕ, ਥਿੱਤ, ਦਿਨ, ਖਾਨਦਾਨ, ਜ਼ਾਤ, ਗੋਤ ਬਾਰੇ ਕਈ ਲੇਖਕਾਂ ਨੇ ਤਾਂ ਜ਼ਿਕਰ ਹੀ ਨਹੀਂ ਕੀਤਾ, ਜਿਵੇਂ ਕਿ ਵੀਰ ਸਿੰਘ 'ਬਲ' ਕਰਤਾ ਸਿੰਘ ਸਾਗਰ ਰਤਨ ਸਿੰਘ ਭੰਗੂ, ਕਰਤਾ ਪ੍ਰਾਚੀਨ ਪੰਥ ਪ੍ਰਕਾਸ਼, ਵੀਰ ਸਿੰਘ ਬਲ ਨੇ ਸਿਰਫ ਕਾਨ੍ਹੇ ਕਾਛੇ ਦਾ ਵਸਨੀਕ ਲਿਖਿਆ ਹੈ ਜਦ ਕਿ ਭੰਗੂ ਨੇ ਜਤੀ-ਸਤੀ, ਦਰਬਾਰ ਸਾਹਿਬ ਦਾ ਵੱਡਾ ਪੁਜਾਰੀ ਤੇ ਅਕਾਲ ਤਖ਼ਤ 'ਤੇ ਬੈਠ ਕੇ ਤਨਖਾਹ ਲਾਉਂਦਾ ਲਿਖਿਆ ਹੈ ।ਇਸੇ ਤਰ੍ਹਾਂ ਕੇਸਰ ਸਿੰਘ ਛਿੱਬਰ ਨੇ ਆਪਣੀ ਰਚਿਤ ਪੁਸਤਕ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਭਾਈ ਮਨੀ ਸਿੰਘ ਜੀ ਨੂੰ ਜ਼ਾਤ ਦੇ ਕੰਬੋ ਤੇ ਪ੍ਰਦੇਸੀ ਸਿੱਖ ਲਿਖਿਆ ਹੈ ।

ਭਾਈ ਸੰਤੋਖ ਸਿੰਘ ਜੀ ਨੇ 'ਗੁਰੁ ਪ੍ਰਤਾਪ ਸੂਰਜ' ਅਤੇ ਬਾਬਾ ਸੁਮੇਰ ਸਿੰਘ ਨੇ 'ਗੁਰ ਪਦ ਪ੍ਰੇਮ ਪ੍ਰਕਾਸ਼' ਵਿੱਚ ਲਿਖਿਆ ਹੈ ਕਿ ਅਲੀਪੁਰ ਜਾਂ ਅਲੀ ਗਢ (ਨੇੜੇ ਮੁਲਤਾਨ) ਦੇ ਮਾਈ ਦਾਸ ਰਾਜਪੂਤ ਦਾ ਪੁੱਤਰ ਮਨੀ ਰਾਮ ਆਪਣੇ ਪੰਜਾਂ ਪੁੱਤਰਾਂ ਨੂੰ ਲੈ ਕੇ ਦਸਮ ਪਾਤਸ਼ਾਹ ਦੇ ਚਰਨਾਂ 'ਚ ਹਾਜ਼ਰ ਹੋਇਆ । ਸਾਰੇ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ । ਆਪ ਮਨੀ ਰਾਮ ਤੋਂ ਮਨੀ ਸਿੰਘ ਬਣ ਗਿਆ । ਪੰਜ ਪੁੱਤਰਾਂ ਦੇ ਨਾਮ ਹਨ, ਬਚਿਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ ਤੇ ਅਜਾਇਬ ਸਿੰਘ । ਇਹ ਪੰਜੇ ਸਤਿਗੁਰਾਂ ਦੇ ਨਾਲ ਰਹਿ ਕੇ ਜੰਗਾਂ ਯੁਧਾਂ 'ਚ ਪੂਰੀ ਬੀਰਤਾ ਨਾਲ ਲੜਦੇ ਰਹੇ ।

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਰਚਿਤ 'ਸ੍ਰੀ ਗੁਰੁ ਪੰਥ ਪ੍ਰਕਾਸ਼' ਦੀ ਪਹਿਲੀ ਦਿੱਲੀ ਛਾਪ ਵਿੱਚ ਭਾਈ ਮਨੀ ਸਿੰਘ ਦੋ ਲਿਖੇ ਹਨ । ਇਕ ਮਨੀਕਰਨ ਦਾ ਕੰਬੋਅ ਅਤੇ ਦੂਜਾ ਜੱਟ ਕੈਂਬੋਵਾਲ ਦਾ ਜੱਟ ਦੇ ਪਿਤਾ ਦਾ ਨਾਮ ਬੀਕਾ ਤੇ ਬੀਕੇ ਦੇ ਨਗਾਹੀਆ ਤੇ ਮਨੀ ਰਾਮ ਸਮੇਤ ਪੰਜ ਪੁੱਤਰ ਲਿਖੇ ਹਨ । ਮਨੀ ਸਿੰਘ ਨੂੰ ਨਿਰਮਲੇ ਸਿੰਘਾਂ ਵਿੱਚ ਗਿਣਿਆਂ ਹੈ । ਪਰ ਸ੍ਰੀ ਗੁਰੁ ਪੰਥ ਪ੍ਰਕਾਸ਼ ਦੀ ਦੂਜੀ ਛਾਪ ਲਾਹੌਰ ਤੇ ਤੀਜੀ ਛਾਪ ਅੰਮ੍ਰਿਤਸਰ ਵਿੱਚ ਕੈਂਬੋਵਾਲ ਦੇ ਦੂਲਟ ਜੱਟ ਕਾਲੇ ਦੇ ਨਗਾਹੀਆ ਤੇ ਮਨੀ ਸਿੰਘ ਦੋ ਪੁੱਤਰ ਲਿਖੇ ਹਨ । ਜ਼ਿੰਦਗੀ ਭਰ ਸ਼ਸਤ੍ਰ ਨਹੀਂ

ਚੁਕਿਆ ਤੇ ਨਾ ਹੀ ਸ਼ਾਦੀ ਕਰਵਾਈ, ਜਤੀ-ਸਤੀ ਰਹੇ । ਬੰਦਈਆਂ ਤੇ ਤੱਤ ਖਾਲਸੇ ਦਾ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਆਏ । ਭੰਗੂ ਵਾਂਗ ਦਰਬਾਰ ਸਾਹਿਬ ਦੇ ਪੁਜਾਰੀ ਲਿਖਿਆ ਹੈ, ਗ੍ਰੰਥੀ ਨਹੀਂ ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਗਿ: ਗਿਆਨ ਸਿੰਘ ਵਾਂਗ ਕੈਂਬੋਵਾਲ ਪਿੰਡ ਦੇ ਚੌਧਰੀ ਕਾਲੇ ਦਾ ਪੁੱਤਰ ਮੰਨਿਆ ਹੈ ਤੇ ਪੰਜ ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਹਜ਼ੂਰੀ ਵਿੱਚ ਭੇਟ ਕੀਤੇ ਜਾਣਾ ਲਿਖਿਆ ਹੈ ।

ਪਰ ਹੁਣ ਭਾਈ ਸੇਵਾ ਸਿੰਘ ਭੱਟ ਰਚਿਤ ਪੁਸਤਕ 'ਸ਼ਹੀਦ ਬਿਲਾਸ' ਜਿਸ ਨੂੰ ਗਿਆਨੀ ਗਰਜਾ ਸਿੰਘ ਨੇ ਸੰਪਾਦਨ ਕੀਤਾ ਹੈ ਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਪਹਿਲੀ ਵਾਰ ੧੯੬੧ ਈ: ਵਿੱਚ ਪ੍ਰਕਾਸ਼ਤ ਕੀਤਾ ਹੈ, ਤੋਂ ਭਾਈ ਮਨੀ ਸਿੰਘ ਜੀ ਦੇ ਜੀਵਨ ਬਿਰਤਾਂਤ ਸਬੰਧੀ ਕਾਫੀ ਭਰੋਸੇਯੋਗ ਸਮੱਗਰੀ ਪ੍ਰਾਪਤ ਹੋਈ ਹੈ । ਇਹ ਲਿਖਤ ਪਹਿਲੀਆਂ ਸਾਰੀਆਂ ਪ੍ਰਾਪਤ ਲਿਖਤਾਂ ਤੋਂ ਅਸਲੀਅਤ ਦੇ ਵਧੇਰੇ ਨੇੜੇ ਤੇ ਮੰਨਣ ਯੋਗ ਹੈ। ਭਾਈ ਸੇਵਾ ਸਿੰਘ ਭੱਟ ਭਾਈ ਕੇਸਰ ਸਿੰਘ ਕੌਸ਼ਕ ਦਾ ਪੁੱਤਰ ਹੈ । ਜੋ ਭੱਟ ਭਿੱਖਾ ਜੀ (ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ) ਦੇ ਪੁੱਤਰ ਕੀਰਤ ਸਿੰਘ ਸ਼ਹੀਦ ਦੀ ਵੰਸ਼ ਵਿੱਚੋਂ ਛੇਵੀਂ ਪੀੜ੍ਹੀ ਹੈ ।

ਇਸ ਸ਼ਹੀਦ ਬਿਲਾਸ ਦਾ ਹੱਥ-ਲਿਖਤ ਖਰੜਾ ਗਿਆਨੀ ਗਰਜਾ ਸਿੰਘ ਜੀ ਨੂੰ ਭੱਟ ਮੋਹਲੂ ਰਾਮ ਦੇ ਘਰੋਂ ਕਰ ਸਿੰਘ ਨਗਰ (ਜੀਂਦ)ਦੇ ਭਾਈ ਮਾਨ ਸਿੰਘ ਦੀ ਸਹਾਇਤਾ ਨਾਲ ਮਿਲਿਆ ਸੀ । ਇਹ ਪਹਿਲਾਂ ਹੱਥ ਲਿਖਤ ਖਰੜਾ ਭੱਟਾਂ ਲਿਪੀ ਭੱਟਾਖਰੀ ਵਿੱਚ ਲਿਖਿਆ ਹੋਇਆ ਸੀ । ਜਿਸ ਦਾ ਗੁਰਮੁਖੀ ਅੱਖਰਾਂ ਵਿੱਚ ਉਤਾਰਾ ਛੱਜੂ ਰਾਮ ਭੱਟ ਨੇ ਕੀਤਾ, ਜੋ ਸੇਵਾ ਸਿੰਘ ਤੋਂ ਉਸ ਦੀ ਵੰਸ਼ ਵਿੱਚ ਤੀਜੀ ਪੀੜ੍ਹੀ ਸੀ ।

ਗਿਆਨੀ ਗਰਜਾ ਸਿੰਘ ਨੇ ਸੰਪਾਦਨ ਕਰਨ ਸਮੇਂ ਕਾਫੀ ਘਾਲਣਾ ਘਾਲ ਕੇ ਸਿੱਖ ਸਾਹਿਤ ਦੇ ਸਾਰੇ ਪੁਸਤਕ, ਭੱਟ ਵਹੀਆਂ ਤੇ ਪੰਡਾ ਵਹੀਆਂ ਜਿਨ੍ਹਾਂ-ਜਿਨ੍ਹਾਂ ਵਿੱਚ ਭਾਈ ਮਨੀ ਸਿੰਘ ਜੀ ਸਬੰਧੀ ਕੋਈ ਜਾਣਕਾਰੀ ਸੀ- ਸਭ ਨੂੰ ਮੇਲ ਕੇ ਜੋ ਤੱਥ ਉਨ੍ਹਾਂ ਦੇ ਸਾਹਮਣੇ ਆਏ, ਉਨ੍ਹਾਂ ਨੂੰ ਆਪਣੇ ਵੱਲੋਂ ਲਿਖੀ ਭੂਮਿਕਾ ਵਿੱਚ ਪਹਿਲੀਆਂ ਸਾਰੀਆਂ ਲਿਖਤਾਂ 'ਤੇ ਪੜਚੋਲਵੀਂ ਨਜ਼ਰ ਮਾਰ ਕੇ ਸਪੱਸ਼ਟ ਕੀਤਾ ਹੈ ਕਿ ਇਸ ਪੁਸਤਕ ਵਿੱਚ ਭਾਈ ਮਨੀ ਸਿੰਘ ਜੀ ਦੇ ਜੀਵਨ ਦੀ ਅਸਲ ਤੇ ਸਹੀ ਤਸਵੀਰ ਹੈ ।

ਡਾਕਟਰ ਪਿਆਰ ਸਿੰਘ, ਪਿਆਰਾ ਸਿੰਘ ਪਦਮ ਤੇ ਡਾ: ਤਾਰਨ ਸਿੰਘ ਜੀ ਆਦਿ ਵਰਤਮਾਨ ਸਮੇਂ ਦੇ ਖੋਜੀ ਵਿਦਵਾਨਾਂ ਨੇ ਇਸ ਰਚਨਾ ਨੂੰ ਸਹੀ ਮੰਨਿਆ ਹੈ । ਅਸੀਂ ਵੀ ਸੰਪਾਦਿਤ ਸ਼ਹੀਦ ਬਿਲਾਸ ਨੂੰ ਆਧਾਰ ਬਣਾ ਕੇ ਭਾਈ ਮਨੀ ਸਿੰਘ ਦਾ ਸੰਖੇਪ ਜੀਵਨ ਬਿਰਤਾਂਤ ਲਿਖਣ ਲੱਗੇ ਹਾਂ ਪਰ ਜੀਵਨ ਸਬੰਧੀ ਜੋ ਖੱਪਾ ਇਸ ਵਿੱਚ ਰਹਿ ਗਿਆ ਸੀ, ਉਸ ਨੂੰ ਹੋਰ ਪੁਸਤਕਾਂ ਦੇ ਹਵਾਲੇ ਨਾਲ ਪੂਰਾ ਕੀਤਾ ਹੈ, ਤਾਂ ਕਿ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦਾ ਜੀਵਨ ਆਪਣੇ ਸਹੀ ਰੂਪ ਵਿੱਚ ਸੰਗਤਾਂ ਤੱਕ ਅਪੜ ਸਕੇ ।

# ਜੀਵਨ ਭਾਈ ਸਾਹਿਬ ਭਾਈ ਮਨੀ ਸਿੰਘ ਸ਼ਹੀਦ

## ਮੁੱਖ ਗ੍ਰੰਥੀ

**ਬੰਸ ਪ੍ਰਣਾਲੀ :**

ਭਾਈ ਮਨੀ ਸਿੰਘ ਜੀ ਸ਼ਹੀਦ ਚੰਦ੍ਰ ਵੰਸ਼ੀ ਭਾਰਦ੍ਵਾਜੀ ਪੰਵਾਰ ਗੋਤ ਦੇ ਖਾਨਦੇਸ਼ ਵਾਲੇ ਰਾਜਪੂਤ ਘਰਾਨੇ ਵਿੱਚੋਂ ਸਨ। ਇਨ੍ਹਾਂ ਦੀ ਬੰਸ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੈ:

ਮੱਘ,ਮੱਘ ਦਾ ਪੁੱਤਰ ਭੋਜ, ਭੋਜ ਦਾ ਜੈਸੀ, ਜੈਸੀ ਦਾ ਸਪਤ-ਮੁਕਟ, ਸਪਤ ਮੁਕਟ ਦਾ ਚਤੁਰ ਮੁਕਟ, ਚਤੁਰ ਮੁਕਟ ਦਾ ਉਦੇ ਦੀਪ, ਉਦੇ ਦੀਪ ਦਾ ਜਗਦੇਵ ਤੇ ਰਨਧੌਲ, ਰਨਧੌਲ ਦਾ ਉਧਾਰ, ਉਧਾਰ ਦਾ ਅੰਬੀਆ, ਅੰਬੀਆ ਦਾ ਲੋਈਆ, ਲੋਈਆ ਦਾ ਬੀਂਝਾ, ਬੀਂਝਾ ਦਾ ਜਗਨਾ, ਜਗਨਾ ਦਾ ਮਾਲਾ, ਮਾਲਾ ਦਾ ਰਾਦਾ, ਰਾਦਾ ਦਾ ਲਖਮਣ, ਲਖਮਣ ਦਾ ਜੱਲਾ, ਜੱਲਾ ਦਾ ਹਾਫ਼ਾ, ਹਾਫ਼ਾ ਦਾ ਚਾਹੜ, ਚਾਹੜ ਦਾ ਰਾਊ, ਰਾਊ ਦਾ ਮੂਲਾ, ਮੂਲਾ ਦਾ ਬੱਲੂ, ਬੱਲੂ ਦਾ ਮਾਈਦਾਸ ਤੇ ਮਾਈਦਾਸ ਦਾ ਪੁੱਤਰ ਭਾਈ ਮਨੀ ਸਿੰਘ ਜੀ ਸ਼ਹੀਦ।

### ਬੰਸ ਪ੍ਰਣਾਲੀ

੧ ਮਘ
↓
੨ ਭੋਜ
↓
੩ ਜੈਸੀ
↓
੪ ਸਪਤਮੁਕਟ
↓
੫ ਚਤੁਰ ਮੁਕਟ
↓
੬ ਉਦੇ ਦੀਪ
↓
੭ ਜਗਦੇਵ ਤੇ ਰਣਧੌਲ
↓
੮ ਉਧਾਰ
↓
੯ ਅੰਬੀਆ
↓
੧੦ ਲੋਈਆ
↓
੧੧ ਬੀਂਝਾ
↓
੧੨ ਜਗਨਾ

੧੩ ਮਾਲਾ
↓
੧੪ ਰਾਦਾ
↓
੧੫ ਲਖਮਣ
↓
੧੬ ਜੱਲਾ
↓
੧੭ ਹਾਫ਼ਾ
↓
੧੮ ਚਾਹੜ
↓
੧੯ ਰਾਊ
↓
੨੦ ਮੂਲਾ
↓
੨੧ ਬੱਲੂ
↓
੨੨ ਮਾਈਦਾਸ
↓
੨੩ ਭਾਈ ਮਨੀ ਸਿੰਘ ਜੀ ਸ਼ਹੀਦ

ਭਾਈ ਮਨੀ ਸਿੰਘ ਜੀ ਦੇ ਵਡ-ਵਡੇਰੇ ਕਿਸੇ ਸਮੇਂ ਖਾਨਦੇਸ਼ ਤੋਂ ਹਿਮਾਚਲ ਪ੍ਰਦੇਸ਼ ਦੇ ਨਗਰ ਨਾਹਨ ਵਿੱਚ ਆ ਵਸੇ ਸਨ । ਜਿਨ੍ਹਾਂ ਦਾ ਪਤਾ ਜੀਂਦ ਦੇ ਪਰਗਣੇ ਤਲਾਉਂਢੇ ਦੇ ਭੱਟਾਂ ਦੀ ਵਹੀ ਵਿੱਚ ਸੰਮਤ ੧੪੯੦ ਬਿ: (੧੪੩੩ ਈ:) ਦੀ ਯਾਦਦਾਸ਼ਤ ਵਿੱਚ ਦਰਜ ਹੈ । ਉਪ੍ਰੋਕਤ ਵਹੀ ਅਨੁਸਾਰ ੧੫੯੨ ਬਿ: ਤੱਕ ਇਹ ਖਾਨਦਾਨ ਨਾਹਨ ਵਿੱਚ ਵਸਦਾ ਰਿਹਾ । ਇਹੋ ਖਾਨਦਾਨ ਫਿਰ ੧੬੦੦ ਬਿ: ਤੋਂ ਪਹਿਲਾਂ-ਪਹਿਲਾਂ ਮੁਲਤਾਨ ਦੇ ਪਿੰਡ ਅਲੀਪੁਰ ਵਿੱਚ ਜਾ ਵਸਿਆ ।

## ਜਨਮ :

ਉਪ੍ਰੋਕਤ ਚੰਦਰ ਵੰਸ਼ੀ ਭਾਰਦ੍ਵਾਜੀ ਪੰਵਾਰ ਗੋਤ ਦੇ ਰਾਜਪੂਤ ਭਾਈ ਬੱਲੂ ਦੇ ਪੁੱਤਰ ਭਾਈ ਮਾਈਦਾਸ ਦੇ ਘਰ ੧ ਚੇਤ ਸੁਦੀ ਦੁਆਦਸੀ ਐਤਵਾਰ ਸੰਮਤ ੧੭੦੧ ਬਿ: (੧੦ ਮਾਰਚ ੧੬੪੪ ਈ:)ਨੂੰ ਮਾਤਾ ਮਧਰੀ ਬਾਈ ਦੇ ਉਦਰ ਤੋਂ ਪਿੰਡ ਅਲੀਪੁਰ 'ਉਤਰੀ', ਤਹਿਸੀਲ ਤੇ ਜ਼ਿਲਾ ਮੁਜ਼ੱਫਰਗੜ੍ਹ (ਅੱਜ-ਕੱਲ੍ਹ ਪੱਛਮੀ ਪੰਜਾਬ, ਪਾਕਿਸਤਾਨ) ਵਿੱਚ ਭਾਈ ਮਨੀ ਸਿੰਘ ਜੀ ਸ਼ਹੀਦ ਦਾ ਜਨਮ ਹੋਇਆ ।

੧੭੧੪ ਬਿ: (੧੬੫੭ ਈ:) ਨੂੰ ਜਦ ਆਪ ਦੀ ਉਮਰ ੧੩ ਸਾਲ ਦੀ ਸੀ, ਤਾਂ ਆਪ ਨੇ ਆਪਣੇ ਪਿਤਾ ਭਾਈ ਮਾਈਦਾਸ ਦੇ ਨਾਲ ਕੀਰਤਪੁਰ ਸਾਹਿਬ ਆ ਕੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ।

੧੫ ਸਾਲ ਦੀ ਉਮਰ ਵਿੱਚ ਹਾੜ ਸੁਦੀ ੧੫ ਪੂਰਨਮਾਸ਼ੀ ਵਾਲੇ ਦਿਨ ਪਿੰਡ ਖੈਰਪੁਰ ਸਦਾਤ ਜ਼ਿਲ੍ਹਾ ਮੁਜ਼ੱਫਰਗੜ੍ਹ ਵਿੱਚ ਜਾਦੋ ਬੰਸੀ ਬੜ੍ਹਤੀਏ ਕਨਾਵਤਾਂ ਦੇ ਘਰ ਭਾਈ ਲੱਖੀ ਰਾਇ ਦੀ ਪੁੱਤਰੀ ਸੀਤੋਬਾਈ ਨਾਲ ਆਪ ਦਾ ਵਿਆਹ ਹੋਇਆ ।

ਸਤਵੇਂ ਸਤਿਗੁਰਾਂ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅਠਵੇਂ ਸਤਿਗੁਰਾਂ ਦੀ ਸੇਵਾ ਵਿੱਚ ਰਹੇ । ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿੱਚ ਆਪ ਸ਼ਾਮਲ ਸਨ ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਦ ਦਿੱਲੀ ਵਿਖੇ ੩ ਵੈਸਾਖ ਚੇਤਰ ਸੁਦੀ ੧੪ ਸੰਮਤ ੧੭੨੧ ਬਿ: (੩੦ ਮਾਰਚ ੧੬੬੪ ਈ:) ਨੂੰ ਜੋਤੀ ਜੋਤ ਸਮਾ ਗਏ, ਤਾਂ ਭਾਈ ਮਨੀ ਸਿੰਘ ਜੀ, ਸਤਿਗੁਰਾਂ ਦੀ ਮਾਤਾ, ਮਾਤਾ ਸੁਲੱਖਣੀ ਜੀ ਨਾਲ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿੱਚ ਆ ਹਾਜ਼ਰ ਹੋਏ । ਸ਼ਹੀਦ ਹੋਣ ਲਈ ਦਿੱਲੀ ਨੂੰ ਚਲਣ ਸਮੇਂ ਤੱਕ ਆਪ ਨੌਵੇਂ ਸਤਿਗੁਰਾਂ ਦੇ ਮੁਖੀ ਸਿੱਖਾਂ 'ਚ ਰਹੇ ।

ਸੰਮਤ ੧੭੩੨ ਬਿ: (੧੬੭੫ ਈ:) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਦਿੱਲੀ ਵਿਖੇ ਤਿਲਕ ਜੰਞੂ ਦੀ ਰੱਖਿਆ ਹਿਤ ਸ਼ਹੀਦੀ ਦੇ ਕੇ ਕਲਯੁਗ ਵਿੱਚ ਵੱਡਾ ਸਾਕਾ ਕਰ ਗਏ, ਉਸ ਸਮੇਂ ਭਾਈ ਮਨੀ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਤੱਤਪਰ ਸਨ ।

ਆਪ ਨੂੰ ਗੁਰਬਾਣੀ ਦਾ ਪ੍ਰਬੀਨ ਲਿਖਾਰੀ ਤੇ ਗੁਰਮਤਿ ਦਾ ਵਿਦਵਾਨ ਹੋਣ ਕਰ ਕੇ ਸੰ: ੧੭੩੬ ਬਿ: ਵਿੱਚ ਦਸਮ ਪਾਤਸ਼ਾਹ ਜੀ ਨੇ ਗੁਰਬਾਣੀ ਦੇ ਗੁਟਕੇ, ਪੋਥੀਆਂ ਤੇ ਆਦਿ ਗ੍ਰੰਥ ਦੀਆਂ ਬੀੜਾਂ ਲਿਖਣ ਲਿਖਵਾਉਣ ਦੀ ਸੇਵਾ ਉੱਪਰ ਨਿਯੁਕਤ ਕਰ ਦਿੱਤਾ :

ਆਯੂ ਪੈਂਤੀ ਬਰਖ ਕੀ, ਮਨੀ ਸਿੰਘ ਕੀ ਆਹਿ ।
ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁ ਉਤਸ਼ਾਹਿ ॥੪੦॥

*(ਸੇਵਾ ਸਿੰਘ ਕ੍ਰਿਤ ਸ਼ਹੀਦ ਬਿਲਾਸ ਪੰ: ੬੦)*

'ਬੰਸਾਵਲੀ ਨਾਮਾ' ਰਚਿਤ ਕੇਸਰ ਸਿੰਘ ਛਿੱਬਰ ਅਤੇ ਚੌਪਾ ਸਿੰਘ ਦੇ ਰਹਿਤਨਾਮੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਕਰਤਾਰਪੁਰ ਦੇ ਸੋਢੀਆਂ ਪਾਸੋਂ ਗੁਰੂ ਅਰਜਨ ਸਾਹਿਬ ਵਾਲੀ ਬੀੜ ੧੭੩੫ ਬਿ: ਵਿੱਚ ਮੰਗ ਭੇਜੀ ਕਿਉਂਕਿ ਧੀਰ ਮੱਲ ਮੱਘਰ ਸੁਦੀ ਦੂਜ, ਸੰਮਤ ੧੭੩੪ ਬਿ: (੧੬੭੭ ਈ:) ਨੂੰ ਸੁਰਗਵਾਸ ਹੋ ਗਏ । (ਕਰਤਾਰਪੁਰ ਦੀ ਇਕ ਲਿਖਤ ਆਦਿ ਬੀੜ ਦੇ ਚਰਿੱਤ੍ਰ ਜੋਤੀ ਜੋਤ ਸਮਾਵਣ ਵਿੱਚੋਂ) ਪਰ ਧੀਰ ਮੱਲ ਦੇ ਵੰਸ਼ਜਾਂ ਵੱਲੋਂ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ ਸੀ । ਜਿਸ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹੋਰ ਹੱਥ ਲਿਖਤ ਬੀੜਾਂ ਮੰਗਵਾ ਕੇ ਭਾਈ ਮਨੀ ਸਿੰਘ ਨੂੰ ਉਨ੍ਹਾਂ ਦੇ ਸ਼ੁੱਧ ਉਤਾਰੇ ਕਰਵਾਉਣ ਦੀ ਸੇਵਾ ਬਖਸ਼ੀ ਹੋਈ ਸੀ । ਜਿਸ ਨੂੰ ਆਪ ਪੂਰੀ ਯੋਗਤਾ ਨਾਲ ਨਿਭਾਉਂਦੇ ਰਹੇ । ਜਿਸ ਕਰ ਕੇ ਸੰਗਤਾਂ ਨੂੰ ਆਦਿ ਗ੍ਰੰਥ ਦੀਆਂ ਬੀੜਾਂ ਦੇ ਸ਼ੁੱਧ ਉਤਾਰੇ ਸੁਲੱਭ ਪ੍ਰਾਪਤ ਹੁੰਦੇ ਰਹੇ ।

੧੭ ਵੈਸਾਖ ਸੰਮਤ ੧੭੪੨ ਬਿ: (੧੬੮੫ ਈ:) ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਗੁਰੂ ਜੀ ਨਾਹਨ ਗਏ, ਉਸ ਸਮੇਂ ਭਾਈ ਮਨੀ ਸਿੰਘ ਜੀ ਸਤਿਗੁਰਾਂ ਦੇ ਨਾਲ ਸਨ ।

੩ ਅੱਸੂ ਭਾਦਰੋਂ ਸੁਦੀ ੮ ਸੰਮਤ ੧੭੪੪ ਬਿ: (੪ ਸਤੰਬਰ ੧੬੮੭ ਈ:) ਨੂੰ ਬਾਬਾ ਰਾਮ ਰਾਇ ਜੀ ਦੀ ਮੌਤ ਖੁਰਵਧੀ (ਨਿਵਾਨਾ, ਦੇਹਰਾਦੂਨ) ਵਿਖੇ ਹੋਈ । ਉਨ੍ਹਾਂ ਦੀ ਸੁਪੱਤਨੀ ਪੰਜਾਬ ਕੌਰ ਦੇ ਸੱਦੇ 'ਤੇ ਸਤਾਰ੍ਹਵੀਂ ਦੇ ਮੌਕੇ 'ਤੇ ਗੁਰੂ ਜੀ ਭਾਈ ਮਨੀ ਸਿੰਘ ਜੀ ਨੂੰ ਆਪਣੇ ਨਾਲ ਲੈ ਕੇ ਗਏ ।

ਅਗਲੇ ਸਾਲ ੧੪ ਭਾਦਰੋਂ ਸੁਦੀ ਅਸ਼ਟਮੀ ਸੰ: ੧੭੪੫ ਬਿ: (੨੪ ਅਗਸਤ ੧੬੮੮ ਈ:)ਨੂੰ ਬਾਬਾ ਰਾਮ ਰਾਇ ਜੀ ਦੀ ਬਰਸੀ 'ਤੇ ਗੁਰੂ ਜੀ ਆਪ ਨਾ ਜਾ ਸਕੇ । ਆਪਣੀ ਜਗ੍ਹਾ ਭਾਈ ਮਨੀ ਸਿੰਘ ਜੀ ਨੂੰ ਭੇਜਿਆ ਤੇ ਨਾਲ ਦੀਵਾਨ ਨੰਦ ਚੰਦ 'ਸੰਘਾ' ਤੇ ਪ੍ਰੋਹਿਤ ਦਯਾ ਰਾਮ ਆਦਿ ੫੦ ਚੋਣਵੇਂ ਸਿੱਖ ਭੇਜੇ ।

੧੮ ਅੱਸੂ ਵਦੀ ਚੌਥ ਸੰ: ੧੭੪੫ ਬਿ:(੧੮ ਸਤੰਬਰ ੧੬੮੮ ਈ:)ਨੂੰ ਭੰਗਾਣੀ ਦੇ ਜੰਗ ਪਿੱਛੋਂ ੨੨ ਚੇਤਰ ਸੰਮਤ ੧੭੪੭ ਬਿ: (੨੦ ਮਾਰਚ ੧੬੯੧ ਈ:) ਨੂੰ ਨਦੌਣ ਦੀ ਜੰਗ ਹੋਈ । ਭਾਈ ਮਨੀ ਸਿੰਘ ਜੀ ਇਨ੍ਹਾਂ ਜੰਗਾਂ ਵਿੱਚ ਸ਼ਾਮਲ ਹੋ ਕੇ ਲੜੇ । ਇਸ ਦੀ ਪੁਸ਼ਟੀ ਬੋਹਥ ਭੱਟ ਦੇ ਪੁੱਤਰ ਦੇਸੂ ਭੱਟ ਨੇ ਕੀਤੀ ਹੈ ।

*(ਦੇਖੋ ਸ਼ਹੀਦ ਬਿਲਾਸ ਦੀ ਭੂਮਿਕਾ ਪੰਨਾ ੨੫)*

੧੭੪੮ ਬਿ: (੧੬੯੧ ਈ:) ਨੂੰ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦੀਵਾਨ ਦੀ ਪਦਵੀ ਬਖਸ਼ੀ । ਇਸ ਦੀ ਪੁਸ਼ਟੀ ਹਰਦੁਆਰ ਦੇ ਪੰਡੇ ਖੇਮ ਚੰਦ ਦੀ ਵਹੀ ਤੋਂ ਹੁੰਦੀ ਹੈ।

*(ਦੇਖੋ ਸ਼ਹੀਦ ਬਿਲਾਸ ਦੀ ਭੂਮਿਕਾ ਪੰਨਾ ੨੬)*

ਅਨੰਦਪੁਰ ਰਹਿਣ ਸਮੇਂ ਜਿਥੇ ਭਾਈ ਮਨੀ ਸਿੰਘ ਜੀ ਗੁਰਬਾਣੀ ਦੀਆਂ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਣ-ਲਿਖਾਉਣ ਦੀ ਸੇਵਾ ਕਰ ਰਹੇ ਸਨ । ਉਥੇ ਹਰ ਰੋਜ਼ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾ ਕੇ ਵੀ ਨਿਹਾਲ ਕਰਦੇ ਰਹੇ :

ਕਥਾ ਰੋਜ਼ ਗੁਰੂ ਗ੍ਰੰਥ ਕੀ ਸੰਗਤ ਤਾਈਂ ਸੁਨਾਇ ।
ਅਨੰਦ ਪੁਰੇ ਕੁਛ ਸਮਾ ਇਮ, ਬੀਤ ਗਯੋ ਥੀ ਆਇ ॥੭੯॥

*(ਸ਼ਹੀਦ ਬਿਲਾਸ, ਪੰਨਾ ੬੯)*

ਜਦ ਦਸਮ ਪਾਤਸ਼ਾਹ ਜੀ ਨੇ ੧੭੫੬ ਬਿ: ਦੀ ਵੈਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਆਪਣੇ ਹੱਥੀਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਤੇ ਉਨ੍ਹਾਂ ਪੰਜਾਂ ਪਾਸੋਂ ਅੰਮ੍ਰਿਤਪਾਨ ਕਰ ਕੇ :

'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ'

ਅਖਵਾਇਆ । ਉਸ ਸਮੇਂ ਕਲਗੀਧਰ ਜੀ ਨੇ ਹੋਰ ਸਿੰਘਾਂ ਨਾਲ ਭਾਈ ਮਨੀ ਸਿੰਘ ਜੀ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਮਨੀ ਰਾਮ ਤੋਂ ਮਨੀ ਸਿੰਘ ਬਣਾਇਆ ਉੱਪਰੰਤ ਭਾਈ ਮਨੀ ਸਿੰਘ ਜੀ ਨੇ ਆਪਣੇ ਪੰਜ ਪੁੱਤਰ ਬਚਿੱਤਰ ਸਿੰਘ, ਉਦੇ ਸਿੰਘ, ਅਨਿਕ ਸਿੰਘ,ਅਜਬ ਸਿੰਘ ਅਤੇ ਅਜਾਇਬ ਸਿੰਘ ਕਲਗੀਧਰ ਜੀ ਦੀ ਭੇਟਾ ਕੀਤੇ । ਸਤਿਗੁਰਾਂ ਨੇ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਇਹ ਪੰਜੇ ਭਰਾ ਸਤਿਗੁਰਾਂ ਦੇ ਹਜ਼ੂਰ ਰਹੇ । ਅਨੰਦਗੜ੍ਹ ਦਾ ਕਿਲ੍ਹਾ ਤੋੜਨ ਹਿੱਤ ਪਹਾੜੀਆਂ ਵੱਲੋਂ ਭੇਜੇ ਮਸਤ ਹਾਥੀ ਦਾ ਮੁਕਾਬਲਾ ਕਰਨ ਵਾਲਾ ਬਚਿੱਤ੍ਰ ਸਿੰਘ ਭਾਈ ਮਨੀ ਸਿੰਘ ਦਾ ਸਪੁੱਤਰ ਸੀ ।

*(ਦੇਖੋ ਸ਼ਹੀਦ ਬਿਲਾਸ ਪੰਨਾ ੬੮, ਗੁਰਪ੍ਰਤਾਪ ਸੂਰਜ ਗ੍ਰੰਥ ਰੁਤ ੩ ਅੱਸੂ ੨੦ ਅੰਕ ੨੫ ਤੋਂ ੨੯ ਅਤੇ ਗੁਰਪਦ ਪ੍ਰੇਮ ਪ੍ਰਕਾਸ਼ ਕ੍ਰਿਤ ਸੁਮੇਰ ਸਿੰਘ ਪੰਨਾ ੧੬੨)*

ਬਾਬਾ ਬੁੱਢਾ ਜੀ ਨੇ ੧੪ ਮੱਘਰ ਸੁਦੀ ੪ ਸੰਮਤ ੧੬੮੮ ਬਿ: ਨੂੰ ਰਮਦਾਸ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਚਨ-ਬਿਲਾਸ ਕਰਦੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪੰਜ ਭੌਤਿਕ ਸਰੀਰ ਤਿਆਗ ਕੇ ਜਦ ਆਪਣੀ ਜੋਤਿ ਨੂੰ ਗੁਰੂ-ਜੋਤਿ ਵਿੱਚ ਅਭੇਦ ਕਰ ਲਿਆ ਤਾਂ ਸਤਿਗੁਰਾਂ ਆਪਣੇ ਹੱਥੀਂ ਬਾਬਾ ਜੀ ਦਾ ਸਸਕਾਰ ਕੀਤਾ ।

ਗੁਰੂ ਅਰਜਨ ਦੇਵ ਜੀ ਨੇ ੧੬੬੧ ਬਿ: ਭਾਦਰੋਂ ਸੁਦੀ ਏਕਮ ਵਾਲੇ ਦਿਨ ਜਦੋਂ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਸੀ ਤਾਂ ਬਾਬਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ ਸੀ । ਬਾਬਾ ਜੀ ਦੇ ਮੁੱਖ ਗ੍ਰੰਥੀ ਕਾਲ ਵਿੱਚ ਬਾਬਾ ਜੀ ਦੇ ਗਵਾਲੀਅਰ ਜਾਣ ਸਮੇਂ ਜਾਂ ਹੋਰ ਕਿਸੇ ਜ਼ਰੂਰੀ ਕਾਰਜ ਹਿੱਤ ਬਾਹਰ ਜਾਣ ਸਮੇਂ (ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਪੰਨਾ ੧ ਦੀ ਲਿਖਤ ਅਨੁਸਾਰ) ਬਾਬਾ ਜੀ ਦੇ ਚਾਚੇ ਦਾ ਪੁੱਤਰ ਭਰਾ ਭਾਈ ਪਿਆਰਾ ਜੀ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ, ਬਾਬਾ ਜੀ ਦੇ ਸਰੀਰ ਤਿਆਗ ਜਾਣ ਬਾਅਦ ਹੋ ਸਕਦਾ ਹੈ ਕਿ ਭਾਈ ਪਿਆਰਾ ਜੀ ਹੀ ਇਹ ਸੇਵਾ ਨਿਭਾਉਂਦੇ ਰਹੇ ਹੋਣ । ਕਈ ਲੇਖਕਾਂ ਨੇ ਬਾਬਾ ਬੁੱਢਾ ਜੀ ਤੋਂ ਬਾਅਦ ਉਨ੍ਹਾਂ ਦੇ ਸਭ ਤੋਂ ਛੋਟੇ ਪੁੱਤਰ ਭਾਨਾ ਜੀ ਨੂੰ ਪ੍ਰਮੁੱਖ ਗ੍ਰੰਥੀ ਦੀ ਸੇਵਾ 'ਤੇ ਨਿਯੁਕਤ ਹੋਇਆ ਲਿਖਿਆ ਹੈ ਪਰ ਇਹ ਕਥਨ ਕਿਸੇ ਵੀ ਪੁਰਾਤਨ ਲਿਖਤੀ ਸਰੋਤ ਤੋਂ ਸਹੀ ਸਿੱਧ ਨਹੀਂ ਹੋ ਸਕਿਆ । ਜਦ ਅੰਮ੍ਰਿਤਸਰ ਦੇ ਪਹਿਲੇ ਜੰਗ ੧੬੯੧ ਬਿ: ੧੨ ਵੈਸਾਖ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਗਏ, ਮੁੜ ਅੰਮ੍ਰਿਤਸਰ ਨਹੀਂ ਆਏ ਤਾਂ ਸਤਿਗੁਰਾਂ ਤੋਂ ਬਾਅਦ ਸਰਕਾਰ ਦੀ ਮਦਦ ਨਾਲ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ (ਜਿਸ ਦਾ ਅਸਲ ਨਾਮ ਮਨੋਹਰ ਦਾਸ ਸੀ)ਨੇ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਕਰ ਲਿਆ ।

ਮਿਹਰਵਾਨ ਦੇ ਦਿਹਾਂਤ ਤੋਂ ਬਾਅਦ ਉਸ ਦਾ ਪੁੱਤਰ ਹਰਿ ਜੀ ਗੱਦੀ 'ਤੇ ਬੈਠਾ । ਹਰਿ ਜੀ

ਦੇ ਦਿਹਾਂਤ ਉਪਰੰਤ ਉਸ ਦਾ ਵੱਡਾ ਪੁੱਤਰ ਨਿਰੰਜਨ ਰਾਇ ਗੱਦੀ 'ਤੇ ਬੈਠਾ ਪਰ ਤਿੰਨਾਂ ਭਰਾਵਾਂ ਦੀ ਆਪਸੀ ਫੁੱਟ ਦੇ ਕਾਰਨ ਉਹ ਤਿੰਨੇ ਹੀ ਅੰਮ੍ਰਿਤਸਰ ਛੱਡ ਕੇ ਵੱਖ ਵੱਖ ਥਾਂਵਾ 'ਤੇ ਚਲੇ ਗਏ ।

ਜਦ ਹਰਿ ਜੀ ਦੀ ਸੰਤਾਨ ਅੰਮ੍ਰਿਤਸਰ ਛੱਡ ਗਈ ਤਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਕੋਈ ਪ੍ਰਬੰਧਕ ਨਾ ਰਿਹਾ ਅਜਿਹੀ ਹਾਲਤ ਨੂੰ ਵੇਖ ਕੇ ਸ਼ਹਿਰ ਦੀ ਸੰਗਤ ੧੭੫੬ ਬਿ: ਦੀ ਵੈਸਾਖੀ ਸਮੇਂ ਅਨੰਦਪੁਰ ਸਾਹਿਬ ਕਲਗੀਧਰ ਦੇ ਹਜ਼ੂਰ ਪੁੱਜੀ । ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਅਤੇ ਪ੍ਰਬੰਧ ਲਈ ਪ੍ਰਬੰਧਕਾਂ ਤੇ ਸੇਵਾਦਾਰਾਂ ਦੀ ਮੰਗ ਕੀਤੀ । ਤਾਂ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਭੇਜਿਆ, ਪ੍ਰਬੰਧ ਅਤੇ ਸੇਵਾ ਹਿਤ ਪੰਜ ਅੰਮ੍ਰਿਤਧਾਰੀ ਤਿਆਰ-ਬਰ ਤਿਆਰ ਸਿੰਘ ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਨਾਲ ਭੇਜੇ । ਇਹ ਛੇ ਸਿੰਘ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੇ ਇਕ ਨਿਸ਼ਾਨ ਸਾਹਿਬ ਲੈ ਕੇ ਅਨੰਦਪੁਰ ਸਾਹਿਬ ਤੋਂ ਚੱਲੇ । ਸ੍ਰੀ ਅੰਮ੍ਰਿਤਸਰ ਪੁੱਜ ਕੇ ਪ੍ਰਬੰਧ ਸੰਭਾਲ ਕੇ ਹਾਲਾਤ ਦਾ ਜਾਇਜ਼ਾ ਲਿਆ ਤੇ ਗੁਰੂ ਅਰਜਨ ਦੇਵ ਜੀ ਦੀ ਮਹਾਰਾਜ ਦੇ ਸ਼ਹੀਦੀ ਦਿਵਸ ਜੇਠ ਸੁਦੀ ਚੌਥ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਕੀਤਾ ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਦੀ ਧਾਰਮਕ ਮਰਯਾਦਾ ਜੋ ਮਿਹਰਵਾਨ ਅਤੇ ਉਸ ਦੇ ਪੁੱਤਰ ਹਰਿ ਜੀ ਦੇ ਕਬਜ਼ੇ ਸਮੇਂ ਬਦਲ ਗਈ ਸੀ, ਭਾਈ ਮਨੀ ਸਿੰਘ ਜੀ ਨੇ ਦੋਬਾਰਾ ਗੁਰਮਤਿ ਆਸ਼ੇ ਅਨੁਸਾਰ ਆਰੰਭ ਕਰਵਾਈ ਜੋ ਹੁਣ ਤੱਕ ਚਲ ਰਹੀ ਹੈ । ਸ਼ਹੀਦ ਬਿਲਾਸ ਦੇ ਲੇਖਕ ਸੇਵਾ ਸਿੰਘ ਦੀ ਲਿਖਤ ਅਨੁਸਾਰ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਕਈ ਵਾਰ ਅਨੰਦਪੁਰ ਸਾਹਿਬ ਦਸਮ ਪਾਤਸ਼ਾਹ ਜੀ ਦੇ ਦਰਸ਼ਨਾਂ ਹਿੱਤ ਜਾਂਦੇ ਰਹੇ ।

ਸੰਮਤ ੧੭੬੨ ਬਿ: ਵਿੱਚ ਜਦ ਸਤਿਗੁਰਾਂ ਨੇ ਅਨੰਦਪੁਰ ਛੱਡਿਆ ਤਾਂ ਸਤਿਗੁਰਾਂ ਦੀ ਆਗਿਆ ਅਨੁਸਾਰ ਅੰਮ੍ਰਿਤਸਰੋਂ ਆ ਕੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਕੌਰ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ ਅਤੇ ਸੇਵਾ ਵਿੱਚ ਹਾਜ਼ਰ ਰਹੇ । ਸੰਮਤ ੧੭੬੨-੬੩ ਵਿੱਚ ਆਪ ਦਿੱਲੀ ਤੋਂ ਮਾਤਾ ਸਾਹਿਬਾਂ ਦੇ ਨਾਲ ਦਮਦਮੇ ਪੁੱਜੇ । ਏਥੇ ਹੀ ਕਲਗੀਧਰ ਜੀ ਨੇ ਭਾਈ ਮਨੀ ਸਿੰਘ ਜੀ ਦੀ ਕਲਮ ਤੋਂ ਆਪਣੀ ਨਿਗਰਾਨੀ ਵਿੱਚ ਇਕ ਬੀੜ ਲਿਖਵਾਈ ਜਿਸ ਵਿੱਚ ਨੌਵੇਂ ਸਤਿਗੁਰਾਂ ਦੀ ਬਾਣੀ ਰਾਗਾਂ ਵਿੱਚ ਠੀਕ ਥਾਂ ਸਿਰ ਚੜ੍ਹਾਈ । ਇਹ ਬੀੜ ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ । ਮੁਖੀ ਸਿੰਘਾਂ ਦੀ ਚਿਰੋਕਣੀ ਮੰਗ ਸੀ ਕਿ ਸਤਿਗੁਰੂ ਜੀ ! ਸਿੰਘਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹਾਓ, ਇਸ ਮੰਗ ਨੂੰ ਪੂਰਿਆਂ ਕਰਨ ਦੇ ਹਿੱਤ ਸਤਿਗੁਰੂ ਜੀ ਜਦ ਦਮਦਮੇ ਸਾਹਿਬ ਰਹਿਣ ਸਮੇਂ ਸੁਬ੍ਹਾ ਬੀੜ ਦੀ ਲਿਖਾਈ ਕਰਵਾਉਂਦੇ ਸਨ ਤਦ ਉਸ ਸਮੇਂ ਨਾਲ ਨਾਲ ਹਰ ਰੋਜ਼ ਸ਼ਾਮ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥ ਪੜ੍ਹਾਉਣ ਹਿਤ ਸਿੰਘਾਂ ਅਤੇ ਸੰਗਤ ਨੂੰ ਸੰਥਾ ਕਥਾ ਵੀ ਸੁਣਾਂਦੇ ਰਹੇ । ਸੰਪੂਰਨ ਕਥਾ ਦੀ ਸਮਾਪਤੀ ਤੋਂ ਬਾਅਦ ਸਤਿਗੁਰਾਂ ਵੱਲੋਂ ਭਾਈ ਮਨੀ ਸਿੰਘ ਜੀ ਦੀ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਸਪੈਸ਼ਲ ਡਿਊਟੀ ਲਗਾਈ ਗਈ । ਜਿਸ ਅਨੁਸਾਰ ਭਾਈ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਖ ਗ੍ਰੰਥੀ ਦੀ ਡਿਊਟੀ ਦੇ ਨਾਲ ਨਾਲ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਵੀ ਆਰੰਭ ਕੀਤੀ ।

ਆਪ ਪਾਸੋਂ ਗੁਰਬਾਣੀ ਦੇ ਅਰਥ ਪੜ੍ਹਨ ਵਾਲੇ ਵਿਦਵਾਨ ਸਿੰਘਾਂ ਨੇ ਅੱਗੋਂ ਇਸ ਸੰਪ੍ਰਦਾਈ ਅਰਥਾਂ ਦੀ ਟਕਸਾਲ ਨੂੰ ਜਾਰੀ ਰੱਖਿਆ, ਜਿਸ ਦੀਆਂ ਅੱਗੋਂ ਕਈ ਸ਼ਾਖਾਂ ਹੋ ਕੇ ਫੈਲੀਆਂ ।

ਇਸੇ ਟਕਸਾਲ ਦੀ ਇਸ ਸਮੇਂ ਇਕ ਪ੍ਰਮੁੱਖ ਸ਼ਾਖ ਭਿੰਡਰਾਂ ਦੇ ਗਿਆਨੀਆਂ ਦੀ ਟਕਸਾਲ ਹੈ, ਜਿਸ ਦੇ ਸੰਚਾਲਕ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਮਹਾਨ ਵਿਦਵਾਨ ਤੇ ਪਰਉਪਕਾਰੀ ਮਹਾਂਪੁਰਖ ਹੋਏ ਹਨ । ਇਸ ਟਕਸਾਲ ਨੂੰ ਵਧੇਰੇ ਪ੍ਰਸਿੱਧੀ ਪ੍ਰਾਪਤ ਹੋਈ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ' ਭਿੰਡਰਾਂ ਵਾਲਿਆਂ ਸਮੇਂ । ਜਿਨ੍ਹਾਂ ਪਾਸੋਂ ਹਜ਼ਾਰਾਂ ਸਿੰਘਾਂ ਨੇ ਗੁਰਬਾਣੀ ਦੇ ਸੰਪ੍ਰਦਾਈ ਅਰਥ ਪੜ੍ਹੇ ਤੇ ਗੁਰਮਤਿ ਦ੍ਰਿੜ੍ਹ ਕੀਤੀ । ਦਾਸ ਨੂੰ ਵੀ ਆਪ ਜੀ ਦੀ ਸੰਗਤ ਵਿੱਚ ਰਹਿ ਕੇ ਗੁਰਮਤਿ ਵਿੱਦਿਆ ਅਤੇ ਗੁਰਮਤਿ ਰਹਿਣੀ ਵਿੱਚ ਪ੍ਰਪੱਕਤਾ ਹਾਸਲ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ ।

ਸੇਵਾ ਸਿੰਘ ਦੇ ਕਥਨ ਅਨੁਸਾਰ, ਜਦ ਦਸਮ ਪਾਤਸ਼ਾਹ ਦਮਦਮੇ ਸਾਹਿਬ ਤੋਂ ਦੱਖਣ ਨੂੰ ਚਲੇ ਗਏ ਤਾਂ ਭਾਈ ਮਨੀ ਸਿੰਘ ਜੀ ਨਾਲ ਸਨ, ਪਰ ਸਤਿਗੁਰਾਂ ਨੇ ਬਘੌਰ ਤੋਂ ਆਪ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ । ਜਿਥੇ ਆ ਕੇ ਉਨ੍ਹਾਂ ਨੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਸੰਭਾਲ ਲਈ ।

## ਸਾਹਿਤ ਸੇਵਾ :

੧. ਪਾਠਕ ਪਿੱਛੇ ਪੜ੍ਹ ਆਏ ਹਨ ਕਿ ਭਾਈ ਮਨੀ ਸਿੰਘ ਜੀ ਅਨੰਦਪੁਰ ਰਹਿਣ ਸਮੇਂ ਗੁਰਬਾਣੀ ਦੀਆਂ ਪੋਥੀਆਂ ਤੇ ਆਦਿ ਗ੍ਰੰਥ ਦੀਆਂ ਬੀੜਾਂ ਲਿਖਣ-ਲਿਖਾਉਣ ਦੀ ਸੇਵਾ ਕਰਦੇ ਰਹੇ ਹਨ ।

੨. ਦਮਦਮੀ ਬੀੜ ਦੀ ਲਿਖਾਈ ਆਪ ਕੀਤੀ ਅੱਗੋਂ ਸਿੰਘਾਂ ਨੂੰ ਸਿਖਾਈ ।

੩. ਗੁਰੂ ਗ੍ਰੰਥ ਸਾਹਿਬ ਦੇ ਅਰਥ ਆਪ ਪੜ੍ਹੇ ਅੱਗੋਂ ਸਿੰਘਾਂ ਨੂੰ ਪੜ੍ਹਾਏ ।

੪. ਕਥਾ ਸਮੇਂ ਸਾਖੀਆਂ ਸੁਣਾਉਂਦੇ ਰਹੇ, ਜਿਨ੍ਹਾਂ ਨੂੰ ਅੱਗੋਂ ਵਿਦਿਆਰਥੀ ਲਿਖਲੈਂਦੇ ਰਹੇ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਗਿਆਨ ਰਤਨਾਵਲੀ ਅਤੇ ਗਿਆਰਵੀਂ ਵਾਰ ਦਾ ਟੀਕਾ ਭਗਤ ਰਤਨਾਵਲੀ ਨੂੰ ਬਹੁਤੇ ਲੇਖਕਾਂ ਨੇ ਭਾਈ ਮਨੀ ਸਿੰਘ ਜੀ ਦੀ ਰਚਨਾ ਲਿਖਿਆ ਹੈ ਪਰ ਨਵੀਨ ਖੋਜ ਅਨੁਸਾਰ ਤੇ ਕਵੀ ਗੁਲਾਬ ਸਿੰਘ ਕ੍ਰਿਤ ਗੁਰ-ਪ੍ਰਣਾਲੀ ੧੯੦੮ ਬਿ: ਅਨੁਸਾਰ ਇਹ ਦੋਵੇਂ ਰਚਨਾਵਾਂ ਭਾਈ ਮਨੀ ਸਿੰਘ ਜੀ ਤੋਂ ਸੁਣ ਕੇ ਭਾ: ਸੂਰਤ ਸਿੰਘ ਨੇ ਲਿਖੀਆਂ ਹਨ । ਇਹ ਰਚਨਾਵਾਂ ਭਾਵੇਂ ਭਾਈ ਸਾਹਿਬ ਨੇ ਆਪ ਨਹੀਂ ਲਿਖੀਆਂ, ਪਰ ਇਨ੍ਹਾਂ ਵਿੱਚ ਜੋਤਿ ਆਪ ਦੀ ਹੀ ਕੰਮ ਕਰ ਰਹੀ ਹੈ । ਭਾਈ ਸੇਵਾ ਸਿੰਘ ਨੇ ਦੋਹਾਂ ਰਚਨਾਵਾਂ ਦੇ ਰਚਨ ਦਾ ਸੰਮਤ ੧੭੬੪ ਬਿ: ਲਿਖਿਆ ਹੈ ।

੫. ਗੁਰ ਬਿਲਾਸ ਪਾਤਸ਼ਾਹੀ ੬ ਦਾ ਲੇਖਕ ਵੀ ਲਿਖਦਾ ਹੈ, ਕਿ ਇਹ ਗੁਰ ਬਿਲਾਸ ਦੇ ਪ੍ਰਸੰਗ ਭਾਈ ਮਨੀ ਸਿੰਘ ਜੀ ਨੇ ਭਾਈ ਭਗਤ ਸਿੰਘ ਤੇ ਭਾਈ ਧਰਮ ਸਿੰਘ ਨੂੰ ਸੁਣਾਏ । ਭਾਈ ਧਰਮ ਸਿੰਘ ਕੋਲੋਂ ਸੁਣ ਕੇ ਅੱਗੋਂ ਮੈਂ ਇਹ ਕਵਿਤਾ ਵਿੱਚ ਲਿਖੇ । ਐਉਂ ਇਹ ਗੁਰ ਬਿਲਾਸ ਵਿੱਚ ਵੀ ਭਾਈ ਸਾਹਿਬ ਦੀ ਕਲਾ ਕੰਮ ਕਰਦੀ ਦਿਸਦੀ ਹੈ ।

੬. ਗੁਰ ਬਿਲਾਸ ਪਾ: ੧੦ ਕ੍ਰਿਤ ਕੋਇਰ ਸਿੰਘ ਨੇ ਵੀ ਇਹ ਲਿਖਿਆ ਹੈ, ਕਿ ਮੈਂ ਇਹ ਪੁਸਤਕ ਭਾਈ ਮਨੀ ਸਿੰਘ ਪਾਸੋਂ ਸੁਣੇ ਵਿਖਿਆਨਾਂ ਦੇ ਆਧਾਰ ਉੱਪਰ ਲਿਖੀ ਹੈ ।ਇਸੇ

ਕਰ ਕੇ ੨੧ਵੇਂ ਅਧਿਆਇ ਦੇ ਅੰਤ ਵਿੱਚ ਉਹ ਲਿਖਦਾ ਹੈ ਕਿ--

"ਇਤਿ ਸ੍ਰੀ ਗੁਰਬਿਲਾਸ ਸ੍ਰੀ ਮਨੀ ਸਿੰਘ ਮਤ ਵਖਯਾਨ ਬਰਨਨੰ
ਨਾਮ ਇਕੀਸਮੋਂ ਧਜਾਇ ।"

ਇਹੋ ਹੀ ਕਾਰਨ ਹੈ ਕਿ ਕੋਇਰ ਸਿੰਘ ਰਚਿਤ ਇਸ ਗੁਰ ਬਿਲਾਸ ਦਾ ਵਧੇਰੇ ਪ੍ਰਸਿੱਧ ਨਾਮ ਮਨੀ ਸਿੰਘ ਦਾ ਗੁਰ ਬਿਲਾਸ ਹੀ ਰਿਹਾ ਹੈ । ਮਹੰਤ ਸੁਮੇਰ ਸਿੰਘ ਪਟਨਾ ਨੇ ਇਕ ਥਾਂ ਲਿਖਿਆ ਹੈ–

ਸੈਨੇ ਸਿੰਘ ਕਹੀ ਗੁਰ ਸੋਭਾ ।
ਸਤ੍ਰਹ ਸਹਸ ਅਠਸਠ ਨਿਜ ਓਭਾ ।
ਮਨੀ ਸਿੰਘ ਹੂੰ ਗ੍ਰੰਥ ਬਨਾਯੋ ।
ਗੁਰ ਬਿਲਾਸ ਅਤਿ ਅਨੂਪਮ ਗਾਯੋ ।

*(ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼, ਪੰਨਾ ੬੧੩)*

੭. ਦਸਮ ਗ੍ਰੰਥ ਦੀ ਸੰਪਾਦਨਾ– ਦਸਮ ਪਾਤਸ਼ਾਹ ਜੀ ਦੀ ਬਾਣੀ ਨੂੰ ਇੱਕਤ੍ਰ ਕਰ ਕੇ ਇਸ ਨੂੰ ਦਸਮ ਗ੍ਰੰਥ ਦੇ ਰੂਪ ਵਿੱਚ ਮੁਕੰਮਲ ਕਰਨ ਵਾਲੇ ਭਾਈ ਮਨੀ ਸਿੰਘ ਜੀ ਹੀ ਹਨ ।ਜਿਸ ਦਾ ਪਤਾ ਸਾਨੂੰ ਉਨ੍ਹਾਂ ਵੱਲੋਂ ੨੨ ਵੈਸਾਖ ਸੰਮਤ ੧੭੬੮ ਬਿ: (੧੭੧੧ ਈ:) ਨੂੰ ਅੰਮ੍ਰਿਤਸਰ ਤੋਂ ਦਿੱਲੀ ਮਾਤਾ ਸੁੰਦਰੀ ਜੀ ਨੂੰ ਲਿਖੀ ਪੱਤ੍ਰਕਾ ਤੋਂ ਲੱਗ ਜਾਂਦਾ ਹੈ, ਇਹ ਬੀੜ ਸੰਮਤ ੧੭੬੮ ਬਿ:( ੧੭੧੧ ਈ:) ਤੋਂ ਬਾਅਦ ਭਾਈ ਮਨੀ ਸਿੰਘ ਜੀ ਦੀ ਆਗਿਆ ਨਾਲ ਭਾਈ ਸ਼ੀਹਾਂ ਸਿੰਘ ਨੇ ਦਿੱਲੀ ਵਿੱਚ ਲਿਖਣੀ ਆਰੰਭ ਕੀਤੀ ਸੀ ਤੇ ਇਸ ਦੀ ਸਮਾਪਤੀ ਅਗਲੇ ਸਾਲ ਸੰਮਤ ੧੭੬੯ ਬਿ: (੧੭੧੧ ਈ:) ਨੂੰ ਹੋਈ । ਇਹ ਬੀੜ ਅਫ਼ਗਾਨਿਸਤਾਨ ਦੇ ਪ੍ਰਸਿੱਧ ਸ਼ਹਿਰ ਕਾਬਲ ਵਿੱਚ ਭਾਈ ਗੁਰਦਾਸ ਜੀ ਦੇ ਗੁਰਦੁਆਰੇ ਵਿਖੇ ਸੁਰੱਖਿਅਤ ਹੈ । ਇਸ ਦੇ ਪੱਤਰੇ ੫੭੮ ਹਨ । (ਦੇਖੋ ਗੰਡਾ ਸਿੰਘ ਪਟਿਆਲਾ ਲਿਖਤ 'ਅਫ਼ਗਾਨੀ ਸਫ਼ਰਨਾਮਾ' ਇਤਿਹਾਸਕ ਪੱਤਰ ੧੯੫੨-੧੯੫੩ ਈ: ਦਾ ਪੰਨਾ ੫੧)

੮. ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦਾ ਇਕੱਠਾ ਸੰਪਾਦਨ--

ਇਹ ਬੀੜ ਜਿਸ ਵਿੱਚ ਹਰ ਗੁਰੂ ਸਾਹਿਬ ਦੀ ਬਾਣੀ ਇਕ ਥਾਂ ਲਿਖ ਦਿੱਤੀ ਹੈ, ਜਿਵੇਂ ਪਹਿਲਾਂ ਗੁਰੂ ਨਾਨਕ ਸਾਹਿਬ ਫਿਰ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਸਾਹਿਬ, ਉੱਪਰੰਤ ਸਾਰਾ ਦਸਮ ਗ੍ਰੰਥ ਭਾਵ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਫਿਰ ਇਸੇ ਤਰ੍ਹਾਂ ਭਗਤਾਂ ਦੀ ਬਾਣੀ ਕਬੀਰ ਜੀ, ਨਾਮਦੇਵ ਜੀ ਅਤੇ ਰਵਿਦਾਸ ਜੀ ਆਦਿ ਸਾਰੇ ਭਗਤਾਂ ਦੀ ਬਾਣੀ, ਇਕ ਇਕ ਭਗਤ ਦੀ ਸਾਰੀ ਬਾਣੀ ਇਕੋ ਥਾਂ, ਫਿਰ ਸੱਦ, ਫਿਰ ਭੱਟਾਂ ਦੇ ਸਵੱਯੇ, ਅੰਤ ਵਿੱਚ ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ ਤੇ ਅਖੀਰ ਵਿੱਚ 'ਰਾਗਮਾਲਾ' ਹੈ । ਗੁਰੂਆਂ ਦੀ ਬਾਣੀ ਦੇ ਸ਼ਬਦਾਂ ਸਿਰਲੇਖ ਮਹਲਾ ਦੀ ਥਾਂ ਪਾਤਸ਼ਾਹੀ ੧, ੨, ੩, ੪, ੫, ੯ ਤੇ ੧੦ ਲਿਖਿਆ ਹੋਇਆ ਹੈ । ਵਾਧੂ ਬਾਣੀਆਂ ਦਰਜ ਹਨ ਜਿਸ ਕਰ ਕੇ ਇਹ ਭਾਈ ਬੰਨੋਵਾਲੀ ਬੀੜ ਦਾ ਉਤਾਰਾ ਜਾਪਦਾ ਹੈ । ਇਹ ਬੀੜ ਪਹਿਲਾਂ ਭਾਈ ਮਗਨ ਸਿੰਘ ਗ੍ਰੰਥੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਪਾਸ ਸੀ । ਉਨ੍ਹਾਂ ਪਾਸੋਂ ਰਾਜਾ ਗੁਲਾਬ ਸਿੰਘ ਸੇਠੀ ਲਾਹੌਰ

ਵਾਲੇ (ਹੁਣ ਦਿੱਲੀ) ਲੈ ਆਏ ਹਨ । ਹੁਣ ਕੋਠੀ ਨੰ: ੪੭ ਹਨੂੰਮਾਨ ਰੋਡ ਨਵੀਂ ਦਿੱਲੀ ਵਿਖੇ ਇਹ ਬੀੜ ਉਨ੍ਹਾਂ ਦੇ ਵੰਸ਼ਜਾਂ ਪਾਸ ਸੁਰੱਖਿਅਤ ਹੈ ।

੯. ਗੁਰ-ਸ਼ਬਦ ਸਿੱਧੀ ਅਰਥਾਤ ਸ਼ਰਧਾ ਪੂਰਨ ਤੇ ਜਪੁ ਜੀ ਸਾਹਿਬ ਦਾ ਟੀਕਾ ਇਹ ਰਚਨਾ ਵੀ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੈ, ਹੋ ਸਕਦਾ ਹੈ ਕਿ ਇਹ ਰਚਨਾ ਵੀ ਭਾਈ ਸੂਰਤ ਸਿੰਘ ਦੀ ਲਿਖੀ ਹੋਈ ਹੋਵੇ ਕਿਉਂਕਿ ਇਸ ਰਚਨਾ ਦਾ ਲਿਖਣ ਢੰਗ ਵੀ ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਨਾਲ ਮਿਲਦਾ ਜੁਲਦਾ ਹੈ । ਡਾ: ਤਾਰਨ ਸਿੰਘ ਜੀ ਨੇ ਟੀਕਾ ਤਾਂ ਭਾਈ ਮਨੀ ਸਿੰਘ ਜੀ ਲਿਖਤਹੀ ਮੰਨਿਆ ਹੈ ਪਰ ਗੁਰ ਸ਼ਬਦ ਸਿੱਧੀ ਨੂੰ ਗੁਰਮਤਿ ਆਸ਼ੇ ਦੇ ਵਿਰੁੱਧ ਹੋਣ ਕਰ ਕੇ ਭਾਈ ਸਾਹਿਬ ਦੀ ਕ੍ਰਿਤ ਜਾਂ ਉਨ੍ਹਾਂ ਵੱਲੋਂ ਸੁਣ ਕੇ ਲਿਖੀ ਗਈ ਰਚਨਾ ਨਹੀਂ ਮੰਨਿਆ ।

ਉਪ੍ਰੋਕਤ ਸਾਰੀਆਂ ਰਚਨਾਵਾਂ ਭਾਵੇਂ ਭਾਈ ਸਾਹਿਬ ਨੇ ਆਪ ਰਚੀਆਂ ਜਾਂ ਉਨ੍ਹਾਂ ਦੇ ਵਿਦਿਆਰਥੀਆਂ ਜਾਂ ਸਰੋਤਿਆਂ ਨੇ ਲਿਖੀਆਂ । ਇਨ੍ਹਾਂ ਸਾਰੀਆਂ ਰਚਨਾਵਾਂ ਦੁਆਰਾ ਬਹੁਤ ਸਾਰਾ ਗੁਰਮਤਿ ਸਾਹਿਤ ਉਪਜਾਉਣ ਵਿੱਚ ਭਾਈ ਸਾਹਿਬ ਜੀ ਦੀ ਵਿਦਵਾਨ ਸ਼ਖਸੀਅਤ ਦਾ ਹੀ ਹੱਥ ਸਮਝਣਾ ਚਾਹੀਦਾ ਹੈ । ਜਿਵੇਂ ਭਾਈ ਸੂਰਤ ਸਿੰਘ ਨੇ ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਅਤੇ ਟੀਕਾ ਜਪੁ ਜੀ ਸਾਹਿਬ, ਭਾਈ ਸੋਹਨ ਨੇ ਗੁਰ ਬਿਲਾਸ ਪਾ: ੬, ਭਾਈ ਕੋਇਰ ਸਿੰਘ ਨੇ ਗੁਰ ਬਿਲਾਸ ਪਾ: ੧੦ ਅਤੇ ਭਾਈ ਕੀਰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਆਦਿ ਪੁਸਤਕਾਂ ਲਿਖ ਕੇ ਉਕਤ ਲੇਖਕਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਇਨ੍ਹਾਂ ਪੁਸਤਕਾਂ ਦਾ ਲਿਖਾਉਣ ਵਾਲਾ ਜਾਂ ਉਨ੍ਹਾਂ ਪਾਸੋਂ ਸੁਣ ਕੇ ਲਿਖਣ ਦਾ ਮੂਲ ਆਧਾਰ ਭਾਈ ਮਨੀ ਸਿੰਘ ਜੀ ਨੂੰ ਮੰਨਿਆ ਹੈ ਤੇ ਇਹ ਪੁਸਤਕਾਂ ਉਨ੍ਹਾਂ ਦੇ ਨਾਮ ਨਾਲ ਹੀ ਪ੍ਰਸਿੱਧ ਰਹੀਆਂ ਹਨ ।

ਸੰਮਤ ੧੭੭੧-੭੨ ਬਿ: (੧੭੧੪-੧੫ ਈ:) ਵਿੱਚ ਲਹਿੰਦੇ ਪੰਜਾਬ ਦੀਆਂ ਸੰਗਤਾਂ ਦੇ ਪਰੇਮ ਦਾ ਸਦਕਾ ਜ਼ਿਲ੍ਹਾ ਝੰਗ ਦੇ ਪਿੰਡ ਬਾਗ਼ਾਂ ਵਾਲੇ ਦੇ ਨੇੜੇ ਗੁਰਦੁਆਰਾ ਨਾਨਕਸਰ ਪਹੁੰਚ ਕੇ ਭਾਈ ਭਗਤ ਸਿੰਘ ਸਿੱਕਾ ਆਦਿ ਗੁਰਮੁਖ ਸ਼ਰਧਾਲੂਆਂ ਦੀ ਬੇਨਤੀ 'ਤੇ ਕੁਝ ਸਮਾਂ ਉਥੇ ਠਹਿਰ ਕੇ ਸੰਗਤਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੀਵਨ ਕਥਾ ਸੁਣਾਈ ਤੇ ਸਮਾਪਤੀ ਉਪਰੰਤ ਵਾਪਸ ਅੰਮ੍ਰਿਤਸਰ ਆ ਗਏ :

ਐਸੇ ਕਹਿ ਬਹੁ ਧੀਰ ਦੈ,
ਮਨ ਮੈ ਆਨੰਦ ਠਾਨ ।
ਮਨੀ ਸਿੰਘ ਤਬ ਹੀ ਕੀਓ,
ਨਿਜ ਪੁਰ ਓਰ ਪਿਆਨ ।

*(ਦੇਖੋ ਗੁਰ ਬਿਲਾਸ ਪਾ: ੬, ਅਧਯਾਯ ੨੧)*

੧੭੮੦ ਬਿ: (੧੭੨੩ ਈ:) ਦੀ ਦੀਪਮਾਲਾ ਦੇ ਸਾਲਾਨਾ ਜੋੜ ਮੇਲੇ ਸਮੇਂ ਤੱਤ ਖਾਲਸੇ ਅਤੇ ਬੰਦਈ ਖਾਲਸੇ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਅਤੇ ਚੜ੍ਹਤ ਦੇ ਮਾਮਲੇ ਵਿੱਚ ਮਤਭੇਦ ਇੰਨੇ ਵਧ ਗਏ ਕਿ ਦੋਵੇਂ ਧੜੇ ਇਕ ਦੂਜੇ ਨੂੰ ਮਾਰਨ 'ਤੇ ਤੁਲ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਵਿੱਚ ਪੈ ਕੇ ਸਿਆਣਪ ਭਰੇ ਫ਼ੈਸਲੇ ਨਾਲ ਜੰਗ ਹੋਣੋਂ ਰੋਕ ਦਿੱਤਾ । ਫ਼ੈਸਲੇ ਅਨੁਸਾਰ ਪ੍ਰਬੰਧ ਤੇ ਚੜ੍ਹਤ ਤੱਤ ਖਾਲਸੇ ਨੂੰ ਸੌਂਪੀ ਗਈ । ਇਵੇਂ ਹੀ ਹੋਰ ਸਿੱਖ ਸਰਦਾਰਾਂ ਤੇ ਮਿਸਲਦਾਰਾਂ

ਦੇ ਆਪਸੀ ਝਗੜੇ ਵੀ ਆਪ ਦੀ ਮਹਾਨ ਸ਼ਖਸੀਅਤ ਰਾਹੀਂ ਹੀ ਸੁਲਝਾਏ ਜਾਂਦੇ ਰਹੇ ।

ਸ਼ਹੀਦ ਬਿਲਾਸ ਅਨੁਸਾਰ ੧੭੮੦ ਤੋਂ ੧੭੯੦ ਬਿ: ਦੇ ਦਰਮਿਆਨੀ ਸਮੇਂ ਦੇ ਭਾਈ ਸਾਹਿਬ ਦੇ ਜੀਵਨ ਸਮਾਚਾਰਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਉੱਪਰ ਆਈਆਂ ਮੁਸੀਬਤਾਂ ਸਮੇਂ ਭਾਈ ਸਾਹਿਬ ਜਿਥੇ ਮੁੱਖ ਗ੍ਰੰਥੀ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅੰਦਰਲੀ ਧਾਰਮਿਕ ਰਹੁ-ਰੀਤਿ ਤੇ ਬਾਹਰਲੇ ਸਾਰੇ ਪ੍ਰਬੰਧ ਨੂੰ ਨਿਭਾਉਂਦੇ ਰਹੇ, ਉਥੇ ਪੰਥਕ ਉੱਨਤੀ ਲਈ ਸਿੰਘਾਂ ਦੀ ਵੀ ਯੋਗ ਅਗਵਾਈ ਤੇ ਸਹਾਇਤਾ ਕਰਦੇ ਰਹੇ ।ਖਾਲਸਾ ਪੰਥ ਵੱਲੋਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਬੈਠ ਕੇ ਦੋਸ਼ੀਆਂ ਨੂੰ ਤਨਖਾਹਾਂ ਲਾਉਣ ਤੇ ਤਨਖਾਹ ਪੂਰੀ ਹੋਣ ਤੇ ਖਾਲਸੇ ਵਿੱਚ ਮਿਲਾਉਣ ਦੇ ਅਧਿਕਾਰ ਮਿਲੇ ਹੋਏ ਸਨ :

ਸਿੱਖਨ ਕੋ ਸੋ ਸਿੱਖੀ ਦਿੜਾਵੈ ।  
ਸਿਖੀਓਂ ਚੁਕੈ ਤਿਸ ਤਨਖਾਹ ਲਾਵੈ ॥੪॥...  
ਪੂਜਾਰਨ ਸਿਰ ਬਡੋ ਪੁਜਾਰੀ ।  
ਹੁਤ ਸਤਿਗੁਰ ਘਰ ਬਡ ਇਤਬਾਰੀ ।  
ਅਕਾਲ ਬੁੰਗੇ ਕੇ ਤਖ਼ਤ ਸੁ ਬੈਠੇ ।  
ਖਤਾਦਾਰ ਕੇ ਕੰਨ ਸੁ ਐਂਠੇ ॥੮॥

*(ਦੇਖੋ ਪ੍ਰਾਚੀਨ ਪੰਥ ਪ੍ਰਕਾਸ਼, ਛਾਪ ਚੌਥੀ, ਪੰਨਾ ੨੨੨-੨੩)*

ਅੰਮ੍ਰਿਤਸਰ ਦੀ ਦੀਪਮਾਲਾ ਦਾ ਮੇਲਾ ਕਈ ਸਾਲਾਂ ਤੋਂ ਤੁਰਕਾਂ ਨੇ ਹੁਕਮਨ ਬੰਦ ਕੀਤਾ ਹੋਇਆ ਸੀ । ਸ਼ਹੀਦ ਬਿਲਾਸ ਅਨੁਸਾਰ :

*ਭਾਈ ਮਨੀ ਸਿੰਘ ਜੀ ਨੇ ਸੰਮਤ ੧੭੯੦ ਬਿ: (੧੭੩੩ ਈ:) ਦੀ ਦੀਪਮਾਲਾ ਦੇ ਮੇਲੇ ਦੀ ਦਸ ਦਿਨਾਂ ਲਈ ਭਾਈ ਸੂਰਤ ਸਿੰਘ ਸੂਰੀ ਅਤੇ ਭਾਈ ਸੁਬੇਗ ਸਿੰਘ ਜੰਬਰ ਦੀ ਰਾਹੀਂ ਲਾਹੌਰ ਦੇ ਸੂਬੇ ਜ਼ਕਰੀਆ ਖਾਂ ਪਾਸੋਂ ਦਸ ਹਜ਼ਾਰ ਰੁਪਏ ਦੇਣੇ ਕਰ ਕੇ ਮਨਜ਼ੂਰੀ ਪ੍ਰਾਪਤ ਕਰ ਲਈ ਸੀ ਪਰ ਜਦ ਮੇਲਾ ਨੇੜੇ ਆਇਆ ਤਾਂ ਸਰਕਾਰ ਦੀ ਨੀਯਤ ਬਦਲ ਗਈ । ਮੁਖਬਰਾਂ ਨੇ ਸੂਬੇ ਲਾਹੌਰ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਮੇਲੇ 'ਚ ਇਕੱਠੇ ਹੋਏ ਸਿੰਘਾਂ ਨੂੰ ਪਕੜ ਲਿਆ ਜਾਵੇ ਜਾਂ ਮਾਰ-ਮੁਕਾ ਦਿੱਤਾ ਜਾਵੇ । ਇਹ ਕਨਸੋਆਂ ਲਾਹੌਰੀ ਸਿੱਖਾਂ ਰਾਹੀਂ ਭਾਈ ਮਨੀ ਸਿੰਘ ਜੀ ਤੇ ਬਾਹਰਲੇ ਸਿੰਘਾਂ ਪਾਸ ਪੁੱਜ ਗਈਆਂ, ਇਸ ਲਈ ਮੇਲੇ 'ਚ ਰੁਕਾਵਟ ਪੈ ਗਈ । ਕੋਈ ਵੀ ਸਿੰਘ ਦੀਵਾਲੀ ਸਮੇਂ ਅੰਮ੍ਰਿਤਸਰ ਨਾ ਆਇਆ ਨਾ ਹੀ ਭੇਟਾ ਚੜ੍ਹੀ, ਜਿਸ ਕਰ ਕੇ ਸੂਬੇ ਨੂੰ ਦਸ ਹਜ਼ਾਰ ਰੁਪਇਆ ਨਾ ਦਿੱਤਾ ਜਾ ਸਕਿਆ ।*

ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ :

*ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਹੋਈ, ਤਾਂ ਭਾਈ ਸਾਹਿਬ ਵੱਲੋਂ ਭਾਈ ਭੂਪਤ ਸਿੰਘ ਅਤੇ ਭਾਈ ਗੁਲਜ਼ਾਰ ਸਿੰਘ ਨੂੰ ਲਾਹੌਰ ਭੇਜ ਕੇ ਦੀਵਾਲੀ ਦਾ ਮੇਲਾ ਨਾ ਹੋਣ ਦਾ ਕਾਰਨ ਦੱਸ ਕੇ ਵੈਸਾਖੀ ਦੇ ਮੇਲੇ ਦੀ ਦੁਬਾਰਾ ਆਗਿਆ ਮੰਗਵਾ ਲਈ । ਪੰਜ ਮਹੀਨੇ ਗੁਜ਼ਰ ਜਾਣ 'ਤੇ ਜਦ ਮੇਲੇ ਦਾ ਸਮਾਂ ਨੇੜੇ*

*ਆਇਆ, ਤਾਂ ਫਿਰ ਪਹਿਲੇ ਵਾਂਗ ਹੀ ਤੁਰਕਾਂ ਵੱਲੋਂ ਸਿੰਘਾਂ ਦੇ ਮਾਰਨ ਦੀਆਂ ਸਾਜ਼ਸ਼ਾਂ ਰਚੀਆਂ ਜਾਣ ਲੱਗੀਆਂ, ਜਿਨ੍ਹਾਂ ਬਾਰੇ ਭਾਈ ਮਨੀ ਸਿੰਘ ਅਤੇ ਜੰਗੀ ਸਿੰਘਾਂ ਨੂੰ ਇਤਲਾਹਾਂ ਪੁੱਜ ਗਈਆਂ ਸਨ, ਜਿਸ ਕਰ ਕੇ ਦੀਵਾਲੀ ਦੇ ਮੇਲੇ ਵਾਂਗ ਵੈਸਾਖੀ ਸਮੇਂ ਵੀ ਕੋਈ ਸਿੰਘ ਮੇਲੇ 'ਤੇ ਨਾ ਆਇਆ ਤੇ ਨਾ ਮਾਇਆ ਦੀ ਚੜ੍ਹਤ ਆਈ । ਦਸ ਹਜ਼ਾਰ ਰੁਪਇਆ ਅਦਾ ਨਾ ਕਰਨ ਦੇ ਦੋਸ਼ ਵਿੱਚ ਹੋਰ ਮੁੱਖੀ ਸਿੰਘਾਂ ਸਮੇਤ ਭਾਈ ਮਨੀ ਸਿੰਘ ਜੀ ਨੂੰ ਤੁਰਕ ਪਕੜ ਕੇ ਲਾਹੌਰ ਲੈ ਗਏ । ਤੁਰਕਾਂ ਨੇ ਭਾਈ ਸਾਹਿਬ ਨੂੰ ਇਸਲਾਮ ਵਿੱਚ ਲਿਆਉਣ ਦੇ ਅਨੇਕਾਂ ਯਤਨ ਕੀਤੇ, ਪਰ ਜਦ ਕਿਸੇ ਢੰਗ ਨਾਲ ਵੀ ਸਫਲਤਾ ਨਾ ਹੋਈ ਤਾਂ ਕਾਜ਼ੀਆਂ ਪਾਸੋਂ ਫਤਵਾ ਲੁਆ ਕੇ ਹਾੜ ਸੁਦੀ ਪੰਚਮੀ ਸੰਮਤ ੧੭੯੧ ਬਿ: (੨੪ ਜੂਨ ੧੭੩੪ ਈ:) ਨੂੰ ਆਪ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ । ਉਪ੍ਰੋਕਤ ਸ਼ਹੀਦੀ ਸੰਮਤ ਦੀ ਪੁਸ਼ਟੀ ਭਾਈ ਕੁਇਰ ਸਿੰਘ ਇਸ ਤਰ੍ਹਾਂ ਕਰਦਾ ਹੈ :*

*ਸੰਮਤ ਸੱਤ੍ਰਹ ਸਹਸ ਇਕਾਵਨ ।*
*ਮਾਸ ਅਖਾੜ ਸੁਕਲ ਬਰ ਪਾਵਨ ।*
*ਦਹੇ ਬੀਚ ਤੁਰਕਨ ਕੋ ਮੇਲਾ ।*
*ਤਬ ਹੀ ਮ੍ਰਿਤ ਗੁਰੂ ਸੰਗ ਚੇਲਾ ।*
*ਪੰਚਮ ਥਿਤ ਭੌਮ ਅਤਿ ਵਾਰੀ ।*
*ਲਵਪੁਰ ਮਾਹਿ ਦੇਹ ਬਿਨਸਾਰੀ ॥੧੯੨॥*

*(ਦੇਖੋ ਗੁਰ ਬਿਲਾਸ ਪਾ: ੧੦, ਪੰਨਾ ੨੯੪)*

ਇਸ ਦੀ ਪੁਸ਼ਟੀ ਭੱਟ ਵਹੀ ਮੁਲਤਾਨੀ ਸਿੰਧੀ ਤੋਂ ਵੀ ਹੁੰਦੀ ਹੈ :

*ਮਨੀ ਸਿੰਘ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਮਤ ੧੭੯੧ ਬਿ: ਕੋ ਲਾਹੌਰ ਕੇ ਮਲਹਾਨ ੬ ਘੜੀ ਦਿਨ ਚਢੇ ਬੰਦ-ਬੰਦ ਕਾਟਾ, ਭੂੰ ਕਾਂਟਾ ਆਇਆ, ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ, ਚਿਤ੍ਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖਸ਼ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ। ਅੱਗੇ ਗੁਰੂ ਭਾਨੇ ਕਾ ਖਾਵਿੰਦ, ਗੁਰੂ ਗੁਰੂ ਜਪਨਾ ਕਾਰਜ ਸਵਰੇਗਾ ।*

*(ਦੇਖੋ ਭੂਮਿਕਾ ਸ਼ਹੀਦ ਬਿਲਾਸ, ਪੰਨਾ ੪੦)*

ਇਸ ਭੱਟ ਵਹੀ ਵਿੱਚ ਭਾਈ ਮਨੀ ਸਿੰਘ ਦਾ ਭਰਾ ਜਗਤ ਸਿੰਘ ਤੇ ਦੋ ਪੁੱਤਰ ਚਿਤ੍ਰ ਸਿੰਘ ਤੇ ਗੁਰਬਖਸ਼ ਸਿੰਘ ਦਾ ਭਾਈ ਮਨੀ ਸਿੰਘ ਦੇ ਨਾਲ ਸ਼ਹੀਦ ਹੋਣਾ ਲਿਖਿਆ ਹੈ । ਸੇਵਾ ਸਿੰਘ ਨੇ ਸ਼ਹੀਦ ਬਿਲਾਸ ਵਿੱਚ ਲਿਖਿਆ ਹੈ ਕਿ :

*"ਭਾਈ ਗੁਲਜ਼ਾਰਾ ਸਿੰਘ ਦੀ ਪੁੱਠੀ ਖੱਲ ਲਾਹੀ ਅਤੇ ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਚਰਖੜੀ 'ਤੇ ਚੜ੍ਹਾਇਆ । ਜਿਹੜੇ ਹੋਰ ਸਿੰਘਾਂ ਨੂੰ ਕਸ਼ਟ ਦੇ ਕੇ ਸ਼ਹੀਦ ਕੀਤਾ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ- ਮੁਹਕਮ ਸਿੰਘ, ਚੈਨ ਸਿੰਘ, ਕੀਰਤ ਸਿੰਘ, ਆਲਮ ਸਿੰਘ, ਅਉਲੀਆ ਸਿੰਘ, ਸੰਗਤ ਸਿੰਘ ਤੇ ਕਾਨ੍ਹ ਸਿੰਘ ।"*

ਭਾਈ ਕੁਇਰ ਸਿੰਘ ਨੇ ਗੁਰ ਬਿਲਾਸ ਪਾ: ੧੦ ਦੇ ਪੰਨਾ ੨੯੩ ਉੱਪਰ ਇਹ ਨਾਮ ਲਿਖੇ ਹਨ--

*"ਉਦੇ ਸਿੰਘ, ਅਮਰ ਸਿੰਘ, ਸ਼ਰਧਾ ਸਿੰਘ, ਸੰਗਤ ਸਿੰਘ, ਸੰਤ ਸਿੰਘ, ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ ਅਤੇ ਰਣ ਸਿੰਘ ।"*

ਇਸੇ ਤਰ੍ਹਾਂ ਤਹਿਕੀਕਾਤਿ ਚਿਸ਼ਤੀ ਦੇ ਪੰ: ੬੯੫ ਉੱਪਰ ਮੌਲਵੀ ਨੂਰ ਅਹਿਮਦ ਨੇ ਗੁਲਜ਼ਾਰਾ ਸਿੰਘ ਦਾ ਬੰਦ-ਬੰਦ ਕੱਟਣਾ ਤੇ ਖੱਲ ਲਾਉਣੀ ਲਿਖਿਆ ਹੈ ।

ਭਾਈ ਸਾਹਿਬ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਨਖਾਸ ਚੌਂਕ ਵਿੱਚ ਜੋ ਲਾਹੌਰ ਲੰਡੇ ਬਾਜ਼ਾਰ ਵਿੱਚ ਹੈ ਸ਼ਹੀਦ ਕੀਤਾ ਗਿਆ ਸੀ । ਉਸ ਸਥਾਨ ਦਾ ਨਾਮ ਗੁਰਦੁਆਰਾ ਸ਼ਹੀਦ- ਗੰਜ ਹੈ ਪਰ ਭਾਈ ਮਨੀ ਸਿੰਘ ਦਾ ਸਸਕਾਰ ਭਾਈ ਸੁਬੇਗ ਸਿੰਘ ਆਦਿ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲ੍ਹੇ ਦੇ ਨਜ਼ਦੀਕ ਲੈ ਜਾ ਕੇ ਕੀਤਾ, ਜਿਥੇ ਸ਼ਹੀਦ-ਗੰਜ ਦੂਸਰਾ ਬਣਿਆ ਹੋਇਆ ਹੈ । ਸ਼ਮਸ਼ੇਰ ਸਿੰਘ ਅਸ਼ੋਕ ਦੀ ਲਿਖਤ ਅਨੁਸਾਰ:

> *"੧੯੪੭ ਈ: ਵਿੱਚ ਪਾਕਿਸਤਾਨ ਬਣਨ ਤੇ ਭਾਈ ਸਾਹਿਬ ਦੀ ਇਹ ਯਾਦਗਾਰ ਮਿਟਾ ਦਿੱਤੀ ਗਈ ਹੈ । ਜਿਸ ਦਾ ਹੁਣ ਕੋਈ ਨਾਮ ਨਿਸ਼ਾਨ ਵੇਖਣ ਵਿੱਚ ਨਹੀਂ ਆਉਂਦਾ ।"*

ਭਾਈ ਸਾਹਿਬ ਦੀ ਸ਼ਹੀਦੀ ਦੀ ਮਿਤੀ ਤੇ ਸੰਮਤ ਬਾਰੇ ਕੁਇਰ ਸਿੰਘ, ਸੇਵਾ ਸਿੰਘ ਤੇ ਭੱਟ ਵਹੀ ਤਿੰਨਾਂ ਦਾ ਇਕੋ ਮਤ ਹੈ ਕਿ ਸ਼ਹੀਦੀ ਹਾੜ ਸੁਦੀ ਪੰਚਮੀ ੧੭੯੧ ਬਿ: ਨੂੰ ਹੋਈ ਪਰ ਬਾਕੀ ਲੇਖਕਾਂ ਦੀਆਂ ਰਾਵਾਂ ਵੱਖੋ- ਵੱਖਰੀਆਂ ਹਨ, ਜਿਵੇਂ ਕਿ ਕੇਸਰ ਸਿੰਘ ਛਿੱਬਰ ਬੰਸਾਵਲੀ ਨਾਮੇ ਵਿੱਚ ੧੭੯੨ ਬਿ: ਤੋਂ ਬਾਅਦ ਦਾ ਸਮਾਂ ਲਿਖਦਾ ਹੈ, ਸੰਮਤ ਕੋਈ ਨਹੀਂ। ਮੁਹੰਮਦ ਨੂਰ ਅਹਿਮਦ ਚਿਸ਼ਤੀ ਨੇ ਤਹਿਕੀਕਾਤਿ-ਚਿਸ਼ਤੀ ਵਿੱਚ ਇਹ ਘਟਨਾ ਮਹੀਨਾ ਸਫ਼ਰ ੫ ਸੰਨ ੧੧੦੬ ਹਿਜ਼ਰੀ ਮੁਤਾਬਕ ਸੰਮਤ ੧੭੮੫ ਬਿ: ਲਿਖਿਆ ਹੈ । ਸੱਯਦ ਮੁਹੰਮਦ ਲਤੀਫ ਨੇ ੧੭੮੫ ਬਿ:, ਰਤਨ ਸਿੰਘ ਭੰਗੂ ਨੇ ੧੭੯੪ ਬਿ: ਲਿਖਿਆ ਹੈ। ਇਸ ਨੂੰ ਠੀਕ ਮੰਨ ਕੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਵੀ ਸੰਮਤ ੧੭੯੪ ਬਿ: ਹੀ ਲਿਖਿਆ ਹੈ ਪਰ ਗਿ: ਗਿਆਨ ਸਿੰਘ ਨੇ ਸੰਮਤ ੧੭੯੫ ਬਿ: ਲਿਖਿਆ ਹੈ । ਗਿ: ਗਰਜਾ ਸਿੰਘ ਸੰਪਾਦਕ ਸ਼ਹੀਦ ਬਿਲਾਸ ਦੀ ਖੋਜ ਅਨੁਸਾਰ ਨਵੀਨ ਸਾਰੇ ਖੋਜੀ ਸੱਜਣ ਹਾੜ ਸੁਦੀ ਪੰਚਮੀ ਸੰਮਤ ੧੭੯੧ ਬਿ: ਨੂੰ ਹੀ ਠੀਕ ਮੰਨਦੇ ਹਨ, ਅਸੀਂ ਵੀ ਇਸੇ ਸੰਮਤ ਨੂੰ ਦਰੁਸਤ ਮੰਨਦੇ ਹਾਂ ।

ਇਹ ਗੱਲ ਖਾਸ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਕੇਵਲ ਭਾਈ ਮਨੀ ਸਿੰਘ ਜੀ ਹੀ ਸ਼ਹੀਦ ਨਹੀਂ ਹੋਏ, ਇਨ੍ਹਾਂ ਦਾ ਖ਼ਾਨਦਾਨ ਹੀ ਸ਼ਹੀਦਾਂ ਦਾ ਖ਼ਾਨਦਾਨ ਹੈ ਤੇ ਇਨ੍ਹਾਂ ਦਾ ਪਰਿਵਾਰ ਹੀ ਸ਼ਹੀਦਾਂ ਦਾ ਪਰਿਵਾਰ ਹੈ । ਇਸ ਸਬੰਧੀ ਕੁਝ ਵੇਰਵਾ ਹੇਠਾਂ ਦੇ ਰਹੇ ਹਾਂ--

## ਦਾਦਾ ਸ਼ਹੀਦ :

੧. ਭਾਈ ਮਨੀ ਸਿੰਘ ਜੀ ਦਾ ਦਾਦਾ ਭਾਈ ਬੱਲੂ ਜੀ ਅੰਮ੍ਰਿਤਸਰ ਦੇ ਪਹਿਲੇ ਜੰਗ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵੱਲੋਂ ਲੜਦਿਆਂ ਹੋਇਆਂ ੧੭ ਵੈਸਾਖ ਵਦੀ ਅੱਠੇਂ ਸੰਮਤ ੧੬੯੧ ਬਿ: (੧੫ ਅਪ੍ਰੈਲ ੧੬੩੪ ਈ:) ਨੂੰ ਅੰਮ੍ਰਿਤਸਰ ਵਿੱਚ ਸ਼ਹੀਦ ਹੋਏ ।

*(ਦੇਖੋ, ਗੁਰੂ ਕੀਆਂ ਸਾਖੀਆਂ ਪੰਨਾ ੧੬-੧੭ ਅਤੇ ਸ਼ਹੀਦ ਬਿਲਾਸ ਕ੍ਰਿਤ ਸੇਵਾ ਸਿੰਘ ਦੀ ਭੂਮਿਕਾ ਦੇ ਪੰਨਾ ੫ ਦੀ ਪੈਰ ਟੂਕ)*

## ਭਰਾ ਸ਼ਹੀਦ :

੨. ਭਾਈ ਮਾਈ ਦਾਸ ਦੇ ਭਾਈ ਮਨੀ ਸਿੰਘ ਜੀ ਸਮੇਤ ੧੨ ਪੁੱਤਰ ਸਨ । ਇਨ੍ਹਾਂ 'ਚੋਂ ਭਾਈ ਅਮਰ ਚੰਦ ਦੀ ਸ਼ਹਾਦਤ ਨਹੀਂ ਹੋਈ, ਬਾਕੀ ਗਿਆਰਾਂ ਭਰਾ ਗੁਰੂ ਤੇ ਪੰਥ ਦੀ ਖਾਤਰ ਸ਼ਹੀਦੀ ਪਿਆਲੇ ਪੀ ਗਏ-

੧. ਭਾਈ ਮਨੀ ਸਿੰਘ ਤੇ ੨. ਜਗਤ ਸਿੰਘ ਦੋਨੋਂ ਇਕੱਠੇ । ੩. ਜੇਠਾ ਸਿੰਘ ਤੇ ੪. ਰੂਪ ਸਿੰਘ, ੯ ਕੱਤਕ ੧੯੬੮ ਬਿ: ( ੧੧ ਅਕਤੂਬਰ ੧੭੧੧ ਈ:) ਨੂੰ ਲਾਹੌਰ ਦੇ ਪਰਗਣੇ ਆਲੋਵਾਲ ਵਿਖੇ । ਪ. ਦਿਆਲ ਦਾਸ (ਭਾਈ ਦਿਆਲਾ) ੧੧ ਮੱਘਰ ੧੭੩੨ ਬਿ: (੧੧ ਨਵੰਬਰ ੧੬੭੫ ਈ:) ਨੂੰ ਦਿੱਲੀ ੬. ਦਾਨ ਸਿੰਘ, ੭ ਪੋਹ ੧੭੬੨ ਬਿ : (੭ ਦਸੰਬਰ ੧੭੦੫ ਈ:) ਨੂੰ ਚਮਕੌਰ ਸਾਹਿਬ । ੭. ਮਾਨ ਸਿੰਘ, ੬ ਵੈਸਾਖ ੧੭੬੫ ਬਿ: (੩ ਅਪ੍ਰੈਲ ੧੭੦੮ ਈ:) ਨੂੰ ਗੰਭੀਰ ਨਦੀ ਦੇ ਕੰਢੇ ਚਿਤੌੜਗੜ੍ਹ । ੮. ਸੋਹਨ ਚੰਦ, ੨੨ ਚੇਤ ੧੭੪੭ ਬਿ: (੨੦ ਮਾਰਚ ੧੭੯੧ ਈ:) ਨਦੌਣ । ੯. ਲਹਿਣਾ ਸਿੰਘ, ੨੩ ਫੱਗਣ ੧੭੫੨ ਬਿ: (੨੦ ਫਰਵਰੀ ੧੬੯੬ ਈ:) ਨੂੰ ਗੁਲੇਰ । ੧੦. ਰਾਇ ਸਿੰਘ, ੧ ਮਾਘ ੧੭੬੨ ਬਿ:(੩੦ ਦਸੰਬਰ ੧੭੦੫ ਈ:) ਨੂੰ ਖਿਦਰਾਣੇ ਦੀ ਢਾਬ 'ਤੇ ਮੁਕਤਸਰ । ੧੧. ਹਰੀ ਚੰਦ, ੧੮ ਅੱਸੂ ੧੭੪੫ ਬਿ: ੨੪ ਜੁਲਾਈ ੧੬੮੮ ਈ:) ਨੂੰ ਭੰਗਾਣੀ ਵਿਖੇ ਸ਼ਹੀਦ ਹੋਏ ।

*(ਦੇਖੋ, ਭੂਮਿਕਾ ਸ਼ਹੀਦ ਬਿਲਾਸ ਪੰਨਾ ੪੧-੪੨ ਦੀ ਪੈਰ ਟੂਕ ਅਤੇ ਗੁਰੂ ਕੀਆਂ ਸਾਖੀਆਂ ਕ੍ਰਿਤ ਸਰੂਪ ਸਿੰਘ ਕੌਸ਼ਕ ਸੰਪਾਦਕ ਪਿਆਰਾ ਸਿੰਘ 'ਪਦਮ' ਗਿ: ਗਰਜਾ ਸਿੰਘ ਦਾ ਪੰਨਾ ੧੭ ।*

## ਪੁੱਤਰ ਸ਼ਹੀਦ :

ਭਰਾਵਾਂ ਵਾਂਗ ਭਾਈ ਮਨੀ ਸਿੰਘ ਜੀ ਦੇ ਦਸਾਂ ਪੁੱਤਰਾਂ ਵਿੱਚੋਂ ਸੱਤ ਪੁੱਤਰ ਵੀ ਸ਼ਹੀਦ ਹੋਏ ।

*੧. ਚਿੱਤ੍ਰ ਸਿੰਘ ਤੇ ੨. ਗੁਰਬਖਸ਼ ਸਿੰਘ, ਭਾਈ ਮਨੀ ਸਿੰਘ ਜੀ ਦੇ ਨਾਲ । ੩. ਭਾਈ ਉਦੇ ਸਿੰਘ, ੭ਪੋਹ ਸੁਦੀ ਦੂਜ ੧੭੬੨ ਬਿ: (੬ ਦਸੰਬਰ ੧੭੦੫ ਈ: ਨੂੰ ਨਿਰਮੋਹਗੜ੍ਹ ਤੋਂ ਅੱਗੇ ਸ਼ਾਹੀ ਟਿੱਬੀ 'ਤੇ । ੪. ਭਾਈ ਅਨਿਕ ਸਿੰਘ , ਪ. ਭਾਈ ਅਜਬ ਸਿੰਘ , ੬. ਅਜਾਇਬ ਸਿੰਘ, ਤਿੰਨੇ ੮ ਪੋਹ ੧੭੬੨ ਬਿ: ਨੂੰ ਚਮਕੌਰ ਸਾਹਿਬ ਦੇ ਯੁੱਧ ਵਿੱਚ ਅਤੇ ੭. ਭਾਈ ਬਚਿੱਤ੍ਰ ਸਿੰਘ, ੭ ਪੋਹ ੧੭੬੨ ਬਿ: ਨੂੰ ਮਲਕਪੁਰ (ਨੇੜੇ ਰੋਪੜ) ਦੇ ਰੰਘੜਾਂ ਦੇ ਹੱਥੋਂ ਜ਼ਖਮੀ ਹੋ ਕੇ ਕੋਟਲਾ ਨਿਹੰਗ ਖਾਂ ਵਿਖੇ ੯ ਪੋਹ ਦੀ ਸਵੇਰ ਨੂੰ ਗੁਰਪੁਰੀ ਪਹੁੰਚ ਗਏ । ਬਾਕੀ ਤਿੰਨ ਪੁੱਤਰ ਜੋ ਸ਼ਹੀਦ ਨਹੀਂ ਹੋਏ, ਉਨ੍ਹਾਂ ਦੇ ਨਾਮਹਨ- ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ ਰਹਿਤਨਾਮੀਆਂ। ਇਨ੍ਹਾਂ ਵਿੱਚ ਪਹਿਲੇ ਛੇ ਪੁੱਤਰ ਸ੍ਰੀ ਸੀਤੋ ਬਾਈ ਦੇ ਉਦਰ ਤੋਂ ਪੈਦਾ ਹੋਏ ਤੇ ਗੁਰਬਖਸ਼ ਸਿੰਘ ਸ਼ਹੀਦ ਤੇ ਨਾ ਸ਼ਹੀਦ ਹੋਣ ਵਾਲੇ ਉਪ੍ਰੋਕਤ ਤਿੰਨਾਂ ਸਮੇਤ ਛੋਟੇ ਚਾਰ ਪੁਤੱਰ ਗੁਰੀਏ ਚੌਹਾਨ ਹਜਾਵਤ ਦੀ ਪੁੱਤਰੀ ਸ੍ਰੀ ਲਡਿਕੀ (ਖੇਮੀ) ਦੀ ਕੁੱਖੋਂ ਸਨ ।*

*(ਦੇਖੋ ਭੂਮਿਕਾ ਸ਼ਹੀਦ ਬਿਲਾਸ ਦਾ ਪੰਨਾ ੪੦, ਪੰਨਾ ੨੬,੩੧,੩੨ ਦੀਆਂ ਪੈਰ ਟੂਕਾਂ ਅਤੇ ਗੁਰੂ ਕੀਆਂ ਸਾਖੀਆਂ ਪੰਨਾ ੧੭)*

## ਪੋਤਰੇ ਸ਼ਹੀਦ :

ਦਾਦਾ, ਭਰਾਵਾਂ ਆਪ ਤੇ ਪੁੱਤਰਾਂ ਤੋਂ ਇਲਾਵਾ ਭਾਈ ਮਨੀ ਸਿੰਘ ਜੀ ਸ਼ਹੀਦ ਦੇ ੧੦ ਪੋਤਰੇ ਵੀ ਸ਼ਹੀਦ ਹੋਏ ਹਨ। ਭਾ: ਮਨੀ ਸਿੰਘ ਜੀ ਦੇ ਵੱਡੇ ਪੁੱਤਰ ਬਚਿੱਤ੍ਰ ਸਿੰਘ ਦੇ ਦੋ ਪੁੱਤਰ ਸੰਗਰਾਮ ਸਿੰਘ ਤੇ ਰਾਮ ਸਿੰਘ ਸ਼ਹੀਦ ਹੋਏ। ਸੰਗਰਾਮ ਸਿੰਘ ਤਾਂ ਜੇਠ ਵਦੀ ਇਕਾਦਸ਼ੀ ੧੭੬੭ ਬਿ:(੧੩ ਮਈ ੧੭੧੦ ਈ:) ਨੂੰ ਚਪੜ ਚਿੜੀ ਦੇ ਮੈਦਾਨ ਵਿੱਚ ਬੰਦਾ ਸਿੰਘ ਬਹਾਦਰ ਦੇ ਦਲ ਵੱਲੋਂ ਲੜਦਾ ਹੋਇਆ ਸ਼ਹੀਦ ਹੋਇਆ ਤੇ ਰਾਮ ਸਿੰਘ ੭ ਜੂਨ ੧੭੧੬ ਈ:(੧੭੭੩ ਬਿ:) ਨੂੰ ਬੰਦਾ ਸਿੰਘ ਬਹਾਦਰ ਦੇ ਨਾਲ ਦਿੱਲੀ ਵਿਖੇ ਸ਼ਹੀਦ ਹੋਇਆ।

ਆਪ ਦੇ ਦੂਜੇ ਪੁੱਤਰ ਚਿੱਤ੍ਰ ਸਿੰਘ ਦੇ ਚਾਰ ਪੁੱਤਰ ਸਨ, ਉਨ੍ਹਾਂ 'ਚੋਂ ਪਹਿਲੇ ਪੁੱਤਰ ਕੇਸਰ ਸਿੰਘ ਦੀ ਸ਼ਹੀਦੀ ੨੮ ਦਸੰਬਰ ੧੭੧੧ ਈ: ਨੂੰ ਬਿਲਾਸਪੁਰ ਹਿਮਾਚਲ ਪ੍ਰਦੇਸ਼ ਵਿੱਚ ਹੋਈ। ਦੂਜੇ ਪੁੱਤਰ ਸੈਣਾ ਸਿੰਘ ਦੀ ਸ਼ਹੀਦੀ ੨੨ ਜੂਨ ੧੭੧੩ ਈ: ਨੂੰ ਸਢੌਰੇ ਵਿਖੇ ਹੋਈ। ਤੀਜੇ ਪੁੱਤਰ ਹਾਠੂ ਸਿੰਘ ਦੀ ਸ਼ਹੀਦੀ ੧੭ ਮਾਰਚ ੧੭੫੮ ਈ: ਨੂੰ ਸਰਹੰਦ ਦੇ ਮੁਕਾਮ 'ਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ੨੪ ਸਾਲ ਬਾਅਦ ਹੋਈ। ਚੌਥਾ ਪੁੱਤਰ ਗਰਜਾ ਸਿੰਘ ਸ਼ਹੀਦ ਨਹੀਂ ਹੋਇਆ।

ਭਾਈ ਮਨੀ ਸਿੰਘ ਜੀ ਦੇ ਤੀਜੇ ਪੁੱਤਰ ਉਦੇ ਸਿੰਘ ਦੇ ਪਹਿਲੇ ਪੁੱਤਰ ਮਹਿਬੂਬ ਸਿੰਘ ਤੇ ਦੂਜੇ ਪੁੱਤਰ ਫਤ੍ਹੇ ਸਿੰਘ ਦੀ ਸ਼ਹੀਦੀ ੧੩ ਮਈ ੧੭੧੦ ਈ: ਨੂੰ ਚਪੜ ਚਿੜੀ ਵਿਖੇ ਹੋਈ। ਤੀਜੇ ਪੁੱਤਰ ਅਲਬੇਲ ਸਿੰਘ ਤੇ ਚੌਥੇ ਪੁੱਤਰ ਮੇਹਰ ਸਿੰਘ ਦੀ ਸ਼ਹੀਦੀ ੨੨ ਜੂਨ ੧੭੧੩ ਈ: ਨੂੰ ਸਢੌਰੇ ਵਿਖੇ ਹੋਈ। ਪੰਜਵਾਂ ਪੁੱਤਰ ਬਾਘ ਸਿੰਘ ੨੮ ਦਸੰਬਰ ੧੭੧੧ ਈ: ਨੂੰ ਬਿਲਾਸਪੁਰ ਹਿਮਾਚਲ ਪ੍ਰਦੇਸ਼ ਵਿਖੇ ਸ਼ਹੀਦ ਹੋਇਆ। ਉਦੇ ਸਿੰਘ ਦੇ ਦੋ ਪੁੱਤਰ ਅਜੂਬ ਸਿੰਘ ਨੇ ਅਨੋਖ ਸਿੰਘ ਸ਼ਹੀਦ ਨਹੀਂ ਹੋਏ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦੇ ਤਿੰਨ ਪੁੱਤਰਾਂ ਦੇ ੧੦ ਪੁੱਤਰ ਭਾਵ ਮਨੀ ਸਿੰਘ ਦੇ ੧੦ ਪੋਤਰੇ ਸ਼ਹੀਦ ਹੋਏ।

ਐਉਂ ਭਾਈ ਸਾਹਿਬ ਭਾਈ ਮਨੀ ਸਿੰਘ ਹੀ ਸ਼ਹੀਦ ਦਾ ਇਕ ਦਾਦਾ, ੧੦ ਭਰਾ, ਇਕ ਆਪ, ੭ ਪੁੱਤਰ ਤੇ ੧੦ ਪੋਤਰੇ ਸ਼ਹੀਦ ਹੋਏ। ਜਿਸ ਕਰ ਕੇ ਆਪ ਦਾ ਪਰਿਵਾਰ ਸ਼ਹੀਦਾਂ ਦਾ ਪਰਿਵਾਰ ਹੈ।

*(ਦੇਖੋ ਸ਼ਹੀਦ ਬਿਲਾਸ ਦਾ ਪੰਨਾ ੧੦੫-੬)*

## ਭਾਈ ਮਨੀ ਸਿੰਘ ਜੀ ਦੀ ਮਹਿਮਾ :

ਰਦਉਤ ਜਲਹਾਨਾ ਬੀਰ ਮਨੀ ਸਿੰਘ,
ਚਹੁੰ ਕੁੰਟੀਂ ਜਸ ਤਉ ਕਾ ਪਰਿਆ।
ਗੁਰੂ ਰਾਮਦਾਸ ਦਰ ਕਾ ਹੋਇ ਸੇਵਕ,
ਸਿੰਘ ਨਾਮ ਤਉ ਉੱਜਲ ਕਰਿਆ।
ਸਿੱਖੀ ਮੇਂ ਸੂਰਾ ਭਗਤੀ ਮੈਂ ਪੂਰਾ,
ਗਿਆਨ ਖੜਗ ਲੈ ਸਾਮ੍ਹੇਂ ਲਰਿਆ।
ਫਤੇ ਵਾਹਿਗੁਰੂ ਮੁਖ ਥੀਂ ਨਿਕਸੀ,

ਬੰਦ-ਬੰਦ, ਕਟ ਪੋਸ਼ ਉਖਰਿਆ।
ਦਿਆਲ ਦਾਸ ਸਮ ਕੀਆ ਤਉ ਸਾਕਾ,
ਬ੍ਰਿਖ ਬੰਸ ਜੱਲੇ ਕਾ ਹਰਿਆ।
ਸਾਤ ਸਪੂਤ ਤ੍ਰੱਨੇ ਰਨੇ,
ਏਕ ਏਕ ਲਰ ਸਾਮ੍ਹੇਂ ਮਰਿਆ।
ਜੈ ਜੈ ਕਾਰ ਭਯੋ ਜਗ ਤਉ ਕਾ,
ਧਰਮ ਹੇਤ ਦੁਖ ਦੇਹ ਤੇ ਜਰਿਆ।

*ਭੱਟ ਵਹੀ ਮੁਲਤਾਨੀ ਸਿੰਧੀ*

*(ਦੇਖੋ, ਭੂਮਿਕਾ ਸ਼ਹੀਦ ਬਿਲਾਸ, ਪੰਨਾ ੪੧)*

## ਸ਼ਹੀਦ ਬਿਲਾਸ ਕ੍ਰਿਤ ਸੇਵਾ ਸਿੰਘ:

ਚੌਪਈ-
ਨਿਜ ਕਰ ਤੇ ਗੁਰ ਅੰਮ੍ਰਿਤ ਦੀਯੋ।
ਮਨੀਏ ਥੀਂ ਸਿੰਘ ਮਨੀਆ ਕੀਯੋ।
ਕਰ ਇਸ਼ਨਾਨ ਜਪੈ ਜਪੁ ਜਾਪੁ।
ਛੋਹਿ ਨ ਸਾਕੈਂ ਤੀਨੋ ਤਾਪ।
ਸੂਤ ਮਿਆਨੋ ਧੂਪ ਧੁਖਾਇ।
ਫਤੇ ਵਾਹਿਗੁਰੂ ਮੁਖੋਂ ਬੁਲਾਇ...॥੭੪॥

ਦੋਹਰਾ-
ਮਨੀ ਸਿੰਘ ਗੁਰ ਦਸਮ ਢਿਗ,
**ਥੇ ਪੁਰੀ ਬੀਚ** ਅਨੰਦ।
ਮੱਧ ਖਾਲਸੇ ਇਉਂ ਸੋਹੈ,
ਜਿਉਂ ਤਾਰਨ ਮਹਿ ਚੰਦ ॥੭੮॥(ਪੰਨਾ ੬੯)
ਮਨੀ ਸਿੰਘ ਸਮ ਜਗਤ ਮੈਂ,
ਦੂਸਰ ਹੋਆ ਨ ਕੋਇ ॥੧੬੯॥
ਖਾਤ੍ਰ ਪ੍ਰਉਪਕਾਰ ਜਹਿੰ,
ਪ੍ਰਾਨ ਦੀਏ ਹੈਂ ਖੋਇ।
ਮਨੀ ਸਿੰਘ ਨਿਰਭਉ ਸੀ,
ਭੈ ਨ ਮਨ ਮਹਿ ਕਾਇ।
ਬਾਣੀ ਪੜ੍ਹੈ ਸੇਵਾ ਕਰੈ,
ਹੀਏ ਹਰਖ ਬਢਾਇ ॥੧੮੪॥

ਚੌਪਈ-
ਸੇਵਾ ਕਰੈ ਆਲਸ ਕੋ ਤਿਆਗੈ।
ਸਵਾ ਪਹਿਰ ਨਿਸ ਰਹਿੰਦੀ ਜਾਗੈ।
ਕਰ ਇਸ਼ਨਾਨ ਜਪੇ ਜਪੁ ਜਾਪੁ।
ਗੁਰਬਾਣੀ ਕਾ ਬਡ ਪ੍ਰਤਾਪ।
ਸਾਜ ਦੁਮਾਲਾ ਸ਼ਸਤ੍ਰ ਪਹਿਰੈ।

ਨੀਲੰਬਰ ਗਜ ਸਵਾ ਕਛਹਿਰੈ।
ਪਕੜ ਦੁਤਾਰਾ ਗਾਵੈ ਬਾਣੀ।
ਆਸਾ ਵਾਰ ਸੁਖਾਂ ਦੀ ਖਾਣੀ ॥੧੮੫॥ (ਪੰ: ੮੯)

ਰਤਨ ਸਿੰਘ ਭੰਗੂ ਕ੍ਰਿਤ ਪ੍ਰਾਚੀਨ ਪੰਥ ਪ੍ਰਕਾਸ਼-ਚੌਥੀ ਛਾਪ ਪੰਨਾ ੨੨੨-

ਮੰਨੀ ਸਿੰਘ ਥੋ ਸੰਤ ਸੁਜਾਨ।
ਜਤੀ ਸਤੀ ਔ ਧਜਾਨੀ ਮਾਨ।
ਹਠੀ ਤਪੀ ਔ ਮਤ ਕੋ ਪੂਰੋ।
ਸਹਨ ਸ਼ੀਲ ਔ ਦਿਲ ਕੋ ਸੂਰੋ ॥੨॥
ਕਰਮੀ ਧਰਮੀ ਭਗਤਿ ਗਿਆਨੀ।
ਸਤਿਗੁਰ ਬਚਨਨ ਪਰ ਮਤਿ ਠਾਨੀ।
ਹੁਤ ਸਤਿਗੁਰ ਸੋ ਰਹਿਤ ਹਜ਼ੂਰ।
ਤਿਸ ਕਰ ਭਯੋ ਸੁ ਗੁਰਮਤਿ ਪੂਰ ॥੩॥
ਉਨ ਸਤਿਗੁਰ ਕਛੁ ਜੂਠੋ ਖਯੋ ।
ਤਾਂ ਤੇ ਹਠੀਆ ਅੜੀਆ ਭਯੋ।
ਸਿੱਖਨ ਕੋ ਸੋ ਸਿੱਖੀ ਦਿੜਾਵੈ।
ਸਿਖੀਓਂ ਚੁਕੈ ਤਿਸ ਤਨਖਾਹ ਲਾਵੈ।
ਬੀਜ ਬੀਜੇ ਵਹਿ ਗੁਰਮਤ ਲਾਵੈ।
ਚਾਰ ਬਰਨ ਕੋ ਸਿਖੀ ਦਿੜਾਵੈ।
ਕਰ ਸਾਖੀ ਬਹੁ ਸਿਖਨ ਸੁਨਾਵੈ।
ਕਛੁ ਗੁਰ ਕਹੀ ਕਛੁ ਮਨ ਤੇ ਲਾਵੈ ॥੫॥

ਮੇਰੇ ਵੱਲੋਂ ਸੰਪਾਦਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ :

ਮਨੀ ਸਿੰਘ ਕੀ ਕੈਹੋਂ ਗਾਥਾ।
ਸੁਨੋਂ ਖਾਲਸਾ ਜੀ ਹਿਤ ਸਾਥਾ।...
ਕੀਨੋਂ ਕਲਿ ਮੈਂ ਜਿਨ ਬਡ ਸਾਕਾ।
ਕਬੀ ਨ ਕਿਨੈ ਕਰਜੋ ਅਸ ਬਾਂਕਾ।
ਪੂਰਬ ਰਿਖੀ ਮੁਨੀ ਬਹੁ ਭਏ।
ਧਰਮ ਹੇਤ ਤਨ ਭੀ ਉਨ ਦਏ ॥੫॥
ਪੈ ਐਸੋ ਹਠ ਕਰਜੋ ਨ ਕਾਹੂੰ।
ਨਰ ਦੇਹੀ ਸੁਰ ਅਸੁਰਨ ਮਾਹੂੰ।
ਜੱਦਪਿ ਰਾਵਨ ਮੂੰਡ ਚਢਾਏ।
ਕੱਟ ਕੈ ਨਿਜ ਲਾਲਚ ਹਿਤ ਸਾਏ ॥੬॥
ਇੰਦ੍ਰਜੀਤ ਤਨ ਪਲ ਕਟਿ ਹੋਮਜੋ।
ਕਿੰਚਿਤ, ਨਹਿੰ ਸਭਿ ਹੀ ਤਿਨ ਤੋਮਜੋ।
ਸ਼ਿਵੀ ਦਧੀਚ ਪ੍ਰਸੰਗ ਲਿਖੈ ਹੈਂ।

ਸੋ ਭੀ ਭਏ, ਨ ਐਸ ਤਿਖੇ ਹੈਂ ॥੭॥
ਜਨਕ ਬਿਦੇਹੀ ਭਏ ਉਦਾਰਾ ।
ਤਿਨ ਭੀ ਏਕ ਪਾਉਂ ਥਾ ਜਾਰਾ ।
ਸ਼ੱਮਸਤ੍ਰੇਜ ਔਰ ਮਨਸੂਰੈਂ ।
ਇਕ ਇਕ ਅੰਗ ਕਟਜੋ ਜਾਰੂਰੈਂ ॥੮॥
ਕਰਨੀ ਜੈਸ ਮਨੀ ਸਿੰਘ ਕੀਨੀ ।
ਐਸੀ ਕਰੀ ਨ ਕਿਨਹੂੰ ਪੀਨੀ ।
ਬੈਠਿ ਕਟਾਏ ਨਿਜ ਸਭਿ ਅੰਗਾ ।
ਜਰਾ ਸਿਦਕ ਨਹਿ ਕੀਨ ਵਿਭੰਗਾ ॥੯॥
ਰਾਖਜੋ ਹਠ ਨਹਿੰ ਵੱਟਜੋ ਅੰਗਾ ।
ਜਗ ਮੈਂ ਜਸ ਭਰ ਗਯੋ ਅਭੰਗਾ ।
ਮਾਤ ਕਰਜੋ ਜਿਨ ਜਨਕ ਬਿਦੇਹੀ ।
ਕਰੀ ਪਿਤਾਮਾ ਭੀਸ਼ਮ ਜੇਹੀ ॥੧੦॥

ਦੋਹਰਾ- ਜਬ ਲੌ ਯਹਿ ਜਗ ਰਹੈਗੋ,
ਜਲ ਅਗਨੀ ਸਸਿ ਸੂਰ ॥
ਮਨੀ ਸਿੰਘ ਕਾ ਰਹੈਗੋ,
ਤਬਿ ਲੌ ਜਸ ਭਰਪੂਰ ॥੨੦੫॥

*ਉੱਤ੍ਰਾਰਧ ਬਿਸ੍ਰਾਮ ੨੯*
*(ਚੌਥਾ ਭਾਗ ਪੰਨਾ ੨੧੬੯ ਤੋਂ ੨੧੭੧ ਤੱਕ)*

## ਭਾਈ ਮਨੀ ਸਿੰਘ ਜੀ ਤੋਂ ਪਿਛੋਂ :

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਤੁਰਕਾਂ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ 'ਤੇ ਮੁਕੰਮਲ ਕਬਜ਼ਾ ਕਰ ਲਿਆ । ਸ੍ਰੀ ਹਰਿਮੰਦਰ ਸਾਹਿਬ ਅਤੇ ਸਰੋਵਰ ਦੇ ਚਹੁੰ-ਤਰਫੀਂ ਫੌਜੀ ਚੌਕੀਆਂ ਬਿਠਾ ਦਿੱਤੀਆਂ ਤਾਂ ਕਿ ਕੋਈ ਸਿੱਖ ਦਰਸ਼ਨ-ਇਸ਼ਨਾਨ ਲਈ ਅੰਦਰ ਨਾ ਆ ਸਕੇ ।

ਜ਼ਕਰੀਆ ਖ਼ਾਂ ਦੇ ਹੁਕਮ ਅਨੁਸਾਰ ਮੱਸਾ ਰੰਘੜ ਮੰਡਿਆਲੀਆ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਦ ਪਲੰਘ ਡਾਹ ਕੇ ਸ਼ਰਾਬਾਂ ਪੀਂਦਾ, ਕੰਜਰੀਆਂ ਦਾ ਨਾਚ ਵੇਖਦਾ ਹੋਇਆ ਘੋਰ ਬੇ-ਅਦਬੀ ਕਰ ਰਿਹਾ ਸੀ, ਤਦ ਬੁੱਢੇ ਜੌਹੜ ਤੋਂ ਸ: ਮਤਾਬ ਸਿੰਘ ਮੀਰਾਂ ਕੋਟ ਤੇ ਸ: ਸੁੱਖਾ ਸਿੰਘ ਮਾੜੀ ਕੰਬੋਕੀ ਨੇ ਆ ਕੇ ਮੱਸੇ ਦਾ ਸਿਰ ਲਾਹ ਕੇ ਉਸ ਨੂੰ ਕੀਤੀ ਦਾ ਫਲ ਭੁਗਤਾਇਆ । ਇਹ ਵਾਕਿਆ ੧੭੪੫ ਈ:, ਮੁ: ੧੮੦੨ ਬਿ: ਦਾ ਹੈ ।

੧੮੦੪ ਬਿ: ਮੁਤਾਇਕ ੧੭੪੭ ਈਸਵੀ ਨੂੰ ਪੂਰੇ ੧੩ ਸਾਲ ਬਾਅਦ ਅੰਮ੍ਰਿਤਸਰ 'ਚੋਂ ਤੁਰਕਾਂ ਦਾ ਕਬਜ਼ਾ ਉਠਾ ਕੇ ਸਿੰਘਾਂ ਆਪਣਾ ਕਬਜ਼ਾ ਕੀਤਾ ਤੇ ਵੈਸਾਖੀ ਦਾ ਪੁਰਬ ਧੂਮ-ਧਾਮ ਨਾਲ ਮਨਾਇਆ ।

੧੭੫੨ ਈਸਵੀ ਦੇ ਆਰੰਭ ਵਿੱਚ ਬਿਜੈ ਖ਼ਾਂ ਸੂਬੇ ਦੇ ਸਮੇਂ ਦੀਵਾਨ ਲਖਪਤ ਰਾਇ ਨੇ ਸ੍ਰੀ ਅੰਮ੍ਰਿਤਸਰ ਦਾ ਸਰੋਵਰ ਮਿੱਟੀ ਨਾਲ ਭਰਵਾ ਦਿੱਤਾ ਸੀ, ਜਿਸ ਨੂੰ ਥੋੜ੍ਹੇ ਹੀ ਚਿਰ ਪਿੱਛੋਂ ਖਾਲਸਾ

ਦਲ ਨੇ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਕੇ ਉਹ ਮਿੱਟੀ ਤੇ ਉਸ ਹੇਠ ਜੰਮੀ ਗਾਰ ਨੂੰ ਕਾਰ-ਸੇਵਾ ਦੁਆਰਾ ਬਾਹਰ ਕਢਵਾਇਆ ਤੇ ਸਰੋਵਰ ਦੀ ਸੰਗਤਾਂ ਨੇ ਮਿਲ ਕੇ ਸਫਾਈ ਕੀਤੀ ਤੇ ਖੂਹਾਂ ਦੇ ਜਲ ਨਾਲ (ਸਰੋਵਰ) ਨੂੰ ਲਬਾ-ਲਬ ਭਰ ਦਿੱਤਾ।

ਇਸ ਤੋਂ ਬਾਅਦ ੧੭੫੨ ਈਸਵੀ ਦੇ ਅਖੀਰ ਤੇ ੧੭੫੩ ਈਸਵੀ ਦੇ ਆਰੰਭ ਵਿੱਚ ਜਦ ਸਿੱਖੀ ਦਾ ਸੋਮਾ ਸੁਕਾਉਣ ਲਈ ਮੀਰ ਮੰਨੂੰ ਸੂਬਾ ਲਾਹੌਰ ਨੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ ਤਾਂ ਉਸੇ ਹੀ ਸਾਲ ਸਿੰਘਾਂ ਨੇ ਦੀਵਾਲੀ ਦੇ ਸਮੇਂ ਅੰਮ੍ਰਿਤਸਰ ਅੱਪੜ ਕੇ ਫਿਰ ਉਨ੍ਹਾਂ ਹੀ ਮੁਸਲਮਾਨਾਂ ਪਾਸੋਂ ਉਨ੍ਹਾਂ ਹੀ ਹੱਥਾਂ ਨਾਲ ਸਰੋਵਰ ਦੀ ਸਫਾਈ ਕਰਵਾਈ ਜਿਨ੍ਹਾਂ ਹੱਥਾਂ ਨਾਲ ਉਨ੍ਹਾਂ ਪਹਿਲਾਂ ਮਿੱਟੀ ਭਰੀ ਸੀ।

੧੭੫੭ ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਸੂਬਾ ਲਾਹੌਰ ਨੇ ਇਸ ਗੱਲੋਂ ਖਿਝ ਕੇ ਕਿ ਅਹਿਮਦ ਸ਼ਾਹ ਜੋ ਮਾਲ ਦਿੱਲੀ ਤੋਂ ਲੁੱਟ ਕੇ ਲਿਆਇਆ ਸੀ, ਸਿੰਘਾਂ ਨੇ ਰਸਤੇ ਵਿੱਚ ਹੀ ਖੋਹ ਲਿਆ ਤੇ ਹਿੰਦੂ ਲੜਕੀਆਂ ਖੋਹ ਕੇ ਘਰੋ-ਘਰ ਪੁਚਾ ਦਿੱਤੀਆਂ। ਸ੍ਰੀ ਹਰਿਮੰਦਰ ਸਾਹਿਬ ਦੀ ਬੇ-ਅਦਬੀ ਕੀਤੀ। ਇਮਾਰਤ ਨੂੰ ਨੁਕਸਾਨ ਪੁਚਾਇਆ ਤੇ ਸਰੋਵਰ ਮਿੱਟੀ ਨਾਲ ਭਰ ਦਿੱਤਾ। ਇਸ ਬੇ-ਅਦਬੀ ਨੂੰ ਦੂਰ ਕਰਵਾਉਣ ਲਈ ਬਾਬਾ ਦੀਪ ਸਿੰਘ ਜੀ ਨਵੰਬਰ ੧੭੫੭ ਈਸਵੀ ਵਿੱਚ ਭਾਰੀ ਜੰਗ ਕਰਦਿਆਂ ਸਾਥੀਆਂ ਸਮੇਤ ਸ਼ਹੀਦ ਹੋ ਗਏ। ਅਪ੍ਰੈਲ ੧੭੫੮ ਈਸਵੀ ਨੂੰ ਸਿੰਘ ਤੈਮੂਰ ਸ਼ਾਹ ਤੇ ਜਹਾਨ ਖ਼ਾਨ ਨੂੰ ਹਾਰ ਦੇ ਕੇ ਦੁਰਾਨੀਆਂ ਦੇ ਸਿਪਾਹੀਆਂ ਨੂੰ ਪਕੜ ਲਿਆਏ ਤੇ ਉਨ੍ਹਾਂ ਪਾਸੋਂ ਹੀ ਸਰੋਵਰ ਦੀ ਮਿੱਟੀ ਬਾਹਰ ਕਢਵਾਈ।

੫ ਫਰਵਰੀ ੧੭੬੨ ਈ: ਨੂੰ ਕੁੱਪ-ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਵਾਪਸ ਲਾਹੌਰ ਜਾਂਦਿਆਂ ਸਿੱਖਾਂ ਉੱਪਰ ਖਿਝੇ ਹੋਏ ਨੇ ਸਿੱਖਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਲਾਅ ਮਿੱਟੀ ਨਾਲ ਭਰਵਾ ਦਿੱਤਾ ਅਤੇ ੧੦ ਅਪ੍ਰੈਲ ੧੭੬੨ ਈ: (੧੮੧੯ ਬਿ:) ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਨੂੰ ਹੀ ਉਡਵਾ ਦਿੱਤਾ। ਇਸ ਮੌਕੇ ਇਕ ਇੱਟ ਉਸ ਦੇ ਵੀ ਨੱਕ ਉੱਤੇ ਲੱਗੀ ਜਿਸ ਕਰ ਕੇ ਉਮਰ ਭਰ ਨਾਸੂਰ ਵਗਦਾ ਰਿਹਾ ਤੇ ਇਸੇ ਰੋਗ ਕਰ ਕੇ ਉਸ ਦੀ ਅੰਤ ਨੂੰ ਮੌਤ ਹੋਈ।

੧੭ ਅਕਤੂਬਰ ੧੭੬੨ ਈ: ਦੀ ਦੀਵਾਲੀ ਨੂੰ ੬੦ ਹਜ਼ਾਰ ਸਿੰਘ ਦੀਵਾਲੀ 'ਤੇ ਇਕੱਠਾ ਹੋ ਗਿਆ। ਸਰੋਵਰ ਦੀ ਕਾਰ ਸੇਵਾ ਸਿੰਘਾਂ ਨੇ ਆਪਣੇ ਹੱਥੀਂ ਕੀਤੀ ਤੇ ਸੰਗਤਾਂ ਪਾਸੋਂ ਕਰਵਾਈ। ਅਕਤੂਬਰ ੧੭੬੪ ਈ: (੧੮੨੧ ਬਿ:) ਵਿੱਚ ਸ: ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨਵੇਂ ਸਿਰਿਓਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਾ ਕੇ ਤੇ ਸੱਤ ਲੱਖ ਰੁਪਏ ਦਾ ਫ਼ੰਡ ਇਕੱਠਾ ਕਰ ਕੇ ਭਾਈ ਦੇਸ ਰਾਜ ਸੁਰ ਸਿੰਘ ਵਾਲਿਆਂ ਦੇ ਸਪੁਰਦ ਕੀਤਾ ਤੇ ਉਨ੍ਹਾਂ ਦੀ ਰਾਹੀਂ ਇਸ ਪਾਵਨ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਨੂੰ ਦੁਬਾਰਾ ਤਿਆਰ ਕਰਵਾਇਆ।

*(ਦੇਖੋ ਅਹਿਮਦ ਸ਼ਾਹ ਦੁਰਾਨੀ (ਅੰਗਰੇਜ਼ੀ ) ਗੰਡਾ ਸਿੰਘ)*

ਪ੍ਰੋ: ਪਿਆਰਾ ਸਿੰਘ ਪਦਮ ਲਿਖਤ 'ਸੰਖੇਪ ਸਿੱਖ ਇਤਿਹਾਸ' ਅਨੁਸਾਰ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ੧੭੩੪ ਈਸਵੀ ਤੋਂ ੧੭੪੭ ਈਸਵੀ ਤੱਕ ਬਾਰਾਂ ਤੇਰਾਂ ਸਾਲ ਅੰਮ੍ਰਿਤਸਰ ਸ਼ਹਿਰ 'ਤੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਤੁਰਕਾਂ ਦੀ ਸਰਕਾਰ ਦਾ ਕਬਜ਼ਾ ਰਿਹਾ। ੧੭੪੭ ਈਸਵੀ ਦੀ ਵੈਸਾਖੀ ਦਾ ਜੋੜ ਮੇਲਾ ਸਿੰਘਾਂ ਨੇ ਧੂਮ-ਧਾਮ ਨਾਲ ਮਨਾਇਆ। ਇਸੇ ਤਰ੍ਹਾਂ

੧੭੫੮ ਈਸਵੀ ਤੇ ੧੭੬੦ ਈਸਵੀ ਦੀਆਂ ਦੀਵਾਲੀਆਂ ਵੀ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਵਿੱਚ ਮਨਾਈਆਂ। ਇਸ ਤਰ੍ਹਾਂ ਕੁਝ ਸਮਾਂ ਤਾਂ ਸਰਕਾਰ ਦਾ ਪੱਕਾ ਕਬਜ਼ਾ ਰਿਹਾ ਜਦ ਸਿੰਘ ਅੰਦਰ ਜਾ ਨਹੀਂ ਸਨ ਸਕਦੇ। ਉਸ ਤੋਂ ਬਾਅਦ ਕਦੇ ਸਰਕਾਰ ਦਾ ਕਬਜ਼ਾ ਤੇ ਕਦੇ ਸਿੰਘਾਂ ਦਾ ਕਬਜ਼ਾ ਹੋ ਜਾਂਦਾ ਰਿਹਾ। ਇਸ ਉਪ੍ਰੋਕਤ ਸਾਰੇ ਸਮੇਂ ਵਿੱਚ ੧੭੩੪ ਈ: ਤੋਂ ੧੭੬੪ ਈ: ਤਕ ਲੱਗ-ਪਗ ਪੂਰੇ ਤੀਹ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਜਾਂ ਮੁੱਖ-ਗ੍ਰੰਥੀ ਦੀ ਸੇਵਾ ਕੌਣ ਨਿਭਾਉਂਦਾ ਰਿਹਾ ? ਇਸ ਬਾਰੇ ਇਤਿਹਾਸ ਚੁੱਪ ਹੈ। 'ਸਿਰਫ ਭਾਈ ਮਨੀ ਸਿੰਘ ਜੀ ਤੋਂ ਬਾਅਦ ਭਾਈ ਗੋਪਾਲ ਦਾਸ ਉਦਾਸੀ ਦਾ ਜ਼ਿਕਰ ਆਉਂਦਾ ਹੈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਡਿਊਟੀ ਨਿਭਾਉਂਦਾ ਰਿਹਾ। ਹੋ ਸਕਦਾ ਹੈ ਕਿ ਜੰਗਾਂ ਜੁੱਧਾਂ ਦਾ ਸਮਾਂ ਪਛਾਣ ਕੇ ਸਿੰਘਾਂ ਵੱਲੋਂ ਭਾਈ ਗੋਪਾਲ ਦਾਸ ਨੂੰ ਨੀਯਤ ਕੀਤਾ ਹੋਵੇ ਜਾਂ ਹੋ ਸਕਦਾ ਕਿ ਪਹਿਲਾਂ ਕੋਈ ਹੋਰ ਉਦਾਸੀ ਸੰਤ ਇਹ ਸੇਵਾ ਕਰਦਾ ਰਿਹਾ ਹੋਵੇ ਤੇ ਬਾਅਦ ਵਿੱਚ ਭਾਈ ਗੋਪਾਲ ਦਾਸ ਨੂੰ ਇਹ ਸੇਵਾ ਸੌਂਪੀ ਗਈ ਹੋਵੇ।

## ੩. ਭਾਈ ਸਾਹਿਬ ਭਾਈ ਗੋਪਾਲ ਦਾਸ ਜੀ ਮੁੱਖ ਗ੍ਰੰਥੀ

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਜਦ ਸਮੇਂ ਦੀ ਸਰਕਾਰ ਕਿਸੇ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਟਿਕਣ ਨਹੀਂ ਸੀ ਦੇਂਦੀ ਉਸ ਹਲਚਲੀ ਦੇ ਭਿਆਨਕ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਲਈ, ਮੁੱਖ ਗ੍ਰੰਥੀ ਦੀ ਪਦਵੀ ਲਈ ਯੋਗ ਵਿਦਵਾਨ ਸੱਜਣ ਦੀ ਭਾਲ ਕੀਤੀ ਗਈ, ਤਾਂ ਇਸ ਗੜਬੜੀ ਦੇ ਸਮੇਂ ਲਈ ਜਦ ਕਿ ਸਿੰਘ ਜੰਗਲਾਂ ਪਹਾੜਾਂ ਵਿੱਚ ਦਿਨ-ਕਟੀ ਕਰਦੇ ਸਨ। ਤੁਰਕਾਂ ਤੇ ਸਿੰਘਾਂ ਦੇ ਜੰਗ-ਜੁੱਧ ਲੱਗੇ ਰਹਿੰਦੇ ਸਨ, ਇਕ ਯੋਗ ਤੇ ਵਿਦਵਾਨ ਸੱਜਣ ਭਾਈ ਗੋਪਾਲ ਦਾਸ ਉਦਾਸੀ ਨੂੰ ਪੰਥ ਵੱਲੋਂ ਇਸ ਸੇਵਾ ਲਈ ਚੁਣਿਆ ਗਿਆ। ਇਨ੍ਹਾਂ ਦਾ ਜਨਮ ਨਗਰ ਪਿੰਡ ਜੱਸੋਵਾਲ. ਜ਼ਿਲ੍ਹਾ ਲੁਧਿਆਣਾ ਸੀ। ਇਹ ਕਾਫੀ ਅਰਸੇ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮੁੱਖ ਗ੍ਰੰਥੀ ਦੀ ਡਿਊਟੀ ਨਿਭਾਉਂਦੇ ਰਹੇ। ਉਦੋਂ ਸ੍ਰੀ ਦਰਬਾਰ ਸਾਹਿਬ ਦਾ ਸਾਰੇ ਦਾ ਸਾਰਾ ਪ੍ਰਬੰਧ ਮੁੱਖ ਗ੍ਰੰਥੀ ਪਾਸ ਹੀ ਹੁੰਦਾ ਸੀ। ਜੋ ਚੜ੍ਹਾਵਾ ਚੜ੍ਹਦਾ, ਉਸ ਵਿੱਚੋਂ ਗੁਰੂ-ਘਰ ਦੇ ਜ਼ਰੂਰੀ ਖਰਚਾ ਤੋਂ ਬਚਦੀ ਮਾਇਆ ਗੁਰੂ ਕੇ ਲੰਗਰ ਤੇ ਗਰੀਬਾਂ ਜਾਂ ਫਕੀਰਾਂ ਨੂੰ ਵੰਡ ਦਿੱਤੀ ਜਾਂਦੀ ਸੀ।

ਕੁਝ ਸਮਾਂ ਤਾਂ ਭਾਈ ਗੋਪਾਲ ਦਾਸ ਜੀ ਗੁਰੂ-ਘਰ ਦੀ ਟਹਿਲ ਯੋਗ-ਢੰਗ ਨਾਲ ਨਿਭਾਉਂਦੇ ਰਹੇ। ਪਰ ਬਾਅਦ ਵਿੱਚ ਚੜ੍ਹਤ ਦੀ ਮਾਇਆ ਯੋਗ ਥਾਵਾਂ 'ਤੇ ਖਰਚਣ ਦੀ ਬਜਾਏ ਵਧੇਰੇ ਕਰ ਕੇ ਜਾਤੀ ਮਕਸਦਾਂ ਲਈ ਵਰਤਣ ਲੱਗ ਪਏ ਅਤੇ ਸੇਵਾ ਵਿੱਚ ਸਮਾਂ ਵੀ ਘਟ ਦਿੰਦੇ, ਜ਼ਿਆਦਾ ਤਰ ਆਪਣੇ ਪਿੰਡ ਜਸੋਵਾਲ ਰਹਿਣ ਲੱਗ ਪਏ। ਪਿੱਛੇ ਕੁਝ ਸੇਵਾਦਾਰ ਜਾਂ ਸਾਧੂ ਫਕੀਰਾਂ ਨੂੰ ਸੇਵਾ ਲਈ ਛੱਡ ਜਾਂਦੇ। ਜਿਸ ਦਾ ਨਤੀਜਾ ਇਹ ਹੋਇਆ ਕਿ ਪੰਥ ਦੇ ਮੁਖੀਆਂ ਨੇ ਇਕੱਠੇ ਹੋ ਕੇ ਸਾਂਝਾ ਗੁਰਮਤਾ ਕਰ ਕੇ ਭਾਈ ਗੋਪਾਲ ਦਾਸ ਜੀ ਨੂੰ ਮੁੱਖ ਗ੍ਰੰਥੀ ਦੀ ਮਹਾਨ ਪਦਵੀ ਤੋਂ ਵਿਹਲਿਆਂ ਕਰ ਦਿੱਤਾ ਤੇ ਕਿਸੇ ਯੋਗ ਸੱਜਣ ਦੀ ਟੋਲ-ਭਾਲ ਸ਼ੁਰੂ ਕਰ ਦਿੱਤੀ।

## ੪- ਭਾਈ ਸਾਹਿਬ ਭਾਈ ਚੰਚਲ ਸਿੰਘ ਜੀ ਮੁੱਖ ਗ੍ਰੰਥੀ

ਭਾਈ ਗੋਪਾਲ ਦਾਸ ਜੀ ਨੂੰ ਸੇਵਾ ਤੋਂ ਵਿਹਲਿਆਂ ਕਰਨ ਤੋਂ ਬਾਅਦ ਪੰਥ ਦੇ ਮੁਖੀ ਸੇਵਕਾਂ ਨੇ ਘੋਖ-ਪੜਤਾਲ ਕਰ ਕੇ ਭਾਈ ਸਾਹਿਬ ਭਾਈ ਚੰਚਲ ਸਿੰਘ ਜੀ (ਜੋ ਬੜੇ ਭਜਨੀਕ,

ਵਿਦਵਾਨ ਤੇ ਪਵਿੱਤਰ ਆਤਮਾ ਸਨ) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਪਦਵੀ 'ਤੇ ਥਾਪ ਦਿੱਤਾ । ਜਿਸ ਦਿਨ ਭਾਈ ਚੰਚਲ ਸਿੰਘ ਜੀ ਨੂੰ ਮੁੱਖ ਗ੍ਰੰਥੀ ਨੀਯਤ ਕੀਤਾ ਗਿਆ ਉਸ ਦਿਨ ਤੋਂ ਇਹ ਤਰੀਕਾ ਮੁਕਰੱਰ ਸੀ ਕਿ ਜੋ ਸ਼ਖਸ ਸ਼ਾਦੀ ਨਾ ਕਰੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ ਦੀ ਸੇਵਾ ਕਰੇ, ਭਾਵ ਗੱਦੀ-ਨਸ਼ੀਨ ਹੋਵੇ ।

> *ਨਵਾਂ ਗ੍ਰੰਥੀ ਸਿੰਘ ਮੁਕਰੱਰ ਕਰਨ ਲਈ ਇਹ ਮਰਯਾਦਾ ਸੀ ਕਿ- ਪੰਜ ਗੁਰਦੁਆਰਿਆਂ ਦੇ ਮੁਖੀਆਂ ਭਾਵ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਝੰਡਾ ਬੁੰਗਾ, ਗੁਰਦੁਆਰਾ ਬਾਬਾ ਅਟੱਲ ਤੇ ਗੁਰਦੁਆਰਾ ਸ਼ਹੀਦ ਬੁੰਗਾ ਦੇ ਪੁਜਾਰੀਆਂ, ਸ਼ਹਿਰ ਅੰਮ੍ਰਿਤਸਰ ਦੇ ਮੁਖੀ ਰਈਸਾਂ ਤੇ ਸ਼ਹਿਰ ਦੀ ਸੰਗਤ ਮਿਲ ਕੇ ਸਰਬ-ਸੰਮਤੀ ਨਾਲ ਫੈਸਲਾ ਕਰਦੀ ਸੀ । ਬਾਪ-ਬੇਟਾ ਤੇ ਗੁਰੂ-ਚੇਲਾ ਦਾ ਰਿਵਾਜ਼ ਨਹੀਂ ਸੀ ।*
>
> *(ਦੇਖੋ ਤ੍ਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ ਪੰਨਾ ੪੧-੪੨)*

ਭਾਈ ਚੰਚਲ ਸਿੰਘ ਜੀ ਸਿੱਖ ਕੌਮ-ਅੰਦਰ ਸਰਵੋਤਮ ਪਦਵੀ 'ਤੇ ਬਿਰਾਜਮਾਨ ਹੋਣ ਦੇ ਬਾਵਜੂਦ ਸੰਗਤਾਂ ਦੀ ਹੱਥੀਂ ਸੇਵਾ ਕਰਦੇ ਰਹਿੰਦੇ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਭੇਟਾ-ਪੂਜਾ ਤੇ ਨਜ਼ਰਾਨੇ ਵਿੱਚੋਂ ਹਮੇਸ਼ਾਂ ਗਰੀਬਾਂ ਦੀ ਮਦਦ ਕਰਦੇ । ਹਰ ਇਕ ਭੁੱਖੇ ਨੰਗੇ ਨੂੰ ਰੋਟੀ ਕਪੜਾ ਜ਼ਰੂਰ ਦੇਂਦੇ, ਜਦ ਆਪ ਕਾਫ਼ੀ ਬਿਰਧ ਹੋ ਗਏ ਤੇ ਇਕੱਲੇ ਬਹੁਤ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ 'ਚ ਤਕਲੀਫ਼ ਮਹਿਸੂਸ ਕਰਨ ਲੱਗੇ ਤਾਂ ਸੇਵਾ-ਸੰਭਾਲ 'ਚ ਆਪਣੀ ਸਹਾਇਤਾ ਲਈ ਪੰਥ ਤੋਂ ਆਗਿਆ ਲੈ ਕੇ ਆਪਣੇ ਵਿਦਿਆਰਥੀ ਸੇਵਕਾਂ ਵਿੱਚੋਂ ਦੋ ਯੋਗ ਸੱਜਣਾਂ ਨੂੰ ਗ੍ਰੰਥੀ ਨੀਯਤ ਕਰ ਦਿੱਤਾ । ਇਹ ਸਨ, ਭਾਈ ਆਤਮਾ ਸਿੰਘ ਜੀ ਪਸ਼ੌਰੀ ਤੇ ਭਾਈ ਗੋਪਾਲ ਸਿੰਘ ਜੀ, ਜਿਨ੍ਹਾਂ ਨੇ ਭਾਈ ਚੰਚਲ ਸਿੰਘ ਜੀ ਪਾਸੋਂ ਹੀ ਗੁਰਮਤਿ ਵਿੱਦਿਆ ਅਤੇ ਸਿੱਖੀ ਜੀਵਨ ਦੀ ਸਿੱਖਿਆ, ਪੂਰੀ ਤਰਾਂ ਸਿੱਖੀ ਹੋਈ ਸੀ । ਇਹ ਦੋਵੇਂ ਸੱਜਣ ਵੀ ਬੜੇ ਨਿਰਚਾਹ ਪੁਰਖ ਸਨ । ਜਿਨ੍ਹਾਂ ਨੂੰ ਜੋ ਭੇਟਾ-ਪੂਜਾ ਜਾਂ ਨਜ਼ਰਾਨਾ ਮਿਲਦਾ, ਉਹ ਸਾਰੀ ਦੀ ਸਾਰੀ ਮਾਇਆ ਭਾਈ ਚੰਚਲ ਸਿੰਘ ਜੀ ਦੇ ਅੱਗੇ ਲਿਆ ਰੱਖਦੇ, ਅੱਗੋਂ ਉਹ ਵੀ ਬੜੇ ਨਿਸ਼ਕਾਮ, ਉੱਚੇ ਜੀਵਨ ਦੇ ਮਾਲਕ ਤੇ ਨਿਰਿਛੱਤ ਪੁਰਸ਼ ਸਨ । ਜਿਸ ਕਰ ਕੇ ਉਹ ਆਪਣੀ ਆਮਦਨ ਦੀ ਮਾਇਆ ਵਿੱਚੋਂ ਵੀ ਲੋੜ ਅਨੁਸਾਰ ਜਾਂ ਕਈ ਵਾਰ ਇਕ ਮੁੱਠੀ ਭਰ ਚੁੱਕ ਲੈਂਦਾ ਤੇ ਬਾਕੀ ਆਪਣੀ ਉਨ੍ਹਾਂ ਦੋਹਾਂ ਦੀ ਸਾਰੀ ਮਾਇਆ ਉਨ੍ਹਾਂ ਦੋਹਾਂ ਗ੍ਰੰਥੀ ਸਿੰਘਾਂ ਨੂੰ ਵੰਡ ਦੇਂਦੇ ਭਾਵੇਂ ਉਹ ਮਾਇਆ ਕਿੰਨੀ ਵੀ ਹੁੰਦੀ । ਅੱਗੋਂ ਉਹ ਦੋਨੋਂ ਗ੍ਰੰਥੀ ਸਿੰਘ ਆਪਣੀਆਂ ਜ਼ਰੂਰੀ ਲੋੜਾਂ ਤੋਂ ਬਚਿਆ ਸਰਮਾਇਆ ਲੰਗਰ, ਪੰਥਕ ਭਲਾਈ, ਗੁਰਮਤਿ ਵਿੱਦਿਆ, ਗੁਰਮਤਿ ਪ੍ਰਚਾਰ ਤੇ ਸਾਧੂਆਂ ਦੀ ਸੇਵਾ ਵਿੱਚ ਖ਼ਰਚ ਕਰ ਦੇਂਦੇ । ਪਰ ਸਰਕਾਰ ਅੰਗਰੇਜ਼ੀ ਦੇ ਆ ਜਾਣ 'ਤੇ ਜਦ ਗ੍ਰੰਥੀ ਸਿੰਘਾਂ ਵਿੱਚ ਪੂਜਾ ਆਦਿ ਸਬੰਧੀ ਝਗੜੇ ਹੋਣ ਲੱਗੇ ਤਾਂ ਸੰ: ੧੯੧੯ ਬਿ: ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰ: ਸ਼ਮਸ਼ੇਰ ਸਿੰਘ ਸੰਧਾਵਾਲੀਏ ਤੇ ਰਾਜਾ ਤੇਜ ਸਿੰਘ ਨੇ ਫ਼ੈਸਲਾ ਕੀਤਾ ਕਿ ਜੋ ਆਮਦਨੀ ਜਿਸ ਗ੍ਰੰਥੀ ਦੇ ਸਮੇਂ ਵਿੱਚ ਹੋਵੇ ਉਸ ਦਾ ਉਹੀ ਗ੍ਰੰਥੀ ਮਾਲਕ ਹੋਵੇਗਾ । ਸ਼੍ਰੋਮਣੀ ਕਮੇਟੀ ਦੇ ਆਉਣ ਤੱਕ ਇਹ ਕਾਇਦਾ ਚਲਦਾ ਰਿਹਾ ।

ਇਹ ਵੀ ਜ਼ਿਕਰ ਆਉਂਦਾ ਹੈ ਕਿ ਜਦ ਤੱਕ ਮਾਤਾ ਸੁੰਦਰੀ ਜੀ ਜੀਉਂਦੇ ਰਹੇ ਤਦ ਤੱਕ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਦਾ ਚੌਥਾ ਹਿੱਸਾ ਮਾਤਾ ਜੀ ਪਾਸ ਦਿੱਲੀ ਪਹੁੰਚਾਇਆ ਜਾਂਦਾ ਰਿਹਾ । ਇਹ ਪਰੰਪਰਾ ਭਾਈ ਮਨੀ ਸਿੰਘ ਜੀ ਵੇਲੇ ਤੋਂ ਹੀ ਪ੍ਰਚਲਤ ਸੀ ਤੇ ਮਾਤਾ ਜੀ ਦੇ ਸ਼ਰੀਰ ਤਿਆਗਣ ਤੱਕ ਚਲਦੀ ਰਹੀ ।

ਦੋ ਹੋਰ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਤੋਂ ਬਾਅਦ ਭਾਈ ਚੰਚਲ ਸਿੰਘ ਜੀ ਨੂੰ ਵੱਡੇ ਗ੍ਰੰਥੀ ਸਾਹਿਬ ਤੇ ਦੂਜੇ ਦੋਹਾਂ ਨੂੰ ਛੋਟੇ ਗ੍ਰੰਥੀ ਸਾਹਿਬ ਕਹਿਣ ਲੱਗ ਪਏ । ਇਸੇ ਲਈ ਉਰਦੂ ਦੀਆਂ ਕਿਤਾਬਾਂ ਵਿੱਚ ਵੱਡੇ ਗ੍ਰੰਥੀ ਸਾਹਿਬ ਨੂੰ ਗ੍ਰੰਥੀ ਕਲਾਂ ਲਿਖਿਆ ਮਿਲਦਾ ਹੈ ਜੋ ਅੰਗਰੇਜ਼ੀ ਜ਼ਬਾਨ ਦੇ ਆ ਜਾਣ 'ਤੇ ਬਦਲ ਕੇ ਹੈੱਡ ਗ੍ਰੰਥੀ ਬਣ ਗਿਆ ਹੈ । ਉਂਜ ਬਾਬਾ ਬੁੱਢਾ ਜੀ ਤੋਂ ਲੈ ਕੇ ਭਾਈ ਚੰਚਲ ਸਿੰਘ ਜੀ ਤੱਕ ਪੁਸਤਕਾਂ ਵਿੱਚ ਸਾਰਿਆਂ ਨੂੰ ਗ੍ਰੰਥੀ ਹੀ ਲਿਖਿਆ ਹੈ, ਭਾਵੇਂ ਕਿ ਉਪ੍ਰੋਕਤ ਗ੍ਰੰਥੀ ਸਿੰਘਾਂ ਦੇ ਸਮੇਂ ਵੀ ਉਨ੍ਹਾਂ ਦੀ ਮੌਜੂਦਗੀ ਵਿੱਚ ਕੋਈ ਨਾ ਕੋਈ ਸੱਜਣ ਜ਼ਰੂਰ ਸੇਵਾ ਕਰਦਾ ਰਿਹਾ ਹੋਵੇਗਾ, ਪਰ ਉਨ੍ਹਾਂ ਦੇ ਨਾਮਾਂ ਦਾ ਜ਼ਿਕਰ ਨਹੀਂ ਆਇਆ । ਸਿਰਫ ਬਾਬਾ ਬੁੱਢਾ ਜੀ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨਾਂ ਹਿਤ ਗਵਾਲੀਅਰ ਜਾਣ ਸਮੇਂ, ਬਾਅਦ ਵਿੱਚ ਉਨ੍ਹਾਂ ਦੇ ਚਾਚੇ ਦੇ ਪੁੱਤਰ ਭਾਈ ਪਿਆਰਾ ਜੀ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ ।

*(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼, ਪੰਨਾ ੧, ਸੰਪਾਦਕ ਸ: ਰਣਧੀਰ ਸਿੰਘ)*

ਭਾਈ ਚੰਚਲ ਸਿੰਘ ਜੀ ਦੇ ਸਮੇਂ ਪੱਕੇ ਤੌਰ 'ਤੇ ਦੋ ਹੋਰ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਤੋਂ ਬਾਅਦ ਤਾਂ ਗ੍ਰੰਥੀ ਸਿੰਘਾਂ ਦੀਆਂ ਤਿੰਨ ਸ਼ਾਖਾਂ ਚਲ ਪਈਆਂ, ਚੂੰਕਿ ਬਾਬਾ ਜੀ ਤੋਂ ਭਾਈ ਚੰਚਲ ਸਿੰਘ ਜੀ ਤੱਕ ਇਕੋ ਹੀ ਗ੍ਰੰਥੀ ਸਿੰਘ ਰਹੇ ਹਨ, ਪਰ ਵਿਦਵਾਨਾਂ ਦੇ ਅਨੁਮਾਨ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਅੰਦਰਲੇ ਪ੍ਰਬੰਧ ਤੇ ਆਮਦਨ ਖ਼ਰਚ ਦੇ ਭਾਵੇਂ ਉਹ ਇਕੱਲੇ ਹੀ ਮਾਲਕ ਹੁੰਦੇ ਸਨ, ਪਰ ਆਪਣੀ ਗੈਰ ਮੌਜੂਦਗੀ ਸਮੇਂ ਉਹ ਕਿਸੇ ਸਿੱਖ ਨੂੰ ਵੀ ਗ੍ਰੰਥੀ ਦੀ ਡਿਊਟੀ ਕਰਨ ਲਈ ਹੁਕਮ ਕਰ ਜਾਂਦੇ ਹੋਣਗੇ, ਕਿਉਂਕਿ ਬੀਮਾਰੀ, ਯਾਤਰਾ ਤੇ ਹੋਰ ਘਰੋਗੀ ਤੇ ਪੰਥਕ ਕੰਮਾਂ 'ਤੇ ਬਾਹਰ ਜਾਣ ਸਮੇਂ ਸੇਵਾ ਹਿਤ ਗ੍ਰੰਥੀ ਸਿੰਘ ਦਾ ਹੋਣਾ ਬੜਾ ਹੀ ਲਾਜ਼ਮੀ ਸੀ, ਇਸ ਲਈ ਉਹ ਵੀ ਆਪਣੇ ਸਮੇਂ ਦੇ ਮੁੱਖ ਗ੍ਰੰਥੀ ਹੀ ਸਨ । [illegible] ਜੀ ਕਿਨ੍ਹਾਂ ਸਾਰੇ ਗੁਰਮੁਖਾਂ ਨੂੰ ਮੁੱਖ ਗ੍ਰੰਥੀ ਸ਼੍ਰੇਣੀ ਵਿੱਚ ਹੀ ਗਿਣਿਆ ਹੈ ।

## ੫- ਭਾਈ ਸਾਹਿਬ ਭਾਈ ਆਤਮਾ ਸਿੰਘ ਜੀ ਮੁੱਖ ਗ੍ਰੰਥੀ

ਇਨ੍ਹਾਂ ਬਾਰੇ ਲਿਖਤਾਂ ਵਿੱਚ ਵਧੇਰੇ ਵਿਸਥਾਰ ਨਹੀਂ ਮਿਲਦਾ, ਸਿਰਫ਼ ਏਨਾ ਹੀ ਲਿਖਿਆ ਮਿਲਦਾ ਹੈ ਕਿ ਇਹ ਭਾਈ ਚੰਚਲ ਸਿੰਘ ਜੀ ਦੇ ਵਿਦਿਆਰਥੀ ਤੇ ਸੇਵਕ ਸਨ । ਚੰਗੀ ਨਿਰਮਲ ਆਤਮਾ, ਗੁਰਮਤਿ ਦੇ ਵਿਦਵਾਨ ਤੇ ਹੋਰ ਦੈਵੀ ਗੁਣਾਂ ਦੇ ਮਾਲਕ ਹੋਣ ਦੇ ਨਾਤੇ ਭਾਈ ਚੰਚਲ ਸਿੰਘ ਜੀ ਨੇ ਇਨ੍ਹਾਂ ਨੂੰ ਇਸ ਮਹਾਨ ਪਦਵੀ ਦੇ ਯੋਗ ਸਮਝ ਕੇ ਪਹਿਲਾਂ ਗ੍ਰੰਥੀ ਤੇ ਫਿਰ ਆਪਣੇ ਦੇਹਾਂਤ ਤੋਂ ਪਹਿਲਾਂ ਮੁੱਖ ਗ੍ਰੰਥੀ ਥਾਪ ਦਿੱਤਾ ਸੀ । ਇਨ੍ਹਾਂ ਦੇ ਸਮੇਂ ਭਾਈ ਮੱਖਣ ਸਿੰਘ ਜੀ ਅਤੇ ਭਾਈ ਗੋਪਾਲ ਸਿੰਘ ਜੀ ਗ੍ਰੰਥੀ ਰਹੇ ।

ਤਵਾਰੀਖ ਦਰਬਾਰ ਸਾਹਿਬ ਯਾਨੀ ਹਰਿਮੰਦਰ ਵਾਕਿਆ ਅੰਮ੍ਰਿਤਸਰ ਸ਼ਹਿਰ ਅੰਮ੍ਰਿਤਸਰ ਉਰਦੂ ਵਿੱਚ ਭਾਈ ਆਤਮਾ ਸਿੰਘ ਮੁੱਖ ਗ੍ਰੰਥੀ ਦੇ ਨਾਲ ਜੋ ਦੋ ਗ੍ਰੰਥੀ ਸਿੰਘ ਸਨ ਉਨ੍ਹਾਂ ਦੇ ਨਾਮ ਭਾਈ ਦਿਆਲ ਸਿੰਘ ਤੇ ਭਾਈ ਜੋਧ ਸਿੰਘ ਲਿਖੇ ਹਨ । ਨਾਲ ਹੀ ਲਿਖਿਆ ਹੈ ਕਿ ਤਿੰਨੇ ਗ੍ਰੰਥੀ

ਸਿੰਘ ਵਾਰੀ ਵਾਰੀ ਖੜ੍ਹੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਚੌਰ ਝੁਲਾਉਂਦੇ ਸਨ ਬੈਠਣ ਦਾ ਹੁਕਮ ਨਹੀਂ ਸੀ। ਸਿਰਫ ਮੁੱਖ ਗ੍ਰੰਥੀ ਸਾਹਿਬ ਹੀ ਦੋਨੋਂ ਸਮੇਂ ਵਾਕ ਸੰਗਤਾਂ ਨੂੰ ਸੁਣਾਂਦਾ ਸੀ।

*(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਮਾਖਜ਼ ਉਰਦੂ, ਪੰਨਾ ੪੨)*

ਭਾਈ ਆਤਮਾ ਸਿੰਘ ਜੀ ਦੇ ਨਾਮ ਸੋਲ੍ਹਾਂ ਹਜ਼ਾਰ ਰੁਪਏ ਦੀ ਜਾਇਦਾਦ ਸੀ। ਜਿਸ ਵਿੱਚੋਂ ਸਤਾਰਾਂ ਆਦਮੀ ਗੁਜ਼ਾਰਾ ਲੈਂਦੇ ਸਨ। ਭਾਈ ਜੱਸਾ ਸਿੰਘ ਦੇ ਚਲਾਣੇ ਤੋਂ ਬਾਅਦ ਜ਼ਬਤ ਹੋ ਕੇ ਕੇਵਲ ੭੫੦/- ਦੀ ਜਵਾਹਰ ਸਿੰਘ ਦੇ ਨਾਮ ੫੦੦/- ਦੀ ਮੱਖਣ ਸਿੰਘ ਦੀ ਉਲਾਦ ਕੋਲ ਅਤੇ ੪੦੦/- ਦੀ ਜਾਇਦਾਦ ਹੀਰਾ ਸਿੰਘ ਦੇ ਪਾਸ ਬਾਕੀ ਰਹੀ। ਤਵਾਰੀਖ ਅੰਮ੍ਰਿਤਸਰ ਦੇ ਪੰਨਾ ੩੭ ਉੱਪਰ ਗਿ: ਗਿਆਨ ਸਿੰਘ ਜੀ ਅੱਗੇ ਲਿਖਦੇ ਹਨ ਕਿ ਉਪ੍ਰੋਕਤ ਗ੍ਰੰਥੀ ਆਪਣੀਆਂ ਜਾਗੀਰਾਂ ਅਤੇ ਪੂਜਾ ਦੀ ਆਮਦਨ ਵਿੱਚੋਂ ਲੋੜਵੰਦ ਗਰੀਬਾਂ ਨੂੰ ਰੋਟੀ ਕੱਪੜਾ ਦਿਆ ਕਰਦੇ ਸਨ। ਪਰੰਤੂ ਸ਼ੋਕ ਹੈ ਕਿ ਅੱਜ-ਕੱਲ੍ਹ ਦੇ ਗ੍ਰੰਥੀਆਂ ਨੂੰ ਮਹਿੰਗਾਈ ਤੇ ਵਧੇ ਹੋਏ ਖਰਚਾਂ ਦੇ ਕਾਰਨ ਕਿਸੇ ਗਰੀਬ ਲਈ ਦੋ ਪੈਸੇ ਬਚਾਉਣੇ ਵੀ ਔਖੇ ਹੋਏ ਹਨ। ਭਾਈ ਆਤਮਾ ਸਿੰਘ ਨੇ ਆਪਣੇ ਹੁੰਦਿਆਂ ਹੀ ਭਾਈ ਸ਼ਿਆਮ ਸਿੰਘ ਜੀ ਨੂੰ ਜੋ ਇਸ ਪਦਵੀ ਦੇ ਹਰ ਤਰ੍ਹਾਂ ਕਾਬਲ ਸਨ। ਆਪਣੀ ਜਗ੍ਹਾ ਮੁੱਖ-ਗ੍ਰੰਥੀ ਨੀਯਤ ਕਰ ਦਿੱਤਾ, ਜੋ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਇਸ ਮਹਾਨ ਪਦਵੀ 'ਤੇ ਸੁਸ਼ੋਭਤ ਰਹੇ।

ਭਾਈ ਆਤਮਾ ਸਿੰਘ ਜੀ ਤੋਂ ਬਾਅਦ ਤਿੰਨਾਂ ਗ੍ਰੰਥੀ ਸਿੰਘਾਂ ਦੀਆਂ ਤਿੰਨ ਵੱਖ-ਵੱਖ ਸ਼ਾਖਾਂ ਚਲ ਪਈਆਂ। ਹਰ ਸ਼ਾਖ ਦੇ ਮੁਖੀ ਨੂੰ ਡੇਰਿਆਂ ਦੇ ਮਹੰਤਾਂ ਵਾਂਗ ਇਹ ਪੂਰਾ ਅਧਿਕਾਰ ਹੁੰਦਾ ਸੀ ਕਿ ਉਹ ਆਪਣੀ ਥਾਂ ਆਪਣੇ ਪੁੱਤਰ, ਰਿਸ਼ਤੇਦਾਰ, ਸੇਵਕ ਜਾਂ ਵਿਦਿਆਰਥੀ, ਜਿਸ ਨੂੰ ਵੀ ਉਹ ਚਾਹੁਣ ਗੱਦੀ ਨਸ਼ੀਨ ਕਰ ਸਕਦੇ ਸਨ। ਇਸ ਬਿਨਾ ਤੇ ਉਹ ਨਵੇਂ ਵਿਅਕਤੀ ਨੂੰ ਆਪ ਚੁਣਦੇ ਤੇ ਆਪ ਥਾਪਦੇ ਸਨ।

ਪਹਿਲੀ ਸ਼ਾਖ ਮੁੱਖ ਗ੍ਰੰਥੀਆਂ ਦੀ ਸੀ, ਜੋ ਆਤਮਾ ਸਿੰਘ ਤੋਂ ਭਾਈ ਸ਼ਿਆਮ ਸਿੰਘ ਜੀ ਅਰੋੜਾ, ਭਾਈ ਜੱਸਾ ਸਿੰਘ ਜੀ ਅਰੋੜਾ, ਭਾਈ ਜਵਾਹਰ ਸਿੰਘ ਜੀ ਸੈਣੀ ਤੇ ਭਾਈ ਹਰਨਾਮ ਸਿੰਘ ਜੀ ਸੈਣੀ ਤੋਂ ਭਾ: ਫਤਹ ਸਿੰਘ ਜੀ ਅਰੋੜਾ ਤੱਕ ਚੱਲੀ। ਦੂਜੀ ਸ਼ਾਖ ਗ੍ਰੰਥੀ ਸਿੰਘਾਂ ਦੀ ਭਾਈ ਮੱਖਣ ਸਿੰਘ ਜੀ ਅਰੋੜਾ ਤੋਂ ਭਾਈ ਗਹਿਣਾ ਸਿੰਘ ਜੀ ਅਰੋੜਾ, ਭਾਈ ਭਗਤ ਸਿੰਘ ਜੀ, ਭਾਈ ਸੁੰਦਰ ਸਿੰਘ ਜੀ, ਭਾਈ ਸੰਤ ਸਿੰਘ ਜੀ ਅਤੇ ਭਾਈ ਗੁਰਬਚਨ ਸਿੰਘ ਜੀ ਤੱਕ ਚੱਲੀ। ਤੀਜੀ ਸ਼ਾਖ ਗ੍ਰੰਥੀ ਸਿੰਘਾਂ ਦੀ ਭਾਈ ਗੋਪਾਲ ਸਿੰਘ ਜੀ ਬ੍ਰਾਹਮਣ, ਤੋਂ ਭਾਈ ਦੀਵਾਨ ਸਿੰਘ ਜੀ ਬ੍ਰਾਹਮਣ, ਭਾਈ ਹੀਰਾ ਸਿੰਘ ਜੀ ਬ੍ਰਾਹਮਣ ਅਤੇ ਭਾਈ ਪ੍ਰਤਾਪ ਸਿੰਘ ਤੱਕ ਆਈ।

ਇਹ ਉਪ੍ਰੋਕਤ ਸਿਲਸਲਾ ਉਦੋਂ ਤੱਕ ਚਲਦਾ ਰਿਹਾ ਜਦੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੂਦ ਵਿੱਚ ਨਹੀਂ ਆਈ ਸੀ। ੧੯੨੫ ਈ: ਵਿੱਚ ਗੁਰਦੁਆਰਾ ਐਕਟ ਬਣ ਜਾਣ ਨਾਲ ਜਦ ਸਾਰੇ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਾਨੂੰਨੀ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਆ ਗਿਆ ਤੇ ਸ੍ਰੀ ਦਰਬਾਰ ਸਾਹਿਬ ਦੀ ਵੱਖਰੀ ਲੋਕਲ ਕਮੇਟੀ ਬਣ ਗਈ, ਤਾਂ ਪਿਛਲੇ ਦਸਤੂਰ ਬਦਲ ਦਿੱਤੇ ਗਏ ਅਤੇ ਨਵੇਂ ਦਸਤੂਰ ਅਨੁਸਾਰ ਮੁੱਖ ਗ੍ਰੰਥੀ ਅਤੇ ਗ੍ਰੰਥੀ ਸਿੰਘਾਂ ਜਾਂ ਗੱਦੀ ਦੇ ਨਾਮ ਜੋ ਜ਼ਮੀਨ, ਮਕਾਨ, ਦੁਕਾਨਾਂ ਤੇ ਪਲਾਟ ਆਦਿ ਅਚੁੱਕ ਜਾਇਦਾਦ ਸੀ, ਉਹ ਸਾਰੀ ਦੀ ਸਾਰੀ ਕਮੇਟੀ ਦੇ ਨਾਮ ਹੋ

ਗਈ । ਗ੍ਰੰਥੀ ਸਿੰਘਾਂ ਤੇ ਮੁੱਖ ਗ੍ਰੰਥੀ ਸਾਹਿਬ ਨੂੰ ਉਨ੍ਹਾਂ ਦੀ ਸੇਵਾ ਦੇ ਇਵਜ਼ਾਨੇ ਵਜੋਂ ਮਾਹਵਾਰੀ ਤਨਖ਼ਾਹਾਂ ਦਿੱਤੀਆਂ ਜਾਣ ਲੱਗੀਆਂ ਜਦ ਕਿ-

> *ਪਹਿਲਾਂ ਗ੍ਰੰਥੀ ਸਿੰਘਾਂ ਨੂੰ ਆਪਣੇ ਜਾਂ ਗੱਦੀ ਦੇ ਨਾਮ ਜਾਇਦਾਦ ਦੀ ਆਮਦਨੀ ਤੋਂ ਛੁੱਟ ਕੁਝ ਖਜ਼ਾਨੇ 'ਚੋਂ ਰੁਜ਼ੀਨਾ ਵੀ ਮਿਲਦਾ ਸੀ ਤੇ ਹਰ ਇਕ ਗ੍ਰੰਥੀ ਜਾਂ ਮੁੱਖ ਗ੍ਰੰਥੀ ਦੀ ਆਪਣੀ ਡਿਊਟੀ ਦੇ ਸਮੇਂ ਗੱਦੀ ਦੇ ਸੱਜੇ ਪਾਸੇ ਭੇਟਾ ਹੋਈ ਹਰ ਪ੍ਰਕਾਰ ਦੀ ਵਸਤੂ ਦੀ ਭਾਵੇਂ ਉਹ ਨਕਦ ਮਾਇਆ, ਸੋਨਾ, ਚਾਂਦੀ ਜਾਂ ਕਿਸੇ ਹੋਰ ਵਸਤੂ ਦੇ ਰੂਪ ਵਿੱਚ ਹੁੰਦੀ ਸੀ, ਸਭ ਉਸੇ ਗ੍ਰੰਥੀ ਜਾਂ ਮੁੱਖ-ਗ੍ਰੰਥੀ ਦੀ ਹੁੰਦੀ ਸੀ । ਸੰਗਤਾਂ ਵੱਲੋਂ ਉਨ੍ਹਾਂ ਦੇ ਆਪਣੇ ਬੁੰਗਿਆਂ ਵਿੱਚ ਉਨ੍ਹਾਂ ਨੂੰ ਵੱਖਰੇ ਨਜ਼ਰਾਨੇ ਵੀ ਭੇਟ ਕੀਤੇ ਜਾਂਦੇ ਸਨ, ਜਿਸ ਨਾਲ ਆਈਆਂ ਸਿੱਖ ਸੰਗਤਾਂ ਲਈ ਸਾਰਿਆਂ ਵੱਲੋਂ ਵੱਖਰੇ-ਵੱਖਰੇ ਲੰਗਰ ਚਲਦੇ ਸਨ ਤੇ ਗਰੀਬ-ਗੁਰਬੇ ਲੋੜਵੰਦਾਂ ਦੀ ਮੱਦਦ ਕੀਤੀ ਜਾਂਦੀ ਸੀ ।*

## ੬. ਭਾਈ ਸਾਹਿਬ ਭਾਈ ਸ਼ਿਆਮ ਸਿੰਘ ਜੀ ਮੁੱਖ ਗ੍ਰੰਥੀ:

ਇਨ੍ਹਾਂ ਦੇ ਬਾਰੇ ਲਿਖਤੀ ਰੂਪ ਵਿੱਚ ਕੋਈ ਵਿਸਥਾਰ ਨਹੀਂ ਮਿਲਿਆ । ਸਿਰਫ ਭਾਈ ਆਤਮਾ ਸਿੰਘ ਜੀ ਵੱਲੋਂ ਇਨ੍ਹਾਂ ਨੂੰ ਮੁੱਖ ਗ੍ਰੰਥੀ ਥਾਪੇ ਜਾਣ ਬਾਰੇ ਹੀ ਸੂਚਨਾ ਮਿਲੀ ਹੈ। ਇਨ੍ਹਾਂ ਦੇ ਸਮੇਂ ਭਾਈ ਮੱਖਣ ਸਿੰਘ ਜੀ 'ਅਰੋੜਾ' ਅਤੇ ਭਾਈ ਗੋਪਾਲ ਸਿੰਘ ਜੀ ਬ੍ਰਾਹਮਣ ਗ੍ਰੰਥੀ ਰਹੇ, ਇਨ੍ਹਾਂ ਨੇ ਆਪਣੇ ਥਾਂ ਭਾਈ ਜੱਸਾ ਸਿੰਘ ਜੀ ਨੂੰ ਮੁੱਖ ਗ੍ਰੰਥੀ ਨਿਯੁਕਤ ਕੀਤਾ।

## ਭਾਈ ਮੱਖਣ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ :

ਭਾਈ ਮੱਖਣ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਸਿੱਧ ਗ੍ਰੰਥੀ ਹੋਏ ਹਨ । ਇਨ੍ਹਾਂ ਦੇ ਹੀ ਯਤਨਾਂ ਨਾਲ ਸਰ ਹੈਨਰੀ ਲਾਰੈਂਸ ਰੈਜ਼ੀਡੈਂਟ ਲਾਹੌਰ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਅਦਬ ਰੱਖਣ ਦਾ ਹੇਠ ਲਿਖਿਆ ਹੁਕਮ ੨੪ ਮਾਰਚ ਸੰਨ ੧੮੪੭ ਨੂੰ ਜਾਰੀ ਕੀਤਾ ਸੀ :

> *"ਅੰਮ੍ਰਿਤਸਰ ਦੇ ਪੁਜਾਰੀਆਂ ਦੀ ਸ਼ਿਕਾਇਤ 'ਪੁਰ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਸਭ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿੱਚ ਕੋਈ ਜੁੱਤੀ ਪਹਿਨੇ ਹੋਏ ਨਾ ਜਾਵੇ। ਪ੍ਰਕਰਮਾ ਵਿੱਚ ਜਾਣ ਤੋਂ ਪਹਿਲਾਂ ਤਾਲ ਦੇ ਕਿਨਾਰੇ ਦੇ ਬੁੰਗੇ ਵਿੱਚ ਜੋੜੇ ਉਤਾਰ ਦਿੱਤੇ ਜਾਣ । ਅੰਮ੍ਰਿਤਸਰ ਗਊ ਹੱਤਿਆ ਨਾ ਹੋਵੇ ਅਤੇ ਨਾ ਸਿੱਖਾਂ ਨੂੰ ਕਿਸੇ ਤਰ੍ਹਾਂ ਦੁਖਾਇਆ ਜਾਵੇ ।ਔਰ ਨਾ ਉਨ੍ਹਾਂ ਦੇ ਮਾਮਲਿਆਂ ਵਿੱਚ ਕੋਈ ਮੁਦਾਖਲਤ ਕ਼ੀਤੀ ਜਾਵੇ ।"*

*(ਦੇਖੋ, ਮਹਾਨ ਕੋਸ਼ ਵਿੱਚ ਮੱਖਣ ਸਿੰਘ ਗ੍ਰੰਥੀ )*

ਭਾਈ ਮੱਖਣ ਸਿੰਘ ਦਾ ਦੇਹਾਂਤ ਸੰਨ ੧੮੬੩ ਈਸਵੀ ਵਿੱਚ ਹੋਇਆ ਪਰ ਆਈਨਾ-ਏ-ਦਰਬਾਰ ਦੇ ਪੰਨਾ ੨੬ 'ਤੇ ਦੇਹਾਂਤ ੭ ਸਤੰਬਰ ੧੮੫੨ ਈਸਵੀ ਵਿੱਚ ਲਿਖਿਆ ਹੋਇਆ ਹੈ । ਜਦ ਕਿ ਤਵਾਰੀਖ ਅੰਮ੍ਰਿਤਸਰ, ਕ੍ਰਿਤ ਗਿਆਨੀ ਗਿਆਨ ਸਿੰਘ ਪੰਨਾ

੨੫ ਉੱਪਰ ੭ ਸਤੰਬਰ ੧੭੫੩ ਈਸਵੀ ਲਿਖਿਆ ਹੋਇਆ ਹੈ ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਕਾਲ ਸਮੇਂ ਭਾਈ ਮੱਖਣ ਸਿੰਘ ਅਰੋੜਾ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਗ੍ਰੰਥੀ ਦੀ ਉੱਚ ਪਦਵੀ 'ਤੇ ਗੱਦੀ-ਨਸ਼ੀਨ ਹੋਇਆ । ਭਾਈ ਚੰਚਲ ਸਿੰਘ ਦੇ ਸਮੇਂ ਤੋਂ ਇਹ ਮਰਯਾਦਾ ਚੱਲੀ ਆਉਂਦੀ ਸੀ ਕਿ ਕੋਈ ਗ੍ਰਿਹਸਤੀ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਨੀਯਤ ਨਹੀਂ ਹੋ ਸਕਦਾ ਪਰ ਭਾਈ ਮੱਖਣ ਸਿੰਘ ਗ੍ਰਿਹਸਥੀ ਸੀ । ਇਸ ਦੇ ਦੋ ਪੁੱਤਰ ਸਨ ਲਹਿਣਾ ਸਿੰਘ ਅਤੇ ਗਹਿਣਾ ਸਿੰਘ, ਇਹ ਦੋਨੋਂ ਆਪਣੇ ਪਿਤਾ ਮੱਖਣ ਸਿੰਘ ਦੇ ਜਿਉਂਦਿਆਂ ਹੀ ਸਰੀਰ ਤਿਆਗ ਗਏ ।

ਭਾਈ ਮੱਖਣ ਸਿੰਘ ਜੀ ਦੇ ਹੁੰਦਿਆਂ ਹੀ ਇਸ ਦਾ ਪੁੱਤਰ ਭਾਈ ਗਹਿਣਾ ਸਿੰਘ **ਰੈਜ਼ੀਡੈਂਟੀ** ਦੇ ਸਮੇਂ ੧੯੦੪ ਬਿਕ੍ਰਮੀ ਨੂੰ ਗ੍ਰੰਥੀ ਨਿਯੁਕਤ ਹੋਇਆ ਪਰ ਉਹ ਬਿਮਾਰ ਹੋ ਕੇ ੪੦ ਦਿਨਾਂ ਬਾਅਦ ਸਰੀਰ ਤਿਆਗ ਗਿਆ । ਉਸ ਤੋਂ ਬਾਅਦ ਭਾਈ ਗਹਿਣਾ ਸਿੰਘ ਦੇ ਭਰਾ ਭਾਈ ਲਹਿਣਾ ਸਿੰਘ ਦਾ ਇਕੋ ਇਕ ਪੁੱਤਰ ਭਾਈ ਭਗਤ ਸਿੰਘ ਗ੍ਰੰਥੀ ਦੀ ਗੱਦੀ ਦਾ ਵਾਰਸ ਬਣਿਆ ਕਿਉਂਕਿ ਇਹ ਭਾਈ ਮੱਖਣ ਸਿੰਘ ਦੇ ਹੁੰਦਿਆਂ ਵੀ ਗ੍ਰੰਥੀ ਦੀ ਸੇਵਾ ਕਰਦਾ ਰਿਹਾ ਤੇ ਆਪਣੇ ਕੰਮ ਦਾ ਕੋਈ ਜ਼ਿਆਦਾ ਹਿੱਸਾ ਵੀ ਨਹੀਂ ਲੈਂਦਾ ਰਿਹਾ, ਸਗੋਂ ਜੋ ਕੁਝ ਉਸ ਨੂੰ ਮਿਲਦਾ ਆਪਣੇ ਚਾਚੇ ਦੇ ਪੁੱਤਰਾਂ ਦੇ ਨਾਲ ਵੰਡ ਕੇ ਲੈਂਦਾ ਰਿਹਾ । ਗ੍ਰੰਥੀ ਸਿੰਘਾਂ ਨੂੰ ਉਸ ਸਮੇ ਕਈ ਵਾਰ ਖ਼ਾਸ ਚੜ੍ਹਾਵੇ ਵੀ ਮਿਲਦੇ ਸਨ, ਜਿਨ੍ਹਾਂ ਨੂੰ ਅਰਦਾਸ ਕਹਿੰਦੇ ਸਨ । ਭਾਈ ਭਗਤ ਸਿੰਘ ਲਹਿਣਾ ਸਿੰਘ ਦਾ ਇਕੋ-ਇਕ ਪੁੱਤਰ ਸੀ, ਜਦ ਕਿ ਭਾਈ ਗਹਿਣਾ ਸਿੰਘ ਦੇ ਨੌਰੰਗ ਸਿੰਘ ਤੇ ਸੰਤ ਸਿੰਘ ਦੋ ਪੁੱਤਰ ਸਨ । ਉਨ੍ਹਾਂ ਨੇ ਭਾਈ ਭਗਤ ਸਿੰਘ ਦੇ ਖਿਲਾਫ ਪੰਜਾਬ ਹਾਈ ਕੋਰਟ ਵਿੱਚ ਅਪੀਲ ਕੀਤੀ ਕਿ ਇਸ ਗੱਦੀ ਦੇ ਅਸੀਂ ਵਾਰਸ ਹਾਂ ਪਰ ੧੫ ਜੁਲਾਈ ੧੯੭੦ ਈਸਵੀ ਨੂੰ ਉਨ੍ਹਾਂ ਦੀ ਅਪੀਲ ਸਣੇ ਖਰਚਾ ਨਾ-ਮਨਜ਼ੂਰ ਹੋ ਗਈ ਕਿਉਂਕਿ ਭਾਈ ਭਗਤ ਸਿੰਘ ਆਪਣੇ ਦਾਦਾ ਮੱਖਣ ਸਿੰਘ ਅਤੇ ਚਾਚਾ ਗਹਿਣਾ ਸਿੰਘ ਦੇ ਸਮੇਂ ਤੋਂ ਹੀ ਗ੍ਰੰਥੀ ਦੀ ਸੇਵਾ ਕਰਦਾ ਚਲਿਆ ਆ ਰਿਹਾ ਸੀ ।

*(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ, ਪੰਨਾ ੮੧-੮੨)*

## ੭.ਭਾਈ ਸਾਹਿਬ ਭਾਈ ਜੱਸਾ ਸਿੰਘ ਜੀ ਮੁੱਖ ਗ੍ਰੰਥੀ:

ਇਹ ਅਰੋੜ ਵੰਸ ਵਿੱਚ ਪੈਦਾ ਹੋਏ ਤੇ ਇਨ੍ਹਾਂ ਨੂੰ ਭਾਈ ਸ਼ਿਆਮ ਸਿੰਘ ਜੀ ਨੇ ਆਪਣੇ ਥਾਂ ਮੁੱਖ ਗ੍ਰੰਥੀ ਦੀ ਪਦਵੀ 'ਤੇ ਸਥਾਪਨ ਕੀਤਾ । ਇਨ੍ਹਾਂ ਦੇ ਨਾਲ ਭਾਈ ਦੀਵਾਨ ਸਿੰਘ* ਜੀ ਅਤੇ ਭਾਈ ਗਹਿਣਾ ਸਿੰਘ ਜੀ ਗ੍ਰੰਥੀ ਬਣਿਆ । ਜੋ ਭਾਈ ਮੱਖਣ ਸਿੰਘ ਜੀ ਦਾ ਪੁੱਤਰ ਸੀ । ਉਹ ੪੦ ਦਿਨ ਬੀਮਾਰ ਹੋ ਕੇ ਸਰੀਰ ਤਿਆਗ ਗਿਆ, ਜਿਸ ਕਰ ਕੇ ਉਸ ਦੀ ਥਾਂ ਭਾਈ ਭਗਤ ਸਿੰਘ ਗ੍ਰੰਥੀ ਬਣਿਆ । ਭਾਈ ਜੱਸਾ ਸਿੰਘ ਜੀ ਦੇ ਵਧੇਰੇ ਜੀਵਨ ਸਮਾਚਾਰ ਵੀ ਮਿਲ ਨਹੀਂ ਸਕੇ, ਦੇਹਾਂਤ ਦੀ ਤਾਰੀਖ ਮਿਲੀ ਹੈ, ਜੋ ਕਿ ਅੱਸੂ ੧੯੧੩ ਬਿਕ੍ਰਮੀ ਲਿਖੀ ਹੈ ।

---

*ਤਵਾਰੀਖ ਦਰਬਾਰ ਸਾਹਿਬ ਯਾਨੀ ਹਰਿਮੰਦਰ ਵਾਕਿਆ ਅੰਮ੍ਰਿਤਸਰ ਵਾ ਸ਼ਹਿਰ ਅੰਮ੍ਰਿਤਸਰ,ਉਰਦੂ ਵਿੱਚ ਦੀਵਾਨ ਸਿੰਘ ਦੇ ਥਾਂ ਭਾਈ ਦੇਵਾ ਸਿੰਘ ਲਿਖਿਆ ਹੈ ।

(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ ਪੰਨਾ ੪੨)

## ੮.ਭਾਈ ਸਾਹਿਬ ਭਾਈ ਜਵਾਹਰ ਸਿੰਘ ਜੀ ਮੁੱਖ ਗ੍ਰੰਥੀ:

ਇਨ੍ਹਾਂ ਦਾ ਜਨਮ ਸੈਣੀ ਖਾਨਦਾਨ ਵਿੱਚ ਹੋਇਆ । ਇਨ੍ਹਾਂ ਦੇ ਸਮੇਂ ਭਾਈ ਭਗਤ ਸਿੰਘ ਜੀ ਅਤੇ ਭਾਈ ਹੀਰਾ ਸਿੰਘ ਜੀ ਗ੍ਰੰਥੀ ਸਨ । ਭਾਈ ਭਗਤ ਸਿੰਘ ਜੀ ਭਾਈ ਗਹਿਣਾ ਸਿੰਘ ਦੇ ਭਰਾ ਲਹਿਣਾ ਸਿੰਘ ਦਾ ਇਕੋ-ਇਕ ਪੁੱਤਰ ਸੀ । ਭਾਈ ਜਵਾਹਰ ਸਿੰਘ ਨੂੰ ਜੱਸਾ ਸਿੰਘ ਜੀ ਨੇ ਆਪਣੇ ਥਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਨੀਯਤ ਕੀਤਾ ।

ਭਾਈ ਜਵਾਹਰ ਸਿੰਘ ਜੀ ਦਾ ਦਿਹਾਂਤ ੧ ਮਾਘ ੧੯੪੨ ਬਿਕ੍ਰਮੀ ਨੂੰ ਹੋਇਆ । ਦੂਜੀ ਸ਼ਾਖ ਦੇ ਮੱਖਣ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਗਹਿਣਾ ਸਿੰਘ ਤੇ ਗਹਿਣਾ ਸਿੰਘ ਤੋਂ ਬਾਅਦ ਗਹਿਣਾ ਸਿੰਘ ਦੇ ਭਰਾ ਲਹਿਣਾ ਸਿੰਘ ਦਾ ਪੁੱਤਰ ਭਗਤ ਸਿੰਘ ਗ੍ਰੰਥੀ ਬਣਿਆ । ਭਗਤ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਸੁੰਦਰ ਸਿੰਘ ਗ੍ਰੰਥੀ ਬਣਿਆ । ਸੁੰਦਰ ਸਿੰਘ ਤੋਂ ਅੱਗੇ ਸੰਤ ਸਿੰਘ ਤੇ ਉਸ ਤੋਂ ਬਾਅਦ ਗੁਰਬਚਨ ਸਿੰਘ ਗ੍ਰੰਥੀ ਥਾਪਿਆ ਗਿਆ ।

ਤੀਜੀ ਸ਼ਾਖ ਦੇ ਭਾਈ ਗੋਪਾਲ ਸਿੰਘ ਜਦ ੨੬ ਚੇਤ ੧੯੧੧ ਬਿ: ਨੂੰ ਚਲਾਣਾ ਕਰ ਗਏ ਤਾਂ ਉਨ੍ਹਾਂ ਦੀ ਥਾਂ ਭਾਈ ਦੀਵਾਨ ਸਿੰਘ ਬ੍ਰਾਹਮਣ ਗ੍ਰੰਥੀ ਥਾਪੇ ਗਏ, ਉਹ ੫ ਪੋਹ ੧੯੨੫ ਬਿਕ੍ਰਮੀ ਨੂੰ ਅਕਾਲ ਚਲਾਣਾ ਕਰ ਗਏ । ਦੀਵਾਨ ਸਿੰਘ ਤੋਂ ਬਾਅਦ ਹੀਰਾ ਸਿੰਘ ਗੱਦੀ-ਨਸ਼ੀਨ ਹੋਇਆ । ਭਾਈ ਹੀਰਾ ਸਿੰਘ ਦਾ ਦੇਹਾਂਤ ੨੪ ਭਾਦਰੋਂ ੧੯੫੨ ਬਿਕ੍ਰਮੀ ਨੂੰ ਹੋਇਆ । ਉਨ੍ਹਾਂ ਦੀ ਥਾਂ ਭਾਈ ਪ੍ਰਤਾਪ ਸਿੰਘ ਗ੍ਰੰਥੀ ਨੀਯਤ ਹੋਇਆ । ਭਾਈ ਭਗਤ ਸਿੰਘ ਦੇ ਸਮੇਂ ਇਕ ਵਾਰ ਵਾਇਸਰਾਏ ਹਿੰਦ ਦਰਸ਼ਨਾਂ ਲਈ ਆਇਆ । ਝੋਲੀ-ਚੁੱਕਾਂ ਨੇ ਬੂਟ ਨਾ ਲਾਹੁਣ ਦਿੱਤੇ । ਜਦ ਉਹ ਸਣੇ-ਜੁੱਤੀ ਪੌੜੀਆਂ ਉਤਰਨ ਲੱਗਾ ਤਾਂ ਭਾਈ ਭਗਤ ਸਿੰਘ ਗ੍ਰੰਥੀ ਨੇ ਕਿਹਾ, ਕਿ:

"ਤੁਸੀਂ ਇਸ ਤਰ੍ਹਾਂ ਨਹੀਂ ਅੰਦਰ ਜਾ ਸਕਦੇ ।"

ਜਦ ਝਗੜਾ ਵੱਧ ਗਿਆ ਤਾਂ ਭਾਈ ਭਗਤ ਸਿੰਘ ਤਲਵਾਰ ਲੈ ਕੇ ਸਾਹਮਣੇ ਖੜ੍ਹੇ ਹੋ ਗਏ । ਵਾਇਸਰਾਏ ਨੇ ਇਹ ਆਪਣੀ ਹੱਤਕ ਸਮਝੀ । ਲਾਹੌਰ ਜਾ ਕੇ ਭਾਈ ਭਗਤ ਸਿੰਘ ਨੂੰ ਸੇਵਾ ਤੋਂ ਵਿਹਲਾ ਕਰਵਾ ਦਿੱਤਾ । ਭਾਈ ਸਾਹਿਬ ਤਰਨ ਤਾਰਨ ਚਲੇ ਗਏ ।

ਵਾਇਸਰਾਏ ਨੂੰ ਅਜੇਹਾ ਪੇਟ ਦਰਦ ਹੋਇਆ ਕਿ ਡਾਕਟਰ ਜ਼ੋਰ ਲਾ ਥੱਕੇ, ਪਰ ਫਾਇਦਾ ਨਾ ਹੋਇਆ ।

ਮੇਮ ਨੇ ਕਿਹਾ,"ਤੈਥੋਂ ਕੋਈ ਮਹਾਨ ਗਲਤੀ ਹੋਈ ਹੈ ।"

ਜਦ ਉਸ ਨੂੰ ਚੇਤਾ ਆਇਆ ਤਾਂ ਆਪਣੇ ਅਹਿਲਕਾਰ ਭੇਜ ਕੇ ਭਾਈ ਭਗਤ ਸਿੰਘ ਨੂੰ ਲਾਹੌਰ ਬੁਲਾਇਆ । ਮੁੜ ਗ੍ਰੰਥੀ ਦੀ ਸੇਵਾ 'ਤੇ ਬਹਾਲ ਕਰ ਦਿੱਤਾ । ਮਾਫੀ ਮੰਗੀ ਚਰਨਾਂ 'ਤੇ ਮੱਥਾ ਟੇਕਿਆ । ਜਿਸ ਕਰ ਕੇ ਭਾਈ ਸਾਹਿਬ ਨੇ ਅਰਦਾਸ ਕੀਤੀ ਤਾਂ ਰਾਜ਼ੀ ਹੋ ਗਿਆ ਅਤੇ ਭਾਈ ਸਾਹਿਬ ਨੇ ਅੱਗੋਂ ਪਟਾ ਲਿਖਵਾਇਆ ਕਿ ਅੱਗੇ ਤੋਂ ਕੋਈ ਵੀ ਵੱਡੇ ਤੋਂ ਵੱਡਾ ਆਦਮੀ ਜੋੜੇ ਸਮੇਤ ਪ੍ਰਕਰਮਾ ਦੇ ਅੰਦਰ ਨਹੀਂ ਜਾ ਸਕਦਾ ।

*(ਭਾਈ ਸੁਰਜਨ ਸਿੰਘ ਮੁੱਖ ਪੁਜਾਰੀ ਸ੍ਰੀ ਹਰਿਮੰਦਰ ਸਾਹਿਬ ਦੀ ਜ਼ਬਾਨੀ)*

## ੯. ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ ਮੁੱਖ ਗ੍ਰੰਥੀ:

ਆਪ ਸੈਣੀ ਖਾਨਦਾਨ ਵਿੱਚ ਪੈਦਾ ਹੋਏ । ਭਾਈ ਜਵਾਹਰ ਸਿੰਘ ਜੀ ਨੇ ਆਪ ਨੂੰ ਆਪਣੀ ਜਗ੍ਹਾ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਥਾਪਿਆ । ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਿੱਛਲੇ

ਪਾਸੇ ਜਿੱਥੇ ਜੂਨ ੧੯੮੪ ਦੇ ਘਲੂਘਾਰੇ ਤੋਂ ਪਹਿਲਾਂ ਰਿਹਾਇਸ਼ੀ ਮਕਾਨ ਤੇ ਉਸ ਦੇ ਪਿੱਛੇ ਸ਼ਹੀਦ ਮਾਰਕੀਟ ਬਣੀ ਹੋਈ ਸੀ। ਇਥੇ ਪਹਿਲਾਂ ਇਕ ਤਿੰਨ ਮੰਜ਼ਲੀ ਬਹੁਤ ਵੱਡੀ ਇਮਾਰਤ ਬਣੀ ਹੋਈ ਸੀ, ਜਿਸ ਨੂੰ ਲੋਕ 'ਬੁੰਗਾ ਗ੍ਰੰਥੀਆਂ' ਕਿਹਾ ਕਰਦੇ ਸਨ। ਇਸ ਦੀ ਸਭ ਤੋਂ ਉਪਰਲੀ ਮੰਜ਼ਲ ਵਿੱਚ ਭਾਈ ਹਰਨਾਮ ਸਿੰਘ ਜੀ ਮੁੱਖ ਗ੍ਰੰਥੀ, ਵਿਚਕਾਰਲੀ ਮੰਜ਼ਲ ਵਿੱਚ ਭਾਈ ਸੁੰਦਰ ਸਿੰਘ ਜੀ ਗ੍ਰੰਥੀ ਤੇ ਹੇਠਲੀ ਮੰਜ਼ਲ ਵਿੱਚ ਭਾਈ ਪ੍ਰਤਾਪ ਸਿੰਘ ਜੀ ਗ੍ਰੰਥੀ ਰਿਹਾ ਕਰਦੇ ਸਨ।

ਮਹਾਰਾਜਾ ਫ਼ਰੀਦਕੋਟ ਨੇ ਜਦ ਸੰਮਤ ੧੯੪੦ ਬਿ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਵਾਉਣ ਲਈ ਪੰਥ ਦੇ ਮੁੱਖੀ ਵਿਦਵਾਨਾਂ ਦਾ ਇਕੱਠ ਬੁਲਾਇਆ ਤਾਂ ਬਤੌਰ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ ਨੂੰ ਸੱਦਾ ਪੱਤਰ ਆਇਆ। ਮਹਾਰਾਜੇ ਦਾ ਇਹ ਖਾਸ ਦਰਬਾਰ ਸੀ। ਆਏ ਮਹਿਮਾਨਾਂ ਲਈ ਦਰਜੇ ਵਾਰ ਕੁਰਸੀਆਂ ਰੱਖੀਆਂ ਹੋਈਆਂ ਸਨ। ਜਦ ਅੰਦਰ ਜਾ ਕੇ ਭਾਈ ਸਾਹਿਬ ਨੇ ਵੇਖਿਆ ਕਿ ਉਨ੍ਹਾਂ ਦੀ ਕੁਰਸੀ ਮਹਾਰਾਜੇ ਦੀ ਕੁਰਸੀ ਦੇ ਖੱਬੇ ਹੱਥ ਹੈ, ਜਦ ਕਿ ਸੱਜੇ ਹੱਥ ਚਾਹੀਦੀ ਸੀ ਪਰ ਸੱਜੇ ਹੱਥ ਬੇਦੀ ਖੇਮ ਸਿੰਘ ਕੱਲਰ ਵਾਲਿਆਂ ਦੀ ਕੁਰਸੀ ਸੀ। ਆਪ ਇਸ ਨੂੰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੀ ਉੱਚਤਮ ਪਦਵੀ ਦੀ ਨਿਰਾਦਰੀ ਸਮਝ ਕੇ ਫ਼ਤਹ ਬੁਲਾ ਕੇ ਉਥੋਂ ਹੀ ਵਾਪਸ ਮੁੜ ਆਏ। ਅਹਿਲਕਾਰ ਅਤੇ ਮਹਾਰਾਜੇ ਨੇ ਆਪ ਆ ਕੇ ਬੇਨਤੀ ਕੀਤੀ ਕਿ ਆਪ ਆਪਣੀ ਕੁਰਸੀ 'ਤੇ ਸਸ਼ੋਭਤ ਹੋਵੋ ਪਰ ਆਪ ਉਨ੍ਹਾਂ ਦੇ ਕਹਿਣ 'ਤੇ ਵੀ ਵਾਪਸ ਨਾ ਮੁੜੇ ਅਤੇ ਕਿਹਾ ਕਿ :

> 'ਤੁਸਾਂ ਮੇਰੀ ਜ਼ਾਤ ਦਾ ਨਹੀਂ ਸਗੋਂ ਇਸ ਮਹਾਨ ਪਦਵੀ ਦਾ ਤ੍ਰਿਸਕਾਰ ਕੀਤਾ ਹੈ, ਜੋ ਪਦਵੀ ਖਾਲਸਾ ਪੰਥ ਵਿੱਚ ਸਭ ਤੋਂ ਮਹਾਨ ਹੈ, ਮੈਂ ਆਪਣਾ ਨਿਰਾਦਰ ਤਾਂ ਸਹਿ ਸਕਦਾ ਹਾਂ, ਪਰ ਇਸ ਮਹਾਨ ਪਦਵੀ ਦੀ ਨਿਰਾਦਰੀ ਬਰਦਾਸ਼ਤ ਨਹੀਂ ਕਰ ਸਕਦਾ।'

ਐਉਂ ਉਨ੍ਹਾਂ ਇਸ ਸਰਬੋਤਮ ਪਦਵੀ ਦੇ ਸਤਿਕਾਰ ਨੂੰ ਬਰਕਰਾਰ ਰੱਖਿਆ। ਮਹਾਰਾਜੇ ਦੀ ਝੇਬ ਵਿੱਚ ਨਹੀਂ ਆਏ। ਆਪ ਬੜੇ ਦੀਦਾਰੀ ਸਿੰਘ ਸਨ। ਰਾਗ ਵਿੱਦਿਆ ਤੇ ਗੁਰਬਾਣੀ ਦੇ ਬੜੇ ਗਿਆਤਾ ਸਨ। ਸ਼ੁੱਧ ਬਾਣੀ ਕੰਠ ਸੀ। ਅਸ਼ੁੱਧ ਬਾਣੀ ਪੜ੍ਹਨ ਵਾਲੇ ਰਾਗੀਆਂ ਅਤੇ ਰਬਾਬੀਆਂ ਨੂੰ ਤਾਬਿਆ ਬੈਠੇ ਹੀ ਟੋਕ ਦਿਆ ਕਰਦੇ ਸਨ।

ਇਨ੍ਹਾਂ ਦੇ ਘਰ ਉਲਾਦ ਨਹੀਂ ਸੀ। ਇਸ ਲਈ ਇਨ੍ਹਾਂ ਨੇ ਇਕ ਬਾਲਕ ਲੈ ਕੇ ਪਾਲ ਲਿਆ, ਜਿਸ ਨੂੰ ਉਸ ਦੇ ਮਾਤਾ ਪਿਤਾ ਸ੍ਰੀ ਦਰਬਾਰ ਸਾਹਿਬ ਭੇਟਾ ਕਰ ਗਏ ਸਨ। ਇਸ ਬਾਲਕ ਦਾ ਨਾਮ ਫ਼ਤਹ ਸਿੰਘ ਸੀ। ਬਾਅਦ ਵਿੱਚ ਭਾਵੇਂ ਇਨ੍ਹਾਂ ਦੇ ਘਰ ਇਕ ਲੜਕੇ ਇੰਦਰ ਸਿੰਘ ਤੇ ਇਕ ਲੜਕੀ ਰਾਮ ਪਿਆਰੀ ਨੇ ਜਨਮ ਲਿਆ ਪਰ ਮੁੱਖ ਗ੍ਰੰਥੀ ਦੀ ਪਦਵੀ ਦਾ ਵਾਰਸ ਭਾਈ ਫ਼ਤਹ ਸਿੰਘ ਹੀ ਬਣਿਆ। ਇਨ੍ਹਾਂ ਨੇ ਆਪਣੀ ਨਿੱਜੀ ਜਾਇਦਾਦ ਭਾਈ ਫ਼ਤਹ ਸਿੰਘ ਜੀ ਅਤੇ ਭਾਈ ਇੰਦਰ ਸਿੰਘ ਜੀ ਵਿੱਚ ਇਕੋ ਜਿਹੀ ਵੰਡ ਦਿੱਤੀ। ਇਨ੍ਹਾਂ ਨੇ ਆਪਣੇ ਹੁੰਦਿਆਂ ਹੀ ਭਾਈ ਫ਼ਤਹ ਸਿੰਘ ਜੀ ਨੂੰ ਮੁੱਖ ਗ੍ਰੰਥੀ ਥਾਪ ਦਿੱਤਾ ਸੀ।

## ੧੦. ਭਾਈ ਸਾਹਿਬ ਭਾਈ ਫ਼ਤਹ ਸਿੰਘ ਜੀ ਮੁੱਖ ਗ੍ਰੰਥੀ:

ਇਨ੍ਹਾਂ ਦਾ ਜਨਮ ਪਿੰਡ ਲੋਹਾ-ਲਾਈ ਜ਼ਿਲ੍ਹਾ ਕੈਮਲਪੁਰ (ਹੁਣ ਪਾਕਿਸਤਾਨ) ਦਾ ਸੀ। ਇਨ੍ਹਾਂ ਦੇ ਮਾਤਾ ਪਿਤਾ ਸਹਿਜਧਾਰੀ ਸਿੱਖ ਸਨ। ਉਨ੍ਹਾਂ ਦੇ ਘਰ ਪੁੱਤਰ ਨਹੀਂ ਸੀ ਹੁੰਦਾ।

ਆਪਣੇ ਪਹਿਲੇ ਪੁੱਤਰ ਨੂੰ ਸਿੰਘ ਸਜਾਉਣ ਤੇ ਸ੍ਰੀ ਹਰਿਮੰਦਰ ਸਾਹਿਬ ਭੇਟਾ ਕਰਨ ਦੀ ਸੁੱਖਣਾ ਸੁੱਖੀ, ਜਿਸ ਦੇ ਫਲ-ਸਰੂਪ ਉਨ੍ਹਾਂ ਦੇ ਘਰ ਪਹਿਲੇ ਪੁੱਤਰ ਨੇ ਜਨਮ ਲਿਆ । ਉਸ ਦਾ ਨਾਮ ਇਨ੍ਹਾਂ ਨੇ ਫ਼ਤਹ ਸਿੰਘ ਰੱਖਿਆ । ਜਦ ਬੱਚਾ ਪੰਜ ਕੁ ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਸ੍ਰੀ ਹਰਿਮੰਦਰ ਸਾਹਿਬ ਭੇਟਾ ਕਰ ਗਏ । ਜਦ ਅਰਦਾਸੀਏ ਸਿੰਘ ਨੇ ਅਰਦਾਸ ਕੀਤੀ ਅਤੇ ਬੱਚੇ ਦੇ ਪਾਲਣ-ਪੋਸਣ ਦੇ ਪ੍ਰਬੰਧ ਲਈ ਸੰਗਤ ਵਿੱਚ ਆਵਾਜ਼ ਦਿੱਤੀ ਤਾਂ ਭਾਈ ਹਰਨਾਮ ਸਿੰਘ ਜੀ ਮੁੱਖ ਗ੍ਰੰਥੀ ਸੰਗਤ ਵਿੱਚ ਖੜ੍ਹੇ ਹੋ ਕੇ ਕਹਿਣ ਲੱਗੇ-

'ਸਾਧ ਸੰਗਤ ਜੀ ! ਮੇਰੇ ਘਰ ਪੁੱਤਰ ਨਹੀਂ ਹੈ, ਜੇ ਇਹ ਬੱਚਾ ਸਾਧ ਸੰਗਤ ਮੈਨੂੰ ਬਖ਼ਸ਼ ਦੇਵੇ ਤਾਂ ਮੈਂ ਆਪਣੇ ਧੰਨ ਭਾਗ ਸਮਝਾਂਗਾ ।'

ਸੰਗਤ ਨੇ ਕਿਹਾ, ਤੁਹਾਨੂੰ ਇਹ ਬੱਚਾ ਇਸ ਸ਼ਰਤ 'ਤੇ ਮਿਲ ਸਕਦਾ ਹੈ ਕਿ ਤੁਸੀਂ ਸੰਗਤ ਨੂੰ ਲਿਖ ਕੇ ਦੇਵੋ ਕਿ ਮੇਰੇ ਬਾਅਦ ਮੇਰੀ ਸਾਰੀ ਜਾਇਦਾਦ ਅਤੇ ਮੁੱਖ ਗ੍ਰੰਥੀ ਦੀ ਪਦਵੀ ਦਾ ਇਹੋ ਹੀ ਮਾਲਕ ਹੋਵੇਗਾ । 'ਭਾਈ ਹਰਨਾਮ ਸਿੰਘ ਜੀ ਨੇ ਉਪ੍ਰੋਕਤ ਸ਼ਬਦ ਮੰਨ ਕੇ ਲਿਖਤ ਕਰਵਾ ਦਿੱਤੀ ਤੇ ਸੰਗਤ ਤੋਂ ਬਾਲਕ ਫ਼ਤਹ ਸਿੰਘ ਜੀ ਨੂੰ ਝੋਲੀ ਪਵਾ ਕੇ ਪੁੱਤਰ ਬਣਾ ਲਿਆ ।

ਭਾਈ ਹਰਨਾਮ ਸਿੰਘ ਜੀ ਚੂੰਕਿ ਸੈਣੀ ਖਾਨਦਾਨ ਵਿੱਚੋਂ ਸਨ । ਇਸ ਲਈ ਕਈ ਲੇਖਕਾਂ ਨੇ ਭਾਈ ਫ਼ਤਹ ਸਿੰਘ ਜੀ ਨੂੰ ਸੈਣੀ ਹੀ ਲਿਖ ਦਿੱਤਾ ਹੈ ।

ਕੁਝ ਸਮਾਂ ਪਾ ਕੇ ਭਾਈ ਹਰਨਾਮ ਸਿੰਘ ਦੇ ਆਪਣੇ ਘਰ ਇਕ ਪੁੱਤਰ ਇੰਦਰ ਸਿੰਘ ਤੇ ਇਕ ਲੜਕੀ ਰਾਮ ਪਿਆਰੀ ਨੇ ਜਨਮ ਲਿਆ । ਜਦ ਉਹ ਆਪਣੇ ਥਾਂ ਆਪਣੇ ਪੁੱਤਰ ਨੂੰ ਮੁੱਖ ਗ੍ਰੰਥੀ ਨੀਯਤ ਕਰਨ ਲੱਗਾ ਤਾਂ ਸੰਗਤ ਨੇ ਉਸ ਦੀ ਲਿਖਤ ਵਿਖਾ ਕੇ ਉਸ ਲਿਖਤ ਮੁਤਾਬਕ ਹੀ ਅਮਲ ਕਰਵਾਇਆ । ਭਾਈ ਫ਼ਤਹ ਸਿੰਘ ਜੀ ਨੂੰ ਮੁੱਖ ਗ੍ਰੰਥੀ ਥਾਪਿਆ ਗਿਆ ਅਤੇ ਜਾਇਦਾਦ ਭਾਈ ਫ਼ਤਹ ਸਿੰਘ ਅਤੇ ਇੰਦਰ ਸਿੰਘ ਦੋਹਾਂ ਵਿੱਚ ਇਕੋ ਜਿਹੀ ਵੰਡ ਦਿੱਤੀ । ਆਪ ਦਾ ਕੱਦ ਦਰਮਿਆਨਾ, ਰੰਗ ਨਿਸ਼ਚੇ ਗੋਰਾ, ਨੈਣ-ਨਕਸ਼ ਤਿੱਖੇ, ਸੁਭਾਵ ਦੇ ਮਿੱਠੇ ਸਨ । ਆਪ ਯਤੀਮਖ਼ਾਨੇ ਦੇ ਇੰਨਚਾਰਜ ਰਹੇ। ਚੀਫ ਖਾਲਸਾ ਦੀਵਾਨ ਦੇ ਸੈਕਟਰੀ ਵੀ ਰਹੇ 'ਵਿਦਿਅਕ ਕਾਨਫਰੰਸ ਵਿੱਚ ਕੀਰਤਨ ਦਰਬਾਰ ਦੇ ਜੱਜ ਸਨ । 'ਪਿੱਛ ਪਲਾਕ' ਸ਼ਹਿਰ ਜੋ ਅਫਗਾਨਿਸਤਾਨ ਦੇ ਸ਼ਹਿਰ ਜਲਾਲਾਬਾਦ ਦੇ ਨੇੜੇ ਹੈ-ਦੇ ਜੰਮਪਲ ਸਨ ।

*(ਗਿ: ਅਰਜਨ ਸਿੰਘ ਤਿਰੰਗੜ ਦੀ ਜ਼ਬਾਨੀ)*

ਭਾਈ ਫ਼ਤਹ ਸਿੰਘ ਜੀ ਨੇ ਗੁਰਮਤਿ ਵਿੱਦਿਆ ਤੇ ਸਿੱਖੀ ਜੀਵਨ ਦੀ ਰਹਿਤ ਆਦਿ ਆਪਣੇ ਪਾਲਕ ਪਿਤਾ ਭਾਈ ਹਰਨਾਮ ਸਿੰਘ ਜੀ ਮੁੱਖ ਗ੍ਰੰਥੀ ਪਾਸੋਂ ਹੀ ਸਿੱਖੀ ਸੀ । ਆਪ ਇਕ ਚੰਗੇ ਵਿਦਵਾਨ ਵੀ ਸਨ । ਚੀਫ਼ ਖਾਲਸਾ ਦੀਵਾਨ ਅਤੇ ਸਿੱਖ ਵਿਦਿਅਕ ਕਮੇਟੀ ਦੇ ਵੀ ਕਾਫੀ ਸਮਾਂ ਆਪ ਮੈਂਬਰ ਰਹੇ ਅਤੇ ਧਰਮ ਪ੍ਰਚਾਰ ਵਿੱਚ ਬੜੀ ਸਰਗਰਮੀ ਨਾਲ ਕੰਮ ਕੀਤਾ । ਇਨ੍ਹਾਂ ਦੀ ਸ਼ਹਿਰ ਤੋਂ ਬਾਹਰ ਮਾਲ ਰੋਡ 'ਤੇ ਕੋਠੀ ਸੀ । ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਬਹੁਤ ਸਾਰੀ ਜਾਇਦਾਦ ਜਿਵੇਂ ਕਿ ਜ਼ਮੀਨ ਖੂਹ ਗ੍ਰੰਥੀਆਂ, ਦੁਕਾਨਾਂ ਤੇ ਮਕਾਨ ਆਦਿ ਉਨ੍ਹਾਂ ਦੇ ਜਾਂ ਗੱਦੀ ਦੇ ਨਾਮ ਸਨ, ਜਿਸ ਦੇ ਇਕੋ ਇਕ ਉਹ ਹੀ ਮਾਲਕ ਸਨ ।

ਅੰਮ੍ਰਿਤ ਵੇਲੇ ਅਤੇ ਸਮਾਪਤੀ ਵੇਲੇ ਦੋਵੇਂ ਸਮੇਂ ਆਪ ਹੀ ਮਹਾਂ ਵਾਕ ਸੁਣਾਇਆ ਕਰਦੇ ਸਨ । ਕੋਠੀ 'ਚੋਂ ਕਾਰ ਵਿੱਚ ਆਉਂਦੇ ਤੇ ਕਾਰ ਦੇ ਨਾਲ ਦੋ ਘੋੜਿਆਂ ਦੀ ਬੱਘੀ ਇਸ ਲਈ

ਆਉਂਦੀ ਕਿ ਮਤਾਂ ਕਾਰ ਖਰਾਬ ਹੋ ਜਾਵੇ । ਉਸ ਸੂਰਤ ਵਿੱਚ ਕਾਰ ਤੋਂ ਉੱਤਰ ਕੇ ਬੱਘੀ 'ਚ ਬੈਠ ਜਾਂਦੇ, ਜਿਸ ਕਰ ਕੇ ਡਿਊਟੀ 'ਤੇ ਸਮੇਂ ਸਿਰ ਪੁੱਜ ਜਾਂਦੇ ।

੧੯੨੫ ਈ: ਵਿੱਚ ਗੁਰਦੁਆਰਾ ਐਕਟ ਬਣ ਜਾਣ ਤੋਂ ਬਾਅਦ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸਕ ਗੁਰਦੁਆਰਿਆਂ ਉੱਪਰ ਮੁਕੰਮਲ ਕਬਜ਼ਾ ਹੋ ਗਿਆ ਤਾਂ ਆਪ ਨੇ ਕਮੇਟੀ ਨੂੰ ਪੂਰਾ-ਪੂਰਾ ਸਹਿਯੋਗ ਦੇ ਕੇ ਆਪਣੇ ਨਾਮ ਜਾਂ ਗੱਦੀ ਦੇ ਨਾਮ ਜੋ ਜਾਇਦਾਦ ਸ੍ਰੀ ਦਰਬਾਰ ਸਾਹਿਬ ਦੀ ਸੀ, ਉਹ ਸਾਰੀ ਦੀ ਸਾਰੀ ਖੁਸ਼ੀ-ਖੁਸ਼ੀ ਕਮੇਟੀ ਦੇ ਨਾਮ ਕਰਵਾ ਦਿੱਤੀ । ਜਿਸ ਦੇ ਇਵਜ਼ ਵਿੱਚ ਕਮੇਟੀ ਨੇ ਆਪਣੇ ਵੱਲੋਂ ਭਾਈ ਫ਼ਤਹ ਸਿੰਘ ਜੀ ਅਤੇ ਉਨ੍ਹਾਂ ਦੀ ਪਤਨੀ ਹਰਬੰਸ ਕੌਰ ਨੂੰ ਦੋ-ਦੋ ਸੌ ਰੁਪਏ ਮਾਹਵਾਰ ਦੇਣੇ ਮੰਨ ਲਏ ਅਤੇ ਪੱਕਾ ਲਿਖ ਲਿਖਾ ਕਰ ਦਿੱਤਾ । ਜੋ ਦੋਹਾਂ ਨੂੰ ਤਾਂ ਸਾਰੀ ਜ਼ਿੰਦਗੀ ਪੈਨਸ਼ਨ ਵਾਂਗ ਮਿਲਦੇ ਰਹੇ । ਇਨ੍ਹਾਂ ਦੇ ਅੱਗੋਂ ਔਲਾਦ ਨਹੀਂ ਹੋਈ ਇਨ੍ਹਾਂ ਦੀ ਸੁਪੱਤਨੀ ਬੀਬੀ ਹਰਬੰਸ ਕੌਰ ੧੯੬੦ ਦੇ ਨੇੜੇ ਤੇੜੇ ਸਰੀਰ ਤਿਆਗ ਗਈ । ਉਹ ਦਿੱਲੀ ਰਹਿੰਦੀ ਸੀ ।

*(ਭਾਈ ਸੁਰਜਨ ਸਿੰਘ ਮੁੱਖ ਪੁਜਾਰੀ ਸ੍ਰੀ ਹਰਿਮੰਦਰ ਸਾਹਿਬ ਦੀ ਜ਼ਬਾਨੀ)*

ਜਿੰਨਾਂ ਸਮਾਂ ਉਹ ਬਤੌਰ, ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਦੇ ਰਹੇ ਉਨਾਂ ਚਿਰ ਉਨ੍ਹਾਂ ਨੂੰ ਕਮੇਟੀ ਵੱਲੋਂ ਡੇਢ ਸੌ ਰੁਪਏ ਮਾਹਵਾਰ ਸੇਵਾ ਫਲ ਮਿਲਦਾ ਰਿਹਾ । ਇਨ੍ਹਾਂ ਦੀ ਫੋਟੋ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲੱਗੀ ਹੋਈ ਹੈ । ਇਨ੍ਹਾਂ ਦੀ ਬ੍ਰਿਧ ਅਵਸਥਾ ਦੀ ਤਸਵੀਰ ਯਤੀਮਖਾਨੇ ਵਿੱਚ ਲੱਗੀ ਹੋਈ ਹੈ । ੧੯੨੯ ਈ: ਵਿੱਚ ਆਪ ਸੇਵਾ ਤੋਂ ਅਸਤੀਫਾ ਦੇ ਗਏ ।

*(ਵੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਪੰਨਾ ੨੨)*

ਭਾਈ ਫ਼ਤਹ ਸਿੰਘ ਜੀ ਦਾ ਸੁਭਾਉ ਬੜਾ ਮਿੱਠਾ, ਨਿੰਮ੍ਰਤਾ-ਭਰਿਆ ਅਤੇ ਮਿਲਣਸਾਰ ਸੀ । ਉਨ੍ਹਾਂ ਦੇ ਜਾਣੂ ਸਭ ਲੋਕ ਉਨ੍ਹਾਂ ਦੀ ਹੁਣ ਤਕ ਸਿਫਤ ਕਰਦੇ ਹਨ । ਇਨ੍ਹਾਂ ਦੇ ਸਮੇਂ ਭਾਈ ਪ੍ਰਤਾਪ ਸਿੰਘ ਤੇ ਭਾਈ ਗੁਰਬਚਨ ਸਿੰਘ ਗ੍ਰੰਥੀ ਸਨ । ਭਾਈ ਪ੍ਰਤਾਪ ਸਿੰਘ ਬ੍ਰਾਹਮਣ ਸਨ ਤੇ ਇਹ ਪੁਣਛ ਦੇ ਇਲਾਕੇ ਦੇ ਸਨ । ਇਨ੍ਹਾਂ ਦੇ ਦੋ ਭਰਾ ਧਰਮ ਸਿੰਘ ਤੇ ਕਰਮ ਸਿੰਘ ਚੌਰ-ਬਰਦਾਰ ਸਨ । ਇਨ੍ਹਾਂ ਦੇ ਸਭ ਤੋਂ ਵੱਡੇ ਭਾਈ ਹੀਰਾ ਸਿੰਘ ਜੀ ਸਨ, ਜੋ ਇਨ੍ਹਾਂ ਤੋਂ ਪਹਿਲਾਂ ਗ੍ਰੰਥੀ ਸਨ ।

## ਮਰਯਾਦਾ ਨਿਯੁਕਤੀ ਗ੍ਰੰਥੀ ਸਾਹਿਬ, ਸ੍ਰੀ ਹਰਿਮੰਦਰ ਸਾਹਿਬ

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਗ੍ਰੰਥੀ ਸਾਹਿਬ ਦੀ ਅਸਾਮੀ ਨੂੰ ਭਰਨ ਲਈ ਹੇਠ ਲਿਖਿਆ ਤਰੀਕਾ ਵਰਤਿਆ ਜਾਂਦਾ ਹੈ । ਇਹ ਤਰੀਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਸ਼ੁਰੂ ਹੋਇਆ । ਉਹ ਤਰੀਕਾ ਇਸ ਤਰ੍ਹਾਂ ਹੈ-

ਖਾਲੀ ਹੋਈ ਅਸਾਮੀ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ ਜਾਂਦਾ ਹੈ ਕਿ ਉਹ ਇਸ ਖਾਲੀ ਅਸਾਮੀ ਲਈ ਸਿਫਾਰਸ਼ਾਂ ਮੰਗੇ । ਕਮੇਟੀ ਅੱਗੋਂ ਇਕ ਸਰਕੂਲਰ ਭੇਜਦੀ ਹੈ, ਜਿਸ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿੱਚ ਨਿਯੁਕਤ ਕਰਨ ਹਿੱਤ ਯੋਗ ਵਿਦਵਾਨ ਸੱਜਣ ਦੀ ਸਿਫਾਰਸ਼ ਕਰਨ ਹਿੱਤ ਲਿਖਿਆ ਜਾਂਦਾ ਹੈ । ਗ੍ਰੰਥੀ ਸਿੰਘ ਦੀਆਂ ਇਹ ਯੋਗਤਾਵਾਂ ਲਿਖੀਆਂ ਹੁੰਦੀਆਂ ਹਨ, ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਗੁਰ ਪ੍ਰਤਾਪ ਸੂਰਜ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਆਦਿ ਪ੍ਰਸਿੱਧ ਗੁਰ ਇਤਿਹਾਸਕ ਗ੍ਰੰਥਾਂ ਦੀ ਚੰਗੀ ਤਰ੍ਹਾਂ ਵਿਆਖਿਆ ਕਰ ਸਕਦਾ ਹੋਵੇ । ਕਥਾ ਤੇ ਲੈਕਚਰ ਕਰਨ ਵਿੱਚ ਪ੍ਰਬੀਨ ਹੋਵੇ । ਦੀਦਾਰੀ ਹੋਵੇ, ਅੰਮ੍ਰਿਤਧਾਰੀ ਤੇ

ਰਹਿਤ ਵਿੱਚ ਪ੍ਰਪੱਕ ਹੋਵੇ ਆਦਿ । ਪਰ,ਅੰਗ ਭੰਗ ਨਾ ਹੋਵੇ। ਇਹ ਸਰਕੂਲਰ ਅਕਾਲੀ ਜਥਿਆਂ,ਸਿੰਘ ਸਭਾਵਾਂ, ਗੁਰਦੁਆਰਾ ਕਮੇਟੀਆਂ, ਸਿੱਖ ਸੰਪ੍ਰਦਾਵਾਂ, ਜਿਵੇਂ ਕਿ ਉਦਾਸੀ, ਨਿਰਮਲੇ, ਸੇਵਾ ਪੰਥੀ, ਨਿਹੰਗ ਸਿੰਘ ਤੇ ਸੰਸਥਾਵਾਂ ਨੂੰ ਭੇਜਿਆ ਜਾਂਦਾ ਹੈ । ਉਨ੍ਹਾਂ ਉਪ੍ਰੋਕਤ ਸੰਸਥਾਵਾਂ ਵੱਲੋਂ ਆਈਆਂ ਸਿਫਾਰਸ਼ਾਂ ਵਾਲੇ ਵਿਅਕਤੀਆਂ ਨੂੰ ਨਿਸਚਤ ਤਾਰੀਖ 'ਤੇ ਪ੍ਰੀਖਿਆ ਤੇ ਇੰਟਰਵਿਊ ਲਈ ਬੁਲਾਇਆ ਜਾਂਦਾ ਹੈ । ਪ੍ਰੀਖਿਆ ਤੇ ਇੰਟਰਵਿਊ ਲੈਣ ਵਾਲਾ ਬੋਰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ, ਗ੍ਰੰਥੀ ਸਾਹਿਬਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ 'ਤੇ ਨਿਰਭਰ ਹੁੰਦਾ ਹੈ । ਇੰਟਰਵਿਊ ਵਿੱਚ ਅੱਵਲ ਆਏ ਉਮੀਦਵਾਰ ਵਿਅਕਤੀ ਨੂੰ ਇਸ ਅਸਾਮੀ ਲਈ ਯੋਗ ਕਰਾਰ ਦੇ ਕੇ ਬੋਰਡ ਆਪਣੀ ਰੀਪੋਰਟ ਕਮੇਟੀ ਨੂੰ ਭੇਜ ਦਿੰਦਾ ਹੈ । ਉਸ ਰੀਪੋਰਟ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਉਸ ਗ੍ਰੰਥੀ ਸਿੰਘ ਦੀ ਨਿਯੁਕਤੀ ਦਾ ਮਤਾ ਪਾਸ ਕਰ ਦੇਂਦੀ ਹੈ । ਅਤੇ ਮਤੇ ਦੀਆਂ ਨਕਲਾਂ ਮੁੱਖ ਗ੍ਰੰਥੀ ਸਾਹਿਬ ਅਤੇ ਮੈਨੇਜਰ ਸਾਹਿਬ ਸ੍ਰੀ ਦਰਬਾਰ ਸਾਹਿਬ ਨੂੰ ਯੋਗ ਕਾਰਵਾਈ ਹਿੱਤ ਭੇਜ ਦੇਂਦੀ ਹੈ। ਮੁੱਖ ਗ੍ਰੰਥੀ ਸਾਹਿਬ ਵੱਲੋਂ ਨਵੇਂ ਗ੍ਰੰਥੀ ਦੀ ਗੱਦੀ-ਨਸ਼ੀਨੀ ਦੀ ਰਸਮ ਦੀ ਤਾਰੀਖ ਨੀਯਤ ਕਰ ਕੇ ਮੈਨੇਜਰ ਸਾਹਿਬ ਨੂੰ ਭੇਜ ਦਿੱਤੀ ਜਾਂਦੀ ਹੈ । ਮੈਨੇਜਰ ਸਾਹਿਬ ਇਕ ਇਸ਼ਤਿਹਾਰ ਤੇ ਇਕ ਚਿੱਠੀ ਛਾਪਦਾ ਹੈ । ਚਿੱਠੀ ਸ਼ਹਿਰ ਦੇ ਗੁਰਦੁਆਰਿਆਂ, ਧਾਰਮਿਕ ਸੰਸਥਾਵਾਂ, ਡੇਰਿਆਂ ਤੇ ਧਾਰਮਿਕ ਪ੍ਰਤਿਸ਼ਟਤ ਵਿਅਕਤੀਆਂ ਨੂੰ ਭੇਜੀ ਜਾਂਦੀ ਹੈ ਤੇ ਇਸ਼ਤਿਹਾਰ ਸ਼ਹਿਰ ਦੇ ਮੁੱਖ ਗੁਰਦੁਆਰਿਆਂ ਵਿੱਚ ਲੱਗਾ ਦਿੱਤੇ ਜਾਂਦੇ ਹਨ ਤੇ ਅਖਬਾਰਾਂ ਵਿੱਚ ਛਪਣ ਹਿੱਤ ਭੇਜ ਦਿੱਤੇ ਜਾਂਦੇ ਹਨ । ਨੀਯਤ ਦਿਨ ਨੂੰ ਸੁਬ੍ਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆਸਾ ਜੀ ਦੀ ਵਾਰ ਦੇ ਭੋਗ ਉਪ੍ਰੰਤ ਸੁਬ੍ਹਾ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਵਿਸ਼ੇਸ਼ ਦੀਵਾਨ ਸਜਾਇਆ ਜਾਂਦਾ ਹੈ । ਕੁਝ ਸਮਾਂ ਰਾਗੀ ਸਿੰਘ ਕੀਰਤਨ ਕਰਦੇ ਹਨ । ਇਸੇ ਦੌਰਾਨ ਨਵਾਂ ਨਿਯੁਕਤ ਹੋਇਆ ਗ੍ਰੰਥੀ ਸਿੰਘ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਅਤੇ ਮੁੱਖ ਗ੍ਰੰਥੀ ਸਾਹਿਬ ਦੇ ਨਾਲ ਕੜਾਹ ਪ੍ਰਸ਼ਾਦ ਤੇ ਮਾਇਆ ਭੇਟ ਲੈ ਕੇ ਹਜ਼ੂਰੀ ਵਿੱਚ ਪਹੁੰਚ ਜਾਂਦਾ ਹੈ ।

ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਹੋਏ ਮਤੇ ਅਨੁਸਾਰ ਨਵੇਂ ਗ੍ਰੰਥੀ ਸਿੰਘ ਦੀ ਨਿਯੁਕਤੀ ਬਾਰੇ ਐਲਾਨ ਕਰਦੇ ਹਨ ਅਤੇ ਇਕ ਸਿਰੋਪਾਉ ਅਤੇ ਸਿਹਰਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਵੇਂ ਗ੍ਰੰਥੀ ਸਿੰਘ ਨੂੰ ਬਖ਼ਸ਼ਿਆ ਜਾਂਦਾ ਹੈ । ਫਿਰ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਗ੍ਰੰਥੀ ਸਿੰਘਾਂ ਦੀ ਪਰੰਪਰਾ ਤੇ ਇਤਿਹਾਸ, ਪਦਵੀ ਦੀ ਉਚੱਤਾ ਅਤੇ ਗ੍ਰੰਥੀ ਸਿੰਘ ਦੇ ਫ਼ਰਜ਼ਾਂ ਬਾਰੇ ਰੌਸ਼ਨੀ ਪਾਉਂਦੇ ਹਨ ਤੇ ਨਵੇਂ ਗ੍ਰੰਥੀ ਸਿੰਘ ਦੇ ਜੀਵਨ ਤੇ ਯੋਗਤਾਵਾਂ ਤੋਂ ਸੰਗਤ ਨੂੰ ਜਾਣੂ ਕਰਾਉਂਦੇ ਹਨ ਤੇ ਨਵੇਂ ਗ੍ਰੰਥੀ ਸਿੰਘ ਦੀ ਨਿਯੁਕਤੀ ਦੀ ਮੁੱਖ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ ਅਰਦਾਸ ਕਰਦੇ ਹਨ । ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮ ਸੁਣ ਕੇ ਫਿਰ ਪਹਿਲਾਂ ਮੁੱਖ ਗ੍ਰੰਥੀ ਸਾਹਿਬ ਤੇ ਗ੍ਰੰਥੀ ਸਾਹਿਬਾਨ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਆਪਣੇ ਵੱਲੋਂ ਇਕ-ਇਕ ਦਸਤਾਰ ਤੇ ਸਿਹਰਾ ਬਖ਼ਸ਼ਦੇ ਹਨ । ਫਿਰ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਚੀਫ਼ ਖਾਲਸਾ ਦੀਵਾਨ, ਸਿੱਖ ਸੰਸਥਾਵਾਂ, ਸਿੱਖ ਸੰਪ੍ਰਦਾਵਾਂ ਤੇ ਸ਼ਹਿਰ ਦੇ ਨਿਰਮਲੇ, ਸੇਵਾ-ਪੰਥੀ,ਨਿਹੰਗ ਸਿੰਘਾਂ ਤੇ ਉਦਾਸੀ ਸੰਤਾਂ ਦੇ ਡੇਰਿਆਂ ਵੱਲੋਂ ਦਸਤਾਰਾਂ, ਮਾਇਆ

ਤੇ ਸਿਹਰੇ ਭੇਟ ਕੀਤੇ ਜਾਂਦੇ ਹਨ। ਨਾਲ-ਨਾਲ ਕੜਾਹ ਪ੍ਰਸ਼ਾਦ ਵਰਤਦਾ ਰਹਿੰਦਾ ਹੈ। ਫਿਰ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਮੁੱਖ ਗ੍ਰੰਥੀ ਸਾਹਿਬ ਤੇ ਗ੍ਰੰਥੀ ਸਾਹਿਬਾਨ ਨਵੇਂ ਨਿਯੁਕਤ ਹੋਏ ਗ੍ਰੰਥੀ ਸਿੰਘ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚਦੇ ਹਨ। ਪਿੱਛੋਂ ਸਾਰੀਆਂ ਸੰਸਥਾਵਾਂ ਦੇ ਮੁੱਖੀ ਤੇ ਸੰਗਤਾਂ ਪੁੱਜਦੀਆਂ ਹਨ। ਨਵਾਂ ਗ੍ਰੰਥੀ ਸਿੰਘ ਆਪਣੇ ਵੱਲੋਂ ਕੜਾਹ ਪ੍ਰਸ਼ਾਦ ਤੇ ਗੋਲਕ ਲਈ ਮਾਇਆ ਭੇਟ ਕਰਦਾ ਹੈ। ਉਸ ਨੂੰ ਸ੍ਰੀ ਦਰਬਾਰ ਸਾਹਿਬ ਵੱਲੋਂ ਸਿਰੋਪਾਉ ਬਖ਼ਸ਼ਿਆ ਜਾਂਦਾ ਹੈ।

ਕੀਰਤਨ ਬੰਦ ਹੋ ਜਾਂਦਾ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੁੱਖੀ ਅਰਦਾਸੀਆ ਸਿੰਘ ਸਪੈਸ਼ਲ ਅਰਦਾਸ ਕਰਦਾ ਹੈ। ਉਸ ਸਮੇਂ ਮੁੱਖ ਗ੍ਰੰਥੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੁੰਦੇ ਹਨ। ਅਰਦਾਸ ਉਪੰਰਤ ਮੁੱਖ ਗ੍ਰੰਥੀ ਸਾਹਿਬ, ਨਵੇਂ ਗ੍ਰੰਥੀ ਸਾਹਿਬ ਨੂੰ ਤਾਬਿਆ ਗੱਦੀ 'ਤੇ ਖੜ੍ਹੇ ਹੋ ਕੇ ਚੌਰ ਪਕੜਾਉਂਦੇ ਤੇ ਤਾਬਿਆ ਗੱਦੀ 'ਤੇ ਬਿਠਾਉਂਦੇ ਹਨ। ਇਹ ਗੱਦੀ-ਨਸ਼ੀਨੀ ਦੀ ਰਸਮ ਬਾਬਾ ਬੁੱਢਾ ਜੀ ਦੇ ਸਮੇਂ ਚਲੀ ਆਉਂਦੀ ਹੈ। ਫਿਰ ਨਵਾਂ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਪੈਸ਼ਲ ਮਹਾਂਵਾਕ ਸੰਗਤਾਂ ਨੂੰ ਸੁਣਾਉਂਦਾ ਹੈ। ਇਹ ਅਰਦਾਸ ਤੇ ਵਾਕ ਨਵੇਂ ਗ੍ਰੰਥੀ ਸਿੰਘ ਦੀ ਨਿਯੁਕਤੀ ਸਮੇਂ ਆਮ ਰੋਜ਼ਾਨਾ ਦੀ ਮਰਯਾਦਾ ਤੋਂ ਵੱਖਰਾ ਸਪੈਸ਼ਲ ਪ੍ਰੋਗਰਾਮ ਹੁੰਦਾ ਹੈ।

ਉਪੰਰਤ, ਸਾਰੀ ਸੰਗਤ ਸਮੇਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਅਤੇ ਸਾਰੇ ਗ੍ਰੰਥੀ ਸਾਹਿਬਾਨ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਦੀ ਯਾਤਰਾ ਕਰਦੇ ਹਨ। ਨਵੇਂ ਗ੍ਰੰਥੀ ਸਿੰਘ ਵੱਲੋਂ ਕੜਾਹ ਪ੍ਰਸ਼ਾਦ ਭੇਟ ਹੁੰਦਾ ਹੈ ਤੇ ਅਰਦਾਸ ਕਰ ਕੇ ਮਹਾਂਵਾਕ ਲਿਆ ਜਾਂਦਾ ਹੈ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਐਉਂ ਇਹ ਸਮਾਗਮ ਸੰਪੂਰਨ ਹੁੰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਨੂੰ "ਸਿੰਘ ਸਾਹਿਬ" ਦੇ ਲਕਬ ਨਾਲ ਲਿਖਿਆ ਤੇ ਬੋਲਿਆ ਜਾਂਦਾ ਹੈ। ਇਹ ਪਰੰਪਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜੂਦ ਵਿੱਚ ਆਉਣ ਤੋਂ ਸ਼ੁਰੂ ਹੋਈ। ਪਹਿਲਾਂ ਗ੍ਰੰਥੀ ਸਿੰਘ ਨੂੰ ਭਾਈ ਸਾਹਿਬ ਕਿਹਾ ਤੇ ਲਿਖਿਆ ਜਾਂਦਾ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਤੁੱਲ ਹੋਰ ਕੋਈ ਗੁਰ-ਅਸਥਾਨ ਨਾ ਹੋਣ ਦੇ ਕਾਰਨ ਗ੍ਰੰਥੀ ਸਿੰਘ ਦਾ ਕਿਸੇ ਹੋਰ ਗੁਰ ਅਸਥਾਨ ਵਿਖੇ ਤਬਾਦਲਾ ਨਹੀਂ ਹੁੰਦਾ। ਕੁਝ ਬੱਜਰ ਦੋਸ਼ਾਂ ਨੂੰ ਅਦਾਲਤਾਂ ਰਾਹੀਂ ਸਿੱਧ ਕੀਤੇ ਤੋਂ ਬਿਨਾਂ ਗ੍ਰੰਥੀ ਸਿੰਘ ਨੂੰ ਸੇਵਾ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਦੋਸ਼ਾਂ ਦਾ ਜ਼ਿਕਰ ਗੁਰਦੁਆਰਾ ਐਕਟ ਦੀ ਧਾਰਾ ੧੩੪,੧੩੫ 'ਚ ਦਰਜ ਹੈ। ਬਜ਼ੁਰਗ ਪਦਵੀ ਹੋਣ ਕਰ ਕੇ ਸੇਵਾ ਦੇ ਆਰੰਭ ਸਮੇਂ ਉਮਰ ੪੦ ਸਾਲ ਤੋਂ ਘਟ ਨਹੀਂ ਹੋਣੀ ਚਾਹੀਦੀ ਅਤੇ ਘੱਟੋ ਘੱਟ ੭੦ ਸਾਲ ਦੀ ਉਮਰ ਤੱਕ ਸੇਵਾ ਜਾਰੀ ਰਹਿਣੀ ਚਾਹੀਦੀ ਹੈ। ਮੁੱਖ ਗ੍ਰੰਥੀ ਸਾਹਿਬ ਦੀ ਰੀਟਾਇਰਮੈਂਟ ਤੋਂ ਬਾਅਦ ਸੀਨੀਅਰ ਗ੍ਰੰਥੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਸਾਹਿਬ ਨੀਯਤ ਕੀਤਾ ਜਾਂਦਾ ਹੈ। ਇਹ ਪਰੰਪਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਦੇ ਸਮੇਂ ਤੋਂ ਚੱਲੀ ਆਉਂਦੀ ਹੈ ਅਤੇ ਅੱਗੋਂ ਇਹ ਮਰਯਾਦਾ ਕਾਇਮ ਰਹਿਣੀ ਚਾਹੀਦੀ ਹੈ।

## ੧੧.ਸਿੰਘ ਸਾਹਿਬ ਗਿਆਨੀ ਕਰਤਾਰ ਸਿੰਘ ਜੀ ਮੁੱਖ ਗ੍ਰੰਥੀ:

ਇਨ੍ਹਾਂ ਦਾ ਜਨਮ ਪਿੰਡ ਕਲਾਸ ਵਾਲਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੋਇਆ ਜਦ ੧੯੨੫

ਈ: ਵਿੱਚ ਗੁਰਦੁਆਰਾ, ਐਕਟ ਬਣ ਕੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਦੇ ਨਾਲ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਤਾਂ ਭਾਈ ਫ਼ਤਹ ਸਿੰਘ ਜੀ ਮੁੱਖ ਗ੍ਰੰਥੀ ਤੇ ਭਾਈ ਗੁਰਬਚਨ ਸਿੰਘ ਜੀ ਗ੍ਰੰਥੀ ਤਾਂ ਕਮੇਟੀ ਦੇ ਪ੍ਰਬੰਧ ਨਾਲ ਸਹਿਮਤ ਹੋ ਗਏ, ਪਰ ਭਾਈ ਪ੍ਰਤਾਪ ਸਿੰਘ ਜੀ ਸਹਿਮਤ ਨਾ ਹੋਏ ਤੇ ਅਰਦਾਸ ਕਰ ਕੇ ਅਸਤੀਫ਼ਾ ਦੇ ਗਏ ਤੇ ਕਮੇਟੀ ਵੱਲੋਂ ਭਾਈ ਪ੍ਰਤਾਪ ਸਿੰਘ ਜੀ ਦੀ ਥਾਂ ਭਾਈ ਕਰਤਾਰ ਸਿੰਘ ਜੀ ਨੂੰ ਗ੍ਰੰਥੀ ਮੁਕੱਰਰ ਕਰ ਦਿੱਤਾ ਗਿਆ। ਭਾਈ ਗੁਰਬਚਨ ਸਿੰਘ ਜੀ ਬੀਮਾਰ ਹੋ ਕੇ ਸਰੀਰ ਛੱਡ ਗਿਆ। ਉਸ ਤੋਂ ਬਾਅਦ ਉਨ੍ਹਾਂ ਦੀ ਥਾਂ ਕੁਝ ਸਮਾਂ ਭਾਈ ਗੁਰਦਿੱਤ ਸਿੰਘ ਜੀ ਗ੍ਰੰਥੀ ਰਹੇ। ਇਸ ਸਮੇਂ ਇਕ ਹੋਰ ਗ੍ਰੰਥੀ ਦੀ ਲੋੜ ਮਹਿਸੂਸ ਹੋਈ ਤਾਂ ਭਾਈ ਲਾਭ ਸਿੰਘ ਜੀ ਨੂੰ ਗ੍ਰੰਥੀ ਨੀਅਤ ਕੀਤਾ ਗਿਆ। ਐਉਂ ਹੁਣ ਚਾਰ ਗ੍ਰੰਥੀ ਸਿੰਘ ਹੋ ਗਏ।

*(ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੨੨)*

ਭਾਈ ਗੁਰਦਿੱਤ ਸਿੰਘ ਜੀ ਲੁਧਿਆਣੇ ਜ਼ਿਲ੍ਹੇ ਦੇ ਸਨ। ਕੁਝ ਸਮੇਂ ਬਾਅਦ ਬੀਮਾਰ ਹੋ ਕੇ ਇਹ ਵੀ ਸਰੀਰ ਛੱਡ ਗਏ।

ਗਿਆਨੀ ਕਰਤਾਰ ਸਿੰਘ ਜੀ ਇਸ ਤੋਂ ਪਹਿਲਾਂ ੪੭ ਨੰਬਰ ਸਿੱਖ ਪਲਟਨ ਵਿੱਚ ਬਤੌਰ ਗ੍ਰੰਥੀ ਸੇਵਾ ਕਰਦੇ ਰਹੇ ਸਨ ਅਤੇ ਪੰਜਾਬੀ ਦੀਆਂ ਬੈਂਤਾਂ ਵਿੱਚ ਸਿੱਖ ਇਤਿਹਾਸ ਸਬੰਧੀ ਕਵਿਤਾ ਵੀ ਲਿਖਦੇ ਸਨ। ੧੯੨੯ ਈ: ਵਿੱਚ ਭਾਈ ਫ਼ਤਹ ਸਿੰਘ ਜੀ ਜਦ ਆਪਣੀ ਪਦਵੀ ਤੋਂ ਅਸਤੀਫਾ ਦੇ ਗਏ ਤਾਂ ਗਿਆਨੀ ਕਰਤਾਰ ਸਿੰਘ ਜੀ ਨੂੰ ਸੀਨੀਅਰ ਹੋਣ ਦੇ ਨਾਤੇ ਮੁੱਖ ਗ੍ਰੰਥੀ ਥਾਪ ਦਿੱਤਾ ਗਿਆ। ਇਨ੍ਹਾਂ ਦੇ ਸਮੇਂ ਇਨ੍ਹਾਂ ਨਾਲ ਭਾਈ ਲਾਭ ਸਿੰਘ ਜੀ ਅਤੇ ਭਾਈ ਠਾਕੁਰ ਸਿੰਘ ਜੀ ਦੋ ਗ੍ਰੰਥੀ ਸਨ। ਭਾਈ ਠਾਕੁਰ ਸਿੰਘ ਜੀ ੧੯੨੭ ਈ: ਵਿੱਚ ਨਵੇਂ ਗ੍ਰੰਥੀ ਨੀਯਤ ਹੋਏ।

ਆਪ ਪੰਜਾਬੀ ਬੈਂਤਾਂ ਲਿਖਣ ਵਿੱਚ ਬੜੀ ਮੁਹਾਰਤ ਰੱਖਦੇ ਸਨ। ਇਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਦਸਮੇਸ਼ ਪ੍ਰਕਾਸ਼, ਬੰਦਾ ਬਹਾਦਰ, ਸਿਦਕ-ਖਾਲਸਾ, ਤੇਗ ਖਾਲਸਾ ਤੇ ਰਾਜ ਖਾਲਸਾ ਬੜੇ ਹੀ ਪ੍ਰਸਿੱਧ ਹਨ। ਜਦ ਲੋਕ ਸੱਥਾਂ ਵਿੱਚ ਬੈਠ ਕੇ ਇਹ ਪੁਸਤਕਾਂ ਪੜ੍ਹਦੇ ਸਨ ਤਾਂ ਅਕਾਲੀ ਲਹਿਰ ਸਮੇਂ ਸਰਕਾਰ ਵਿਰੋਧੀ ਜੋਸ਼ ਫੈਲਦਾ ਸੀ। ਦਰਜਨ ਦੇ ਲਗਭਗ ਸਿੱਖ ਇਤਿਹਾਸਕ ਪੁਸਤਕਾਂ ਇਨ੍ਹਾਂ ਦੀਆਂ ਲਿਖੀਆਂ ਛੱਪੀਆਂ ਮਿਲਦੀਆਂ ਹਨ। ਪੰਜਾਬ ਦੇ ਲੋਕ ਕਵੀਆਂ ਵਿੱਚ ਆਪ ਦਾ ਬਹੁਤ ਉੱਚਾ ਸਥਾਨ ਹੈ। ਆਪ ਦੇ ਕਵਿਤਾ ਦੇ ਉਸਤਾਦ ਸੁੰਦਰ ਸਿੰਘ ਸਖੋਂਵਾਲ, ਜ਼ਿਲ੍ਹਾ ਗੁਰਦਾਸਪੁਰ ਛੀਂਬੇ ਸਿੱਖ ਸਨ, ਉਨ੍ਹਾਂ ਦਾ ਪੁੱਤਰ ਉੱਤਮ ਸਿੰਘ ਸੀ। ਸੁੰਦਰ ਸਿੰਘ ਦਾ ਕਵਿਤਾ ਵਿੱਚ ਲਿਖਿਆ ਗ੍ਰੰਥ 'ਖੜਗ ਹੁਲਾਸ' (ਜੀਵਨ ਪਾ: ੬ਵੀਂ) ਛਪਿਆ ਮਿਲਦਾ ਹੈ।

ਗਿਆਨੀ ਕਰਤਾਰ ਸਿੰਘ ਜੀ ਸ਼ਾਮ ਦੇ ਵਕਤ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵੀ ਕਾਫੀ ਸਮਾਂ ਕਰਦੇ ਰਹੇ। ਆਪ ਦੀ ਕਥਾ ਵਿੱਚ ਬੜਾ ਰਸ ਸੀ। ੧੯੩੭ ਈ: ਵਿੱਚ ਆਪ ਨੂੰ ਸੇਵਾ ਤੋਂ ਰੀਟਾਇਰ ਕਰ ਕੇ ਕੇਵਲ ਕਥਾ ਵਾਚਕ ਦੇ ਤੌਰ 'ਤੇ ਰੱਖ ਲਿਆ ਗਿਆ। ਜਿਸ ਕਰ ਕੇ ਆਪ ਮੰਜੀ ਸਾਹਿਬ ਸ੍ਰੀ ਗੁਰੁ ਪ੍ਰਤਾਪ ਸੂਰਜ ਦੀ ਕਥਾ ਕਰਦੇ ਰਹੇ। ਕੁਝ ਸਮਾਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਤੌਰ ਰੀਸਰਚ ਸਕਾਲਰ ਰੱਖ ਕੇ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਦੀ ਸੁਧਾਈ ਦੇ ਕੰਮ 'ਤੇ

ਲਾਇਆ ਪਰ ਆਪ ਇਸ ਕਾਰਜ ਨੂੰ ਪੂਰਾ ਨਾ ਕਰ ਸਕੇ ਤੇ ਸਰੀਰ ਤਿਆਗ ਗਏ ।

## ੧੨.ਸਿੰਘ ਸਾਹਿਬ ਗਿਆਨੀ ਲਾਭ ਸਿੰਘ ਜੀ ਮੁੱਖ ਗ੍ਰੰਥੀ :

ਆਪ ਦਾ ਜਨਮ ਲਗਭਗ ੧੮੮੦ ਈ: ਨੂੰ ਪਿੰਡ ਬਿਸ਼ਨ ਦੌਰ ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿੱਚ ਪਿਤਾ, ਸ੍ਰ: ਸ਼ੇਰ ਸਿੰਘ ਦੇ ਘਰ ਹੋਇਆ । ਆਪ ਨੇ ਗੁਰਮਤਿ ਵਿੱਦਿਆ ਅੰਮ੍ਰਿਤਸਰ ਵਿੱਚ ਹੀ ਰਹਿ ਕੇ ਪ੍ਰਾਪਤ ਕੀਤੀ । ਜੈਤੋ ਦੇ ਮੋਰਚੇ ਵਿੱਚ ਪੰਜ ਸੌ ਸਿੰਘਾਂ ਦੇ ਪਹਿਲੇ ਜਥੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਾਲ ਬਤੌਰ ਗ੍ਰੰਥੀ ਸਨ । ਜੋ ਜੱਥਾ ੨੧ ਫਰਵਰੀ ੧੯੨੪ ਈ: ਨੂੰ ਜੈਤੋ ਪੁੱਜਾ । ਜਿਸ ਜੱਥੇ ਉੱਪਰ ਅੰਗ੍ਰੇਜ਼ ਸਰਕਾਰ ਵੱਲੋਂ ਮਸ਼ੀਨ ਗੰਨਾਂ ਨਾਲ ਗੋਲੀਆਂ ਚਲਾਈਆਂ ਗਈਆਂ, ਜਿਸ ਕਰ ਕੇ ੧੦੦ ਸਿੰਘ ਸ਼ਹੀਦ ਤੇ ੨੦੦ ਸਿੰਘ ਜ਼ਖ਼ਮੀ ਹੋਏ । ਆਪ ਉਸ ਜੱਥੇ ਨਾਲ ਜੈਤੋ ਵਿੱਚ ਕੈਦ ਵੀ ਰਹੇ ।

੧੯੨੬ ਈ: ਵਿੱਚ ਭਾਈ ਫ਼ਤਹ ਸਿੰਘ ਜੀ ਮੁੱਖ ਗ੍ਰੰਥੀ ਸਨ ਜਦ ਕਿ ਗਿਆਨੀ ਕਰਤਾਰ ਸਿੰਘ ਤੇ ਭਾਈ ਗੁਰਦਿੱਤ ਸਿੰਘ ਜੀ ਦੋ ਗ੍ਰੰਥੀ ਸਨ । ਉਸ ਸਮੇਂ ਇਕ ਹੋਰ ਗ੍ਰੰਥੀ ਦੀ ਲੋੜ ਮਹਿਸੂਸ ਹੋਈ ਤੇ ਭਾਈ ਲਾਭ ਸਿੰਘ ਨੂੰ ਗ੍ਰੰਥੀ ਨੀਯਤ ਕੀਤਾ ਗਿਆ । ਇਸ ਤਰ੍ਹਾਂ ਕੁਲ ਚਾਰ ਗ੍ਰੰਥੀ ਹੋ ਗਏ । (ਦੇਖੋ ਰੀਪੋਰਟ ਸ੍ਰੀ ਦਰਬ੍ਰਾਰ ਸਾਹਿਬ ਪੰਨਾ ੨੨)ਪਰ ਸ਼ਹੀਦੀ ਯਾਤਰਾ ਅਥਵਾ ਸਾਕਾ ਜੈਤੋ (ਨਾਭਾ) ਪੁਸਤਕ ਦੇ ਲੇਖਕ ਜਥੇਦਾਰ ਊਧਮ ਸਿੰਘ ਜੀ 'ਵਰਪਾਲ' ਜੋ ਜੈਤੋ ਨੂੰ ਜਾਣ ਵਾਲੇ ਪਹਿਲੇ ਪੰਜ ਸੌ ਸਿੰਘਾਂ ਦੇ ਸ਼ਹੀਦੀ ਜਥੇ ਦੇ ਜਥੇਦਾਰ ਸਨ ਉਕਤ ਪੁਸਤਕ ਵਿੱਚ ਭਾਈ ਲਾਭ ਸਿੰਘ ਨੂੰ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਲਿਖਦੇ ਹਨ ।

*(ਦੇਖੋ ਉਕਤ ਪੁਸਤਕ ਦਾ ਪੰਨਾ ੨੧)*

੧੯੨੯ ਈ: ਵਿੱਚ ਰਾਧਾ ਸੁਆਮੀ ਮੱਤ ਦੇ ਪ੍ਰਚਾਰ ਦੇ ਮੁਕਾਬਲੇ 'ਤੇ ਗੁਰਦੁਆਰਾ ਮੰਜੀ ਸਾਹਿਬ ਦੇ ਦੀਵਾਨ ਵਿੱਚ ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਰਾਧਾ ਸੁਆਮੀ ਮੱਤ ਦੇ ਢੋਲ ਦਾ ਪੋਲ ਚੰਗੀ ਤਰ੍ਹਾਂ ਖੋਲਦੇ ਰਹੇ । ਬਾਹਰੋਂ ਸੰਗਤਾਂ ਦੀ ਮੰਗ 'ਤੇ ਵੀ ਕਮੇਟੀ ਵੱਲੋਂ ਭਾਈ ਲਾਭ ਸਿੰਘ ਜੀ ਨੂੰ ਗੁਰਮਤਿ ਪ੍ਰਚਾਰ ਹਿਤ ਭੇਜਿਆ ਜਾਂਦਾ ਸੀ । ਆਪ ਗੁਰਮਤਿ ਦੇ ਮਹਾਨ ਵਿਦਵਾਨ, ਚੰਗੇ ਵਕਤਾ ਤੇ ਕਥਾ ਵਾਚਕ ਸਨ ।

*(ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਪੰਨਾ ੧੪੪-੪੯)*

ਗਿਆਨੀ ਕਰਤਾਰ ਸਿੰਘ ਜੀ ੧੯੩੭ ਈ :ਵਿੱਚ ਰੀਟਾਇਰ ਹੋ ਗਏ, ਉਨ੍ਹਾਂ ਦੀ ਥਾਂ ਆਪ ਨੂੰ ਮੁੱਖ ਗ੍ਰੰਥੀ ਥਾਪਿਆ ਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸਮੇਂ ਆਪ ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਦੇ ਵੀ ਇੰਚਾਰਜ ਰਹੇ । ੧ ਅਕਤੂਬਰ ੧੯੪੦ ਨੂੰ ਆਪ ਰੀਟਾਇਰ ਹੋ ਗਏ । ਇਨ੍ਹਾਂ ਨੂੰ ਵਿਦਾਇਗੀ ਸਮੇਂ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਜੇ ਦੀਵਾਨ ਵਿੱਚ ਸਿਰੋਪਾਉ ਤੇ ਇਕ ਸ੍ਰੀ ਸਾਹਿਬ ਭੇਟ ਕੀਤੀ ਗਈ । ਉਸ ਸ੍ਰੀ ਸਾਹਿਬ ਉੱਪਰ ਇਹ ਅੱਖਰ ਉਕਰੇ ਹੋਏ ਹਨ :

> *"ਇਹ ਸ੍ਰੀ ਸਾਹਿਬ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਭਾਈ ਸਾਹਿਬ ਭਾਈ ਲਾਭ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੂੰ ਸਿਰੋਪਾਉ ਵੱਜੋਂ ੧-੧੦-੪੦ ਨੂੰ ਵਿਦਾਇਗੀ ਸਮੇਂ ਦਿੱਤੀ ਗਈ ।"*

ਆਪ ਦੇ ਮੁੱਖ ਗ੍ਰੰਥੀ ਕਾਲ ਵਿੱਚ ਆਪ ਨਾਲ ਭਾਈ ਠਾਕੁਰ ਸਿੰਘ ਜੀ ਅਤੇ ਮਹੰਤ ਮੂਲ ਸਿੰਘ

ਜੀ ਦੋ ਹੀ ਗ੍ਰੰਥੀ ਸਾਹਿਬ ਸੇਵਾ ਨਿਭਾਉਂਦੇ ਰਹੇ ।

੨ ਜੂਨ ੧੯੪੩ ਈ: ਨੂੰ ਆਪ ਆਪਣਾ ਪੰਜ-ਭੌਤਕ ਸਰੀਰ ਤਿਆਗ ਗਏ । ਸਸਕਾਰ ਸਮੇਂ ਮਹੰਤ ਮੂਲ ਸਿੰਘ ਜੀ ਮੁੱਖ ਗ੍ਰੰਥੀ ਤੇ ਸਟਾਫ ਸ੍ਰੀ ਦਰਬਾਰ ਸਾਹਿਬ ਅਰਥੀ ਨਾਲ ਗਿਆ । ਇਨ੍ਹਾਂ ਦੀ ਮ੍ਰਿਤਕ ਦੇਹ ਉੱਪਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਦੁਸ਼ਾਲਾ ਪਾਇਆ ਗਿਆ ।

ਇਨ੍ਹਾਂ ਦਾ ਇਕ ਲੜਕਾ ਅੰਮ੍ਰਿਤਸਰ ਤੇ ਦੂਜਾ ਬੰਬਈ ਰਹਿੰਦਾ ਹੈ ।

## ਸਿੰਘ ਸਾਹਿਬ ਗਿਆਨੀ ਠਾਕੁਰ ਸਿੰਘ ਜੀ ਗ੍ਰੰਥੀ :

ਪਿਤਾ ਸ੍ਰ: ਨੌਰੰਗ ਸਿੰਘ ਦੇ ਘਰ ਆਪ ਜੀ ਦਾ ਜਨਮ ਲਗਭਗ ੧੮੮੧ ਈ: ਵਿੱਚ ਹੋਇਆ । ੩੧ ਸਾਲ ਦੀ ਉਮਰ ਤੱਕ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਈਆਂ। ੧੯੧੨ ਈ: ਤੋਂ ਸੇਵਾ-ਪੰਥੀ ਸੰਪ੍ਰਦਾਇ ਦੇ ਮਹਾਂ ਪੁਰਖ ਸੰਤ ਬਾਬਾ ਸ਼ਾਮ ਸਿੰਘ ਜੀ ਡੇਰਾ ਆਟਾ ਮੰਡੀ ਅੰਮ੍ਰਿਤਸਰ ਦੇ ਸੇਵਕ ਤੇ ਵਿਦਿਆਰਥੀ ਰਹੇ । ਗੁਰਬਾਣੀ, ਗੁਰ-ਇਤਿਹਾਸ ਤੇ ਹੋਰ ਗੁਰਮਤਿ ਵਿਦਿਆ ਆਪ ਜੀ ਨੇ ਬਾਬਾ ਸ਼ਾਮ ਸਿੰਘ ਜੀ ਪਾਸੋਂ ਹੀ ਪ੍ਰਾਪਤ ਕੀਤੀ । ਸੰਤਾਂ ਪਾਸ ਆਉਣ ਤੋਂ ਪਹਿਲਾਂ ਆਪ ਐਫ.ਏ. ਤੱਕ ਸਕੂਲ ਤੇ ਕਾਲਜ ਵਿੱਚ ਸੰਸਾਰਕ ਵਿੱਦਿਆ ਪੜ੍ਹਦੇ ਰਹੇ ਅਤੇ ਪੰਜਾਬ ਭਰ ਵਿੱਚ ਪਹਿਲੇ ਨੰਬਰ 'ਤੇ ਰਹਿ ਕੇ ਮੈਡਲ ਵੀ ਜਿੱਤਦੇ ਰਹੇ । ਆਪ ਸੰਤਾਂ ਪਾਸ ਆ ਕੇ ਚੰਗੇ ਵਿਦਵਾਨ ਤੇ ਕਥਾ ਵਾਚਕ ਬਣ ਗਏ । ਬਾਬਾ ਜੀ ਦੇ ਡੇਰੇ ਆਟਾ ਮੰਡੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰਪ੍ਰਤਾਪ ਸੂਰਜ ਦੀ ਕਥਾ ਵੀ ਕਰਦੇ ਰਹੇ । ਗਿਆਨੀ ਠਾਕੁਰ ਸਿੰਘ ਜੀ ਦੀ ਗੁਰਮੁਖੀ ਅੱਖਰਾਂ ਦੀ ਲਿਖਤ ਏਨੀ ਸੁੰਦਰ ਸੀ ਕਿ ਉਨ੍ਹਾਂ ਦੇ ਹੱਥਾਂ ਨਾਲ ਲਿਖੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਛਾਪੇ ਦੀਆਂ ਛਪੀਆਂ ਬੀੜਾਂ ਨਾਲੋਂ ਵੀ ਸੁੰਦਰ ਹਨ । ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਉਨ੍ਹਾਂ ਦੀਆਂ ਲਿਖਤਾਂ ਅਜੇ ਵੀ ਸੰਭਾਲੀਆਂ ਹੋਈਆਂ ਹਨ ।

੧੯੨੬ ਈ: ਵਿੱਚ ਦਰਬਾਰ ਸਾਹਿਬ ਕਮੇਟੀ ਵੱਲੋਂ ਭਾਈ ਠਾਕੁਰ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਨ੍ਹਾਂ ਨੇ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਕੋਈ ਅੱਠ ਮਹੀਨੇ ਬਾਅਦ ੧੯੨੭ ਈ: ਵਿੱਚ ਇਹ ਸੇਵਾ ਪ੍ਰਵਾਨ ਕੀਤੀ । ਆਪ ਜੀ ਗੁਰਬਾਣੀ ਦੇ ਰਸੀਏ ਤੇ ਸ਼ੁੱਧ ਪਾਠ ਵਿੱਚ ਪ੍ਰਬੀਨ ਸਨ । ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹਜ਼ੂਰੀ ਵਿੱਚ ਕੀਰਤਨ ਕਰਦਿਆਂ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦੀ ਕੋਈ ਤੁਕ ਦਾ ਅਸ਼ੁੱਧ ਉਚਾਰਨ ਹੋ ਜਾਂਦਾ ਤਾਂ ਆਪ ਉਸੇ ਵੇਲੇ ਸ਼ੁੱਧ ਤੁਕ ਉਚਾਰ ਕੇ ਉਨ੍ਹਾਂ ਦੀ ਭੁੱਲ ਸੋਧ ਦੇਂਦੇ ਸਨ । ਅੰਮ੍ਰਿਤ ਵੇਲੇ ਦੇ ਪਹਿਲੇ ਮਹਾਂਵਾਕ ਪੜ੍ਹਨ ਸਮੇਂ ਉਨ੍ਹਾਂ ਦੀ ਆਵਾਜ਼ ਸਾਰੀ ਪ੍ਰਕਰਮਾ ਅਤੇ ਆਸ-ਪਾਸ ਦੇ ਬੁੰਗਿਆ ਤੱਕ ਗੂੰਜਦੀ ਸੀ । ਸ਼ਾਮ ਦੇ ਸਮੇਂ ਆਪ ਗੁਰਦੁਆਰਾ ਮੰਜੀ ਸਾਹਿਬ ਵਿਖੇ ਗੁਰ ਪ੍ਰਤਾਪ ਸੂਰਜ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਕਥਾ ਵੀ ਸੰਗਤਾਂ ਨੂੰ ਸੁਣਾਇਆ ਕਰਦੇ ਸਨ ਤੇ ਵਿਦਿਆਰਥੀਆਂ ਨੂੰ ਅਰਥ ਵੀ ਪੜ੍ਹਾਂਦੇ ਰਹੇ ।

੧੯੪੩ ਈ: ਵਿੱਚ ਲਗਭਗ ੧੬ ਸਾਲ ਦੀ ਸੇਵਾ ਕਾਲ ਤੋਂ ਬਾਅਦ ੬੨ ਸਾਲ ਦੀ ਉਮਰ ਵਿੱਚ ਆਪ ਸੇਵਾ-ਮੁਕਤ ਹੋ ਗਏ । ਆਪ ਦੇ ਸਮੇਂ ਆਪ ਜੀ ਨਾਲ ਚਾਰ ਮੁੱਖ ਗ੍ਰੰਥੀ ਸਾਹਿਬਾਨ ਰਹੇ । ਭਾਈ ਫ਼ਤਹ ਸਿੰਘ ਜੀ, ਗਿਆਨੀ ਕਰਤਾਰ ਸਿੰਘ ਜੀ, ਭਾਈ ਲਾਭ ਸਿੰਘ ਜੀ ਤੇ ਮਹੰਤ ਮੂਲ ਸਿੰਘ ਜੀ । ੧੯੫੮ ਈ: ਵਿੱਚ ਜਦ ਦਾਸ ਗ੍ਰੰਥੀ ਦੀ ਸੇਵਾ ਉੱਪਰ ਨਿਯੁਕਤ ਹੋਇਆ ਤਾਂ ਆਪ ਦੀ ਚੰਗੀ ਸਿਹਤ ਸੀ । ਮੈਨੂੰ ਆਪ ਸਕੱਤ੍ਰੀ ਬਾਗ ਵਿੱਚ ਕਈ ਵਾਰ ਮਿਲਦੇ

ਰਹੇ ਤੇ ਗੁਰਮਤਿ ਵਿਚਾਰਾਂ ਕਰਦੇ ਰਹੇ । ਬਾਅਦ ਵਿੱਚ ਆਪ ਆਪਣੇ ਸਪੁੱਤਰ ਸ੍ਰ: ਪ੍ਰੀਤਮ ਸਿੰਘ ਕੋਲ ਦਿੱਲੀ ਚਲੇ ਗਏ ਉਥੇ ੪ ਅਪ੍ਰੈਲ, ੧੯੭੧ ਈ: ਨੂੰ ੯੦ ਸਾਲ ਦੀ ਉਮਰ ਵਿੱਚ ਗੁਰਪੁਰੀ ਨੂੰ ਪਿਆਨਾ ਕਰ ਗਏ । ਉਨ੍ਹਾਂ ਦੇ ਤਿੰਨਾਂ ਪੁੱਤਰਾਂ ਵਿੱਚੋਂ ਦੋ ਯੂਨੀਵਰਸਿਟੀ ਦੇ ਪ੍ਰੋਫੈਸਰ ਹਨ । ਆਪ ਜੀ ਦੇ ਇਕ ਸਪੁੱਤਰ ਡਾਕਟਰ ਵਜ਼ੀਰ ਸਿੰਘ ਚੰਗੇ ਵਿਦਵਾਨ ਤੇ ਖੋਜੀ ਲੇਖਕ ਹਨ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗੁਰੂ ਗੋਬਿੰਦ ਸਿੰਘ ਅਧਿਐਨ ਵਿਭਾਗ ਦੇ ਮੁੱਖੀ ਹਨ ਜਿਨ੍ਹਾਂ ਨੇ ਉਨ੍ਹਾਂ ਬਾਰੇ ਉਪ੍ਰੋਕਤ ਦੁਰਲੱਭ ਜਾਣਕਾਰੀ ਭੇਜ ਕੇ ਦਾਸ ਨੂੰ ਧੰਨਵਾਦੀ ਬਣਾਇਆ ਹੈ ।

## ੧੩. ਸਿੰਘ ਸਾਹਿਬ ਮਹੰਤ ਮੂਲ ਸਿੰਘ ਜੀ ਮੁੱਖ ਗ੍ਰੰਥੀ

ਆਪ ਦਾ ਜਨਮ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਦਾ ਹੈ । ਬੁੰਗਾ ਨਿਰਮਲਿਆਂ ਦੇ ਮਹੰਤ ਰਾਮ ਸਿੰਘ ਜੀ ਦੇ ਸੇਵਕ ਬਣੇ । ੫ ਜੇਠ ੧੯੭੮ ਬਿਕ੍ਰਮੀ ਮੁਤਾਬਿਕ ੧੯੨੧ ਈਸਵੀ ਨੂੰ ਬੁੰਗੇ ਦੇ ਮਹੰਤ ਥਾਪੇ ਗਏ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਸੰਤ ਗਿਆਨੀ ਅਮੀਰ ਸਿੰਘ ਜੀ ਪਾਸੋਂ ਪੜ੍ਹੇ । ਅਕਾਲੀ ਲਹਿਰ ਸਮੇਂ ਗੁਰੂ ਕੇ ਬਾਗ ਦੇ ਮੋਰਚੇ ਵਿੱਚ ੬ ਮਹੀਨੇ ਜੇਲ੍ਹ ਯਾਤਰਾ ਕੀਤੀ । ਬਾਅਦ ਵਿੱਚ ੧੩ ਸਾਲ ਲੋਕਲ ਕਮੇਟੀ, ਅੰਮ੍ਰਿਤਸਰ ਅਤੇ ੧੮ ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ । ਸ਼੍ਰੋ: ਕਮੇਟੀ ਨੂੰ ਕਾਨੂੰਨ ਖਿਲਾਫ ਕਰਾਰ ਦੇਣ ਤੋਂ ਬਾਅਦ ਇਕ ਮੈਂਬਰ ਦੀ ਹੈਸੀਅਤ ਵਿੱਚ ਦੋ ਵਰ੍ਹੇ ਮੁਲਤਾਨ ਜੇਲ੍ਹ ਵਿੱਚ ਰਹੇ ਅਤੇ ੫੦੦ ਰੁਪਏ ਜੁਰਮਾਨਾ ਭਰਿਆ । ਸ੍ਰੀ ਗੁਰੂ ਰਾਮਦਾਸ ਲੰਗਰ ਦੇ ਕਾਫੀ ਸਮਾਂ ਜਥੇਦਾਰ ਰਹੇ । ੧੯੩੪ ਈ: ਵਿੱਚ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨੀਯਤ ਹੋਏ । ਗਿਆਨੀ ਲਾਭ ਸਿੰਘ ਜੀ ਦੇ ਰੀਟਾਇਰ ਹੋ ਜਾਣ ਤੋਂ ਬਾਅਦ ੧੯੪੦ ਈਸਵੀ ਵਿੱਚ ਆਪ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਥਾਪਿਆ ਗਿਆ । ਆਪ ਬੜੇ ਉੱਦਮੀ ਤੇ ਉਤਸ਼ਾਹੀ ਸੱਜਣ ਸਨ । ਅੰਮ੍ਰਿਤ ਵੇਲੇ ਦਾ ਜਾਗਣਾ ਤੇ ਗੁਰਬਾਣੀ ਦਾ ਨਿਤਨੇਮ ਆਪ ਦੀ ਜ਼ਿੰਦਗੀ ਦਾ ਇਕ ਜ਼ਰੂਰੀ ਅੰਗ ਸੀ । ਇਨ੍ਹਾਂ ਦੇ ਸਮੇਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਉੱਪਰਲੀ ਛੱਤ ਵਿੱਚ ਹੋ ਰਹੇ ਅਖੰਡ ਪਾਠਾਂ ਦਾ ਪ੍ਰਬੰਧ ਵੀ ਇਨ੍ਹਾਂ ਦੇ ਹੀ ਜ਼ਿੰਮੇ ਸੀ । ਜਿਸ ਦਾ ਇਨ੍ਹਾਂ ਨੂੰ ਇਵਜ਼ਾਨਾ ਵੀ ਮਿਲਦਾ ਸੀ ।

ਪਰ ਗ੍ਰੰਥੀ ਅਤੇ ਮੁੱਖ ਗ੍ਰੰਥੀ ਦੀ ਸੇਵਾ ਆਪ ਆਨਰੇਰੀ ਤੌਰ 'ਤੇ ਕਰਦੇ ਰਹੇ । ਆਨਰੇਰੀਅਮ ਵੀ ਨਹੀਂ ਲੈਂਦੇ ਸਨ । ਆਪ ਨੂੰ ਡੇਰੇ ਦੀ ਆਮਦਨ ਕਾਫ਼ੀ ਸੀ ਜਿਸ ਕਰ ਕੇ ਬਾਹਰੋਂ ਆਏ ਗਏ ਸਾਧੂ-ਅਭਿਆਗਤਾਂ ਦੀ ਸੇਵਾ ਕਰਦੇ ਰਹਿੰਦੇ ਸਨ । ਗੁ: ਸ੍ਰੀ ਮੰਜੀ ਸਾਹਿਬ ਸ੍ਰੀ ਵਿਖੇ ਦਿਨ ਢਲੇ ਕਾਫੀ ਸਮਾਂ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵੀ ਕਰਦੇ ਰਹੇ ।

੧੯੫੨ ਈ: ਵਿੱਚ ਕਿਸੇ ਕਾਰਨ ਕਰ ਕੇ ਮੁੱਖ ਗ੍ਰੰਥੀ ਦੀ ਪਦਵੀਂ ਤੋਂ ਅਸਤੀਫ਼ਾ ਦੇ ਗਏ । ਬਾਅਦ ਵਿੱਚ ਤਿੰਨ ਵਰ੍ਹੇ ਨਿਰਮਲ ਮਹਾਂ ਮੰਡਲ ਦੇ ਪ੍ਰਧਾਨ ਰਹੇ ਅਤੇ ਫਿਰ ਨਿਰਮਲ ਅਖਾੜੇ ਦੇ ਸਕੱਤਰ ਬਣ ਕੇ ਸੇਵਾ ਨਿਭਾਉਂਦੇ ਰਹੇ । ਨਾਲ-ਨਾਲ ਆਪਣੇ ਡੇਰੇ ਬੁੰਗਾ ਅਖਾੜਾ ਨਿਰਮਲਿਆਂ ਦਾ ਪ੍ਰਬੰਧ ਬੜੀ ਯੋਗਤਾ ਨਾਲ ਚਲਾਉਂਦੇ ਰਹੇ । ਆਪਣੇ ਆਪਣੀ ਥਾਂ ਗਿਆਨੀ ਨਿਰੰਜਨ ਸਿੰਘ ਜੀ ਨੂੰ ਆਪਣੇ ਜਿਉਂਦੇ-ਜੀਅ ਮਹੰਤ ਥਾਪ ਦਿੱਤਾ । ਆਪ ਅਖੀਰ ੧੧ ਜੂਨ ੧੯੮੨ ਈ: ਨੂੰ ਸਰੀਰ ਤਿਆਗ ਕੇ ਗੁਰੂ-ਚਰਨਾਂ ਵਿੱਚ

ਜਾ ਬਿਰਾਜੇ ।

ਇਨ੍ਹਾਂ ਦੇ ਸਮੇਂ ਇਨ੍ਹਾਂ ਨਾਲ ਪਹਿਲਾਂ ਭਾਈ ਲਾਭ ਸਿੰਘ ਜੀ ਤੇ ਭਾਈ ਠਾਕੁਰ ਸਿੰਘ ਜੀ ਦੋ ਗ੍ਰੰਥੀ ਰਹੇ । ੧੯੪੦ ਈ: 'ਚ ਭਾਈ ਲਾਭ ਸਿੰਘ ਜੀ ਰੀਟਾਇਰ ਹੋ ਗਏ, ਤਾਂ ਉਨ੍ਹਾਂ ਦੀ ਥਾਂ ਜਥੇਦਾਰ ਅੱਛਰ ਸਿੰਘ ਜੀ ਗ੍ਰੰਥੀ ਨਿਯੁਕਤ ਹੋਏ । ੧੯੪੪ ਈ: ਤੱਕ ਭਾਈ ਠਾਕੁਰ ਸਿੰਘ ਜੀ ਅਤੇ ਜਥੇਦਾਰ ਅੱਛਰ ਸਿੰਘ ਜੀ ਦੋ ਗ੍ਰੰਥੀ ਰਹੇ । ੧੯੪੪ ਈ: ਵਿੱਚ ਗਿਆਨੀ ਠਾਕੁਰ ਸਿੰਘ ਜੀ ਰੀਟਾਇਰ ਹੋ ਗਏ, ਉਨ੍ਹਾਂ ਦੀ ਥਾਂ ਗਿ: ਚੇਤ ਸਿੰਘ ਜੀ ਨਵੇਂ ਗ੍ਰੰਥੀ ਨਿਯੁਕਤ ਹੋਏ । ੧੯੪੮ ਈ: ਤੱਕ ਜਥੇਦਾਰ ਅੱਛਰ ਸਿੰਘ ਜੀ ਅਤੇ ਗਿਆਨੀ ਚੇਤ ਸਿੰਘ ਜੀ ਦੋ ਗ੍ਰੰਥੀ ਰਹੇ ਅਤੇ ੧੯੪੮ ਈ: ਤੋਂ ੧੯੫੨ ਈ: ਤੱਕ ਗਿਆਨੀ ਭੁਪਿੰਦਰ ਸਿੰਘ ਜੀ, ਜਥੇਦਾਰ ਅੱਛਰ ਸਿੰਘ ਜੀ ਅਤੇ ਗਿਆਨੀ ਚੇਤ ਸਿੰਘ ਜੀ ਸਮੇਤ ਤਿੰਨ ਗ੍ਰੰਥੀ ਰਹੇ । ੧੯੪੮ ਈ: ਤੋਂ ਪਹਿਲਾਂ ਮੁੱਖ ਗ੍ਰੰਥੀ ਸਮੇਤ ਤਿੰਨ ਹੀ ਗ੍ਰੰਥੀ ਰਹੇ । ੧੯੪੮ ਈ: ਵਿੱਚ ਗਿਆਨੀ ਭੁਪਿੰਦਰ ਸਿੰਘ ਜੀ ਦੇ ਆ ਜਾਣ 'ਤੇ ਗ੍ਰੰਥੀ ਸਿੰਘਾਂ ਦੀ ਗਿਣਤੀ ਚਾਰ ਹੋ ਗਈ ।

## ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ ਗ੍ਰੰਥੀ

ਪਿਤਾ ਸ: ਹਾਕਮ ਸਿੰਘ ਤੇ ਮਾਤਾ ਗੰਗੀ ਜੀ ਦੇ ਘਰ ਪਿੰਡ ਘਣੀਏਂ ਕੇ ਤਹਿਸੀਲ ਜ਼ਿਲ੍ਹਾ ਲਾਹੌਰ ਵਿਖੇ ੧੮੯੩ ਈ: ਵਿੱਚ ਆਪ ਦਾ ਜਨਮ ਹੋਇਆ । ਛੋਟੀ ਉਮਰ ਵਿੱਚ ਮਾਤਾ ਜੀ ਅਤੇ ੧੨ ਸਾਲ ਦੀ ਉਮਰ ਵਿੱਚ ਪਿਤਾ ਜੀ ਦਾ ਸਾਇਆ ਸਿਰ ਤੋਂ ਉੱਠ ਗਿਆ । ਆਪ ਦੇ ਦੋ ਵੱਡੇ ਭਰਾ ਬਰਮਾ ਮਿਲਟਰੀ ਪੁਲੀਸ ਵਿੱਚ ਆਪ ਨੂੰ ਆਪਣੇ ਪਾਸ ਲੈ ਗਏ । ੧੩ ਸਾਲ ਦੀ ਉਮਰ ਵਿੱਚ ਹੀ ਆਪ ਨੂੰ ਉਥੇ ਆਪਣੇ ਮਹਿਕਮੇ ਵਿੱਚ ਹੀ ਭਰਤੀ ਕਰਵਾ ਦਿੱਤਾ । ਗੁਰਬਾਣੀ ਅਤੇ ਗੁਰਮਤਿ ਵਿੱਦਿਆ ਅਤੇ ਕੀਰਤਨ ਦੀ ਯੋਗਤਾ ਆਪ ਨੇ ਫ਼ੌਜ ਦੇ ਗ੍ਰੰਥੀ ਸਿੰਘ ਪਾਸੋਂ ਪ੍ਰਾਪਤ ਕਰ ਲਈ । ੧੯੧੨ ਈ: ਵਿੱਚ ਆਪ ਨੇ ਅੰਮ੍ਰਿਤ ਪਾਨ ਕਰ ਲਿਆ । ਫ਼ੌਜੀ ਸਿੰਘਾਂ ਵਿੱਚ ਕੀਰਤਨ ਤੇ ਕਥਾ ਰਾਹੀਂ ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਾਇਆ । ਬਰਮਾ ਦੀਆਂ ਸਾਰੀਆਂ ਛਾਉਣੀਆਂ ਵਿੱਚ ਗੁਰਦੁਆਰੇ ਕਾਇਮ ਕੀਤੇ ।

ਪਹਿਲੀ ਵੱਡੀ ਸੰਸਾਰ ਜੰਗ ਸਮੇਂ ਆਪ ਨੇ ੧੪ ਸਿੱਖ ਰਜਮੈਂਟ ਨਾਲ ਮਿਲ ਕੇ ਮਿਸਰ, ਤੁਰਕੀ ਤੇ ਅਰਬ ਦੇ ਮੋਰਚਿਆਂ ਵਿੱਚ ਭਾਗ ਲਿਆ । ਆਪ ਫ਼ੌਜ ਵਿੱਚ ਜਮਾਂਦਾਰ ਬਣਨ ਵਾਲੇ ਸਨ ਕਿ ੧੯੨੧ ਈ: ਵਿੱਚ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦੀ ਖ਼ਬਰ ਸੁਣ ਕੇ ਆਪ ਦੇ ਮਨ ਵਿੱਚ ਅੰਗਰੇਜ਼ ਵਿਰੁੱਧ ਰੋਸ ਜਾਗਿਆ । ਅਫ਼ਸਰਾਂ ਦੇ ਰੋਕਣ ਦੇ ਬਾਵਜੂਦ ਆਪ ਫ਼ੌਜ 'ਚੋਂ ਨਾਵਾਂ ਕਟਵਾ ਕੇ ਦੇਸ਼ ਆ ਗਏ ।

ਵਾਪਸ ਆਉਂਦਿਆਂ ਹੀ ਸੈਂਟ੍ਰਲ ਮਾਝਾ ਦੀਵਾਨ ਰਾਹੀਂ ਗਰਮਜੋਸ਼ੀ ਨਾਲ ਧਰਮ ਪ੍ਰਚਾਰ ਵਿੱਚ ਜੁੱਟ ਗਏ ਤੇ ਪੂਰੀ ਸਰਗਰਮੀ ਨਾਲ ਅਕਾਲੀ ਲਹਿਰ ਵਿੱਚ ਸ਼ਾਮਲ ਹੋ ਗਏ । ਗੁ: ਮੁਕਤਸਰ, ਗੁ: ਸਿਆਲਕੋਟ ਤੇ ਮੋਰਚਾ ਗੁਰੂ ਕਾ ਬ਼ਾਗ਼ ਸਮੇਂ ਜਥੇ ਲੈ ਕੇ ਗਏ ਤੇ ਗ੍ਰਿਫ਼ਤਾਰ ਹੋਏ ।

ਆਪ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖ ਕੇ ੯-੨-੧੯੨੪ ਨੂੰ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ । ਜੈਤੋ ਨੂੰ ਜਾਣ ਵਾਲੇ ਜਥਿਆਂ ਨੂੰ ਅਸ਼ੀਰਵਾਦ ਦੇ ਕੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤੋਰਦੇ ਰਹੇ । ਇਸੇ ਦੋਸ਼ 'ਚ ਸਰਕਾਰ ਨੇ ਆਪ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ । ਜਿਸ ਕਰ ਕੇ ੭-੫-੨੪ ਨੂੰ ਆਪ ਨੇ

ਘੰਟਾ ਘਰ ਵੱਲੋਂ ਖੁੱਲ੍ਹੀ ਗ੍ਰਿਫ਼ਤਾਰੀ ਦਿੱਤੀ। ਲਗਭਗ ਪੌਣੇ ਦੋ ਸਾਲ ਮੀਆਂ ਵਾਲੀ ਜੇਲ੍ਹ ਵਿੱਚ ਕੈਦ ਕੱਟ ਕੇ ਮੁੜ ਆਪਣੀ ਪਦਵੀ 'ਤੇ ਆ ਬਿਰਾਜੇ ਪ੍ਰੰਤੂ ਗੁਰਦੁਆਰਾ ਐਕਟ 'ਤੇ ਮਾਫ਼ੀਆਂ ਮੰਗਣ ਉੱਪਰ ਪੈਦਾ ਹੋਏ ਵਿਵਾਦ ਕਾਰਨ ਆਪ ਨੇ ੧੦-੧-੨੬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਤੋਂ ਛੁੱਟੀ ਲੈ ਲਈ।

੨੦ ਜਨਵਰੀ ੧੯੨੭ ਨੂੰ ਗੁਰਦੁਆਰਾ ਕਮੇਟੀ ਲਾਹੌਰ ਵੱਲੋਂ ਆਪ ਗੁ: ਡੇਹਰਾ ਸਾਹਿਬ ਦੇ ਮੁੱਖ ਗ੍ਰੰਥੀ ਥਾਪੇ ਗਏ। ਤੇਰਾਂ ਸਾਲ ਇਹ ਸੇਵਾ ਆਪ ਨੇ ਪੂਰੀ ਯੋਗਤਾ ਨਾਲ ਨਿਭਾਈ। ਗੁਰੁ ਪ੍ਰਤਾਪ ਸੂਰਜ ਗ੍ਰੰਥ ਦੀ ਹਰ ਰੋਜ਼ ਕਥਾ ਕਰਦੇ ਰਹੇ। ਗੁ: ਸ਼ਹੀਦ ਗੰਜ ਸਿੰਘਣੀਆਂ ਦਾ ਮੋਰਚਾ ਫ਼ਤਹ ਕਰਵਾ ਕੇ ਗੁਰਦੁਆਰਾ ਪੰਥਕ ਪ੍ਰਬੰਧ ਵਿੱਚ ਲਿਆਂਦਾ। ਖੂਹ ਦੀ ਕਾਰ ਸੇਵਾ ਕਰਵਾਈ। ੧੯੩੯ ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਾਲਾਨਾ ਬਰਸੀ ਬਹੁਤ ਵੱਡੀ ਪੱਧਰ 'ਤੇ ਮਨਾਈ। ਸਿੱਖ, ਹਿੰਦੂ ਤੇ ਮੁਸਲਮਾਨ ਲੀਡਰਾਂ ਨੂੰ ਇਕ ਸਟੇਜ 'ਤੇ ਇਕੱਠਾ ਕੀਤਾ ਕਿਉਂਕਿ ਤਿੰਨਾਂ ਹੀ ਕੌਮਾਂ ਦੇ ਮੁੱਖੀ ਜਥੇਦਾਰ ਜੀ ਦਾ ਬਹੁਤ ਮਾਨ ਸਨਮਾਨ ਕਰਦੇ ਸਨ।

ਡਸਕੇ ਦੇ ਮੋਰਚੇ, ਕਿਰਪਾਨ 'ਤੇ ਲੱਗੀ ਪਾਬੰਦੀ ਹਟਾਉਣ ਦੇ ਮੋਰਚੇ 'ਤੇ ਜੰਡਿਆਲਾ ਸ਼ੇਰ ਖਾਂ 'ਚ ਕੀਤੀ ਤਕਰੀਰ ਦੇ ਦੋਸ਼ ਵਿੱਚ ਨੰਬਰਵਾਰ ੧੫ ਦਿਨ, ਇਕ ਮਹੀਨਾ ਤੇ ੬ ਮਹੀਨੇ ਕੈਦ ਕੱਟੀ।

੧੯੫੫ ਈ: ਦੇ ਮੋਰਚੇ ਵਿੱਚ ਸਰਕਾਰ ਨੇ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਸਾਰੀਆਂ ਸਿਆਸੀ ਤੇ ਧਾਰਮਕ ਜਥੇਬੰਦੀਆਂ ਦੇ ਦਬਾਉ ਕਾਰਨ ਤਿੰਨਾਂ ਦਿਨਾਂ ਬਾਅਦ ਹੀ ਰਿਹਾ ਕਰ ਦਿੱਤਾ।

੧੯੪੦ ਈ: ਵਿੱਚ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਗ੍ਰੰਥੀ ਥਾਪਿਆ ਗਿਆ। ਮੰਜੀ ਸਾਹਿਬ ਸ਼ਾਮ ਦੇ ਦੀਵਾਨ ਵਿੱਚ ਹਰ ਰੋਜ਼ ਗੁਰੁ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਕਰਦੇ ਰਹੇ। ਪੂਰੇ ੨੨ ਸਾਲ ਆਪ ਨੇ ਇਹ ਸੇਵਾ ਪੂਰੀ ਯੋਗਤਾ ਨਾਲ ਨਿਭਾਈ।

੨੩-੫-੫੫ ਨੂੰ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦੇ ਨਾਲ-ਨਾਲ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਦੂਜੀ ਵਾਰ ਜਥੇਦਾਰ ਨਿਯੁਕਤ ਕੀਤਾ ਗਿਆ। ੨੯-੧੧-੬੧ ਨੂੰ ਆਪ ਜੀ ਦੀ ਜਥੇਦਾਰੀ ਹੇਠ ਪੰਜਾਂ ਪਿਆਰਿਆਂ (ਪੰਜ ਸਿੰਘ ਸਾਹਿਬਾਨ) ਵੱਲੋਂ ਅਰਦਾਸ ਵਿੱਚ ਕੀਤੇ ਪ੍ਰਣ ਨੂੰ ਤੋੜਨ ਦੇ ਦੋਸ਼ ਵਿੱਚ ਮਾਸਟਰ ਤਾਰਾ ਸਿੰਘ ਨੂੰ, ਵਰਤ ਤੁੜਵਾਉਣ ਦੇ ਦੋਸ਼ ਵਿੱਚ ਸੰਤ ਫਤਹ ਸਿੰਘ ਨੂੰ ਅਤੇ ਵਰਤ ਤੋੜਨ ਹਿੱਤ ਮਤਾ ਕਰਨ ਦੇ ਦੋਸ਼ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਐਗਜ਼ੈਕਟਿਵ ਮੈਂਬਰਾਂ ਨੂੰ ਤਨਖਾਹ ਲਾਉਣ ਦਾ ਇਤਿਹਾਸਕ ਫੈਸਲਾ ਕੀਤਾ, ਜਿਸ ਦੀ ਮਿਸਾਲ ਅੱਜ ਤੱਕ ਪੇਸ਼ ਕੀਤੀ ਜਾਂਦੀ ਹੈ। ਦਾਸ ਉਨ੍ਹਾਂ ਪੰਜਾਂ ਸਿੰਘ ਸਾਹਿਬਾਨ ਵਿੱਚ ਸ਼ਾਮਲ ਸੀ।

ਮਾਸਟਰ ਤਾਰਾ ਸਿੰਘ ਤੇ ਸੰਤ ਫਤਹ ਸਿੰਘ ਦੇ ਦੋਹਾਂ ਧੜਿਆਂ ਵਿੱਚ ਅਕਾਲੀ ਦਲ ਦੋਫਾੜ ਹੋ ਗਿਆ, ਜਿਸ ਤੋਂ ਬਾਅਦ ਆਪ ਨੇ ਦੋਹਾਂ ਮਹਾਨ ਪਦਵੀਆਂ ਤੋਂ ਅਸਤੀਫਾ ਦੇ ਦਿੱਤਾ। ੪ ਦਸੰਬਰ ੧੯੬੨ ਵਿੱਚ ਆਪ ਨੂੰ ਮਾਸਟਰ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਆਪ ਦੋਹਾਂ ਦਲਾਂ ਵਿੱਚ ਏਕਤਾ ਦੀਆਂ ਸਿਰਤੋੜ ਕੋਸ਼ਿਸ਼ਾਂ ਕਰਦੇ ਰਹੇ, ਪਰ ਦੋਹਾਂ ਧਿਰਾਂ ਦੇ ਸੁਆਰਥੀ ਅਨਸਰਾਂ ਨੇ ਆਪ ਦੀ ਪੇਸ਼ ਨਾ ਜਾਣ ਦਿੱਤੀ, ਜਿਸ ਕਰ

ਕੇ ਆਪ ੧੯-੧-੬੩ ਨੂੰ ਪਿੱਛੇ ਹਟ ਗਏ ।

੧੯੬੩ ਈ: ਦੇ ਅੰਤ ਵਿੱਚ ਮੱਝ ਦੇ ਮਾਰਨ ਕਰ ਕੇ ਲੱਗੀਆਂ ਗੁੱਝੀਆਂ ਸੱਟਾਂ ਕਾਰਨ ੧੩ ਸਾਲ ਔਹਰੇ ਰਹੇ । ੧੯੭੬ ਵਿੱਚ ਆਪ ਸਖ਼ਤ ਬੀਮਾਰ ਹੋ ਗਏ ਤੇ ੬-੮-੭੬ ਨੂੰ ਰਾਤ ਦੇ ਸਾਢੇ ਨੌਂ ਵਜੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ । ਆਪ ਦੇ ਤਿੰਨ ਲੜਕੇ ਤੇ ਦੋ ਲੜਕੀਆਂ ਹਨ । ਵੱਡੇ ਲੜਕੇ ਸ: ਸੰਤੋਖ ਸਿੰਘ ਦਸੰਬਰ ੧੯੮੫ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਪਦਵੀ ਤੋਂ ਰੀਟਾਇਰ ਹੋ ਚੁੱਕੇ ਹਨ । ਇਸ ਵੇਲੇ ੪੮੪ ਨੰ: ਕੋਠੀ ਈਸਟ ਮੋਹਨ ਨਗਰ ਅੰਮ੍ਰਿਤਸਰ ਵਿੱਚ ਰਹਿ ਰਹੇ ਹਨ । ਇਸੇ ਕੋਠੀ ਵਿੱਚ ਜਥੇਦਾਰ ਜੀ ਨੂੰ ਪਹਿਲਾਂ ਵੀ ਤੇ ਬੀਮਾਰੀ ਸਮੇਂ ਵਿੱਚ ਵੀ ਸ: ਸੰਤੋਖ ਸਿੰਘ ਤੇ ਉਨ੍ਹਾਂ ਦੇ ਘਰੋਂ ਬੀਬੀ ਜੀ ਨੇ ਜਥੇਦਾਰ ਸਾਹਿਬ ਦੀ ਬਹੁਤ ਸੇਵਾ ਕੀਤੀ ਅਤੇ ਬੜੀਆਂ ਅਸੀਸਾਂ ਲਈਆਂ । ਹੁਣ ਵੀ ਇਹ ਜਥੇਦਾਰ ਸਾਹਿਬ ਦੀ ਸਲਾਨਾ ਯਾਦ ਹਰ ਸਾਲ ਬੜੀ ਸ਼ਰਧਾ ਨਾਲ ਮਨਾਉਂਦੇ ਹਨ ।

ਜਥੇਦਾਰ ਜੀ ਸਿੱਖ ਰਹਿਤ ਮਰਯਾਦਾ ਵਿੱਚ ਪੱਕੇ ਸਿੰਘ ਸਨ । ਪੰਥਕ ਜਜ਼ਬੇ ਨਾਲ ਭਰਪੂਰ, ਪੰਥ ਦੀ ਚੜ੍ਹਦੀ ਕਲਾ ਦੇ ਚਾਹਵਾਨ, ਗੁਰੂ ਤੇ ਪੰਥ ਦੀ ਖਾਤਰ ਆਪਾ ਨਿਛਾਵਰ ਕਰ ਦੇਣ ਵਾਲੇ ਮਹਾਨ ਆਤਮਾ ਸਨ । ਸੁਭਾਵ ਦੇ ਨਰਮ, ਧੀਰਜੀ, ਸ਼ਾਂਤ, ਦੂਜਿਆਂ ਦਾ ਭਲਾ ਸੋਚਣ ਵਾਲੇ, ਪਰਉਪਕਾਰੀ ਸੱਜਣ ਸਨ । ਜਿਸ ਕਰ ਕੇ ਸ਼ਹਿਰ ਅੰਮ੍ਰਿਤਸਰ ਦੀਆਂ ਸੰਗਤਾਂ ਆਪ ਦਾ ਬਹੁਤ ਮਾਨ-ਸਨਮਾਨ ਕਰਦੀਆਂ ਸਨ ।

## ੧੪. ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਮੁੱਖ ਗ੍ਰੰਥੀ

ਆਪ ਜੀ ਦਾ ਜਨਮ ੧੨ ਅਗਸਤ ੧੯੧੦ ਈ: ਨੂੰ ਆਪਣੇ ਨਾਨਕੇ ਪਿੰਡ ਚੱਕਾਰ ਜ਼ਿਲ੍ਹਾ ਮੁਜ਼ੱਫਰਾਬਾਦ (ਆਜ਼ਾਦ ਕਸ਼ਮੀਰ) ਵਿੱਚ ਹੋਇਆ । ਆਪ ਜੀ ਦੇ ਪਿਤਾ ਭਾਈ ਸਾਹਿਬ, ਨਰੈਣ ਸਿੰਘ ਜੀ ਮੁੱਖ ਗ੍ਰੰਥੀ ਗੁਰਦੁਆਰਾ ਐਬਟਾਬਾਦ, ਜ਼ਿਲ੍ਹਾ ਹਜ਼ਾਰਾ (ਹੁਣ ਪਾਕਿਸਤਾਨ) ਵਿੱਚ ਸਨ । ਜੋ ਗੁਰਬਾਣੀ ਤੇ ਗੁਰਮਤਿ ਦੇ ਗਿਆਤਾ, ਸਿੱਖੀ ਦੇ ਮੁਦੱਈ ਤੇ ਇਕ ਚੰਗੇ ਵਕਤਾ ਸਨ । ਛੋਟੀ ਉਮਰ ਵਿੱਚ ਹੀ ਮਾਤਾ ਜੀ ਅਕਾਲ ਚਲਾਣਾ ਕਰ ਗਏ । ਪਿਤਾ ਜੀ ਤੋਂ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ । ਸਕੂਲ ਦੀ ਵਿੱਦਿਆ ਤੋਂ ਬਾਅਦ ਪੰਜਾਬੀ ਗਿਆਨੀ ਦਾ ਇਮਤਿਹਾਨ ਓਰੀਐਂਟਲ ਕਾਲਜ, ਲਾਹੌਰ ਰਾਹੀਂ ਪਾਸ ਕੀਤਾ । ਇਮਤਿਹਾਨ ਸਮੇਂ ਬੀਮਾਰ ਹੋਣ ਦੇ ਬਾਵਜੂਦ ਵੀ ਯੂਨੀਵਰਸਿਟੀ ਵਿੱਚ ਪੰਜਵੇਂ ਨੰਬਰ 'ਤੇ ਆਏ ।

ਕਸ਼ਮੀਰ ਵਿੱਚ ਇਕ ਬਹੁਤ ਮਸ਼ਹੂਰ ਡੇਰਾ ਗੁਫਾ ਮੁਜ਼ੱਫਰਾਬਾਦ ਵਿੱਚ ਸੀ। ਜਿਥੇ ਠਾਕੁਰ ਜੋਗਾ ਸਿੰਘ ਜੀ, ਠਾਕੁਰ ਦਇਆ ਸਿੰਘ ਜੀ ਅਤੇ ਠਾਕੁਰ ਨਰੈਣ ਸਿੰਘ ਜੀ ਨੇ ਬੜੇ ਤਪ ਤਿਆਗ ਨਾਲ ਨਾਮ ਅਭਿਆਸ ਤੇ ਸਿੱਖੀ ਪ੍ਰਚਾਰ ਕੀਤਾ । ਠਾਕੁਰ ਨਰੈਣ ਸਿੰਘ ਜੀ ਦੀ ਵੱਡੀ ਲੜਕੀ ਬੀਬੀ ਹਰਬੰਸ ਕੌਰ ਨਾਲ ਆਪ ਦੀ ੧੯੩੨ ਈ: ਵਿੱਚ ਸ਼ਾਦੀ ਹੋ ਗਈ । ਠਾਕੁਰ ਜੀ ਸੁਵਰਗਵਾਸ ਹੋ ਗਏ ਸਨ । ਇਸ ਕਰ ਕੇ ਠਾਕੁਰ ਨਰੈਣ ਸਿੰਘ ਜੀ ਦੀ ਇੱਛਾ ਅਨੁਸਾਰ ਡੇਰਿਆਂ ਦੇ ਮੁੱਖੀ ਇਨ੍ਹਾਂ ਨੂੰ ਡੇਰੇ ਦਾ ਮਹੰਤ ਬਣਾਉਣਾ ਚਾਹੁੰਦੇ ਸਨ, ਪਰ ਆਪ ਅਕਾਲੀ ਲਹਿਰ ਤੋਂ ਪ੍ਰਭਾਵਤ ਕੱਟੜ ਸਿੰਘ ਸਨ, ਜਿਸ ਕਰ ਕੇ ਡੇਰਿਆਂ ਦੀਆਂ ਮਹੰਤੀਆਂ ਦੇ ਖਿਲਾਫ਼ ਸਨ, ਇਸ ਲਈ ਮਹੰਤ ਬਣਨ ਤੋਂ ਇਨਕਾਰ ਕਰ ਦਿੱਤਾ ।

ਰਾਵਲਪਿੰਡੀ ਵਿਖੇ ਕਰਤਾਰਪੁਰੇ ਮਹੱਲੇ ਦੇ ਗੁਰਦੁਆਰੇ ਵਿੱਚ ਮੁੱਖ ਗ੍ਰੰਥੀ ਦੀ ਸੇਵਾ ਸੰਭਾਲ

ਲਈ, ਇਥੇ ਰੋਜ਼ ਗੁਰਬਾਣੀ ਦੀ ਕਥਾ ਕਰਦੇ ਸਨ । ਲਗ-ਭਗ ਦਸ ਸਾਲ ਰਾਵਲਪਿੰਡੀ ਰਹਿੰਦਿਆਂ ਆਪਣੀ ਵਿਦਵਤਾ ਅਤੇ ਵਿਆਖਿਆ ਸ਼ਕਤੀ ਦੇ ਬਲ ਨਾਲ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਲਈ ।

੧੯੪੭ ਈ: ਦੇ ਘੱਲੂਘਾਰੇ ਸਮੇਂ ਰਾਵਲਪਿੰਡੀ ਤੋਂ ਅੰਮ੍ਰਿਤਸਰ ਆ ਗਏ । ਅਕਾਲੀ ਲੀਡਰਾਂ ਨਾਲ ਪਹਿਲਾਂ ਹੀ ਵਾਕਫੀਅਤ ਸੀ । ਆਪ ਦੀ ਇਲਮੀ ਲਿਆਕਤ, ਧਾਰਮਿਕ ਜੀਵਨ, ਸਫਲ ਲੈਕਚਰਾਰ ਹੋਣ ਦੇ ਨਾਤੇ ੧੯੪੮ ਈ: ਵਿੱਚ ਕਮੇਟੀ ਵੱਲੋਂ ਆਪ ਜੀ ਨੂੰ ਸ੍ਰੀ ਦਰਬਾਰ ਸਾਹਿਬ ਜੀ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ । ੧੯੫੨ ਈ: ਵਿੱਚ ਜਦ ਮਹੰਤ ਮੂਲ ਸਿੰਘ ਜੀ ਮੁੱਖ ਗ੍ਰੰਥੀ ਦੀ ਪਦਵੀ ਤੋਂ ਅਸਤੀਫਾ ਦੇ ਗਏ, ਤਾਂ ਆਪ ਜੀ ਨੂੰ ਮੁੱਖ ਗ੍ਰੰਥੀ ਦੀ ਮਹਾਨ ਪਦਵੀ 'ਤੇ ਥਾਪਿਆ ਗਿਆ । ਆਪ ਹਰ ਐਤਵਾਰ ਨੂੰ ਸ੍ਰੀ ਮੰਜੀ ਸਾਹਿਬ ਵਿਖੇ ਸ਼ਾਮ ਨੂੰ ਇਤਿਹਾਸ ਦੀ ਕਥਾ ਤੋਂ ਬਾਅਦ ਕਿਸੇ ਇਕ ਮਜ਼ਮੂਨ 'ਤੇ ਧਾਰਮਿਕ ਲੈਕਚਰ ਦਿਆ ਕਰਦੇ ਸਨ । ਜਿਸ ਦਾ ਸ਼ਹਿਰ ਦੀਆਂ ਸੰਗਤਾਂ ਅਤੇ ਖਾਸ ਕਰ ਕੇ ਨੌਜਵਾਨ ਤਬਕੇ 'ਤੇ ਚੰਗਾ ਅਸਰ ਪੈਂਦਾ ਸੀ । ਸ਼ਹਿਰ ਦੇ ਵਿਦਵਾਨ, ਸੰਤ, ਮਹੰਤ ਵੀ ਆਪ ਦਾ ਲੈਕਚਰ ਸੁਣਨ ਆਉਂਦੇ । ੧੯੬੦ ਈ: ਦੇ ਪੰਜਾਬੀ ਸੂਬੇ ਸੰਬੰਧੀ ਚਲ ਰਹੇ ਅੰਦੋਲਨ ਸਮੇਂ ਗੁ: ਮੰਜੀ ਸਾਹਿਬ ਵਿਖੇ ਸਰਕਾਰ ਵਿਰੋਧੀ ਲੈਕਚਰ ਦੇਣ ਦੇ ਦੋਸ਼ ਵਿੱਚ ਜੇਹਲ ਯਾਤਰਾ ਵੀ ਕਰਨੀ ਪਈ । ਮਰਨ ਵਰਤ ਦਾ ਪ੍ਰਣ ਤੋੜਨ ਦੇ ਦੋਸ਼ ਵਿੱਚ ਮਾਸਟਰ ਤਾਰਾ ਸਿੰਘ ਜੀ ਨੂੰ ਤਨਖ਼ਾਹ ਲਾਉਣ ਵਾਲੇ ਪੰਜਾਂ ਪਿਆਰਿਆਂ 'ਚ ਆਪ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ਼ਾਮਲ ਹੋਏ ।

ਅਕਤੂਬਰ ੧੯੬੩ ਈ: ਵਿੱਚ ਕਿਸੇ ਕਾਰਨ ਆਪ ਇਸ ਪਦਵੀ ਤੋਂ ਅਸਤੀਫਾ ਦੇ ਗਏ। ਬਾਅਦ ਵਿੱਚ ਅਕਾਲੀ ਸਿਆਸਤ ਵਿੱਚ ਸਰਗਰਮ ਹਿੱਸਾ ਲੈਣ ਲੱਗ ਪਏ । ਕੁਝ ਸਮਾਂ 'ਮਾਸਟਰ ਤਾਰਾ ਸਿੰਘ ਅਕਾਲੀ ਦਲ' ਦੇ ਪ੍ਰਧਾਨ ਵੀ ਰਹੇ । ਬਾਅਦ ਵਿੱਚ ਦੋਹਾਂ ਦਲਾਂ ਦਾ ਏਕੀਕਰਣ ਹੋ ਗਿਆ ਤੇ ਆਪ ਅਕਾਲੀ ਦਲ ਦੇ ਪਾਰਲੀਮੈਂਟਰੀ ਬੋਰਡ ਦੇ ਪ੍ਰਧਾਨ ਬਣ ਗਏ ।

੧੯੭੦ ਈ: ਵਿੱਚ ਆਪ ਰਾਜ ਸਭਾ ਦੇ ਮੈਂਬਰ ਬਣ ਗਏ । ਜਿਸ ਕਰ ਕੇ ਆਪ ਦਿੱਲੀ ਰਹਿੰਦੇ ਰਹੇ । ਅੱਜ-ਕਲ੍ਹ ਸ੍ਰੀ ਅੰਮ੍ਰਿਤਸਰ ਵਿਖੇ ਨਿਰਮਲ ਸੰਪ੍ਰਦਾਇ ਦੇ ਅਸਥਾਨ ਡੇਰਾ ਬਾਬਾ ਜੋਗਾ ਸਿੰਘ ਗਲੀ ਤੇਲੀਆਂ ਚੌਂਕ ਚਿੰਤਪੁਰਨੀ, ਅੰਮ੍ਰਿਤਸਰ ਦੇ ਮਹੰਤ ਥਾਪੇ ਗਏ ਤੇ ਅੰਮ੍ਰਿਤਸਰ ਹੀ ਰਹਿ ਰਹੇ ਹਨ । ਆਪ ਚੰਗੇ ਮਿਲਣਸਾਰ, ਗੰਭੀਰ ਤੇ ਨਰਮ ਤਬੀਅਤ ਦੇ ਮਾਲਕ ਹਨ । ਸਰਵਿਸ ਸਮੇਂ ਦੇ ਮਾਤਹਿਤ ਸਟਾਫ ਦੇ ਮਨਾਂ 'ਚ ਹੁਣ ਤੱਕ ਆਪ ਦਾ ਸਤਿਕਾਰ ਕਾਇਮ ਹੈ । ਇਨ੍ਹਾਂ ਦੇ ਸਮੇਂ ੧੯੫੭ ਈ: ਤੱਕ ਜਥੇਦਾਰ ਅੱਛਰ ਸਿੰਘ ਜੀ, ਗਿਆਨੀ ਚੇਤ ਸਿੰਘ ਜੀ ਅਤੇ ਗਿਆਨੀ ਅਰਜਨ ਸਿੰਘ ਜੀ ਤਿੰਨ ਗ੍ਰੰਥੀ ਰਹੇ । ੨ ਅਪ੍ਰੈਲ ੧੯੫੮ ਈ: ਤੋਂ ਗਿਆਨੀ ਅਰਜਨ ਸਿੰਘ ਜੀ ਦੀ ਥਾਂ ਦਾਸ (ਕਿਰਪਾਲ ਸਿੰਘ) ਚੌਥਾ ਗ੍ਰੰਥੀ ਨਿਯੁਕਤ ਹੋਇਆ ।

## ਸਿੰਘ ਸਾਹਿਬ ਗਿਆਨੀ ਅਰਜਨ ਸਿੰਘ ਜੀ 'ਗ੍ਰੰਥੀ'

ਆਪ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਨਵੇਂ ਪਿੰਡ ਦਾ ਸੀ । ਆਪ ਜੀ ਦੇ ਪਿਤਾ ਦਾ ਨਾਮ ਭਗਤ ਸਾਹਿਬ ਸਿੰਘ ਸੀ । ਆਪ ਗੁਰਬਾਣੀ ਤੇ ਗੁਰ-ਇਤਿਹਾਸ ਅਤੇ ਪ੍ਰਸਿੱਧ ਬ੍ਰਿਜ ਭਾਸ਼ਾ ਗ੍ਰੰਥਾਂ ਦੇ ਪੂਰੇ ਗਿਆਤਾ ਸਨ । ਵੈਦਕ ਗ੍ਰੰਥਾਂ ਦਾ ਆਪ ਵਿਸ਼ਾਲ ਗਿਆਨ ਰੱਖਦੇ ਸਨ। ੧੯੫੨ ਈ: ਨੂੰ ਜਦ ਮਹੰਤ ਮੂਲ ਸਿੰਘ ਜੀ ਮੁੱਖ ਗ੍ਰੰਥੀ ਦੀ ਪਦਵੀ ਤੋਂ ਅਸਤੀਫਾ ਦੇ ਗਏ ਤੇ ਉਨ੍ਹਾਂ ਦੀ ਥਾਂ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਮੁੱਖ ਗ੍ਰੰਥੀ ਥਾਪੇ ਗਏ ਤਾਂ ਗ੍ਰੰਥੀ

ਸਿੰਘ ਦੀ ਇਕ ਪੋਸਟ ਖਾਲੀ ਹੋ ਗਈ। ਆਪ ਜੀ ਦੀ ਗੁਰਮਤਿ ਵਿਦਿਅਕ ਯੋਗਤਾ ਤੇ ਉਚੇ ਧਾਰਮਿਕ ਜੀਵਨ ਨੂੰ ਧਿਆਨ ਵਿੱਚ ਰੱਖਦਿਆਂ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਚੌਥਾ ਗ੍ਰੰਥੀ ਨਿਯੁਕਤ ਕਰ ਦਿੱਤਾ। ਆਪ ਆਪਣੀ ਗ੍ਰੰਥੀ ਦੀ ਡਿਊਟੀ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੰਮ੍ਰਿਤ ਵੇਲੇ ਆਏ ਹੋਏ ਮਹਾਂਵਾਕ ਦੀ ਕਥਾ ਗੁਰਦੁਆਰਾ ਮੰਜੀ ਸਾਹਿਬ ਵਿਖੇ ਸੰਗਤਾਂ ਨੂੰ ਸੁਣਾ ਕੇ ਨਿਹਾਲ ਕਰਦੇ ਰਹੇ। ਆਪ ਜੀ ਦੀ ਵਿਦਵਤਾ ਪੂਰਨ ਤੇ ਗੁਰਮਤਿ ਰੰਗ ਵਿੱਚ ਭਿੱਜੀ ਗੁਰਸ਼ਬਦ ਦੀ ਅੰਮ੍ਰਿਤ ਕਥਾ ਦਾਸ ਨੂੰ ਵੀ ਸੁਣਨ ਦਾ ਕਈ ਵਾਰ ਮੌਕਾ ਮਿਲਦਾ ਰਿਹਾ ਹੈ। ਅਖੀਰ ਅਚਾਨਕ ਕਿਸੇ ਬੀਮਾਰੀ ਕਾਰਨ ਆਪ ਦਾ ੧੯੫੭ ਈ: ਵਿੱਚ ਦੇਹਾਂਤ ਹੋ ਗਿਆ। ਉਸ ਸਮੇਂ ਦੇ ਪ੍ਰੇਮੀਆਂ ਨੇ ਦੱਸਿਆ ਹੈ ਕਿ ਜਿੰਨੀਆਂ ਸੰਗਤਾਂ ਸਿੰਘ ਸਾਹਿਬ ਗਿਆਨੀ ਅਰਜਨ ਸਿੰਘ ਜੀ ਦੀ ਅਰਥੀ ਨਾਲ ਜਲੂਸ ਦੀ ਸ਼ਕਲ ਵਿੱਚ ਮਸਾਣਾਂ ਤੱਕ ਗਈਆਂ ਏਨਾਂ ਸੰਗਤਾਂ ਦਾ ਇਕੱਠ ਇਸ ਤੋਂ ਪਹਿਲਾਂ ਕਿਸੇ ਵਿਅਕਤੀ ਦੀ ਅਰਥੀ ਨਾਲ ਜਾਂਦਾ ਨਹੀਂ ਤੱਕਿਆ। ਜਿਸ ਤੋਂ ਸਪੱਸ਼ਟ ਹੈ ਕਿ ਆਪ ਜੀ ਦੀ ਧਾਰਮਿਕ ਤੇ ਵਿਦਵਾਨ ਸ਼ਖਸੀਅਤ ਦਾ ਅੰਮ੍ਰਿਤਸਰ ਦੀਆਂ ਸੰਗਤਾਂ ਦੇ ਮਨ ਵਿੱਚ ਭਾਰੀ ਸਤਿਕਾਰ ਤੇ ਪਿਆਰ ਸੀ। ਇਨ੍ਹਾਂ ਦੇ ਸਮੇਂ ਗਿਆਨੀ ਭੁਪਿੰਦਰ ਸਿੰਘ ਜੀ ਮੁੱਖ ਗ੍ਰੰਥੀ, ਗਿਆਨੀ ਅੱਛਰ ਸਿੰਘ ਜੀ ਤੇ ਗਿਆਨੀ ਚੇਤ ਸਿੰਘ ਜੀ ਗ੍ਰੰਥੀ ਸਨ।

ਆਪ ਸੁਭਾਵ ਦੇ ਬੜੇ ਮਿੱਠੇ, ਨਿਰਹੰਕਾਰ, ਨਿੰਮ੍ਰਤਾ ਦੇ ਪੁੰਜ, ਵਿਦਵਾਨ ਖੋਜੀ, ਲੇਖਕ ਤੇ ਸੁਘੜ ਵਕਤਾ ਸਨ। ਸੰਗਤਾਂ ਆਪ ਦੇ ਸੁਭਾਵ, ਗੁਣਾਂ ਤੇ ਕਥਾ ਦੀ ਹੁਣ ਤੱਕ ਬਹੁਤ ਸ਼ਲਾਘਾ ਕਰਦੀਆਂ ਹਨ।

## ੧੫. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ 'ਮੁੱਖ ਗ੍ਰੰਥੀ'

ਆਪ ਦਾ ਜਨਮ ਪਿੰਡ ਭੱਖੜਿਆਲੀ ਜ਼ਿਲ੍ਹਾ ਗੁਜਰਾਤ (ਜੋ ਅੱਜ-ਕਲ੍ਹ ਪਾਕਿਸਤਾਨ ਵਿੱਚ ਹੈ) ਵਿਖੇ ਲਗ-ਪਗ ੧੯੦੧ ਈ: ਵਿਖੇ ਹੋਇਆ। ਪਿਤਾ ਦਾ ਨਾਮ ਸ: ਗਣੇਸ਼ਾ ਸਿੰਘ ਅਤੇ ਮਾਤਾ ਜੀ ਦਾ ਨਾਮ ਜੀਵਨ ਕੌਰ ਸੀ। ਸਕੂਲ ਵਿੱਚੋਂ ਪ੍ਰਾਇਮਰੀ ਤੱਕ ਵਿੱਦਿਆ ਪੜ੍ਹੀ। ਫਿਰ ਮੁਰਾਲੇ ਵਿਖੇ ਬਾਬਾ ਨਿਹਾਲ ਸਿੰਘ ਜੀ ਪਾਸੋਂ ਗੁਰਮੁਖੀ ਵਿੱਦਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਤੇ ਸਰਲ ਪਾਠ ਸੰਥਾ ਸਹਿਤ ਪੜ੍ਹਿਆ। ਉਪਰੰਤ ਪਿੰਡ ਕੋਟਲੀ ਮਾੜੀ ਵਿਖੇ ਪੰਡਿਤ ਨਰੈਣ ਸਿੰਘ ਜੀ ਨਿਰਮਲੇ ਪਾਸੋਂ ਭਾਸ਼ਾ ਤੇ ਵੇਦਾਂਤ ਦੇ ਗ੍ਰੰਥ ਅਰਥਾਂ ਸਹਿਤ ਪੜ੍ਹੇ ਅਤੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਸੰਗਤ ਕਰਦੇ ਰਹੇ।

੧੯੧੯ ਈ: ਤੋਂ ੧੯੨੦ ਈ: ਤੱਕ ਅੰਮ੍ਰਿਤਸਰ ਨਿਰਮਲਿਆਂ ਦੇ ਬੁੰਗੇ ਮਹੰਤ ਮੂਲ ਸਿੰਘ ਜੀ ਪਾਸ ਰਿਹਾਇਸ਼ ਰੱਖ ਕੇ ਉਨ੍ਹਾਂ ਦੇ ਨਾਲ ਸੰਤ ਗਿਆਨੀ ਅਮੀਰ ਸਿੰਘ ਜੀ ਸੇਵਾ ਪੰਥੀ ਡੇਰਾ ਸੱਤੋਵਾਲੀ ਗਲੀ ਵਾਲਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪ੍ਰਦਾਈ ਅਰਥਾਂ ਸਹਿਤ ਇਕ ਸੰਪੂਰਨ ਕਥਾ ਸੁਣੀ ਤੇ ਵੀਚਾਰੀ। ਇਸ ਤੋਂ ਬਾਅਦ ਉਸ ਸਮੇਂ ਦੇ ਗੁਰਮਤਿ ਸਾਹਿਤ ਦੇ ਸਾਰੇ ਗ੍ਰੰਥਾਂ ਦੇ ਮਹਾਨ ਵਿਦਵਾਨ ਕਹਿਣੀ ਤੇ ਕਰਨੀ ਦੇ ਪੂਰੇ-ਸੂਰੇ ਪੰਥ ਪ੍ਰਸਿੱਧ ਹਸਤੀ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਰਹਿ ਕੇ ੧੯੨੦ ਤੋਂ ੧੯੨੧ ਤੱਕ ਇਕ ਮੁਕੰਮਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਸਹਿਤ ਕਥਾ ਸੁਣੀ ਤੇ ਵੀਚਾਰੀ। ਫਿਰ ਨਗਰ ਆ ਗਏ ਤੇ ਸ਼ਾਦੀ ਕਰਵਾ ਲਈ। ਆਪ ਦੀ ਸਿੰਘਣੀ ਦਾ ਨਾਮ ਬੀਬੀ ਬਲਵੰਤ ਕੌਰ

ਹੈ । ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁੱਜਰਾਂ ਵਾਲਾ ਵਿਖੇ ਮੁੱਖ ਗ੍ਰੰਥੀ ਦੀ ਸੇਵਾ-ਸੰਭਾਲ ਲਈ ਉਥੇ ਕਈ ਸਾਲ ਗੁਰਬਾਣੀ ਤੇ ਗੁਰ ਇਤਿਹਾਸ ਦੀ ਕਥਾ ਵੀ ਕਰਦੇ ਰਹੇ। ੧੯੪੪ ਈ: ਵਿੱਚ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਪਦਵੀ ਉੱਪਰ ਥਾਪ ਦਿੱਤਾ ਗਿਆ ਆਪ ਦੀ ਆਵਾਜ਼ ਸੁਰੀਲੀ ਤੇ ਮਹਾਂਵਾਕ ਪੜ੍ਹਨ ਦਾ ਢੰਗ ਬੜਾ ਸੁੰਦਰ ਸੀ । ਕੁਝ ਸਮਾਂ ਆਪ ਗੁ: ਮੰਜੀ ਸਾਹਿਬ ਵਿਖੇ ਦਿਨ ਢਲੇ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵੀ ਸੰਗਤਾਂ ਨੂੰ ਸੁਣਾਂਦੇ ਰਹੇ । ਗਿਆਨੀ ਭੁਪਿੰਦਰ ਸਿੰਘ ਜੀ ਦੇ ਅਸਤੀਫਾ ਦੇ ਜਾਣ ਤੋਂ ਬਾਅਦ ੧੦ ਫਰਵਰੀ ੧੯੬੩ ਈ: ਨੂੰ ਆਪ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਥਾਪੇ ਗਏ । ਨਵੰਬਰ ੧੯੬੨ ਤੋਂ ਮਈ ੧੯੬੩ ਤੱਕ ਆਪ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਸੇਵਾ ਨਿਭਾਉਂਦੇ ਰਹੇ । ਮਾਸਟਰ ਤਾਰਾ ਸਿੰਘ ਤੇ ਹੋਰ ਸੰਬੰਧਤਾਂ ਨੂੰ ਤਨਖਾਹ ਲਾਉਣ ਸਮੇਂ ਆਪ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ । ਪੂਰੇ ੩੦ ਸਾਲ ਆਪ ਨੇ ਗ੍ਰੰਥੀ ਤੇ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਬੜੀ ਯੋਗਤਾ ਨਾਲ ਨਿਭਾਈ ।

੩੧ ਮਈ ੧੯੭੪ ਈ: ਦੀ ਸ਼ਾਮ ਤੋਂ ਆਪ ਮੁੱਖ ਗ੍ਰੰਥੀ ਦੀ ਸੇਵਾ ਤੋਂ ਸੇਵਾ ਮੁਕਤ ਹੋ ਗਏ । ਉਸ ਤੋਂ ਬਾਅਦ ਕੁਝ ਸਮਾਂ ਆਪ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੰਜਾਂ ਪਿਆਰਿਆਂ ਦੇ ਜਥੇਦਾਰ ਦੀ ਸੇਵਾ ਨਿਭਾਉਂਦੇ ਰਹੇ । ਜਿਸ ਨਾਲ ਅੰਮ੍ਰਿਤ ਪ੍ਰਚਾਰ ਦੀ ਲਹਿਰ ਨੂੰ ਬਲ ਮਿਲਿਆ । ਇਨ੍ਹਾਂ ਦੇ ਮੁੱਖ ਗ੍ਰੰਥੀ ਕਾਲ ਵਿੱਚ ਦਾਸ (ਕ੍ਰਿਪਾਲ ਸਿੰਘ), ਗਿਆਨੀ ਕਪੂਰ ਸਿੰਘ ਜੀ ਅਤੇ ਗਿਆਣੀ ਸੋਹਣ ਸਿੰਘ ਜੀ ਤਿੰਨ ਗ੍ਰੰਥੀ ਰਹੇ । ਇਸ ਸਮੇਂ ਆਪ ੧੭੭ ਨੰ: ਕੋਠੀ, ਅਜੀਤ ਨਗਰ, ਅੰਮ੍ਰਿਤਸਰ ਵਿੱਚ ਰਹਿ ਰਹੇ ਹਨ । ਆਪ ਸੁਭਾਵ ਦੇ ਬੜੇ ਉੱਦਮੀ, ਧੁਨ ਦੇ ਪੱਕੇ, ਦੂਜਿਆਂ ਦੇ ਕੰਮ ਆਉਣ ਵਾਲੇ, ਵਿਵਹਾਰ ਦੇ ਸਿਆਣੇ, ਸੁਘੜ ਸਲਾਹਕਾਰ ਤੇ ਸਫਲ ਪ੍ਰਬੰਧਕ ਹਨ ।

## ੧੯. ਦਾਸ (ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ) ਮੁੱਖ ਗ੍ਰੰਥੀ

ਸਤਿਕਾਰ ਯੋਗ ਪਿਤਾ ਸ੍ਰ: ਮੱਲ ਸਿੰਘ ਜੀ ਦੇ ਘਰ ਅਤੇ ਪੂਜਨੀਕ ਮਾਤਾ ਸ੍ਰੀ ਮਤੀ ਰਾਮ ਕੌਰ ਜੀ ਦੀ ਕੁੱਖੋਂ ੧੦ ਜੂਨ ੧੯੧੮ ਈ: ਨੂੰ ਪਿੰਡ ਵੈਰੋਕੇ, ਥਾਣਾ ਬਾਘਾ ਪੁਰਾਣਾ, ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ (ਉਸ ਵੇਲੇ ਇਹ ਪਿੰਡ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸੀ) ਵਿਖੇ ਕਲਗੀਧਰ ਵੱਲੋਂ ਵਰੋਸਾਈ ਬੈਰਾੜ ਕੌਮ ਵਿੱਚ ਮੇਰਾ ਜਨਮ ਹੋਇਆ । ੧੯੩੨ ਈ ਦੇ ਮਾਰਚ ਵਿੱਚ ਅੱਠ ਜਮਾਤਾਂ (ਵਰਨੈਕੂਲਰ ਮਿਡਲ) ਪਾਸ ਕਰ ਕੇ ਨਗਰ ਦੇ ਗੁਰਦੁਆਰੇ ਸ੍ਰੀ ਮਾਨ ਸੰਤ ਕੇਹਰ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਥਾ ਨਾਲ ਪਾਠ ਕੀਤਾ, ਫਿਰ ਵਿਚਰ ਕੇ ਉਦਾਸੀ ਤੇ ਨਿਰਮਲੇ ਵਿਦਵਾਨ ਸੰਤਾਂ ਪਾਸੋਂ ਚਣਾਕਾ ਰਾਜਨੀਤੀ, ਭਾਵਰਸਾਂਮ੍ਰਿਤ, ਸਾਰੁਕਤਾਵਲੀ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਪ੍ਰਬੋਧ-ਚੰਦਰ ਨਾਟਕ, ਵੈਰਾਗ ਸ਼ੱਤਕ ਆਦਿ ਬ੍ਰਿਜ ਭਾਸ਼ਾ ਤੇ ਵੇਦਾਂਤ ਦੇ ਗ੍ਰੰਥ ਤੇ ਰੂਪ ਦੀਪ ਪਿੰਗਲ ਤੇ ਛੰਦ ਰਤਨਾਵਲੀ ਛੰਦ ਸ਼ਾਸਤ੍ਰ ਦੇ ਗ੍ਰੰਥ ਅਤੇ ਮੇਘ ਬਿਨੋਦ ਤੇ ਅਮੀਰ ਪ੍ਰਕਾਸ਼ ਵੈਦਕ ਦੇ ਗ੍ਰੰਥ ਅਰਥਾਂ ਸਹਿਤ ਪੜ੍ਹੇ ।

੧੯੩੯ ਈ: ਦੇ ੧੫ ਫਰਵਰੀ ਵਾਲੇ ਦਿਨ ਪੰਥ ਪ੍ਰਸਿੱਧ ਮਹਾਨ ਹਸਤੀ ਤੇ ਗੁਰਮਤਿ ਵਿੱਦਿਆ ਦੇ ਅਦੁੱਤੀ ਅਚਾਰਯ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਭਰਤੀ ਹੋ ਗਿਆ । ਜਥੇ ਵਿੱਚ ਰਹਿ ਕੇ ਸ੍ਰੀ ਗੁਰੂ ਗ੍ਰੰਥ

ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਵਾਰਾਂ ਤੇ ਕਬਿੱਤ ਸਵੱਯੇ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ, ਗੁਰਬਿਲਾਸ ਪਾ: ੬ਵੀਂ ਤੇ ੧੦ਵੀਂ ਅਤੇ ਵੇਦਾਂਤ ਦੇ ਪ੍ਰਸਿੱਧ ਗ੍ਰੰਥ ਵਿਚਾਰ ਸਾਗਰ ਅਤੇ ਮੋਖਸ਼ ਪੰਥ ਅਰਥਾਂ ਸਹਿਤ ਪੜ੍ਹੇ, ਵੀਚਾਰੇ ਤੇ ਨੋਟ ਲਿਖੇ ।

ਸੰਤਾਂ ਪਾਸੋਂ ਗੁਰਬਾਣੀ ਦੇ ਅਰਥ ਪੜ੍ਹਾਉਣ ਅਤੇ ਕਥਾ ਕਰਨ ਦਾ ਪ੍ਰੈਕਟੀਕਲ ਢੰਗ ਸਿੱਖਿਆ ਤੇ ਗੁਰਮਤਿ ਰਹਿਣੀ ਵਿੱਚ ਪ੍ਰਪੱਕਤਾ ਹਾਸਲ ਕੀਤੀ । ੧੯੪੪ ਈ: ਤੋਂ ੧੯੫੮ ਈ: ਤੱਕ ਆਪਣੇ ਨਾਲ ੧੫-੧੬ ਵਿਦਿਆਰਥੀ ਸਿੰਘਾਂ ਦਾ ਜਥਾ ਲੈ ਕੇ ਪੰਜਾਬ ਦੇ ਪਿੰਡਾਂ ਅਤੇ ਭਾਰਤ ਭਰ ਦੇ ਵੱਡੇ- ਵੱਡੇ ਸ਼ਹਿਰਾਂ- ਦਿੱਲੀ, ਕਲਕੱਤਾ, ਕਾਨ੍ਹਪੁਰ, ਲਖਨਊ, ਬੰਬਈ, ਡੇਹਰਾਦੂਨ ਤੇ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਆਦਿ ਗੁਰਧਾਮਾਂ-ਵਿਖੇ ਵਿਚਰ ਕੇ ਗੁਰਮਤਿ ਪ੍ਰਚਾਰ, ਅੰਮ੍ਰਿਤ ਪ੍ਰਚਾਰ ਤੇ ਵਿਦਿਆਰਥੀਆਂ ਨੂੰ ਗੁਰਮਤਿ ਵਿੱਦਿਆ ਪੜ੍ਹਾਉਣ ਦੀ ਸੇਵਾ ਵੀ ਕਰਦਾ ਰਿਹਾ । ੧੯੪੮ ਈ: ਦੇ ਪੰਜਾਬੀ ਗਿਆਨੀ ਦੇ ਇਮਤਿਹਾਨ ਵਿੱਚ ਪੰਜਾਬ ਯੂਨੀਵਰਸਿਟੀ 'ਚੋਂ ਸੈਕਿੰਡ ਪੁਜੀਸ਼ਨ 'ਤੇ ਆਇਆ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਸੰਪੂਰਨ ਕਥਾ ਗੁਰਦੁਆਰਾ ਸੰਤ-ਭਵਨ ਪਿੰਡ ਲੰਢੇ ਕੇ ਅਤੇ ਦੂਜੀ ਗੁਰਦੁਆਰਾ ਗੁਰੂਸਰ ਮਹਿਰੋਂ (ਦੋਵੇਂ ਪਿੰਡ ਮੋਗਾ ਨੇੜੇ) ਤੇ ਤੀਜੀ ਅੱਡ-ਅੱਡ ਥਾਵਾਂ 'ਤੇ ਵਿਚਰ ਕੇ ਕੀਤੀ । ਤਿੰਨੇ ਕਥਾ ਜਿਥੇ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਉਣ ਹਿੱਤ ਕੀਤੀਆਂ ਉਥੇ ਨਾਲ ਸੰਗਤਾਂ ਵੀ ਸੁਣ ਕੇ ਲਾਭ ਉਠਾਉਂਦੀਆਂ ਰਹੀਆਂ । ੧੯੫੪ ਈ: ਤੋਂ ੧੯੫੬ ਈ: ਤੱਕ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਅਕਾਲੀ ਜੱਥੇ ਦੇ ਜਨਰਲ ਸਕੱਤਰ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ.। ੧੯੫੫ ਈ. ਦੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਤੇ ਲੱਗੀ ਪਾਬੰਦੀ ਵਿਰੁੱਧ ਅਕਾਲੀ ਦਲ ਵੱਲੋਂ ਲੱਗੇ ਮੋਰਚੇ ਸਮੇਂ ਜਦ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਜਥੇਦਾਰ ਸੰਤ ਕਿਰਪਾਲ ਸਿੰਘ ਜੀ ਰੋਡੇ ਤੇ ਉਨ੍ਹਾਂ ਤੋਂ ਬਾਅਦ ਜਥੇਦਾਰ ਨਿਰੰਜਨ ਸਿੰਘ ਪੂਹਲਾ ਗ੍ਰਿਫ਼ਤਾਰ ਹੋ ਗਏ ਤਾਂ ਜ਼ਿਲ੍ਹਾ ਅਕਾਲੀ ਜਥੇ ਦੀ ਜਥੇਦਾਰੀ ਮੇਰੇ ਸਪੁਰਦ ਕਰ ਗਏ । ਮੈਂ ਇਹ ਸੇਵਾ ਅੰਡਰ ਗਰਾਊਂਡ ਰਹਿ ਕੇ ਉਦੋਂ ਤੱਕ ਨਿਭਾਈ ਜਦ ਤੱਕ ਸਰਕਾਰ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ 'ਤੇ ਲੱਗੀ ਪਾਬੰਦੀ ਵਾਪਸ ਨਾ ਲੈ ਲਈ ।

੧੯੫੬ ਈ: ਵਿੱਚ ਸੰਤਾਂ ਦੇ ਬੀਮਾਰ ਰਹਿਣ ਸਮੇਂ ਤੋਂ ਮਾਰਚ ੧੯੫੮ ਈ: ਤੱਕ ਲਗ-ਪਗ ਡੇਢ ਕੁ ਸਾਲ ਸੰਤਾਂ ਦੇ ਜਥੇ ਵਿੱਚ ਰਹਿ ਕੇ ਸੰਤਾਂ ਵਾਂਗ ਦੋਨੋਂ ਸਮੇਂ ਗੁਰਬਾਣੀ ਤੇ ਗੁਰ-ਇਤਿਹਾਸ ਦੀ ਕਥਾ ਕਰਦਾ ਰਿਹਾ । ਜਿਸ ਤੋਂ ਵਿਦਿਆਰਥੀ ਤੇ ਸੰਗਤਾਂ ਲਾਭ ਲੈਂਦੀਆਂ ਰਹੀਆਂ ।

ਦਾਸ ਨੂੰ ੨ ਅਪ੍ਰੈਲ ੧੯੫੮ ਈ: ਨੂੰ ਸਿੱਖਾਂ ਦੇ ਸਰਬੋਤਮ-ਕੇਂਦਰੀ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਮ ਪਵਿੱਤਰ ਪਦਵੀ ਗ੍ਰੰਥੀ ਦੀ ਸੇਵਾ ਸੌਂਪੀ ਗਈ । ੧੯੫੮ ਈ: ਤੋਂ ੧੯੬੦ ਈ: ਤੱਕ ਦੋ ਸਾਲ ਗ੍ਰੰਥੀ ਦੀ ਡਿਊਟੀ ਤੋਂ ਇਲਾਵਾ ਗੁਰਦੁਆਰਾ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਏ ਪਹਿਲੇ ਹੁਕਮਨਾਮੇ ਦੀ ਕਥਾ ਕਰਨ ਦੀ ਸੇਵਾ ਵੀ ਕਰਦਾ ਰਿਹਾ । ਮਈ ੧੯੬੩ ਈ: ਤੋਂ ਮਈ ੧੯੬੫ ਈ: ਤੱਕ ਗ੍ਰੰਥੀ ਦੀ ਡਿਊਟੀ ਦੇ ਨਾਲ-ਨਾਲ ਦੋ ਸਾਲ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਨਰੇਰੀ

ਸੇਵਾ ਨਿਭਾਉਂਦਾ ਰਿਹਾ। ੨ ਜੂਨ ੧੯੭੪ ਈ: ਤੋਂ ੧੬ ਅਪ੍ਰੈਲ ੧੯੮੩ ਈ: ਤੱਕ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸੇਵਾ ਨਿਭਾਈ। ੨੯ ਮਾਰਚ ੧੯੮੨ ਤੋਂ ੨੪ ਦਸੰਬਰ ੧੯੮੬ ਈ: ਤੱਕ ਬਤੌਰ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਸੇਵਾ ਨਿਭਾਉਂਦਾ ਰਿਹਾ। ੨੬ ਮਾਰਚ ੧੯੮੨ ਤੋਂ ੧੬ ਅਪ੍ਰੈਲ ੧੯੮੩ ਈ: ਤੱਕ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਇਕੋ ਸਮੇਂ ਦੋਨੋਂ ਮਹਾਨ ਪਦਵੀਆਂ 'ਤੇ ਸਤਿਗੁਰੂ ਜੀ ਆਪਣੀ ਸੇਵਾ ਲੈਂਦੇ ਰਹੇ। ਭਾਈ ਮਨੀ ਸਿੰਘ ਜੀ ਤੋਂ ਬਾਅਦ ਪਹਿਲਾ ਸਮਾਂ ਹੈ ਜਦ ਕਿ ਇਕੋ ਸਮੇਂ ਦੋਨੋਂ ਮਹਾਨ ਪਦਵੀਆਂ 'ਤੇ ਇਕ ਵਿਅਕਤੀ ਪਾਸੋਂ ਗੁਰੂ-ਪੰਥ ਨੇ ਸੇਵਾ ਕਰਵਾਈ। ੯ ਜੁਲਾਈ ੧੯੮੦ ਤੋਂ ੨੪ ਅਪ੍ਰੈਲ ੧੯੮੧ ਤੱਕ ਗੁਰਮਤਿ ਪ੍ਰਚਾਰ ਹਿਤ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਦੇ ਗੁਰਦੁਆਰਿਆਂ ਵਿਖੇ ਗੁਰਬਾਣੀ ਦੀ ਕਥਾ, ਵਿਆਖਿਆ ਤੇ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ-ਪ੍ਰਚਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਪੰਥ ਦੀਆਂ ਮਹਾਨ ਸਿਆਸੀ ਹਸਤੀਆਂ ਮਾਸਟਰ ਤਾਰਾ ਸਿੰਘ ਜੀ ਸੰਤ ਫਤਹਿ ਸਿੰਘ ਜੀ, ਸ਼੍ਰੋਮਣੀ ਅਕਾਲੀ ਦਲ ਦੀ ਐਗਜ਼ੈਕਟਿਵ ਕਮੇਟੀ, ਨੂੰ ਤਨਖਾਹੀਏ ਕਰਾਰ ਦੇਣ ਅਤੇ ਤਨਖਾਹਾਂ ਲਗਾਉਣ ਸਮੇਂ ਦਾਸ ਪੰਜਾਂ ਪਿਆਰਿਆਂ ਵਿੱਚ ਬਤੌਰ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ਼ਾਮਲ ਸੀ।

੧੯੭੯ ਈ: ਵਿੱਚ ਅਕਾਲੀ ਦਲ ਦੇ ਦੋਹਾਂ ਧੜਿਆਂ ਵਿੱਚ ਏਕਤਾ ਕਰਾਉਣ ਲਈ ੧੦ ਨੁਕਾਤੀ ਫੈਸਲੇ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਅਤੇ ਜਥੇਦਾਰ ਉਜਾਗਰ ਸਿੰਘ ਸ਼ੇਖਵਾਂ ਆਦਿ ਨੂੰ ਤਨਖਾਹੀਏ ਕਰਾਰ ਦੇਣ ਅਤੇ ਤਨਖਾਹਾਂ ਲਾਉਣ ਸਮੇਂ ਦਾਸ ਬਤੌਰ ਮੁੱਖ-ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਲ ਸੀ। ਜਥੇਦਾਰ ਸੰਤੋਖ ਸਿੰਘ ਦਿੱਲੀ, ਜਥੇਦਾਰ ਰਛਪਾਲ ਸਿੰਘ ਦਿੱਲੀ ਤੇ ਜਥੇਦਾਰ ਕਰਤਾਰ ਸਿੰਘ ਟੱਕਰ ਅੰਬਾਲਾ ਤੇ ਬੀਰ ਬਿਕ੍ਰਮਾਜੀਤ ਸਿੰਘ ਅੰਮ੍ਰਿਤਸਰ ਨੂੰ ਤਨਖਾਹੀਏ ਕਰਾਰ ਦੇਣ ਅਤੇ ਤਨਖਾਹਾਂ ਲਾਉਣ ਅਤੇ ਫਿਰ ਸੰਤਾ ਸਿੰਘ ਨਿਹੰਗ ਜਥੇਦਾਰ ਬੁੱਢਾ ਦਲ, ਕੇਂਦਰੀ ਮੰਤਰੀ ਬੂਟਾ ਸਿੰਘ ਤੇ ਨਰੈਣ ਸਿੰਘ ਕਲੇਰਾਂ ਨੂੰ ਤਨਖਾਹੀਏ ਕਰਾਰ ਦੇਣ ਅਤੇ ਪੰਥ 'ਚੋਂ ਖਾਰਜ ਕਰਨ ਦੇ ਹੁਕਮਨਾਮਿਆਂ ਸਮੇਂ ਪੰਜਾਂ ਪਿਆਰਿਆਂ ਵਿੱਚ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸੇਵਾ ਕੀਤੀ। ੧੯੭੫ ਈ: ਦੇ ਐਮਰਜੈਂਸੀ ਵਿਰੋਧੀ ਮੋਰਚੇ ਤੇ ੧੯੮੨ ਈ: ਨੂੰ ਲੱਗੇ ਧਰਮ ਯੁੱਧ ਮੋਰਚੇ ਸਮੇਂ ਜਥੇਦਾਰ ਮੋਹਨ ਸਿੰਘ ਜੀ 'ਤੁੜ' ਅਤੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਚੰਗੇਰੇ ਸੁਝਾਉ ਦੇਂਦਾ ਰਿਹਾ ਤੇ ਉਨ੍ਹਾਂ ਨਾਲ ਬਤੌਰ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਤੇ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੂਰਾ ਸਹਿਯੋਗ ਦੇਂਦਾ ਰਿਹਾ। ੧੯੮੪ ਈ: ਜੂਨ ਦੇ ਨੀਲਾ ਤਾਰਾ ਘਲੂਘਾਰੇ ਤੋਂ ਪਹਿਲਾਂ ਤੇ ਪਿਛੋਂ ਪੰਜਾਂ ਸਿੰਘ ਸਾਹਿਬਾਨਾਂ ਵਿੱਚ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਾਮਲ ਹੋ ਕੇ ਪੰਥ ਦੇ ਭਲੇ ਦੇ ਸਰਬ ਸੰਮਤੀ ਨਾਲ ਫੈਸਲੇ ਕਰਦੇ ਰਹੇ। ੨ ਸਤੰਬਰ ੧੯੮੪ ਈ: ਨੂੰ ਅੰਮ੍ਰਿਤਸਰ ਤੇ ੧੬ ਫਰਵਰੀ ੧੯੮੬ ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਦੋ ਬਹੁਤ ਵੱਡੇ ਇਤਿਹਾਸਕ ਸਰਬੱਤ ਖਾਲਸਾ ਸੰਮੇਲਨ ਕੀਤੇ। ਜਿਨ੍ਹਾਂ ਰਾਹੀਂ ਫੌਜ ਪਾਸੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਪੰਜਾਬ ਦੇ ਸਾਰੇ ਇਤਿਹਾਸਕ ਗੁਰਦੁਆਰੇ ਅਜ਼ਾਦ ਕਰਵਾ ਕੇ ਕੌਮ ਦਾ ਸਵੈ-ਮਾਣ ਬਹਾਲ ਕਰਵਾਇਆ। ਸ੍ਰੀ ਦਰਬਾਰ ਸਾਹਿਬ ਸਮੂੰਹ ਦਾ ਚਾਰਜ ਸੰਭਾਲਣ ਤੋਂ ਬਾਅਦ ੧੨ ਅਕਤੂਬਰ ਨੂੰ ਬਾਬਾ ਖੜਕ

ਸਿੰਘ ਜੀ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕਰਵਾਈ ।

ਉਪ੍ਰੋਕਤ ਸਮੇਂ ਵਿੱਚ ਭਾਰਤ ਭਰ ਦੇ ਸ਼ਹਿਰਾਂ ਤੇ ਪੰਜਾਬ ਦੇ ਪਿੰਡਾਂ ਵਿੱਚ ਕਥਾ, ਵਿਆਖਿਆ, ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਪ੍ਰਚਾਰ ਹਿਤ ਵੀ ਸਮੇਂ-ਸਮੇਂ ਦੀਵਾਨਾਂ ਵਿੱਚ ਜਾ ਕੇ ਸੇਵਾ ਕਰਨ ਦਾ ਦਾਸ ਨੂੰ ਸੁਭਾਗ ਪ੍ਰਾਪਤ ਹੁੰਦਾ ਰਿਹਾ ।

ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਕੀਰਤਨ ਸਬ-ਕਮੇਟੀ ਤੇ ਅਜਾਇਬਘਰ ਸਬ ਕਮੇਟੀ ਦੇ ਮੈਂਬਰ ਦੇ ਤੌਰ 'ਤੇ ਮੀਟਿੰਗ ਦੇ ਸਮੇਂ ਕੀਰਤਨ ਦਾ ਮਿਆਰ ਉੱਚਾ ਚੁੱਕਣ ਤੇ ਅਜਾਇਬਘਰ ਦੀ ਉੱਨਤੀ ਲਈ ਨਿਯਮ ਬਣਾਏ ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ੧੯੭੪ ਈ: ਵਿੱਚ ਸ੍ਰੀ ਅੰਮ੍ਰਿਤਸਰ, ੧੯੮੧ ਈਸਵੀ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ੧੯੮੩ ਈ: ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਖਾਰ, ਬੰਬਈ ਵਿਖੇ ਉਥੋਂ ਦੀ ਸਿੰਘ ਸਭਾ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦੇ ਤਿੰਨ ਪਾਠ ਬੋਧ-ਸਮਾਗਮ ਕੀਤੇ । ਜਿਨ੍ਹਾਂ ਵਿੱਚ ਦਾਸ ਵੱਲੋਂ ਪੂਰਾ-ਪੂਰਾ ਹਿੱਸਾ ਪਾਇਆ ਗਿਆ । ਜਿਸ ਦੇ ਫਲ-ਸਰੂਪ ਉਪ੍ਰੋਕਤ ਪਾਠ-ਬੋਧ-ਸਮਾਗਮਾਂ ਦੇ ਭੋਗਾਂ ਉੱਪਰੰਤ ਦਾਸ ਨੂੰ ਤਿੰਨਾਂ ਹੀ ਥਾਵਾਂ 'ਤੇ ਸਨਮਾਨਿਆ ਗਿਆ । ਗੁਰਬਾਣੀ ਦੇ ਸ਼ੁੱਧ ਉਚਾਰਨ ਅਤੇ ਸ਼ੁੱਧ ਸ਼ਬਦ ਜੋੜਾਂ ਬਾਰੇ ਲਿਖੇ ਮੇਰੇ ਲੇਖ ਸਿੰਘ ਸਭਾ ਪੱਤ੍ਰਕਾ ਵਿੱਚ ਛਪਦੇ ਰਹੇ ।

ਸ੍ਰੀ ਗੁਰੁ ਪੰਥ ਪ੍ਰਕਾਸ਼ ਦੀ ਸੰਪਾਦਨਾ ਦੀ ਕੀਤੀ ਪੰਥਕ ਕਲਮੀ ਸੇਵਾ ਨੂੰ ਮੁੱਖ ਰੱਖਦਿਆਂ ੧੯੭੭ ਈ: ਦੀ ਵੈਸਾਖੀ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੇਂਦਰੀ ਸਿੰਘ ਸਭਾ ਵੱਲੋਂ ਸਾਝੇਂ ਤੌਰ 'ਤੇ ਦਾਸ ਨੂੰ ਸਨਮਾਨਿਆ ਗਿਆ, ਸ਼ਾਲਾਂ ਅਤੇ ਸ੍ਰੀ ਸਾਹਿਬ ਬਖਸ਼ੇ ਗਏ । ਦੋਹਾਂ ਸਿੱਖ ਸੰਸਥਾਵਾਂ ਵੱਲੋਂ ਮੇਰੀ ਵਿਦਵਤਾ, ਪਦਵੀ ਅਤੇ ਕੀਤੀ ਕਲਮੀ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ ਗਈ । ਦਾਸ ਨੇ ੨੪ ਦਸੰਬਰ ੧੯੮੬ ਈ: ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਪਦਵੀ ਜਥੇਦਾਰੀ ਤੋਂ ਅਸਤੀਫਾ ਦੇ ਦਿੱਤਾ । ਦਾਸ ਇਸ ਸਮੇਂ ੨੫੮ ਅਜੀਤ ਨਗਰ ਅੰਮ੍ਰਿਤਸਰ ਵਿਖੇ ਪ੍ਰਵਾਰ ਸਮੇਤ ਰਹਿ ਰਿਹਾ ਹੈ । ਸਿੰਘਣੀ ਸ੍ਰੀਮਤੀ ਗਿਆਨਜੀਤ ਕੌਰ ਗਿਆਨੀ ਜੇ.ਬੀ.ਟੀ.ਅਧਿਆਪਕਾ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ, ਸਪੁੱਤ੍ਰ ਸ: ਮਨਮੋਹਨ ਸਿੰਘ ਐਮ.ਏ.ਇੰਗਲਿਸ਼ ਅਗਜ਼ੈਕਟਿਵ ਔਫੀਸਰ ਮਿਉਂਸਪੈਲਟੀ ਤੇ ਸਪੁੱਤਰੀ ਕੰਵਲਜੀਤ ਕੌਰ ਬੀ.ਏ. ਧਾਰਮਿਕ ਅਧਿਆਪਕਾ ਸ੍ਰੀ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿੱਚ ਸੇਵਾ ਕਰ ਰਹੀ ਹੈ ।

ਦਾਸ ਨੂੰ ਹੇਠ ਲਿਖੀਆਂ ਪੁਸਤਕਾਂ ਦਾ ਸੰਪਾਦਕ ਅਤੇ ਲੇਖਕ ਹੋਣ ਦਾ ਵੀ ਮਾਣ ਪ੍ਰਾਪਤ ਹੈ :

## ਪ੍ਰਕਾਸ਼ਤ ਪੁਸਤਕਾਂ :

੧. ਸਮ-ਅਰਥ ਕੋਸ਼- ਗੁਰਮਤਿ ਸਾਹਿਤ ਦੇ ਸਮ-ਅਰਥਕ ਸ਼ਬਦਾਂ ਦਾ ਸੰਗ੍ਰਹਿ ਅੱਖਰ ਤੇ ਮਾਤ੍ਰਾ ਦੇ ਕ੍ਰਮ ਅਨੁਸਾਰ ਸਿਰਲੇਖ ਤੇ ਸ਼ਬਦ, ਕੁਲ ੫੦੦ ਸਫੇ, ਜਿਸ ਨੂੰ 'ਜਵਾਹਰ ਸਿੰਘ, ਕਿਰਪਾਲ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ' ਨੇ ਪਹਿਲੀ

ਵਾਰ ਛਾਪਿਆ ਹੈ ।

੨. ਤਵਾਰੀਖ ਗੁਰੂ ਖਾਲਸਾ ਵਿੱਚੋਂ 'ਗੁਰੂ ਨਾਨਕ ਜੀਵਨ' ਕ੍ਰਿਤ ਗਿਆਨੀ ਗਿਆਨ ਸਿੰਘ ਨੂੰ ਸੰਪਾਦਨ ਕੀਤਾ । ਜਿਸ ਨੂੰ ੧੯੬੯ ਈ: ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪਿਆ ।

੩. ਸੰਪਾਦਿਤ ਸ੍ਰੀ ਗੁਰੁ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਨੂੰ ਪ੍ਰਸਤਾਵਨਾ ਸਮੇਤ ੬ ਭਾਗਾਂ ਵਿੱਚ ਸੰਪਾਦਿਤ ਕਰ ਕੇ ਖੁਦ ਛਾਪਿਆ । ੨੦x੩੦/੮ ਅਕਾਰਦੇ ਲਗਭਗ ਤਿੰਨ ਹਜ਼ਾਰ ਪੰਨੇ ਹਨ ।

੪. **ਗੁਰਮੁਖ ਦਰਸ਼ਨ**-ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦਾ ਵਿਸਥਾਰ ਸਹਿਤ ਜੀਵਨ ਵਾਰਤਕ ਵਿੱਚ ਛਪ ਕੇ ਸੰਗਤਾਂ ਪਾਸ ਪੁੱਜ ਚੁੱਕਾ ਹੈ । ਜਿਸ ਦੇ ੨੦x੩੦/੮ ਅਕਾਰ ਦੇ ੪੦੦ ਪੰਨੇ ਹਨ ।

੫. **ਤਿੰਨ ਰੰਗ**-ਪੰਜਾਬੀ ਤੇ ਬ੍ਰਿਜ ਭਾਸ਼ਾ ਦੀਆਂ ਮੇਰੀਆਂ ਲਿਖੀਆਂ ਕਵਿਤਾਵਾਂ ਦਾ ਸੰਗ੍ਰਹਿ ਮਾਰਚ ੧੯੮੮ ਈ: ਵਿੱਚ ਛਪ ਕੇ ਸੰਗਤਾਂ ਪਾਸ ਪੁੱਜ ਚੁੱਕਾ ਹੈ ।

੬. **ਮਾਝਾ ਭਾਈ ਦਰਬਾਰੀ**-ਭਾਈ ਦਰਬਾਰੀ ਦੇ ਸੰਖੇਪ ਜੀਵਨ 'ਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਸੰਖੇਪ ਜਾਣਕਾਰੀ ਉੱਪਰੰਤ ੨੯੩ ਮਾਝਾ ਦੇ ਮੂਲ ਪਾਠ ਨੂੰ ਸੰਪਾਦਨਾ ਸਹਿਤ ਲਿਖਿਆ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮਾਰਚ ੧੯੮੮ ਵਿੱਚ ਛਾਪਿਆ ਹੈ ।

੭. **ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ** : ਜਿਸ ਦੇ ਸਾਰੇ ਲੇਖ ਪਹਿਲਾਂ ਗੁਰਮਤਿ ਪ੍ਰਕਾਸ਼ ਵਿੱਚ ਛਪ ਚੁੱਕੇ ਹਨ । ਪੁਸਤਕ ਰੂਪ ਵਿੱਚ ਛਾਪਣ ਦਾ ਫੈਸਲਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਕੀਤਾ ਗਿਆ ਸੀ ਜੋ ਹਥਲੀ ਪੁਸਤਕ ਦੇ ਰੂਪ ਵਿੱਚ ਪਾਠਕਾਂ ਦੇ ਕਰ-ਕਮਲਾਂ ਵਿੱਚ ਸਸ਼ੋਭਤ ਹੈ ।

**ਅਪ੍ਰਕਾਸ਼ਤ :**

੧. **ਸਿੰਘ ਸਾਹਿਬਾਨ ਦੀ ਭੂਮਿਕਾ** : ਨੀਲਾ ਤਾਰਾ ਐਕਸ਼ਨ ਤੋਂ ਪਹਿਲਾਂ ਤੇ ਪਿੱਛੋਂ ਦੇ ਸਮੇਂ ਪੰਜ ਸਿੰਘ ਸਾਹਿਬਾਨ ਨੇ ਜੋ ਸੇਵਾ ਨਿਭਾਈ, ਜਿਸ ਵਿੱਚ ਅੱਖੀਂ ਡਿੱਠੇ ਹਾਲਾਤ ਤੇ ਹੱਡ-ਬੀਤੀਆਂ, ਇਤਿਹਾਸਕ ਫੈਸਲੇ ਤੇ ਹੁਕਮਨਾਮੇ ਵੀ ਸ਼ਾਮਲ ਹਨ ।

੨. **ਸੰਪਾਦਿਤ ਸੁਧਾਸਰ ਸ਼ੱਤਕ ਪਚੀਸਾ** : ਸੰਤ ਨਿਹਾਲ ਸਿੰਘ ਲਿਖਤ ਸੰਗ੍ਰਹਿ ਤੇ ਸੰਪਾਦਿਤ ਪੁਸਤਕ, ਜਿਸ ਵਿੱਚ ੧੨੮ ਛੰਦ ਬ੍ਰਿਜ ਭਾਸ਼ਾ ਦੀ ਸੁੰਦਰ ਕਾਵਿ ਦੇ ਹਨ, ਜਿਨ੍ਹਾਂ ਵਿੱਚ ਅੰਮ੍ਰਿਤਸਰ ਸ਼ਹਿਰ, ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਮਹਿਮਾ ਦਾ ਵਰਣਨ ਹੈ । ਜੋ ਲੜੀਵਾਰ ਗੁਰਦੁਆਰਾ ਗਜ਼ਟ ਵਿੱਚ ਛਪ ਰਿਹਾ ਹੈ ।

੩. **ਸੰਪਾਦਿਤ ਭਾਈ ਸਾਹਿਬ ਚੰਦ੍ਰਕਾ** : ਕ੍ਰਿਤ ਮੇਘ ਸਿੰਘ ਕਵੀ, ਜਿਸ ਵਿੱਚ ਭਾਈ ਸੰਤ ਸਿੰਘ ਗਿਆਨੀ ਦੀ ਮਹਿਮਾ ਤੇ ਜੀਵਨੀ ਸੁੰਦਰ ਬ੍ਰਿਜ ਭਾਸ਼ਾ ਕਾਵਿ ਵਿੱਚ ਹੈ । ਜਿਸ ਦੇ ਕੁਲ ੧੨੮ ਛੰਦ ਹਨ ਛਪਣ ਹਿਤ ਤਿਆਰ ਹੈ । ਇਹ ਵੀ ਅਤੀ ਦੁਰਲੱਭ ਕਾਵਿ ਪੁਸਤਕ ਹੈ ।

੪. **ਸੰਪਾਦਿਤ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ** : ਬਹੁਤ ਪੁਰਾਤਨ ਹੱਥ ਲਿਖਤਬ੍ਰਿਜ

ਭਾਸ਼ਾ ਕਾਵਿ । ਜਿਸ ਵਿੱਚ ਬਾਬਾ ਜੀ ਦੇ ਜਨਮ, ਮਾਤਾ ਪਿਤਾ, ਅੰਮ੍ਰਿਤ ਛਕਣ ਤੇ ਸ਼ਹੀਦੀ ਦਾ ਵਿਸਥਾਰ ਸਹਿਤ ਵੇਰਵਾ ਹੈ । ਜਿਸ ਦੇ ਕੁਲ ੧੪੬ ਛੰਦ ਹਨ । ਇਹ ਬਹੁਤ ਹੀ ਦੁਰਲੱਭ ਕਾਵਿ-ਪੁਸਤਕ ਹੈ । 'ਗੁਰਦੁਆਰਾ ਗਜ਼ਟ' ਵਿੱਚ ਕਿਸ਼ਤ ਵਾਰ ਛਪ ਚੁੱਕੀ ਹੈ ।

ਮੇਰੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਣ ਸਮੇਂ ਮੇਰੇ ਨਾਲ ਗਿਆਨੀ ਸੋਹਣ ਸਿੰਘ ਜੀ, ਗਿਆਨੀ ਨਰਿੰਜਨ ਸਿੰਘ ਜੀ, ਗਿਆਨੀ ਜਸਬੀਰ ਸਿੰਘ ਜੀ, ਗਿਆਨੀ ਮਨੀ ਸਿੰਘ ਜੀ, ਗਿਆਨੀ ਸਾਹਿਬ ਸਿੰਘ ਜੀ, ਗਿਆਨੀ ਮੋਹਣ ਸਿੰਘ ਜੀ ਅੱਡ-ਅੱਡ ਸਮਿਆਂ ਵਿੱਚ ਬਤੌਰ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸੇਵਾ ਨਿਭਾਉਂਦੇ ਰਹੇ ।

## ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਜੀ 'ਗ੍ਰੰਥੀ'

ਪਿਤਾ ਸ੍ਰ: ਸਰਵਣ ਸਿੰਘ ਦੇ ਘਰ ਮਾਤਾ ਆਸ ਕੌਰ ਦੀ ਕੁੱਖੋਂ ੨੨ ਸਤੰਬਰ ੧੯੨੨ ਈ: ਨੂੰ ਪਿੰਡ ਜਿਊਣ ਵਾਲਾ, ਜ਼ਿਲ੍ਹਾ ਫਰੀਦਕੋਟ 'ਚ ਜਨਮ ਹੋਇਆ । ਪੰਜ ਜਮਾਤਾਂ ਸਕੂਲ 'ਚ ਪੜ੍ਹੀਆਂ । ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਭਾਈ ਗੰਡਾ ਸਿੰਘ ਪਾਸੋਂ ਗੁਰਮੁਖੀ ਵਿਦਿਆ ਪੜ੍ਹੀ, ਨਾਲ-ਨਾਲ ਘਰ ਦੇ ਖੇਤੀ-ਬਾੜੀ ਦੇ ਕੰਮ ਵਿੱਚ ਪਿਤਾ ਜੀ ਤੇ ਆਪਣੇ ਭਰਾਵਾਂ ਦੀ ਮਦਦ ਕਰਦੇ ਰਹੇ । ੧੫ ਕੁ ਸਾਲ ਦੀ ਉਮਰ ਵਿੱਚ ਅਖੰਡ ਪਾਠੀ ਹੋ ਕੇ ਪਿੰਡ ਰੋਡੇ ਸੰਤ ਅਰਜਨ ਸਿੰਘ ਜੀ ਪਾਸ ਆ ਰਹੇ । ਤਿੰਨ ਸਾਲ ਉਨ੍ਹਾਂ ਪਾਸ ਰਹੇ ਸੰਪੂਰਨ ਪਾਠ ਦੀ ਇਕ ਸੰਥਾ ਕੀਤੀ ਤੇ ਕੀਰਤਨ ਸਿੱਖਦੇ ਰਹੇ । ੧੯੪੦ ਈ: ਦੇ ਭਾਦਰੋਂ ਦੇ ਜੋੜ ਮੇਲੇ 'ਤੇ ਸੰਤ ਅਰਜਨ ਸਿੰਘ ਜੀ ਆਪ ਇਨ੍ਹਾਂ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲ਼ਿਆਂ ਦੇ ਜਥੇ ਵਿੱਚ ਭਿੰਡਰੀਂ ਛੱਡ ਗਏ ।

ਜਥੇ 'ਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਬਾਣੀ ਭਾਈ ਗੁਰਦਾਸ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰੂ ਪੰਥ ਪ੍ਰਕਾਸ਼, ਆਦਿ ਗੁਰਬਾਣੀ, ਗੁਰਮਤਿ ਤੇ ਗੁਰ ਇਤਿਹਾਸ ਦੇ ਗ੍ਰੰਥ ਅਰਥਾਂ ਸਹਿਤ ਪੜ੍ਹੇ ਤੇ ਵਿਚਾਰੇ । ਰਾਜਨੀਤੀ ਅਤੇ ਵੇਦਾਂਤ ਦੇ ਪੁਸਤਕ ਚਣਾਕਾ ਰਾਜਨੀਤੀ, ਭਾਵਰਸਾਮ੍ਰਿਤ, ਸਾਰੁਕਤਾਵਲੀ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਪ੍ਰਬੋਧ ਚੰਦ੍ਰ ਨਾਟਕ ਤੇ ਵੈਰਾਗ ਸ਼ੱਤਕ ਪੜ੍ਹੇ ਤੇ ਵਿਚਾਰੇ । ਵਿਚਾਰ ਸਾਗਰ, ਵੇਦਾਂਤ ਦਾ ਗੂੜ੍ਹ ਗ੍ਰੰਥ ਗਿਆਨੀ ਮੋਹਨ ਸਿੰਘ ਜੀ ਪਾਸੋਂ ਪੜ੍ਹਿਆ । ਕਈ ਕਥਾ ਸੁਣੀਆਂ ਵੀਚਾਰੀਆਂ ਤੇ ਹੋਰ ਸਿੰਘਾਂ ਨੂੰ ਵਿਚਰਵਾਉਂਦੇ ਤੇ ਪੜ੍ਹਾਉਂਦੇ ਵੀ ਰਹੇ, ਜਥੇ 'ਚ ਰਹਿਣ ਸਮੇਂ ਸ਼ਾਮ ਦੇ ਦੀਵਾਨ ਵਿੱਚ ਗੁਰੁ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵੀ ਕਰਦੇ ਰਹੇ । ਸੰਤਾਂ ਦੇ ਅਤਿਅੰਤ ਨਿਕਟਵਰਤੀਆਂ ਵਿੱਚੋਂ ਸਨ । ਸੰਤ ਜੀ ਆਪ ਦੇ ਜੀਵਨ 'ਤੇ ਬਹੁਤ ਖੁਸ਼ ਸਨ । ਥੋੜ੍ਹੇ ਸਿੰਘਾਂ ਸਮੇਤ ਜਦ ਕਿਸੇ ਪ੍ਰੋਗਰਾਮ 'ਤੇ ਬਾਹਰ ਜਾਂਦੇ ਤਾਂ ਆਪ ਜੀ ਨੂੰ ਜ਼ਰੂਰ ਨਾਲ ਲੈ ਕੇ ਜਾਂਦੇ । ਅਖੰਡ ਪਾਠ 'ਤੇ ਅਰਦਾਸ ਕਰਨ ਅਤੇ ਨਿਤਨੇਮ ਦੀ ਬਾਣੀ ਸੁਣਨ ਦੀ ਸੇਵਾ ਆਪ ਤੋਂ ਲੈਂਦੇ ।

ਆਪ ਦੀ ਸੇਵਾ, ਸਿਮਰਨ, ਵਿੱਦਿਆ ਤੇ ਚੰਗੇਰੇ ਜੀਵਨ ਦਾ ਸਦਕਾ ਤੇ ਮੇਰੇ ਵੱਲੋਂ ਸਿਫਾਰਸ਼ ਕਰਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹ ਸਿੰਘ ਜੀ ਨੇ ਸੰਤਾਂ ਪਾਸੋਂ ਇਨ੍ਹਾਂ ਨੂੰ ਇਸ ਸੇਵਾ ਹਿਤ ਮੰਗ ਕੇ ਲਿਆਂਦਾ, ੧੦ ਫਰਵਰੀ ੧੯੬੩ ਈ: ਨੂੰ ਇਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦਾ ਬਿਧੀਵਤ ਗ੍ਰੰਥੀ ਥਾਪਿਆ ਗਿਆ । ਦਸ ਸਾਲ ਤੋਂ ਉੱਪਰ ਆਪ ਇਸ ਸੇਵਾ ਵਿੱਚ ਤਤਪਰ ਰਹੇ । ਇਥੇ ਹੀ ਬੀਬੀ ਸ਼ਰਨ ਕੌਰ ਨਾਲ ਸ਼ਾਦੀ ਹੋਈ ਪਰ ਕੋਈ ਬੱਚਾ ਨਾ ਹੋਇਆ ।

ਸ੍ਰੀ ਹਰਿਮੰਦਰ ਸਾਹਿਬ ਅਤੇ ਸੰਬੰਧਤ ਗੁਰਦੁਆਰਿਆਂ ਵਿੱਚ ਚਲਦੇ ਅਖੰਡ ਪਾਠਾਂ ਦੀ ਡਿਊਟੀ ਨਿਭਾਉਂਦੇ, ਅਖੰਡ ਪਾਠੀਆਂ ਦੇ ਸ਼ੁੱਧ ਪਾਠ ਕਰਵਾਉਣ ਦੀ ਕਾਫੀ ਸਮਾਂ ਸੇਵਾ ਕਰਦੇ ਰਹੇ । ਕਈ ਵਾਰ ਗੁਰਦੁਆਰਾ ਮੰਜੀ ਸਾਹਿਬ ਵਿਖੇ ਇਤਿਹਾਸ ਦੀ ਕਥਾ ਵੀ ਕਰਦੇ ਰਹੇ । ਅੰਤ ਨੂੰ ੩ ਸਤੰਬਰ, ੧੯੭੩ ਈ: ਦੀ ਰਾਤ ਦੇ ੧੧ ਵਜੇ ਦਿਲ ਦਾ ਦੌਰਾ ਪੈਣ ਕਾਰਨ ਗੁਰੂ ਤੇਗ ਬਹਾਦਰ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ । ੨੨ ਸਤੰਬਰ ਨੂੰ ਗੁਰਦੁਆਰਾ ਮੰਜੀ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਦਾਸ ਤੇ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਦੇ ਜੀਵਨ 'ਤੇ ਚਾਨਣਾ ਪਾਇਆ ਗਿਆ ਤੇ ਆਪ ਦੀ ਵਿਧਵਾ ਬੀਬੀ ਸ਼ਰਨ ਕੌਰ ਨੂੰ ੫੧੦੦/- ਰੁਪਏ ਸ਼੍ਰੋਮਣੀ ਕਮੇਟੀ ਵੱਲੋਂ ਅਤੇ ੧੧੦੦/- ਰੁਪਏ ਸ੍ਰੀ ਦਰਬਾਰ ਸਾਹਿਬ ਦੇ ਸਟਾਫ ਵੱਲੋਂ ਸਹਾਇਤਾ ਵੱਜੋਂ ਦਿੱਤੇ ਗਏ । ਆਪ ਦਾ ਛੋਟਾ ਭਰਾ ਹਰੀ ਸਿੰਘ ਤੇ ਉਸ ਦਾ ਪ੍ਰਵਾਰ ਜਿਊਣ ਵਾਲੇ ਰਹਿ ਰਿਹਾ ਹੈ ਤੇ ਵਿਧਵਾ ਸਿੰਘਣੀ ਸ਼ਰਨ ਕੌਰ ਅੰਮ੍ਰਿਤਸਰ ਮਜੀਠਾ ਰੋਡ ਤੇ ਪਿੰਡ ਨਾਗ ਵਿੱਚ ਰਹਿ ਰਹੀ ਹੈ ।

## ਸਿੰਘ ਸਾਹਿਬ ਗਿਆਨੀ ਨਰਿੰਜਨ ਸਿੰਘ ਜੀ 'ਗ੍ਰੰਥੀ'

ਆਪ ਜੀ ਦਾ ਜਨਮ ਪਿੰਡ ਦਸੌਂਧੀ ਮੱਲ, ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸਰਦਾਰ ਝੰਡਾ ਸਿੰਘ ਦੇ ਘਰ ੧੯੨੫ ਈ: ਵਿੱਚ ਹੋਇਆ । ਪੰਜਾਬੀ ਗਿਆਨੀ ਤੇ ਓਨਲੀ ਇੰਗਲਿਸ਼ ਦੀ ਮੈਟ੍ਰਿਕ ਪ੍ਰਾਈਵੇਟ ਤੌਰ 'ਤੇ ਪਾਸ ਕੀਤੀ । ਪਹਿਲਾਂ ਕੁਝ ਸਮਾਂ ਫ਼ੌਜ ਵਿੱਚ ਭਰਤੀ ਰਹੇ । ਉਪਰੰਤ ਮੁਕਤਸਰ ਵਿਖੇ ਗ੍ਰੰਥੀ ਨਿਯੁਕਤ ਹੋਏ । ਉਥੋਂ ਬਦਲ ਕੇ ਸ੍ਰੀ ਅੰਮ੍ਰਿਤਸਰ ਆ ਗਏ । ਕੁਝ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁੱਖ ਗ੍ਰੰਥੀ ਰਹੇ । ਫਿਰ ਤਿਆਗ-ਪੱਤਰ ਦੇ ਕੇ ਫ਼ੌਜ ਵਿੱਚ ਗ੍ਰੰਥੀ ਜਾ ਲੱਗੇ । ਕਿਸੇ ਕਾਨੂੰਨੀ ਅੜਿੱਚਣ ਕਰ ਕੇ ਉਥੋਂ ਵਾਪਸ ਆ ਗਏ । ਫਿਰ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਮੁੱਖ ਗ੍ਰੰਥੀ ਦੀ ਡਿਊਟੀ ਸੰਭਾਲ ਲਈ । ੧੯੬੫ ਈ: ਵਿੱਚ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਨਿਯੁਕਤ ਹੋਏ ਤੇ ਨਾਲ-ਨਾਲ ਅਖੰਡ ਪਾਠੀਆਂ ਤੇ ਰਾਗੀਆਂ ਦੇ ਜਥੇਦਾਰ ਦੀ ਡਿਊਟੀ ਵੀ ਨਿਭਾਉਂਦੇ ਰਹੇ । ੨ ਅਪ੍ਰੈਲ ੧੯੭੪ ਈ: ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਨੀਯਤ ਕੀਤੇ ਗਏ ।

ਆਪ ਚੰਗੇ ਵਿਦਵਾਨ, ਮਿਹਨਤੀ ਤੇ ਡਿਊਟੀ ਦੇ ਪੱਕੇ ਪਾਬੰਦ ਅਤੇ ਮਿਲਣਸਾਰ ਵਿਅਕਤੀ ਸਨ । ੧੬-੩-੭੬ ਨੂੰ ਦਿਲ ਦਾ ਦੌਰਾ ਪੈਣ ਨਾਲ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਵਿਖੇ ਅਕਾਲ ਚਲਾਣਾ ਕਰ ਗਏ । ਆਪਣੇ ਪਿੱਛੇ ਤਿੰਨ ਲੜਕੀਆਂ ਤੇ ਇਕ ਲੜਕਾ ਛੱਡ ਗਏ । ਆਪ ਦੇ ਦਾਮਾਦ ਭਾਈ ਗੁਰਚਰਨ ਸਿੰਘ ਕਾਫੀ ਸਮੇਂ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਹੇਠ ਹੋ ਰਹੇ ਅਖੰਡ ਪਾਠਾਂ ਦੇ ਅਖੰਡ ਪਾਠੀਆਂ ਅਤੇ ਰਾਗੀ ਜਥਿਆਂ ਦੇ ਪ੍ਰਬੰਧਕੀ ਜਥੇਦਾਰ ਰਹੇ ਹਨ । ਜੋ ਹੁਣ ਅਕਾਲ ਚਲਾਣਾ ਕਰ ਗਏ ਹਨ ।

## ਸਿੰਘ ਸਾਹਿਬ ਗਿਆਨੀ ਜਸਬੀਰ ਸਿੰਘ ਜੀ 'ਗ੍ਰੰਥੀ'

ਆਪ ਦੇ ਪਿਤਾ ਸ: ਮੱਖਣ ਸਿੰਘ, ਮਾਤਾ ਗੁਰਦੀਪ ਕੌਰ ਹਨ, ਪਿੰਡ ਭਾਮੜੀ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨ ਅਪ੍ਰੈਲ ੧੯੪੬ ਈ: ਵਿੱਚ ਆਪ ਦਾ ਜਨਮ ਹੋਇਆ । ਪਿੰਡ ਤੁਗਲਵਾਲਾ ਦੇ ਸ੍ਰੀ ਖੜਗਧਾਰੀ ਹਾਈ ਸਕੂਲ ਵਿੱਚ ਸੱਤ ਜਮਾਤਾਂ ਪਾਸ ਕੀਤੀਆਂ। ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਵਿਦਿਆਰਥੀ, ਗੁਰਮੁਖ ਪਿਆਰੇ, ਨਾਮ ਰਸੀਏ,

ਗਿਆਨੀ ਸੁਵਰਨ ਸਿੰਘ ਜੀ ਠੱਕਰਵਾਲ ਪਾਸੋਂ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਬਲਾਕ ਨੰਬਰ ੪, ਕਾਨ੍ਹਪੁਰ ਵਿਖੇ ਛੇ ਸਾਲ ਬਤੌਰ ਗ੍ਰੰਥੀ ਸੇਵਾ ਕਰਦੇ ਰਹੇ । ਇਸੇ ਤਰ੍ਹਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਕਟਰ ੧੯-ਡੀ., ਚੰਡੀਗੜ੍ਹ ਵਿਖੇ ਚਾਰ ਸਾਲ ਗ੍ਰੰਥੀ ਦੀ ਸੇਵਾ ਨਿਭਾਈ ।

੨ ਅਪ੍ਰੈਲ ੧੯੭੪ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਡਿਊਟੀ 'ਤੇ ਨੀਯਤ ਹੋਏ ਤੇ ੨੭ ਫਰਵਰੀ ੧੯੭੬ ਈ: ਨੂੰ ਨਿੱਜੀ ਕਾਰਨਾਂ ਕਰ ਕੇ ਅਸਤੀਫਾ ਦੇ ਗਏ। ਉੱਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਡੇਹਰਾਦੂਨ, ਫਿਰ ਚੰਡੀਗੜ੍ਹ ਵਿਖੇ ਸੈਕਟਰ ਨੰ: ੧੯-ਡੀ. ਦੇ ਗੁਰਦੁਆਰੇ ਬਤੌਰ ਮੁੱਖ ਗ੍ਰੰਥੀ ਸੇਵਾ ਕਰਦੇ ਰਹੇ ਤੇ ਕੁਝ ਸਮਾਂ ਵਿਚਰ ਕੇ ਕਥਾ-ਵਾਚਕ ਦੀ ਸੇਵਾ ਕਰਦੇ ਰਹੇ । ਫਿਰ ੧੮ ਸਤੰਬਰ ੧੯੮੫ ਈ: ਤੋਂ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਬਤੌਰ ਕਥਾ-ਵਾਚਕ ਕੁਝ ਸਮਾਂ ਸੇਵਾ ਨਿਭਾਉਂਦੇ ਰਹੇ । ਹੁਣ ਵਿਚਰ ਕੇ ਗੁਰਮਤਿ ਪ੍ਰਚਾਰ ਕਰ ਰਹੇ ਹਨ ।

## ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ 'ਗ੍ਰੰਥੀ'

ਆਪ ਦਾ ਜਨਮ ਪਿਤਾ ਸ: ਜਗਤ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਦੇ ਘਰ ੨੨ ਫਰਵਰੀ ੧੯੧੬ ਈ: ਨੂੰ ਪਿੰਡ ਰਤਨਗੜ੍ਹ, ਜ਼ਿਲ੍ਹਾ ਰੋਪੜ ਵਿਖੇ ਹੋਇਆ । ਮੁੱਢਲੀ ਗੁਰਮੁਖੀ ਵਿੱਦਿਆ ਆਪਣੇ ਭਰਾਤਾ ਈਸ਼ਰ ਸਿੰਘ ਅਤੇ ਬਾਬਾ ਜੈਮਲ ਸਿੰਘ ਰਤਨਗੜ੍ਹ ਪਾਸੋਂ ਪ੍ਰਾਪਤ ਕੀਤੀ । ਕੀਰਤਨ ਦੀ ਦਾਤ ਆਪ ਨੂੰ ਸੰਤ ਸੁਰਜਨ ਸਿੰਘ ਜੀ ਅਤੇ ਭਾਈ ਰੋਢਲ ਸਿੰਘ ਅਸਮਾਨਪੁਰ ਪਾਸੋਂ ਪ੍ਰਾਪਤ ਹੋਈ ।

ਸੰਤ ਬਖਤੌਰ ਸਿੰਘ ਜੀ ਪਿੰਡ ਬੀਰੋਵਾਲ ਪਾਸ ਰਹਿ ਕੇ ਚਣਾਕਾ ਰਾਜਨੀਤੀ ਤੋਂ ਵਿਚਾਰ ਸਾਗਰ ਤੱਕ ਬ੍ਰਿਜ ਭਾਸ਼ਾ ਤੇ ਵੇਦਾਂਤ ਦੇ ਪੁਸਤਕ ਅਰਥਾਂ ਸਹਿਤ ਪੜ੍ਹੇ ।

੧੯੩੮ ਈ: ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਉੱਚੀ ਵਿੱਦਿਆ ਪ੍ਰਾਪਤੀ ਹਿਤ ਭਰਤੀ ਹੋ ਗਏ । ਸੰਤਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ-ਬਾਣੀ, ਭਾਈ ਗੁਰਦਾਸ, ਸ੍ਰੀ ਗੁਰੁ ਨਾਨਕ ਪ੍ਰਕਾਸ਼, ਗੁਰੁ ਪ੍ਰਤਾਪ ਸੂਰਜ ਤੇ ਸ੍ਰੀ ਗੁਰੁ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਅਰਥਾਂ ਸਹਿਤ ਪੜ੍ਹੇ ਵਿਚਾਰੇ ਤੇ ਕਾਪੀਆਂ ਉੱਪਰ ਲਿਖੇ । ਹਰ ਰੋਜ਼ ਕੀਰਤਨ ਕਰਨ ਦੀ ਡਿਊਟੀ ਵੀ ਨਿਭਾਉਂਦੇ ਰਹੇ ।

੧੯੪੨ ਈ: ਵਿੱਚ ਜ਼ਿਲ੍ਹਾ ਲਾਇਲਪੁਰ ਚੱਕ ਨੰ: ੯੯ ਪਿੰਡ ਰਤਨੀ ਗੁਰਦੁਆਰੇ ਦਾ ਪ੍ਰਬੰਧ ਸੰਭਾਲ ਲਿਆ । ਦੋਨੋਂ ਸਮੇਂ ਕਥਾ ਕੀਰਤਨ ਅਤੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਦਾ ਪਰਉਪਕਾਰੀ ਕਾਰਜ ਆਰੰਭ ਦਿੱਤਾ । ਸਾਲ ਬਾਅਦ ਚੱਕ ਨੰਬਰ ੫੦ ਵਿੱਚ ਆ ਕੇ ਕਥਾ ਕੀਰਤਨ ਦਾ ਪ੍ਰਵਾਹ ਚਲਾਇਆ । ਦੋ ਸਾਲ ਬਾਅਦ ਆਪ ਨੂੰ ਸ: ਗੁਰਦੀਪ ਸਿੰਘ ਜੀ ਪਿੰਡ ਸਿਆਲ ਵਾਲਾ ਚੱਕ ਨੰ: ੬ ਵਿਖੇ ਆਪਣੇ ਪਾਸ ਲੈ ਆਏ ।

੧੯੪੭ ਈ: ਦੇ ਅਖੀਰ ਵਿੱਚ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੁੱਖ ਗ੍ਰੰਥੀ ਨਿਯੁਕਤ ਹੋ ਗਏ । ਛੇਤੀ ਹੀ ਫਿਰ ਗੁਰਮਤਿ ਵਿਦਿਆਲਾ ਮਾਨਪੁਰ ਤੇ ਗੁ: ਸ੍ਰੀ ਗੁਰੂ ਸਿੰਘ ਸਭਾ ਰੋਪੜ ਵਿਖੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ । ਬਾਅਦ ਵਿੱਚ ਕਾਨ੍ਹਪੁਰ ਵਿਖੇ ਗੋਬਿੰਦ ਨਗਰ ਇਲਾਕੇ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਤਿੰਨ ਸਾਲ

ਰਹੇ । ਅਕਤੂਬਰ ੧੯੫੦ ਈ: ਤੋਂ ੧੯੫੪ ਈ: ਤੱਕ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੁੱਖ ਗ੍ਰੰਥੀ ਰਹੇ । ਫਿਰ ਸੋਲਨ ਸ੍ਰੀ ਗੁਰੂ ਸਿੰਘ ਸਭਾ ਤੇ ਬਾਅਦ ਵਿੱਚ ਫ਼ੌਜ 'ਚ ਡਗਸ਼ਈ ਗ੍ਰੰਥੀ ਰਹੇ । ਉਥੋਂ ਦਿੱਲੀ ਆ ਗਏ, ਇਥੇ ਦਰੀਆ ਗੰਜ ਤੇ ਕਰੋਲ ਬਾਗ ਦੇ ਗੁਰਦੁਆਰਿਆਂ ਵਿੱਚ ਗ੍ਰੰਥੀ ਦੀ ਡਿਊਟੀ ਰਾਹੀਂ ਕਥਾ ਕੀਰਤਨ ਦਾ ਪ੍ਰਵਾਹ ਚਲਾਉਂਦੇ ਰਹੇ ।

੧੯੫੯ ਈ: ਤੋਂ ੧੯੭੦ ਈ: ਤੱਕ ਕੈਨੇਡਾ ਵਿਖੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਨਿਊ ਵੈਸਟ ਮਨਿਸਟਰ ਵਿਖੇ ੧੧ ਸਾਲ ਬਤੌਰ ਮੁੱਖ ਗ੍ਰੰਥੀ ਸੇਵਾ ਨਿਭਾਈ । ੧੯੭੧ ਤੋਂ ੧੯੭੩ ਤੱਕ ਦੋ ਸਾਲ ਇੰਗਲੈਂਡ, ਕੁਝ ਸਮਾਂ ਸਾਊਥ ਹਾਲ ਤੇ ਫਿਰ ਗੁ: ਈਸਟ ਹਿਮ ਵਿਖੇ ਕਥਾ ਕੀਰਤਨ ਦੀ ਬਰਖਾ ਕਰਦੇ ਰਹੇ । ੧੯੭੩ ਈ: ਸਤੰਬਰ 'ਚ ਆਪ ਭਾਰਤ ਆ ਗਏ । ੨.੬.੭੪ ਨੂੰ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪਿਆ ਗਿਆ । ਜਥੇਦਾਰ ਸੰਤੋਖ ਸਿੰਘ ਦਿੱਲੀ ਨੂੰ ਤਨਖਾਹੀਆ ਕਰਾਰ ਦੇਣ ਤੇ ਤਨਖਾਹ ਲਾਉਣ ਸਮੇਂ ਪੰਜਾਂ ਸਿੰਘ ਸਾਹਿਬਾਨ ਵਿੱਚ ਸ਼ਾਮਲ ਸਨ । ਜੁਲਾਈ ੧੯੯੦ ਤੋਂ ਅਪ੍ਰੈਲ ੧੯੯੧ ਈ: ਤੱਕ ਮੇਰੇ ਇੰਗਲੈਂਡ ਦੇ ਗੁਰਮਤਿ ਪ੍ਰਚਾਰ ਦੌਰੇ ਸਮੇਂ ਆਪ ਕਾਰਜਕਾਰੀ ਮੁੱਖ ਗ੍ਰੰਥੀ ਦੇ ਫਰਜ਼ ਨਿਭਾਉਂਦੇ ਰਹੇ । ਇਸ ਪਵਿੱਤਰ ਸੇਵਾ ਦੇ ਨਾਲ-ਨਾਲ ਆਪ ਧਾਰਮਿਕ ਪੁਸਤਕਾਂ ਵੀ ਲਿਖਦੇ ਰਹੇ । ਆਪ ਦੁਆਰਾ ਲਿਖਤ ਛਪੀਆਂ ਪੁਸਤਕਾਂ ਇਹ ਹਨ :

੧. ਅਨਮੋਲ ਬੋਲ, ੨. ਸੇਵਾ ਚਮਤਕਾਰ, ੩. ਜਨਮ ਪਦਾਰਥ, ੪. ਨਾਮ ਪਦਾਰਥ, ੫. ਗਿਆਨ ਪਦਾਰਥ, ੬. ਪ੍ਰੇਮ ਪਦਾਰਥ, ੭. ਮੁਕਤਿ ਪਦਾਰਥ, ੮. ਮਨੀ ਮ੍ਰਿਗੇਸ਼-ਵਲਵਲੇ, ੯. ਅਨਮੋਲ ਰੁਬਾਈਆਂ, ੧੦. ਪਰਮਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩ ਭਾਗ ਛਪ ਚੁੱਕੇ ਹਨ, ਬਾਕੀ ਪ੍ਰੈਸ ਵਿੱਚ ਹੈ ।

੮ ਅਪ੍ਰੈਲ ੧੯੯੩ ਈ: ਨੂੰ ਸੇਵਾ-ਮੁਕਤ ਹੋਣ ਉੱਪਰੰਤ ਆਪ ਫਿਰ ਆਪਣੇ ਪਰਿਵਾਰ ਪਾਸ ਕੈਨੇਡਾ ਚਲੇ ਗਏ ਹਨ । ਅੱਜ-ਕਲ੍ਹ ਉਥੇ ਹੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ ।

ਆਪ ਸੁਭਾਅ ਦੇ ਨਰਮ, ਹਸਮੁੱਖ, ਵਿਦਵਾਨ, ਉਦਾਰ-ਚਿਤ, ਮਿਲਣਸਾਰ ਸੱਜਣ ਹਨ ।

## ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ 'ਮੁੱਖ ਗ੍ਰੰਥੀ'

ਪਿਤਾ ਸ: ਇੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਈਸ਼ਰ ਕੌਰ ਜੀ ਤੋਂ ਆਪ ਜੀ ਦਾ ਜਨਮ ੨੧ ਵੈਸਾਖ (ਮੁ: ੯ ਅਪ੍ਰੈਲ) ੧੯੩੮ ਈ: ਨੂੰ ਰਿਆਸਤ ਕਸ਼ਮੀਰ ਦੇ ਇਲਾਕਾ ਪੁਣਛ ਦੇ ਪਿੰਡ ਖੜੀ ਧਰਮਸ਼ਾਲਾ ਵਿਖੇ ਹੋਇਆ । ਮਿਡਲ ਤੱਕ ਸਕੂਲ ਵਿੱਚ ਵਿਦਿਆ ਹਾਸਲ ਕੀਤੀ । ਮੁੱਢਲੀ ਗੁਰਮੁਖੀ ਵਿਦਿਆ ਪਿਤਾ ਜੀ ਪਾਸੋਂ ਵਿਰਸੇ 'ਚ ਮਿਲੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਥਾ ਸਹਿਤ ਪਾਠ ਧਰਮਸਾਲਾ ਪੁਣਛੀਆਂ ਅੰਮ੍ਰਿਤਸਰ ਵਿਖੇ ਗਿਆਨੀ ਨਿਰੰਜਨ ਸਿੰਘ ਜੀ ਪਾਸੋਂ ਪੜ੍ਹਿਆ । ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਵਿੱਚ ੧੯੫੫ ਤੇ ੧੯੫੬ ਈ: ਦੌਰਾਨ ਦੋ ਸਾਲਾ ਕੋਰਸ ਪਾਸ ਕਰ ਕੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਚਾਰਕ ਨੀਯਤ ਹੋ ਕੇ ਮੋਗੇ ਦੇ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਕਰਦੇ ਰਹੇ ।

੧੯੫੭ ਈ: ਵਿੱਚ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਤ ਸ਼ਹਿਰ ਅੰਮ੍ਰਿਤਸਰ ਦੇ ਗੁਰਦੁਆਰਿਆਂ ਵਿੱਚ ਗ੍ਰੰਥੀ ਦੀ ਡਿਊਟੀ ਸੰਭਾਲ ਲਈ । ਗੁ: ਲਾਚੀ ਬੇਰ ਤੇ ਗੁਰਦੁਆਰਾ

ਪਿਪਲੀ ਸਾਹਿਬ, ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ, ਗੁ: ਪਾਤਸ਼ਾਹੀ ੯ ਵੀਂ ਜੀਂਦ ਅਤੇ ਗੁਰਦੁਆਰਾ ਫ਼ਤਹਗੜ੍ਹ ਸਾਹਿਬ ਆਦਿ ਥਾਵਾਂ 'ਤੇ ਗ੍ਰੰਥੀ ਦੀ ਡਿਊਟੀ ਦੇ ਨਾਲ-ਨਾਲ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਕਥਾ ਵੀ ਕਰਦੇ ਰਹੇ ।

੧੯੬੦ ਈ: ਵਿੱਚ ਸ਼੍ਰੋਮਣੀ ਕਮੇਟੀ ਦੀ ਸਰਵਿਸ ਛੱਡ ਕੇ ਕਾਨ੍ਹਪੁਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਲਾਕ ਨੰ: ੪, ਗੋਬਿੰਦ ਨਗਰ ਵਿੱਚ ੧੯੬੭ ਈ: ਤੱਕ ਪੂਰੇ ਸੱਤ ਸਾਲ ਮੁੱਖ ਗ੍ਰੰਥੀ ਅਤੇ ਕਥਾ ਵਾਚਕ ਦੀ ਸੇਵਾ ਨਿਭਾਉਂਦੇ ਰਹੇ ਤੇ ਕਾਨ੍ਹਪੁਰ ਰਹਿਣ ਸਮੇਂ ਵੱਡੇ-ਵੱਡੇ ਧਾਰਮਿਕ ਸਮਾਗਮਾਂ ਵਿੱਚ ਕੀਤੇ ਕਥਾ ਵਿਖਿਆਨ ਉਤੇ ਗੁਰਪੁਰਬਾਂ ਸਮੇਂ ਕੀਤੇ ਧਾਰਮਿਕ ਭਾਸ਼ਨ, ਲਖਨਊ ਅਤੇ ਅਲਾਹਬਾਦ ਆਦਿ ਰੇਡੀਓ ਸਟੇਸ਼ਨਾਂ ਤੋਂ ਰੀਲੇਅ ਕੀਤੇ ਜਾਂਦੇ ਰਹੇ ।

੧੯੬੭ ਈ: ਤੋਂ ੧੯੭੫ ਈ: ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ, ਸਬਜ਼ੀ ਮੰਡੀ, ਲੁਧਿਆਣਾ ਵਿਖੇ ਬਤੌਰ ਮੁੱਖ ਗ੍ਰੰਥੀ ਰਹੇ ਤੇ ਦੋਨੋਂ ਸਮੇਂ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਕਥਾ ਵੀ ਕਰਦੇ ਰਹੇ । ਅਖ਼ਬਾਰਾਂ ਵਿੱਚ ਧਾਰਮਿਕ ਲੇਖ ਛਪਦੇ ਰਹੇ । ਗੁਰਮਤਿ ਪ੍ਰਚਾਰ ਤੇ ਅੰਮ੍ਰਿਤ-ਸੰਚਾਰ ਸਮਾਗਮ ਵੱਡੀ ਪੱਧਰ 'ਤੇ ਕਰਵਾਏ । ਗੁਰਮਤਿ ਗ੍ਰੰਥੀ ਸਭਾ ਲੁਧਿਆਣਾ ਸੁਰਜੀਤ ਕੀਤੀ । ਜਿਸ ਦੇ ਆਪ ਲਗਾਤਾਰ ਪੰਜ ਸਾਲ ਪ੍ਰਧਾਨ ਰਹੇ । ਗ੍ਰੰਥੀ ਸਿੰਘਾਂ ਦੀਆਂ ਸਮਸਿਆਵਾਂ ਸੁਲਝਾਈਆਂ ਤੇ ਗੁਰਮਤਿ ਪ੍ਰਚਾਰ ਨੂੰ ਜੱਥੇਬੰਦ ਕੀਤਾ । ਜਿਸ ਨਾਲ ਗੁਰਮਤਿ ਪ੍ਰਚਾਰ ਨੂੰ ਕਾਫੀ ਬਲ ਮਿਲਿਆ । ਧਾਰਮਿਕ ਖੇਤਰ ਵਿੱਚ ਆਪ ਦਾ ਪਾਇਆ ਯੋਗਦਾਨ ਸ਼ਲਾਘਾਯੋਗ ਸੀ । ਇਸੇ ਹੀ ਅਰਸੇ ਵਿੱਚ ਥਾਈਲੈਂਡ, ਸਿੰਘਾਪੁਰ ਤੇ ਮਲੇਸ਼ੀਆਂ ਦਾ ਗੁਰਮਤਿ ਪ੍ਰਚਾਰ ਦੌਰਾ ਕੀਤਾ ।

੧੯੭੫ ਅਗਸਤ ਤੋਂ ੧੯੭੬ ਅਪ੍ਰੈਲ ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਜਲੰਧਰ ਵਿਖੇ ਬਤੌਰ ਮੁੱਖ ਗ੍ਰੰਥੀ ਰਹੇ । ਪਹਿਲਾਂ ਲੁਧਿਆਣੇ ਤੇ ਫਿਰ ਜਲੰਧਰ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਆਰੰਭ ਤੋਂ ਕਥਾ ਸ਼ੁਰੂ ਕੀਤੀਆਂ । ਸੰਗਤਾਂ ਭਾਰੀ ਗਿਣਤੀ ਵਿੱਚ ਆ ਕੇ ਕਥਾ ਸਰਵਣ ਕਰਦੀਆਂ ਰਹੀਆਂ ।

੧ ਮਈ, ੧੯੭੬ ਈ: ਨੂੰ ਆਪ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਮਹਾਨ ਧਾਰਮਿਕ ਪਦਵੀ ਉੱਪਰ ਸਥਾਪਤ ਕੀਤਾ ਗਿਆ । ੧੯੮੨ ਈ: ਵਿੱਚ ਸ਼੍ਰੋ: ਕਮੇਟੀ ਵੱਲੋਂ ਕੀਤੇ ਮਤੇ ਅਨੁਸਾਰ ਕੈਨੇਡਾ, ਅਮਰੀਕਾ, ਬਰਤਾਨੀਆਂ ਦਾ ਗੁਰਮਤਿ ਪ੍ਰਚਾਰ ਦੌਰਾ ਕੀਤਾ । ਇਨ੍ਹਾਂ ਦੇਸ਼ਾਂ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਧਾਰਮਿਕ ਸਮਾਗਮਾਂ ਵਿੱਚ ਧਾਰਮਿਕ ਵਿਖਿਆਨ ਦਿੱਤੇ ਤੇ ਅੰਮ੍ਰਿਤ-ਸੰਚਾਰ ਸਮਾਗਮਾਂ ਵਿੱਚ ਵੀ ਸ਼ਾਮਲ ਹੋਏ ।

ਮੈਂ ਜਦ ਮੁੱਖ ਗ੍ਰੰਥੀ ਦੀ ਮਹਾਨ ਪਦਵੀ ਤੋਂ ਮੁਕਤ ਹੋਇਆ ਤੇ ਦਾਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ ਤੇ ਉਸ ਖਾਲੀ ਹੋਈ ਜਗ੍ਹਾ ਉੱਪਰ ਆਪ ਜੀ ਨੂੰ ੧੬ ਅਪ੍ਰੈਲ ੧੯੮੩ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪਿਆ ਗਿਆ । ਜਲੰਧਰ ਰੇਡੀਉ ਤੋਂ ਗੁਰਬਾਣੀ ਵੀਚਾਰ ਪ੍ਰੋਗਰਾਮ ਵਿੱਚ ਆਪ ਵੱਲੋਂ ਕੀਤੀ ਗੁਰ ਸ਼ਬਦ ਦੀ ਕਥਾ ਵੀ ਬ੍ਰਾਡਕਾਸਟ ਹੁੰਦੀ ਰਹੀ ਹੈ ।

ਜੂਨ ੧੯੮੪ ਈ: ਦੇ ਨੀਲਾ ਤਾਰਾ ਫ਼ੌਜੀ ਹਮਲੇ ਤੋਂ ਪਹਿਲਾਂ ਤੇ ਬਾਅਦ ਸੇਵਾ- ਮੁਕਤ ਹੋਣ ਤੱਕ ਆਪ ਪੰਜ ਸਿੰਘ ਸਹਿਬਾਨ ਵਿੱਚ ਸ਼ਾਮਲ ਹੋ ਕੇ ਬਹੁਤ ਬਿਖੜੇ ਸਮੇਂ ਵਿੱਚ ਉਲਝੇ ਹੋਏ ਪੰਥਕ ਮਾਮਲਿਆਂ ਬਾਰੇ ਸੁਚੱਜੀ ਰਾਇ ਦੇਂਦੇ ਰਹੇ ਤੇ ਅਸੀਂ ਪੰਜੇ ਸਿੰਘ ਸਾਹਿਬ ਸਰਬ-

ਸੰਮਤ ਫੈਸਲੇ ਲੈਂਦੇ ਰਹੇ । ੭ ਜੂਨ ਨੂੰ ਵਰ੍ਹਦੀਆਂ ਗੋਲੀਆਂ ਵਿੱਚ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਅੰਦਰਲੀ ਮਰਯਾਦਾ ਬਹਾਲ ਕਰਵਾਈ । ੨ ਸਤੰਬਰ ੧੯੮੪ ਈ: ਨੂੰ ਅੰਮ੍ਰਿਤਸਰ ਅਤੇ ੧੬ ਫਰਵਰੀ ੧੯੮੬ ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੋ ਬਹੁਤ ਵੱਡੇ ਇਤਿਹਾਸਕ ਸਰਬਤ ਖਾਲਸਾ ਸਮਾਗਮ ਬੁਲਾਏ, ਜਿਨ੍ਹਾਂ ਰਾਹੀਂ ਫ਼ੌਜ ਪਾਸੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜਾਬ ਦੇ ਹੋਰ ੩੮ ਇਤਿਹਾਸਕ ਗੁਰਦੁਆਰੇ ਅਜ਼ਾਦ ਕਰਵਾ ਕੇ ਸਿੱਖ- ਪੰਥ ਦਾ ਸਵੈਮਾਨ ਬਹਾਲ ਕਰਵਾਇਆ । ੧੨ ਅਕਤੂਬਰ ੧੯੮੪ ਈ: ਨੂੰ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕਰਵਾਈ, ਜਿਸ ਸੇਵਾ ਹਿਤ ਪੰਜਾਂ ਸਿੰਘ ਸਾਹਿਬਾਂ ਨੇ ਬਾਬਾ ਖੜਕ ਸਿੰਘ ਤੇ ਬਾਬਾ ਦਰਸ਼ਨ ਸਿੰਘ ਨੂੰ ਸੇਵਾ ਸੌਂਪੀ । ਆਪ ਦਾਸ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਂਦੇ ਰਹੇ । ਕੌਮ ਦੀ ਉਲਝੀ ਤਾਣੀ ਨੂੰ ਸੁਲਝਾਉਣ ਲਈ ਨਿੱਗਰ ਵਿਚਾਰ ਪ੍ਰਗਟ ਕਰਦੇ ਰਹੇ ਤੇ ਉਨ੍ਹਾਂ ਉੱਪਰ ਅਮਲ ਦਰਾਮਦ ਕਰਦੇ ਰਹੇ । ਆਪ ਸਿੱਖ ਧਰਮ ਬਾਰੇ ਸੁਘੜ ਵਕਤਾ ਹਨ, ਉੱਦਮੀ, ਉਤਸ਼ਾਹੀ, ਹਿੰਮਤੀ, ਹੋਸ਼ਿਆਰ, ਚੰਗੇ ਪ੍ਰਬੰਧਕ ਹਨ , ੨੪ ਦਸੰਬਰ ੧੯੮੬ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਪਦਵੀ ਤੋਂ ਸੇਵਾ ਮੁਕਤ ਹੋ ਗਏ ਤੇ ਇਸ ਸਮੇਂ ਜੰਮੂ ਸਥਿਤ ਆਪਣੇ ਨਿੱਜੀ ਮਕਾਨ ਵਿੱਚ ਪਰਿਵਾਰ ਸਮੇਤ ਰਹਿ ਰਹੇ ਹਨ ਅਤੇ ਵਿਚਰ ਕੇ ਗੁਰਮਤਿ ਪ੍ਰਚਾਰ ਕਰ ਰਹੇ ਹਨ ।

## ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ 'ਗ੍ਰੰਥੀ'

ਪਿਤਾ ਗਿਆਨੀ ਮੂਲਾ ਸਿੰਘ ਜੀ ਅਤੇ ਮਾਤਾ ਤੇਜ ਕੌਰ ਜੀ ਦੇ ਘਰ ਮੁਲਤਾਨ ਸ਼ਹਿਰ (ਪਾਕਿਸਤਾਨ) ਵਿੱਚ ੧.੯.੪੨ ਨੂੰ ਆਪ ਦਾ ਜਨਮ ਹੋਇਆ । ਆਪ ਜੀ ਦੇ ਪਿਤਾ ਗ੍ਰੰਥੀ ਦੀ ਸੇਵਾ ਕਰਦੇ ਸਨ, ਜਿਸ ਕਰ ਕੇ ਧਾਰਮਿਕ ਵਿਦਿਆ ਉਨ੍ਹਾਂ ਪਾਸੋਂ ਹੀ ਪ੍ਰਾਪਤ ਕੀਤੀ । ਇਸ ਤਰ੍ਹਾਂ ਗੁਰਮਤਿ ਵਿਦਿਆ ਤੇ ਧਾਰਮਕ ਰੁਚੀਆਂ ਵਿਰਸੇ ਵਿੱਚ ਮਿਲੀਆਂ, ੧੯੪੭ ਈ: ਤੋਂ ਬਾਅਦ ਪੰਜਾਬ ਆ ਜਾਣ 'ਤੇ ਆਪ ਪਰਿਵਾਰ ਨਾਲ ਪਿੰਡ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿੱਚ ਆ ਵਸੇ। ਭੁਲੱਥ ਹਾਈ ਸਕੂਲ ਵਿੱਚ ਅੰਡਰ ਮੈਟ੍ਰਿਕ ਕੀਤੀ, ਸੰਗੀਤ ਵੀ ਸਿੱਖਿਆ ਅਤੇ ਕੀਰਤਨ ਵੀ ਕਰਦੇ ਰਹੇ, ਫਿਰ ਪੰਥ ਪ੍ਰਸਿੱਧ ਵਿਦਵਾਨ ਤੇ ਵਿਆਖਿਆ ਗਿਆਨੀ ਸੰਤ ਸਿੰਘ ਜੀ 'ਮਸਕੀਨ' ਦੀ ਸੰਗਤ ਦੁਆਰਾ, ਕਥਾ, ਵਿਆਖਿਆ ਦਾ ਪ੍ਰਭਾਵੀ ਢੰਗ ਸਿੱਖਿਆ, ੧੯੭੦ ਈ: ਤੋਂ ੧੯੭੩ ਈ: ਤੱਕ ਗੁਰਦੁਆਰਾ ਸੈਂਟਰਲ ਟਾਊਨ ਜਲੰਧਰ ਵਿੱਚ ਬਤੌਰ ਮੁੱਖ ਗ੍ਰੰਥੀ ਸੇਵਾ ਨਿਭਾਉਂਦੇ ਰਹੇ ਤੇ ਕਥਾ ਵਿਆਖਿਆ ਵੀ ਕਰਦੇ ਰਹੇ ਉੱਪਰੰਤ ਵਿਚਰ ਕੇ ਕਥਾ ਵਾਰਤਾ ਦੁਆਰਾ ਗੁਰਮਤਿ ਪ੍ਰਚਾਰ ਕਰਦੇ ਰਹੇ । ਨਾਗਪੁਰ, ਬੰਬਈ, ਕਾਨ੍ਹਪੁਰ, ਲਖਨਊ, ਰਾਂਚੀ, ਟਾਟਾ ਨਗਰ, ਇੰਦੌਰ, ਜੱਬਲਪੁਰ ਤੇ ਸੱਚ- ਖੰਡ ਸ੍ਰੀ ਹਜ਼ੂਰ ਸਾਹਿਬ ਆਦਿ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਵਿੱਚ ਗੁਰਪੁਰਬਾਂ ਦੇ ਜੋੜ ਮੇਲਿਆਂ ਸਮੇਂ ਪਹੁੰਚ ਕੇ ਵਿਅਖਿਆ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਰਹੇ ।

੧੯੭੬ ਈ: ਵਿੱਚ ਥਾਈਲੈਂਡ, ਸਿੰਘਾਪੁਰ ਤੇ ਮਲੇਸ਼ੀਆ ਵਿਖੇ ਗੁਰਮਤਿ ਪ੍ਰਚਾਰ ਹਿਤ ਸੰਗਤਾਂ ਦੇ ਸੱਦੇ 'ਤੇ ਗਏ ਦੋਬਾਰਾ ਫੇਰ ੧੯੮੧ ਈ: ਵਿੱਚ ਉਪ੍ਰੋਕਤ ਦੇਸ਼ਾਂ ਵਿੱਚ ਸੰਗਤਾਂ ਦੇ ਬੁਲਾਉਣ 'ਤੇ ਗਏ ਤੇ ਗੁਰਮਤਿ ਪ੍ਰਚਾਰ ਕਰਦੇ ਰਹੇ, ੧੯੮੩ ਈ: ਦਾ ਸਾਰਾ ਸਾਲ ਕੈਨੇਡਾ ਵਿਖੇ ਗੁਰਬਾਣੀ ਦੇ ਗਿਆਨ ਦਾ ਚਾਨਣ ਕਰਦੇ ਰਹੇ, ਆਪ ਮਿਤੀ ੪-੫-੮੫ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ 'ਤੇ ਨਿਯੁਕਤ ਹੋਏ। ਆਪ ਸੁਭਾਵ ਦੇ ਨਰਮ, ਸੰਕੋਚੀ, ਮਿਲਣਸਾਰ ਮਿੱਠ-ਬੋਲੇ, ਨਿਮਰਤਾ ਦੇ ਪੁੰਜ ਨਿਰ-ਹੰਕਾਰ, ਵਿਦਵਾਨ, ਰਹਿਣੀ ਵਿੱਚ ਪ੍ਰਪੱਕ ਅਤੇ ਬਹੁਤ ਹੀ ਗੁਰਮੁਖ ਸੱਜਣ

ਹਨ। ਜਿੱਥੇ ਆਪ ਪ੍ਰਬੀਨ ਵਿਆਖਿਆਕਾਰ ਹਨ, ਉਥੇ ਸਫਲ ਲੇਖਕ ਵੀ ਹਨ ਆਪ ਨੇ 'ਧਰਮ ਦੀ ਚਾਦਰ' ਨਾਮ ਦੀ ਪੁਸਤਕ ਲਿਖ ਕੇ ਛਾਪੀ ਹੈ, ਜਿਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਤੇ ਸਲੋਕ ਮਹੱਲਾ ੯ ਵਾਂ ਦੇ ਅਰਥ ਤੇ ਭਾਵ ਅਰਥ ਲਿਖੇ ਹਨ। ਜਿਸ ਤੋਂ ਆਪ ਦੀ ਵਿਆਖਿਆ-ਵਿਧੀ ਦੀ ਝਲਕ ਪੈਂਦੀ ਹੈ।

ਘਰੋਗੀ ਕਾਰਨਾਂ ਕਰ ਕੇ ਆਪ ੧੯੮੭ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਦੀ ਸੇਵਾ ਤੋਂ ਤਿਆਗ ਪੱਤਰ ਦੇ ਕੇ ਸੇਵਾ ਮੁਕਤ ਹੋ ਗਏ ਹਨ। ਹੁਣ ਆਪ ਵਿਚਰ ਕੇ ਸੁਤੰਤਰ ਰੂਪ ਵਿੱਚ ਕਥਾ ਵਿਆਖਿਆ ਦੁਆਰਾ ਧਰਮ ਪ੍ਰਚਾਰ ਕਰ ਰਹੇ ਹਨ।

## ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ 'ਮੁੱਖ-ਗ੍ਰੰਥੀ'

ਆਪ ਦੇ ਪਿਤਾ ਸ: ਜੈਮਲ ਸਿੰਘ ਜੀ ਫ਼ੌਜ ਵਿੱਚ ਸਨ। ਆਪ ਦਾ ਜਨਮ ਮਾਤਾ ਕਰਤਾਰ ਕੌਰ ਜੀ ਦੀ ਕੁੱਖੋਂ ਫਰਵਰੀ ੧੯੪੭ ਈ: ਵਿੱਚ ਲਾਹੌਰ ਵਿਖੇ ਹੋਇਆ। ਪਾਕਿਸਤਾਨ ਬਣਨ 'ਤੇ ਆਪਣੇ ਮਾਤਾ ਪਿਤਾ ਤੇ ਪਰਿਵਾਰ ਸਮੇਤ ਤਰਨ ਤਾਰਨ ਸਾਹਿਬ ਨੇੜੇ ਪਿੰਡ ਖੱਖ ਵਿਖੇ ਆਬਾਦ ਹੋ ਗਏ। ਨਾਲ ਲੱਗਦੇ ਪਿੰਡ ਸਰਲੀ ਦੇ ਸਕੂਲ ਤੋਂ ਵਿਦਿਆ ਪ੍ਰਾਪਤ ਕੀਤੀ। ਗੁਰਬਾਣੀ ਦੀ ਮੁੱਢਲੀ ਵਿਦਿਆ ਬਾਬਾ ਹਰੀ ਸਿੰਘ ਜੀ ਬਾਬਾ ਕਿਸ਼ਨ ਸਿੰਘ ਜੀ ਤੇ ਮਹੰਤ ਮੂਲ ਸਿੰਘ ਜੀ ਮੱਲ੍ਹੀਆਂ ਤੋਂ ਪੜ੍ਹੀ। ਕੁਝ ਸਮਾਂ ਪਿੰਡ ਤਲਾਵਾਂ ਵਿਖੇ ਪੜ੍ਹਦੇ ਰਹੇ। ਉਪ੍ਰੰਤ ਖੱਖ ਪਿੰਡ ਦੇ ਗ੍ਰੰਥੀ ਸਾਹਿਬ ਪੂਰਨ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਸਿੱਖਿਆ ਤੇ ਚੰਗੇ ਅਖੰਡ ਪਾਠੀ ਬਣ ਗਏ ਤੇ ਗ੍ਰੰਥੀ ਦੀ ਡਿਊਟੀ ਕਰਨ ਦੇ ਯੋਗ ਹੋ ਗਏ।

੧੯੭੦ ਈ: ਵਿੱਚ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਵਿਖੇ ਗ੍ਰੰਥੀ ਦੀ ਡਿਊਟੀ 'ਤੇ ਨੀਯਤ ਹੋ ਗਏ। ਪੰਜ ਸਾਲ ਇਹ ਡਿਊਟੀ ਨਿਭਾਉਂਦੇ ਰਹੇ ਤੇ ਨਾਲ-ਨਾਲ ਪ੍ਰਸਿੱਧ ਵਿਦਵਾਨ ਪੰਡਿਤ ਰਾਮ ਸਿੰਘ ਜੀ ਜੋ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਤੋਂ ਅੰਮ੍ਰਿਤ ਵੇਲੇ ਆਏ ਮਹਾਂਵਾਕ ਦੀ ਕਥਾ ਦੀਵਾਨ ਹਾਲ ਵਿੱਚ ਹਰ ਰੋਜ਼ ਸੰਗਤਾਂ ਨੂੰ ਸੁਣਾਉਂਦੇ ਹਨ ਤੇ ਕਈ ਪੁਸਤਕਾਂ ਦੇ ਲੇਖਕ ਵੀ ਹਨ, ਉਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ, ਕਥਾ ਕਰਨ ਦਾ ਢੰਗ ਸਿੱਖਦੇ ਰਹੇ। ਇਨ੍ਹਾਂ ਪਾਸੋਂ ਹੀ ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰੁ ਪ੍ਰਤਾਪ ਸੂਰਜ ਤੇ ਸ੍ਰੀ ਗੁਰੁ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਪੜ੍ਹੇ।

੧੯੭੫ ਈ: ਵਿੱਚ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਦੇ ਮੁੱਖ ਗ੍ਰੰਥੀ ਥਾਪੇ ਗਏ। ਡਿਊਟੀ ਤੋਂ ਇਲਾਵਾ ਸ਼ਾਮ ਨੂੰ ਇਤਿਹਾਸ ਦੀ ਕਥਾ ਵੀ ਕਰਦੇ ਰਹੇ। ਆਪ ਨੇ ਤਰਨ ਤਾਰਨ ਵਿੱਚ ਨਿਰੰਕਾਰੀਆਂ ਦਾ ਕੋਈ ਸਮਾਗਮ ਨਾ ਹੋਣ ਦਿੱਤਾ, ਧਰਮ ਯੁੱਧ ਮੋਰਚੇ ਦੇ ਕਾਫੀ ਸਿੰਘ ਰੇਲ ਦੇ ਫਾਟਕ ਪਾਸ ਗੱਡੀ ਹੇਠ ਆ ਕੇ ਸ਼ਹੀਦ ਹੋ ਗਏ, ਉਨ੍ਹਾਂ ਦੀ ਯਾਦ ਵਿੱਚ 'ਗੁ: ਸ਼ਹੀਦੀ ਫਾਟਕ' ਬਣਵਾਇਆ। ਸ਼ਹੀਦਾਂ ਦੇ ਨਮਿੱਤ ਲਗਾਤਾਰ ੧੦੧ "ਸ੍ਰੀ ਅਖੰਡ ਪਾਠ" ਕਰਵਾ ਕੇ ਭੋਗ ਪਾਇਆ।

੧੯ ਅਪ੍ਰੈਲ ੧੯੮੩ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਹੋਏ ਤੇ ਗਿਆਨੀ ਸਾਹਿਬ ਸਿੰਘ ਜੀ ਦੇ ਸੇਵਾ-ਮੁਕਤ ਹੋਣ 'ਤੇ ੨੪ ਦਸੰਬਰ ੧੯੯੬ ਈ: ਨੂੰ ਸ੍ਰੀ ਹਰਿਮੰਦਰ ਦੇ ਮੁੱਖ ਗ੍ਰੰਥੀ ਥਾਪੇ ਗਏ। ੧੯੮੪ ਈ: ਦੇ ਨੀਲਾ ਤਾਰਾ ਘਲੂਘਾਰੇ ਸਮੇਂ ੫ ਤੇ ੬ ਜੂਨ ਦੀਆਂ ਦੋ ਰਾਤਾਂ ਤੇ ਇਕ ਦਿਨ ਵਰ੍ਹਦੀਆਂ ਗੋਲੀਆਂ ਤੇ ਗੋਲਿਆਂ ਦੇ ਵਿਚਕਾਰ ਭੁੱਖੇ-ਤਿਹਾਏ ਆਪ ਤੇ ਗਿਆਨੀ ਮੋਹਣ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ

ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਰਹੇ ।

ਬਾਅਦ ਵਿੱਚ ਦੋ ਵਾਰ ੮ ਮਹੀਨੇ ਜੇਲ੍ਹ ਯਾਤਰਾ ਵੀ ਕੀਤੀ । ੧ ਮਈ ੧੯੮੮ ਈ: ਤੱਕ ਆਪ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਪੂਰੀ ਤਨਦੇਹੀ ਨਾਲ ਸੇਵਾ ਨਿਭਾਉਂਦੇ ਰਹੇ । ਮੁੱਖ ਗ੍ਰੰਥੀ ਦੀ ਸੇਵਾ ਸਮੇਂ ਆਪ ਜੀ ਨਾਲ ਗਿਆਨੀ ਸੋਹਣ ਸਿੰਘ ਜੀ ਅਤੇ ਗਿਆਨੀ ਰਾਮ ਸਿੰਘ ਜੀ ਗ੍ਰੰਥੀ ਦੀ ਡਿਊਟੀ ਨਿਭਾਉਂਦੇ ਰਹੇ ਹਨ । ਕਿਸੇ ਕਾਰਨ ੨ ਮਈ ੧੯੮੮ ਈ: ਨੂੰ ਆਪ ਇਸ ਸੇਵਾ ਤੋਂ ਮੁਕਤ ਹੋ ਗਏ । ਉਸ ਤੋਂ ਬਾਅਦ ਆਪ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ੨੦ ਨਵੰਬਰ ੧੯੯੦ ਈ: ਤੱਕ ਬਤੌਰ ਮੁੱਖ ਗ੍ਰੰਥੀ ਸੇਵਾ ਨਿਭਾਉਂਦੇ ਰਹੇ । ੨੧ ਨਵੰਬਰ ੧੯੯੦ ਈ: ਆਪ ਨੂੰ ਫਿਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਪਦਵੀ 'ਤੇ ਥਾਪਿਆ ਗਿਆ ਹੈ । ਇਸ ਸਮੇਂ ਆਪ ਇਸ ਸੇਵਾ ਨੂੰ ਪੂਰੀ ਯੋਗਤਾ ਨਾਲ ਨਿਭਾ ਰਹੇ ਹਨ ।

## ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ 'ਗ੍ਰੰਥੀ'

ਪਿਤਾ ਭਾਈ ਜਗਤਾਰ ਸਿੰਘ ਜੀ ਦੇ ਘਰ ਮਾਤਾ ਬਲਬੀਰ ਕੌਰ ਜੀ ਦੀ ਕੁੱਖੋਂ ਆਪ ਜੀ ਦਾ ਜਨਮ ੬ ਮਈ ੧੯੫੮ ਈ: ਨੂੰ ਪਿੰਡ ਭੂਰਾ ਕੋਨਾ ਵਿਖੇ ਹੋਇਆ ਆਪ ਜੀ ਸੰਤ ਕਰਤਾਰ ਸਿੰਘ ਜੀ 'ਮਹਿਤੇ' ਵਾਲਿਆਂ ਦੇ ਭਤੀਜੇ ਹਨ । ਅੱਖਰੀ ਗਿਆਨ ਵੀ ਅਤੇ ਗੁਰਮਤਿ ਦਾ ਗਿਆਨ ਵੀ ਸੰਤ ਕਰਤਾਰ ਸਿੰਘ ਜੀ ਪਾਸੋਂ ਹੀ ਪ੍ਰਾਪਤ ਕੀਤਾ । ਹਰ ਸਾਲ ਇਕ ਵੇਰ ਸੰਤ ਕਰਤਾਰ ਸਿੰਘ ਜੀ ਦਾ ਜਥਾ ਭੂਰਾ ਕੋਨੇ ਜਾਇਆ ਕਰਦਾ ਸੀ, ਜਿਸ ਕਾਰਨ ਆਪ ਦੇ ਮਨ ਵਿੱਚ ਜਥੇ ਵਿੱਚ ਸ਼ਾਮਲ ਹੋਣ ਅਤੇ ਗੁਰਮਤਿ ਦਾ ਗਿਆਨ ਪ੍ਰਾਪਤ ਕਰਨ ਦੀ ਚਾਹ ਪੈਦਾ ਹੋਈ । ਗਿਆਰਾਂ ਸਾਲ ਦੀ ਉਮਰ ਵਿੱਚ ਆਪ ਜੀ ਜੱਥੇ ਵਿੱਚ ਸ਼ਾਮਲ ਹੋਏ । ਸੰਤ ਕਰਤਾਰ ਸਿੰਘ ਜੀ ਪਾਸੋਂ ਗੁਰਬਾਣੀ ਦੀ ਸੰਥਾ ਸਰਵਣ ਕੀਤੀ ਅਤੇ ਗੁਰਮਤਿ ਦੇ ਸਿਧਾਂਤ ਨੂੰ ਸਮਝਿਆ।

ਆਪ ਜੀ ਗਿਆਰਾਂ ਸਾਲ ਲਗਾਤਾਰ ਬਕਾਇਦਾ ਤੌਰ 'ਤੇ ਜਥੇ ਦੇ ਨਾਲ ਹੀ ਵਿਚਰਦੇ ਰਹੇ । ਇਸ ਸਮੇਂ ਦੌਰਾਨ ਗੁਰਬਾਣੀ ਦੀ ਸੰਥਾ -ਕਥਾ ਸਿੱਖਣ ਤੋਂ ਇਲਾਵਾ ਆਪ ਜੀ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰੁ ਪ੍ਰਤਾਪ ਸੂਰਜ, ਸ੍ਰੀ ਗੁਰੂ ਪੰਥ ਪ੍ਰਕਾਸ਼, ਵਾਰਾਂ ਤੇ ਕਬਿੱਤ ਸ੍ਵਯੇ ਭਾਈ ਗੁਰਦਾਸ ਆਦਿ ਗ੍ਰੰਥਾਂ ਦਾ ਅਧਿਐਨ ਵੀ ਕੀਤਾ । ਸੰਤਾਂ ਦੀ ਗੈਰ ਹਾਜ਼ਰੀ ਸਮੇਂ ਆਪ ਜਥੇ ਵਿੱਚ ਗੁਰਬਾਣੀ ਦੀ ਕਥਾ ਤੇ ਗੁਰਪ੍ਰਤਾਪ ਸੂਰਜ ਦੀ ਕਥਾ ਵੀ ਸੰਗਤਾਂ ਨੂੰ ਸਰਵਣ ਕਰਾਉਂਦੇ ਰਹੇ ਸਨ । ੧੯੮੦ ਈ: ਤੱਕ ਆਪ ਜੀ ਜਥੇ ਨਾਲ ਰਹੇ ।

੧੯੮੧ ਈ: ਵਿੱਚ ਆਪ ਦੀ ਨਿਯੁਕਤੀ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵਿੱਚ ਪ੍ਰਚਾਰਕ ਵੱਜੋਂ ਹੋਈ । ਜੂਨ ੧੯੮੪ ਈ: ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਮੇਂ ਆਪ ਗੁਰਦੁਆਰਾ ਸਾਹਿਬ 'ਟੁੱਟੀ ਗੰਢੀ' ਮੁਕਤਸਰ ਸਾਹਿਬ ਵਿੱਚ ਕਥਾ ਕਰਿਆ ਕਰਦੇ ਸਨ । ਜਦ ਨੀਲਾ ਤਾਰਾ ਘਲੂਘਾਰਾ ਵਾਪਰਿਆ ਤਾਂ ਇਨ੍ਹਾਂ ਨੂੰ ੬ ਜੂਨ ਨੂੰ ਉਥੋਂ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ ਤੇ ੧੨ ਦਸੰਬਰ ੧੯੮੫ ਈ: ਨੂੰ ਰਿਹਾਅ ਕੀਤਾ । ਦੁਬਾਰਾ ਫੇਰ ੨ ਦਸੰਬਰ ੧੯੮੬ ਨੂੰ ਗ੍ਰਿਫ਼ਤਾਰ ਕੀਤਾ ਅਤੇ ਆਪ ਦੀ ਰਿਹਾਈ ੧੨ ਜਨਵਰੀ ੧੯੮੭ ਈ: ਨੂੰ ਹੋਈ ।

ਆਪ ਜੀ ੬ ਮਾਰਚ ੧੯੮੭ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਹੋਏ । ਆਪ ਜੀ ਇਸ ਸੇਵਾ ਨੂੰ ਬੜੀ ਯੋਗਤਾ ਨਾਲ ਨਿਭਾ ਰਹੇ ਹਨ ।

## ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਮੁੱਖ ਗ੍ਰੰਥੀ

ਪਿਤਾ ਸ: ਉੱਗਰ ਸਿੰਘ ਜੀ ਦੇ ਘਰ ਮਾਤਾ ਚੰਦ ਕੌਰ ਜੀ ਦੀ ਕੁੱਖੋਂ, ਪਿੰਡ ਜਟਾਣਾ ਨੀਵਾਂ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ੨੫ ਨਵੰਬਰ, ੧੯੨੯ ਈ: ਨੂੰ ਆਪ ਦਾ ਜਨਮ ਹੋਇਆ। ਮੁੱਢਲੀ ਵਿਦਿਆ ਗੌਰਮਿੰਟ ਸਕੂਲ ਲਖਨਪੁਰ (ਲੁਧਿਆਣਾ) ਵਿਖੇ ਸ਼ੁਰੂ ਕੀਤੀ ਪਰ ਛੋਟੀ ਉਮਰ ਵਿੱਚ ਮਾਤਾ ਜੀ ਦੇ ਚੜ੍ਹਾਈ ਕਰ ਜਾਣ ਕਰ ਕੇ ਸਕੂਲ ਦੀ ਵਿਦਿਆ ਵਿੱਚੇ ਛੱਡਣੀ ਪਈ। ਕੁਝ ਸਾਲਾਂ ਬਾਅਦ ਆਪਣੇ ਮਾਸੜ ਸ: ਦੁੱਲਾ ਸਿੰਘ ਪਿੰਡ ਸਧਾਰੀ ਮਾਜਰਾ (ਰੋਪੜ) ਦੀ ਪ੍ਰੇਰਨਾ ਨਾਲ ਗੁਰੂ ਨਾਨਕ ਮਹਾਂ ਵਿਦਿਆਲਾ ਮਾਨਪੁਰ ਖੰਟ (ਰੋਪੜ) ਵਿਖੇ ਸੰਤ ਪ੍ਰੀਤਮ ਸਿੰਘ ਜੀ ਦੀ ਸਰਪ੍ਰਸਤੀ ਹੇਠ ਧਾਰਮਿਕ ਵਿਦਿਆ ਪੜ੍ਹਨੀ ਆਰੰਭ ਕੀਤੀ। ਲਗਭਗ ਦਸ ਸਾਲ ਇਥੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ ਤੇ ਗੁਰਬਾਣੀ ਦੇ ਅਰਥ ਸੰਥਾ ਸਹਿਤ ਪੜ੍ਹੇ ਤੇ ਵੀਚਾਰੇ। ਗੁਰਸ਼ਬਦ ਦੀ ਕਥਾ ਕਰਨ ਦਾ ਵੀ ਢੰਗ ਸਿੱਖਿਆ। ਵਿਦਿਆਲੇ ਵਿੱਚ ਕਥਾ ਕਰਨ ਤੇ ਗੁਰਬਾਣੀ ਤੇ ਗੁਰਇਤਿਹਾਸ ਦੇ ਅਰਥ ਪੜ੍ਹਾਉਣ ਦੀ ਸੇਵਾ ਪਹਿਲਾਂ ਗਿਆਨੀ ਗੁਰਬਖਸ਼ ਸਿੰਘ ਜੀ 'ਧੂੰਦਾ' ਤੇ ਫਿਰ ਗਿਆਨੀ ਮਨੀ ਸਿੰਘ ਜੀ (ਜੋ ਬਾਅਦ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਰਹੇ) ਨਿਭਾਉਂਦੇ ਰਹੇ।

੧੯੪੭ ਈ: ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਅਕਾਲ ਰਜਮੈਂਟ ਵਿੱਚ ਭਰਤੀ ਹੋ ਕੇ ਕਰਨਲ ਰਘਬੀਰ ਸਿੰਘ ਪਟਿਆਲਾ ਤੇ ਜਥੇਦਾਰ ਨਾਹਰ ਸਿੰਘ ਬਿਲਾਸਪੁਰ (ਖਮਾਣੋ) ਦੇ ਨਾਲ ਪੰਥਕ ਸੇਵਾ ਵਿੱਚ ਜੁਟੇ ਰਹੇ। ਸਮੇਂ ਦੀ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਜਾਂਦੇ ਧੱਕੇ ਦੇ ਖਿਲਾਫ਼ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਗਏ ਮੋਰਚਿਆਂ ਵਿੱਚ ਕਈ ਵਾਰ ਗ੍ਰਿਫ਼ਤਾਰੀ ਦਿੱਤੀ। ੧੯੪੯ ਈ: ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ ਵਿਖੇ ਮਾਮਾ ਭਾਣਜਾ ਵਜ਼ਾਰਤ ਵਿਰੁੱਧ ਲਾਏ ਮੋਰਚੇ ਵਿੱਚ ਆਪਣਾ ਜੱਥਾ ਲੈ ਕੇ ਗਏ ਤੇ ਇਕ ਸਾਲ ਸਜ਼ਾ ਹੋਈ, ਜੋ ਪਟਿਆਲੇ ਦੀ ਸੈਂਟਰਲ ਜੇਹਲ ਵਿਖੇ ਭੁਗਤੀ।

ਗੁਰਦੁਆਰਾ ਚਮਕੌਰ ਸਾਹਿਬ ਵਿਖੇ ਗ੍ਰੰਥੀ ਦੀ ਡਿਊਟੀ ਕਰਦੇ ਸਮੇਂ ੧੯੫੬ ਈ: ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਗ੍ਰੰਥੀ ਟਰੇਨਿੰਗ ਕਲਾਸ ਦਾ ਰੀਫ੍ਰੈਸ਼ਰ ਕੋਰਸ ਪਾਸ ਕੀਤਾ ਜਿਸ ਵਿੱਚ ਫਸਟ ਕਲਾਸ ਪਾਸ ਹੋਏ। ੧੯੫੬ ਈ: ਤੋਂ ੧੯੫੯ ਈ: ਤੱਕ ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਗ੍ਰੰਥੀ ਸੇਵਾ ਕਰਦੇ ਰਹੇ। ੧੯੫੯ ਤੋਂ ੧੯੬੪ ਈ: ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਉਪ ਮੁੱਖ ਗ੍ਰੰਥੀ ਦੇ ਤੌਰ 'ਤੇ ਸੇਵਾ ਕੀਤੀ।

੧੯੬੩ ਈ: ਵਿੱਚ ਜਦ ਸੰਤ ਫ਼ਤਹ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਚਾਰ ਮਹੀਨਿਆਂ ਲਈ ਅਗਿਆਤ ਵਾਸ ਚਲੇ ਗਏ ਤਾਂ ਉਸ ਸਮੇਂ ਉਨ੍ਹਾਂ ਨੂੰ ਰੋਜ਼ਾਨਾ ਅਖਬਾਰ ਤੇ ਹੋਰ ਲੋੜੀਂਦੀਆਂ ਵਸਤਾਂ ਆਪ ਅਪੜਾਉਂਦੇ ਰਹੇ ਤੇ ਚਾਰ ਮਹੀਨੇ ਸਰਕਾਰ ਦੀ ਸੀ. ਆਈ. ਡੀ. ਤੇ ਅਖਬਾਰਾਂ ਵਾਲੇ ਸੰਤ ਜੀ ਦਾ ਗੁਪਤ ਵਾਸ ਟਿਕਾਣਾ ਨਾ ਲੱਭ ਸਕੇ। ਜਿਸ ਦਾ ਸਾਰੇ ਪੰਥ 'ਚੋਂ ਕੇਵਲ ਗਿਆਨੀ ਸੋਹਣ ਸਿੰਘ ਜੀ ਨੂੰ ਹੀ ਪਤਾ ਸੀ। ਜਿਸ ਤੋਂ ਸਪੱਸ਼ਟ ਹੈ ਕਿ ਗਿਆਨੀ ਸੋਹਣ ਸਿੰਘ ਜੀ ਸਿੱਖ- ਪੰਥ ਤੇ ਪੰਥਕ ਲੀਡਰਾਂ ਦੇ ਆਪ ਪੂਰਨ ਵਫਾਦਾਰ ਤੇ ਵਿਸ਼ਵਾਸ ਪਾਤਰ ਸਨ। ਉਸ ਸਮੇਂ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਉਪ ਮੁੱਖ ਗ੍ਰੰਥੀ ਦੀ ਸੇਵਾ ਨਿਭਾ ਰਹੇ ਸਨ।

੧੯੬੪ ਈ: ਤੋਂ ੧੯੬੬ ਈ: ਤੱਕ ਆਪ ਨੇ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਵਿਖੇ

ਮੁੱਖ ਗ੍ਰੰਥੀ ਦੀ ਸੇਵਾ ਨਿਭਾਈ । ਸ਼ਾਮ ਨੂੰ ਗੁਰਪ੍ਰਤਾਪ ਸੂਰਜ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਇਤਿਹਾਸਕ ਕਥਾ ਵੀ ਕਰਦੇ ਰਹੇ । ੧੯੬੫ ਈ: ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਲੰਗਰ ਤਿਆਰ ਕਰਵਾ ਕੇ ਸੰਗਤ ਦੇ ਨਾਲ ਆਪ ਜਾ ਕੇ ਸਰਹੱਦ 'ਤੇ ਫ਼ੌਜੀਆਂ 'ਤੇ ਉਜੜੇ ਲੋਕਾਂ ਨੂੰ ਲੰਗਰ ਛਕਾ ਕੇ ਆਉਂਦੇ ਰਹੇ ।

ਆਪ ਦੀ ਵਿਦਵਤਾ, ਪ੍ਰਬੰਧਕ ਯੋਗਤਾ, ਪੰਥਕ ਪਿਆਰ ਤੇ ਸਿੱਖੀ ਪਿਆਰ ਦਾ ਧਿਆਨ ਕਰਦਿਆਂ ੩ ਦਸੰਬਰ ੧੯੬੬ ਈ: ਨੂੰ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਸਤਿਕਾਰ ਯੋਗ ਪਦਵੀ ਉੱਪਰ ਸਥਾਪਤ ਕੀਤਾ ਗਿਆ । ੧੯੭੯ ਈ: ਵਿੱਚ ਅਕਾਲੀ ਦਲ ਦੇ ਦੋਹਾਂ ਧੜਿਆਂ ਵਿੱਚ ਏਕਤਾ ਕਰਾਉਣ ਦੇ ੧੦ ਨੁਕਾਤੀ ਫੈਸਲੇ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਜਥੇਦਾਰ ਸੰਤੋਖ ਸਿੰਘ ਦਿੱਲੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ ਕਰਾਰ ਦੇਣ 'ਤੇ ਤਨਖਾਹ ਲਾਉਣ ਸਮੇਂ ਪੰਜਾਂ ਪਿਆਰਿਆਂ (ਪੰਜ ਸਿੰਘ ਸਾਹਿਬਾਨ) ਵਿੱਚ ਆਪ ਸ਼ਾਮਲ ਸਨ ।

ਜੂਨ ੧੯੮੪ ਈ: ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਉੱਪਰ ਭਾਰਤ ਸਰਕਾਰ ਵੱਲੋਂ ਹੋਏ ਫ਼ੌਜੀ ਹਮਲੇ (ਨੀਲਾ ਤਾਰਾ ਘੱਲੂਘਾਰੇ) ਸਮੇਂ ੪ ਤੇ ੫ ਜੂਨ ਨੂੰ ਵਰ੍ਹਦੀਆਂ ਗੋਲੀਆਂ ਵਿੱਚ ਡਿਊਟੀ 'ਤੇ ਪੁੱਜਦੇ ਰਹੇ । ੬ ਜੂਨ ਦੀ ਸੁਬ੍ਹਾ ੪ ਵਜੇ ਪਰਿਵਾਰ ਸਮੇਤ ਘਰ ਤੋਂ ਗ੍ਰਿਫ਼ਤਾਰ ਕਰ ਕੇ ਫ਼ੌਜ ਨੇ ਆਪ ਉੱਪਰ ਭਾਰੀ ਤਸ਼ੱਦਦ ਕੀਤਾ ਤੇ ਇਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਘਰ ਦਾ ਚੰਗਾ ਤੇ ਕੀਮਤੀ ਸਮਾਨ ਲੁੱਟ ਲਿਆ ਤੇ ਬਾਕੀ ਦਾ ਭੰਨ ਤੋੜ ਦਿੱਤਾ । ੧੧ ਜੂਨ ਨੂੰ ਬੜੀ ਮੁਸ਼ਕਲ ਨਾਲ ਅਸਾਂ ਫ਼ੌਜੀ ਅਫ਼ਸਰਾਂ ਨੂੰ ਕਹਿ ਕੇ ਰਿਹਾਅ ਕਰਵਾਇਆ। ਬੜੇ ਬਿਖੜੇ ਤੇ ਸੰਕਟ ਸਮੇਂ ਆਪਣੀ ਜਾਨ ਨੂੰ ਜੋਖੋਂ ਵਿੱਚ ਪਾ ਕੇ ਦ੍ਰਿੜ੍ਹਤਾ ਨਾਲ ਸੇਵਾ ਨਿਭਾਉਣ ਤੇ ਤਸ਼ੱਦਦ ਤੇ ਜੇਲ੍ਹ ਦੇ ਕਸ਼ਟ ਸਹਾਰਨ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੩੧੦੦) ਰੁਪਏ ਹੌਂਸਲਾ-ਅਫਜ਼ਾਈ ਅਤੇ ਸਹਾਇਤਾ ਵੱਜੋਂ ਆਪ ਜੀ ਦੀ ਭੇਟਾ ਕੀਤੇ ਗਏ ।

੩੦ ਮਈ ੧੯੮੮ ਈ: ਨੂੰ ਆਪ ਜੀ ਦੀ ਗੁਰਮਤਿ ਵਿਦਿਅਕ ਯੋਗਤਾ ਤੇ ਪੰਥਕ ਪਿਆਰ ਨੂੰ ਮੁੱਖ ਰੱਖਦਿਆਂ ਤੇ ਸੀਨੀਅਰ ਹੋਣ ਦੇ ਨਾਤੇ ਆਪ ਜੀ ਨੂੰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨਿਯੁਕਤ ਕਰ ਦਿੱਤਾ । ਆਪ ਜੀ ਨੇ ਉਸੇ ਦਿਨ ਤੋਂ ਹੀ ਸ੍ਰੀ ਦਰਬਾਰ ਸਾਹਿਬ ਸਮੂੰਹ ਨੂੰ ਪੁਲੀਸ ਦੇ ਕਬਜ਼ੇ 'ਚੋਂ ਮੁਕਤ ਕਰਾਉਣ ਤੇ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਾਉਣ ਅਤੇ ਅਕਾਲੀ ਦਲਾਂ ਵਿੱਚ ਪੂਰਨ ਏਕਤਾ ਲਈ ਦਿਨ ਰਾਤ ਇਕ ਕਰ ਦਿੱਤਾ ਪਰ ਪੰਥ ਦੋਖੀ ਸ਼ਕਤੀਆਂ ਨੂੰ ਇਨ੍ਹਾਂ ਦੀ ਇਹ ਕਾਰਵਾਈ ਚੰਗੀ ਨਾ ਲੱਗੀ, ਜਿਸ ਦਾ ਸਿੱਟਾ ਇਹ ਹੋਇਆ ਕਿ ੨੫ ਜੁਲਾਈ ੧੯੮੮ ਈ: ਦਿਨ ਸੋਮਵਾਰ ਨੂੰ ਸਾਢੇ ੧੧ ਵਜੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਸ: ਮੱਲ ਸਿੰਘ ਘੁਮਾਣ ਤੇ ਸ: ਭਾਨ ਸਿੰਘ ਨਾਲ ਗੁਰਮਤਿ ਵੀਚਾਰਾਂ ਕਰਦਿਆਂ ਦੋ ਹਤਿਆਰਿਆਂ ਨੇ ਚੀਨੀ ਰਾਈਫਲਾਂ ਨਾਲ ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ । ਨਾਲ ਦੇ ਦੋਵੇਂ ਸਾਥੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ 'ਚ ਦਾਖਲ ਕਰਾਏ ਗਏ, ਜਿਥੇ ਸ: ਭਾਨ ਸਿੰਘ ਦਾ ਦੇਹਾਂਤ ਹੋ ਗਿਆ ਅਤੇ ਸ: ਮੱਲ ਸਿੰਘ ਲੰਮਾ ਸਮਾਂ ਹਸਪਤਾਲ ਵਿੱਚ ਇਲਾਜ ਤੋਂ ਬਾਅਦ ਜਾਨੋਂ ਬੱਚ ਗਏ, ਪਰ ਸਰੀਰ ਇਕ ਲੱਤ ਤੋਂ ਆਰੜੀ ਹੋ ਗਿਆ । ਭਾਈ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਇਹ ਦੂਜੀ ਸ਼ਹੀਦੀ ਹੈ, ਜਿਸ ਨਾਲ

ਪੰਥਕ ਹਲਕਿਆਂ ਵਿੱਚ ਗ਼ਮ ਅਤੇ ਗੁੱਸੇ ਦੀ ਲਹਿਰ ਦੌੜ ਗਈ। ਇਹ ਸ਼ਹਾਦਤ ਸਿੱਖ ਇਤਿਹਾਸ ਵਿੱਚ ਸਦਾ ਯਾਦ ਰਹੇਗੀ। ਸਿੰਘ ਸਾਹਿਬ ਜੀ ਸੁਭਾਵ ਦੇ ਬੜੇ ਨਰਮ, ਮਿਲਣਸਾਰ, ਨਿੰਮ੍ਰਤਾ ਦੀ ਮੂਰਤੀ, ਨਿਰ-ਹੰਕਾਰ, ਪਰਉਪਕਾਰੀ, ਦੂਜਿਆਂ ਦੇ ਕੰਮ ਆਉਣ ਵਾਲੇ, ਗੁਰਮਤਿ ਦੇ ਮਹਾਨ ਵਿਦਵਾਨ, ਨੀਤੀਵੇਤਾ ਤੇ ਚੰਗੇ ਪ੍ਰਬੰਧਕ ਸਨ। ਮੇਰੇ ਨਾਲ ਆਪ ਦਾ ਅਥਾਹ ਪਿਆਰ ਸੀ।

## ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ 'ਮੁੱਖ ਗ੍ਰੰਥੀ'

ਪਿਤਾ ਸ: ਨਿਧਾਨ ਸਿੰਘ, ਮਾਤਾ ਕਿਸ਼ਨ ਕੌਰ, ਜਨਮ ੧੯੪੨ ਈ: ਜਨਮ ਨਗਰ, ਰਾਜਗੜ੍ਹ, ਜ਼ਿਲ੍ਹਾ ਸੰਗਰੂਰ, ਦੋ ਭਰਾ ਤੇ ਤਿੰਨ ਭੈਣਾਂ। ਪੰਜ ਜਮਾਤਾਂ ਦੱਦਾਹੂਰ ਸਕੂਲ 'ਚ ਪੜ੍ਹੀਆਂ। ਦੋ ਸਾਲ ਪਿੰਡ ਦੇ ਮਹੰਤ ਸ਼ੇਰ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ, ਆਪਣੇ ਪਿੰਡ ਹੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੇ ਜਥੇ ਪਾਸੋਂ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਪਾਨ ਕੀਤਾ। ਆਪ ਰਿਸ਼ਤੇ 'ਚੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ 'ਭਿੰਡਰਾਂ' ਵਾਲਿਆਂ ਦੇ ਮਾਮੇ ਦੇ ਪੋਤਰੇ ਹਨ। ੧੪ ਸਾਲ ਦੀ ਉਮਰ ਵਿੱਚ ਸੰਤਾਂ ਦੇ ਜਥੇ 'ਚ ਆ ਗਏ। ਤਿੰਨ ਕੁ ਸਾਲ ਜਥੇ 'ਚ ਰਹੇ। ਸ਼ਾਦੀ ਤੋਂ ਬਾਅਦ ਦੋ ਸਾਲ ਖੇਤੀ ਦਾ ਕੰਮ ਕਰਵਾਇਆ। ੧੯੬੪ ਈ: 'ਚ ਸ੍ਰੀ ਅਨੰਦਪੁਰ ਸਾਹਿਬ ਗ੍ਰੰਥੀ ਦੀ ਡਿਊਟੀ 'ਤੇ ਜਾ ਲੱਗੇ। ਦੋ ਸਾਲ ਬਾਅਦ ਗੁਰਦੁਆਰਾ ਫਤਹਗੜ੍ਹ ਸਾਹਿਬ, ਸਰਹਿੰਦ ਬਦਲ ਕੇ ਆ ਗਏ, ਉਥੇ ਵੀ ਦੋ ਸਾਲ ਰਹੇ। ੧੯੬੮ ਈ: ਤੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ 'ਚ ਗ੍ਰੰਥੀ ਰਹੇ। ੧੯੭੮ ਈ: ਅਗਸਤ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ। ਸ੍ਰੀ ਹਰਿਮੰਦਰ ਸਾਹਿਬ ਉੱਪਰ ਹੋਏ ਫ਼ੌਜੀ ਹਮਲੇ ਦੌਰਾਨ ਆਪ ੫ ਤੇ ੬ ਜੂਨ ਦੀਆਂ ਭਿਆਨਕ ਦੋ ਰਾਤਾਂ ਤੇ ਇਕ ਦਿਨ ਵਰ੍ਹਦੀਆਂ ਗੋਲੀਆਂ ਤੇ ਗੋਲਿਆਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੇਵਾ ਵਿੱਚ ਹਾਜ਼ਰ ਰਹੇ। ੨੯ ਜੁਲਾਈ ੧੯੮੮ ਈ: ਨੂੰ ਆਪ ਮੁੱਖ ਗ੍ਰੰਥੀ ਥਾਪੇ ਗਏ। ਇਸ ਸਮੇਂ ਇਨ੍ਹਾਂ ਨਾਲ ਗਿਆਨੀ ਰਾਮ ਸਿੰਘ ਜੀ, ਗਿਆਨੀ ਪ੍ਰੀਤਮ ਸਿੰਘ ਜੀ, ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਗਿਆਨੀ ਚਰਨ ਸਿੰਘ ਜੀ ਤੇ ਗਿਆਨੀ ਪੂਰਨ ਸਿੰਘ ਜੀ ਪੰਜ ਗ੍ਰੰਥੀ ਸੇਵਾ ਨਿਭਾ ਰਹੇ ਹਨ।

## ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਜੀ ਗ੍ਰੰਥੀ

ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਤਰਨ ਤਾਰਨ ਦੇ ਪਿੰਡ ਲਾਲਪੁਰਾ ਵਿਖੇ ਪਿਤਾ ਸ: ਨਿਹਾਲ ਸਿੰਘ ਦੇ ਘਰ ਮਾਤਾ ਸ਼ਾਮ ਕੌਰ ਤੋਂ ੧੫ ਮਈ ੧੯੩੮ ਈ: ਨੂੰ ਆਪ ਦਾ ਜਨਮ ਹੋਇਆ। ਸਕੂਲ ਵਿੱਦਿਆ ੧੯੫੬ ਈ: ਵਿੱਚ ਮੈਟ੍ਰਿਕ ਪਾਸ ਕੀਤੀ। ਨਗਰ ਦੇ ਗ੍ਰੰਥੀ ਗਿਆਨੀ ਜੋਧ ਸਿੰਘ ਜੋ ਗੁਰਬਾਣੀ ਦੇ ਚੰਗੇ ਅਰਥ ਗਿਆਤਾ ਸਨ, ਪਾਸੋਂ ਪਹਿਲਾਂ ਸੰਥਿਆ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ੁੱਧ ਕੀਤਾ। ਥੋੜ੍ਹੇ ਹੀ ਸਮੇਂ ਵਿੱਚ ਅਖੰਡ ਪਾਠੀ ਬਣ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੋਜ਼ਾਨਾ ਅਰਥਾਂ ਸਹਿਤ ਕਥਾ ਵਿਆਖਿਆ ਵੀ ਗਿਆਨੀ ਜੋਧ ਸਿੰਘ ਜੀ ਪਾਸੋਂ ਸੁਣਦੇ ਤੇ ਪੜ੍ਹਦੇ ਰਹੇ, ਜਿਸ ਕਰ ਕੇ ਆਪ ਗੁਰਬਾਣੀ ਦੇ ਅਰਥਾਂ ਦੇ ਵੀ ਚੰਗੇ ਗਿਆਤਾ ਹੋ ਗਏ।

੧੯੫੮ ਈ: ਵਿੱਚ ਅੰਮ੍ਰਿਤਸਰ ਆ ਕੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਨਾਲ ਸੰਬੰਧਤ ਸ਼ਹਿਰ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਗ੍ਰੰਥੀ ਦੀ ਸੇਵਾ ਸੰਭਾਲ ਲਈ। ਵੱਖ-ਵੱਖ ਗੁਰਦੁਆਰਿਆਂ ਵਿੱਚ ਸੇਵਾ ਕਰਦਿਆਂ ਗੁਰਦੁਆਰਾ ਪਿਪਲੀ ਸਾਹਿਬ ਵਿਖੇ ਜਦ ਗ੍ਰੰਥੀ ਦੀ ਡਿਊਟੀ ਸੰਭਾਲੀ ਤਾਂ ਸੁਬ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਏ ਮਹਾਂਵਾਕ ਦੀ ਅਤੇ ਸ਼ਾਮ ਨੂੰ ਗੁਰਪ੍ਰਤਾਪ

ਸੂਰਜ ਗ੍ਰੰਥ ਦੀ ਕਥਾ ਸੰਗਤਾਂ ਨੂੰ ਸੁਣਾ ਕੇ ਨਿਹਾਲ ਕਰਦੇ ਰਹੇ।

੧੯੬੫ ਈ: ਵਿੱਚ ਆਪ ਦੀ ਵਿਦਵਤਾ ਤੇ ਪ੍ਰਬੰਧਕ ਯੋਗਤਾ ਨੂੰ ਮੁੱਖ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁੱਖ ਗ੍ਰੰਥੀ ਨਿਯੁਕਤ ਕਰ ਦਿੱਤਾ ਗਿਆ। ਇਸ ਸੇਵਾ ਨੂੰ ਆਪ ਨੇ ਬੜੀ ਸੁਚੱਜਤਾ ਨਾਲ ਨਿਭਾਇਆ। ੧੯੬੫ ਈ: ਤੋਂ ੧੦-੮-੮੮ ਤੱਕ ਲਗਾਤਾਰ ੨੩ ਸਾਲ ਤੋਂ ਉੱਪਰ ਸਮਾਂ ਆਪ ਇਸੇ ਸੇਵਾ ਨੂੰ ਨਿਭਾਉਂਦੇ ਰਹੇ।

੧੯੭੯ ਈ: ਤੋਂ ਦਸੰਬਰ ੧੯੮੬ ਈ: ਤੱਕ ਆਪ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਲ ਹੋ ਕੇ ਨੀਲਾ ਤਾਰਾ ਘਲੂਘਾਰੇ ਤੋਂ ਪਹਿਲਾਂ ਤੇ ਪਿੱਛੋਂ ਧਾਰਮਿਕ ਤੇ ਪੰਥਕ ਮਾਮਲਿਆਂ ਸੰਬੰਧੀ ਨਿੱਗਰ ਸੁਝਾਉ ਦੇ ਕੇ ਸਰਬ-ਸੰਮਤ ਫੈਸਲੇ ਕਰਦੇ ਰਹੇ।

੧੯੮੨ ਈ: ਵਿੱਚ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਕਰਾਰ ਦਿਵਾਉਣ ਲਈ ਕੱਢੇ ਗਏ ਪੰਥਕ ਜਲੂਸ ਦੀ ਆਪ ਜੀ ਨੇ ਅਗਵਾਈ ਕੀਤੀ ਕਿਉਂਕਿ ਉਸ ਸਮੇਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਜੀ 'ਅਜਨੋਹਾ' ਵਿਦੇਸ਼ ਗਏ ਹੋਏ ਸਨ ਤੇ ਗਿਆਨੀ ਪ੍ਰੀਤਮ ਸਿੰਘ ਜੀ ਬਤੌਰ ਐਕਟਿੰਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸੇਵਾ ਨਿਭਾ ਰਹੇ ਸਨ।

ਨੀਲਾ ਤਾਰਾ ਐਕਸ਼ਨ ਸਮੇਂ ੪,੫ ਤੇ ੬ ਜੂਨ ੧੯੮੪ ਈ: ਦੇ ਤਿੰਨ ਦਿਨ ਤੇ ਤਿੰਨ ਰਾਤਾਂ ਵਰ੍ਹਦੇ ਟੈਂਕਾਂ ਦੇ ਗੋਲੇ ਤੇ ਮਸ਼ੀਨਗੰਨਾਂ ਦੀਆਂ ਗੋਲੀਆਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਸਾਰੀਆਂ ਧਾਰਮਿਕ ਮਰਯਾਦਾ ਪੂਰੀਆਂ ਕਰਦੇ ਰਹੇ ਤੇ ਅੱਠੇ ਪਹਿਰ ਹਾਜ਼ਰ ਰਹੇ। ੮ ਜੂਨ ਨੂੰ ਫ਼ੌਜ ਦੀ ਗ੍ਰਿਫ਼ਤਾਰੀ ਵਿੱਚ ਸਾਰੇ ਸਿੰਘਾਂ ਸਮੇਤ ਗਿਆਨੀ ਪ੍ਰੀਤਮ ਸਿੰਘ ਜੀ ਨੂੰ ਗੋਲੀਆਂ ਮਾਰਨ ਹੀ ਵਾਲੇ ਸਨ ਕਿ ਇਕ ਸਿੱਖ ਅਫ਼ਸਰ ਨੇ ਆਪ ਨੂੰ ਪਛਾਣ ਕੇ ਗੋਲੀਆਂ ਮਾਰਨ ਤੋਂ ਮਨ੍ਹਾ ਕਰ ਦਿੱਤਾ ਤੇ ਸਾਰੇ ਸਿੰਘਾਂ ਸਮੇਤ ਆਪ ਨੂੰ ਫ਼ੌਜੀ ਕੈਂਪ ਵਿੱਚ ਭੇਜ ਦਿੱਤਾ, ਜਿਥੇ ਗਰਮੀ ਦੇ ਮੌਸਮ ਵਿੱਚ ਪਾਣੀ ਦੀ ਕਮੀ ਤੇ ਹੋਰ ਕਈ ਔਕੜਾਂ ਦੇ ਕਾਰਨ ਆਪ ਜੀ ਨੂੰ ਭਾਰੀ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ। ਜਿਸ ਨੂੰ ਆਪ ਨੇ ਬੜੇ ਧੀਰਜ ਨਾਲ ਸਹਾਰਿਆ।

ਆਪ ਦੀ ਗੁਰਮਤਿ ਵਿਦਵਤਾ ਤੇ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਦੀ ਲੰਮੀ ਸੇਵਾ ਨੂੰ ਮੁੱਖ ਰੱਖਦਿਆਂ ਆਪ ਜੀ ਨੂੰ ੧੦ ਅਗਸਤ ੧੯੮੮ ਈ: ਵਾਲੇ ਦਿਨ ਸਿੱਖ ਕੌਮ ਦੇ ਮਹਾਨ ਧਾਰਮਿਕ ਕੇਂਦਰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਗ੍ਰੰਥੀ ਦੀ ਮਹਾਨ ਪਦਵੀ ਉੱਪਰ ਸਥਾਪਤ ਕੀਤਾ ਗਿਆ। ਇਸ ਸਮੇਂ ਆਪ ਇਸ ਸੇਵਾ ਨੂੰ ਪੂਰੀ ਯੋਗਤਾ ਨਾਲ ਨਿਭਾ ਰਹੇ ਹਨ। ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਦੇ ਛੁੱਟੀ ਤੇ ਕੈਨੇਡਾ ਜਾਣ ਸਮੇਂ ਲਗਭਗ ੫ ਮਹੀਨੇ ਕਾਰਜਕਾਰੀ ਮੁੱਖ ਗ੍ਰੰਥੀ ਦੀ ਪਦਵੀ ਦੀਆਂ ਜ਼ਿਮੇਵਾਰੀਆਂ ਨੂੰ ਪੂਰੀ ਯੋਗਤਾ ਨਾਲ ਨਿਬਾਉਂਦੇ ਰਹੇ।

ਆਪ ਡਿਊਟੀ ਦੇ ਪੱਕੇ, ਦ੍ਰਿੜ੍ਹ ਇਰਾਦੇ ਦੇ ਮਾਲਕ, ਮਿਲਣਸਾਰ, ਸੁਭਾਅ ਦੇ ਨਰਮ, ਗੁਰਮਤਿ ਦੇ ਦ੍ਰਿੜ੍ਹ ਵਿਸ਼ਵਾਸੀ, ਦੂਜਿਆਂ ਦੇ ਕੰਮ ਆਉਣ ਵਾਲੇ, ਪਰਉਪਕਾਰੀ, ਦੁਖੀਆਂ ਦਾ ਦਰਦ ਵੰਡਾਉਣ ਵਾਲੇ, ਗਰੀਬਾਂ ਦੇ ਮਦਦਗਾਰ ਤੇ ਗੁਰਮੁਖ ਸੱਜਣ ਹਨ।

## ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ 'ਜਾਚਕ' 'ਗ੍ਰੰਥੀ'

ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨ ਤਾਰਨ ਦੇ ਪਿੰਡ ਚੰਬਾ ਕਲਾਂ ਵਿਖੇ ਜਥੇਦਾਰ ਪ੍ਰੀਤਮ ਸਿੰਘ ਸੰਧੂ ਜੱਟ ਦੇ ਘਰ ਮਾਤਾ ਸੁਰਜੀਤ ਕੌਰ ਤੋਂ ੧੬-੭-੫੪ ਨੂੰ ਗਿਆਨੀ ਜਗਤਾਰ

ਸਿੰਘ ਜੀ ਦਾ ਜਨਮ ਹੋਇਆ ਦਾਦਾ ਸੁੰਦਰ ਸਿੰਘ ਅਕਾਲੀ ਮੋਰਚਿਆਂ ਸਮੇਂ ਪੂਰਾ ਹਿੱਸਾ ਲੈਂਦੇ ਰਹੇ। ਪਿਤਾ ਜੀ ਵੀ ਜਥੇਦਾਰ ਮੋਹਣ ਸਿੰਘ ਜੀ 'ਤੁੜ' ਦੇ ਬਹੁਤ ਨਿਕਟਵਰਤੀ ਰਹੇ, ਇਸ ਲਈ ਇਸ ਪਰਿਵਾਰ ਨੂੰ ਅਕਾਲੀ ਕਿਹਾ ਜਾਂਦਾ ਰਿਹਾ। ਆਪ ਦੇ ਬਜ਼ੁਰਗ ਬੁੱਢੇ ਦਲ ਦੇ ਅੰਮ੍ਰਿਤਧਾਰੀ ਸਿੰਘ ਸਨ। ਗੁਰਬਾਣੀ, ਗੁਰਪ੍ਰਤਾਪ ਸੂਰਜ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਬਾਰੇ ਕਾਫੀ ਬੋਧ ਬਜ਼ੁਰਗਾਂ ਤੋਂ ਵਿਰਸੇ ਵਿੱਚ ਮਿਲਿਆ। ੧੩ ਸਾਲ ਦੀ ਉਮਰ ਵਿੱਚ ਅਖੰਡ ਪਾਠੀ ਬਣ ਗਏ। ਸਕੂਲ ਵਿੱਚ ਪੜ੍ਹਦੇ ਸਮੇਂ ਕਰਤਾਰਪੁਰ, ਚੋਹਲਾ ਸਾਹਿਬ ਵਾਲੇ ਸੰਤ ਦੇਵਾ ਸਿੰਘ ਜੀ ਦੀ ਸੰਗਤ ਕਰਦੇ ਰਹੇ, ਉਨ੍ਹਾਂ ਦਾ ਕਾਫੀ ਪ੍ਰਭਾਵ ਕਬੂਲਿਆ।

ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਚੋਹਲਾ ਸਾਹਿਬ 'ਚੋਂ ਹਾਇਰ ਸੈਕੰਡਰੀ ਦੀ ਪ੍ਰੀਖਿਆ ੧੯੭੧ ਈ: ਵਿੱਚ ਪਾਸ ਕੀਤੀ ਜਦ ਕਿ ਬਾਰ੍ਹਵੀਂ ਜਮਾਤ ਪ੍ਰਾਈਵੇਟ ਕੀਤੀ। ੧੯੭੩ ਈ:ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਗਿਆਨੀ ਕਲਾਸ ਪਾਸ ਕੀਤੀ ਸ਼ਹੀਦ ਸਿੰਘ ਮਿਸ਼ਨਰੀ ਕਾਲਜ ਦਾ ਦੋ ਸਾਲਾ ਕੋਰਸ ੧੯੭੬ ਈ: ਵਿੱਚ ਪਾਸ ਕੀਤਾ। ਇਸ ਵਿੱਚ ਨਾ ਕੇਵਲ ਫਸਟ ਡਵੀਜ਼ਨ ਹੀ ਹਾਸਿਲ ਕੀਤੀ ਸਗੋਂ ਕਲਾਸ 'ਚੋਂ ਫਸਟ ਵੀ ਰਹੇ।

੨੧/੪/੭੯ ਨੂੰ ਗੁਰੂ ਕਾਸ਼ੀ ਦਮਦਮਾ ਸਾਹਿਬ ਵਿਖੇ ਸਰਬ ਭਾਰਤੀ ਗ੍ਰੰਥੀ ਪਾਠ-ਉਚਾਰਨ ਮੁਕਾਬਲੇ ਵਿੱਚ ਪ੍ਰਥਮ ਦਰਜਾ ਅਤੇ ੧੧੦੦)-ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ। ੧੫/੫/੭੯ ਈ: ਨੂੰ ਹੋਏ ਪਾਠ ਬੋਧ ਸਮਾਗਮ ਅੰਮ੍ਰਿਤਸਰ ਅਤੇ ੮/੯/੮੦ ਨੂੰ ਪਾਠ ਬੋਧ ਸਮਾਗਮ ਲੁਧਿਆਣਾ ਵਿਖੇ ਕੇਂਦਰੀ ਸਿੰਘ ਸਭਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

੧੯੭੭ ਈ: ਤੋਂ ਆਲ ਇੰਡਿਆ ਰੇਡਿਓ ਜਲੰਧਰ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਵਿੱਚ ਗੁਰਬਾਣੀ ਦੀ ਕਥਾ ਵਿਆਖਿਆ ਕਰ ਰਹੇ ਹਨ। ਅਗਸਤ ੧੯੭੬ ਤੋਂ ਸਤੰਬਰ ੧੯੮੧ ਤੱਕ ਮੁੱਖ ਗ੍ਰੰਥੀ (ਕਥਾ ਵਾਚਕ) ਦੀ ਡਿਊਟੀ ਗੁ:ਸ੍ਰੀ ਗੁਰੂ ਸਿੰਘ ਸਭਾ, ੧੯-ਡੀ. ਚੰਡੀਗੜ੍ਹ, ਅਕਤੂਬਰ ੧੯੮੧ ਤੋਂ ਅਪ੍ਰੈਲ ੧੯੮੮ ਤੱਕ ਗੁ: ਸ੍ਰੀ ਗੁਰੂ ਸਿੰਘ ਸਭਾ, ਸਬਜ਼ੀ ਮੰਡੀ ਲੁਧਿਆਣਾ, ਮਈ ੧੯੮੮ ਤੋਂ ਨਵੰਬਰ ੧੯੮੮ ਤੱਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਲੁਧਿਆਣਾ ਵਿਖੇ ਪੂਰੀ ਯੋਗਤਾ ਨਾਲ ਨਿਭਾਉਂਦੇ ਰਹੇ।

ਗੁਰਮਤਿ ਗ੍ਰੰਥੀ ਸਭਾ ਲੁਧਿਆਣਾ ਦੇ ਪ੍ਰਧਾਨ ਦੀ ਹੈਸੀਅਤ ਵਿੱਚ ਹਰ ਪੰਥਕ ਮੋਰਚੇ ਵਿੱਚ ਭਾਗ ਲਿਆ। ਧਰਮ ਯੁੱਧ ਮੋਰਚੇ ਵਿੱਚ ਬਤੌਰ ਜਥੇਦਾਰ ਦੋ ਵਾਰ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ। ਲੁਧਿਆਣਾ ਤੇ ਪਟਿਆਲਾ ਜੇਲ੍ਹ ਵਿੱਚ ਬੰਦ ਰਹੇ।

ਆਪ ਦੀ ਗੁਰਮਤਿ ਵਿਦਿਅਕ ਯੋਗਤਾ ਨੂੰ ਮੁੱਖ ਰਖਦਿਆਂ ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ੨੯ ਨਵੰਬਰ ੧੯੮੮ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪ ਨੂੰ ਗ੍ਰੰਥੀ ਦੀ ਮਹਾਨ ਪਦਵੀ ਉੱਪਰ ਸਥਾਪਿਤ ਕੀਤਾ ਗਿਆ। ਕੁਝ ਖਾਸ ਕਾਰਨਾਂ ਕਰ ਕੇ ਆਪ ੩੧/੧/੮੯ ਨੂੰ ਇਸ ਪਦਵੀ ਤੋਂ ਅਸਤੀਫਾ ਦੇ ਗਏ। ਅੱਜ ਕੱਲ੍ਹ ਗੁ: ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਵਿਖੇ ਮੁੱਖ ਗ੍ਰੰਥੀ (ਕਥਾ ਵਾਚਕ) ਦੀ ਸੇਵਾ ਸਫਲਤਾ ਪੂਰਬਕ ਨਿਭਾ ਰਹੇ ਹਨ। ਪਰਿਵਾਰਕ ਰਿਹਾਇਸ਼ ੮੨੯ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਹੈ।

## ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' 'ਗ੍ਰੰਥੀ'

ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਦੇ ਪਿੰਡ ਛੋਟੀ ਤਲਵੰਡੀ ਵਿਖੇ ਪਿਤਾ ਸ:

ਨਾਹਰ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਜੀ ਤੋਂ ੧੯੪੦ ਈ: ਨੂੰ ਆਪ ਦਾ ਜਨਮ ਹੋਇਆ। ਪੰਜ ਸਾਲ ਦੀ ਉਮਰ ਵਿੱਚ ਗਿਆਨੀ ਸ਼ੰਕਰ ਸਿੰਘ (ਟਕਸਾਲ ਭਿੰਡਰਾਂ) ਪਾਸੋਂ ਗੁਰਮੁਖੀ ਅੱਖਰ ਸਿੱਖੇ । ਤਿੰਨ ਜਮਾਤਾਂ ਸਕੂਲ 'ਚ ਪੜ੍ਹੀਆਂ । ਫਿਰ ਸਕੂਲੋਂ ਹਟ ਕੇ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਾਉਂਦੇ ਰਹੇ ਤੇ ਨਾਲ-ਨਾਲ ਪਿੰਡ ਦੇ ਡੇਰੇ ਉਦਾਸੀ ਸੰਤ ਭਗਤ ਸਰੂਪ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੰਥਾ ਨਾਲ ਕੀਤਾ । ੧੯੫੬ ਈ: ਵਿੱਚ ਮਲਕ ਪਿੰਡ ਆ ਕੇ ਗੁਰਮਤਿ ਦੇ ਮਹਾਨ ਅਚਾਰਯ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਤੋਂ ਅੰਮ੍ਰਿਤ ਛਕ ਕੇ ਜਥੇ ਵਿੱਚ ਹੀ ਭਰਤੀ ਹੋ ਗਏ । ਜਥੇ ਵਿੱਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਥਿਆ ਨਾਲ ਪਾਠ ਸ਼ੁੱਧ ਕੀਤਾ । ਇਕ ਸੰਪੂਰਨ ਕਥਾ ਅਰਥਾਂ ਸਹਿਤ ਸੁਣੀ ਤੇ ਵੀਚਾਰੀ । ਨਾਲ-ਨਾਲ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਗੁਰੁ ਪ੍ਰਤਾਪ ਸੂਰਜ ਦੀ ਕਥਾ ਸੁਣਦੇ ਰਹੇ । ਦਸਮ ਗ੍ਰੰਥ ਦਾ ਸੰਥਾ ਨਾਲ ਪਾਠ ਸ਼ੁੱਧ ਕੀਤਾ । ਚਣਾਕਾ-ਰਾਜਨੀਤੀ, ਭਾਵਰ-ਸਾਂਮ੍ਰਿਤ, ਸਾਰੁਕਤਾਵਲੀ, ਵੀਚਾਰ-ਮਾਲਾ, ਅਧਿਆਤਮ-ਪ੍ਰਕਾਸ਼, ਪ੍ਰਬੋਧ-ਚੰਦਰ-ਨਾਟਕ ਤੇ ਵੈਰਾਗ-ਸ਼ੱਤਕ ਬ੍ਰਿਜ ਭਾਸ਼ਾ ਦੇ ਮੁੱਢਲੇ ਗ੍ਰੰਥ ਅਰਥਾਂ ਸਹਿਤ ਵੀਚਾਰੇ । ਆਪ ਨੂੰ ਵਧੇਰੇ ਸ਼ੌਕ ਗੁਰਬਾਣੀ ਦੇ ਸ਼ੁੱਧ ਪਾਠਾਂ ਦੇ ਉਚਾਰਨ, ਬਿਸ੍ਰਾਮ ਅਤੇ ਲਗਾਂ ਮਾਤ੍ਰਾ ਦੇ ਸ਼ੁੱਧ ਉਚਾਰਨ ਦੀ ਖੋਜ ਦਾ ਸੀ । ਲਗਾਤਾਰ ੫ ਸਾਲ ਜਥੇ 'ਚ ਰਹਿ ਕੇ ਗੁਰਬਾਣੀ ਦੇ ਪਾਠਾਂ ਤੇ ਅਰਥਾਂ ਦਾ ਬਹੁਤ ਅਧਿਐਨ ਕੀਤਾ । ਆਪ ਦੀ ਤੀਖਣ ਬੁੱਧੀ, ਖੋਜ ਲਗਨ ਤੇ ਸੂਖਮ ਵੀਚਾਰਾਂ ਸੰਬੰਧੀ ਪ੍ਰਸ਼ਨ ਪੁੱਛਣ ਕਾਰਨ ਸੰਤਾਂ ਨੇ ਆਪ ਦਾ ਉਪ ਨਾਮ 'ਵੇਦਾਂਤੀ' ਰੱਖ ਦਿੱਤਾ ਜੋ ਸਿੰਘਾਂ ਵਿੱਚ ਪ੍ਰਚਲਤ ਹੋ ਗਿਆ ।

੧੯੬੪ ਈ: ਦੇ ਨਵੰਬਰ ਵਿੱਚ ਅੰਮ੍ਰਿਤਸਰ ਆ ਕੇ ਗੁਰਦੁਆਰਾ ਪਿਪਲੀ ਸਾਹਿਬ ਵਿਖੇ ਗ੍ਰੰਥੀ ਦੀ ਡਿਊਟੀ ਸੰਭਾਲ ਲਈ, ਜਿਥੇ ਦੋਨੋਂ ਸਮੇਂ ਗੁਰਬਾਣੀ ਤੇ ਗੁਰ-ਇਤਿਹਾਸ ਦੀ ਕਥਾ ਕਰਦੇ ਰਹੇ । ਸ੍ਰੀ ਗੁਰੁ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਨੂੰ ਸੰਪਾਦਨ ਕਰਨ ਸਮੇਂ ਅਰਥ ਤੇ ਫੁਟ ਨੋਟ ਲਿਖਣ ਵਿੱਚ ਮੇਰੀ ਕਾਫ਼ੀ ਮਦਦ ਕਰਦੇ ਰਹੇ । ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਤ ਗੁਰਦੁਆਰਿਆਂ ਦੇ ਗ੍ਰੰਥੀ ਤੇ ਪਾਠੀ ਸਿੰਘਾਂ ਨੂੰ ਸ਼ੁੱਧ ਪਾਠ ਕਰਾਉਣ ਦੀ ਫ੍ਰੀ ਸੇਵਾ ਕਰਦੇ ਰਹੇ । ਵਿਦਿਆਰਥੀਆਂ ਨੂੰ ਸ਼ੁੱਧ ਉਚਾਰਨ ਤੇ ਬਿਸ੍ਰਾਮਾਂ ਦੇ ਨੇਮ ਦਸਦੇ ਰਹੇ ।

ਇਨ੍ਹਾਂ ਦੀ ਗੁਰਮਤਿ ਵਿਦਵਤਾ ਤੇ ਗੁਰਮਤਿ ਰਹਿਣੀ-ਬਹਿਣੀ ਤੋਂ ਪ੍ਰਭਾਵਤ ਹੋ ਕੇ ੧੯੭੯ ਈ: ਨੂੰ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਅਰਦਾਸੀਆ ਥਾਪਿਆ ਗਿਆ ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਪਦ- ਛੇਦ ਬੀੜ ਛਾਪਣ ਹਿਤ ਬਣਾਈ ਗਈ ਗੁਰਬਾਣੀ ਪਦ- ਛੇਦ ਵਿਚਾਰ ਕਮੇਟੀ ਦੇ ਆਪ ਮੈਂਬਰ ਰਹੇ । ਪਾਠ ਨਿਸਚਤ ਕਰਨ ਸਮੇਂ ਆਪ ਆਪਣੀ ਅਮੋਲਕ ਰਾਇ ਦੇਂਦੇ ਰਹੇ । ਬੀੜ ਛਪਣ ਸਮੇਂ ਫਾਈਨਲ ਪਰੂਫ ਰੀਡਰੀ ਸਮੇਂ ਮੇਰੀ ਮਦਦ ਕਰਦੇ ਰਹੇ ।

ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ, ਲੁਧਿਆਣਾ ਅਤੇ ਬੰਬਈ ਵਿਖੇ ਪਾਠ ਬੋਧ ਸਮਾਗਮਾਂ ਵਿੱਚ ਆਪ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ । ਗੁਰੂ ਗ੍ਰੰਥ ਵਿਚਾਰ ਸੰਮੇਲਨਾਂ ਵਿੱਚ ਗੁਰਬਾਣੀ ਦੇ ਸ਼ੁੱਧ ਉਚਾਰਨ ਸੰਬੰਧੀ ਇਨ੍ਹਾਂ ਵੱਲੋਂ ਲਿਖ ਕੇ ਪੜ੍ਹੇ ਗਏ ਲੇਖ ਸਿੰਘ ਸਭਾ ਪੱਤ੍ਰਿਕਾ ਵਿੱਚ ਛਪ ਚੁੱਕੇ ਹਨ । ਇਨ੍ਹਾਂ ਉਪ੍ਰੋਕਤ ਸਮਾਗਮਾਂ ਵਿੱਚ ਆਪ ਵੱਲੋਂ ਪਾਏ ਅਦੁੱਤੀ ਯੋਗਦਾਨ ਦਾ ਸਦਕਾ ਜਿਥੇ ਆਪ ਨੂੰ ਹਰ ਸਮਾਗਮ

ਵਿੱਚ ਸ਼੍ਰੋਮਣੀ ਕਮੇਟੀ ਅਤੇ ਕੇਂਦਰੀ ਸਿੰਘ ਸਭਾ ਵੱਲੋਂ ਸਨਮਾਨਿਆ ਜਾਂਦਾ ਰਿਹਾ ਉਥੇ ਉਪ੍ਰੋਕਤ ਦੋਹਾਂ ਧਾਰਮਿਕ ਜਥੇਬੰਦੀਆਂ ਵੱਲੋਂ ਆਪ ਨੂੰ 'ਸ਼੍ਰੋਮਣੀ ਗ੍ਰੰਥੀ' ਦਾ ਐਵਾਰਡ ਵੀ ਦਿੱਤਾ ਗਿਆ।

ਨੀਲਾ ਤਾਰਾ ਘਲੂਘਾਰੇ ਸਮੇਂ ੪, ੫ ਤੇ ੬ ਜੂਨ ਨੂੰ ਵਰ੍ਹਦੀਆਂ ਗੋਲੀਆਂ ਤੇ ਟੈਂਕਾਂ ਦੇ ਗੋਲਿਆਂ ਵਿੱਚ ਦੀ ਲੰਘ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੰਮ੍ਰਿਤ ਵੇਲੇ ਦੀ ਅਰਦਾਸ ਦੀ ਡਿਊਟੀ ਨਿਭਾਉਂਦੇ ਰਹੇ। ੬ ਜੂਨ ਦੀ ਸ਼ਾਮ ਨੂੰ ਹੋਰ ਸਟਾਫ ਦੇ ਨਾਲ ਆਪ ਨੂੰ ਪਰਿਵਾਰ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਅੱਠ ਪਹਿਰ ਭੁੱਖੇ ਤਿਹਾਏ ਰੱਖਿਆ। ਗੋਲੀ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਫਿਰ ਫ਼ੌਜੀ ਕੈਂਪ 'ਚ ਭੇਜ ਦਿੱਤਾ ਗਿਆ। ਜਿਥੇ ਅਣਮਨੁੱਖੀ ਤਸ਼ੱਦਦ ਝੱਲਿਆ, ਫਿਰ ਸਟਾਫ ਦੇ ਹੋਰ ਮੈਂਬਰਾਂ ਸਮੇਤ ਰਿਹਾ ਹੋਏ। ਲਗਭਗ ਪੌਣੇ ਦੋ ਸਾਲ ਗਿ: ਮੇਵਾ ਸਿੰਘ ਜੀ ਨਾਲ ਕੈਨੇਡਾ ਵਿਖੇ ਗੁਰਮਤਿ ਪ੍ਰਚਾਰ ਅੰਮ੍ਰਿਤ ਪ੍ਰਚਾਰ ਕਰ ਕੇ ਵਾਪਿਸ ਡਿਊਟੀ 'ਤੇ ਆ ਗਏ। ਜਦ ਭਾਈ ਜੋਗਿੰਦਰ ਸਿੰਘ ਜੀ ਮੁੱਖ ਅਰਦਾਸੀਆ ਸ੍ਰੀ ਦਰਬਾਰ ਸਾਹਿਬ ਰੀਟਾਇਰ ਹੋ ਗਏ ਤਾਂ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਅਰਦਾਸੀਆ ਥਾਪਿਆ ਗਿਆ। ਆਪ ਜੀ ਦੀ ਗੁਰਮਤਿ ਵਿਦਿਅਕ ਯੋਗਤਾ, ਗੁਰਬਾਣੀ ਦੀ ਖੋਜ ਅਤੇ ਪ੍ਰਬੰਧਕ ਸੂਝ-ਬੂਝ ਤੋਂ ਪ੍ਰਭਾਵਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੭ ਮਈ ੧੯੯੯ ਈ: ਵਾਲੇ ਦਿਨ ਆਪ ਜੀ ਨੂੰ ਸਿੱਖ ਕੌਮ ਦੇ ਮਹਾਨ ਧਾਰਮਿਕ ਕੇਂਦਰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਮਹਾਨ ਪਦਵੀ ਉੱਪਰ ਸਥਾਪਤ ਕੀਤਾ ਗਿਆ। ਆਪ ਇਸ ਸਮੇਂ ਇਸ ਸੇਵਾ ਨੂੰ ਸੁਚੱਜੇ ਢੰਗ ਅਤੇ ਪੂਰੀ ਯੋਗਤਾ ਨਾਲ ਨਿਭਾ ਰਹੇ ਹਨ।

ਆਪ ਸੁਭਾਅ ਦੇ ਨਰਮ, ਗੁਰਬਾਣੀ ਦੇ ਖੋਜੀ, ਮਿਹਨਤੀ ਤੇ ਲਗਨ ਵਾਲੇ, ਨਿੰਮ੍ਰਤਾ, ਸਾਦਗੀ, ਨਿਰਿੱਛਤਾ ਦਾ ਮੁਜੱਸਮਾ, ਪਰਉਕਾਰੀ, ਗੰਭੀਰ, ਮਿਠ-ਬੋਲੇ ਤੇ ਪਿਆਰ ਵਾਲੇ ਧੀਰਜੀ ਸੱਜਣ ਪੁਰਸ਼ ਹਨ।

## ਸਿੰਘ ਸਾਹਿਬ ਗਿਆਨੀ ਚਰਨ ਸਿੰਘ ਜੀ 'ਗ੍ਰੰਥੀ'

ਪਿਤਾ ਸ: ਰਣਜੋਧ ਸਿੰਘ ਜੀ ਦੇ ਘਰ ਮਾਤਾ ਚੰਨਣ ਕੌਰ ਜੀ ਦੀ ਕੁੱਖੋਂ ੨ ਮਾਘ ਸੰਮਤ ੧੯੯੯ ਮੁ: ੧੫ ਜਨਵਰੀ ੧੯੪੩ ਈ: ਨੂੰ ਪਿੰਡ ਤੁੜ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਆਪ ਜੀ ਦਾ ਜਨਮ ਹੋਇਆ। ਭੂਆ ਧੰਨ ਕੌਰ ਪਾਸ ਰਹਿ ਕੇ ਪਿੰਡ ਰੂੜੀ ਵਾਲਾ ਦੇ ਸਕੂਲ ਵਿੱਚ ਪ੍ਰਾਇਮਰੀ ਤੱਕ ਵਿਦਿਆ ਪੜ੍ਹੀ। ਪਿੰਡ ਚੋਹਲਾ ਸਾਹਿਬ ਵਿਖੇ ਭਾਈ ਅਦਲੀ ਹਾਈ ਸਕੂਲ ਵਿੱਚ ਮਿਡਲ ਪਾਸ ਕੀਤਾ। ਕੁਝ ਸਮਾਂ ਪਿੰਡ ਪਿਤਾ ਜੀ ਨਾਲ ਖੇਤੀ ਦਾ ਕੰਮ ਕਰਵਾਉਂਦੇ ਰਹੇ ਤੇ ਕੁਝ ਸਮਾਂ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬਾਬਾ ਕਰਮ ਸਿੰਘ ਜੀ ਨਿਹੰਗ ਸਿੰਘ ਡੰਡਿਆਂ ਵਾਲਾ ਪਾਸ ਰਹਿ ਕੇ ਗੁਰਬਾਣੀ ਦਾ ਨਿਤਨੇਮ ਕਰਦੇ ਰਹੇ।

੧੯੬੦ ਈ: ਵਿੱਚ ਪ੍ਰਸਿੱਧ ਹਸਤੀ ਮਹਾਂਪੁਰਖ ਗੁਰਮਤਿ ਦੇ ਮਹਾਨ ਵਿਦਵਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਭਰਤੀ ਹੋ ਗਏ। ਜਥੇ 'ਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਥਾ ਸਹਿਤ ਸ਼ੁੱਧ ਪਾਠ ਕੀਤਾ। ਫਿਰ ਦਸਮ ਗ੍ਰੰਥ ਦਾ ਸ਼ੁੱਧ ਪਾਠ ਸੰਥਾ ਸਹਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਸੰਥਾ, ਕਥਾ ਸੁਣਦੇ ਤੇ ਵਿਚਾਰਦੇ ਰਹੇ।

ਕੁਝ ਸਮਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਉਪਰੰਤ

ਕਲਕੱਤੇ ਚਲੇ ਗਏ । ਲਗਭਗ ਇਕ ਸਾਲ ਕਲਕੱਤੇ ਰਹੇ ।

੧੯੬੬ ਈ: ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨਾਲ ਸੰਬੰਧਤ ਇਤਿਹਾਸਕ ਗੁਰਦੁਆਰਿਆਂ ਵਿਖੇ ਬਤੌਰ ਗ੍ਰੰਥੀ ਸਿੰਘ ਡਿਊਟੀ ਕਰਦੇ ਰਹੇ । ੧੯੭੦ ਈ: ਤੋਂ ੨੯-੧੧-੮੯ ਤੱਕ ਗੁਰਦੁਆਰਾ ਪਿੱਪਲੀ ਸਾਹਿਬ ਵਿਖੇ ਬਤੌਰ ਮੁੱਖ ਗ੍ਰੰਥੀ (ਕਥਾ ਵਾਚਕ) ਸੇਵਾ ਨਿਭਾਉਂਦੇ ਰਹੇ ।

ਸੁਬ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਅਤੇ ਸ਼ਾਮ ਨੂੰ ਗੁਰੂਪ੍ਰਤਾਪ ਸੂਰਜ, ਸ੍ਰੀ ਗੁਰ ਪੰਥ ਪ੍ਰਕਾਸ਼ ਤੇ ਬਾਣੀ ਭਾਈ ਗੁਰਦਾਸ ਦੀ ਕਥਾ ਕਰਦੇ ਰਹੇ । ਇਲਾਕੇ ਦੀਆਂ ਸੰਗਤਾਂ ਉੱਪਰ ਆਪ ਜੀ ਦਾ ਬਹੁਤ ਪ੍ਰਭਾਵ ਹੈ । ਗੁਰਦੁਆਰੇ ਦਾ ਗੁੰਬਦ, ਦਰਸ਼ਨੀ ਡਿਉਢੀ, ਸੁਖਾਸਨ ਅਸਥਾਨ, ਗੁਰਮਤਿ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਗੁਰੂ ਰਾਮਦਾਸ ਜੀ ਵੱਲੋਂ ਲਗਵਾਏ ਖੂਹ ਆਦਿ ਦੀ ਸੇਵਾ ਕਰਵਾਈ ਤੇ ਪਾਣੀ ਦੀ ਟਾਂਕੀ ਬਣਵਾਈ ਤੇ ਟੂਟੀਆਂ ਆਦਿ ਦਾ ਪ੍ਰਬੰਧ ਕੀਤਾ । ਗੁਰਦੁਆਰੇ ਦੇ ਅੰਦਰ ਤੇ ਬਾਹਰ ਸੰਗਮਰਮਰ ਦੇ ਫਰਸ਼ ਲਗਵਾਏ। ਸ੍ਰੀ ਗੁਰੂ ਅਰਜਨ ਦੇਵ ਗੁਰਮਤਿ ਲਾਇਬਰੇਰੀ, ਸ੍ਰੀ ਗੁਰੂ ਅਰਜਨ ਦੇਵ ਹੋਮਿਉਪੈਥਿਕ ਡਿਸਪੈਂਸਰੀ ਤੇ ਗੁਰੂ ਕਾ ਲੰਗਰ ਰੋਜ਼ਾਨਾ ਜਾਰੀ ਕਰਵਾਇਆ ।

ਆਪ ਦੇ ਧਾਰਮਿਕ ਜੀਵਨ, ਗੁਰਮਤਿ ਵਿਦਵਾਨ ਤੇ ਸਫਲ ਕਥਾ ਵਾਚਕ ਆਦਿ ਸ਼ੁਭ ਗੁਣਾਂ ਨੂੰ ਧਿਆਨ ਵਿੱਚ ਰਖਦਿਆਂ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ੨੯-੧੧-੮੯ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਮਹਾਨ ਪਦਵੀ ਉੱਪਰ ਸਥਾਪਤ ਕੀਤਾ ਗਿਆ । ਜਿਸ ਸੇਵਾ ਨੂੰ ਆਪ ਬੜੀ ਲਗਨ ਪ੍ਰੇਮ ਤੇ ਸ਼ਰਧਾ ਸਹਿਤ ਨਿਭਾ ਰਹੇ ਹਨ । ਆਪ ਸੁਭਾਅ ਦੇ ਨਰਮ, ਮਿਹਨਤੀ, ਖੋਜੀ, ਸਫਲ ਵਕਤਾ, ਈਮਾਨਦਾਰ, ਡਿਊਟੀ ਦੇ ਪਾਬੰਧ, ਮਿਲਣਸਾਰ, ਗੁਰਮਤਿ ਸਿਧਾਂਤਾਂ ਤੇ ਧਾਰਮਕ ਰਹੁ-ਰੀਤਾਂ 'ਤੇ ਸਖ਼ਤੀ ਨਾਲ ਪਹਿਰਾ ਦੇਣ ਵਾਲੇ ਗੁਰਮੁਖ ਸੱਜਣ ਪੁਰਸ਼ ਹਨ ।

(ਦੇਖੋ ਅੰਤਿਕਾ ਨੰ. ੨)

# ਸ੍ਰੀ ਹਰਿਮੰਦਰ ਸਾਹਿਬ ਜੀ ਦੇ
## ਗਿਆਨੀ ਸਾਹਿਬਾਨ

### ੧. ਬਾਬਾ ਬੁੱਢਾ ਸਾਹਿਬ ਜੀ-*

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਮੁਕੰਮਲ ਹੋਣ ਉਪ੍ਰੰਤ-

"ਹਰਿ ਜਪੇ ਹਰਿ ਮੰਦਰੁ ਸਾਜਿਆ'
ਸੰਤ ਭਗਤ ਗੁਣ ਗਾਵਹਿ ਰਾਮ ॥"

ਦੇ ਮਹਾਂਵਾਕ ਅਨੁਸਾਰ ਜਿਥੇ ਸ੍ਰੀ ਹਰਿਮੰਦਰ ਸਾਹਿਬ ਜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਪ੍ਰਕਾਸ਼ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਬਾਬਾ ਬੁੱਢਾ ਜੀ ਨੂੰ ਮੁੱਖ ਗ੍ਰੰਥੀ ਥਾਪਿਆ ਗਿਆ। ਉਥੇ ਗੁਰਬਾਣੀ ਦੇ ਅੱਠੇ ਪਹਿਰ ਕੀਰਤਨ ਦੀ ਪ੍ਰਥਾ ਦੇ ਨਾਲ-ਨਾਲ ਗੁਰਬਾਣੀ ਦੀ ਕਥਾ ਵਿਆਖਿਆ ਦਾ ਸਿਲਸਿਲਾ ਵੀ ਜਾਰੀ ਕੀਤਾ ਗਿਆ। ਇਹ ਕਾਰਜ ਜਾਂ ਤਾਂ ਗੁਰੂ ਅਰਜਨ ਦੇਵ ਜੀ ਆਪ ਕਰਦੇ ਰਹੇ ਜਾਂ ਫਿਰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਇਸ ਸੇਵਾ ਨੂੰ ਨਿਭਾਉਂਦੇ ਰਹੇ। ਬਾਬਾ ਬੁੱਢਾ ਜੀ ਦੀ ਉਸ ਸਮੇਂ ਬ੍ਰਿਧ ਉਮਰ ਹੋਣ ਕਰ ਕੇ ਬਹੁਤੇ ਪੁਰਾਤਨ ਇਤਿਹਾਸਕਾਰਾਂ ਨੇ ਆਪ ਦੇ ਵਿਅਕਤਿੱਤਵ ਦੇ ਗੁਰਮਤਿ ਵਿਦਿਆ ਦੇ ਵੇਤਾ, ਕਥਾਕਾਰ ਅਤੇ ਗੁਰਬਾਣੀ ਤੇ ਗੁਰਮਤਿ ਦੇ ਅਚਾਰਯ ਆਦਿ ਦਾ ਪੱਖ ਅਣਗੌਲਿਆ ਹੀ ਰਹਿਣ ਦਿੱਤਾ ਹੈ। ਭਾਵੇਂ ਆਪ ਬੀੜ ਬਾਬਾ ਬੁੱਢਾ ਜੀ ਵਿਖੇ ਖੇਤੀ ਬਾੜੀ ਤੇ ਬਾਗ-ਬਗੀਚਿਆਂ ਦੀ ਨਿਗਰਾਨੀ ਕਰਦੇ ਰਹੇ ਤੇ ਹੱਥੀਂ ਸੇਵਾ ਕਰਨ ਨੂੰ ਵੀ ਉਹ ਬਹੁਤ ਮਹੱਤਵ ਦੇਂਦੇ ਸਨ ਪਰ ਫਿਰ ਵੀ ਸਿੱਖ ਸਮਾਜ ਵਿੱਚ ਉੱਚਤਮ ਕਹਿਣੀ, ਰਹਿਣੀ ਤੇ ਕਰਣੀ ਦਾ ਸਦਕਾ ਸਰਵੋਤਮ ਸਿੱਖ ਦਾ ਦਰਜਾ ਰੱਖਦੇ ਸਨ। ਇਸੇ ਕਰ ਕੇ ਹੀ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਨੂੰ ਸਿੱਖ ਧਰਮ ਦੇ ਸਭ ਤੋਂ ਉੱਚੇ ਸਿੱਖ ਧਰਮ-ਕੇਂਦਰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਦੀ ਮਹਾਨ ਪਦਵੀ ਉੱਪਰ ਥਾਪਿਆ ਜਿਸ ਤੋਂ ਸਪੱਸ਼ਟ ਹੈ ਕਿ ਆਪ ਆਪਣੇ ਸਮੇਂ ਦੇ ਗੁਰਮਤਿ ਅਤੇ ਅਨਣਮਤਿ ਦੇ ਗ੍ਰੰਥਾਂ ਦੇ ਧੁਰੰਧਰ ਵਿਦਵਾਨ ਸਨ ਅਤੇ ਗੁਰਸਿੱਖ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਵੀ ਆਪਣੀ ਡਿਊਟੀ ਨਿਭਾਉਂਦੇ ਰਹੇ।

### ੨. ਭਾਈ ਗੁਰਦਾਸ ਜੀ

ਭਾਈ ਰਣਧੀਰ ਸਿੰਘ ਜੀ ਦੀ ਲਿਖਤ 'ਭਾਈ ਗੁਰਦਾਸ ਭੱਲੇ ਦਾ ਜੀਵਨ ਦੇ ਪੰਨਾ ੫ ਅਨੁਸਾਰ ਭਾਈ ਗੁਰਦਾਸ ਜੀ ਦਾ ਜਨਮ ੧੬੦੮ ਬਿ: ਵਿੱਚ ਹੋਇਆ। ਭਾਈਵੀਰ ਸਿੰਘ ਜੀ ਵੀ ਲਗਭਗ ਇਸੇ ਮਤ ਦੇ ਹਨ। ਆਪ ਜੀ ਦੇ ਪਿਤਾ ਦਾ ਨਾਮ ਈਸ਼ਰ ਦਾਸ ਸੀ। ਪਰ ਪ੍ਰੋ: ਸਰਦੂਲ ਸਿੰਘ ਨੇ ਪਿਤਾ ਦਾ ਨਾਮ ਦਾਤਾਰ ਚੰਦ ਅਤੇ ਮਾਤਾ ਦਾ ਨਾਮ ਜੀਵਣੀ ਲਿਖਿਆ ਹੈ।

---

* ਬਾਬਾ ਬੁੱਢਾ ਜੀ ਦੇ ਵਿਸਥਾਰ ਸਹਿਤ ਜੀਵਨ ਬਾਰੇ ਪਿੱਛੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸਿਰਲੇਖ ਹੇਠ ਪੜ੍ਹੋ।

ਕੇਸਰ ਸਿੰਘ ਛਿੱਬਰ ਨੇ ਬੰਸਾਵਲੀ ਨਾਮਾ ਵਿੱਚ ਲਿਖਿਆ ਹੈ ਕਿ ਵਿਸ਼ਨਦਾਸ ਭੱਲੇ ਖੱਤ੍ਰੀਦੇ ਪੁੱਤਰ ਦਾ ਨਾਮ ਹਰਿ ਜੀ ਸੀ। ਹਰਿ ਜੀ ਦੇ ਤਿੰਨ ਪੁੱਤਰ ਸਨ ਤੇਜ ਭਾਨ, ਚੰਦਰ ਭਾਨ ਤੇ ਭਾਨ ਚੰਦ। ਤੇਜ ਭਾਨ ਦੇ ਪੁੱਤਰ ਹੋਏ ਸ੍ਰੀ ਗੁਰੂ ਅਮਰਦਾਸ ਜੀ ਅਤੇ ਚੰਦਰ ਭਾਨ ਦੇ ਦੋ ਪੁੱਤਰ ਦਾਤਾਰ ਚੰਦ ਤੇ ਈਸ਼ਰ ਦਾਸ ਅੱਗੋਂ ਈਸ਼ਰ ਦਾਸ ਦਾ ਪੁੱਤਰ ਹੋਇਆ ਭਾਈ ਗੁਰਦਾਸ।

ਭਾਈ ਗੁਰਦਾਸ ਈਸ਼ਰ ਭੱਲੇ ਦਾ ਬੇਟਾ। ਈਸ਼ਰ ਦਾਸ ਵਿਸ਼ਨ ਦਾਸ ਭੱਲੇ ਦੇ ਪਰਿਵਾਰ ਵਿੱਚ ਆਹਾ ਖੱਤ੍ਰੇਟਾ (ਦੇਖੋ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਚਰਨ ੩, ਅੰਕ ੧੦੦)। ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ, ਬੀਬੀ ਭਾਨੀ ਦੇ ਚਾਚੇ ਦੇ ਪੁੱਤਰ ਭਰਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ।

ਭਾਈ ਗੁਰਦਾਸ ਜੀ ਦਾ ਬਚਪਨ ਗੋਇੰਦਵਾਲ ਵਿੱਚ ਹੀ ਲੰਘਿਆ। ਆਪ ਨੇ ਸੰਸਾਰਕ ਤੇ ਅਧਿਆਤਮਕ ਦੋਹਾਂ ਤਰ੍ਹਾਂ ਦੀ ਵਿਦਿਆ ਗੋਇੰਦਵਾਲ ਰਹਿ ਕੇ ਪ੍ਰਾਪਤ ਕੀਤੀ। ਕਿਉਂਕਿ ਉਸ ਸਮੇਂ ਗੋਇੰਦਵਾਲ ਜਿਥੇ ਸ਼ਾਹੀ ਸੜਕ ਉੱਪਰ ਹੋਣ ਕਰ ਕੇ ਯਾਤਰੂਆਂ ਦੇ ਠਹਿਰਨ ਦਾ ਪ੍ਰਮੁੱਖ ਠਿਕਾਣਾ ਸੀ, ਉਥੇ ਵਿਦਿਆ ਦਾ ਵੀ ਕੇਂਦਰ ਸੀ। ਭਾਈ ਰਣਧੀਰ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਨੇ ਦੇਸੀ ਭਾਸ਼ਾਵਾਂ ਦੀ ਵਿਦਿਆ ਗੋਇੰਦਵਾਲ ਤੋਂ ਅਤੇ ਇਸਲਾਮੀ ਵਿਦਿਆ ਦਾ ਗਿਆਨ ਸੁਲਤਾਨਪੁਰ ਲੋਧੀ ਤੋਂ ਪ੍ਰਾਪਤ ਕੀਤਾ, ਗੁਰੂ ਅਮਰਦਾਸ ਜੀ ਦੇ ਮੁਖੀ ਸਿੱਖਾਂ ਵਿੱਚ ਆਪ ਦੀ ਗਿਣਤੀ ਸੀ। ਸਿੱਖੀ ਦੇ ਪ੍ਰਚਾਰ ਲਈ ਆਪ ਨੂੰ ਬਾਹਰ ਭੇਜਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾਉਣ ਸਮੇਂ ਆਪ ਬਾਹਰ ਪ੍ਰਚਾਰ ਦੌਰੇ 'ਤੇ ਸਨ। ਜਿਵੇ ਕਿ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ 'ਆਯੋ ਗੁਰਦਾਸ ਸੋ ਪ੍ਰੇਮ ਬਿਸਾਲੂ'। ਗੁਰੂ ਰਾਮਦਾਸ ਜੀ ਨੂੰ ਮਿਲ ਕੇ ਭਾਈ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਬੇਨਤੀ ਕੀਤੀ। 'ਮੋ ਕਉ ਸਿੱਖੀ ਦੇਹੁ ਮਹਾਨੀ।' ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਅੱਗੋਂ ਕਿਹਾ :

ਸਿਮਰਹੁ ਵਾਹਿਗੁਰੂ ਸਤਿਨਾਮੁ। ਜਾ ਤੇ ਪਾਵਹੁ ਸੁਖ ਬਿਸ੍ਰਾਮ ॥ (ਗੁ:ਪ੍ਰ. ਸੂ:)

ਕੁਝ ਸਮੇਂ ਬਾਅਦ ਗੁਰੂ ਜੀ ਨੇ ਆਪ ਜੀ ਨੂੰ ਧਰਮ ਪ੍ਰਚਾਰ ਹਿਤ ਆਗਰੇ ਭੇਜ ਦਿੱਤਾ। 'ਅਬ ਤੁਮ ਆਗਰੇ ਮਾਹਿ ਸਿਧਾਵਹੁ'। ਇਸ ਦੌਰੇ ਸਮੇਂ ਆਪ ਬੁਰਹਾਨਪੁਰ, ਲਖਨਊ ਅਤੇ ਰਾਜਸਥਾਨ ਦੇ ਇਲਾਕੇ ਵਿੱਚ ਧਰਮ ਪ੍ਰਚਾਰ ਕਰਦੇ ਰਹੇ। ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾ ਜਾਣ ਬਾਅਦ ਜਦ ਗੁਰੂ ਅਰਜਨ ਦੇਵ ਜੀ ਗੁਰਤਾ-ਗੱਦੀ ਨਸ਼ੀਨ ਹੋਏ ਤਾਂ ਪ੍ਰਿਥੀ ਚੰਦ ਨੇ ਵਿਰੋਧ ਕੀਤਾ, ਉਸ ਦੇ ਵਿਰੋਧ ਨੂੰ ਠੱਲ੍ਹ ਪਾਉਣ ਲਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਬਹੁਤ ਯਤਨ ਕੀਤੇ। ਪ੍ਰਿਥੀਚੰਦ ਨੂੰ ਸਮਝਾਇਆ ਪਰ ਉਹ ਆਪਣੀ ਜ਼ਿਦ 'ਤੇ ਅੜਿਆ ਰਿਹਾ ਤਾਂ ਭਾਈ ਸਾਹਿਬ ਨੇ ਉਸ ਨੂੰ ਮੀਣੇ ਦਾ ਖਿਤਾਬ ਦਿੱਤਾ। ਸਿੱਖ ਸੰਗਤਾਂ ਨੂੰ ਸਹੀ ਹਾਲਾਤ ਤੋਂ ਜਾਣੂੰ ਕਰਵਾਇਆ, ਜਿਸ ਕਰ ਕੇ ਪ੍ਰਿਥੀਚੰਦ ਦੇ ਬਹਕਾਵੇ ਕਾਰਨ ਗੁਰੂ-ਘਰ ਤੋਂ ਉੱਖੜੀਆਂ ਸੰਗਤਾਂ ਨੂੰ ਮੁੜ ਗੁਰੂ- ਚਰਨਾਂ ਨਾਲ ਜੋੜਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦਾ ਸਭ ਤੋਂ ਵੱਧ ਯੋਗਦਾਨ ਸੀ। ਗੁਰਬਾਣੀ ਇਕੱਤਰ ਕਰਨੀ, ਉਸ ਨੂੰ ਛਾਂਟਣਾ, ਤਰਤੀਬ ਦੇਣੀ ਆਦਿ ਬੜੀ ਜ਼ਿੰਮੇਵਾਰੀ ਵਾਲੇ ਕਾਰਜ ਸਨ, ਫਿਰ ਸੰਪੂਰਨ ਬੀੜ ਭਾਈ ਸਾਹਿਬ ਨੇ ਆਪਣੇ ਹੱਥਾਂ ਨਾਲ ਲਿਖੀ, ਜਿਸ ਕਰ ਕੇ ਉਸ ਬੀੜ ਨੂੰ ਹੁਣ ਤੱਕ ਭਾਈ ਗੁਰਦਾਸ ਵਾਲੀ ਬੀੜ ਆਖਦੇ ਹਨ।

ਗੁਰਮਤਿ ਸਿਧਾਂਤਾਂ ਦੀ ਵਿਆਖਿਆ ਹਿਤ ੪੦ ਵਾਰਾਂ ਤੇ ਕਬਿਤ ਸਵੱਯੇ ਆਪ ਜੀ ਨੇ ਰਚੇ, ਛੇ ਸਲੋਕ ਸੰਸਕ੍ਰਿਤ ਵਿੱਚ ਰਚੇ । ਆਪ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਹੋਣ ਦਾ ਵਰਦਾਨ ਦਿੱਤਾ ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਰਚਣ ਸਮੇਂ ਦਾ ਵਰਣਨ ਕਰਦਿਆਂ ਗੁਲਬਿਲਾਸ ਪਾ: ੬ ਦਾ ਕਰਤਾ ਲਿਖਦਾ ਹੈ :

ਕਿਸੀ ਰਾਜ ਨਹਿ ਹਾਥ ਲਗਾਯੋ । ਬੁੱਢੇ ਔ ਗੁਰਦਾਸ ਬਨਾਯੋ ।

ਸ੍ਰੀ ਅਕਾਲ ਤਖ਼ਤ ਰਚ ਕੇ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਪਹਿਲਾ ਮੁੱਖ ਸੇਵਾਦਾਰ ਭਾਵ ਜਥੇਦਾਰ ਥਾਪਿਆ :

**ਦੋਹਰਾ:** ਤਖ਼ਤ ਪੂਜ ਕਰਬੇ ਨਮਿਤ ਗੁਰਦਾਸ ਭਾਈ ਠਹਿਰਾਇ ।
ਨਿਤ ਕਰਾਇ ਇਸ਼ਨਾਨ ਕੋ ਪੁਸ਼ਪ ਸੁਗੰਧ ਲਗਾਇ ।

*(ਗੁ: ਬਿ: ਪਾ: ੬ ਅ: ੮ ਅੰਕ ੯੨)*

ਗੁਰੂ- ਘਰ ਦੇ ਵਿਵਹਾਰਕ ਅਤੇ ਪ੍ਰਬੰਧਕ ਮਾਮਲਿਆਂ ਦੀ ਵਧੇਰੇ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਹੀ ਰਹੀ ਹੈ ਪਰ ਵਿਸ਼ੇਸ਼ ਤੌਰ 'ਤੇ ਗੁਰਮਤਿ ਪ੍ਰਚਾਰ ਅਤੇ ਗੁਰਬਾਣੀ ਦੇ ਅਰਥ ਅਤੇ ਵਿਆਖਿਆ ਦੀ ਪੜ੍ਹਾਈ ਦੀ ਟਕਸਾਲ ਦੇ ਵੀ ਬਾਬਾ ਬੁੱਢਾ ਜੀ ਤੋਂ ਬਾਅਦ ਭਾਈ ਸਾਹਿਬ ਜੀ ਦੀ ਹੀ ਵਧੇਰੇ ਜ਼ਿੰਮੇਵਾਰੀ ਸੀ ।

ਚੂੰਕਿ ਬਾਬਾ ਜੀ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਵਧੇਰੇ ਹੋਣ ਕਰ ਕੇ ਕਥਾ ਵਿਖਿਆਨ ਦਾ ਵਧੇਰੇ ਕੰਮ ਭਾਈ ਗੁਰਦਾਸ ਜੀ ਦੇ ਹੀ ਜ਼ਿੰਮੇ ਸੀ, ਜਿਸ ਕਰ ਕੇ ਬਾਬਾ ਬੁੱਢਾ ਜੀ ਤੋਂ ਉਤਰ ਕੇ ਗੁਰਮਤਿ ਗਿਆਨੀਆਂ ਦੀ ਟਕਸਾਲ ਦੇ ਮੋਢੀ ਆਪ ਨੂੰ ਹੀ ਮਿਥਿਆ ਜਾ ਸਕਦਾ ਹੈ । ਆਪ ਦੀਆਂ ਰਚਿਤ ਵਾਰਾਂ ਅਤੇ ਕਬਿੱਤ ਸਵੱਯਾਂ ਵਿਖੇ ਵੀ ਗੁਰਬਾਣੀ ਦੀਆਂ ਮੁਸ਼ਕਲ ਤੁਕਾਂ ਜਾਂ ਗੁਰਮਤਿ ਸਿਧਾਂਤਾਂ ਦੀ ਹੀ ਵਿਆਖਿਆ ਕੀਤੀ ਮਿਲਦੀ ਹੈ । ਭਾਈ ਗੁਰਦਾਸ ਜੀ ਤੀਜੇ ਸਤਿਗੁਰਾਂ ਤੋਂ ਛੇਵੇਂ ਸਤਿਗੁਰਾਂ ਤੱਕ ਗੁਰਬਾਣੀ ਵਿਆਖਿਆ ਤੇ ਗੁਰਮਤਿ ਪ੍ਰਚਾਰ ਦੀ ਡਿਊਟੀ ਨਿਭਾਉਂਦੇ ਰਹੇ ਅਤੇ ਸੰਗਤਾਂ ਦੇ ਸੱਦੇ ਉੱਪਰ ਆਪ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਗੁਰਮਤਿ ਪ੍ਰਚਾਰ ਹਿਤ ਪਹੁੰਚਦੇ ਰਹੇ। ਜਿਵੇਂ ਕਿ ਕਾਸ਼ੀ ਦੇ ਰਾਜੇ ਨੂੰ ਸਿੱਖ ਬਨਾਉਣਾ ਅਤੇ ਉਸ ਦੇ ਦਰਬਾਰ ਵਿੱਚ ਗੁਰਬਾਣੀ ਅਤੇ ਗੁਰਇਤਹਾਸ ਦੀ ਕਥਾ ਕਰਨ ਬਾਰੇ ਇਤਿਹਾਸ ਵਿੱਚੋਂ ਗਵਾਹੀ ਮਿਲਦੀ ਹੈ। ਇਨ੍ਹਾਂ ਉਪ੍ਰੋਕਤ ਕਾਰਨਾਂ ਕਰ ਕੇ ਭਾਈ ਗੁਰਦਾਸ ਜੀ ਨੂੰ ਸਿੱਖਾਂ ਦਾ ਵੇਦ ਵਿਆਸ ਕਹਿ ਕੇ ਪੁਕਾਰਿਆ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੌਜੂਦਗੀ ਵਿੱਚ ਆਪ ਦਾ ਦੇਹਾਂਤ ਭਾਦਰੋਂ ਸੁਦੀ ੮,੧੬੯੪ ਬਿ: ਨੂੰ ਗੋਇੰਦਵਾਲ ਹੋਇਆ । ਗੁਰੂ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ ।

## ੩ ਭਾਈ ਮਨੀ ਸਿੰਘ ਜੀ ਗਿਆਨੀ-*

੧੭੩੬ ਬਿ: ਵਿਖੇ ਸ੍ਰੀ ਅਨੰਦਪੁਰ ਰਹਿਣ ਸਮੇਂ ਗੁਰਬਾਣੀ ਦੀਆਂ ਪੋਥੀਆਂ ਲਿਖਣ

---

* ਭਾਈ ਮਨੀ ਸਿੰਘ ਜੀ ਦੇ ਵਿਸਥਾਰ ਸਹਿਤ ਜੀਵਨ ਬਾਰੇ ਪਿੱਛੇ ਆਏ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸਿਰਲੇਖ ਹੇਠ ਪੜ੍ਹੋ ।

ਲਿਖਾਉਣ ਦੀ ਸੇਵਾ ਭਾਈ ਮਨੀ ਸਿੰਘ ਜੀ ਬੜੇ ਉਤਸ਼ਾਹ ਨਾਲ ਕਰਦੇ ਸਨ :

ਆਯੂ ਪੈਂਤੀ ਬਰਖ ਕੀ,
ਮਨੀ ਸਿੰਘ ਕੀ ਆਹਿ।
ਲਿਖੇ ਲਿਖਾਏ ਪੋਥੀਆਂ,
ਮਨ ਮਹਿ ਬਹੁ ਉਤਸ਼ਾਹਿ॥੪੦॥

*(ਸ਼ਹੀਦ ਬਿਲਾਸ, ਪੰ: ੬੦)*

ਇਸ ਉਪ੍ਰੋਕਤ ਸੇਵਾ ਦੇ ਨਾਲ- ਨਾਲ ਹਰ ਰੋਜ਼ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾ ਕੇ ਵੀ ਨਿਹਾਲ ਕਰਦੇ ਰਹੇ :

ਕਥਾ ਰੋਜ਼ ਗੁਰੁ ਗ੍ਰੰਥ ਸੰਗਤ ਤਾਂਈਂ ਸੁਨਾਇ ।
ਅਨੰਦ ਪੁਰੇ ਇਮ ਸਮਾ ਕੁਛ ਬੀਤ ਗਯੋ ਥੀ ਆਇ ।੭੯॥

*(ਸ਼ਹੀਦ ਬਿਲਾਸ ਪੰ: ੬੯)*

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦ ਮਾਲਵੇ ਪਹੁੰਚ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਮਨੀ ਸਿੰਘ ਦੇ ਹੱਥੋਂ ਲਿਖਵਾਈ ਤੇ ਨਾਲ- ਨਾਲ ਹਰ ਰੋਜ਼ ਗੁਰਬਾਣੀ ਦੇ ਅਰਥਾਂ ਦੀ ਕਥਾ ਵਿਆਖਿਆ ਵੀ ਸੰਗਤਾਂ ਨੂੰ ਸੁਣਾਉਂਦੇ ਰਹੇ । ਜਿਸ ਨੂੰ ਭਾਈ ਮਨੀ ਸਿੰਘ ਜੀ ਤੋਂ ਹੋਰ ਮੁਖੀ ਸਿੰਘ ਵੀ ਵਿਦਿਆਰਥੀਆਂ ਦੇ ਤੌਰ 'ਤੇ ਸੁਣਦੇ ਰਹੇ ਤੇ ਗੁਰਬਾਣੀ ਦੇ ਅਰਥ ਪੜ੍ਹਦੇ ਤੇ ਯਾਦ ਕਰਦੇ ਰਹੇ । ਅਰਥ ਬੋਧ ਵਿੱਚ ਦੂਜੇ ਸਿੰਘਾਂ ਨਾਲੋਂ ਪ੍ਰਮੁੱਖ ਸਮਝ ਕੇ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਦੀ ਡਿਊਟੀ ਲਾਈ ਕਿ ਉਹ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਮੁੱਖ ਗ੍ਰੰਥੀ ਦੀ ਡਿਊਟੀ ਦੇ ਨਾਲ- ਨਾਲ ਸਿੰਘਾਂ ਨੂੰ ਗੁਰਬਾਣੀ ਦਾ ਅਰਥ ਗਿਆਨ ਤੇ ਕਥਾ ਵਿਆਖਿਆ ਆਦਿ ਗੁਰਮਤਿ ਵਿਦਿਆ-ਦਾਨ ਦਾ ਕਾਰਜ ਵੀ ਹਰ ਹਾਲਤ ਵਿੱਚ ਜਾਰੀ ਰੱਖਣ । ਸ੍ਰੀ ਮੁਖਵਾਕ ਭਾਈ ਮਨੀ ਸਿੰਘ ਜੀ ਪ੍ਰਤਿ,

**ਦੋਹਰਾ-**
ਆਦਿ ਗ੍ਰੰਥ ਕੇ ਅਰਥ ਕੀ,
ਰਹੀ ਰੀਤਿ ਗੁਰ ਪਾਹਿ ।
ਅਬਿ ਤੁਮ ਕੋ ਬਖਸ਼ੀ ਹਮੈਂ,
ਪ੍ਰਗਟ ਕਰੋ ਜਗ ਮਾਂਹਿ ॥੪॥

*(ਭਾਈ ਸਾਹਿਬ ਚੰਦ੍ਰਕਾ, ਪੰਨਾ ੧ ਅੰਕ ੪)*

ਸਤਿਗੁਰਾਂ ਦੀ ਉਪ੍ਰੋਕਤ ਆਗਿਆ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਪ੍ਰਦਾਈ ਟਕਸਾਲ ਚਲਾਈ ਜੋ ਟਕਸਾਲ ਅੱਗੋਂ ਕਈ ਸ਼ਾਖਾਂ ਵਿੱਚ ਹੋ ਕੇ ਜਗਤ ਵਿੱਚ ਫੈਲੀ। ਇਸੇ ਟਕਸਾਲ ਦੀ ਵਰਤਮਾਨ ਸਮੇਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਟਕਸਾਲ ਹੈ । ਜੋ ਭਿੰਡਰਾਂ ਵਾਲੇ ਗਿਆਨੀਆਂ ਦੀ ਸੰਪ੍ਰਦਾਈ ਟਕਸਾਲ, ਜਿਸ ਦੇ ਮੁੱਖੀ ਹੋਏ ਹਨ, ਪੰਥ ਪ੍ਰਸਿੱਧ ਹਸਤੀ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਤੇ ਇਸ ਦੀ ਵਧੇਰੇ ਪ੍ਰਸਿੱਧੀ ਹੋਈ ਗੁਰਮਤਿ ਦੇ ਮਹਾਨ ਅਚਾਰਯ

ਤੇ ਮਹਾਨ ਸਖਸ਼ੀਅਤ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ-ਵਾਲਿਆਂ ਦੇ ਸਮੇਂ, ਜਿਨ੍ਹਾਂ ਪਾਸੋਂ ਹਜ਼ਾਰਾਂ ਸਿੰਘਾਂ ਨੇ ਗੁਰਬਾਣੀ ਦਾ ਅਰਥ-ਬੋਧ ਤੇ ਗੁਰਮਤਿ ਗਿਆਨ ਪ੍ਰਾਪਤ ਕੀਤਾ। ਦਾਸ ਨੂੰ ਵੀ ਉਨ੍ਹਾਂ ਮਹਾਂਪੁਰਖਾਂ ਪਾਸੋਂ ਹੀ ਗੁਰਮਤਿ ਗਿਆਨ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੈ। ਭਾਈ ਮਨੀ ਸਿੰਘ ਜੀ ਦਾ ਲਿਖਿਆ ਜਪੁ ਜੀ ਸਾਹਿਬ ਦਾ ਟੀਕਾ ਅਤੇ ਭਗਤ ਰਤਨਾਵਲੀ ਜੋ ਭਾਈ ਗੁਰਦਾਸ ਜੀ ਦੀ ੧੧ ਵੀਂ ਵਾਰ 'ਤੇ ਅਧਾਰਤ ਹੈ ਅਤੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਹੀ ਵਿਆਖਿਆ ਹੈ, ਇਹ ਤਿੰਨ ਉਪ੍ਰੋਕਤ ਪੁਸਤਕਾਂ ਭਾਈ ਮਨੀ ਸਿੰਘ ਰਚਿਤ ਹਨ :

**ਕਬਿੱਤ-** "ਭਾਈ ਮਨੀ ਸਿੰਘ ਜੀ ਕੀ ਅਕਹ ਕਹਾਨੀ ਸੁਨੀ,
ਮੁਨੀ ਪੈ ਨ ਹੋਇ ਜੈਸੇ ਸਾਕਾ ਜਗ ਕੀਨੋ ਹੈ।
ਆਏ ਕੈਦ ਬੀਚ ਗੁਰੁ ਆਗਜਾ ਮਾਨ ਮੀਚ ਹਿਤੁ,
ਬੋਲਜੋ ਨੀਚ ਖਾਨੂ ਮਾਰੋ ਆਯੋ ਯੇ ਨਵੀਨੋ ਹੈ।
ਆਪ ਕਟਵਾਏ ਬੰਦ ਬੰਦ ਮਤਿ ਮੰਦਨ ਪੈ,
ਗਏ ਭਵ ਫੰਧ ਫੰਧ ਪਲ ਮੈਂ ਪ੍ਰਬੀਨੋ ਹੈ।
ਪਰਮ ਧਰਮ ਸੁਜਾਨ ਤੁਰਕਾਨ ਕੀ ਨ ਆਨ ਮਾਨੀ,
ਜਾਨ ਜਾਨ ਦੀਨੀ ਨ ਧਰਮ ਜਾਨ ਦੀਨੋ ਹੈ ॥੬॥

*(ਭਾਈ ਸਾਹਿਬ ਚੰਦ੍ਰਕਾ ਕ੍ਰਿਤ ਮੇਘ ਸਿੰਘ)*

ਭਾਈ ਮਨੀ ਸਿੰਘ ਜੀ ਦੀ ੧੭੯੧ ਬਿ: ਵਿੱਚ ਸ਼ਹੀਦੀ ਹੋ ਜਾਣ ਉਪ੍ਰੰਤ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪ੍ਰਬੰਧ ਤੁਰਕਾਂ ਨੇ ਸੰਭਾਲ ਲਿਆ। ੧੭੯੭ ਬਿ: ਤੱਕ ਮੱਸਾ ਰੰਘੜ ਤੇ ਫਿਰ ੧੮੦੩ ਬਿ: ਨੂੰ ਛੋਟੇ ਘਲੂਘਾਰੇ ਤੱਕ ਮੀਰ ਮੰਨੂ ਬੇ-ਅਦਬੀ ਕਰਦਾ ਰਿਹਾ। ਉਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਨੇ ੧੮੧੪ ਬਿ: ਵਿਚ ਬੇ-ਅਦਬੀ ਕੀਤੀ ਤੇ ਤਲਾ ਮਿੱਟੀ ਨਾਲ ਭਰਵਾ ਦਿੱਤਾ। ਜਿਸ ਦਾ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ੧੮੧੪ ਬਿ: ਵਿੱਚ ਹੀ ਬਦਲਾ ਲੈ ਲਿਆ। ਬਾਅਦ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਸ਼ੁਰੂ ਹੋ ਗਏ ਤੇ ੧੮੧੯ ਦੇ ਵੈਸਾਖ ਵਿੱਚ ਉਸ ਨੇ ਨੀਂਹਾਂ ਹੇਠ ਬਰੂਦ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ ਤੇ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਪਰ ਬਹਾਦਰ ਸਿੰਘਾਂ ਨੇ ਥੋੜ੍ਹੇ ਹੀ ਸਮੇਂ ਬਾਅਦ ੧੮੧੯ ਬਿ: ਦੀ ਦੀਵਾਲੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਜੀ ਉੱਪਰ ਆਪਣਾ ਕਬਜ਼ਾ ਕਰ ਲਿਆ ਤੇ ਉਨ੍ਹਾਂ ਹੀ ਪਠਾਣਾਂ ਪਾਸੋਂ ਸਰੋਵਰ ਦੀ ਕਾਰ ਕਢਵਾਈ, ਜਿਨ੍ਹਾਂ ਨੇ ਇਹ ਸਰੋਵਰ ਮਿੱਟੀ ਨਾਲ ਪੂਰਿਆ ਸੀ। ੧੧ ਵੈਸਾਖ ੧੮੨੧ ਬਿ: ਨੂੰ ਖਾਲਸੇ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦੋਬਾਰਾ ਉਸਾਰੀ ਦੀ ਸੇਵਾ ਆਰੰਭੀ ਤੇ ਭਾਈ ਦੇਸਰਾਜ ਸੁਰਸਿੰਘ ਵਾਲਿਆਂ ਦੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਸੇਵਾ ਮੁਕੰਮਲ ਕਰਵਾਈ। ਇਸ ਉਪ੍ਰੋਕਤ ਅਰਸੇ ਵਿੱਚ ਗੁਰਬਾਣੀ ਦੀ ਕਥਾ ਵਿਆਖਿਆ ਦਾ ਕੰਮ ਠੱਪ ਰਿਹਾ ਪਰ ਅੰਮ੍ਰਿਤਸਰ ਸ਼ਹਿਰ ਦੇ ਨਿਰਮਲੇ ਅਤੇ ਸੇਵਾ ਪੰਥੀ ਡੇਰਿਆਂ ਵਿੱਚ ਗੁਰਬਾਣੀ ਦੇ ਅਰਥ-ਬੋਧ ਕਰਵਾਉਣ ਦਾ ਕਾਰਜ ਚਲਦਾ ਰਿਹਾ। ਭਾਈ ਮਨੀ ਸਿੰਘ ਦੇ ਅਨੰਦਪੁਰ,

ਦਿੱਲੀ ਜਾਂ ਦਮਦਮੇ ਜਾਣ ਮਗਰੋਂ ਭਾਈ ਗੁੱਦੜ ਜੀ ਗੁਰਬਾਣੀ ਦੀ ਕਥਾ ਅਤੇ ਅਰਥ-ਬੋਧ ਪੜ੍ਹਾਉਣ ਦੀ ਡਿਊਟੀ ਨਿਭਾਉਂਦੇ ਰਹੇ ।

*(ਵੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਪੰਨਾ ੭)*

ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦੇ ਅਰਥ ਪੜ੍ਹਨ ਵਾਲੇ ਵਿਦਿਆਰਥੀਆਂ ਵਿਚੋਂ ਤਿੰਨ ਵਿਦਵਾਨ ਗਿਆਨੀਆਂ ਦੇ ਨਾਮ ਸੰਪ੍ਰਦਾਈ ਪ੍ਰਣਾਲੀ ਵਿੱਚ ਲਿਖੇ ਮਿਲਦੇ ਹਨ। ਭਾਈ ਗੁਰਬਖਸ਼ ਸਿੰਘ ਜੀ, ਭਾਈ ਗੁਰਦਿਆਲ ਸਿੰਘ ਜੀ ਅਤੇ ਭਾਈ ਦੀਵਾਨ ਸਿੰਘ ਜੀ । ਇਨ੍ਹਾਂ 'ਚੋਂ ਭਾਈ ਗੁਰਬਖਸ਼ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿੱਚ ਗੁਰਬਾਣੀ ਦੇ ਅਰਥ ਪੜ੍ਹਾਉਣ ਦਾ ਪਰਉਪਕਾਰੀ ਕਾਰਜ ਜਾਰੀ ਰੱਖਿਆ ।

## ੪. ਭਾਈ ਗੁਰਬਖਸ਼ ਸਿੰਘ ਜੀ ਗਿਆਨੀ

ਭਾ: ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਲਗਭਗ ਕਈ ਸਾਲ ਕਥਾ ਦਾ ਸਿਲਸਿਲਾ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਮੰਜੀ ਸਾਹਿਬ ਵਿੱਚ ਬੰਦ ਰਿਹਾ ਪਰ, ਭਾਈ ਗੁਰਬਖਸ਼ ਸਿੰਘ ਜੀ ਜੋ ਭਾਈ ਮਨੀ ਸਿੰਘ ਜੀ ਦੇ ਵਿਦਿਆਰਥੀ ਤੇ ਚੰਗੇ ਗੁਰਬਾਣੀ ਦੇ ਅਰਥ-ਬੋਧ ਦੇ ਗਿਆਤਾ ਅਤੇ ਕਥਾਕਾਰ ਸਨ । ਇਸ ਸਿਲਸਲੇ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰੱਖਿਆ ਤੇ ਇਨ੍ਹਾਂ ਪਾਸੋਂ ਕਾਫੀ ਸਿੰਘਾਂ ਨੇ ਗੁਰਮਤਿ ਵਿਦਿਆ ਪ੍ਰਾਪਤ ਕੀਤੀ । ਜਿਨ੍ਹਾਂ ਵਿੱਚ ਭਾਈ ਸੂਰਤ ਸਿੰਘ ਜੀ ਮੁੱਖ ਸਨ । ਇਨ੍ਹਾਂ ਤੋਂ ਬਾਅਦ ਭਾਈ ਸੂਰਤ ਸਿੰਘ ਜੀ ਨੇ ਇਹ ਸਿਲਸਿਲਾ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਂ ਗੁ: ਮੰਜੀ ਸਾਹਿਬ ਵਿਖੇ ਸ਼ੁਰੂ ਕਰ ਦਿੱਤਾ ਕਿਉਂਕਿ ਭਾਈ ਮਨੀ ਸਿੰਘ ਜੀ ਨੇ ਗੁਰੂ ਆਗਿਆ ਮੰਨ ਕੇ ਆਪਣੇ ਤੋਂ ਬਾਅਦ ਗੁਰਬਾਣੀ ਦੇ ਅਰਥਾਂ ਨੂੰ ਅੱਗੋਂ ਪੜ੍ਹਾਉਣ ਹਿਤ ਭਾਈ ਗੁਰਬਖਸ਼ ਸਿੰਘ ਜੀ ਨੂੰ ਅਰਥ ਪੜ੍ਹਾਏ :

ਸ੍ਰੀ ਗੁਰੁ ਕੀ ਆਗਜਾ ਮਨੀ, ਮਨੀ ਸਿੰਘ ਗੁਨ ਧਾਮ ।
ਸ੍ਰੀ ਗੁਰੁਬਖਸ਼ ਮ੍ਰਿਗੇਸ਼ ਪ੍ਰਤਿ, ਕਹੇ ਅਰਥ ਅਭਿਰਾਮ ॥੫॥

*(ਭਾਈ ਸਾਹਿਬ ਚੰਦ੍ਰਕਾ, ਪੰਨਾ ੧)*

## ੫. ਭਾਈ ਸੂਰਤ ਸਿੰਘ ਜੀ ਗਿਆਨੀ

ਆਪ ਜ਼ਾਤ ਦੇ ਮੱਘ ਖੱਤਰੀ ਪਿੰਡ ਚੰਨਜੋਟ ਜ਼ਿਲ੍ਹਾ ਝੰਗ ਦੇ ਜੰਮਪਲ ਸਨ । ਇਨ੍ਹਾਂ ਦੇ ਪਿਤਾ ਦਾ ਨਾਮ ਭਾਈ ਰਾਮ ਚੰਦ ਸੀ ਜੋ ਅੰਮ੍ਰਿਤ ਛਕ ਕੇ ਭਾਈ ਰਾਮ ਸਿੰਘ ਬਣ ਗਏ। ਇਨ੍ਹਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹੇ । ਝੰਗ ਦੇ ਇਲਾਕੇ 'ਚ ਗੁਰਮਤਿ ਪ੍ਰਚਾਰ ਕਰਦੇ ਰਹੇ । ਆਪ ਦੇ ਪ੍ਰਚਾਰ ਦਾ ਇੰਨਾਂ ਜ਼ਬਰਦਸਤ ਅਸਰ ਹੋਇਆ ਕਿ ਮੁਲਤਾਨ ਦੇ ਮੁਸਲਮਾਨ ਹਾਕਮ ਨੂੰ ਆਪ ਦੇ ਪ੍ਰਚਾਰ ਨਾਲ ਖੁਣਸ ਹੋ ਗਈ ਤੇ ਉਸ ਨੇ ਭਾਈ ਸਾਹਿਬ ਬਾਰੇ ਮਾੜੇ ਮਨਸੂਬੇ ਬੱਧੇ, ਜਿਸ ਦਾ ਭਾਈ ਰਾਮ ਸਿੰਘ ਨੂੰ ਪਤਾ ਲੱਗ ਗਿਆ ਤਾਂ ਆਪ ਅੰਮ੍ਰਿਤਸਰ ਆ ਗਏ, ਪਰ ਹਾਕਮ ਨੇ ਆਪ ਦੇ ਮਗਰੋਂ ਇਕ ਹਿਕਮਤ ਕੀਤੀ ਕਿ ਆਪ ਦੇ ਪੁੱਤਰ ਭਾਈ ਸੂਰਤ ਸਿੰਘ ਨੂੰ ਨੌਕਰ ਰੱਖ ਲਿਆ, ਕੁਝ ਸਮੇਂ ਬਾਅਦ ਭਾਈ ਰਾਮ ਸਿੰਘ ਫੇਰ ਮੁਲਤਾਨ ਆਏ ਤੇ ਉੱਥੇ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ । ਤੁਰਕ ਹਾਕਮ ਦੀ ਨਿਗਾਹ ਬਦਲੀ ਵੇਖ ਕੇ ਆਪਣੇ ਬਚਾ ਲਈ ਭਾਈ ਸੂਰਤ

ਸਿੰਘ ਨੌਕਰੀ ਛੱਡ ਕੇ ਅੰਮ੍ਰਿਤਸਰ ਆ ਗਏ ।

*(ਦੇਖੋ ਭਾਈ ਵੀਰ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਦੀ ਪ੍ਰਸਤਾਵਨਾ, ਪੰ: ੭੭)*

ਭਾਈ ਸੂਰਤ ਸਿੰਘ ਜੀ ਨੇ ਅੰਮ੍ਰਿਤਸਰ ਰਹਿ ਕੇ ਭਾਈ ਗੁਰਬਖਸ਼ ਸਿੰਘ ਜੀ ਪਾਸੋਂ ਗੁਰਮਤਿ ਵਿਦਿਆ ਹਾਸਲ ਕੀਤੀ :

ਸ੍ਰੀ ਗੁਰਬਖਸ਼ ਮ੍ਰਿਗੇਸ਼ ਕੋ, ਉਰ ਸਿੰਧਾਰਥ ਨੀਰ ।
ਸ੍ਰੀ ਮਤਿ ਸੂਰਤ ਸਿੰਘ ਸਸਿ, ਉਮਗਯੋ ਨਿਰਖਿ ਗੰਭੀਰ ॥੭॥
ਸ੍ਰੀ ਮਤਿ ਸੂਰਤ ਸਿੰਘ ਜੀ, ਤਿਨ ਸੌਂ ਪ੍ਰੇਮ ਬਢਾਇ ।
ਆਦਿ ਗ੍ਰੰਥ ਕੇ ਅਰਥ ਸਬ, ਪਢੇ ਹਿਯੇ ਹੁਲਸਾਇ ॥੮॥

## ਭਾਈ ਗੁਰਬਖਸ਼ ਸਿੰਘ ਵਾਚ

ਦੋਹਰਾ- ਸ੍ਰੀ ਗੁਰੁ ਗੋਬਿੰਦ ਸਿੰਘ ਕੋ, ਸ੍ਰੀ ਮੁਖਵਾਕ ਸੁ ਏਹ ।
ਆਦਿ ਗ੍ਰੰਥ ਕੇ ਅਰਥ ਜਗ, ਪ੍ਰਗਟ ਕਰੋ ਕਰਿ ਨੇਹ ॥੯॥

*(ਭਾਈ ਸਾਹਿਬ ਚੰਦ੍ਰਕਾ ਕ੍ਰਿਤ ਕਵਿ ਮੇਘ ਸਿੰਘ)*

ਆਪ ਗੁਰਮਤਿ ਵਿਦਿਆ ਤੋਂ ਇਲਾਵਾ ਫ਼ਾਰਸੀ ਦੇ ਵੀ ਚੰਗੇ ਵਿਦਵਾਨ ਸਨ । ਅੰਮ੍ਰਿਤਸਰ ਰਹਿ ਕੇ ਸੰਗਤਾਂ ਅਤੇ ਵਿਦਿਆਰਥੀਆਂ ਨੂੰ ਬਹੁਤ ਚੰਗੇ ਢੰਗ ਨਾਲ ਕਥਾ ਸੁਣਾਉਂਦੇ ਰਹੇ, ਜਿਸ ਕਰ ਕੇ ਆਪ ਦਾ ਲਕਬ ਗਿਆਨੀ ਪ੍ਰਸਿੱਧ ਹੋ ਗਿਆ । ਇਨ੍ਹਾਂ ਨੇ ੧੯੦੫ ਬਿ: ਵਿੱਚ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਅਧੀਨ ਗਿਆਨੀ ਦੀ ਡਿਊਟੀ ਸੰਭਾਲੀ । ਨਵੀਨ ਵਿਦਵਾਨਾਂ ਦੀ ਖੋਜ ਅਨੁਸਾਰ, ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਭਗਤ ਰਤਨਾਵਲੀ ਜੋ ਭਾਈ ਗੁਰਦਾਸ ਜੀ ਦੀ ੧੧ ਵੀਂ ਵਾਰ 'ਤੇ ਅਧਾਰਤ ਰਚਨਾ ਹੈ ਅਤੇ ਗਿਆਨ ਰਤਨਾਵਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ, ਜੋ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਵਿਆਖਿਆ ਹੈ, ਇਨ੍ਹਾਂ ਦੋਹਾਂ ਰਚਨਾਵਾਂ ਨੂੰ ਗਿਆਨੀ ਸੂਰਤ ਸਿੰਘ ਜੀ ਦੀਆਂ ਰਚਿਤ ਸਿੱਧ ਕਰਦੇ ਹਨ । ਇਨ੍ਹਾਂ ਬਾਰੇ ਮੇਘ ਸਿੰਘ ਦੇ ਵਿਚਾਰ ਇਸ ਪ੍ਰਕਾਰ ਹਨ :

ਛਪੈ- ਸ੍ਰੀ ਮਤਿ ਸੂਰਤ ਸਿੰਘ, ਸਰਬ ਗੁਨ ਕੇ ਸੁਖ ਸਾਗਰ ।
ਗਜਾਨ ਧਜਾਨ ਸਨਮਾਨ, ਦਾਨ ਮੈਂ ਪਰਮ ਉਜਾਗਰ ।
ਰੁਚਿਰੁ ਕਥਾ ਵਿਸਤਾਰ, ਗ੍ਰੰਥ ਸਾਹਿਬ ਕੀ ਕਰਹੀਂ ।
ਸਿੱਖ ਸੰਗਤਿ ਨਿਤ ਸਹਸ, ਸ੍ਰਵਨ ਕਰਿ ਮਨਿ ਮੁਦ ਭਰਹੀਂ ।
ਪੁਨ ਸੰਪ੍ਰਦਾਇ ਤਿਨ ਕੋ ਚਲਯੋ, ਜਗ ਮੈਂ ਗਜਾਨੀ ਨਾਮ ਹ੍ਵੈ ।
ਸਬਿ ਭੂਪ ਪੂਜਿ ਗੁਰੁ ਰੂਪ ਕਰਿ, ਮੁਕਤਿ ਰੂਪ ਅਭਿਰਾਮ ਹ੍ਵੈ ॥੧੦॥

ਭਾਈ ਸੂਰਤ ਸਿੰਘ ਦੇ ਦੋ ਪੁੱਤਰ ਸਨ – ਵੱਡਾ ਭਾਈ ਗੁਰਦਾਸ ਸਿੰਘ ਤੇ ਛੋਟਾ ਭਾਈ ਸੰਤ ਸਿੰਘ ।

## ੬. ਭਾਈ ਗੁਰਦਾਸ ਸਿੰਘ ਜੀ ਗਿਆਨੀ

ਭਾਈ ਗੁਰਦਾਸ ਸਿੰਘ ਜੀ ਭਾਈ ਸੂਰਤ ਸਿੰਘ ਗਿਆਨੀ ਦੇ ਵੱਡੇ ਪੁੱਤਰ ਸਨ ਤੇ ਉਨ੍ਹਾਂ ਦੇ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਅਧੀਨ ਗੁਰਬਾਣੀ ਦੀ ਕਥਾ ਤੇ ਅਰਥ ਪੜ੍ਹਾਉਣ

ਦੀ ਸੇਵਾ ਕਰਦੇ ਰਹੇ । ਇਹਨਾਂ ਬਾਰੇ ਮੇਘ ਸਿੰਘ ਕਵੀ ਆਪਣੀ ਰਚਿਤ ਪੁਸਤਕ ਭਾਈ ਸਾਹਿਬ ਚੰਦ੍ਰਕਾ ਦੇ ੧੨ਵੇਂ ਤੇ ੧੩ਵੇਂ ਛੰਦ ਵਿੱਚ ਐਂਉ ਲਿਖਦੇ ਹਨ :

ਛਪੈ- ਪ੍ਰਥਮ ਤਨੈ ਗੁਰਦਾਸ ਸਿੰਘ, ਗੁਰ ਰੂਪ ਜਗਤ ਕੇ ।
ਜੋਗ ਵਿਰਤ ਵਿਗਜਾਨ, ਪ੍ਰਾਨ ਹਰਿ ਪ੍ਰੇਮ ਭਗਤਿ ਕੇ ।
ਕਥਾ ਕਰਤ ਰਮਨੀਯ ਬਜਾਸ ਸੁਰ ਗੁਰੁ ਜਨੁ ਦੂਜੈ ।
ਕੀਰਤਿ ਦੇਸ ਵਿਦੇਸ ਵਿਦਤ, ਭੂਪਤਿ ਪਗ ਪੂਜੈ ।
ਅਤਿ ਕਠਿਨ ਰਿਦੈ ਜਿਹ ਉਪਲ ਤੈ,
ਪਿਘਲ ਜਾਤ ਇਕ ਵਚਨ ਸੁਨਿ ।
ਪੁਨ ਮੋਹ ਪਾਂਸ ਜਿਹ ਮਨ ਗ੍ਰਸੇ,
ਮੁਕਤਿ ਕਰਤ ਦੈ ਭਗਤਿ ਗੁਨ ॥੧੨॥

ਕਬਿੱਤ- ਜਗਤ ਅਕਾਸ਼ ਪ੍ਰਾਚੀ ਸੁਮਤਿ ਪ੍ਰਕਾਸ਼ ਭਈ,
ਨਾਸ ਭੋ ਕੁਮਤਿ ਨਿਸਿ ਤਮ ਖੰਡ ਖੰਡ ਭੋ ।
ਨਵਧਾ ਭਗਤਿ ਸੋ ਮਰੀਚ ਹਿਯੇ ਬੀਚ ਫੈਲੀ,
ਨੀਚ ਲੋਗ ਮਨ ਤਾਰਾ ਗਨ ਟੂਟੇ ਦੰਡ ਭੋ ।
ਵਿਰਤ ਵਿਵੇਕ ਗਜਾਨ ਕੋਕਨਦ ਫੂਲੇ ਆਨ,
ਸੰਤ ਲੋਕ ਭ੍ਰਮਰ ਗੁੰਜਾਰੈਂ ਬਲ ਬੰਡ ਭੋ ।
ਪਰਮ ਪ੍ਰਚੰਡ ਤੇਜ ਬਾਢਯੋ ਮਹਿ ਮੰਡਲ ਮੈ,
ਭਾਈ ਗੁਰੁਦਾਸ ਸਿੰਘ ਗਜਾਨੀ ਮਾਰਤੰਡ ਭੋ ॥੧੩॥

ਭਾਈ ਕਾਨ੍ਹ ਸਿੰਘ ਨਾਭਾ ਸੰਕਲਤ ਗੁਰੂ ਮਹਿਮਾ ਰਤਨਾਵਲੀ ਦੇ ਪੰਨਾ ੨੫੯ ਉੱਪਰ ਆਪ ਦਾ ਜਨਮ ੧੮੨੫ ਬਿ: ਲਿਖਿਆ ਹੈ ।

## ੭.ਭਾਈ ਸੰਤ ਸਿੰਘ ਜੀ ਗਿਆਨੀ

ਭਾਈ ਗੁਰਦਾਸ ਸਿੰਘ ਜੀ ਤੋਂ ਬਾਅਦ ਗੁਰਬਾਣੀ ਦੀ ਕਥਾ ਤੇ ਅਰਥ ਬੋਧ ਕਰਾਉਣ ਹਿਤ ਉਨ੍ਹਾਂ ਦੇ ਛੋਟੇ ਭਰਾਤਾ ਭਾਈ ਸੰਤ ਸਿੰਘ ਜੀ ਨਿਯੁਕਤ ਹੋਏ । ਭਾਈ ਸੰਤ ਸਿੰਘ ਜੀ ਨੇ ਪੰਡਿਤ ਨਿਹਾਲ ਸਿੰਘ ਜੀ, (ਜਿਨ੍ਹਾਂ ਨੇ ਜਪੁ ਜੀ ਸਾਹਿਬ ਦਾ ਅਨੁਵਾਦ ਸੰਸਕ੍ਰਿਤ ਭਾਸ਼ਾ ਵਿੱਚ ਕੀਤਾ ਹੈ।) ਪਾਸੋਂ ਸੰਸਕ੍ਰਿਤ ਦੇ ਅਨੇਕਾਂ ਗ੍ਰੰਥ ਪੜ੍ਹੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਆਪਣੇ ਪਿਤਾ ਗਿਆਨੀ ਸੂਰਤ ਸਿੰਘ ਜੀ ਅਤੇ ਵੱਡੇ ਭ੍ਰਾਤਾ ਗਿਆਨੀ ਗੁਰਦਾਸ ਸਿੰਘ ਜੀ ਪਾਸੋਂ ਪੜ੍ਹੇ ਸੰਸਕ੍ਰਿਤ ਦਾ ਗਿਆਤਾ ਹੋਣ ਕਰ ਕੇ ਹੀ ਇਨ੍ਹਾਂ ਨੇ ਤੁਲਸੀ ਰਾਮਾਇਣ ਦਾ ਸੁੰਦਰ ਸਟੀਕ ਲਿਖਿਆ । ਜਿਸ ਦੀ ਅਸਲ ਹੱਥ ਲਿਖਤ ਪ੍ਰੀਤ ਪਬਲਿਕ ਲਾਇਬ੍ਰੇਰੀ ਪਟਿਆਲਾ ਵਿੱਚ ਸੁਰੱਖਿਅਤ ਹੈ । ਜਿਸ ਦਾ ਪਹਿਲਾ ਭਾਗ ਸੰਮਤ ੧੯੫੧ ਵਿੱਚ ਪੱਥਰ ਦੇ ਛਾਪੇ ਵਿੱਚ ਲਾਹੌਰ ਛਪਿਆ ਸੀ, ਉਹ ਮੇਰੀ ਲਾਇਬਰੇਰੀ ਵਿੱਚ ਸੁਰੱਖਿਅਤ ਹੈ, ਇਹ ਟੀਕਾ ਆਪ ਨੇ ੧੮੭੫ ਬਿ: 'ਚ ਆਰੰਭ ਕਰ ਕੇ ੧੮੯੧ ਬਿ: ਮੱਘਰ ਵਦੀ ੧ ਵਿੱਚ ਸੰਪੂਰਨ ਕੀਤਾ ।

ਤੁਲਸੀ ਰਾਮਾਇਣ ਦੇ ਟੀਕੇ ਦੇ ਅੰਤ ਵਿੱਚ ਸੰਮਤ ਐਉਂ ਲਿਖਿਆ ਹੈ, ਭਾਈ ਸੂਰਤ ਸਿੰਘ ਗਿਆਨੀ ਕਾ ਆਤਮਜ ਸੰਤਹੁ ਕਾ ਦਾਸਨੁਦਾਸ ਸੰਤ ਸਿੰਘ ਸ੍ਰੀਮਤ ਰਾਮ ਚਰਿਤ ਮਾਨਸ ਕੀ ਭਾਵ

ਪ੍ਰਕਾਸ਼ਨੀਯ ਟੀਕਾ ਅਪਨੀ ਮਤਿ ਅਨੁਸਾਰ ਸੰਮਤ ਅਠਾਰਹ ਸੌ ਇਕਾਸੀ ਮਾਰਗਸ਼ਿਰ ਵਦੀ ਪ੍ਰਤਿਪਤਾ ਕੋ ਲਿਖ ਪਹੁੰਚੇ । ਇਹ ਟੀਕਾ ਸੰਮਤ ੧੯੫੪ ਵਿੱਚ ਹਿੰਦੀ ਅੱਖਰਾਂ ਵਿੱਚ ਖੜਗ ਬਿਲਾਸ ਪ੍ਰੈਸ ਬਾਂਕੀਪੁਰ ਵਿੱਚ ਛਪਿਆ ਸੀ ।

*(ਦੇਖੋ ਪ੍ਰਸਤਾਵਨਾ ਸ੍ਰੀ ਗੁਰੂ ਪ੍ਰਤਾਪ ਸੂਰਜ ਰਚਿਤ ਭਾਈ ਵੀਰ ਸਿੰਘ ਦਾ ਪੰਨਾ ੨੮)*

ਜਦ ਆਪ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਥਾ ਕਥਾ ਕਰਦੇ ਸਨ ਤਦ ਪੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੁੰਦੇ ਸਨ ਅਤੇ ਅੰਮ੍ਰਿਤ ਵੇਲੇ ਦੇ ਆਏ ਮਹਾਂਵਾਕ ਦੀ ਕਥਾ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਕਰਦੇ ਸਨ -

ਦੋਹਰਾ - ਪੰਚ ਗ੍ਰਿੰਥ ਸਾਹਿਬ ਖੁਲੈਂ, ਕਥਾ ਕਰਤ ਰਮਨੀਯ ।
ਪੁਨ ਹਰਿ ਮੰਦਰ ਕੇ ਵਿਖੈ, ਸੁਨਤ ਪੁਲਕ ਹ੍ਵੈ ਹੀਯ ॥੨੭॥

*(ਭਾਈ ਸਾਹਿਬ ਚੰਦ੍ਰਕਾ)*

ਖਾਲਸੇ ਦੀ ਪ੍ਰੇਰਨਾ ਨਾਲ ਇਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿੱਚ ੧੮੪੭ ਬਿ: ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਤ ਕਥਾ ਆਰੰਭੀ । (ਦੇਖੋ ਗੁਰੂ ਮਹਿਮਾ ਰਤਨਾਵਲੀ, ਭਾਈ ਕਾਨ੍ਹ ਸਿੰਘ ਨਾਭਾ ਸੰਕਲਤ ਦਾ ਪੰਨਾ ੧੫੯) ਭਾਈ ਸੰਤ ਸਿੰਘ ਜੀ ਨੇ ਤੁਲਸੀ ਰਾਮਾਇਣ ਦਾ ਟੀਕਾ ਲਿਖਣ ਸਮੇਂ ਇੱਕੀ ਪੋਥੀਆਂ ਪ੍ਰਕਾਸ਼ ਕਰ ਕੇ ਪਾਠਾਂ ਦਾ ਮਿਲਾਨ ਕੀਤਾ । ਸਟੀਕ ਵੀ ਲਿਖਿਆ ਤੇ ਵਿਦਿਆਰਥੀਆ ਨੂੰ ਪੜ੍ਹਾਉਂਦੇ ਵੀ ਰਹੇ -

ਰਾਮਾਯਨ ਟੀਕਾ ਸਮੈਂ , ਪੁਸਤਕ ਖੁਲਤ ਇਕੀਸ ।
ਪਢਨਹਾਰ ਚਾਤੁਰ ਕਿਯੇ, ਪੂਜਨੀਯ ਅਵਨੀਸ਼ ।।੪੭।।

*(ਭਾਈ ਸਾਹਿਬ ਚੰਦ੍ਰਕਾ)*

ਭਾਈ ਸਾਹਿਬ ਸੰਤ ਸਿੰਘ ਜੀ ਦੀ ਕਥਾ ਦੀ ਮਹਿਮਾ ਕਰਦਿਆਂ ਉਨ੍ਹਾਂ ਦੇ ਵਿਦਵਾਨ ਸ਼ਾਗਿਰਦ ਕਵਿ ਮੇਘ ਸਿੰਘ ਨੇ ਆਪਣੀ ਪੁਸਤਕ ਭਾਈ ਸਾਹਿਬ ਚੰਦ੍ਰਕਾ ਦੇ ੨੮ ਤੋਂ ੪੫ ਨੰ: ਛੰਦ ਤੱਕ ੧੮ ਛੰਦ ਲਿਖੇ ਹਨ, ਜਿਨ੍ਹਾਂ 'ਚੋਂ ਨਮੂਨੇ ਮਾਤ੍ਰ ਇਕ ਛੰਦ ਇਥੇ ਲਿਖ ਰਹੇ ਹਾਂ -

ਕਬਿੱਤੁ- ਚਕਿਤ ਰਹਿਤ ਚਿਤ, ਤਕਤ ਰਹਿਤ ਨੈਨ,
ਥਕਤ ਰਹਿਤ ਬੈਨ, ਐਸੀ ਰੀਤ ਧਰੀ ਹੈ ।
ਭੂਲਤ ਜਹਾਨ ਖਾਨ ਪਾਨ ਪਹਿਰਾਨ ਸੁਧਿ,
ਮਿਟ ਜਾਤ ਮਾਨ ਮੋਹ ਸੁਨੈ ਏਕ ਘਰੀ ਹੈ ।
ਦੇਹ ਤੇ ਬਿਦੇਹ ਹੋਤ, ਛੂਟਤ ਸਨੇਹ ਸਬਿ,
ਭੂਲੇ ਸੁਧਿ ਗੇਹ ਨੈਨ ਲਾਵੈਂ ਮੇਂਹ ਝਰੀ ਹੈ ।
ਕਥਾ ਸੰਤ ਸਿੰਘ ਜੂ ਕੀ ਮੋਹੇ ਜੀਯ ਜੰਤਨਿ ਕੋ,
ਮੰਤ੍ਰ ਹੈ ਕਿ ਤੰਤ੍ਰ ਹੈ ਕਿ ਜੰਤ੍ਰ ਹੈ ਕਿ ਜਰੀ ਹੈ ॥੨੯॥

ਭਾਈ ਮੇਘ ਸਿੰਘ ਜੀ ਆਪ ਬਾਰੇ ਹੋਰ ਥਾਵੇਂ ਲਿਖਦੇ ਹਨ :

ਆਗਮ ਪ੍ਰਮਾਨ ਸ੍ਰੁਤਿ ਸਿਮ੍ਰਿਤੀ ਪ੍ਰਮਾਨ ਦੇਤਿ,
ਬਯਾਸ ਕੇ ਸਮਾਨ ਕਥਾ ਕਰੇਂ ਮਨ ਹਰੇ ਹੈਂ ।
ਸੁਰਪਤਿ ਸੰਪਤ ਸੁਬੁੱਧਿ ਸੁਰਗੁਰ ਸੀ ਹੈ,

ਨਰ ਸੇ ਧਨੁਰਧਰ ਅਰਿਨ ਸੋਂ ਅਰੇ ਹੈਂ।
ਜਨਕ ਸੇ ਗਯਾਨਵਾਨ ਵਿਸ਼ਵਾਮਿਤ੍ਰ ਸੇ ਮਹਾਨ,
ਭੀਸ਼ਮ ਪ੍ਰਮਾਨ ਧੀਰ ਧਾਰਬੇ ਕੋ ਖਰੇ ਹੈਂ।
ਜਾ ਕੋ ਅਵਿਲੋਕ ਔਰ ਦ੍ਰਿਸ਼ਟ ਤਰੇ ਆਵੈ ਨਾਹਿ,
ਸ੍ਰਿਸ਼ਟਿ ਮਾਹਿ ਮਾਨੋ ਸ੍ਰੀ ਵਿਸ਼ਿਸ਼ਟ ਅਵਤਰੇ ਹੈਂ ॥੧੯॥

*(ਬ੍ਰਿਜ ਰਾਜ ਵਿਨੋਦ, ਪ੍ਰਿਥਮ ਵਿਦੋਦ)*

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਝੰਗ ਦੀ ਲੜਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਜ਼ਖਮੀ ਹੋ ਕੇ ਕਿਲ੍ਹੇ ਦੀ ਸੁੱਕੀ ਖਾਈ ਵਿੱਚ ਡਿੱਗ ਪਏ ਤੇ ਗਿਆਨੀ ਸੰਤ ਸਿੰਘ ਜੀ ਉਨ੍ਹਾਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਡੇਰੇ ਲੈ ਆਏ, ਇਸ ਤਰ੍ਹਾਂ ਉਨ੍ਹਾਂ ਦੀ ਜਾਨ ਬਚਾਈ ਸੀ। ਇਸ ਅਹਿਸਾਨ ਨੂੰ ਮਹਾਰਾਜਾ ਸਾਹਿਬ ਨੇ ਸਾਰੀ ਉਮਰ ਯਾਦ ਰੱਖਿਆ ਅਤੇ ਉਹ ਗਿਆਨੀ ਸੰਤ ਸਿੰਘ ਹੁਰਾਂ ਦਾ ਬਹੁਤ ਜ਼ਿਆਦਾ ਆਦਰ ਸਤਿਕਾਰ ਕਰਦੇ ਰਹੇ।

*(ਦੇਖੋ ਗਿ: ਜੰਗ ਸਿੰਘ ਲਿਖਤ ਅੰਮ੍ਰਿਤਸਰੁ ਸਿਫਤੀ ਦਾ ਘਰੁ, ਪੰ: ੮੮)*

ਗਿਆਨੀ ਸੰਤ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕਹਿ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨਾ ਲਗਵਾਉਣ ਦੀ ਸੇਵਾ ਆਪਣੀ ਨਿਗਰਾਨੀ ਵਿੱਚ ਕਰਵਾਈ। ਜਿਸ ਬਾਬਤ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬੋਤਰੀ ਬਾਹੀ 'ਤੇ ਇਕ ਖੁਤਬਾ ਲਿਖਿਆ ਹੋਇਆ ਹੈ :

*"ਸੇਵਾ ਸ੍ਰੀ ਗੁਰੂ ਰਾਮਦਾਸ ਜੀ ਕੀ ਸੁਵਰਨ ਕੀ ਅਰ ਸੰਗ-ਸਪੈਦ ਕੀ ਵਡਭਾਗੀ ਜਾਣ ਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਸੋਂ ਕਰਾਈ ਮਾਰਫ਼ਤ ਸ੍ਰੀ ਭਾਈ ਸੰਤ ਸਿੰਘ ਗਯਾਨੀ ਜੀ ਕੀ।"*

ਏਸੇ ਤਰ੍ਹਾਂ ਸ: ਦੇਸਾ ਸਿੰਘ ਪਾਸੋਂ ਦੋ ਨਿਸ਼ਾਨ ਸਾਹਿਬਾਂ ਉੱਪਰ ਅਤੇ ਗੁ: ਬਾਬਾ ਅਟੱਲ ਜੀ ਦੇ ਗੁੰਬਦ ਉੱਪਰ ਸੋਨਾ ਚੜ੍ਹਵਾਇਆ। ਕੱਤਕ ਪੁੰਨਿਆ, ਪੋਹ ਸੁਦੀ ਸੱਤਮੀ, ਭਾਦਰੋਂ ਸੁਦੀ ੩ ਤੇ ਕੱਤਕ ਸੁਦੀ ਪੰਚਮੀ ਦੇ ਗੁਰਪੁਰਬ ਮਨਾਉਣੇ ਆਰੰਭ ਕੀਤੇ। ਸੰਮਤ ੧੮੭੧ ਬਿ: ਵਿੱਚ ਗਿਆਨੀ ਜੀ ਨੇ ਅੰਮ੍ਰਿਤਸਰ ਵਿੱਚ ਇਕ ਕਟੜਾ ਆਬਾਦ ਕੀਤਾ, ਜਿਸ ਦਾ ਨਾਂ ਕਟੜਾ ਭਾਈ ਸੰਤ ਸਿੰਘ ਆਖਦੇ ਸਨ। ਹੁਣ ਇਸ ਨੂੰ ਭਾਈ ਕਾ ਕਟੜਾ ਸੱਦਦੇ ਹਨ।

ਭਾਈ ਸੰਤੋਖ ਸਿੰਘ ਜੀ ਦਾ ਨਾਮ ਸਿੱਖ- ਪੰਥ ਵਿੱਚ ਬਹੁਤ ਪ੍ਰਸਿੱਧ ਹੈ। ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਆਦਿ ਬਹੁਤ ਪੁਸਤਕਾਂ ਲਿਖੀਆਂ ਹਨ। ਭਾਈ ਸਾਹਿਬ ਸੰਤ ਸਿੰਘ ਜੀ ਗਿਆਨੀ ਨੂੰ ਭਾਈ ਸੰਤੋਖ ਸਿੰਘ ਜੀ ਦਾ ਉਸਤਾਦ ਹੋਣ ਦਾ ਮਾਣ ਪ੍ਰਾਪਤ ਹੈ। ਦੂਜੇ ਕਵੀ ਭਾਈ ਮੇਘ ਸਿੰਘ ਨੂੰ ਆਪ ਦਾ ਸ਼ਾਗਿਰਦ ਹੋਣ ਦਾ ਮਾਣ ਪ੍ਰਾਪਤ ਹੈ। ਜਿਨ੍ਹਾਂ ਨੇ ਆਪ ਦੀ ਜੀਵਨੀ ਤੇ ਗੁਣਾਂ ਦੀ ਮਹਿਮਾ 'ਭਾਈ ਸਾਹਿਬ ਚੰਦ੍ਰਕਾ' ਨਾਮ ਦੀ ਪੁਸਤਕ ਵਿੱਚ ਲਿਖੀ ਹੈ, ਜੋ ੧੨੮ ਛੰਦਾਂ 'ਤੇ ਅਧਾਰਤ ਬ੍ਰਿਜ ਭਾਸ਼ਾ ਕਾਵਿ ਦਾ ਇਕ ਉੱਤਮ ਨਮੂਨਾ ਹੈ।

ਅੰਦਾਜ਼ਨ ੧੮੮੯ ਬਿ: ਵਿੱਚ ਹੀ ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਦਾ ਭੋਗ ਪਾਇਆ।

ਭਾਈ ਸੰਤ ਸਿੰਘ ਜੀ ਗਿਆਨੀ ਦਾ ਦੇਹਾਂਤ ੧੮੮੯ ਬਿ: ਮਹੀਨਾ ਹਾੜ ਸੁਦੀ ੮ ਦਿਨ ਬੁੱਧਵਾਰ ਨੂੰ ਅੰਮ੍ਰਿਤਸਰ ਵਿੱਚ ਹੋਇਆ। ਆਪ ਦੀ ਸਮਾਧ ਬਾਬਾ ਅਟੱਲ ਜੀ ਦੇ ਗੁਰਦੁਆਰੇ

ਦੇ ਨੇੜੇ ਕੌਲਸਰ ਸਰੋਵਰ ਦੇ ਪੂਰਬ ਵੱਲ ਬਣੀ ਹੋਈ ਹੈ । ਆਪ ਦੇ ਤਿੰਨ ਪੁੱਤਰ ਸਨ । ਭਾਈ ਦੇਵਾ ਸਿੰਘ, ਭਾਈ ਗੁਰਮੁਖ ਸਿੰਘ ਤੇ ਭਾਈ ਜੋਧ ਸਿੰਘ ਪਰ ਆਪ ਦੇ ਬਾਅਦ ਗੁਰਬਾਣੀ ਦੀ ਕਥਾ ਅਤੇ ਅਰਥ ਪੜ੍ਹਾਉਣ ਦੀ ਸੇਵਾ ਆਪਣੇ ਥਾਂ ਭਾਈ ਗੁਰਮੁਖ ਸਿੰਘ ਗਿਆਨੀ ਨੂੰ ਸੌਂਪ ਗਏ ਸਨ ।

ਆਪ ਦੀ ਰਿਹਾਇਸ਼ ਲਈ ਮਹਾਰਾਜਾ ਰਣਜੀਤ ਸਿੰਘ ਨੇ ਬਾਜ਼ਾਰ ਮਾਈ ਸੇਵਾਂ ਵਿੱਚ ਬੁੰਗਾ ਗਿਆਨੀਆਂ ਬਣਵਾ ਕੇ ਦਿੱਤਾ ਸੀ, ਜੋ ਹੁਣ ਵੀ ਭਾਈ ਸੰਤ ਸਿੰਘ ਜੀ ਦੀ ਵਿੱਦਵਤਾ, ਮਹਿਮਾ ਤੇ ਗੁਣਾਂ ਦੀ ਯਾਦ ਦਿਵਾਉਂਦਾ ਹੈ ।

## ੮. ਭਾਈ ਗੁਰਮੁਖ ਸਿੰਘ ਜੀ ਗਿਆਨੀ

ਭਾਈ ਸੰਤ ਸਿੰਘ ਜੀ ਦੇ ਸਰੀਰ ਤਿਆਗ ਜਾਣ ਤੋਂ ਬਾਅਦ ਭਾਈ ਗੁਰਮੁਖ ਸਿੰਘ ਜੀ ਨੂੰ ਗਿਆਨੀ ਪਦਵੀ ਉੱਪਰ ਥਾਪਿਆ ਗਿਆ । ਇਹ ਵੀ ਚੰਗੀ ਕਥਾ ਵਿਆਖਿਆ ਕਰ ਲੈਂਦੇ ਸਨ ਤੇ ਇਨ੍ਹਾਂ ਨੇ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਚਲੀ ਆਉਂਦੀ ਪਰੰਪਰਾ ਨੂੰ ਅੱਗੋਂ ਜਾਰੀ ਰੱਖਿਆ । ਰਾਜਨੀਤੀ ਦੀ ਚੰਗੀ ਸੂਝ-ਬੂਝ ਹੋਣ ਕਾਰਨ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਇਕ ਪ੍ਰਮੁੱਖ ਅਹਿਲਕਾਰ ਦਾ ਰੋਲ ਵੀ ਅਦਾ ਕਰਦੇ ਰਹੇ । ਤਵਾਰੀਖ਼ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਦੇ ਪੰਨਾ ੪੧ ਅਨੁਸਾਰ ਗਿਆਨੀ ਗੁਰਮੁਖ ਸਿੰਘ ਦੀ ਜਾਗੀਰ ਇਕ ਲੱਖ ਰੁਪਏ ਦੀ ਸੀ, ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦਾ ਕੰਮ ਵੀ ਗਿਆਨੀ ਸੰਤ ਸਿੰਘ ਵਾਂਗ ਆਪ ਦੇ ਹੀ ਕੋਲ ਰਿਹਾ । ਆਪ ਦੀ ਮਹਿਮਾ ਦਾ ਇਕ ਛੰਦ ਹੇਠ ਲਿਖਦੇ ਹਾਂ, ਜੋ ਕਵੀ ਮੇਘ ਸਿੰਘ ਨੇ ਲਿਖਿਆ ਹੈ -

ਛਪੈ- ਸੁਰ ਗੁਰੁ ਬੁੱਧਿ ਪ੍ਰਮਾਨ, ਗਜਾਨ ਮੈ ਰਾਮ ਚੰਦ ਗੁਰੁ ।
ਕਥਾ ਕਰਤ ਸਮ ਬਜਾਸ, ਭਾਸਕਰ ਤੇਜ ਅਖਲ ਪੁਰ ।
ਸੁਰਪਤਿ ਸੰਪਤਿ ਸਰਸ, ਦਾਨ ਲਖਿ ਕੰਪਤ ਜੱਛਪ ।
ਕਾਮ ਸਰਸ ਅਭਿਰਾਮ ਰਾਮ ਬਲ ਧੀਰਜ ਕੱਛਪ ।
ਅਰਜੁਨ ਸਮ ਪੁਨ ਧਨੁਰਧਰ, ਪੂਜਨੀਯ, ਗਨਪਤਿ ਸਰਸ ।
ਭਗਵਾਨ ਧਜਾਨ ਸ਼ਿਵ ਕੇ ਸਰਸ, ਗੁਰਮੁਖ ਸਿੰਘ ਗਜਾਨੀ ਦਰਸ ॥੯੨॥

ਭਾਈ ਗੁਰਮੁਖ ਸਿੰਘ ਜੀ ਦਾ ਦੇਹਾਂਤ ੧੮੪੪ ਈ: ਨੂੰ ਹੋ ਗਿਆ ਪਰ ਤਵਾਰੀਖ਼ ਅੰਮ੍ਰਿਤਸਰ ਕੇ ਚੰਦ ਮਾਖਜ਼ ਦੇ ਪੰਨਾ ੭ 'ਤੇ ਅਤੇ ਤਵਾਰੀਖ਼ ਅੰਮ੍ਰਿਤਸਰ ਕ੍ਰਿਤ ਗਿਆਨੀ ਸਿੰਘ ਦੇ ਪੰਨਾ ੪੧ ਉੱਪਰ ੧੮੯੮ ਬਿ: ਅਰਥਾਤ ੧੮੪੧ ਈ: ਲਿਖਿਆ ਹੈ । ਆਪ ਦੇ ਚਾਰ ਪੁੱਤਰ ਸਨ । ਭਾਈ ਪ੍ਰਦੁਮਨ ਸਿੰਘ, ਭਾਈ ਅਰਜਨ ਸਿੰਘ, ਭਾਈ ਲਹਿਣਾ ਸਿੰਘ ਤੇ ਭਾਈ ਮਧੁਸੂਦਨ ਸਿੰਘ । ਸ੍ਰੀ ਹਰਿਮੰਦਰ ਸਾਹਿਬ ਵਿਖੇ ਕਥਾ ਵਿਆਖਿਆ ਤੇ ਗੁਰਬਾਣੀ ਅਰਥ ਪੜ੍ਹਾਉਣ ਹਿੱਤ ਗਿਆਨੀ ਪਦਵੀ ਵੱਡੇ ਪੁੱਤਰ ਭਾਈ ਪ੍ਰਦੁਮਨ ਸਿੰਘ ਜੀ ਨੂੰ ਮਿਲੀ । ਇਹ ਸਮਾਂ ਅੰਗਰੇਜ਼ੀ ਰਾਜ ਦਾ ਸੀ । 'ਰਈਸਾਨੇ ਪੰਜਾਬ' ਪੁਸਤਕ ਵਿੱਚ ਉਪ੍ਰੋਕਤ ਚਾਰ ਪੁੱਤਰ ਕਹੇ ਹਨ ਪਰ ਭਾਈ ਸਾਹਿਬ ਚੰਦ੍ਰਕਾ ਵਿਚ ਮੇਘ ਸਿੰਘ ਕਵਿ ਨੇ ਤਿੰਨ ਪੁੱਤਰ ਲਿਖੇ ਹਨ । ਪ੍ਰਦੁਮਨ ਸਿੰਘ, ਮਧੁਸੂਦਨ ਸਿੰਘ ਤੇ ਲੱਧਾ ਸਿੰਘ ਜੋ ਵਧੇਰੇ ਸਹੀ ਹਨ ਕਿਉਂਕਿ ਆਪ ਭਾਈ ਸੰਤ ਸਿੰਘ ਜੀ ਦੇ ਸ਼ਾਗਿਰਦ ਹੋਣ ਕਰ ਕੇ ਉਨ੍ਹਾਂ ਦੇ ਜਾਤੀ ਤੌਰ 'ਤੇ ਨਿਕਟਵਰਤੀ ਸਨ ਤੇ ਉਨ੍ਹਾਂ ਨੇ ਇਹ

ਉਪ੍ਰੋਕਤ ਪੁਸਤਕ ਉਨ੍ਹਾਂ ਦੀ ਮਹਿਮਾ ਵਿੱਚ ਹੀ ਲਿਖੀ ਹੈ । ਉਨ੍ਹਾਂ ਦੇ ਸਰੀਰ ਤਿਆਗਣ ਤੋਂ ਦੋ ਮਹੀਨੇ ਬਾਅਦ ਹੀ ਸੰਪੂਰਨ ਕੀਤੀ ਹੈ । ਭਾਈ ਗੁਰਮੁਖ ਸਿੰਘ ਜੀ ਗਿਆਨੀ ਦੇ ਸਮੇਂ ਕਵੀ ਜੀ ਦਾ ਉਨ੍ਹਾਂ ਨਾਲ ਨੇੜੇ ਦਾ ਸੰਬੰਧ ਰਿਹਾ ਹੈ ਤੇ ਗਿਆਨੀ ਗੁਰਮੁਖ ਸਿੰਘ ਦੀ ਮਹਿਮਾ ਵਿੱਚ ਕਈ ਛੰਦ ਲਿਖੇ ਹਨ ।

## ੯. ਭਾਈ ਪ੍ਰਦੁਮਨ ਸਿੰਘ ਜੀ ਗਿਆਨੀ

ਭਾਈ ਗੁਰਮੁਖ ਸਿੰਘ ਜੀ ਦੇ ਬਾਅਦ ਉਨ੍ਹਾਂ ਦੇ ਵੱਡੇ ਸਪੁੱਤਰ ਭਾਈ ਪ੍ਰਦੁਮਨ ਸਿੰਘ ਜੀ ਗਿਆਨੀ ਦੀ ਪਦਵੀ ਉੱਪਰ ਨਿਯੁਕਤ ਹੋਏ । ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਕਥਾ ਕਰਨ ਵਿੱਚ ਬਹੁਤ ਹੀ ਮਸ਼ਹੂਰ ਸਨ । ਆਪ ਦੀ ਕਥਾ ਇੰਨੀ ਰਸੀਲੀ ਤੇ ਖਿੱਚ ਪਾਊ ਸੀ ਕਿ ਸੁਣਨ ਵਾਲੇ ਬਹੁਤ ਲੋਕ ਗੁਰੂ-ਘਰ ਦੇ ਸ਼ਰਧਾਵਾਨ ਬਣ ਜਾਂਦੇ ਸਨ । ਗਿਆਨੀ ਗਿਆਨ ਸਿੰਘ ਜੀ ਤਵਾਰੀਖ਼ ਅੰਮ੍ਰਿਤਸਰ ਦੇ ਪੰਨਾ ੪੧ ਉੱਪਰ ਲਿਖਦੇ ਹਨ ਕਿ ਇਹ ਭਾਈ ਸਾਹਿਬ ਜਿਸ ਤਰ੍ਹਾਂ ਸ਼ਤਰੰਜ-ਚੌਪੜ ਤੇ ਲਾਲ ਬੁਲਬੁਲ ਆਦਿ ਦੇ ਖਿਡਾਰੀ ਸਨ, ਉਸੇ ਤਰ੍ਹਾਂ ਕਥਾ ਕਰਨ ਵਿੱਚ ਵੀ ਬੜੇ ਪ੍ਰਸਿੱਧ ਸਨ । ਇਨ੍ਹਾਂ ਦਾ ਇਕੋ ਇਕ ਪੁੱਤਰ ਭਾਈ ਗੁਰਬਖਸ਼ ਸਿੰਘ ਸੀ, ਜੋ ਇਨ੍ਹਾਂ ਤੋਂ ਬਾਅਦ ਗਿਆਨੀ ਪਦਵੀ ਦੀ ਸੇਵਾ ਕਰਦਾ ਰਿਹਾ ।

## ੧੦. ਭਾਈ ਗੁਰਬਖਸ਼ ਸਿੰਘ ਜੀ ਗਿਆਨੀ

ਭਾਈ ਪ੍ਰਦੁਮਨ ਸਿੰਘ ਜੀ ੨੨ ਨਵੰਬਰ ਸੰਨ ੧੯੭੭ ਈ: ਨੂੰ ਸਵਰਗਵਾਸ ਹੋ ਗਏ ਤਾਂ ਉਨ੍ਹਾਂ ਦੇ ਸਪੁੱਤਰ ਭਾਈ ਗੁਰਬਖਸ਼ ਸਿੰਘ ਨੂੰ ਗਿਆਨੀ ਦੇ ਔਹੁਦੇ 'ਤੇ ਮੁਕੱਰਰ ਕੀਤਾ ਗਿਆ। ਭਾਈ ਗੁਰਬਖਸ਼ ਸਿੰਘ ਨੇ ਅੰਗਰੇਜ਼ੀ ਵਿਦਿਆ ਪੜ੍ਹੀ ਤੇ ਉਹ ਵਲਾਇਤ ਵੀ ਗਏ । ਇਹ ਖਾਲਸਾ ਕਾਲਜ ਦੇ ਮੁੱਖ ਪ੍ਰਬੰਧਕ ਵੀ ਰਹੇ ਤੇ ਅੰਗਰੇਜ਼ਾਂ ਵੱਲੋਂ ਇਨ੍ਹਾਂ ਨੂੰ ਆਨਰੇਰੀ ਮੈਜਿਸਟਰੇਟ ਦਾ ਔਹੁਦਾ ਵੀ ਦਿੱਤਾ ਹੋਇਆ ਸੀ । ਜੋ ਜਾਗੀਰ ਸ੍ਰੀ ਦਰਬਾਰ ਸਾਹਿਬ ਦੀ ਮੁਰੰਮਤ ਉਸਾਰੀ ਜਾਂ ਸਜਾਵਟ ਲਈ ਅੰਗਰੇਜ਼ ਗੌਰਮਿੰਟ ਵੱਲੋਂ ਮੁਕੱਰਰ ਸੀ ਉਹ ਸਾਰੀ ਇਨ੍ਹਾਂ ਦੇ ਅਖਤਿਆਰ ਵਿੱਚ ਸੀ । ਜਿਸ ਵਿੱਚੋਂ ਇਨ੍ਹਾਂ ਹੇਠ ਲਿਖੇ ਤਿੰਨਾਂ ਸੱਜਣਾਂ ਨੂੰ ਇਸ ਹਿਸਾਬ ਮਾਹਵਾਰ ਤਨਖਾਹ ਮਿਲਦੀ ਸੀ । ਗਿਆਨੀ ਗੁਰਬਖਸ਼ ਸਿੰਘ ਜੀ ਨੂੰ ੩੦ ਰੁਪਏ। ਮੀਆਂ ਅੱਲਾ ਯਾਰ ਖਾਂ ਮਿਸਤ੍ਰੀ ਨੂੰ ੨੫ ਰੁਪਏ ਤੇ ਕਲਰਕ ਨੂੰ ੧੫ ਰੁਪਏ । ਇਨ੍ਹਾਂ ਤੋਂ ਬਾਅਦ ਇਹ ਗਿਆਨੀ ਪਦਵੀ ਉਨ੍ਹਾਂ ਦੇ ਕਿਸੇ ਪੁੱਤਰ ਨੇ ਗ੍ਰਹਿਣ ਕੀਤੀ ਜਾਂ ਨਹੀਂ, ਇ:ਤ ਦਾ ਲਿਖਤੀ ਵੇਰਵਾ ਨਹੀਂ ਮਿਲਦਾ ।

'ਰਈਸਾਨੇ ਪੰਜਾਬ' ਵਿੱਚ ਇਨ੍ਹਾਂ ਦੇ ਚਾਰ ਪੁੱਤਰ ਲਿਖੇ ਹਨ : ਭਾਈ ਸੂਬਾ ਸਿੰਘ ਜੀ ੧੮੮੯ ਈ:, ਭਾਈ ਸੁੰਦਰ ਸਿੰਘ ਜਨਮ ੧੮੯੬ ਈ:, ਭਾਈ ਸੁਰਿੰਦਰ ਸਿੰਘ ਜੀ ੧੯੦੨ ਈਸਵੀ ਅਤੇ ਭਾਈ ਹਰਿੰਦਰ ਸਿੰਘ ਦਾ ੧੯੦੭ ਈ: ਵਿੱਚ ਜਨਮ ਲਿਖਿਆ ਹੈ । ੧੯੨੧ ਈ: ਤੱਕ ਆਪ ਇਸ ਸੇਵਾ 'ਤੇ ਰਹੇ । ਇਸ ਤੋਂ ਬਾਅਦ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਇਹ ਇਸ ਸੇਵਾ ਤੋਂ ਮੁਕਤ ਹੋ ਗਏ । ਅੱਗੋਂ ਇਨ੍ਹਾਂ ਦਾ ਖਾਨਦਾਨ ਸਰਕਾਰੀ ਨੌਕਰੀਆਂ ਨੂੰ ਚੰਗਾ ਸਮਝਣ ਲੱਗ ਪਿਆ । ਜਿਸ ਕਰ ਕੇ ਇਨ੍ਹਾਂ ਪਾਸ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਥਾ ਵਿਖਿਆਨ ਦੀ ਸੇਵਾ ਨਾ ਰਹੀ, ਪਹਿਲਾਂ ਇਨ੍ਹਾਂ ਦੇ ਖਾਨਦਾਨ ਤੋਂ ਬਿਨਾਂ ਕੋਈ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਥਾ ਨਹੀਂ ਕਰ ਸਕਦਾ ਸੀ ।

## ੧੧. ਗਿਆਨੀ ਠਾਕੁਰ ਸਿੰਘ ਜੀ

ਇਹ ਸਿੱਖ ਧਰਮ ਦੇ ਚੰਗੇ ਵਿਦਵਾਨ ਸਨ । ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਕਮੇਟੀ ਵੱਲੋਂ ਇਨ੍ਹਾਂ ਨੂੰ ਗੁਰਬਾਣੀ ਦੀ ਕਥਾ ਕਰਨ ਦੀ ਡਿਊਟੀ 'ਤੇ ਨਿਯੁਕਤ ਕੀਤਾ ਗਿਆ । ਪੁਜਾਰੀਆਂ ਦੇ ਪ੍ਰਬੰਧ ਸਮੇਂ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੰਮ੍ਰਿਤ ਵੇਲੇ ਆਏ ਪਹਿਲੇ ਮਹਾਂਵਾਕ ਦੀ ਕਥਾ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੀ ਕੀਤੀ ਜਾਂਦੀ ਸੀ । ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਆ ਜਾਣ 'ਤੇ ਇਹ ਕਥਾ ਗੁਰਦੁਆਰਾ ਮੰਜੀ ਸਾਹਿਬ ਵਾਲੀ ਥਾਂ ਉੱਪਰ ਹੋਣ ਲੱਗ ਪਈ । ਗਿਆਨੀ ਠਾਕੁਰ ਸਿੰਘ ਜੀ ਦੀ ਕਥਾ ਵਿੱਚ ਬੜਾ ਰਸ ਤੇ ਅਸਰ ਸੀ । ਇਨ੍ਹਾਂ ਨੇ ਚਮਕੌਰ ਸਾਹਿਬ ਅਤੇ ਫਤਹਗੜ੍ਹ ਸਾਹਿਬ ਵਿਖੇ ਸਾਲਾਨਾ ਸ਼ਹੀਦੀ ਜੋੜ ਮੇਲੇ ਮਨਾਉਣ ਦੀ ਰੀਤ ਤੋਰੀ । ਬ੍ਰਿਜ ਭਾਸ਼ਾ ਕਾਵਿ 'ਚ ਗਿਆਨੀ ਠਾਕੁਰ ਸਿੰਘ ਜੀ ਦਾ ਲਿਖਿਆ ਤੇ ਛਪਿਆ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜੀਵਨ ਮੇਰੀ ਲਾਇਬਰੇਰੀ ਵਿਚ ਸੁਰੱਖਿਅਤ ਹੈ ।

## ੧੨. ਗਿਆਨੀ ਬੁੱਧ ਸਿੰਘ ਜੀ

ਗਿਆਨੀ ਠਾਕੁਰ ਸਿੰਘ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਗਿ: ਬੁੱਧ ਸਿੰਘ ਜੀ ਨੂੰ ਕਥਾ ਕਰਨ ਲਈ ਨਿਯੁਕਤ ਕੀਤਾ ਗਿਆ । ਇਹ ਬੜੇ ਖੋਜੀ ਵਿਦਵਾਨ ਸਨ । ਗੁਰਬਾਣੀ ਦੇ ਅਰਥ ਲਗ-ਮਾਤ੍ਰੀ ਨਿਯਮਾਂ ਅਨੁਸਾਰ ਕਰਦੇ ਸਨ। ਇਹ ਪਹਿਲਾਂ ਕਾਫੀ ਸਮਾਂ ਚੀਫ ਖਾਲਸਾ ਦੀਵਾਨ ਦੇ ਧਰਮ ਪ੍ਰਚਾਰ ਮਹਿਕਮੇ ਵਿੱਚ ਬਤੌਰ ਗੁਰਮਤਿ ਪ੍ਰਚਾਰਕ ਦੀ ਸੇਵਾ ਨਿਭਾਉਂਦੇ ਰਹੇ ਸਨ । ਪੁਰਾਣੇ ਹੰਢੇ ਤੇ ਤਜਰਬਾਕਾਰ ਪ੍ਰਚਾਰਕ ਹੋਣ ਕਰ ਕੇ ਸਫਲ ਤੇ ਚੰਗੇ ਪ੍ਰਭਾਵੀ ਵਕਤੇ ਸਨ । ਸ਼ਹਿਰ ਦੀਆਂ ਸੰਗਤਾਂ ਉੱਪਰ ਆਪ ਜੀ ਦੀ ਕਥਾ ਦਾ ਬਹੁਤ ਪ੍ਰਭਾਵ ਸੀ । ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨ ਆਉਣ ਸਮੇਂ ਦਾਸ ਨੂੰ ਵੀ ਕਈ ਵਾਰ ਆਪ ਦੀ ਰਸੀਲੀ ਤੇ ਮਨੋਹਰ ਕਥਾ ਸੁਣਨ ਦਾ ਅਵਸਰ ਮਿਲਦਾ ਰਿਹਾ ਹੈ । ਸੁਰਖੀਆਂ ਬਿੰਦੀਆਂ ਲਾ ਕੇ ਜਾਂ ਸਾੜ੍ਹੀਆਂ ਬੰਨ੍ਹ ਕੇ ਕਥਾ ਸੁਣਨ ਆਈਆਂ ਬੀਬੀਆਂ ਨੂੰ ਸੰਗਤ ਵਿੱਚ ਹੀ ਟੋਕ ਦਿਆ ਕਰਦੇ ਸਨ । ਉਮਰ ਦੇ ਬਜ਼ੁਰਗ ਹੋਣ ਕਰ ਕੇ ਉਨ੍ਹਾਂ ਦੇ ਬਚਨਾਂ ਦਾ ਕੋਈ ਬੁਰਾ ਵੀ ਨਹੀਂ ਸੀ ਮਨਾਉਂਦਾ । ਉਨ੍ਹਾਂ ਦੀ ਕਥਾ ਦੇ ਸਰੋਤਿਆਂ ਵਿੱਚੋਂ ਭਾਈ ਅਵਤਾਰ ਸਿੰਘ ਪੱਖਿਆਂ ਵਾਲੇ ਤੇ ਬਾਬਾ ਲਾਭ ਸਿੰਘ ਜੀ ਮੇਰੇ ਪਾਸ ਉਨ੍ਹਾਂ ਦੀ ਕਥਾ ਦੇ ਪ੍ਰਭਾਵ ਦੀਆਂ ਕਈ ਘਟਨਾਵਾਂ ਦਾ ਜ਼ਿਕਰ ਕਰਦੇ ਰਹਿੰਦੇ ਸਨ ।

## ੧੩. ਸਿੰਘ ਸਾਹਿਬ ਗਿਆਨੀ ਅਰਜਨ ਸਿੰਘ ਜੀ

ਆਪ ੧੯੫੨ ਈ: ਵਿੱਚ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਥਾਪੇ ਗਏ । ਆਪ ਦਾ ਜਨਮ ਜ਼ਿਲ੍ਹੇ ਲੁਧਿਆਣੇ ਵਿੱਚ ਨਵੇਂ ਪਿੰਡ ਦਾ ਸੀ । ਆਪ ਗੁਰਬਾਣੀ ਦੇ ਅਰਥਾਂ ਤੇ ਵੈਦਕ ਗ੍ਰੰਥਾਂ ਦੇ ਸੁਘੜ ਗਿਆਤਾ ਸਨ । ਗ੍ਰੰਥੀ ਦੀ ਡਿਊਟੀ ਦੇ ਨਾਲ-ਨਾਲ ਅੰਮ੍ਰਿਤ ਵੇਲੇ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਏ ਪਹਿਲੇ ਮਹਾਂਵਾਕ ਦੀ ਕਥਾ ਮੰਜੀ ਸਾਹਿਬ ਵਿਖੇ ਸੰਗਤਾਂ ਨੂੰ ਬੜੇ ਪ੍ਰੇਮ ਨਾਲ ਸੁਣਾਇਆ ਕਰਦੇ ਸਨ । ਸੁਭਾਵ ਦੇ ਬੜੇ ਮਿੱਠੇ, ਨਿੰਮ੍ਰਤਾ ਦੇ ਪੁੰਜ, ਨਿਰ-ਹੰਕਾਰ ਤੇ ਬਹੁਤ ਹੀ ਗੁਰਮੁਖ ਸੁਭਾਵ ਦੇ ਮਾਲਕ ਸਨ । ਇਨ੍ਹਾਂ ਦੀ ਕਥਾ ਸੁਣਨ ਦਾ ਵੀ ਦਾਸ ਨੂੰ ਕਈ ਵਾਰ ਮੌਕਾ ਮਿਲਦਾ ਰਿਹਾ ਹੈ । ਇਨ੍ਹਾਂ ਦਾ ੧੯੫੭ ਈ:

ਵਿਚ ਦੇਹਾਂਤ ਹੋ ਗਿਆ । ਸੰਗਤਾਂ ਆਪ ਦੇ ਸੁਭਾਵ, ਗੁਣਾਂ ਤੇ ਕਥਾ ਦੀ ਬਹੁਤ ਸ਼ਲਾਘਾ ਕਰਦੀਆਂ ਸਨ ।

## ੧੪. ਦਾਸ (ਗਿਆਨੀ ਕਿਰਪਾਲ ਸਿੰਘ)*

ਸਿੰਘ ਸਾਹਿਬ ਗਿਆਨੀ ਅਰਜਨ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਖਾਲੀ ਹੋਈ ਗ੍ਰੰਥੀ ਦੀ ਜਗ੍ਹਾ ਭਰਨ ਹਿਤ ਦਾਸ ਨੂੰ ੨ ਅਪ੍ਰੈਲ ੧੯੫੮ ਈਸਵੀ ਨੂੰ ਇਸ ਮਹਾਨ ਪਦਵੀ 'ਤੇ ਸਥਾਪਤ ਕੀਤਾ ਗਿਆ ਤੇ ਗ੍ਰੰਥੀ ਦੀ ਡਿਊਟੀ ਦੇ ਨਾਲ-ਨਾਲ ਗਿਆਨੀ ਅਰਜਨ ਸਿੰਘ ਜੀ ਵਾਂਗ ਮੰਜੀ ਸਾਹਿਬ ਵਿਖੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਮਹਾਂਵਾਕ ਦੀ ਕਥਾ ਕਰਨ ਦੀ ਡਿਊਟੀ ਵੀ ਲਾਈ ਗਈ ।

ਮੈਂ ਗੁਰਮਤਿ ਵਿਦਿਆ ਪੰਥ ਪ੍ਰਸਿੱਧ ਹਸਤੀ ਗੁਰਮਤਿ ਦੇ ਮਹਾਨ ਅਚਾਰਯ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਪਾਸੋਂ ਪ੍ਰਾਪਤ ਕੀਤੀ ਸੀ । ਅਕਾਲ ਪੁਰਖ ਦੀ ਬਖਸ਼ੀ ਬੁੱਧੀ, ਗੁਰੂ ਦੀ ਕ੍ਰਿਪਾ ਤੇ ਮਹਾ ਪੁਰਖਾਂ ਦੀ ਅਸ਼ੀਰਵਾਦ ਦਾ ਸਦਕਾ ਸੰਗਤਾਂ ਨੇ ਮੇਰੀ ਕਥਾ ਸੁਣ ਕੇ ਅੰਦਾਜ਼ੇ ਤੋਂ ਵੱਧ ਮੇਰੀ ਹੌਂਸਲਾ ਅਫਜ਼ਾਈ ਕੀਤੀ ਤੇ ਸ਼ਹਿਰ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਕਥਾ ਸੁਣਨ ਆਉਂਦੀਆਂ ਰਹੀਆਂ ।

ਸ: ਗੁਰਦਿਆਲ ਸਿੰਘ ਮੈਨੇਜਰ, ਸ੍ਰੀ ਦਰਬਾਰ ਸਾਹਿਬ ਨੇ ਸ਼੍ਰੋਮਣੀ ਕਮੇਟੀ ਨੂੰ ਲਿਖੀ ਪੱਤ੍ਰਿਕਾ ਵਿੱਚ ਲਿਖਿਆ ਕਿ ਸੰਗਤਾਂ ਦੇ ਵੱਧ ਜਾਣ ਕਰ ਕੇ ਹਾਲ ਤੋਂ ਬਾਹਰ ਸੰਗਤਾਂ ਦੇ ਬੈਠਣ ਹਿਤ ਸ਼ਾਮਿਆਨੇ ਲਾਏ ਜਾਣ । ੧੯੬੦ ਈ: ਵਿੱਚ ਲੱਗੇ ਪੰਜਾਬੀ ਸੂਬੇ ਮੋਰਚੇ ਸਮੇਂ ਦਾਸ ਹੀ ਕਥਾ ਕਰਦਾ ਰਿਹਾ । ਦਿਨ ਢਲੇ ਗੁਰੁ ਪ੍ਰਤਾਪ ਸੂਰਜ ਦੀ ਕਥਾ ਗਿਆਨੀ ਅੱਛਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕਰਦੇ ਸਨ । ਮੇਰੇ ਆਉਣ ਤੋਂ ਪਹਿਲਾਂ ਸ਼ਾਮ ਦੀ ਕਥਾ ਗੁਰੁ ਪ੍ਰਤਾਪ ਸੂਰਜ ਅਤੇ ਸ੍ਰੀ ਗੁਰੁ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਦੀ ਕਥਾ ਮਹੰਤ ਮੂਲ ਸਿੰਘ ਜੀ ਗ੍ਰੰਥੀ ਅਤੇ ਮੁੱਖ ਗ੍ਰੰਥੀ ਹੁੰਦਿਆਂ ਅਤੇ ਗਿਆਨੀ ਚੇਤ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਹੁੰਦਿਆਂ ਆਪਣੀਆਂ ਅੰਦਰਲੀਆਂ ਡਿਊਟੀਆਂ ਤੋਂ ਵਾਧੂ ਸਮੇਂ ਵਿੱਚ ਕਰਦੇ ਰਹੇ ਅਤੇ ਗਿਆਨੀ ਭੁਪਿੰਦਰ ਸਿੰਘ ਜੀ ਗ੍ਰੰਥੀ ਅਤੇ ਮੁੱਖ ਗ੍ਰੰਥੀ ਹੁੰਦਿਆਂ ਪਹਿਲਾਂ ਤੇ ਮੇਰੇ ਆਉਣ ਤੋਂ ਬਾਅਦ ਵੀ ਹਰ ਐਤਵਾਰ ਨੂੰ ਗੁਰਮਤਿ ਜਾਂ ਗੁਰਬਾਣੀ ਦੇ ਕਿਸੇ ਵਿਸ਼ੇ 'ਤੇ ਸ਼ਾਮ ਦੀ ਕਥਾ ਤੋਂ ਬਾਅਦ ਇਕ ਘੰਟਾ ਲੈਕਚਰ ਦਿੱਤਾ ਕਰਦੇ ਸਨ । ਜਿਸ ਦਾ ਸ਼ਹਿਰ ਦੇ ਨੌਜਵਾਨ ਵਰਗ ਤੇ ਡੇਰਿਆਂ ਦੇ ਸੰਤਾਂ ਮਹੰਤਾਂ ਅਤੇ ਆਮ ਸੰਗਤ 'ਤੇ ਕਾਫੀ ਪ੍ਰਭਾਵ ਸੀ । ਇਹ ਸਿਲਸਿਲਾ ੧੯੬੨ ਈਸਵੀ ਤੱਕ ਜਾਰੀ ਰਿਹਾ । ਜਥੇਦਾਰ ਅੱਛਰ ਸਿੰਘ ਜੀ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਤੇ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਦਵੀ ਤੋਂ ਅਸਤੀਫਾ ਦੇ ਗਏ ਤਦੋਂ ਦਾਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਡਿਊਟੀ ਦੇ ਨਾਲ-ਨਾਲ ਮਈ ੧੯੬੩ ਈ: ਨੂੰ

---

*ਵਿਸ਼ੇਸ਼ ਜੀਵਨ ਬਾਰੇ ਜਾਣਕਾਰੀ ਲਈ ਪਿੱਛੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਮੁੱਖ ਗ੍ਰੰਥੀ ਸਾਹਿਬਾਨ ਸਿਰਲੇਖ ਵਿੱਚ ਪੜ੍ਹੋ ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨੀਯਤ ਕਰ ਦਿੱਤਾ ਤੇ ਮੰਜੀ ਸਾਹਿਬ ਕਥਾ ਕਰਨ ਹਿਤ ਗਿਆਨੀ ਦਲੀਪ ਸਿੰਘ ਜੀ ਨੂੰ ਕਥਾ-ਵਾਚਕ ਦੇ ਤੌਰ 'ਤੇ ਸਰਵਿਸ ਵਿੱਚ ਲੈ ਆਂਦਾ ।

## ੧੫. ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ

ਪਿਤਾ ਸ: ਧਰਮ ਸਿੰਘ ਤੇ ਮਾਤਾ ਸ੍ਰੀਮਤੀ ਰਾਮ ਕੌਰ ਦੀ ਕੁੱਖੋਂ, ਪਿੰਡ ਅਕਾਲਗੜ੍ਹ ਜ਼ਿਲਾ ਲੁਧਿਆਣਾ ਵਿਖੇ ੧੯੦੭ ਈ: ਵਿੱਚ ਗਿਆਨੀ ਦਲੀਪ ਸਿੰਘ ਜੀ ਦਾ ਜਨਮ ਹੋਇਆ । ਗੁਰਦੁਆਰੇ ਦੇ ਗ੍ਰੰਥੀ ਸਿੰਘ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਪੜ੍ਹੀਆਂ । ਪਿਤਾ ਜੀ ਨਾਲ ਖੇਤੀ ਦਾ ਕੰਮ ਕਰਵਾਉਂਦੇ ਰਹੇ ।

੧੯੩੧ ਈ: ਵਿੱਚ ਸੰਤ ਗਿ: ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਰਹਿ ਕੇ ਬ੍ਰਿਜ਼ ਭਾਸ਼ਾ ਦੇ ਵਿਚਾਰ ਸਾਗਰ ਤੱਕ ਗ੍ਰੰਥ ਪੜ੍ਹੇ । ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਸਿੰਘ ਜੀ ਦੇ ਕਬਿੱਤ ਸੱਵਯੇ ਤੇ ਵਾਰਾਂ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰਪ੍ਰਤਾਪ ਸੂਰਜ ਗ੍ਰੰਥ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅਰਥਾਂ ਸਹਿਤ ਪੜ੍ਹੇ । ਜ਼ਿਲ੍ਹਾ ਲਾਇਲਪੁਰ ਦੇ ੭੫ ਚੱਕ 'ਚੋਂ ਗ੍ਰੰਥੀ ਦੀ ਡਿਊਟੀ ਕਰਦੇ ਰਹੇ । ੧੯੪੭ ਈ: ਦੇ ਘੱਲੂਘਾਰੇ ਸਮੇਂ ਰਾਇਕੋਟ ਸ਼ਹਿਰ ਦੇ ਗੁਰਦੁਆਰੇ ਦਾ ਪ੍ਰਬੰਧ ਸੰਭਾਲਿਆ ਜੋ ੧੯੫੬ ਤੱਕ ਜਾਰੀ ਰਿਹਾ । ੧੯੫੬ ਤੋਂ ੧੯੬੦ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੁੱਖ ਗ੍ਰੰਥੀ ਰਹੇ ।

ਅੰਮ੍ਰਿਤਸਰ ਆਉਣ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਤੌਰ ਮੁੱਖ ਗ੍ਰੰਥੀ ਸਰਵਿਸ ਕਰ ਰਹੇ ਸਨ ਤੇ ਦੋਨੋਂ ਸਮੇਂ ਕਥਾ ਵੀ ਕਰਦੇ ਸਨ । ਉਥੋਂ ਬਦਲ ਕੇ ਇਨ੍ਹਾਂ ਨੂੰ ਗੁਰਦੁਆਰਾ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਪੱਕੇ ਤੌਰ 'ਤੇ ਕਥਾ ਵਾਚਕ ਲਾ ਦਿੱਤਾ ਗਿਆ । ਮੰਜੀ ਸਾਹਿਬ ਵੀ ਦੋਨੋਂ ਸਮੇਂ ਦੀਆਂ ਦੋਵੇਂ ਕਥਾ ਕਰਦੇ ਰਹੇ । ਕਾਫੀ ਬਿਰਧ ਹੋ ਜਾਣ ਕਰ ਕੇ ਵਿੱਚ ਵਾਰ ਹੋਰ ਵਿਦਵਾਨ ਜਿਵੇਂ ਗਿਆਨੀ ਸੰਤ ਸਿੰਘ ਜੀ ਮਸਕੀਨ, ਗਿਆਨੀ ਰਣਜੀਤ ਸਿੰਘ ਜੀ ਪਾਰਸ, ਗਿਆਨੀ ਦਲੀਪ ਸਿੰਘ ਜੀ ਦਰਦੀ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਮਹੀਨਾ ਮਹੀਨਾ ਜਾਂ ਕੁਝ ਖਾਸ ਅਰਸੇ ਲਈ ਮੰਜੀ ਸਾਹਿਬ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ । ਗਿਆਨੀ ਦਲੀਪ ਸਿੰਘ ਜੀ ਨੇ ਅੱਜ-ਕਲ੍ਹ ਆਪਣੇ ਸੋਹਰੇ ਪਿੰਡ ਮੁਨਾਵਾਂ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਜ਼ਮੀਨ ਖਰੀਦੀ ਹੋਈ ਹੈ ਤੇ ਮਕਾਨ ਬਣਾਏ ਹੋਏ ਹਨ, ਆਪ ਦਾ ਵੱਡਾ ਪੁੱਤਰ ਉਥੇ ਖੇਤੀ ਦਾ ਕੰਮ ਕਰਵਾਉਂਦਾ ਹੈ । ਗਿਆਨੀ ਦਲੀਪ ਸਿੰਘ ਜੀ ੨੬ ਫਰਵਰੀ ੧੯੮੭ ਈ: ਨੂੰ ਸੇਵਾ ਮੁਕਤ ਹੋ ਗਏ ।

## ੧੬. ਗਿਆਨੀ ਜਸਵੰਤ ਸਿੰਘ ਕਥਾ ਵਾਚਕ

ਪਿਤਾ ਸ: ਅਮਰ ਸਿੰਘ ਅਤੇ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ੩੦ ਸਤੰਬਰ ੧੯੪੯ ਈ: ਨੂੰ ਪਿੰਡ ਭੂਰੇ ਕੋਨੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਆਪ ਦਾ ਜਨਮ ਹੋਇਆ । ਪ੍ਰਾਇਮਰੀ ਵਿੱਦਿਆ ਪਿੰਡ ਦੇ ਸਕੂਲ ਵਿੱਚ ਪੜ੍ਹ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਬਾਰਾਂ ਜਮਾਤਾਂ ਪੜ੍ਹੀਆਂ । ਗੁਰਬਾਣੀ ਵਿਦਿਆ ਆਪਣੀ ਮਾਤਾ ਜੀ ਪਾਸੋਂ ਪੜ੍ਹੀ । ੨੩ ਨਵੰਬਰ ੧੯੭੫ ਈ: ਨੂੰ ਸੰਤ ਕਰਤਾਰ ਸਿੰਘ ਜੀ (ਮਹਿਤਾ) ਵਾਲਿਆਂ ਦੇ ਜਥੇ ਵਿੱਚ ਭਰਤੀ ਹੋ ਗਏ ।

ਸੰਤ ਕਰਤਾਰ ਸਿੰਘ ਜੀ ਭੂਰੇ ਕੋਨੇ ਨਗਰ ਦੇ ਹੀ ਜੰਮ-ਪਲ ਸਨ । ਗਿ: ਜਸਵੰਤ ਸਿੰਘ ਜੀ ਉਨ੍ਹਾਂ ਦੇ ਭਤੀਜੇ ਲਗਦੇ ਹਨ । ਉਨ੍ਹਾਂ ਪਾਸੋਂ ਗੁਰੁਪ੍ਰਤਾਪ ਸੂਰਜ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹੇ ਤੇ ਕਥਾ ਕਰਨੀ ਸਿਖਦੇ ਰਹੇ । ੧੯੭੮ ਈ: ਦੀ ਵੈਸਾਖੀ ਤੱਕ ਉਸੇ ਜਥੇ ਵਿੱਚ ਰਹੇ । ਫਿਰ ਵਿਚਰ ਕੇ ਕਥਾ ਵਾਰਤਾ ਕਰਦੇ ਰਹੇ ।

ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ ਦਾ ਸਰੀਰ ਅਤਿ ਬ੍ਰਿਧ ਹੋ ਜਾਣ ਕਰ ਕੇ ਅਸਤੀਫਾ ਦੇ ਜਾਣ 'ਤੇ ਆਪ ਨੂੰ ੨੯ ਫਰਵਰੀ ੧੯੮੭ ਈ: ਨੂੰ ਗੁ: ਮੰਜੀ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਆਏ ਅੰਮ੍ਰਿਤ ਵੇਲੇ ਦੇ ਮਹਾਂਵਾਕ ਦੀ ਕਥਾ ਵਿਆਖਿਆ ਅਤੇ ਸ਼ਾਮ ਨੂੰ ਦਿਨ ਢਲੇ ਗੁਰਪ੍ਰਤਾਪ ਸੂਰਜ ਅਤੇ ਸ੍ਰੀ ਗੁਰੁ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਦੀ ਇਤਿਹਾਸਕ ਕਥਾ ਕਰਨ ਦੀ ਸ਼੍ਰੋਮਣੀ ਕਮੇਟੀ ਵੱਲੋਂ ਡਿਊਟੀ ਲਾਈ ਗਈ। ਜਿਸ ਨੂੰ ਉਹ ਇਸ ਵੇਲੇ ਬੜੀ ਸੁਗੜਤਾ ਨਾਲ ਨਿਭਾ ਰਹੇ ਹਨ ।

## ਸ਼ਿਜਰਾ ਗਿਆਨੀਆਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

੧. ਬਾਬਾ ਬੁੱਢਾ ਸਾਹਿਬ ਜੀ

↓

੨. ਭਾਈ ਗੁਰਦਾਸ ਜੀ

↓

੩. ਭਾਈ ਮਨੀ ਸਿੰਘ ਜੀ

↓

੪. ਭਾਈ ਗੁਰਬਖਸ਼ ਸਿੰਘ ਜੀ

↓

੫. ਭਾਈ ਸੂਰਤ ਸਿੰਘ ਜੀ

↓

੬. ਗਿ: ਸੰਤ ਸਿੰਘ ਜੀ

↓

੭. ਭਾਈ ਗੁਰਮੁਖ ਸਿੰਘ ਜੀ

↓

੮. ਭਾਈ ਪ੍ਰਦੁਮਨ ਸਿੰਘ ਜੀ

੯. ਭਾਈ ਗੁਰਬਖਸ਼ ਸਿੰਘ ਜੀ

↓

੧੦. ਗਿਆਨੀ ਠਾਕੁਰ ਸਿੰਘ ਜੀ

↓

੧੧. ਗਿਆਨੀ ਬੁੱਧ ਸਿੰਘ ਜੀ

↓

੧੨. ਗਿ: ਅਰਜਨ ਸਿੰਘ ਜੀ ਗ੍ਰੰਥੀ

↓

੧੩. ਗਿ: ਕਿਰਪਾਲ ਸਿੰਘ ਜੀ ਗ੍ਰੰਥੀ

↓

੧੪. ਗਿ: ਦਲੀਪ ਸਿੰਘ ਜੀ ਕਥਾ-ਵਾਚਕ

↓

੧੫. ਭਾਈ ਜਸਵੰਤ ਸਿੰਘ ਜੀ ਕਥਾ-ਵਾਚਕ

ਸ੍ਰੀ ਹਰਿਮੰਦਰ ਸਾਹਿਬ ਦੇ

## ਪੁਜਾਰੀ, ਅਰਦਾਸੀਏ ਤੇ ਚੌਰ-ਬਰਦਾਰ

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਗ੍ਰੰਥੀ ਸਿੰਘਾਂ ਤੋਂ ਬਾਅਦ ਦੂਜਾ ਦਰਜਾ ਪੁਜਾਰੀ ਸਿੰਘਾਂ ਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜੂਦ ਵਿੱਚ ਆਉਣ ਤੱਕ ਪੁਜਾਰੀ ਸਿਲਸਿਲਾ ਜਾਰੀ ਰਿਹਾ। ਪੁਜਾਰੀਆਂ ਵਿੱਚ ਹੇਠ ਲਿਖੇ ਸ੍ਰੀ ਦਰਬਾਰ ਸਾਹਿਬ ਦੇ ਸੇਵਕ ਹੁੰਦੇ ਸਨ -(ੳ) ਅਰਦਾਸੀਏ, (ਅ) ਧੂਪੀਏ, (ੲ) ਮਸੱਦੀ।

ਮਸੱਦੀਆਂ ਦੀਆਂ ਚਾਰ ਪੱਤੀਆਂ ਸਨ। ਸਾਰੀਆਂ ਪੱਤੀਆਂ ਛੇ ਸਨ। ਸਾਰੇ ਪੁਜਾਰੀ ਵਾਰੋ ਵਾਰੀ ਨੀਯਤ ਸਮੇਂ ਅਨੁਸਾਰ ਸੇਵਾ ਕਰਦੇ ਸਨ। ਛੇਆਂ ਪੱਤੀਆਂ ਦੇ ਪੁਜਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦੇ ਬਦਲੇ ਖਜ਼ਾਨਾ ਚੜ੍ਹਤ ਸ੍ਰੀ ਦਰਬਾਰ ਸਾਹਿਬ ਵਿੱਚੋਂ ਨੀਯਤ ਰੁਜ਼ੀਨਾ ਮਿਲਦਾ ਸੀ। ਹਰ ਪੁਜਾਰੀ ਆਪਣੇ ਥਾਂ ਆਪਣੇ ਪੁੱਤਰ ਰਿਸ਼ਤੇਦਾਰ ਜਾਂ ਜਿਸ ਨੂੰ ਉਹ ਚਾਹਵੇ ਨੀਅਤ ਕਰ ਸਕਦਾ ਸੀ।

ਪੁਜਾਰੀਆਂ ਦੀ ਮੁੱਖ ਡਿਊਟੀ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦੀਆਂ ਅਰਦਾਸਾਂ ਕਰਨੀਆਂ ਅਤੇ ਕੜਾਹ ਪ੍ਰਸ਼ਾਦ ਵਰਤਾਉਣਾ ਸੀ। ਸਮੁੱਚੇ ਅੰਦਰਲੇ ਪ੍ਰਬੰਧ ਤੇ ਧਾਰਮਿਕ ਮਰਯਾਦਾ ਉੱਪਰ ਨਿਗਰਾਨੀ ਰੱਖਣੀ ਵੀ ਇਨ੍ਹਾਂ ਦੀ ਹੀ ਜ਼ਿੰਮੇਵਾਰੀ ਸੀ। ਦਰੋਗਿਆਂ, ਕੁੰਜੀ ਬਰਦਾਰਾਂ, ਫਰਾਸ਼ਾਂ, ਸੇਵਾਦਾਰਾਂ, ਚੋਬਦਾਰਾਂ, ਤੇ ਜੋਤੀਆਂ ਆਦਿ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਤ ਸਟਾਫ ਦੇ ਕੰਮ-ਕਾਜ ਤੇ ਡਿਊਟੀਆਂ 'ਤੇ ਨਿਗ੍ਹਾ ਰੱਖਣਾ ਵੀ ਪੁਜਾਰੀਆਂ ਦੇ ਫਰਜ਼ਾਂ ਵਿੱਚ ਸ਼ਾਮਲ ਸੀ। ਉਪਰਲੀ ਮੰਜ਼ਿਲ ਵਿੱਚ ਹਰਿ ਕੀ ਪਉੜੀ ਤੇ ਗੁੰਬਦ ਵਿੱਚ ਚਲ ਰਹੇ ਅਖੰਡ ਪਾਠਾਂ ਸਮੇਂ ਅਰਦਾਸਾਂ ਦੀ ਡਿਊਟੀ ਵੀ ਅਰਦਾਸੀਏ ਪੁਜਾਰੀ ਸਿੰਘਾਂ ਦੀ ਹੀ ਸੀ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਦਰੋਂ ਸੁਦੀ ਏਕਮ ੧੬੬੧ ਬਿ: ਤੋਂ ੧੭੮੮ ਬਿ: ਤੱਕ ਦੇ ਪੁਜਾਰੀਆਂ 'ਚੋਂ ਕਿਸੇ ਵੀ ਸੱਜਣ ਦਾ ਨਾਮ ਕਿਸੇ ਲਿਖਤ 'ਚੋਂ ਸਾਨੂੰ ਪ੍ਰਾਪਤ ਨਹੀਂ ਹੋਇਆ। ਸਿਰਫ ਭਾਈ ਕੇਸਰ ਸਿੰਘ ਛਿੱਬਰ ਲਿਖਤ 'ਬੰਸਾਵਲੀ ਨਾਮਾ ਦੱਸਾਂ ਪਾਤਸ਼ਾਹਿਆਂ ਕਾ' ਵਿੱਚ ਲਿਖਿਆ ਹੈ ਕਿ-

ਜਦ ਮਾਮਾ ਕਿਰਪਾਲ ਸਿੰਘ ਜੀ ੧੭੮੪ ਬਿ: ਵਿੱਚ ਮਾਤਾ ਸੁੰਦਰੀ ਜੀ ਦੇ ਹੁਕਮ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਹਿਤ ਆਏ ਤਾਂ ਆਪਣੇ ਨਾਲ ਦਿੱਲੀ ਤੋਂ ਲਿਆਂਦੇ ਹੇਠ ਲਿਖੇ ਚਾਰ ਸੱਜਣਾਂ ਨੂੰ ਮਸੱਦੀ ਮੁਕੱਰਰ ਕੀਤਾ ਤੇ ਉਨ੍ਹਾਂ ਦੀਆਂ ਵੱਖ-੨ ਡਿਊਟੀਆਂ ਲਾਈਆਂ :

੧. *ਸਹਜ ਸਿੰਘ ਤ੍ਰਿਹਣ ਨੂੰ ਚਬੂਤਰਾ ਜਗਾਤ।*

੨. *ਦਿਆਨਤ ਰਾਇ ਬ੍ਰਾਹਮਣ ਨੂੰ ਪਿੰਡਾਂ ਦਾ ਕੰਮ।*

੩. *ਮਾਨ ਸਿੰਘ ਮੇਵੜਾ ਅਰੋੜ ਬੰਸ ਨੂੰ ਅਰਦਾਸੀਏ ਦੀ ਡਿਊਟੀ।*

੪. *ਗੁਰਬਖਸ਼ ਸਿੰਘ ਛਿੱਬਰ ਬੇਟਾ ਧਰਮ ਚੰਦ ਦੀਵਾਨ ਨੂੰ ਦਰੋਗਾ ਨੀਯਤ ਕੀਤਾ, ਜਿਸ ਦੇ ਜ਼ਿੰਮੇ ਗਊਖਾਨਾ, ਖਜ਼ਾਨਾ ਤੇ ਹੋਰ ਕਾਰਖਾਨਾ ਆਦਿ*

*ਦਾ ਸਾਰਾ ਪ੍ਰਬੰਧ ਲਾਇਆ ਗਿਆ ।*

*(ਦੇਖੋ ਚਰਨ ੧੪, ਛੰਦ ੧੫, ਪੰਨਾ ੧੮੩)*

ਪੁਸਤਕ ਦਸਤੂਰ-ਉਲ-ਅਮਲ(ਉਰਦੂ) ਜੋ ੧੨ ਸਤੰਬਰ ੧੮੫੯ ਈ: (੧੯੧੬ ਬਿ:) ਨੂੰ ਲਿਖੀ ਗਈ, ਵਿੱਚ ਹੇਠ ਲਿਖੇ ੬ ਪੁਜਾਰੀਆਂ ਦੇ ਨਾਵਾਂ ਉੱਪਰ ੬ ਪੱਤੀਆਂ ਲਿਖੀਆਂ ਹਨ -

੧. *ਭਾਈ ਮਾਨ ਸਿੰਘ, ਜਿਸ ਦੀ ਉਲਾਦ ਜੋਧ ਸਿੰਘ, ਹਰਦਿੱਤ ਸਿੰਘ ਤੇ ਧਰਮਸਿੰਘ ਆਦਿ -- ਇਕ ਪੱਤੀ ।*

੨. *ਭਾਈ ਨਿਹਾਲ ਸਿੰਘ, ਜਿਸ ਦੀ ਉਲਾਦ ਰਾਮ ਸਿੰਘ, ਕਿਰਪਾ ਸਿੰਘ, ਅਤਰ ਸਿੰਘ ਵਕੀਲ ਅਤੇ ਗੁਰਦਿੱਤ ਸਿੰਘ ਆਹਲੂਵਾਲੀਆ ਆਦਿ--ਇਕ ਪੱਤੀ ।*

੩. *ਭਾਈ ਖੁਸ਼ਾਲ ਸਿੰਘ, ਜਿਸ ਦੀ ਉਲਾਦ ਗੁਲਾਬ ਸਿੰਘ, ਕਾਹਨ, ਸਿੰਘ ਕੁਲਦੀਪ ਸਿੰਘ, ਪ੍ਰਿਤਪਾਲ ਸਿੰਘ, ਨੱਥਾ ਸਿੰਘ ਅਤੇ ਮੱਖਣ ਸਿੰਘ ਆਦਿ ਇਕ ਪੱਤੀ ।*

੪. *ਭਾਈ ਸਹਜ ਸਿੰਘ, ਜਿਸ ਦੀ ਉਲਾਦ ਜੀਤ ਸਿੰਘ, ਭਾਗ ਸਿੰਘ, ਚੇਤ ਸਿੰਘ, ਇਨ੍ਹਾਂ ਦੀ ਉਲਾਦ 'ਚੋਂ ਸੇਵਾ ਸਿੰਘ ਜਵਾਹਰ ਸਿੰਘ ਅਤੇ ਨਿਹਾਲ ਸਿੰਘ, ਸ਼ੇਰ ਸਿੰਘ ਤੇ ਗੁਲਾਬ ਸਿੰਘ ਆਦਿ ਡੇਢ-ਪੱਤੀ ।*

੫. *ਭਾਈ ਹਰੀ ਸਿੰਘ ਅਰਦਾਸੀਆ, ਜਿਸ ਦੀ ਉਲਾਦ ਦੇਵਾ ਸਿੰਘ, ਸ਼ੇਰ ਸਿੰਘ, ਗੰਗਾ ਸਿੰਘ ਰੰਧਾਵਾ, ਗੰਡਾ ਸਿੰਘ ਦੁਲਟ ਤੇ ਰਤਨ ਸਿੰਘ ਆਦਿ ਇਕ ਪੱਤੀ।*

੬. *ਦਿਆਲ ਸਿੰਘ ਧੁਪੀਆ, ਜਿਸ ਦੀ ਉਲਾਦ ਜੈ ਸਿੰਘ, ਚੇਤ ਸਿੰਘ, ਭਾਗ ਸਿੰਘ, ਸ਼ੇਰ ਸਿੰਘ, ਹਰਸਾ ਸਿੰਘ ਤੇ ਠਾਕੁਰ ਸਿੰਘ ਆਦਿ ਅੱਧੀ ਪੱਤੀ ।*

*(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ ਪੰਨਾ ੮੨ ਅਤੇ ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਦਾ ਪੰਨਾ ੪੨)*

ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਦੀ ਆਮਦਨ ਵਿੱਚੋਂ ਰਾਗੀਆਂ ਰਬਾਬੀਆਂ ਅਤੇ ਧਰਮ ਅਰਥ ਗਰੀਬਾਂ ਅਨਾਥਾਂ ਨੂੰ ਦੇ ਕੇ ਜੋ ਕੁਝ ਬਚੇ, ਉਹ ਇਨ੍ਹਾਂ ਛੇਆਂ ਪੱਤੀ ਦਾਰਾਂ ਨੂੰ ਬਸ਼ਰਤੇ ਕੇ ਇਹ ਨੇਕ ਚਲਨ ਰਹਿਣ ੨੭ ਰੁਪਏ ਹਰ ਰੋਜ਼ ਦੇ ਹਿਸਾਬ ਦਿੱਤੇ ਜਾਂਦੇ ਸਨ । ਜੋ ਕਿ ੪/੫੦ ਰੁਪਏ ਇਕ ਪੱਤੀ ਦੇ ਹਰ ਰੋਜ਼ ਮਿਲਦੇ ਸਨ ।

੧੯੨੬ ਬਿ: ਦੀ ਲਿਖਤ ਪੁਸਤਕ ਤਵਾਰੀਖ਼ ਸ੍ਰੀ ਦਰਬਾਰ ਸਾਹਿਬ ਵ ਸ਼ਹਿਰ ਅੰਮ੍ਰਿਤਸਰ (ਉਰਦੂ) ਵਿੱਚ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾ ਤੋਂ ਬਾਹਰ ਨਾਲ ਲਗਦੇ ਬੁੰਗਿਆਂ ਦਾ ਵੇਰਵਾ ਦੇਂਦਿਆਂ ਲੇਖਕ ਨੇ ਬੁੰਗਾ ਨੰ: ੧੭ ਦੇ ਖਾਨੇ 'ਚ ਦੋ ਪੁਜਾਰੀਆਂ ਦਾ ਜ਼ਿਕਰ ਕੀਤਾ ਹੈ । ਭਾਈ ਚੇਤ ਸਿੰਘ ਪੁਜਾਰੀ ਅਤੇ ਭਾਈ ਸਾਹਿਬ ਸਿੰਘ ਪੁਜਾਰੀ ।*

---

* ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼, (ਉਰਦੂ), ਪੰਨਾ ੪੭ ।

ਇਸੇ ਤਰ੍ਹਾਂ ਬੁੰਗਾ ਨੰ. ੬੨ ਵਿੱਚ ਬੁੰਗਈ ਭਾਈ ਖੜਕ ਸਿੰਘ ਦੇ ਪਿਤਾ ਦਾ ਨਾਮ ਭਾਈ ਨੰਦ ਸਿੰਘ ਪੁਜਾਰੀ ਦਰਬਾਰ ਸਾਹਿਬ ਲਿਖਿਆ ਹੈ ।[੧]

੧੯੧੬ ਬਿ: ਤੋਂ ੧੯੪੦ ਬਿ: ਦੇ ਦਰਮਿਆਨੀ ਅਰਸੇ ਵਿੱਚ ਲਿਖੀ ਗਈ ਪੁਸਤਕ ਦਸਤੂਰ-ਉਲ-ਅਮਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਉਰਦੂ ਵਿੱਚ ਲਿਖਿਆ ਹੈ ਕਿ ਰੋਬਕਾਰੀ ਸਰਸ਼ਤਾ ਕਮੇਟੀ ਦਰਬਾਰ ਸਾਹਿਬ ਜੀ ਵਾਕਿਆ ੮ ਨਵੰਬਰ ੧੮੬੯ ਈ: (੧੯੨੬ ਬਿ:) ਨੂੰ ਦੋ ਅਰਜ਼ੀਆਂ ਪੇਸ਼ ਹੋਈਆਂ । ਇਕ ਭਾਈ ਹਰਦਿੱਤ ਸਿੰਘ, ਭਾਈ ਕਰਮ ਸਿੰਘ ਪੁਜਾਰੀਆਂ ਸ੍ਰੀ ਦਰਬਾਰ ਸਾਹਿਬ ਤੇ ਦੂਜੀ ਭਾਈ ਕੁਲਟੇਕ ਸਿੰਘ, ਭਾਈ ਜੱਸਾ ਸਿੰਘ, ਭਾਈ ਦੇਵਾ ਸਿੰਘ ਤੇ ਭਾਈ ਮੰਨਾ ਸਿੰਘ ਪੁਜਾਰੀਆਂ ਸ੍ਰੀ ਦਰਬਾਰ ਸਾਹਿਬ ।[੨]

੨੪ ਅਕਤੂਬਰ ੧੮੭੭ ਈ: (੧੯੩੪ ਬਿ:) ਨੂੰ ਜਨਰਲ ਕਮੇਟੀ ਸ੍ਰੀ ਦਰਬਾਰ ਸਾਹਿਬ ਅਜਲਾਸ ਵਿੱਚ ਪੰਜ ਪੁਜਾਰੀਆਂ ਤੇ ਪੱਤੀਦਾਰਾਂ ਦੀ ਅਰਜ਼ੀ ਪੇਸ਼ ਹੋਈ, ਉਨ੍ਹਾਂ ਦੇ ਨਾਮ ਇਹ ਹਨ--

ਭਾਈ ਪ੍ਰਿਤਪਾਲ ਸਿੰਘ, ਭਾਈ ਹਰਦਿੱਤ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਮਾਹਣਾ ਸਿੰਘ, ਭਾਈ ਆਤਮਾ ਸਿੰਘ ਵਗੈਰਾ ਸਕਨਾ ਅੰਮ੍ਰਿਤਸਰ ।[੩]

੨੫ ਹਾੜ ਸੰਮਤ ੧੯੩੩ ਬਿ: ਨੂੰ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀਆਂ ਤੇ ਰਾਗੀਆਂ ਤੇ ਹੋਰ ਸਟਾਫ ਦੇ ਘਰਾਂ ਵਿੱਚ ਬੱਚੇ ਦੇ ਜਨਮ ਰੋਪਨਾ (ਸ਼ਗਨ) ਸ਼ਾਦੀ ਤੇ ਮ੍ਰਿਤਕ ਸਮੇਂ ਕੀਤੇ ਜਾਣ ਵਾਲੇ ਕੀਰਤਨ ਦੀ ਭੇਟਾ ਭਾਈ ਬੂੜਾ ਰਬਾਬੀ ਲਈ ਮੁਕੱਰਰ ਕੀਤੀ ਗਈ । ਉਸ ਵਿੱਚ ਦਸਤਖ਼ਤ ਕਰਨ ਵਾਲੇ ਪੁਜਾਰੀਆਂ ਤੇ ਅਰਦਾਸੀਆਂ ਦੇ ਇਹ ਨਾਮ ਲਿਖੇ ਹਨ –

**ਪੁਜਾਰੀ**–ਕਰਮ ਸਿੰਘ, ਨੱਥਾ ਸਿੰਘ, ਠਾਕੁਰ ਸਿੰਘ, ਦੇਵਾ ਸਿੰਘ, ਪ੍ਰਿਤਪਾਲ ਸਿੰਘ, ਚੇਤ ਸਿੰਘ, ਤਨਬਾ ਸਿੰਘ, ਸੇਵਾ ਸਿੰਘ, ਰਾਮ ਸਿੰਘ, ਸੁਲੱਖਣ ਸਿੰਘ, ਹਰਦਿੱਤ ਸਿੰਘ, ਕਾਹਨ ਸਿੰਘ ਤੇ ਰਤਨ ਸਿੰਘ ।

**ਅਰਦਾਸੀਏ**– ਸੰਤ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਭਾਗ ਸਿੰਘ, ਰਾਮ ਸਿੰਘ ਤੇ ਜਵਾਹਰ ਸਿੰਘ ।[੪] ਗੰਗਾ ਸਿੰਘ ਦਾ ਪਿਤਾ ਸਾਹਿਬ ਸਿੰਘ ਵੀ ਅਰਦਾਸੀਆ ਸੀ ।

ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਆਪਣੇ ਰਚਿਤ-ਸ੍ਰੀ ਗੁਰੂ ਪੰਥ ਪ੍ਰਕਾਸ਼ ਉਤ੍ਰਾਰਧ ਦੇ ਬਿਸ੍ਰਾਮ ੨੨ ਦੇ ਅੰਕ ਨੰ: ੧੭ ਤੋਂ ੧੯ ਵਿੱਚ ਐਂ ਲਿਖਦੇ ਹਨ :

**ਦੋਹਰਾ** :- ਸਿੱਖ ਸਿੱਖਣੀ ਧੰਨ ਵਹਿ ਭਏ, ਰਖਜੋ ਜਿਨ ਦੀਨ।
ਤਿਨ ਕੀ ਕੁਲ ਮੈ ਬਚਜੋ ਇਕ ਸਾਹਿਬ ਸਿੰਘ ਪ੍ਰਬੀਨ ॥੧੭॥
ਅੰਮ੍ਰਿਤਸਰ ਦਰਬਾਰ ਤਿਨ, ਸੇਵਾ ਕੀਨੀ ਆਇ ।
ਭਯੋ ਪੁਨ ਅਰਦਾਸੀਆ, ਇਜੈ ਬਿਜੈ ਪਦ ਪਾਇ ॥੧੮॥
ਅਬ ਲੌ ਸੰਤਤਿ ਤਾਹਿ ਕੀ ਗੰਗਾ ਸਿੰਘ ਲੌ ਆਹਿ ।
ਕਹਿਲਾਵਤ ਅਰਦਾਸੀਏ, ਰਹਿਤ ਸੁਧਾਸਰ ਮਾਹਿ ॥੧੯॥

---

੧. ਉਹੀ ਪੰਨਾ ੫੭ ।
੨. ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ, ਪੰਨਾ ੯੬ ।
੩. ਓਹੀ ਪੰਨਾ ੧੧੪ ।
੪. ਦੇਖੋ ਗੋਲਡਨ ਟੈਂਪਲ (ਅੰਗਰੇਜ਼ੀ) ਪੰਨਾ ੨੦੮ । ਲੇਖਕ ਬੀਬੀ ਮਦਨਜੀਤ ਕੌਰ, ਮੁਖੀ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਉਪ੍ਰੋਕਤ ਪੁਜਾਰੀਆਂ ਸ੍ਰੀ ਦਰਬਾਰ ਸਾਹਿਬ ਦੇ ਨਾਵਾਂ ਨੂੰ ਅੱਡ-ਅੱਡ ਪੁਸਤਕਾਂ 'ਚੋਂ ਏਥੇ ਲਿਖਣ ਦਾ ਸਾਡਾ ਭਾਵ ਇਹ ਹੈ ਕਿ ਪੁਰਾਤਨ ਸਮੇਂ ਦੇ ਪੁਜਾਰੀ ਸਿੰਘਾਂ ਬਾਰੇ ਸਿਲਸਿਲੇ ਵਾਰ ਵਾਕਫੀਅਤ ਕਿਸੇ ਇਕ ਪੁਸਤਕ 'ਚ ਲਿਖੀ ਹੁਣ ਤੱਕ ਤਾਂ ਸਾਨੂੰ ਨਹੀਂ ਮਿਲੀ। ਉਪਰਲੀ ਜਾਣਕਾਰੀ ਤੋਂ ਕੁਝ ਕੁ ਪੁਜਾਰੀ ਸਿੰਘਾਂ ਦੇ ਨਾਮ ਤੇ ਉਨ੍ਹਾਂ ਦੀ ਸੇਵਾ ਕਾਲ ਦਾ ਪਤਾ ਲੱਗ ਗਿਆ ਹੈ। ਖੋਜੀ ਸੱਜਣਾਂ ਨੂੰ ਅੱਗੋਂ ਹੋਰ ਪੁਰਾਤਨ ਉਰਦੂ ਫ਼ਾਰਸੀ ਦੀਆਂ ਪੁਸਤਕਾਂ ਫਰੋਲਣੀਆਂ ਚਾਹੀਦੀਆਂ ਹਨ ਤਾਂ ਕਿ ਗੁਰੂ ਕੇ ਦਰਬਾਰ ਦੇ ਸੇਵਕਾਂ ਬਾਰੇ ਕੁਝ ਜਾਣਕਾਰੀ ਇਕੱਠੀ ਹੋ ਸਕੇ। ਕਈ ਪੁਜਾਰੀਆਂ ਦੇ ਨਾਮ ਦੋ-ਦੋ ਵਾਰ ਆ ਗਏ ਹਨ, ਜਿਸ ਤੋਂ ਉਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋ ਗਈ ਹੈ।

ਜਦੋਂ ਸਿੱਖ ਜਾਗ੍ਰਤੀ ਦੀ ਲਹਿਰ ਸਿੰਘ ਸਭਾ ਲਹਿਰ ਚੱਲੀ ਤੇ ਉਸੇ ਵਿੱਚੋਂ ਅਕਾਲੀ ਲਹਿਰ ਨੇ ਜਨਮ ਲਿਆ ਤਾਂ ਉਸ ਲਹਿਰ ਦਾ ਪਹਿਲਾ ਮੁੱਖ ਕਾਰਜ ਗੁਰਦੁਆਰਾ ਪ੍ਰਬੰਧ ਸੁਧਾਰ ਸੀ। ਅਕਾਲੀ ਮੋਰਚਿਆਂ ਦੀ ਸਫਲਤਾ ਦੇ ਕਾਰਨ ਅੰਗਰੇਜ਼ ਸਰਕਾਰ ਨੇ ਸਿੱਖਾਂ ਦੀ ਮੁੱਖ ਮੰਗ ਗੁਰਦੁਆਰਾ ਪ੍ਰਬੰਧ ਪੰਥ ਦੇ ਚੁਣੇ ਹੋਏ ਪ੍ਰਤੀਨਿਧਾਂ ਦੇ ਸਪੁਰਦ ਕਰਨ ਲਈ ਗੁਰਦੁਆਰਾ ਐਕਟ ੧੯੨੫ ਈਸਵੀ ਪਾਸ ਕਰ ਦਿੱਤਾ। ਜਿਸ ਅਨੁਸਾਰ ਸਿੱਖਾਂ ਦੀਆਂ ਬਾਲਗ ਵੋਟਾਂ ਨਾਲ ਚੁਣੀ ਗਈ ਕਮੇਟੀ, ਜਿਸ ਦਾ ਨਾਮ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ, ਜਦ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹੱਥ ਵਿੱਚ ਆ ਗਿਆ ਤਾਂ ਇਸ ਸੇਵਾ ਦੇ ਨਾ-ਕਾਬਲ ਕੁਝ ਪੁਜਾਰੀ ਕੱਢ ਦਿੱਤੇ ਗਏ। ਕਈ ਆਪਣੇ ਆਪ ਹੀ ਸੇਵਾ ਤੋਂ ਵੱਖ ਹੋ ਗਏ। ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਅਨੁਸਾਰ ਸੇਵਾ ਕਰਨੀ ਪ੍ਰਵਾਨ ਕਰ ਲਈ ਉਨ੍ਹਾਂ ਨੂੰ ਸੇਵਾ ਉੱਪਰ ਕਾਇਮ ਰੱਖਿਆ ਗਿਆ ਅਤੇ ਉਨ੍ਹਾਂ ਨੂੰ ਪਹਿਲਾਂ ਤੋਂ ਮੁਕੱਰਰ ਹੋਇਆ ਰੁਜ਼ੀਨਾ ਮਿਲਦਾ ਰਿਹਾ। ਜੋ ਪੁਜਾਰੀ ਚਲੇ ਗਏ ਅਤੇ ਸੇਵਾ ਉੱਪਰ ਨਾ ਆਏ, ਉਨ੍ਹਾਂ ਨੂੰ ਕੋਈ ਰੁਜ਼ੀਨਾ ਨਹੀਂ ਦਿੱਤਾ ਗਿਆ ਪਰ ਸੇਵਾ ਪ੍ਰਵਾਨ ਕਰਨ ਵਾਲਿਆਂ ਨੂੰ ਰੁਜ਼ੀਨੇ ਦਾ ਪਿਛਲਾ ਬਕਾਇਆ ਵੀ ਦਿੱਤਾ ਗਿਆ। ਆਪਣੇ ਆਪ ਸੇਵਾ ਤੋਂ ਵੱਖ ਹੋਏ ਤੇ ਸ਼੍ਰੋਮਣੀ ਕਮੇਟੀ ਵੱਲੋਂ ਕੱਢੇ ਗਏ ਪੁਜਾਰੀਆਂ ਨੂੰ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਟ੍ਰਿਬਯੂਨਲ ਵਿਚ ਦਾਵੇ ਦਾਇਰ ਕੀਤੇ। ਜਿਨ੍ਹਾਂ 'ਚੋਂ ਕਈਆਂ ਦੇ ਦਾਵੇ ਖਾਰਜ ਹੋ ਗਏ ਤੇ ਕੁਝ ਕੁ ਨੂੰ ਰਾਜ਼ੀਨਾਮਿਆਂ ਨਾਲ ਰੁਜ਼ੀਨੇ ਦਿੱਤੇ ਗਏ।

*(ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਪੰਨਾ ੨੨,੨੩ )*

ਰੀਪੋਰਟ ਸ੍ਰੀ ਦਰਬਾਰ ਸਾਹਿਬ ਅਨੁਸਾਰ ੧੯੩੦-੩੧ ਈ: ਵਿੱਚ ਪੁਜਾਰੀਆਂ ਨੂੰ ਕੁਲ ੧੨੩੧੪ ਰੁਪਏ ਇਕ ਆਨਾ ਤਿੰਨ ਪੈਸੇ ਸਾਲਾਨਾ ਰੁਜ਼ੀਨਾ ਦਿੱਤਾ ਜਾਂਦਾ ਸੀ। ਇਹ ਰੁਜ਼ੀਨਾ ਪਿਛਲੇ ਹੱਕਾਂ ਕਰ ਕੇ ਇਨ੍ਹਾਂ ਦੇ ਆਪਣੇ ਜੀਵਨ ਤੱਕ ਮਿਲਦਾ ਰਹੇਗਾ ਅਤੇ ਇਹ ਕਿਸੇ ਵਰਤਮਾਨ ਸੇਵਾ ਕਰ ਕੇ ਨਹੀਂ ਹੈ। ੧੯੨੭ ਈ: ਵਿੱਚ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਨਾਲ ਸਮਝੌਤਾ ਕਰ ਕੇ ਹੇਠ ਲਿਖੇ ਪੰਜ ਪੁਜਾਰੀ ਕਮੇਟੀ ਦੇ ਨਿਯਮਾਂ ਅਨੁਸਾਰ ਸੇਵਾ ਪ੍ਰਵਾਨ ਕਰ ਕੇ ਸੇਵਾ ਕਰਨ ਲੱਗ ਪਏ।

੧. ਭਾਈ ਸੁਰਜਨ ਸਿੰਘ ਜੀ ਜਥੇਦਾਰ।

੨. ਭਾਈ ਜੈਮਲ ਸਿੰਘ ਜੀ।

੩. ਭਾਈ ਨਰੈਣ ਸਿੰਘ ਜੀ ਵਾਲੀਆ, ਸਪੁੱਤਰ ਭਾਈ ਰਤਨ ਸਿੰਘ ਜੀ।

੪. ਭਾਈ ਨਰੈਣ ਸਿੰਘ ਜੀ ਅਕਾਲੀ ਸਪੁੱਤਰ ਭਾਈ ਦੇਵਾ ਸਿੰਘ ਜੀ ।

੫. ਭਾਈ ਨਿੱਕਾ ਸਿੰਘ ਜੀ ।

ਇਨ੍ਹਾਂ ਸਾਰਿਆਂ ਨੂੰ ਉਸ ਸਮੇਂ ੪੮) x ਮਾਹਵਾਰ ਮਿਲਦੇ ਸਨ । ਇਸ ਤੋਂ ਇਲਾਵਾ ਇਨ੍ਹਾਂ ਪੁਜਾਰੀ ਸਿੰਘਾਂ ਨੂੰ ਪਹਿਲੇ ਪੁਜਾਰੀਆਂ ਵਾਂਗ ਸਾਲਾਨਾ ਰੁਜ਼ੀਨੇ ਵਿੱਚੋਂ ਵੀ ਤਾ-ਜ਼ਿੰਦਗੀ ਰੁਜ਼ੀਨਾ ਮਿਲਦਾ ਰਹੇਗਾ । ਕਮੇਟੀ ਦੇ ਨਵੇਂ ਨਿਯਮਾਂ ਅਨੁਸਾਰ ਉਸ ਸਮੇਂ ਤੋਂ ਹੀ ਇਨ੍ਹਾਂ ਪੁਜਾਰੀ ਸਿੰਘਾਂ ਨੂੰ ਪੁਜਾਰੀ ਕਹਿਣ ਦੀ ਥਾਂ ਅਰਦਾਸੀਆ ਕਹਿਣਾ ਤੇ ਲਿਖਣਾ ਸ਼ੁਰੂ ਹੋ ਗਿਆ, ਜੋ ਹੁਣ ਤੱਕ ਚਲ ਰਿਹਾ ਹੈ । ਸੀਨੀਅਰ ਅਰਦਾਸੀਏ ਨੂੰ ਜਥੇਦਾਰ ਸ੍ਰੀ ਹਰਿਮੰਦਰ ਸਾਹਿਬ ਲਿਖਿਆ ਤੇ ਕਿਹਾ ਜਾਂਦਾ ਹੈ ।

ਭਾਈ ਨਿੱਕਾ ਸਿੰਘ ਨੇ ਪੁਜਾਰੀਆਂ ਵਾਲੀ ਮਾਹਵਾਰੀ ਮਾਇਆ ਲੈਣੀ ਛੱਡ ਕੇ ਆਪਣੇ ਆਪ ਨੂੰ ਕਮੇਟੀ ਦਾ ਮੁਲਾਜ਼ਮ ਬਣਾ ਲਿਆ ਤੇ ਮੁਲਾਜ਼ਮਾਂ ਵਾਲੀ ਤਨਖਾਹ, ਛੁੱਟੀਆਂ, ਗਰੇਡ ਤੇ ਤਰੱਕੀਆਂ ਅਤੇ ਪ੍ਰੌਵੀਡੰਟ ਫੰਡ ਆਦਿ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਲਈਆਂ ।

ਭਾਈ ਜੈਮਲ ਸਿੰਘ ਨੇ ੧੯੪੦ ਈ: ਵਿੱਚ ਆਪਣੇ ਥਾਂ ਆਪਣੇ ਪੁੱਤਰ ਮਦਨਜੀਤ ਸਿੰਘ ਨੂੰ ਪੁਜਾਰੀ ਦੀ ਥਾਂ ਅਰਦਾਸੀਆ ਨੀਯਤ ਕਰਵਾ ਕੇ ਕਮੇਟੀ ਦਾ ਮੁਲਾਜ਼ਮ ਬਣਾ ਦਿੱਤਾ ।

ਭਾਈ ਨਰੈਣ ਸਿੰਘ ਵਾਲੀਆ ਨੰ: ੧ ਸੰਨ ੧੯੪੨ ਈ: ਵਿੱਚ ਚੜ੍ਹਾਈ ਕਰ ਗਿਆ । ਉਸ ਦੀ ਥਾਂ ਕੋਈ ਨਵਾਂ ਅਰਦਾਸੀਆ ਸਿੰਘ ਨਾ ਰੱਖਿਆ ਗਿਆ । ਜਿਸ ਕਰ ਕੇ ਉਸ ਦਿਨ ਤੋਂ ਅਰਦਾਸੀਆਂ ਦੀ ਗਿਣਤੀ ਚਾਰ ਰਹਿ ਗਈ ।

ਦੂਜਾ ਭਾਈ ਨਰੈਣ ਸਿੰਘ ਅਕਾਲੀ ੧੯੫੫ ਈ: ਵਿੱਚ ਸੇਵਾ ਤੋਂ ਤਿਆਗ- ਪੱਤਰ ਦੇ ਗਿਆ । ਇਨ੍ਹਾਂ ਦੀ ਥਾਂ ਉਸ ਸਮੇਂ ਭਾਈ ਦਰਸ਼ਨ ਸਿੰਘ ਜੀ ਫਰਾਸ਼ ਨੂੰ ਅਰਦਾਸੀਆ ਸ੍ਰੀ ਦਰਬਾਰ ਸਾਹਿਬ ਰੱਖਿਆ ਗਿਆ ਸੀ ।

ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆਉਣ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਉਪ੍ਰੋਕਤ ਪੰਜ ਪੁਜਾਰੀ ਤੇ ਦੋ ਅਰਦਾਸੀਏ : ਭਾਈ ਕ੍ਰਿਪਾਲ ਸਿੰਘ ਤੇ ਭਾਈ ਨਰੈਣ ਸਿੰਘ ਸਨ । ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਇਨ੍ਹਾਂ ਦੋਹਾਂ ਦੀ ਆਵਾਜ਼ ਬੜੀ ਹੀ ਸੁਰੀਲੀ ਤੇ ਅਰਦਾਸ ਵਿੱਚ ਬੜਾ ਅਸਰ ਸੀ । ਭਾਈ ਕ੍ਰਿਪਾਲ ਸਿੰਘ ੧੯੩੯ ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੌ ਸਾਲਾ ਬਰਸੀ ਮਨਾ ਕੇ ਲਾਹੌਰ ਤੋਂ ਵਾਪਸ ਬੱਸ ਵਿਚ ਆ ਰਿਹਾ ਸੀ । ਇਸ ਨੇ ਆਪਣੀ ਬਾਂਹ ਬੱਸ ਦੀ ਬਾਰੀ 'ਚੋਂ ਬਾਹਰ ਕੱਢੀ ਹੋਈ ਸੀ । ਸਾਹਮਣਿਓ ਆਉਂਦੀ ਬੱਸ ਦੇ ਨਾਲ ਖਹਿਣ ਕਰ ਕੇ ਬਾਂਹ ਦੋਹਾਂ ਬੱਸਾਂ ਦੇ ਵਿਚਕਾਰ ਆ ਕੇ ਫਿੱਸ ਗਈ ਤੇ ਅੰਤ ਨੂੰ ਬਾਂਹ ਕੱਟਣੀ ਪਈ । ਇਸ ਤਕਲੀਫ਼ ਨੂੰ ਨਾ ਸਹਾਰਦਿਆਂ ਹੋਇਆਂ ਭਾਈ ਕ੍ਰਿਪਾਲ ਸਿੰਘ ਜੀ ਅਰਦਾਸੀਏ ਦੀ ਮੌਤ ਹੋ ਗਈ । ਭਾਈ ਨਰੈਣ ਸਿੰਘ ਅਰਦਾਸੀਆ ਜਦ ਸੇਵਾ ਮੁਕਤ ਹੋ ਗਿਆ ਤਾਂ ਚਾਰ ਅਰਦਾਸੀਏ ਰਹਿ ਗਏ ।

ਪਹਿਲਾਂ ਪੁਜਾਰੀਆਂ ਦੀ ਡਿਊਟੀ ਅਰਦਾਸਾਂ ਕਰਨਾ ਤੇ ਕੜਾਹ ਪ੍ਰਸ਼ਾਦ ਵਰਤਾਉਣ ਦੇ ਨਾਲ ਹੇਠਲੇ ਸਾਰੇ ਸਟਾਫ਼ ਦੀ ਨਿਗਰਾਨੀ ਤੇ ਖਾਸ-ਖਾਸ ਸਮਾਗਮਾਂ ਸਮੇਂ ਬਾਹਰ ਜਾ ਕੇ ਅਰਦਾਸ ਕਰਨ ਦੀ ਸੀ । ਜਿਵੇਂ ਕਿਸੇ ਰਾਜੇ ਮਹਾਰਾਜੇ ਜਾਂ ਲੀਡਰ ਦੀ ਖੁਸ਼ੀ ਗ਼ਮੀ 'ਤੇ ਦਰੋਗੇ ਕੰਮ ਕਰਦੇ ਹਨ, ਉਵੇਂ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਦਰੋਗਿਆਂ ਦਾ ਕੰਮ ਵੀ

ਅਰਦਾਸੀਆਂ ਨੂੰ ਸੌਂਪ ਦਿੱਤਾ ਗਿਆ, ਜਿਵੇਂ ਮਾਇਆ ਤੇ ਹੋਰ ਚੜ੍ਹਤ ਦੀ ਸੰਭਾਲ ਅਤੇ ਅੰਦਰ ਦੀ ਹੋਰ ਸਾਰੀ ਜ਼ਿੰਮੇਵਾਰੀ ਜੋ ਪਹਿਲਾਂ ਦਰੋਗਿਆਂ ਦੀ ਹੁੰਦੀ ਸੀ, ਉਵੇਂ ਪ੍ਰੇਮੀਆਂ ਵੱਲੋਂ ਗੋਲਕ ਲਈ ਆਈ ਮਾਇਆ ਲੈ ਕੇ ਗੋਲਕ ਵਿੱਚ ਪਾਉਣੀ, ਚੁਪੱਤਰੇ ਤੇ ਦਰਜ ਕਰ ਕੇ ਨਿਯਮਾਂ ਅਨੁਸਾਰ ਸਿਰੋਪਾਉ ਤੇ ਮਿਸ਼ਰੀ ਦਾ ਕੂਜਾ ਪ੍ਰੇਮੀਆਂ ਨੂੰ ਦੇਣੇ ਆਦਿ । ਖਜ਼ਾਨੇ ਦੀਆਂ ਚਾਰ ਚਾਬੀਆਂ ਹੁੰਦੀਆਂ ਸਨ ਤੇ ਹੁਣ ਵੀ ਹਨ । ਇਕ ਮੁੱਖ ਗ੍ਰੰਥੀ ਕੋਲ, ਦੂਜੀ ਮੁੱਖ ਅਰਦਾਸੀਏ ਕੋਲ, ਤੀਜੀ ਮੈਨੇਜਰ ਤੇ ਚੌਥੀ ਖਜ਼ਾਨਚੀ ਸ੍ਰੀ ਦਰਬਾਰ ਸਾਹਿਬ ਪਾਸ ਹੁੰਦੀ ਸੀ । ਖਜ਼ਾਨੇ ਦੀ ਦੂਜੀ ਚਾਬੀ ਆਪਣੇ ਪਾਸ ਰੱਖਣੀ, ਖਜ਼ਾਨੇ ਨੂੰ ਰਖਾਉਣ ਤੇ ਗਿਨਾਉਣ ਵੇਲੇ ਹਾਜ਼ਰ ਰਹਿਣਾ, ਅੰਦਰਲੇ ਸਾਰੇ ਸਟਾਫ ਦੀ ਹਾਜ਼ਰੀ ਲਾਉਣੀ ਤੇ ਹਾਜ਼ਰੀ ਰਿਪੋਰਟ ਦਫ਼ਤਰ ਭੇਜਣੀ । ਗ੍ਰੰਥੀ ਸਿੰਘਾਂ ਤੇ ਰਾਗੀਆਂ ਤੋਂ ਬਿਨਾਂ ਬਾਕੀ ਸਟਾਫ ਨੂੰ ਛੁੱਟੀਆਂ ਦੀ ਸਿਫਾਰਸ਼ ਕਰਨੀ । ਗਵਾਚੀਆਂ ਵਸਤਾਂ ਘੜੀਆਂ, ਨਕਦ ਮਾਇਆ, ਸੋਨਾ, ਚਾਂਦੀ ਜਾਂ ਹੋਰ ਵਸਤਾਂ ਜੋ ਕੋਈ ਲਿਆ ਕੇ ਜਮ੍ਹਾਂ ਕਰਵਾਵੇ ਉਸ ਨੂੰ ਬਕਾਇਦਾ ਰਜਿਸਟਰ ਵਿੱਚ ਜਮ੍ਹਾਂ ਕਰਨਾ । ਅਸਲ ਮਾਲਕ ਆ ਜਾਵੇ ਤਾਂ ਉਸ ਤੋਂ ਨਿਸ਼ਾਨੀਆਂ ਪੁੱਛ ਕੇ ਆਪਣੀ ਪੱਕੀ ਤਸੱਲੀ ਕਰਕੇ ਕਿਸੇ ਜਾਣਕਾਰ ਦੀ ਜ਼ਾਮਨੀ ਲੈ ਕੇ ਰਜਿਸਟਰ 'ਤੇ ਵਸੂਲ ਪਾਉਣ ਵਾਲੇ ਬਾਰੇ ਲਿਖਵਾ ਕੇ ਦਸਤਖ਼ਤ ਕਰਾ ਕੇ ਉਹ ਵਸਤੂ ਅਸਲ ਮਾਲਕ ਨੂੰ ਦੇਣੀ । ਸਿਰੋਪਾਉ ਤੇ ਕੂਜਾ ਮਿਸ਼ਰੀ ਜਾਂ ਪਤਾਸੇ ਸੇਵਾਦਾਰਾਂ ਰਾਹੀਂ ਫਰਾਸ਼ ਪਾਸੋਂ ਜਾਂ ਦਫਤਰੋਂ ਮੰਗਵਾ ਕੇ ਰੱਖਣੇ, ਸਿਰੋਪਾਉਆਂ ਦਾ ਹਿਸਾਬ ਰੱਖਣਾ ਆਦਿ ਕਾਫੀ ਵਧੇਰੇ ਜ਼ਿੰਮੇਵਾਰੀਆਂ ਅਰਦਾਸੀਏ ਸਿੰਘਾਂ ਨੂੰ ਸੌਂਪੀਆਂ ਗਈਆਂ ਸਨ ।

ਜਦ ੧੯੫੯ ਈ: ਦੀ ੨ ਅਪ੍ਰੈਲ ਨੂੰ ਦਾਸ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਮਹਾਨ ਪਦਵੀ 'ਤੇ ਸਥਾਪਤ ਕੀਤਾ ਗਿਆ ਤਾਂ ਉਸ ਸਮੇਂ ਹੇਠ ਲਿਖੇ ਚਾਰ ਅਰਦਾਸੀਏ ਅੰਦਰ ਸੇਵਾ ਨਿਭਾ ਰਹੇ ਸਨ :

੧. ਭਾਈ ਸੁਰਜਨ ਸਿੰਘ ਜੀ ਜਥੇਦਾਰ । ੨. ਭਾਈ ਨਿੱਕਾ ਸਿੰਘ ਜੀ ।
੩. ਭਾਈ ਮਦਨਜੀਤ ਸਿੰਘ ਜੀ । ੪. ਭਾਈ ਦਰਸ਼ਨ ਸਿੰਘ ਜੀ ।

੧੯੬੪ ਈ: ਵਿੱਚ ਜਦ ਭਾਈ ਮਦਨਜੀਤ ਸਿੰਘ ਸੇਵਾ ਮੁਕਤ ਹੋਇਆ ਤਾਂ ਉਸ ਦੀ ਥਾਂ ਗਿਆਨੀ ਨਿਰੰਜਨ ਸਿੰਘ ਜੀ ਨੂੰ ਅਰਦਾਸੀਆ ਨਿਯੁਕਤ ਕੀਤਾ ਗਿਆ । ਜਦ ੧੯੭੪ ਈ: ਵਿੱਚ ਗਿਆਨੀ ਨਿਰੰਜਨ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਥਾਪਤ ਹੋਏ ਤਾਂ ਉਨ੍ਹਾਂ ਦੀ ਥਾਂ ਭਾਈ ਜੋਗਿੰਦਰ ਸਿੰਘ ਅਰਦਾਸੀਆ ਨੀਅਤ ਹੋਇਆ ।

੧੯੬੫ ਈ: ਵਿਚ ਭਾਈ ਸੁਰਜਨ ਸਿੰਘ ਜੀ ਜਦ ਸੇਵਾ ਮੁਕਤ ਹੋਏ ਤਾਂ ਭਾਈ ਨਿੱਕਾ ਸਿੰਘ ਜੀ ਸੀਨੀਅਰ ਹੋਣ ਕਰ ਕੇ ਜਥੇਦਾਰ ਬਣ ਗਏ । ਖਾਲੀ ਹੋਏ ਅਰਦਾਸੀਏ ਦੀ ਜਗ੍ਹਾ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜਾਂ ਪਿਆਰਿਆਂ ਵਿਚੋਂ ਭਾਈ ਬਲਵੰਤ ਸਿੰਘ ਜੀ ਨੂੰ ਅਰਦਾਸੀਆ ਨੀਅਤ ਕੀਤਾ ਗਿਆ । ਜਦ ਭਾਈ ਬਲਵੰਤ ਸਿੰਘ ਜੀ ਦਾ ਦੇਹਾਂਤ ਹੋ ਗਿਆ ਤਾਂ ਉਸ ਦੀ ਥਾਂ ਭਾਈ ਸੁਦਾਗਰ ਸਿੰਘ ਅਰਦਾਸੀਆ ਨੀਅਤ ਹੋਇਆ । ਜਦ ਕਿਸੇ ਖਾਸ ਕਾਰਨ ਕਰ ਕੇ ਭਾਈ ਸੁਦਾਗਰ ਸਿੰਘ ਸੇਵਾ ਛੱਡ ਗਿਆ ਤਾਂ ਖਾਲੀ ਹੋਈ ਜਗ੍ਹਾ ਉੱਪਰ ਭਾਈ ਰਘਬੀਰ ਸਿੰਘ ਗ੍ਰੰਥੀ, ਅਰਦਾਸੀਆ ਬਣਿਆ, ਜਦ ਉਹ ਸਰੀਰ ਤਿਆਗ ਗਿਆ ਤਾਂ ਉਸ ਦੀ ਜਗ੍ਹਾ ਭਾਈ ਰਤਨ ਸਿੰਘ ਗ੍ਰੰਥੀ ਬਤੌਰ ਅਰਦਾਸੀਆ ਨੀਅਤ ਹੋਇਆ । ਕਿਸੇ ਖਾਸ ਕਾਰਨ ਕਰ ਕੇ ਜਦ ਕਮੇਟੀ

ਨੇ ਉਸ ਨੂੰ ਅੰਦਰੋਂ ਬਦਲ ਕੇ ਫਿਰ ਬਾਹਰ ਸਬੰਧਤ ਗੁਰਦੁਆਰਿਆਂ ਵਿਚ ਗ੍ਰੰਥੀ ਲਗਾ ਦਿੱਤਾ ਤਾਂ ਉਸ ਜਗ੍ਹਾ ਉੱਪਰ ਭਾਈ ਗੁਰਦੀਪ ਸਿੰਘ ਜੀ ਅਰਦਾਸੀਆ ਨੀਅਤ ਹੋਇਆ ।

ਭਾਈ ਨਿੱਕਾ ਸਿੰਘ ਜੀ ੧੯੮੮ ਈਸਵੀ ਵਿਚ ਚੜ੍ਹਾਈ ਕਰ ਗਿਆ ਤਾਂ ਉਸ ਦੀ ਥਾਂ ਸੀਨੀਅਰ ਹੋਣ ਕਰ ਕੇ ਭਾਈ ਦਰਸ਼ਨ ਸਿੰਘ ਜੀ ਨੂੰ ਜਥੇਦਾਰ ਬਣਾ ਦਿੱਤਾ ਤੇ ਖਾਲੀ ਹੋਈ ਅਸਾਮੀ ਤੇ ਜੋਗਿੰਦਰ ਸਿੰਘ ਜੀ 'ਵੇਦਾਂਤੀ' ਨੂੰ ਅਰਦਾਸੀਆ ਮੁਕੱਰਰ ਕਰ ਦਿੱਤਾ ਗਿਆ ।

ਭਾਈ ਦਰਸ਼ਨ ਸਿੰਘ ਜੀ ਜਦ ੧੯੯੩ ਈ: ਵਿਚ ਸੇਵਾ-ਮੁਕਤ ਹੋਏ ਤਾਂ ਭਾਈ ਜੋਗਿੰਦਰ ਸਿੰਘ ਸੀਨੀਅਰ ਹੋਣ ਕਰ ਕੇ ਜਥੇਦਾਰ ਬਣ ਗਏ ਤੇ ਖਾਲੀ ਹੋਈ ਜਗ੍ਹਾ ਉੱਪਰ ਭਾ: ਹਰਪਾਲ ਸਿੰਘ (ਗ੍ਰੰਥੀ ਸਬੰਧਤ ਗੁਰਦੁਆਰਿਆਂ) ਨੂੰ ਅਰਦਾਸੀਆ ਨਿਯੁਕਤ ਕਰ ਦਿੱਤਾ ਗਿਆ ।

ਭਾਈ ਮਦਨਜੀਤ ਸਿੰਘ, ਗਿਆਨੀ ਨਿਰੰਜਨ ਸਿੰਘ ਅਤੇ ਭਾਈ ਰਘਬੀਰ ਸਿੰਘ ਆਪਣੇ ਸਮੇਂ ਅਰਦਾਸੀਏ ਦੀ ਡਿਊਟੀ ਦੇ ਨਾਲ-ਨਾਲ ਰਾਗੀਆਂ ਤੇ ਅਖੰਡ ਪਾਠੀਆਂ ਦੇ ਜਥੇਦਾਰ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ ਹਨ । ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਹੁਰਾਂ ਦੇ ਮੁੱਖੀ ਗ੍ਰੰਥੀ ਕਾਲ ਵਿਚ ਭਾਈ ਦਰਸ਼ਨ ਸਿੰਘ ਜੀ ਅਰਦਾਸੀਏ ਦੀ ਡਿਊਟੀ ਤੋਂ ਇਲਾਵਾ ਜਥੇਦਾਰ, ਰਾਗੀਆਂ ਤੇ ਅਖੰਡ ਪਾਠੀਆਂ ਦੀ ਸੇਵਾ ਵੀ ਨਿਭਾਉਂਦੇ ਰਹੇ ।

ਭਾਈ ਦਰਸ਼ਨ ਸਿੰਘ ਜੀ ਨੇ ਬਾਕੀ ਅਰਦਾਸੀਏ ਸਿੰਘਾਂ ਨਾਲੋਂ ਸਭ ਤੋਂ ਵੱਧ ਸਮਾਂ ਇਹ ਸੇਵਾ ਨਿਭਾਈ । ਇਨ੍ਹਾਂ ਤੋਂ ਪਹਿਲਾਂ ਅਰਦਾਸੀਏ ਦੀ ਪਦਵੀ ਉੱਪਰ ਪੁਜਾਰੀ ਸਿੰਘ ਹੀ ਸੇਵਾ ਕਰਦੇ ਰਹੇ । ਭਾਈ ਦਰਸ਼ਨ ਸਿੰਘ ਜੀ ਪਹਿਲੇ ਵਿਅਕਤੀ ਹਨ ਜੋ ਅਰਦਾਸੀਏ ਦੀ ਮਹਾਨ ਪਦਵੀ ਉੱਪਰ ਪੁਜਾਰੀਆਂ ਤੋਂ ਬਾਹਰੋਂ ਇਸ ਪਦਵੀ 'ਤੇ ਨੀਅਤ ਹੋਏ । ਇਨ੍ਹਾਂ ਨੇ ਕੁਲ ਸਰਵਿਸ ੪੫ ਸਾਲ ਕੀਤੀ, ਜਿਸ ਵਿਚੋਂ ੨੮ ਸਾਲ ਅਰਦਾਸੀਏ ਤੇ ੮ ਸਾਲ ਬਤੌਰ ਫਰਾਸ਼ ਸੇਵਾ ਕਰਦੇ ਰਹੇ । ਇਸ ਤੋਂ ਪਹਿਲਾਂ ਸਬੰਧਤ ਗੁਰਦੁਆਰਿਆਂ ਵਿਚ ਬਤੌਰ ਗ੍ਰੰਥੀ ਸੇਵਾ ਕਰਦੇ ਰਹੇ । ਇਸ ਸਮੇਂ ਰੀਟਾਇਰ ਹੋ ਕੇ ਕੋਠੀ-੨੯, ਸੰਤ ਚੰਨਣ ਸਿੰਘ ਕਲੋਨੀ ਅੰਮ੍ਰਿਤਸਰ ਵਿੱਚ ਰਹਿ ਰਹੇ ਹਨ। ਇਨ੍ਹਾਂ ਦਾ ਬਤੌਰ ਜਥੇਦਾਰ ਸ੍ਰੀ ਹਰਿਮੰਦਰ ਸਾਹਿਬ ਅੰਦਰਲੇ ਸਟਾਫ ਨਾਲ ਚੰਗਾ ਵਰਤਾਉ ਰਿਹਾ । ਪ੍ਰਬੰਧ ਤੇ ਅੰਦਰਲੀ ਮਾਣ- ਮਰਯਾਦਾ ਬਾਰੇ ਜਾਣਕਾਰੀ ਤੇ ਤਜਰਬਾ ਤੇ ਦਿਲਚਸਪੀ ਵੀ ਪਹਿਲਿਆਂ ਨਾਲੋਂ ਵਧੇਰੇ ਸੀ ।

ਭਾਈ ਦਰਸ਼ਨ ਸਿੰਘ ਤੋਂ ਬਾਅਦ ਭਾਈ ਜੋਗਿੰਦਰ ਸਿੰਘ ਜਥੇਦਾਰ ਅਰਦਾਸੀਆ ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਭਾਈ ਗੁਰਦੀਪ ਸਿੰਘ ਤੇ ਭਾਈ ਹਰਪਾਲ ਸਿੰਘ ਤਿੰਨ ਅਰਦਾਸੀਏ ਭਾਵ ਸਾਰੇ ਚਾਰ ਅਰਦਾਸੀਏ ਸਨ । ਭਾਈ ਜੋਗਿੰਦਰ ਸਿੰਘ ਜੀ ਜਥੇਦਾਰ ਮਾਰਚ ੧੯੯੮ ਈ: ਵਿੱਚ ਰੀਟਾਇਰ ਹੋ ਗਏ ਤਾਂ ਉਨ੍ਹਾਂ ਦੀ ਥਾਂ ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਜਥੇਦਾਰ, ਸ੍ਰੀ ਹਰਿਮੰਦਰ ਸਾਹਿਬ ਬਣ ਗਏ ਤੇ ਅਰਦਾਸੀਏ ਦੀ ਖਾਲੀ ਹੋਈ ਜਗ੍ਹਾ ਉੱਪਰ ਭਾਈ ਭਾਨ ਸਿੰਘ ਚੌਰ-ਬਰਦਾਰ ਨੂੰ ਤਰੱਕੀ ਦੇ ਕੇ ਅਰਦਾਸੀਆ ਨਿਯੁਕਤ ਕਰ ਦਿੱਤਾ ਗਿਆ । ੧੨ ਮਈ ੧੯੯੯ ਈ: ਨੂੰ ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਮੁੱਖ ਅਰਦਾਸੀਏ, ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਮਹਾਨ ਪਦਵੀ 'ਤੇ ਥਾਪੇ ਗਏ । ਉਨ੍ਹਾਂ ਦੇ ਸਿੰਘ ਸਾਹਿਬ ਬਣ ਜਾਣ ਨਾਲ ਖਾਲੀ ਹੋਈ ਜਗ੍ਹਾ ਉੱਪਰ ਭਾਈ ਧਰਮ ਸਿੰਘ ਪੰਜ ਪਿਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਰਦਾਸੀਆ ਨਿਯੁਕਤ ਕੀਤਾ ਗਿਆ ਹੈ ਅਤੇ ਹੁਣ ਭਾਈ ਗੁਰਦੀਪ ਸਿੰਘ ਮੁੱਖ

ਅਰਦਾਸੀਆ ਜੱਥੇਦਾਰ ਸ੍ਰੀ ਹਰਿਮੰਦਰ ਸਾਹਿਬ ਨਿਯੁਕਤ ਹੋ ਗਿਆ ਹੈ ।

੧੯੭੩ ਈ: ਤਕ ਉਪਰਲੀ ਮੰਜ਼ਲ ਵਿੱਚ ਹਰਿ ਕੀ ਪਉੜੀ, ਗੁੰਬਦ, ਉੱਤਰੀ ਬਾਹੀ ਅਤੇ ਦੱਖਣੀ ਬਾਹੀ ਵਿਖੇ ਚਾਰ ਸ੍ਰੀ ਅਖੰਡ ਪਾਠ ਲਗਾਤਾਰ ਚਲਦੇ ਰਹਿੰਦੇ ਸਨ । ਉਨ੍ਹਾਂ ਅਖੰਡ ਪਾਠਾਂ ਦੇ ਆਰੰਭ, ਮੱਧ ਅਤੇ ਭੋਗ ਦੀਆਂ ਅਰਦਾਸਾਂ ਪੁਰਾਤਨ ਸਮੇਂ ਤੋਂ ਅਰਦਾਸੀਏ ਸਿੰਘ ਹੀ ਕਰਦੇ ਸਨ । ਇਨ੍ਹਾਂ ਨੂੰ ਫ਼ੀ ਅਖੰਡ ਪਾਠ ਇਕ ਰੁਪਇਆ ਇਵਜ਼ਾਨਾ ਮਿਲਦਾ ਸੀ । ਜੋ ਬਾਅਦ ਵਿੱਚ ਬੰਦ ਕਰ ਦਿੱਤਾ ਗਿਆ । ਹੁਣ ਇਹ ਉਪਰੋਕਤ ਤਿੰਨੇ ਅਰਦਾਸਾਂ ਅਖੰਡ ਪਾਠੀ ਸਿੰਘ ਹੀ ਕਰਦੇ ਹਨ । ਉਨ੍ਹਾਂ ਨੂੰ ਅਰਦਾਸਾਂ ਦਾ ਮੁਆਵਜ਼ਾ ਨਹੀਂ ਦਿੱਤਾ ਜਾਂਦਾ ।

ਅਖੰਡ ਪਾਠੀਆਂ ਅਤੇ ਰਾਗੀਆਂ ਦਾ ਕੰਮ ਵਧ ਜਾਣ ਕਰ ਕੇ ੧੯੭੪ ਈਸਵੀ ਤੋਂ ਜਥੇਦਾਰ ਰਾਗੀਆਂ ਅਤੇ ਅਖੰਡ ਪਾਠੀਆਂ ਦੀ ਪੋਸਟ ਵੱਖਰੀ ਕਰ ਦਿੱਤੀ ਗਈ ਹੈ । ਜਿਸ ਕਰ ਕੇ ਹੁਣ ਰਾਗੀਆਂ ਅਤੇ ਅਖੰਡ ਪਾਠੀਆਂ ਦਾ ਜਥੇਦਾਰ ਅਰਦਾਸੀਆਂ ਤੋਂ ਵੱਖਰਾ ਉਂਜ ਇਨ੍ਹਾਂ ਦੇ ਹੀ ਗਰੇਡ ਦਾ ਹੁੰਦਾ ਹੈ । ਭਾਈ ਰਘਬੀਰ ਸਿੰਘ ਤੋਂ ਬਾਅਦ ਜਿਹੜੇ ਸੱਜਣ ਰਾਗੀਆਂ ਤੇ ਅਖੰਡ ਪਾਠੀਆਂ ਦੇ ਜਥੇਦਾਰ ਰਹੇ ਉਹ ਹਨ ਭਾਈ ਮੁਖਤਿਆਰ ਸਿੰਘ, ਭਾਈ ਬਚਿੱਤਰ ਸਿੰਘ । ਇਨ੍ਹਾਂ ਤੋਂ ਬਾਅਦ ਦੋ ਜਥੇਦਾਰ ਰਹੇ, ਭਾਈ ਗੁਰਚਰਨ ਸਿੰਘ ਅਤੇ ਭਾਈ ਪ੍ਰੀਤਮ ਸਿੰਘ । ਕੁਝ ਸਮੇਂ ਤੋਂ ਇਹ ਬਦਲ ਗਏ ਹਨ ਹੁਣ ਇਨ੍ਹਾਂ ਦੀ ਥਾਂ ਜਥੇਦਾਰ ਰਾਗੀਆਂ ਭਾਈ ਤ੍ਰਿਲੋਚਨ ਸਿੰਘ ਅਤੇ ਜਥੇਦਾਰ ਅਖੰਡ ਪਾਠੀਆਂ ਪਹਿਲਾਂ ਭਾਈ ਨੱਥਾ ਸਿੰਘ ਤੇ ਹੁਣ ਭਾਈ ਕੁਲਵੰਤ ਸਿੰਘ ਹੈ ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਆਉਣ ਤੋਂ ਬਾਅਦ ਦੇ

# ਅਰਦਾਸੀਏ ਸਿੰਘਾਂ ਦੀ ਪ੍ਰਣਾਲੀ

੧੯੨੫ ਈ: ਭਾਈ ਸੁਰਜਨ ਸਿੰਘ, ਭਾਈ ਜੈਮਲ ਸਿੰਘ, ਭਾਈ ਨਰੈਣ ਸਿੰਘ ਵਾਲੀਆ, ਭਾਈ ਨਰੈਣ ਸਿੰਘ ਅਕਾਲੀ, ਭਾਈ ਨਿੱਕਾ ਸਿੰਘ । ਭਾਈ ਕ੍ਰਿਪਾਲ ਸਿੰਘ, ਭਾਈ ਨਰੈਣ ਸਿੰਘ (ਦੋਵੇਂ ਭਰਾ ਅਰਦਾਸੀਏ)।

੧੯੪੦ ਈ: ਭਾਈ ਸੁਰਜਨ ਸਿੰਘ, ਭਾਈ ਮਦਨਜੀਤ ਸਿੰਘ, ਭਾਈ ਨਰੈਣ ਸਿੰਘ ਵਾਲੀਆ, ਭਾਈ ਨਰੈਣ ਸਿੰਘ ਅਕਾਲੀ, ਭਾਈ ਨਿੱਕਾ ਸਿੰਘ ।

੧੯੪੨ ਈ: ਭਾਈ ਸੁਰਜਨ ਸਿੰਘ, ਭਾਈ ਮਦਨਜੀਤ ਸਿੰਘ, ਭਾਈ ਨਰੈਣ ਸਿੰਘ ਅਕਾਲੀ, ਭਾਈ ਨਿੱਕਾ ਸਿੰਘ । ਨਰੈਣ ਸਿੰਘ ਅਰਦਾਸੀਆ ।

੧੯੪੯ ਈ: " " " "

੧੯੫੫ ਈ: ਭਾਈ ਸੁਰਜਨ ਸਿੰਘ, ਭਾਈ ਮਦਨਜੀਤ ਸਿੰਘ, ਭਾਈ ਨਿੱਕਾ ਸਿੰਘ, ਭਾਈ ਦਰਸ਼ਨ ਸਿੰਘ ।

੧੯੬੪ ਈ: ਭਾਈ ਸੁਰਜਨ ਸਿੰਘ, ਭਾਈ ਨਿੱਕਾ ਸਿੰਘ, ਭਾਈ ਦਰਸ਼ਨ ਸਿੰਘ, ਗਿਆਨੀ ਨਿਰੰਜਨ ਸਿੰਘ ।

੧੯੬੫ ਈ: ਭਾਈ ਨਿੱਕਾ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਨਿਰੰਜਨ ਸਿੰਘ, ਭਾਈ ਬਲਵੰਤ ਸਿੰਘ ।

੧੯੭੦ ਈ: ਭਾਈ ਨਿੱਕਾ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਨਿਰੰਜਨ ਸਿੰਘ, ਭਾਈ ਸੁਦਾਗਰ ਸਿੰਘ ।

੧੯੭੨ ਈ: ਭਾਈ ਨਿੱਕਾ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਨਿਰੰਜਨ ਸਿੰਘ, ਭਾਈ ਰਘਬੀਰ ਸਿੰਘ ।

੧੯੭੪ ਈ: ਭਾਈ ਨਿੱਕਾ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਰਤਨ ਸਿੰਘ, ਭਾਈ ਜੋਗਿੰਦਰ ਸਿੰਘ ।

੧੯੭੮ ਈ: ਭਾਈ ਦਰਸ਼ਨ ਸਿੰਘ, ਭਾਈ ਰਤਨ ਸਿੰਘ, ਭਾਈ ਜੋਗਿੰਦਰ ਸਿੰਘ, ਭਾਈ ਜੋਗਿੰਦਰ ਸਿੰਘ ਵੇਦਾਂਤੀ ।

੧੯੮੦ ਈ: ਭਾਈ ਦਰਸ਼ਨ ਸਿੰਘ, ਭਾਈ ਜੋਗਿੰਦਰ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਭਾਈ ਗੁਰਦੀਪ ਸਿੰਘ ।

੧੯੮੩ ਈ: ਭਾਈ ਜੋਗਿੰਦਰ ਸਿੰਘ, ਗਿ: ਜੋਗਿੰਦਰ ਸਿੰਘ 'ਵੇਦਾਂਤੀ', ਭਾਈ ਗੁਰਦੀਪ ਸਿੰਘ, ਭਾਈ ਹਰਪਾਲ ਸਿੰਘ ।

੧੯੮੮ ਈ: ਭਾਈ ਜੋਗਿੰਦਰ ਸਿੰਘ 'ਵੇਦਾਂਤੀ', ਭਾਈ ਗੁਰਦੀਪ ਸਿੰਘ, ਭਾਈ ਹਰਪਾਲ ਸਿੰਘ, ਭਾਈ ਭਾਨ ਸਿੰਘ ।

੧੭ ਮਈ ੧੯੯੯ ਈ: ਭਾਈ ਗੁਰਦੀਪ ਸਿੰਘ, ਭਾਈ ਹਰਪਾਲ ਸਿੰਘ, ਭਾਈ ਭਾਨ ਸਿੰਘ, ਭਾਈ ਧਰਮ ਸਿੰਘ ।

**ਚੌਰ ਬਰਦਾਰ** – ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਝੁਲਾਏ ਜਾਣ ਵਾਲੇ ਚੌਰ ਦੀ ਡੰਡੀ ਪਿਓਰ ਸੋਨੇ ਦੀ ਹੁੰਦੀ ਹੈ, ਜਿਸ ਨੂੰ ਲਗਭਗ 40 ਤੋਲੇ ਸੋਨਾ ਲੱਗਾ ਹੁੰਦਾ ਹੈ ਤੇ ਉਸ ਦਾ ਅਗਲਾ ਹਿੱਸਾ ਪਹਾੜੀ ਗਊ ਦੇ ਦੁੰਬ ਦੇ ਭਾਰੇ ਤੇ ਲੰਬੇ ਸਫ਼ੈਦ ਰੰਗ ਦੇ ਵਾਲਾਂ ਦਾ ਬਣਿਆ ਹੁੰਦਾ ਹੈ। ਇਹ ਚੌਰ ਗਿਣਤੀ ਵਿੱਚ ਦੋ ਜਾਂ ਤਿੰਨ ਹੁੰਦੇ ਹਨ ਜੋ ਵਾਰੀ ਵਾਰੀ ਵਰਤੇ ਜਾਂਦੇ ਹਨ। ਇਨ੍ਹਾਂ ਦੇ ਵਾਲਾਂ ਨੂੰ ਅੱਠ ਦੱਸ ਦਿਨ ਬਾਅਦ ਸਰਫ਼ ਜਾਂ ਸਾਬਣ ਨਾਲ ਧੋਤਾ ਜਾਂਦਾ ਹੈ ਤੇ ਬਾਅਦ 'ਚ ਵਾਲ ਸਿੱਧੇ ਕਰਨ ਲਈ ਕੰਘਾ ਕੀਤਾ ਜਾਂਦਾ ਹੈ। ਹਰ ਰੋਜ਼ ਸੁਗੰਧੀ ਲਈ ਅਤਰ ਲਗਾਇਆ ਜਾਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਚੌਰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਜਾਂ ਮੁੱਖ ਗ੍ਰੰਥੀ ਸਾਹਿਬ ਹੀ ਝੁਲਾਇਆ ਕਰਦੇ ਹਨ ਜਾਂ ਨੀਅਤ ਕੀਤੇ ਚੌਰ ਬਰਦਾਰ ਚੌਰ ਕਰਦੇ ਹਨ। ਇਹਨਾਂ ਤੋਂ ਇਲਾਵਾ ਬਾਹਰਲੇ ਕਿਸੇ ਵਿਸ਼ੇਸ਼ ਵਿਅਕਤੀ ਨੂੰ ਵੀ ਚੌਰ ਕਰਨ ਦਾ ਅਧਿਕਾਰ ਨਹੀਂ ਹੈ।

ਲਗਭਗ 1948 ਈ: ਵਿੱਚ ਜਦ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਇਆ, ਤਾਂ ਉਸ ਨੇ ਪਿਛਲੇ ਪਾਸੇ ਆ ਕੇ ਆਮ ਗੁਰਦੁਆਰਿਆਂ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਚੌਰ ਕਰਨ ਦੀ ਇੱਛਾ ਪ੍ਰਗਟ ਕੀਤੀ। ਉਸ ਸਮੇਂ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੇਵਾ ਉੱਪਰ ਹਾਜ਼ਰ ਸਨ, ਉਨ੍ਹਾਂ ਨੇ ਇਹ ਕਹਿ ਕੇ ਚੌਰ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਚੌਰ ਕਰਨ ਦਾ ਅਧਿਕਾਰ ਸਿਰਫ਼ ਗ੍ਰੰਥੀ ਸਿੰਘ ਸਾਹਿਬਾਨ ਜਾਂ ਚੌਰ ਬਰਦਾਰਾਂ ਨੂੰ ਹੀ ਹੈ ਹੋਰ ਕਿਸੇ ਨੂੰ ਨਹੀਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਣੇ ਮੁੱਖ ਗ੍ਰੰਥੀ ਸਾਹਿਬ, ਤਿੰਨ ਗ੍ਰੰਥੀ ਸਿੰਘ, ਪੰਜ ਪੁਜਾਰੀ, ਦੋ ਅਰਦਾਸੀਏ ਤੇ ਤਿੰਨ ਚੌਰ-ਬਰਦਾਰ ਹੁੰਦੇ ਸਨ। ਹਰ ਗ੍ਰੰਥੀ ਸਿੰਘ ਦੇ ਨਾਲ ਇਕ ਇਕ ਚੌਰ ਬਰਦਾਰ ਹੁੰਦਾ ਸੀ। ਪੁਰਾਤਨ ਸਮੇਂ ਵਿੱਚ ਗ੍ਰੰਥੀ ਸਿੰਘ ਖੜ੍ਹੇ ਹੋ ਕੇ ਚੌਰ ਕਰਦੇ ਸਨ। ਗ੍ਰੰਥੀ ਸਿੰਘ ਦੇ ਤਾਬਿਆ ਬੈਠ ਕੇ ਪ੍ਰਕਾਸ਼ ਕਰਨ ਅਤੇ ਸੁਖਾਸਨ ਕਰਨ ਸਮੇਂ ਚੌਰ-ਬਰਦਾਰ ਖੜ੍ਹਾ ਹੋ ਕੇ ਚੌਰ ਕਰਦਾ ਹੈ। ਸਿੰਘ ਸਾਹਿਬ ਦੀ ਗੈਰ-ਮੌਜੂਦਗੀ ਸਮੇਂ ਚੌਰ-ਬਰਦਾਰ ਹੀ ਚੌਰ ਦੀ ਸੇਵਾ ਕਰਦਾ ਹੈ। ਇਹ ਚੌਰ ਬਰਦਾਰ ਹਰ ਗ੍ਰੰਥੀ ਸਿੰਘ ਦਾ ਆਪਣਾ ਨਿੱਜੀ ਸੇਵਕ, ਸ਼ਾਗਿਰਦ ਜਾਂ ਰਿਸ਼ਤੇਦਾਰ ਹੁੰਦਾ ਸੀ, ਉਸ ਨੂੰ ਰੱਖਣ ਜਾਂ ਹਟਾਉਣ ਦਾ ਅਧਿਕਾਰ ਵੀ ਗ੍ਰੰਥੀ ਸਿੰਘ ਦਾ ਹੀ ਹੁੰਦਾ ਸੀ, ਜਿਸ ਨਾਲ ਸੇਵਾ ਸਮੇਂ ਉਹ ਸੰਬੰਧਤ ਹੁੰਦਾ ਸੀ, ਉਸ ਨੂੰ ਰੁਜ਼ੀਨਾ ਜਾਂ ਤਨਖਾਹ ਸੰਬੰਧਤ ਗ੍ਰੰਥੀ ਹੀ ਆਪਣੇ ਹਿੱਸੇ 'ਚੋਂ ਦੇਂਦਾ ਸੀ।

ਗੁਰੂ ਸਾਹਿਬਾਨ ਦੇ ਸਮੇਂ ਤੇ ਉਸ ਤੋਂ ਬਾਅਦ 1970 ਬਿ: ਤੱਕ ਦੇ ਚੌਰ-ਬਰਦਾਰਾਂ ਦੇ ਨਾਵਾਂ ਦਾ ਜ਼ਿਕਰ ਕਿਸੇ ਲਿਖਤ ਵਿੱਚ ਹੁਣ ਤੱਕ ਸਾਨੂੰ ਨਹੀਂ ਮਿਲਿਆ।

ਭਾਈ ਪ੍ਰਤਾਪ ਸਿੰਘ ਗ੍ਰੰਥੀ ਦੇ ਸਮੇਂ ਭਾਈ ਧਰਮ ਸਿੰਘ ਤੇ ਭਾਈ ਕਰਮ ਸਿੰਘ ਦੋਨੋਂ ਭਰਾ ਚੌਰ-ਬਰਦਾਰ ਸਨ। ਇਹ ਦੋਨੋਂ ਭਾਈ ਪ੍ਰਤਾਪ ਸਿੰਘ ਗ੍ਰੰਥੀ ਹਰਿਮੰਦਰ ਸਾਹਿਬ ਦੇ ਸਕੇ ਭਰਾ ਸਨ। ਇਹ ਜਾਤ ਦੇ ਬ੍ਰਾਹਮਣ ਸਨ। ਇਨ੍ਹਾਂ ਤਿੰਨਾਂ ਦਾ ਵੱਡਾ ਭਰਾ ਭਾਈ ਹੀਰਾ ਸਿੰਘ ਸੀ, ਜੋ ਭਾਈ ਪ੍ਰਤਾਪ ਸਿੰਘ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸੀ, ਜੋ 1952

ਬਿ: ੨੪ ਭਾਦਰੋਂ ਨੂੰ ਅਕਾਲ ਚਲਾਣਾ ਕਰ ਗਿਆ ਸੀ।

ਇਨ੍ਹਾਂ ਉਪਰੋਕਤ ਦੋਹਾਂ ਚੌਰ-ਬਰਦਾਰਾਂ ਤੋਂ ਬਿਨਾਂ ਪੁਰਾਤਨ ਪੁਸਤਕਾਂ ਅੰਦਰ ਲਿਖਤ ਰੂਪ ਵਿੱਚ ਕਿਸੇ ਚੌਰ-ਬਰਦਾਰ ਦੇ ਨਾਮ ਦਾ ਪਤਾ ਨਹੀਂ ਮਿਲਦਾ।

ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਚੌਰ-ਬਰਦਾਰ ਵੀ ਬਾਕੀ ਕਰਮਚਾਰੀਆਂ ਵਾਂਗ ਮਾਹਵਾਰ ਤਨਖਾਹ 'ਤੇ ਕਮੇਟੀ ਦੇ ਮੁਲਾਜ਼ਮ ਬਣ ਗਏ। ੧੯੨੫ ਈ: ਦੇ ਗੁਰਦੁਆਰਾ ਐਕਟ ਅਨੁਸਾਰ ਜਦ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਸਾਂਭਿਆ, ਤਾਂ ਉਸ ਸਮੇਂ ਚੌਰ-ਬਰਦਾਰ ਕੌਣ-ਕੌਣ ਸਨ ? ਕਿਸੇ ਲਿਖਤ ਵਿੱਚ ਜ਼ਿਕਰ ਨਹੀਂ ਆਇਆ। ਭਾਈ ਅਮਰ ਸਿੰਘ ਚੌਰ-ਬਰਦਾਰ ਦੇ ਦੱਸਣ ਅਨੁਸਾਰ, ੧੯੪੫ ਈ: ਵਿੱਚ ਤਿੰਨ ਚੌਰ-ਬਰਦਾਰ ਸਨ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਆਉਣ ਤੋਂ ਪਹਿਲਾਂ ਚੂੰਕਿ ਮੁੱਖ ਗ੍ਰੰਥੀ ਸਾਹਿਬ ਸਮੇਤ ਤਿੰਨ ਗ੍ਰੰਥੀ ਸਾਹਿਬ ਸਨ, ਇਸ ਕਰ ਕੇ ਚੌਰ-ਬਰਦਾਰ ਵੀ ਤਿੰਨ ਹੀ ਸਨ

੧. ਭਾਈ ਹਾਕਮ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ।

੨. ਭਾਈ ਚਰਨ ਸਿੰਘ, ਪਿੰਡ ਠੱਠੀ ਖਾਰਾ, ਜ਼ਿਲ੍ਹਾ ਅੰਮ੍ਰਿਤਸਰ।

੩. ਭਾਈ ਅਮਰ ਸਿੰਘ, ਪਿੰਡ ਬੁੰਡਾਲਾ, ਜ਼ਿਲ੍ਹਾ ਅੰਮ੍ਰਿਤਸਰ।

ਉਸ ਸਮੇਂ ਚੌਰ-ਬਰਦਾਰ ਲੱਗਣ ਲਈ ਯੋਗਤਾ ਸਿਰਫ ਜਪੁ ਜੀ ਸਾਹਿਬ ਬਾਣੀ ਕੰਠ, ਦੱਸਾਂ ਪਾਤਸ਼ਾਹੀਆਂ ਤੇ ਪੰਜਾਂ ਪਿਆਰਿਆਂ ਦੇ ਨਾਮ ਜ਼ਬਾਨੀ ਯਾਦ ਹੋਣ ਪਰ ਮੇਰੇ ਆਉਣ ਸਮੇਂ ੧੯੫੮ ਈ: ਵਿੱਚ ਚੂੰਕਿ ਗ੍ਰੰਥੀ ਸਿੰਘ ਚਾਰ ਸਨ, ਇਸ ਕਰ ਕੇ ਚੌਰ-ਬਰਦਾਰ ਵੀ ਚਾਰ ਸਨ। ੧੯੪੮ ਈ: 'ਚ ਗਿਆਨੀ ਭੁਪਿੰਦਰ ਸਿੰਘ ਜੀ ਦੇ ਚੌਥੇ ਗ੍ਰੰਥੀ ਲੱਗਣ ਤੋਂ ਗ੍ਰੰਥੀ ਸਿੰਘ ਚਾਰ ਹੋ ਗਏ, ਇਸ ਕਰ ਕੇ ਚੌਰ-ਬਰਦਾਰ ਵੀ ਚਾਰ ਹੋ ਗਏ। ਉਸ ਸਮੇਂ ਚੌਰ-ਬਰਦਾਰ ਦੀ ਯੋਗਤਾ ਸੀ ਕਿ ਪੰਜ ਬਾਣੀਆਂ-ਰਹਿਰਾਸ, ਸੋਹਿਲਾ ਕੰਠ ਤੇ ਅਰਦਾਸ ਕਰ ਸਕਦਾ ਹੋਵੇ। ਕਮੇਟੀ ਦੇ ਪ੍ਰਬੰਧ ਤੋਂ ਪਹਿਲਾਂ ਤਿੰਨਾਂ ਗ੍ਰੰਥੀ ਸਾਹਿਬਾਨ ਦੀਆਂ ਡਿਊਟੀਆਂ ਦਾ ਸਮਾਂ ਵੰਡਿਆ ਹੋਇਆ ਸੀ। ਗ੍ਰੰਥੀ ਸਾਹਿਬ ਤਾਂ ਭਾਵੇਂ ਡਿਊਟੀ ਦੇ ਸਮੇਂ ਕੁਝ ਠਹਿਰ ਕੇ ਵੀ ਆ ਜਾਂਦਾ ਪਰ ਚੌਰ-ਬਰਦਾਰ ਆਪਣੇ ਆਪਣੇ ਸਮੇਂ ਸਿਰ ਆ ਕੇ ਪਹਿਲੇ ਚੌਰ-ਬਰਦਾਰ ਨੂੰ ਛੱਡ ਦੇਂਦਾ। ਗ੍ਰੰਥੀ ਸਾਹਿਬ ਦੀ ਗੱਦੀ ਦੇ ਸੱਜੇ ਪਾਸੇ ਆਪਣਾ ਰੁਮਾਲ ਵਿਛਾ ਦੇਂਦਾ। ਚੌਰ-ਬਰਦਾਰ ਡਿਊਟੀ ਤੋਂ ਜਾਣ ਸਮੇਂ ਆਪਣਾ ਰੁਮਾਲ ਇਕੱਠਾ ਕਰ ਕੇ ਲੈ ਜਾਂਦਾ, ਉਸ ਵਿੱਚ ਪਿਛਲੇ ਪਾਸਿਓਂ ਸੰਗਤ ਵੱਲੋਂ ਭੇਟਾ ਕੀਤੀ ਮਾਇਆ ਸੋਨਾ, ਚਾਂਦੀ ਆਦਿ ਗੰਢ ਬੰਨ੍ਹ ਕੇ ਡਿਊਟੀ ਵਾਲੇ ਗ੍ਰੰਥੀ ਸਿੰਘ ਦੇ ਘਰ ਅਪੜਾ ਦਿੰਦਾ। ਉਸ ਵਿੱਚੋਂ ਆਪਣੀ ਮਰਜੀ ਨਾਲ ਗ੍ਰੰਥੀ ਸਿੰਘ ਚੌਰ ਬਰਦਾਰ ਨੂੰ ਰੋਜ਼ਾਨਾ ਜਾਂ ਮਹੀਨੇ ਬਾਅਦ ਰੁਜੀਨੇ ਦੇ ਤੌਰ 'ਤੇ ਮਾਇਆ ਦੇ ਦਿੰਦਾ। ਇਹ ਰਿਵਾਜ਼ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਆਉਣ 'ਤੇ ਸਭ ਤੋਂ ਪਹਿਲੇ ਬਣੇ ਸੁਪ੍ਰਿੰਟੈਂਡੈਂਟ ਸ: ਗੁਰਦਿਆਲ ਸਿੰਘ ਨੇ ਮੈਨੂੰ ਦੱਸੀ ਸੀ ਜੋ ਬਾਅਦ 'ਚ ੧੯੬੨ ਈ. ਤੱਕ ਸ੍ਰੀ ਦਰਬਾਰ ਸਾਹਿਬ ਦੇ ਸਫਲ ਮੈਨੇਜਰ ਰਹੇ।

## ਚੌਰ-ਬਰਦਾਰ ਦੀ ਡਿਊਟੀ-

ਕਿਵਾੜ ਖੁੱਲ੍ਹਣ ਸਮੇਂ ਇਕ ਚੌਰ-ਬਰਦਾਰ ਆਪਣੀ ਡਿਊਟੀ 'ਤੇ ਆ ਜਾਂਦਾ ਹੈ ਤੇ ਮੰਜੀ ਸਾਹਿਬ ਦੇ ਲਾਗੇ ਗ੍ਰੰਥੀ ਸਿੰਘ ਦੇ ਖੱਬੇ ਹੱਥ ਵਾਲੀ ਥਾਂ 'ਤੇ ਬੈਠ ਕੇ ਸੰਗਤ ਨੂੰ ਫੁੱਲਾਂ ਤੇ ਸਿਹਰਿਆਂ ਦਾ ਪ੍ਰਸ਼ਾਦ ਵਰਤਾਉਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਠਾ ਸਾਹਿਬ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੱਲਣ ਤੋਂ ਪਹਿਲਾਂ ਦੂਜਾ ਚੌਰ-ਬਰਦਾਰ ਸਿੰਘ

ਸਾਹਿਬ ਦੇ ਨਾਲ ਆ ਜਾਂਦਾ ਹੈ । ਗ੍ਰੰਥੀ ਸਿੰਘ ਦੇ ਸੀਸ 'ਤੇ ਸਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੁੱਖ ਗ੍ਰੰਥੀ ਰਖਵਾਉਂਦਾ ਹੈ ਤੇ ਚੌਰ-ਬਰਦਾਰ ਨੂੰ ਚੌਰ ਪਕੜਾ ਦੇਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੇਠ ਜਾ ਕੇ ਚੌਰ-ਬਰਦਾਰ ਚੌਰ ਪਾਲਕੀ 'ਚ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਾਲਕੀ ਵਿੱਚ ਸਥਾਪਨ ਕਰਾਉਂਦਾ ਹੈ ਤੇ ਚੌਰ ਗ੍ਰੰਥੀ ਸਿੰਘ ਨੂੰ ਪਕੜਾ ਦੇਂਦਾ ਹੈ ਤੇ ਆਪ ਪਾਲਕੀ ਦੇ ਨਾਲ ਨਾਲ ਸਿੰਘ ਸਾਹਿਬ ਦੇ ਸੱਜੇ ਪਾਸੇ ਚਲਦਾ ਹੈ । ਰਸਤੇ 'ਚ ਸੰਗਤਾਂ ਵੱਲੋਂ ਸਿਹਰੇ ਲੈ ਕੇ ਗੁਰੂ ਗ੍ਰੰਥ ਸਾਹਿਬ ਉੱਪਰ ਚੜ੍ਹਾਉਂਦਾ ਤੇ ਉਸ ਦੇ ਇਵਜ਼ ਵਿੱਚ ਗੁਰੂ ਗ੍ਰੰਥ ਸਾਹਿਬ ਤੋਂ ਸਿਹਰਾ ਉਤਾਰ ਕੇ ਪ੍ਰੇਮੀ ਨੂੰ ਪ੍ਰਸ਼ਾਦ ਵਜੋਂ ਦੇਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਬੂਹੇ ਦੇ ਨੇੜੇ ਪਾਲਕੀ ਖੜੀ ਕਰ ਕੇ ਚੌਰ-ਬਰਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਿੰਘ ਸਾਹਿਬ ਦੇ ਸੀਸ 'ਤੇ ਰਖਵਾਉਂਦਾ ਹੈ ਤੇ ਆਪ ਚੌਰ ਕਰਦਾ ਅੰਦਰ ਤੱਕ ਜਾਂਦਾ ਹੈ । ਪ੍ਰਕਾਸ਼ ਅਸਥਾਨ ਮੰਜੀ ਸਾਹਿਬ ਕੋਲ ਜਾ ਕੇ ਚੌਰ ਮੰਜੀ ਸਾਹਿਬ ਦੇ ਨੇੜੇ ਸਟੂਲ 'ਤੇ ਰੱਖ ਕੇ ਬੀੜ ਗ੍ਰੰਥੀ ਸਿੰਘ ਦੇ ਸੀਸ ਤੋਂ ਅਦਬ ਸਹਿਤ ਉਤਰਵਾ ਕੇ ਮੰਜੀ ਸਾਹਿਬ ਉੱਪਰ ਸਥਾਪਨ ਕਰਾਉਂਦਾ ਹੈ ਤੇ ਗ੍ਰੰਥੀ ਸਿੰਘ ਨੂੰ ਚੌਰ ਪਕੜਾਉਂਦਾ ਤੇ ਗ੍ਰੰਥੀ ਸਿੰਘ ਚੌਰ ਝੁਲਾਉਂਦਾ ਹੈ ਤੇ ਫਿਰ ਖੱਬੇ ਹੱਥ ਖੜ੍ਹੇ ਪਹਿਲੇ ਚੌਰਬਰਦਾਰ ਨੂੰ ਚੌਰ ਪਕੜਾ ਕੇ ਆਪ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਗਦਾ ਹੈ । ਪਾਲਕੀ ਦੇ ਨਾਲ ਆਇਆ ਚੌਰ-ਬਰਦਾਰ ਤੇ ਫਰਾਸ਼ ਰੁਮਾਲੇ ਲਾਉਣ ਅਤੇ ਪ੍ਰਕਾਸ਼ ਕਰਾਉਣ ਵਿੱਚ ਸਿੰਘ ਸਾਹਿਬ ਦੀ ਮਦਦ ਕਰਦੇ ਹਨ । ਮਹਾਂਵਾਕ ਸੁਣਾ ਚੁੱਕਣ ਤੋਂ ਬਾਅਦ ਫਰਾਸ਼ ਤੇ ਚੌਰ-ਬਰਦਾਰ ਉਪਰਲੇ ਰੁਮਾਲੇ ਤੇ ਸਿਹਰੇ ਸਜਾਉਂਦੇ ਹਨ ।

ਉਪ੍ਰੰਤ ਦੂਜਾ ਚੌਰ-ਬਰਦਾਰ ਪਹਿਲੇ ਚੌਰ-ਬਰਦਾਰ ਤੋਂ ਚੌਰ ਪਕੜ ਕੇ ਸਿੰਘ ਸਾਹਿਬ ਦੇ ਖੱਬੇ ਪਾਸੇ ਬੈਠ ਜਾਂਦਾ ਹੈ ਤੇ ਪਹਿਲਾ ਚੌਰ-ਬਰਦਾਰ ਚਲਾ ਜਾਂਦਾ ਹੈ ਕਿਉਂਕਿ ਉਸ ਦੀ ਡਿਊਟੀ ਖਤਮ ਹੋ ਗਈ ਹੁੰਦੀ ਹੈ । ਡਿਊਟੀ ਵਾਲਾ ਚੌਰ-ਬਰਦਾਰ ਸੰਗਤ (ਮਾਈ-ਭਾਈ) ਤੋਂ ਫੁੱਲ-ਸਿਹਰੇ ਤੇ ਰੁਮਾਲੇ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਸਤਿਕਾਰ ਨਾਲ ਚੜ੍ਹਾਉਂਦਾ ਤੇ ਉੱਪਰੋਂ ਉਤਾਰ ਕੇ ਸੇਹਰੇ ਤੇ ਫੁੱਲ ਪ੍ਰੇਮੀਆਂ ਨੂੰ ਪ੍ਰਸ਼ਾਦ ਵੱਜੋਂ ਦੇਂਦਾ ਹੈ, ਰੁਮਾਲਾ ਚੜ੍ਹਾਉਣ ਵਾਲੇ ਨੂੰ ਸਿਹਰੇ ਦੇ ਨਾਲ ਪਤਾਸਿਆਂ ਦਾ ਪ੍ਰਸ਼ਾਦ ਵੀ ਦੇਂਦਾ ਹੈ । ਇਸੇ ਤਰ੍ਹਾਂ ਹੀ ਸਮਾਪਤੀ ਤੱਕ ਚਾਰੇ ਚੌਰ-ਬਰਦਾਰ ਵਾਰੀ-ਵਾਰੀ ਡਿਊਟੀ ਦੇਂਦੇ ਹਨ। ਇਕ ਚੌਰ-ਬਰਦਾਰ ਹਰ ਹਾਲਤ ਵਿੱਚ, ਹਰ ਵਕਤ ਹਾਜ਼ਰ ਰਹਿੰਦਾ ਹੈ । ਗ੍ਰੰਥੀ ਸਿੰਘ ਦੀ ਗੈਰ-ਮੌਜੂਦਗੀ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਰੁਮਾਲਿਆਂ, ਵਿਛਾਈ, ਸਿਹਰਿਆਂ ਤੇ ਚੌਰ ਦੀ ਨਿਗਰਾਨੀ ਕਰਦਾ ਹੈ ਤੇ ਅਰਦਾਸੇ ਸਮੇਂ ਖੜ੍ਹਾ ਹੋ ਕੇ ਚੌਰ ਕਰਦਾ ਹੈ । ਚੌਰ-ਬਰਦਾਰ ਨੇ ਜੇ ਕਿਸੇ ਖਾਸ ਸੱਜਣ ਜਾਂ ਰਿਸ਼ਤੇਦਾਰ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੋਵੇ ਜਾਂ ਟੱਟੀ ਪੇਸ਼ਾਬ ਦੀ ਹਾਜਤ ਲਈ ਜਾਣਾ ਹੋਵੇ ਤਾਂ ਅੰਦਰਲੇ ਇਕ ਸੇਵਾਦਾਰ ਨੂੰ ਚੌਰ ਪਕੜਾ ਕੇ ਆਪਣੀ ਡਿਊਟੀ 'ਤੇ ਬਿਠਾ ਕੇ ਜਾਂਦਾ ਹੈ, ਜੋ ਉਸ ਦੇ ਆਉਣ ਤੱਕ ਇਹ ਡਿਊਟੀ ਨਿਭਾਉਂਦਾ ਹੈ ।

੨ ਅਪ੍ਰੈਲ ੧੯੫੮ ਨੂੰ ਜਦ ਦਾਸ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਗ੍ਰੰਥੀ ਦੀ ਸੇਵਾ ਉੱਪਰ ਨਿਯੁਕਤ ਹੋਇਆ ਤਾਂ ਉਸ ਸਮੇਂ ਹੇਠ ਲਿਖੇ ਚਾਰ ਚੌਰ-ਬਰਦਾਰ ਸਨ-

੧. ਭਾਈ ਅਮਰ ਸਿੰਘ ਪਿੰਡ ਬੁੰਡਾਲਾ ਜ਼ਿਲ੍ਹਾ ਅੰਮ੍ਰਿਤਸਰ ।

੨. ਭਾਈ ਹਾਕਮ ਸਿੰਘ ਦੀ ਥਾਂ 'ਤੇ ਭਾਈ ਜਗਤ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ।

੩. ਭਾਈ ਚਰਨ ਸਿੰਘ ਦੀ ਥਾਂ 'ਤੇ ਭਾਈ ਦਲੀਪ ਸਿੰਘ, ਮੁੰਡਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ।

੪. ਭਾਈ ਪ੍ਰੀਤਮ ਸਿੰਘ ਪਿੰਡ ਘੁੱਕੇਵਾਲੀ, ਜ਼ਿਲ੍ਹਾ ਅੰਮ੍ਰਿਤਸਰ।

ਜਦ ਭਾਈ ਪ੍ਰੀਤਮ ਸਿੰਘ ਕੁਝ ਸਮਾਂ ਬੀਮਾਰ ਰਹਿਣ ਬਾਅਦ ਸਰੀਰ ਛੱਡ ਗਿਆ ਤਾਂ ਉਸ ਦੀ ਥਾਂ ਭਾਈ ਚੰਚਲ ਸਿੰਘ ਚੌਰ-ਬਰਦਾਰ ਲੱਗਾ, ਜੋ ਪਹਿਲਾਂ ਸੇਵਾਦਾਰ ਸੀ। ਜਦ ਭਾਈ ਦਲੀਪ ਸਿੰਘ ਰੀਟਾਇਰ ਹੋਇਆ ਤਾਂ ਉਸ ਦੀ ਥਾਂ ਸੇਵਾਦਾਰ ਭਾਈ ਸੋਹਣ ਸਿੰਘ ਜਾਮਾਂ ਰਾਇ ਚੌਰ-ਬਰਦਾਰ ਨੀਯਤ ਹੋਇਆ। ਇਸੇ ਤਰ੍ਹਾਂ ਭਾਈ ਜਗਤ ਸਿੰਘ ਦੇ ਸੇਵਾ ਮੁਕਤ ਹੋਣ 'ਤੇ ਭਾਈ ਗੁਰਦੀਪ ਸਿੰਘ ਨੂੰ ਚੌਰ-ਬਰਦਾਰ ਲਾ ਦਿੱਤਾ। ਭਾਈ ਅਮਰ ਸਿੰਘ ਦੀ ਰੀਟਾਇਰਮੈਂਟ ਬਾਅਦ ਭਾਈ ਸੁਰਜੀਤ ਸਿੰਘ ਚੌਰ-ਬਰਦਾਰ ਨੀਯਤ ਹੋਇਆ। ਭਾਈ ਚੰਚਲ ਸਿੰਘ ਦੇ ਦੇਹਾਂਤ ਬਾਅਦ ਭਾਈ ਪ੍ਰੀਤਮ ਸਿੰਘ। ਭਾਈ ਸੋਹਣ ਸਿੰਘ ਦੇ ਸੇਵਾ-ਮੁਕਤ ਹੋਣ 'ਤੇ ਭਾਈ ਭਾਨ ਸਿੰਘ। ਭਾਈ ਗੁਰਦੀਪ ਸਿੰਘ ਦੇ ਅਰਦਾਸੀਆ ਲੱਗਣ 'ਤੇ ਭਾਈ ਅਮਰਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਦੇ ਗ੍ਰੰਥੀ ਲੱਗਣ 'ਤੇ ਭਾਈ ਪਲਵਿੰਦਰ ਸਿੰਘ ਚੌਰ-ਬਰਦਾਰ ਨਿਯੁਕਤ ਹੋਇਆ। ਭਾਈ ਸੁਰਜੀਤ ਸਿੰਘ ਦੇ ਗ੍ਰੰਥੀ ਲੱਗਣ 'ਤੇ ਭਾਈ ਗੁਰਨਾਮ ਸਿੰਘ ਤੇ ਭਾਈ ਗੁਰਨਾਮ ਸਿੰਘ ਦੇ ਗ੍ਰੰਥੀ ਨੀਯਤ ਹੋਣ 'ਤੇ ਭਾਈ ਕੁਲਵਿੰਦਰ ਸਿੰਘ ਚੌਰ-ਬਰਦਾਰ ਦੀ ਸੇਵਾ 'ਤੇ ਨੀਯਤ ਹੋਇਆ। ਭਾਈ ਭਾਨ ਸਿੰਘ ੧੯ ਮਾਰਚ ੧੯੯੯ ਈ: ਨੂੰ ਅਰਦਾਸੀਆ ਲੱਗਣ 'ਤੇ ਭਾਈ ਇੰਦਰ ਸਿੰਘ ਲਾਹੌਰੀਆ ਚੌਰ-ਬਰਦਾਰ ਨੀਯਤ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾਂ ਹੋਰ ਕਿਸੇ ਵੀ ਇਤਿਹਾਸਕ ਜਾਂ ਸਥਾਨਕ ਗੁਰਦੁਆਰੇ ਅੰਦਰ ਚੌਰ-ਬਰਦਾਰ ਦੀ ਪੋਸਟ (ਆਸਾਮੀ) ਨਹੀਂ ਹੈ। ਸਿਰਫ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਰੰਭ ਸਮੇਂ ਤੋਂ ਹੀ ਇਹ ਮਰਯਾਦਾ ਹੈ ਕਿ ਚੌਰ ਦੀ ਸੇਵਾ ਚੌਰ-ਬਰਦਾਰ ਹੀ ਕਰੇ। ਹੋਰ ਸਾਰੇ ਗੁਰਦੁਆਰਿਆਂ ਅੰਦਰ ਇਹ ਸੇਵਾ ਗ੍ਰੰਥੀ ਜਾਂ ਸੇਵਾਦਾਰ ਨਿਭਾਉਂਦੇ ਹਨ। ਸਥਾਨਕ ਗੁਰਦੁਆਰਿਆਂ ਅੰਦਰ ਤਾਂ ਆਮ ਪ੍ਰੇਮੀ ਵੀ ਇਹ ਸੇਵਾ ਕਰ ਸਕਦਾ ਹੈ। ੧੯੫੦ ਈ: ਤੋਂ ਹੁਣ ਤੱਕ ਚੌਰ-ਬਰਦਾਰਾਂ ਦੀ ਪ੍ਰਣਾਲੀ ਇਸ ਪ੍ਰਕਾਰ ਹੈ-

| | | | |
|---|---|---|---|
| ਹਾਕਮ ਸਿੰਘ | ਚਰਨ ਸਿੰਘ | ਅਮਰ ਸਿੰਘ | |
| ↓ | ↓ | ↓ | |
| ਜਗਤ ਸਿੰਘ | ਦਲੀਪ ਸਿੰਘ | ਅਮਰ ਸਿੰਘ | ਪ੍ਰੀਤਮ ਸਿੰਘ |
| ↓ | ↓ | ↓ | ↓ |
| ਸੁਰਜੀਤ ਸਿੰਘ | ਸੋਹਣ ਸਿੰਘ | ਗੁਰਦੀਪ ਸਿੰਘ | ਚੰਚਲ ਸਿੰਘ |
| ↓ | ↓ | ↓ | ↓ |
| ਗੁਰਨਾਮ ਸਿੰਘ | ਭਾਨ ਸਿੰਘ | ਅਮਰਜੀਤ ਸਿੰਘ | ਪ੍ਰੀਤਮ ਸਿੰਘ |
| ↓ | ↓ | ↓ | ↓ |
| ਕੁਲਵਿੰਦਰ ਸਿੰਘ | ਭਾਨ ਸਿੰਘ | ਪਲਵਿੰਦਰ ਸਿੰਘ | ਪ੍ਰੀਤਮ ਸਿੰਘ |
| ↓ | ↓ | ↓ | ↓ |
| ਕੁਲਵਿੰਦਰ ਸਿੰਘ | ਇੰਦਰ ਸਿੰਘ (ਲਾਹੌਰੀਆ) | ਪਲਵਿੰਦਰ ਸਿੰਘ | ਪ੍ਰੀਤਮ ਸਿੰਘ |
| ↓ | ↓ | ↓ | ↓ |
| ਕੁਲਵਿੰਦਰ ਸਿੰਘ | ਲਖਬੀਰ ਸਿੰਘ | ਪਲਵਿੰਦਰ ਸਿੰਘ | ਪ੍ਰੀਤਮ ਸਿੰਘ |

* * *

# ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕੀਰਤਨੀਏ

## ਰਬਾਬੀ ਤੇ ਰਾਗੀ

**ਕੀਰਤਨ** – ਸੰਸਕ੍ਰਿਤ ਭਾਸ਼ਾ ਵਿੱਚ ਕੀਰਤਨ ਦਾ ਅਰਥ ਕਥਨ ਜਾਂ ਵਯਾਖਯਾਨ ਹੈ। ਪਰ ਗੁਰਮਤਿ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ। ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪ੍ਰਮਾਣੀਕ ਬਾਣੀਆਂ ਦਾ ਸੁਰ, ਲਯ ਤੇ ਤਾਲ ਸਹਿਤ ਰਾਗਾਂ ਵਿੱਚ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ। ਵਾਹਿਗੁਰੂ ਨਾਮ ਦੇ ਸਿਮਰਨ ਨੂੰ ਵੀ ਕੀਰਤਨ ਕਿਹਾ ਹੈ–

"ਕੀਰਤਨ ਨਾਮੁ ਸਿਮਰਤ ਰਹਉ, ਜਬ ਲਗੁ ਘਟਿ ਸਾਸੁ ॥"

*(ਬਿਲਾਵਲੁ ਮ: ੫, ਪੰਨਾ ੮੧੮)*

"ਚੀਤਿ ਆਵੈ ਸਦ ਕੀਰਤਨੁ ਕਰਤਾ ॥" *(ਪੰਨਾ ੧੧੪੧)*

ਅਰਥਾਤ– ਜਿਸ ਨੂੰ ਵਾਹਿਗੁਰੂ ਚੇਤੇ ਆਉਂਦਾ ਹੈ ਸਮਝੋ ਉਹ ਸਦਾ ਹੀ ਕੀਰਤਨ ਕਰਦਾ ਹੈ।

ਗੁਰਬਾਣੀ ਵਿੱਚ ਕੀਰਤਨ ਨੂੰ ਨਿਰਮੋਲਕ ਹੀਰਾ ਅਤੇ ਅਨੰਦ ਤੇ ਗੁਣਾਂ ਦੇ ਸਮੁੰਦਰ ਨਾਲ ਤਸ਼ਬੀਹ ਦਿੱਤੀ ਹੈ–

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ *(ਪੰਨਾ ੮੯੩)*

ਵਿਛੜੀਆਂ ਹੋਈਆਂ ਰੂਹਾਂ ਨੂੰ ਮੇਲਣ ਤੇ ਟੁੱਟੀਆਂ ਹੋਈਆਂ ਸੁਰਤਾਂ ਨੂੰ ਜੋੜਨ ਦਾ ਸਭ ਤੋਂ ਉੱਤਮ ਸਾਧਨ ਕੀਰਤਨ ਹੀ ਹੈ –

"ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥" *(ਪੰਨਾ ੩੮੫)*

ਮਨੁੱਖੀ ਸੁਰਤਿ ਨੂੰ ਸੋਚ ਦੇ ਮੰਡਲਾਂ 'ਚੋਂ ਕੱਢ ਕੇ ਆਤਮਕ ਮੰਡਲਾਂ ਵਿੱਚ ਲੈ ਜਾਣਾ ਕੀਰਤਨ ਦਾ ਹੀ ਕੰਮ ਹੈ। ਸੰਸਾਰ ਵਿਚਲੇ ਚੁਰਾਸੀ ਲੱਖ ਜੂਨਾਂ ਦੇ ਚੱਕਰਾਂ 'ਚੋਂ ਕੱਢ ਕੇ ਜੀਵਨ ਦਾ ਉਧਾਰ ਕਰਤਾ ਕੀਰਤਨ ਹੀ ਹੈ –

"ਨਾਨਕ ਕਹੈ ਸੁਨਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰੁ ॥" *(ਪੰਨਾ ੨੧੪)*

ਸਦਾ ਕੀਰਤਨ ਸੁਣਨ ਦੇ ਚਾਹਵਾਨ ਜਗਿਆਸੂ, ਗੁਰਮੁਖ ਮਿੱਤਰਾਂ ਪਾਸ ਬੇਨਤੀ ਕਰਦੇ ਹਨ –

ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥

*(ਪੰਨਾ ੩੮੫)*

ਅਰਥਾਤ– ਹੇ ਮਿੱਤਰ ਗੁਰਮੁਖ ਜਨੋ ! ਮੈਨੂੰ ਉਹ ਅਸਥਾਨ ਦੱਸੋ, ਜਿਥੇ ਹਰਿ ਹਰਿ ਦਾ ਨਿਤ ਭਾਵ ਹਮੇਸ਼ਾਂ ਕੀਰਤਨ ਹੁੰਦਾ ਹੋਵੇ। ਗੁਰਮੁਖਾਂ ਵੱਲੋਂ ਉੱਤਰ ਹੈ ਕਿ–

ਸਾਧਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ ॥

*(ਪੰਨਾ ੩੮੫)*

ਅਰਥਾਤ– ਉਹ ਅਸਥਾਨ ਗੁਰੂ ਕੀ ਸਾਧ ਸੰਗਤ ਹੈ, ਜਿਥੇ ਕੀਰਤਨ ਗਾਈਦਾ ਹੈ, ਪਰ ਇਹ ਅਸਥਾਨ ਗੁਰੂ ਤੋਂ ਪਾਈਦਾ ਹੈ। ਕੀਰਤਨ ਅਸਥਾਨ ਨੂੰ ਗੁਰੂ ਜੀ ਬੈਕੁੰਠ ਦਾ ਦਰਜਾ ਦੇਂਦੇ ਹਨ–

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ ॥

*(ਸੂਹੀ ਮਹਲਾ ੫, ਪੰਨਾ ੭੪੯)*

ਕਲਿਜੁਗ ਦੇ ਭਿਆਨਕ ਸਮੇਂ ਵਿੱਚ ਕੀਰਤਨ ਨੂੰ ਸਾਰੇ ਸਾਧਨਾ 'ਚੋਂ ਪ੍ਰਧਾਨ ਮੰਨਿਆ ਹੈ--

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ, ਹਰਿ ਦਰਗਹਿ ਪਤਿ ਸਿਉ ਜਾਇਦਾ ॥

*(ਪੰਨਾ ੧੦੭੫)*

ਵਾਹਿਗੁਰੂ ਮਿਲਾਪ ਦੇ ਸਾਰੇ ਕਰਮਾਂ ਵਿੱਚੋਂ ਸ਼੍ਰੋਮਣੀ ਕਰਮ ਸਾਧ ਸੰਗਤ ਦੁਆਰਾ ਹਰੀ ਦਾ ਕੀਰਤਨ ਕਰਨਾ ਹੀ ਹੈ--

ਹਰਿ ਕੀਰਤਿ ਸਾਧਸੰਗਤਿ ਹੈ, ਸਿਰਿ ਕਰਮਨ ਕੈ ਕਰਮਾ ॥ *(ਪੰਨਾ ੬੪੨)*

ਗੁਰੂ ਜੀ ਕਹਿੰਦੇ ਹਨ, ਕਿ ਮੇਰਾ ਮਨ ਉਥੇ ਲੱਗਦਾ ਹੈ, ਜਿਥੇ ਹੇ ਵਾਹਿਗੁਰੂ ! ਤੇਰੇ ਰੰਗ ਵਿੱਚ ਰੱਤੇ ਸਾਧੂ ਤੇਰਾ ਕੀਰਤਨ ਗਾ ਰਹੇ ਹੋਣ--

ਜਹ ਕੀਰਤਨੁ ਤੇਰਾ ਸਾਧੂ ਗਾਵਹਿ, ਤਹ ਮੇਰਾ ਮਨੁ ਲਾਗੈ ॥ *(ਪੰਨਾ ੬੧੦)*

## ਕੀਰਤਨ ਦਾ ਫਲ-

ਕੀਰਤਨ ਦਾ ਫਲ ਵਰਨਣ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ, ਕਿ ਕੀਰਤਨ ਕਰਨ ਵਾਲੇ ਨੂੰ ਜਮਦੂਤ ਵੀ ਪੋਹ ਨਹੀ ਸਕਦੇ--

ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮਕਾਲੁ ॥

*(ਪੰਨਾ ੮੬੭)*

ਹਰੀ ਦੇ ਕੀਰਤਨ ਵਿੱਚ ਪ੍ਰਵੇਸ਼ ਕਰਦਿਆਂ ਹੀ ਮੌਤ ਖਤਮ ਹੋ ਜਾਂਦੀ ਹੈ ਤੇ ਜਮਦੂਤਾਂ ਪਾਸੋਂ ਛੁਟਕਾਰਾ ਮਿਲ ਜਾਂਦਾ ਹੈ--

ਮੀਚੁ ਹੁਟੈ ਜਮ ਤੇ ਛੁਟੈ, ਹਰਿ ਕੀਰਤਨ ਪਰਵੇਸ ॥

*(ਪੰਨਾ ੨੯੭)*

ਲਗਾਤਾਰ ਕੀਰਤਨ ਕਰਨ ਵਾਲੇ ਨੂੰ ਮੁੜ ਕੇ ਜੂਨਾਂ ਵਿੱਚ ਨਹੀਂ ਪਾਇਆ ਜਾਂਦਾ--

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥

*(ਪੰਨਾ ੬੨੩)*

ਕੀਰਤਨ ਕਰਨ ਤੇ ਸੁਣਨ ਵਾਲੇ ਦੀ ਖੋਟੀ ਮਤਿ ਨਾਸ ਹੋ ਜਾਂਦੀ ਹੈ । ਸਾਰੇ ਮਨੋਰਥ ਪਾ ਲੈਂਦਾ ਹੈ ਤੇ ਆਸਾ ਪੂਰੀ ਹੋ ਜਾਂਦੀ ਹੈ--

ਜੋ ਜੋ ਕਥੈ ਸੁਨੈ ਹਰਿ ਕੀਰਤਨੁ, ਤਾ ਕੀ ਦੁਰਮਤਿ ਨਾਸ ॥
ਸਗਲ ਮਨੋਰਥ ਪਾਵੈ ਨਾਨਕ, ਪੂਰਨ ਹੋਵੈ ਆਸ ॥

*(ਪੰਨਾ ੧੩੦੦)*

ਧਰਮ ਰਾਜਾ ਜਮਦੂਤਾਂ ਨੂੰ ਇਹ ਤਾੜਨਾ ਕਰ ਰਿਹਾ ਹੈ ਕਿ ਜਿਥੇ ਸਾਧੂ ਗੋਬਿੰਦ ਦਾ ਭਜਨ ਕਰ ਰਹੇ ਹੋਣ ਤੇ ਜਿਥੇ ਨਿੱਤ ਕੀਰਤਨ ਹੁੰਦਾ ਹੋਵੇ, ਤੁਸਾਂ ਉਸ ਅਸਥਾਨ ਦੇ ਨੇੜੇ ਨਹੀਂ ਜਾਣਾ, ਜੇ ਕਰ ਤੁਸੀਂ ਕਦੇ ਕਦਾਈਂ ਭੁੱਲ ਕੇ ਵੀ ਉਥੇ ਚਲੇ ਗਏ, ਤਾਂ ਫਿਰ ਨਾ ਮੈਂ, ਨਾ ਤੁਸੀਂ ਛੁੱਟ ਨਹੀਂ ਸਕੋਗੇ, ਹਰ ਹਾਲਤ ਵਿੱਚ ਦੋਸ਼ੀ ਬਣ ਕੇ ਸਜ਼ਾ ਪਾਉਗੇ । ਹਜ਼ੂਰ ਦਾ ਮਹਾਂਵਾਕ ਹੈ :

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥

ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥

(ਪੰਨਾ ੨੫੬)

ਪਖੰਡ ਸਹਿਤ ਕੀਤੇ ਕਰਮਾਂ ਧਰਮਾਂ ਨੂੰ ਤਾਂ ਜਮ ਜਾਗਾਤੀਏ ਪ੍ਰਲੋਕ ਦੇ ਰਾਹ ਵਿੱਚ ਹੀ ਲੁੱਟ ਲੈਂਦੇ ਹਨ। ਇਸ ਲਈ ਕਰਤਾ ਪੁਰਖ ਦਾ ਨਿਰਬਾਣ ਕੀਰਤਨ ਗਾਉ, ਇਉਂ ਨਿਮਖ ਮਾਤ੍ਰ ਸਿਮਰਨ ਕਰਨ ਨਾਲ ਹੀ ਛੁਟਕਾਰਾ ਹੋ ਜਾਵੇਗਾ--

ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥

*(ਪੰਨਾ ੪੭)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗੀਤ ਵਿੱਚ ਉਚਰੀ ਹੋਈ ਅੰਮ੍ਰਿਤ ਬਾਣੀ ਦਾ ਭੰਡਾਰ ਹਨ। ਕੀਰਤਨ ਗੁਰਸਿੱਖਾਂ ਦਾ ਜੀਵਨ ਆਧਾਰ ਹੈ। ਕੀਰਤਨ ਹੀ ਬੇਗਮਪੁਰੇ ਸ਼ਹਿਰ ਵਿੱਚ ਅਪੜਾਣ ਦਾ ਜ਼ਾਮਨ ਹੈ। ਗੁਰਸਿੱਖ ਸਾਧਕ ਕੀਰਤਨ ਰਾਹੀਂ ਹੀ ਅਖੰਡ ਸਮਾਧੀ ਵਿੱਚ ਲਿਵਲੀਨ ਹੁੰਦੇ ਹਨ ਅਤੇ ਹਮੇਸ਼ਾਂ ਵਿਸਮਾਦ ਰੰਗ ਵਿੱਚ ਰੰਗੇ ਰਹਿੰਦੇ ਹਨ।

ਕੀਰਤਨੀਏ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਹਦਾਇਤ ਸਦਾ ਯਾਦ ਰੱਖਣੀ ਚਾਹੀਦੀ ਹੈ -

ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥੧॥ *(ਪੰਨਾ ੮੮੫)*

ਅਰਥਾਤ- ਹੇ ਕੀਰਤਨੀਆ ! ਤੂੰ ਚੰਗੇ ਤੋਂ ਚੰਗਾ ਕੀਰਤਨੀਆ ਤਾਂ ਹੀ ਅਖਵਾ ਸਕਦਾ ਹੈਂ ਜੇ ਤੂੰ ਸਰਬ-ਵਿਆਪਕ ਰਾਮ ਦੇ ਗੁਣਾਂ ਦਾ ਗਾਇਨ ਕਰੇ ਤੇ ਹੋਰ ਮਾਇਆ ਦੇ ਧੰਧੇ ਤੇ ਪ੍ਰਯੋਜਨ ਛੱਡ ਦੇਵੇਂ।

## ਕੀਰਤਨ ਦੀ ਪ੍ਰਥਾ--

ਗੁਰਬਾਣੀ ਦੇ ਕੀਰਤਨ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਰੰਭ ਕੀਤੀ। ਗੁਰੂ ਜੀ ਖੁਦ ਵੀ ਕੀਰਤਨ ਗਾਉਂਦੇ ਸਨ। ਸਭ ਤੋਂ ਪਹਿਲਾਂ ਰਬਾਬੀ ਭਾਈ ਮਰਦਾਨੇ ਨੂੰ ਚੁਣਿਆ। ਭਾਈ ਮਰਦਾਨਾ ਆਪਣੀ ਜ਼ਿੰਦਗੀ ਦੇ ਅੰਤਲੇ ਪਲਾਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿੱਚ ਰਬਾਬ ਰਾਹੀਂ ਕੀਰਤਨ ਕਰ ਕੇ ਸਤਿਗੁਰਾਂ ਤੇ ਸੰਗਤ ਨੂੰ ਨਿਹਾਲ ਕਰਦਾ ਰਿਹਾ। ਚਹੁੰ ਉਦਾਸੀਆਂ ਦੇ ਸਮੇਂ ਵੀ ਹਮੇਸ਼ਾਂ ਸਤਿਗੁਰਾਂ ਦੇ ਨਾਲ ਰਿਹਾ। 'ਸਲੋਕ ਮਰਦਾਨਾ ੧' ਨਾਮ ਨਾਲ ਦੋ ਸਲੋਕ ਬਿਹਾਗੜੇ ਦੀ ਵਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੫੫੩ ਉੱਪਰ ਅੰਕਤ ਹਨ। ਇਹ ਦੋਨੋਂ ਸਲੋਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਰਦਾਨੇ ਪ੍ਰਥਾਇ ਉਚਾਰੇ ਹਨ। ਉਸ ਦੇ ਸਰੀਰ ਤਿਆਗਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਜ਼ੂਰ ਮਰਦਾਨੇ ਦੇ ਸ਼ਾਗਿਰਦ ਭਾਈ ਬਾਦੂ ਤੇ ਭਾਈ ਸਾਦੂ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਾ ਕੇ ਸਤਿਗੁਰਾਂ ਤੇ ਸੰਗਤਾਂ ਨੂੰ ਪ੍ਰਸੰਨ ਕਰਦੇ ਰਹੇ।

*(ਦੇਖੋ, ਤਵਾਰੀਖ ਗੁਰੂ ਖਾਲਸਾ, ਛਾਪਾ ਪੱਥਰ, ਕ੍ਰਿਤ ਗਿਆਨੀ ਗਿਆਨ ਸਿੰਘ, ਭਾਗ ਪਹਿਲਾ, ਪੰਨਾ ੧੭੬)*

ਭਾਈ ਸਾਦੂ ਤੇ ਭਾਈ ਬਾਦੂ ਦੋਵੇਂ ਰਬਾਬੀ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ

ਸਮੇਂ ਵੀ ਕੀਰਤਨ ਰਾਹੀਂ ਗੁਰੂ ਸਾਹਿਬ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ।

*(ਦੇਖੋ, ਤਵਾਰੀਖ ਗੁਰੂ ਖਾਲਸਾ, ਉਕਤ ਪੰਨਾ ੧੨੯)*

ਫਿਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸਾਦੂ ਤੇ ਭਾਈ ਬਾਦੂ ਦੇ ਪੁੱਤਰ ਸੱਤਾ ਤੇ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ ।

*(ਦੇਖੋ ਤਵਾਰੀਖ ਗੁਰੂ ਖਾਲਸਾ, ਉਕਤ ਦਾ ਪੰਨਾ ੧੯੪)*

ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਵਿੱਚ ਲਿਖਿਆ ਹੈ, ਕਿ ਸ੍ਰੀ ਗੁਰੂ ਅੰਗਦ ਦੇਵ, ਸ੍ਰੀ ਗੁਰੂ ਅਮਰਦਾਸ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਬਲਵੰਡ ਤੇ ਸੱਤਾ ਮਿਲ ਕੇ ਕੀਰਤਨ ਕਰਦੇ ਸਨ । ਭਾਈ ਸੰਤੋਖ ਸਿੰਘ ਜੀ ਨੇ ਸੱਤਾ ਤੇ ਬਲਵੰਡ ਦੋਨੋਂ ਭਾਈ ਲਿਖੇ ਹਨ । ਭਾਵ ਬਲਵੰਡ ਵੱਡਾ ਤੇ ਸੱਤਾ ਛੋਟਾ ਭਰਾ ਸੀ । ਜਿਵੇ-

ਹੁਤੋ ਡੂਮ ਬਲਵੰਡ ਮਹਾਨਾ । ਸੱਤਾ ਤਿਸ ਕੋ ਅਨੁਜ ਸੁਜਾਨਾ ।

*(ਦੇਖੋ, ਗੁਰੂ ਪ੍ਰਤਾਪ ਸੂਰਜ, ਰਾਸ ੩, ਅੰਸੂ ੪੩)*

ਪਰ ਬਾਵਾ ਕ੍ਰਿਪਾਲ ਸਿੰਘ 'ਭੱਲਾ' ਕ੍ਰਿਤ 'ਮਹਿਮਾ ਪ੍ਰਕਾਸ਼' ਜੋ ਸੰਮਤ ੧੮੫੭ ਬਿਕ੍ਰਮੀ ਵਿੱਚ ਲਿਖਿਆ ਗਿਆ ਹੈ, ਸੱਤੇ ਨੂੰ ਬਲਵੰਡ ਦਾ ਪੁੱਤਰ ਲਿਖਦਾ ਹੈ, ਜਿਵੇਂ ਕਿ -

ਬਲਵੰਡ ਪੁੱਤਰ ਸੱਤਾ ਤਹਿਂ ਆਇ । ਆਨ ਹਜੂਰ ਰਬਾਬ ਵਜਾਇ ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰੂ ਅਰਜਨ ਦੇਵ ਜੀ ਖੁਦ ਵੀ ਸਿਰੰਦੇ ਨਾਲ ਕੀਰਤਨ ਕੀਤਾ ਕਰਦੇ ਸਨ ਪਰ ਸਭ ਤੋਂ ਪਹਿਲਾਂ ਕ਼ੀਰਤਨ ਕਰਨ ਵਾਲੇ ਦੋ ਰਬਾਬੀ ਸੱਤਾ ਤੇ ਬਲਵੰਡ ਸਨ ਜੋ ਕਾਫੀ ਸਮਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹਜ਼ੂਰ ਕੀਰਤਨ ਕਰਦੇ ਰਹੇ । ਉਨ੍ਹਾਂ ਦੇ ਹੰਕਾਰੀ ਹੋ ਜਾਣ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰਸਿੱਖਾਂ ਨੂੰ ਕੀਰਤਨ ਦੀ ਬਖਸ਼ਸ਼ ਕੀਤੀ । ਪ੍ਰਉਪਕਾਰੀ ਭਾਈ ਲੱਧਾ ਜੀ ਲਾਹੌਰ ਨਿਵਾਸੀ ਦੀ ਸਿਫ਼ਾਰਸ਼ 'ਤੇ ਜਦ ਸੱਤਿਗੁਰਾਂ ਨੇ ਸੱਤੇ ਤੇ ਬਲਵੰਡ ਨੂੰ ਬਖ਼ਸ਼ ਦਿੱਤਾ ਤਦ ਉਹ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਨ ਲੱਗ ਪਏ । ਉਨ੍ਹਾਂ ਵੱਲੋਂ ਪੰਜਾਂ ਸਤਿਗੁਰਾਂ ਦੀ ਉਸਤਤ ਵਿੱਚ ਉਚਾਰੀ ਰਾਮਕਲੀ ਰਾਗ ਦੀ ਵਾਰ ਜਿਸ ਦੀਆਂ ੮ ਪਉੜੀਆਂ ਹਨ, ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਬਾਬਕ ਰਬਾਬੀ ਜੋ ਢਾਡੀ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਸਤਿਗੁਰਾਂ ਤੇ ਸੰਗਤਾਂ ਨੂੰ ਸੁਣਾਉਂਦਾ ਰਿਹਾ । ਕਈ ਲੇਖਕਾਂ ਦਾ ਖਿਆਲ ਹੈ ਕਿ ਭਾਈ ਬਾਬਕ ਕਈ ਸਾਲ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਕੀਰਤਨ ਕਰਦਾ ਰਿਹਾ ਹੈ । ਇਤਿਹਾਸ ਅਨੁਸਾਰ, ਇਸ ਨੇ ਅੰਮ੍ਰਿਤਸਰ ਦੀ ੧੬੯੧ ਬਿ: ਵਾਲੀ ਜੰਗ ਵਿੱਚ ਬਤੌਰ ਇਕ ਸ਼ਸਤ੍ਰਧਾਰੀ ਸੂਰਮੇ ਦੇ ਭਾਗ ਲਿਆ ਤੇ ਕੀਰਤਪੁਰ ਵਿਖੇ ੧੬੯੯ ਬਿ: ਨੂੰ ਬਾਬਕ ਦਾ ਦੇਹਾਂਤ ਹੋ ਗਿਆ ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਪ੍ਰਸਿੱਧ ਢਾਡੀ ਭਾਈ ਅਬਦੁੱਲਾ ਤੇ ਭਾਈ ਨੱਥਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਯੋਧਿਆਂ ਦੀਆਂ ਵਾਰਾਂ ਗਾ ਕੇ ਸੁਣਾਉ ਲਈ ਨੌਕਰ ਰੱਖ ਲਿਆ ਸੀ । ਅਬਦੁੱਲਾ ਦਾ ਅਸਲ ਨਾਮ ਮੀਰ ਅਬਦੁੱਲਾ ਸੀ ਤੇ ਇਹ ਪਿੰਡ ਸੁਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ

ਦਾ ਜੰਮ-ਪਲ ਸੀ ਤੇ ਰਬਾਬ ਵਜਾਉਣ ਵਿੱਚ ਬੜਾ ਮਾਹਰ ਸੀ । ਇਸ ਦਾ ਸਾਥੀ ਨੱਥਾ ਜਿਸ ਦਾ ਅਸਲ ਨਾਮ ਨਥ ਮਲ ਸੀ, ਉਸ ਦੇ ਖਾਨਦਾਨ 'ਚੋਂ ਨੌਵੀਂ ਪੀੜ੍ਹੀ ਭਾਈ ਫੱਤੇ ਦੇ ਕਹਿਣ ਅਨੁਸਾਰ ਭਾਈ ਅਬਦੁਲ ਤੇ ਨਥ ਮਲ ਦੋਵੇਂ ਮਾਸੀ ਦੇ ਪੁੱਤਰ ਭਰਾ ਸਨ । ਨਥ ਮਲ ਗੁਰੂ ਗੋਬਿੰਦ ਸਿੰਘ ਜੀ ਤੱਕ ਜ਼ਿੰਦਾ ਰਿਹਾ । ਨੰਦੇੜ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਉਥੇ ਸਤਿਗੁਰਾਂ ਕੋਲ ਸੀ ।

*(ਦੇਖੋ ਅਮਰਨਾਮਾ ਸੰਪਾਦਿਤ ਡਾ: ਗੰਡਾ ਸਿੰਘ)*

ਭਾਈ ਨੱਥਾ ਸੁਲਤਾਨਵਿੰਡ ਪਿੰਡ ਦਾ ਸੀ ਜੋ ਸ੍ਰੀ ਅੰਮ੍ਰਿਤਸਰ ਦੇ ਬਿਲਕੁਲ ਨਾਲ ਹੀ ਹੈ । ਇਹ ਢੱਡ ਵਜਾਉਣ ਵਿੱਚ ਉਸਤਾਦ ਸੀ । ਇਹ ਦੋਨੋਂ ਆਪਣੇ ਸਮੇਂ ਵਿੱਚ ਬਹੁਤ ਪ੍ਰਸਿੱਧ ਢਾਡੀ ਸਨ । ਇਹ ਦੋਨੋਂ ਜਿਥੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਯੋਧਿਆਂ ਵਿੱਚ ਬੀਰ-ਰਸ ਭਰਦੇ ਸਨ ਉਥੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰਬਾਣੀ ਦੇ ਕੀਰਤਨ ਰਾਹੀਂ ਸਰੋਤਿਆਂ ਦੀਆਂ ਸੁਰਤਾਂ ਨੂੰ ਅਕਾਲ ਪੁਰਖ ਨਾਲ ਜੋੜਦੇ ਸਨ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦ ੧੬੯੧ ਬਿ: ਦੀ ਅੰਮ੍ਰਿਤਸਰ ਜੰਗ ਤੋਂ ਬਾਅਦ ਕੀਰਤਪੁਰ ਚਲੇ ਗਏ ਤਾਂ ਪਿਛੋਂ ਦਿੱਲੀ ਦੀ ਕੇਂਦਰੀ ਸਰਕਾਰ ਦੀ ਮੱਦਦ ਨਾਲ ਪ੍ਰਿਥੀ ਚੰਦ ਦੇ ਸਪੁੱਤਰ ਮਿਹਰਵਾਨ (ਜਿਸ ਦਾ ਅਸਲ ਨਾਮ ਮਨੋਹਰ ਦਾਸ ਸੀ) ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਸਾਰਾ ਪ੍ਰਬੰਧ ਸੰਭਾਲ ਲਿਆ ਤੇ ਉਸ ਦੇ ਦੇਹਾਂਤ ੧੬੯੬ ਬਿਕ੍ਰਮੀ ਤੋਂ ਬਾਅਦ ਉਸ ਦੇ ਪੁੱਤਰ ਹਰਿ ਜੀ ਨੇ ਪ੍ਰਬੰਧ ਉੱਪਰ ਕਬਜ਼ਾ ਕਰ ਲਿਆ । ਇਹ ਕਬਜ਼ਾ ਹਰਿ ਜੀ ਦੇ ਦੇਹਾਂਤ ੧੭੫੩ ਬਿ: ਤੱਕ ਕਾਇਮ ਰਿਹਾ । ਇਨ੍ਹਾਂ ਦੋਹਾਂ ਮਿਹਰਵਾਨ ਅਤੇ ਹਰਿ ਜੀ ਦੇ ਪ੍ਰਬੰਧ ਸਮੇਂ ਕੌਣ ਰਾਗੀ ਜਾਂ ਰਬਾਬੀ ਅੰਦਰ ਕੀਰਤਨ ਕਰਦੇ ਰਹੇ ਕਿਸੇ ਲਿਖਤ ਵਿੱਚ ਜ਼ਿਕਰ ਹੁਣ ਤੱਕ ਸਾਨੂੰ ਨਹੀਂ ਮਿਲਿਆ । ਕੁਝ ਲੇਖਕਾਂ ਨੇ ਲਿਖਿਆ ਹੈ ਕਿ ਮਿਹਰਵਾਨ ਅਤੇ ਹਰਿ ਜੀ ਵੀ ਖੁਦ ਸੁੰਦਰ ਕੀਰਤਨ ਕਰਦੇ ਸਨ ।

ਸ੍ਰੀ ਅੰਮ੍ਰਿਤਸਰ ਦੀ ਸੰਗਤ ਦੀ ਬੇਨਤੀ ਮੰਨ ੧੭੫੬ ਬਿ: ਦੀ ਵੈਸਾਖੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਆ ਕੇ ਸਾਰਾ ਪ੍ਰਬੰਧ ਗੁਰਮਤਿ ਆਸ਼ੇ ਅਨੁਸਾਰ ਆਰੰਭ ਕੀਤਾ ਤੇ ਲਗਾਤਾਰ ਕੀਰਤਨ ਹੋਣ ਲੱਗਾ ਪਰ ਇਸ ਸਮੇਂ ਦੇ ਰਾਗੀਆਂ ਰਬਾਬੀਆਂ ਬਾਰੇ ਜ਼ਿਕਰ ਵੀ ਕਿਤੇ ਨਹੀਂ ਮਿਲਦਾ। ਭਾਈ ਸੰਤੋਖ ਸਿੰਘ ਜੀ ਨੇ ਗੁਰੁਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਵਿੱਚ ਭਾਈ ਸੱਦੂ ਤੇ ਭਾਈ ਮੱਦੂ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ -

"ਸੱਦੂ ਮੱਦੂ ਆਸਾ ਵਾਰ । ਕੀਰਤਨ ਕਰਤੇ ਰਾਗੁ ਸੁਧਾਰ ।"

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਗੁਰਮੁਖ ਤੇ ਸੰਤੋਖੀ ਰਾਗੀ ਸਿੰਘ ਭਾਈ ਮਨਸ਼ਾ ਸਿੰਘ ਬਾਰੇ ਜ਼ਿਕਰ ਮਿਲਦਾ ਹੈ ਕਿ ਉਸ ਨੂੰ ਮਹਾਰਾਜਾ ਸਾਹਿਬ ਨੇ ਮਾਇਆ, ਜਾਗੀਰ ਤੇ ਹੋਰ ਸਹੂਲਤਾਂ ਦੇਣੀਆਂ ਚਾਹੀਆਂ ਤਾਂ ਉਸ ਨੇ ਉਪ੍ਰੋਕਤ ਸਹੂਲਤਾਂ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਕਿਹਾ, ਕਿ ਜੇ ਮੈਨੂੰ ਕੁਝ ਦੇਣਾ ਹੋਵੇਗਾ ਤਾਂ ਉਹ ਗੁਰੂ ਰਾਮਦਾਸ ਜੀ ਮਹਾਰਾਜ ਹੀ ਬਖਸ਼ਸ਼ ਕਰਨਗੇ ਜਿਨ੍ਹਾਂ ਦੇ ਦਰਬਾਰ ਦਾ ਮੈਂ ਕੀਰਤਨੀਆਂ ਹਾਂ । ਉਨ੍ਹਾਂ ਤੋਂ ਬਾਅਦ ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀ ਡੇਰਾ ਆਟਾ ਮੰਡੀ ਵਾਲਿਆਂ ਦਾ ਜ਼ਿਕਰ ਆਉਂਦਾ ਹੈ, ਕਿ ਉਹ ਆਸਾ ਜੀ ਦੀ ਵਾਰ ਤੋਂ ਪਹਿਲਾਂ ਕਿਵਾੜ ਖੱਲ੍ਹਣ ਸਾਰ ਹੀ ਸਰੰਦੇ ਨਾਲ ਇਕ ਘੰਟਾ ਪ੍ਰੇਮ ਨਾਲ ਬਿਨਾਂ ਕਿਸੇ ਇਵਜ਼ਾਨੇ ਦੇ ਰੱਬੀ- ਰੰਗ ਵਿੱਚ ਰੰਗੀਜ ਕੇ ਕੀਰਤਨ ਕਰਦੇ ਸਨ । ਪੂਰੇ ੭੦ ਸਾਲ ਉਹ ਇਸ ਪ੍ਰੇਮ ਚੌਕੀ ਰਾਹੀਂ ਸੰਗਤਾਂ ਨੂੰ

ਕੀਰਤਨ ਸ੍ਰਵਣ ਕਰਾਉਂਦੇ ਰਹੇ । ਉਨ੍ਹਾਂ ਦਾ ਜਨਮ ੧੯੦੩ ਈ: ਤੇ ਦੇਹਾਂਤ ੧੯੨੬ ਈ: ਨੂੰ ਹੋਇਆ । ੧੯੨੩ ਈ: 'ਚ ਹੋਈ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਦੇ ਆਰੰਭ ਸਮੇਂ ਉਹ ਪੰਜਾਂ ਪਿਆਰਿਆਂ ਵਿੱਚ ਮੁਖੀ ਸਨ ।

'ਦਸਤੂਰਉਲ ਅਮਲ ਸ੍ਰੀ ਦਰਬਾਰ ਸਾਹਿਬ' ਨਾਮ ਦੀ ਉਰਦੂ ਵਿੱਚ ਛਪੀ ਪੁਸਤਕ ਜੋ ੧੯੧੬ ਤੋਂ ੧੯੪੦ ਬਿਕ੍ਰਮੀ ਦੇ ਦਰਮਿਆਨ ਲਿਖੀ ਗਈ ਵਿੱਚ ਲਿਖਿਆ ਹੈ ਕਿ ਉਸ ਸਮੇਂ ਰਾਗੀਆਂ ਤੇ ਰਬਾਬੀਆਂ ਦੀਆਂ ਕੁਲ ੧੫ ਚੌਂਕੀਆਂ ਸਨ, ਜਿਨ੍ਹਾਂ 'ਚੋਂ ਅੱਠ ਚੌਕੀਆਂ ਰਾਗੀਆਂ ਦੀਆਂ ਸੱਤ ਚੌਕੀਆਂ ਰਬਾਬੀਆਂ ਦੀਆਂ ਸਨ । ਉਨ੍ਹਾਂ ਚੌਕੀਆਂ ਦੇ ਮੁਖੀ ਰਾਗੀਆਂ ਤੇ ਰਬਾਬੀਆਂ ਦੇ ਨਾਮ ਇਸ ਪ੍ਰਕਾਰ ਹਨ :

## ਪਹਿਲੀਆਂ ਅੱਠ ਚੌਕੀਆਂ ਰਾਗੀਆਂ ਦੀਆਂ

| | |
|---|---|
| ੧. ਭਾਈ ਮਾਨ ਸਿੰਘ ਅਤੇ ਦੇਵਾ ਸਿੰਘ | ਇਕ ਚੌਕੀ |
| ੨. ਭਾਈ ਮਿਸ਼ਰਾ ਸਿੰਘ | " |
| ੩. ਭਾਈ ਲਹਿਣਾ ਸਿੰਘ | " |
| ੪. ਭਾਈ ਰਤਨ ਸਿੰਘ ਸੂਰਮਾ ਵਗੈਰਾ | " |
| ੫. ਭਾਈ ਗੰਡਾ ਸਿੰਘ ਆਦਿ | " |
| ੬. ਭਾਈ ਆਗਿਆ ਸਿੰਘ ਆਦਿ | " |
| ੭. ਭਾਈ ਬਿਸ਼ਨ ਸਿੰਘ (ਰਾਤ ਵਕਤ) | " |
| ੮. ਭਾਈ ਬੋਧ ਸਿੰਘ (ਰਾਤ ਵਕਤ) | " |

## ਦੂਜੀਆਂ ਸੱਤ ਚੌਕੀਆਂ ਰਬਾਬੀਆਂ ਦੀਆਂ

| | |
|---|---|
| ੧. ਭਾਈ ਬੋਹਨਾ ਆਦਿ ਸਮੇਤ | ਇਕ ਚੌਕੀ |
| ੨. ਭਾਈ ਕਾਹਨਾ ਆਦਿ ਸਮੇਤ | " |
| ੩. ਭਾਈ ਲਾਲ ਭਾਈ ਸਰਦਾਰੀ ਆਦਿ | " |
| ੪. ਭਾਈ ਅਤਰਾ ਆਦਿ | " |
| ੫. ਭਾਈ ਦਿੱਤੂ ਆਦਿ | " |
| ੬. ਭਾਈ ਅਮੀਰਾ ਆਦਿ | " |
| ੭. ਭਾਈ ਹੀਰਾ ਸ਼ਿਕਾਰ ਪੁਰੀਆ | " |

*(ਦੇਖੋ 'ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼' ਉਰਦੂ ਦਾ ਪੰਨਾ ੮੭-੮੮)*

'ਤਵਾਰੀਖ ਦਰਬਾਰ ਸਾਹਿਬ ਯਾਨੀ ਹਰਿਮੰਦਰ ਸਾਹਿਬ ਵਾਕਿਆ ਅੰਮ੍ਰਿਤਸਰ' ਜਿਸ ਦਾ ਲਿਖਣ ਸੰਮਤ ੧੯੨੬ ਬਿ: ਹੈ--ਵਿੱਚ ਪ੍ਰਕਰਮਾ ਦੇ ਬਾਹਰਲੇ ਬੁੰਗਿਆਂ ਦੀ ਜਾਣਕਾਰੀ ਦੇਂਦਿਆਂ ਪੰਜ ਰਾਗੀ ਸਿੰਘਾਂ ਦਾ ਜ਼ਿਕਰ ਆਇਆ ਹੈ-

੧. ਭਾਈ ਧੰਨਾ ਸਿੰਘ ਰਾਗੀ, ਬੁੰਗਾ ਨੰ: ੪, ਪੰਨਾ ੪੪ ।

੨. ਭਾਈ ਕਾਹਨ ਸਿੰਘ ਰਾਗੀ, ਬੁੰਗਾ ਨੰ: ੨੩, ਪੰਨਾ ੪੯ ।

੩. ਭਾਈ ਅਮਰ ਸਿੰਘ ਰਾਗੀ (ਗਿਆਨੀ), ਬੁੰਗਾ ਨੰ: ੩੦, ਪੰਨਾ ੫੧ ।

੪. ਭਾਈ ਚੜ੍ਹਤ ਸਿੰਘ ਰਾਗੀ ਤੇ ਉਸ ਦਾ ਭਰਾ ਭਾਈ ਦੇਵਾ ਸਿੰਘ ਰਾਗੀ, ਬੁੰਗਾ ਨੰ: ੬੧, ਪੰਨਾ ੫੨ ।

*(ਦੇਖੋ 'ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼' ਉਰਦੂ, ਸਿੱਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ ਵੱਲੋਂ ਛਪੀ)*

੧੯੭੨ ਬਿ: ਦੀ ਲਿਖੀ ਪੁਸਤਕ 'ਤਵਾਰੀਖ ਸ੍ਰੀ ਅੰਮ੍ਰਿਤਸਰ' ਵਿੱਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਰਾਗੀਆਂ ਵਿੱਚ ਪਹਿਲੇ ਪਹਿਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਤੱਕ ਆਸਾ ਦੀ ਵਾਰ ਦੀ ਚੌਕੀ ਕਰਦਾ ਰਿਹਾ । ਉਸ ਦੇ ਘਰ ਸੰਤਾਨ ਨਾ ਹੋਣ ਕਰ ਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾ ਕੇ ਆਪਣੀ ਥਾਂ ਕਾਇਮ ਕੀਤਾ, ਜਿਸ ਨੂੰ ਸਾਰੇ ਸਿੱਖਾਂ ਵੱਲੋਂ ਸਿਰੋਪਾ ਮਿਲਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰੋਪਾ ਤੇ ਕੁਝ ਜਾਗੀਰ ਬਖ਼ਸ਼ ਦਿੱਤੀ । ਉਸ ਦੇ ਸ਼ਾਗਿਰਦ ਤੇ ਉਸ ਦੀ ਸੰਤਾਨ ਭਾਈ ਜੀਤ ਸਿੰਘ ਆਦਿ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਵਿੱਚ ਆਸਾ ਦੀ ਵਾਰ ਦੀ ਚੌਕੀ ਕਰਦੇ ਹਨ । ਸਾਰੇ ਰਾਗੀਆਂ ਤੇ ਰਬਾਬੀਆਂ ਨੂੰ ੨੯੩ ਰੁਪਏ ਮਾਹਵਾਰ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਵਿੱਚੋਂ ਮਿਲਦੇ ਸਨ । ਸੰਗਤਾਂ ਵੱਲੋਂ ਦਿੱਤੀ ਸ਼ਬਦ ਭੇਟ ਇਸ ਤੋਂ ਵਖਰੀ ਹੈ ਉਸ ਦੇ ਕੀਰਤਨੀਏ ਹੱਕਦਾਰ ਸਨ । ਉਸ ਸਮੇਂ ਹੇਠ ਲਿਖੇ ਰਾਗੀ ਤੇ ਰਬਾਬੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਸਨ ।

(ਦੇਖੋ ਅੰਤਿਕਾ ਨੰ. ੩)

ਉਪ੍ਰੋਕਤ ਸਾਰੇ ਰਾਗੀ ਅਤੇ ਰੂਬਾਬੀ ਜਿਨ੍ਹਾਂ ਸਾਜ਼ਾਂ ਦੁਆਰਾ ਕੀਰਤਨ ਕਰਦੇ ਸਨ ਏਹ ਸਨ : ਸਰੰਦਾ, ਤਾਊਸ, ਸਤਾਰ, ਤੰਬੂਰਾ, ਦਿਲ ਰੁਬਾ, ਰਬਾਬ, ਦੋਤਾਰਾ, ਹਾਰਮੋਨੀਅਮ ਅਤੇ ਤਬਲਾ (ਜੋੜੀ)।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਇਨ੍ਹਾਂ ਸਾਜ਼ਾਂ ਦੀ ਮਨਾਹੀ ਹੈ : ਮੁਰਲੀ (ਬੰਸਰੀ) ਨਗੋਜ਼ੇ, ਇਕਤਾਰਾ, ਸਾਰੰਗੀ ।

## ਰਬਾਬੀ ਸ੍ਰੀ ਹਰਿਮੰਦਰ ਸਾਹਿਬ

੧. **ਭਾਈ ਬੂੜਾ**–ਜਿਸ ਨੂੰ ੨੫ ਹਾੜ ੧੯੩੩ ਬਿ: ਨੂੰ ਲਿਖਤ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀਆਂ ਤੇ ਪੁਜਾਰੀਆਂ ਦੇ ਘਰੀਂ ਕੀਰਤਨ ਕਰਨ ਦੀ ਸ਼ਬਦ ਭੇਟ ਨਿਸਚਿਤ ਕੀਤੀ ਗਈ ਸੀ । ਜਿਸ ਉਪਰ ਉਸ ਸਮੇਂ ਦੇ ਗ੍ਰੰਥੀ ਸਿੰਘਾਂ, ਪੁਜਾਰੀਆਂ ਤੇ ਅਰਦਾਸੀਆਂ ਦੇ ਦਸਤਖ਼ਤ ਹਨ । ਭਾਈ ਬੂੜਾ, ਭਾਈ ਬਾਬਕ ਦੀ ਵੰਸ਼ 'ਚੋਂ ਸੀ ਤੇ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਸੇਵਾ ਕਰ ਰਿਹਾ ਸੀ ।

(ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੀ ਮੁਖੀ ਬੀਬੀ ਮਦਨਜੀਤ ਕੌਰ ਲਿਖਤ ਪੁਸਤਕ 'ਗੋਲਡਨ ਟੈਂਪਲ' ਅੰਗਰੇਜ਼ੀ, ਪੰਨਾ ੨੦੭)

੨. **ਭਾਈ ਅਤਰਾ ਦਾ ਜਥਾ** – ਭਾਈ ਅਤਰਾ ਜਥੇਦਾਰ ਸੀ ਤੇ ਭਾਈ ਵਸਾਵਾ ਸਹਾਇਕ ਸਨ, ਜੋੜੀ ਵਾਲਾ ਭਾਈ ਬਾਗ ਸੀ । ਜਿਸ ਨੂੰ ਲੋਕ ਜੋੜੀ ਦਾ ਅਵਤਾਰ ਕਹਿੰਦੇ ਸਨ । ਭਾਈ ਬਾਗ ਦੇ ਦੋ ਪੁੱਤਰ ਭਾਈ ਅਮੀਰ ਤੇ ਭਾਈ ਚਰਾਗ ਸਨ । ਇਹ ਦੋਨੋਂ ਹੀ ਜੋੜੀ ਵਜਾਉਣ ਦੇ ਬੜੇ ਮਾਹਰ ਸਨ । ਚਰਾਗ ਦਾ ਪੁੱਤਰ ਨਸੀਰਾ ਵੀ ਜੋੜੀ ਦਾ ਮਾਹਰ ਸੀ ।

**੩. ਭਾਈ ਮੋਤੀ ਦਾ ਜਥਾ-੪. ਭਾਈ ਖੁਸ਼ੀਏ ਦਾ ਜਥਾ-**

ਭਾਈ ਅਨਾਇਤ ਸਹਾਇਕ ਤੇ ਭਾਈ ਫੈਜ਼ ਜੋੜੀ ਵਾਲਾ ਸੀ।

**੫. ਭਾਈ ਖੈਰ ਗਿੱਡੂ ਜਥੇਦਾਰ,** ਉਸ ਦਾ ਪੁੱਤਰ ਭਾਈ ਲੱਭੂ ਸਹਾਇਕ, ਜੋੜੀ ਵਾਲਾ ਭਾਈ ਮਹੰਧਾ, ਜਿਸ ਨੂੰ ਜੋੜੀ ਦਾ ਅਵਤਾਰ ਕਹਿੰਦੇ ਸਨ। ਇਹ ਕੰਨਾਂ ਤੋਂ ਬੋਲਾ ਸੀ।

੬. ਖੈਰ ਗਿੱਡੂ ਦਾ ਦੂਜਾ ਪੁੱਤਰ ਸਾਈਂ ਦਿੱਤਾ ਸੀ। ਭਾਈ ਸਾਈਂ ਦਿੱਤਾ ਜਥੇਦਾਰ, ਜੋੜੀ ਵਾਲਾ ਸਾਈਂ ਦਿੱਤਾ ਦਾ ਪੁੱਤਰ ਦੇਸਾ ਸੀ। ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਤੇ ਪ੍ਰੋ: ਦਰਸ਼ਨ ਸਿੰਘ 'ਕੋਮਲ' ਇਹ ਤਿੰਨੇ ਹੀ ਸਾਈਂ ਦਿੱਤੇ ਦੇ ਸ਼ਾਗਿਰਦ ਸਨ। ਕਿਉਂਕਿ ਭਾਈ ਸਾਈਂ ਦਿੱਤਾ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨ ਤੋਂ ਇਲਾਵਾ ਚੀਫ਼ ਖਾਲਸਾ ਦੀਵਾਨ ਦੇ ਸੈਂਟਰਲ ਖਾਲਸਾ ਯਤੀਮਖਾਨਾ ਵਿੱਚ ਵੀ ਯਤੀਮ ਬੱਚਿਆਂ ਨੂੰ ਕੀਰਤਨ ਸਿਖਾਉਣ ਜਾਂਦਾ ਸੀ।

**੭. ਭਾਈ ਲਾਲ**- ਜਥੇਦਾਰ, ਭਾਈ ਲਾਲ ਦੇ ਸ਼ਾਗਿਰਦ ਸਨ ਸੰਤਾ ਸਿੰਘ, ਨਰਿੰਦਰ ਸਿੰਘ ਮਧਰਾ, ਭਾਈ ਚਾਂਦ, ਭਾਈ ਦੇਸਾ, ਭਾਈ ਜਗਤ ਸਿੰਘ, ਦਰਬਾਰਾ ਸਿੰਘ ਵੱਲੇ ਦਾ।

**੮. ਭਾਈ ਦੇਸਾ ਦਾ ਜਥਾ**-ਆਪਣੇ ਪਿਤਾ ਭਾਈ ਸਾਈਂ ਦਿੱਤੇ ਦੇ ਦੇਹਾਂਤ ਤੋਂ ਬਾਅਦ ਭਾਈ ਦੇਸਾ ਜਥਾ ਬਣਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦਾ ਰਿਹਾ। ਸਹਾਇਕ ਭਾਈ ਤਾਬਾ ਜੋੜੀ ਤੇ ਭਾਈ ਸੰਤੂ ਸੀ।

**੯. ਭਾਈ ਸੁੰਦਰ ਦਾ ਜਥਾ-**

**੧੦. ਭਾਈ ਚਾਂਦ ਦਾ ਜਥਾ**-ਸਹਾਇਕ ਭਾਈ ਚਾਨਣ ਤੇ ਜੋੜੀ ਤੇ ਚਾਂਦ ਦਾ ਭਰਾ ਬਖਸ਼ੀ ਫਿਰ ਭਾਈ ਸਾਈਂ ਸੀ।

ਇਹ ਲੰਮਾ ਸਮਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦਾ ਰਿਹਾ। ਗੁਰਬਾਣੀ ਦੇ ਬੜੇ ਢੁਕਵੇਂ ਪ੍ਰਮਾਣ ਇਸ ਤਰ੍ਹਾਂ ਦੇਣੇ ਕਿ ਸਮੇਂ ਨੂੰ ਪ੍ਰਤੱਖ ਕਰ ਦੇਣਾ। ਗੁਰਬਾਣੀ ਦੇ ਪ੍ਰਮਾਣਾਂ ਨਾਲ ਗੁਰਮਤਿ ਸਿਧਾਂਤਾਂ ਤੇ ਗੁਰਬਾਣੀ ਦੇ ਅਰਥਾਂ ਦੀ ਵਿਆਖਿਆ ਹੋ ਜਾਣੀ। ਢੁਕਵੇਂ ਪ੍ਰਮਾਣ ਦੇਣ ਦੇ ਹੁਨਰ ਵਿੱਚ ਪੂਰਾ ਕਾਮਯਾਬ ਸੀ। ੧੯੩੯-੪੦ ਈ: ਵਿੱਚ ਮੈਂ ਆਪ ਭਾਈ ਚਾਂਦ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੁਣਦਾ ਰਿਹਾ। ਇਸ ਦੇ ਟਾਈਮ ਵਿੱਚ ਸੰਗਤਾਂ ਬਹੁਤ ਜੁੜਦੀਆਂ ਸਨ। ਭਾਈ ਚਾਂਦ ਦਾ ਪਿੱਛਾ ਸਤਲਾਣੀ ਪਿੰਡ ਦਾ ਸੀ। ਇਸ ਦੇ ਪਿਤਾ ਦਾ ਨਾਮ ਭਾਈ ਬੁੱਢਾ ਸੀ। ਕਹਿੰਦੇ ਹਨ, ਕਿ ਭਾਈ ਬੁੱਢੇ ਨੇ ਸਾਰਾ ਗੁਰਪ੍ਰਤਾਪ ਸੂਰਜ ਕੰਠ ਵਰਗਾ ਸੀ।

ਭਾਈ ਅਰਜਨ ਸਿੰਘ 'ਤਰੰਗੜ' ਨੇ ਦੱਸਿਆ, ਕਿ ਭਾਈ ਬੁੱਢੇ ਨੇ ਮੇਰਾ ਕਈ ਵਾਰ ਜੋੜੀ ਦਾ ਇਮਤਿਹਾਨ ਲਿਆ ਸੀ। ਭਾਈ ਚਾਂਦ ੧੯੪੭ ਈ: 'ਚ ਪਾਕਿਸਤਾਨ ਚਲਾ ਗਿਆ।

**੧੧. ਭਾਈ ਤਾਬੇ ਦਾ ਜਥਾ**-ਸਹਾਇਕ ਗੁਰਚਰਨ ਸਿੰਘ ਤੇ ਜੋੜੀ 'ਤੇ ਭਾਈ ਮਸਤਾਨ ਸਿੰਘ ਸੂਰਮਾ। ਭਾਈ ਤਾਬਾ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਵੀ ਕਰਦਾ ਸੀ ਤੇ ਰਾਗੀਆਂ ਤੇ ਰਬਾਬੀਆਂ ਨੂੰ ਕੀਰਤਨ ਸਿਖਾਲਦਾ ਵੀ ਸੀ।

ਨੋਟ-ਉਪ੍ਰੋਕਤ ਰਬਾਬੀਆਂ ਬਾਰੇ ਇਹ ਸਾਰੀ ਜਾਣਕਾਰੀ ਭਾਈ ਅਰਜਨ ਸਿੰਘ ਤਰੰਗੜ ਤੇ ਭਾਈ ਦਇਆ ਸਿੰਘ ਜੀ ਨੇ ਲਿਖਵਾਈ ਜੋ ਢੇਰ ਚਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜੋੜੀ ਵਜਾਉਂਦੇ ਰਹੇ ਹਨ।

## ਰਾਗੀ ਸਿੰਘ ਸ੍ਰੀ ਹਰਿਮੰਦਰ ਸਾਹਿਬ

**੧. ਬਾਬਾ ਕਪੂਰ ਸਿੰਘ (ਸੂਰਮਾ)** ਜੱਟ ਸਿੱਖ ਪਿੰਡ ਕੈਰੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਸਨ। ਆਪ ਸੰਗੀਤ ਦੇ ਮਹਾਨ ਵਿਦਵਾਨ ਤੇ ਉਸਤਾਦ ਸਨ। ਇਨ੍ਹਾਂ ਦੀ ਸਿਫਤ ਮਹੰਤ ਗੱਜਾ ਸਿੰਘ ਦੇ ਰਾਹੀਂ ਸੁਣ ਕੇ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ਇਨ੍ਹਾਂ ਨੂੰ ਪਟਿਆਲੇ ਰੱਖ ਕੇ ੨੫੦)x ਮਾਹਵਾਰ ਤਨਖਾਹ ਦੇ ਕੇ ਇਕ ਸੰਗੀਤ ਦੀ ਪੁਸਤਕ ਲਿਖਵਾਈ ਸੀ। ਪ੍ਰਸਿੱਧ ਰਾਗੀ ਭਾਈ ਮੱਖਣ ਸਿੰਘ ਅਤੇ ਭਾਈ ਲਾਭ ਸਿੰਘ ਦੋਨੋਂ ਤੇ ਤੀਜਾ ਜਵਾਹਰ ਸਿੰਘ ਸੂਰਮਾ ਜਿਨ੍ਹਾਂ ਦੇ ਜਥੇ ਦੀ ਸ੍ਰੀ ਅਕਾਲ ਤਖ਼ਤ ਦੋ ਵਕਤ ਕੀਰਤਨ ਕਰਨ ਦੀ ਪੱਕੀ ਡਿਊਟੀ ਸੀ। ਇਨ੍ਹਾਂ ਦਾ ਸਹਾਇਕ ਕਰਤਾਰ ਸਿੰਘ ਸੂਰਮਾ ਤੇ ਜੋੜੀ 'ਤੇ ਨਾਹਰ ਸਿੰਘ ਸੀ। ਇਹ ਤਿੰਨੇ ਬਾਬਾ ਕਪੂਰ ਸਿੰਘ ਦੇ ਸ਼ਾਗਿਰਦ ਸਨ। ਬਾਬਾ ਕਪੂਰ ਸਿੰਘ ਦੇ ਉਸਤਾਦ ਬਾਬਾ ਮਿਸ਼ਰਾ ਸਿੰਘ ਜੀ ਸਨ, ਬਾਬਾ ਮਿਸ਼ਰਾ ਸਿੰਘ ਦੇ ਉਸਤਾਦ ਅੰਤਰਜਾਮੀਆਂ ਦੇ ਡੇਰੇ ਵਾਲੇ ਸਭ ਤੋਂ ਵੱਡੇ ਉਸਤਾਦ ਬਾਬਾ ਵਸਾਵਾ ਸਿੰਘ ਜੀ ਰੰਗੀ ਰਾਮ ਸਨ। ਰੰਗੀ ਰਾਮ ਉਨ੍ਹਾਂ ਦਾ ਉਪ ਨਾਮ ਸੀ। ਉਸ ਸਮੇਂ ਉਦਾਸੀ ਸੰਤਾਂ ਵਿੱਚੋਂ ਸੂਰ ਸਾਗਰ ਜੀ ਸੰਗੀਤ ਦੇ ਪ੍ਰਸਿੱਧ ਉਸਤਾਦ ਸਨ। ਰਾਮ ਜੀ ਦਾਸ ਉਦਾਸੀ ਤੇ ਬਾਬਾ ਮਿਸ਼ਰਾ ਸਿੰਘ ਸੂਰ ਸਾਗਰ ਦੇ ਵੀ ਸ਼ਾਗਿਰਦ ਸਨ। ਬਾਬਾ ਕਪੂਰ ਸਿੰਘ ਜੀ ਜਥੇ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਸੇਵਾ ਕਰਦੇ ਰਹੇ।

**੨. ਬਾਬਾ ਗੁਰਮੁਖ ਸਿੰਘ ਜੀ** ਤੇ ਬਾਬਾ ਹਰਸਾ ਸਿੰਘ ਜੀ ਆਪਣੇ ਸਮੇਂ ਦੇ ਬਹੁਤ ਪ੍ਰਸਿੱਧ ਰਾਗੀ ਸਨ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਹੇ।

**੩. ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਜੀ ਠਰੂਕੇ**- ਜਿਨ੍ਹਾਂ ਦਾ ਜਨਮ ੧੮੭੯ ਈਸਵੀ ਤੇ ਦੇਹਾਂਤ ੧੯੨੬ ਈਸਵੀ ਨੂੰ ਹੋਇਆ। ਇਹ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਸਿੱਧ ਰਾਗੀ ਤੇ ਗੁਰਬਾਣੀ ਦੇ ਪ੍ਰਬੀਨ ਵਿਆਖਿਆਕਾਰ ਸਨ।

**੪. ਭਾਈ ਗੁਰਬਚਨ ਸਿੰਘ ਜੀ**- ਸਹਾਇਕ ਭਾਈ ਮੱਖਣ ਸਿੰਘ ਜੀ ਅਤੇ ਜੋੜੀ ਵਾਲਾ ਭਾਈ ਅਰਜਨ ਸਿੰਘ ਸੀ।

**੫. ਭਾਈ ਮੱਖਣ ਸਿੰਘ ਜੀ**-ਭਾਈ ਗੁਰਬਚਨ ਸਿੰਘ ਤੋਂ ਬਾਅਦ ਭਾਈ ਮੱਖਣ ਸਿੰਘ ਜਥੇਦਾਰ ਬਣਿਆ। ਤੰਤੀ ਸਾਜ਼ਾਂ ਨਾਲ ਕੀਰਤਨ ਕਰਦਾ ਸੀ, ਪੂਰੇ ਪੈਂਤੀ ਸਾਲ ੧੯੩੯ ਈਸਵੀ ਤੱਕ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ 'ਆਸਾ ਜੀ ਦੀ ਵਾਰ' ਦਾ ਕੀਰਤਨ ਕਰਦਾ ਰਿਹਾ ਤੇ ਸੋਦਰੁ ਦੀ ਚੌਂਕੀ ਸ੍ਰੀ ਅਕਾਲ ਤਖ਼ਤ ਸਾਹਿਬ ਕਰਦਾ ਸੀ। ਸਾਰੀ ਸਰਵਿਸ ਵਿੱਚ ਇਕ ਦਿਨ ਦੀ ਵੀ ਛੁੱਟੀ ਨਹੀਂ ਲਈ ਤੇ ਨਾ ਹੀ ਗੈਰ ਹਾਜ਼ਰੀ ਕੀਤੀ। ਭਾਈ ਲਾਭ ਸਿੰਘ ਤੇ ਸ: ਬਿਸ਼ਨ ਸਿੰਘ ਸਹਾਇਕ ਤੇ ਭਾਈ ਗੋਪਾਲ ਸਿੰਘ ਦਾ ਪੁੱਤਰ ਪ੍ਰਤਾਪ ਸਿੰਘ ਜੋੜੀ ਵਾਲਾ ਸੀ। ਬਾਅਦ ਵਿੱਚ ਸ: ਕਪੂਰ ਸਿੰਘ ਜੋੜੀ 'ਤੇ ਰਿਹਾ। ਚਾਰ ਸਿੰਘਾਂ ਦੀ ਚੌਂਕੀ ਹੁੰਦੀ ਸੀ।

ਆਪ ਤਾਊਸ ਦੂਜਾ ਸਹਾਇਕ ਸਰੰਦਾ ਤੇ ਤੀਜਾ ਸਹਾਇਕ ਹਾਰਮੋਨੀਅਮ ਤੇ ਚੌਥਾ ਤਬਲਾ (ਜੋੜੀ) ਵਜਾਉਂਦਾ। ਪੁਰਾਤਨ ਸੰਗੀਤ ਦੀਆਂ ਰੀਤਾਂ ਨਾਲ ਕੀਰਤਨ ਕਰਦੇ। ਟੁੰਡੇ ਅਸਰਾਜੇ ਕੀ ਧੁਨੀ ਗਾਇਆ ਕਰਦੇ ਸਨ। ਰਾਗੀ ਭਾਈ ਬਚਿੱਤ੍ਰ ਸਿੰਘ ਦੇ ਦੱਸਣ ਅਨੁਸਾਰ-

"ਇਕ ਵਾਰ ਕਮੇਟੀ ਨੇ ਭਾਈ ਸੰਤਾ ਸਿੰਘ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ ਤਾਂ ਸਾਰੇ ਸ਼ਹਿਰ ਵਿੱਚ ਖੱਪ ਪੈ ਗਈ, ਫਿਰ ਭਾਈ ਮੱਖਣ ਸਿੰਘ ਹੀ ਆਸਾ ਦੀ ਵਾਰ ਦਾ

ਕੀਰਤਨ ਕਰਦਾ ਰਿਹਾ।"

**੬. ਭਾਈ ਸੁੰਦਰ ਸਿੰਘ ਜੀ ਮੁੱਖ ਰਾਗੀ**-ਇਹ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਨ ਲੱਗੇ ਤਾਂ ਅਜੇ ਨੌਜਵਾਨ ਹੀ ਸਨ, ਇਨ੍ਹਾਂ ਦਾ ਤਾਇਆ ਬਾਬਾ ਉੱਤਮ ਸਿੰਘ ਜੀ ਰਾਗੀ ਇਨ੍ਹਾਂ ਦਾ ਸਹਾਇਕ ਸੀ ਤੇ ਜੋੜੀ ਵਾਲਾ ਬਾਬਾ ਮਤਾਬ ਸਿੰਘ ਸੀ ਜੋ ਜੋੜੀ ਦਾ ਉਸਤਾਦ ਸੀ। ਕੁਝ ਸਮਾਂ ਭਾਈ ਨਰਿੰਦਰ ਸਿੰਘ ਬਾਂਕਾ ਸਹਾਇਕ ਤੇ ਭਾਈ ਰਣਜੀਤ ਸਿੰਘ ਜੋੜੀ ਵਜਾਉਂਦਾ ਰਿਹਾ। ਇਹ ਜਾਤ ਦੇ ਰੋੜੇ ਆਟਾ ਮੰਡੀ ਅੰਮ੍ਰਿਤਸਰ ਦੇ ਵਸਨੀਕ ਸਨ। ਭਾਈ ਸੁੰਦਰ ਸਿੰਘ ਦਾ ਪੁੱਤਰ ਘਨਸ਼ਾਮ ਸਿੰਘ ਸੀ। ਬਾਬਾ ਮਤਾਬ ਸਿੰਘ ਦੇ ਬਹੁਤੇ ਸ਼ਾਗਿਰਦ ਅੰਮ੍ਰਿਤਸਰ ਦੇ ਹੀ ਸਨ। ੧੯੩੯ ਈ: ਵਿੱਚ ਅਲੀ ਬੇਗ ਜ਼ਿਲ੍ਹਾ ਗੁਜਰਾਤ ਕੀਰਤਨ ਕਰਨ ਗਏ ਮੁਸਲਮਾਨਾਂ ਦੇ ਫਸਾਦਾਂ ਸਮੇਂ ਭਾਈ ਸੁੰਦਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ।

**੭. ਭਾਈ ਸੰਤ ਸਿੰਘ ਜੀ**-ਜੋ ਮਹੰਤ ਉਤਮ ਸਿੰਘ ਜੀ ਗਲੀ ਸਤੋ ਵਾਲੀ ਦੇ ਭਰਾ ਸਨ, ਸਹਾਇਕ ਉਨ੍ਹਾਂ ਦਾ ਪੁੱਤਰ ਨਿਰੰਜਨ ਸਿੰਘ, ਤਬਲੇ 'ਤੇ ਸੰਤੋਖ ਸਿੰਘ ਸੂਰਮਾ 'ਤੇ ੧੯੩੫ ਈ: ਤੋਂ ੧੯੪੦ ਈ: ਤੱਕ ਭਾਈ ਦਇਆ ਸਿੰਘ ਡੇਰਾ ਬਾਬਾ ਮਿਸ਼ਰਾ ਸਿੰਘ ਰਹੇ। ਇਸ ਜਥੇ ਦੀ ਪੱਕੀ ਡਿਊਟੀ ਤਿੰਨ ਪਹਿਰੇ ਦੀ ਸੀ।

**੮. ਭਾਈ ਪ੍ਰਤਾਪ ਸਿੰਘ ਲੋਲਾ**- ਸਹਾਇਕ ਭਾਈ ਗੁਰਚਰਨ ਸਿੰਘ, ਜੋੜੀ ਵਾਲਾ ਅਜੈਬ ਸਿੰਘ ਸੀ, ਭਾਈ ਪ੍ਰਤਾਪ ਸਿੰਘ ਸੰਗੀਤ ਦਾ ਚੰਗਾ ਮਾਹਰ ਸੀ, ਪੁਰਾਤਨ ਰੀਤਾਂ ਗਾਉਂਦਾ ਸੀ।

**੯. ਭਾਈ ਮਾਨ ਸਿੰਘ ਜੀ**-ਵਰਤਮਾਨ ਪ੍ਰਸਿੱਧ ਰਾਗੀ ਭਾਈ ਹਰੀ ਸਿੰਘ ਜੀ ਦੇ ਉਸਤਾਦ ਸਨ। ਭਾਈ ਹਰੀ ਸਿੰਘ ਜੀ ਕਾਫ਼ੀ ਸਮਾਂ ਇਨ੍ਹਾਂ ਨਾਲ ਬਤੌਰ ਸਹਾਇਕ ਕੀਰਤਨ ਦੀ ਸੇਵਾ ਕਰਦੇ ਰਹੇ। ਭਾਈ ਮਾਨ ਸਿੰਘ ਜੀ ੧੯੪੮ ਈ: ਵਿੱਚ ਰੀਟਾਇਰ ਹੋ ਗਏ। ਭਾਈ ਹਰਨਾਮ ਸਿੰਘ ਜੋੜੀ ਵਾਲਾ ਤੇ ਭਾਈ ਮਤਾਬ ਸਿੰਘ ਸਹਾਇਕ, ਦੋਨੋਂ ਭਾਈ ਲਾਲ ਦੇ ਸ਼ਾਗਿਰਦ ਸਨ। ਭਾਈ ਲਾਲ ਪੰਡਿਤ ਭਾਸਕਰ ਰਾਉ ਦਾ ਸ਼ਾਗਿਰਦ ਸੀ।

**੧੦. ਭਾਈ ਨਰਿੰਦਰ ਸਿੰਘ ਜੀ ਮਧਰਾ**- ਪਹਿਲਾਂ ਜੀਵਨ ਸਿੰਘ ਫਿਰ ਭਾਈ ਅਰਜਨ ਸਿੰਘ ਤੇ ਫਿਰ ਭਾਈ ਬਚਿੱਤਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਇਨ੍ਹਾਂ ਨਾਲ ਬਤੌਰ ਸਹਾਇਕ ਕੀਰਤਨ ਕਰਦੇ ਰਹੇ। ਜੋੜੀ ਵਾਲਾ ਭਾਈ ਤਖ਼ਤ ਸਿੰਘ ਸੀ।

**੧੧. ਭਾਈ ਨਰਿੰਦਰ ਸਿੰਘ ਜੀ ਬਾਂਕਾ**- ਇਹ ਪਹਿਲਾਂ ਭਾਈ ਸੁੰਦਰ ਸਿੰਘ ਦਾ ਸਹਾਇਕ ਰਿਹਾ ਫਿਰ ਆਪ ਜਥੇਦਾਰ ਬਣ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰਦਾ ਰਿਹਾ। ਸਹਾਇਕ ਤਾਰਾ ਸਿੰਘ ਰਾਜਾਸਾਂਸੀ ਤੇ ਜੋੜੀ ਵਾਲਾ ਭਾਈ ਦਇਆ ਸਿੰਘ ਸੀ।

**੧੨. ਭਾਈ ਬਚਿੱਤਰ ਸਿੰਘ ਜੀ**-੧੯੩੫ ਈ: ਤੋਂ ੧੯੫੭ ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਹੇ। ਸਹਾਇਕ ਕਰਤਾਰ ਸਿੰਘ ਭੰਗੜ ਤੇ ਭਾਈ ਅਜੈਬ ਸਿੰਘ ਜੋੜੀ ਵਾਲਾ ਸੀ। ਬ੍ਰਿਧ ਹੋਣ ਦੇ ਬਾਵਜੂਦ ਅਜੇ ਵੀ ਗਲਾ ਰਸੀਲਾ ਹੈ ਤੇ ਵਿਚਰ ਕੀਰਤਨ ਕਰ ਰਹੇ ਸਨ।

**੧੩. ਪ੍ਰਸਿੱਧ ਰਾਗੀ ਭਾਈ ਸੰਤਾ ਸਿੰਘ ਜੀ**-(ਜਨਮ ੧੯੦੪ ਈ: ਦੇਹਾਂਤ ੧੯੬੬ ਈ:) ਸਹਾਇਕ ਭਾਈ ਸੁਰਜਨ ਸਿੰਘ (ਜਨਮ ੧੯੧੧ ਈ: ਦੇਹਾਂਤ ੧੯੬੫ ਈ:) ਸੈਂਟ੍ਰਲ ਖਾਲਸਾ

ਯਤੀਮਖਾਨਾ ਵਿਖੇ ਭਾਈ ਸਾਈਂ ਦਿੱਤੇ ਦੇ ਦੋਨੋਂ ਸ਼ਾਗਿਰਦ ਬਣ ਕੇ ਕੀਰਤਨ ਸਿੱਖਦੇ ਰਹੇ। ਜੋੜੀ ਵਾਲਾ ਸੰਤਾ ਸਿੰਘ ਦਾ ਭਰਾ ਜਬਰਜੰਗ ਸਿੰਘ ਸੀ। ਭਾਈ ਸੁਰਜਨ ਸਿੰਘ ਤੋਂ ਬਾਅਦ ਭਾਈ ਸੰਤਾ ਸਿੰਘ ਦਾ ਛੋਟਾ ਭਰਾ ਭਾਈ ਸ਼ਮਸ਼ੇਰ ਸਿੰਘ ਸਹਾਇਕ ਰਿਹਾ। ਮਿਲਤ ਬਹੁਤ ਚੰਗੀ ਸੀ। ਆਸਾ ਜੀ ਦੀ ਵਾਰ ਦੀ ਸੈਟਿੰਗ ਵਧੀਆ ਸੀ। ਗਲੇ ਚੰਗੇ ਤੇ ਆਵਾਜ਼ਾਂ ਸੁਰੀਲੀਆਂ ਸਨ। ਕੀਰਤਨ ਕਰਨ ਸਮੇਂ ਹਿਲਦੇ-ਜੁਲਦੇ ਨਹੀਂ ਸਨ, ਟਿਕ ਕੇ ਕੀਰਤਨ ਕਰਦੇ, ਪ੍ਰਮਾਣ ਨਹੀਂ ਸਨ ਦੇਂਦੇ। ਕੀਰਤਨ ਵਿੱਚ ਰਸ ਸੀ। ਪਹਿਲਾਂ ਗੁਰਦੁਆਰਾ ਬਾਬਾ ਅਟੱਲ ਸਾਹਿਬ ਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਦੇ ਰਹੇ। ਭਾਈ ਮੱਖਣ ਸਿੰਘ ਤੋਂ ਬਾਅਦ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਪੱਕੀ ਡਿਊਟੀ ਲੱਗੀ।

**੧੪. ਭਾਈ ਮੇਹਰ ਸਿੰਘ ਜੀ**- ੧੯੪੦ ਈਸਵੀ ਵਿੱਚ ਨੌਜਵਾਨ ਅਵਸਥਾ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ੧੯੫੧ ਈਸਵੀ ਤੱਕ ਬਹੁਤ ਸੁਰੀਲਾ ਕੀਰਤਨ ਕਰਦੇ ਰਹੇ। ਬਾਅਦ ਵਿੱਚ ਸਰਵਿਸ ਛੱਡ ਕੇ ਧਾਰਮਿਕ ਪੁਸਤਕਾਂ ਦੀ ਦੁਕਾਨ ਪਾ ਲਈ। ਕੀਰਤਨ ਵੀ ਕਰਦੇ ਹਨ।

**੧੫. ਭਾਈ ਮਹਿਤਾਬ ਸਿੰਘ**-ਸਹਾਇਕ ਇਨ੍ਹਾਂ ਦਾ ਪੁੱਤਰ ਪ੍ਰਸਿੱਧ ਰਾਗੀ ਦੇਵਿੰਦਰ ਸਿੰਘ ਸੀ। ੧੯੪੭ ਈ: ਤੋਂ ੧੯੫੦ ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰਦੇ ਰਹੇ। ਜੋੜੀ ਵਾਲਾ ਭਾਈ ਸੰਤੋਖ ਸਿੰਘ ਸੀ। ਬਾਅਦ ਵਿੱਚ ਜੁਝਾਰ ਸਿੰਘ ਸੂਰਮਾ ਤੇ ਭਾਈ ਦਇਆ ਸਿੰਘ ਜੋੜੀ ਵਜਾਉਂਦੇ ਰਹੇ।

**੧੬. ਭਾਈ ਉਤਮ ਸਿੰਘ ਜੀ ਸਿੰਧੀ**-੧੯੪੦ ਈ: ਤੋਂ ੧੯੬੯ ਈ: ਤੱਕ, ਸਹਾਇਕ ਪਹਿਲਾਂ ਭਾਈ ਕੇਹਰ ਸਿੰਘ ਤੇ ਫਿਰ ਭਾਈ ਗੁਰਚਰਨ ਸਿੰਘ ਸਿੰਧੀ ਤੇ ਜੋੜੀ ਵਾਲਾ ਭਾਈ ਪ੍ਰੀਤਮ ਸਿੰਘ ਸਿੰਧੀ, ਪੰਜ ਸਾਲ ਆਸਾ ਜੀ ਦੀ ਵਾਰ ਦਾ ਕੀਰਤਨ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਰਦੇ ਰਹੇ, ਸ਼ੁੱਧ ਗੁਰਬਾਣੀ ਕੰਠ ਸੀ। ਢੁਕਵੇਂ ਤੇ ਮੌਕੇ ਦੇ ਪ੍ਰਮਾਣ ਦੇਂਦੇ ਸਨ। ਪ੍ਰੇਮ ਤੇ ਸ਼ਰਧਾ ਨਾਲ ਕੀਰਤਨ ਕਰਦੇ ਸਨ। ਪ੍ਰਕਾਸ਼ ਤੋਂ ਪਹਿਲਾਂ ਸਵੱਯੇ ਵੀ ਪੜ੍ਹਦੇ ਸਨ।

**੧੭. ਭਾਈ ਹਰੀ ਸਿੰਘ ਜੀ**-੧੯੪੩ ਈ: ਤੋਂ ਹੁਣ ਤੱਕ ਕੀਰਤਨ ਕਰ ਰਹੇ ਹਨ। ਪਹਿਲਾਂ ਸਹਾਇਕ ਭਾਈ ਸੁਮਿੱਤਰ ਸਿੰਘ, ਫਿਰ ਹੁਣ ਤੱਕ ਸਹਾਇਕ ਭਾਈ ਸੁਰਿੰਦਰ ਸਿੰਘ ਸੂਰਮਾ, ਜੋੜੀ ਵਾਲਾ ਭਾਈ ਹਰੀ ਸਿੰਘ ਦਾ ਵੱਡਾ ਭਰਾ ਸਰਨ ਸਿੰਘ ਹੈ, ਬਹੁਤ ਲੰਮੀ ਸਰਵਿਸ ਹੈ। ੧੧ ਫਰਵਰੀ ੧੯੮੮ ਈ: ਵਿੱਚ ਸੇਵਾ ਮੁਕਤ ਹੋ ਗਏ ਸਨ ਪਰ ਸ਼੍ਰੋਮਣੀ ਕਮੇਟੀ ਨੇ ਫਿਰ ਸਰਵਿਸ ਵਿੱਚ ਰੱਖ ਲਿਆ ਹੈ।

**੧੮. ਭਾਈ ਵਰਿਆਮ ਸਿੰਘ ਸੂਰਮਾ** ਜ਼ਿਲ੍ਹਾ ਲੁਧਿਆਣੇ ਦਾ, ਸਹਾਇਕ ਭਾਈ ਕਰਤਾਰ ਸਿੰਘ ਅਤੇ ਜੋੜੀ ਵਾਲਾ ਭਾਈ ਜੁਝਾਰ ਸਿੰਘ ਸੂਰਮਾ ਸੀ। ੧੯੫੨ ਈ: ਤੋਂ ੧੯੬੩ ਈ: ਤੱਕ ਅੰਦਰ ਕੀਰਤਨ ਕਰਦੇ ਰਹੇ।

**੧੯. ਭਾਈ ਕਰਤਾਰ ਸਿੰਘ (ਭੰਗੜ)**-ਦਸਮ ਪਾਤਸ਼ਾਹ ਦੀ ਬਾਣੀ ਬਹੁਤ ਕੰਠ ਸੀ। ਕਾਫ਼ੀ ਸਮਾਂ ਅੰਦਰ ਕੀਰਤਨ ਕਰਦਾ ਰਿਹਾ।

**੨੦. ਭਾਈ ਅਮਰੀਕ ਸਿੰਘ ਜੀ ਸੂਰਮਾ**- ਜ਼ਿਲ੍ਹਾ ਰੋਪੜ ਜੋ ੧੯੫੭ ਈ: ਤੋਂ ੧੯੮੪ ਈ: ਤੱਕ ਕੀਰਤਨ ਕਰਦੇ ਰਹੇ। ੬ ਜੂਨ ੧੯੮੪ ਈ: ਦੇ ਘੱਲੂਘਾਰੇ ਸਮੇਂ ਕੀਰਤਨ ਕਰ ਕੇ ਅੰਦਰੋਂ ਬਾਹਰ ਆਏ ਦਰਸ਼ਨੀ ਡਿਓਢੀ ਦੇ ਬਾਹਰਵਾਰ ਪ੍ਰਕਰਮਾ ਵਿੱਚ ਫ਼ੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਤੰਤੀ ਸਾਜ਼ ਦੇ ਮਾਹਰ ਸਨ। ਸਹਾਇਕ ਭਾਈ ਹਰਚਰਨ

ਸਿੰਘ ਤੇ ਜੋੜੀ ਵਾਲਾ ਪਹਿਲਾਂ ਭਾਈ ਮੁਕੰਦ ਸਿੰਘ ਫਿਰ ਭਾਈ ਗੁਰਬਖ਼ਸ਼ ਸਿੰਘ ਰਹੇ ।

**੨੧. ਭਾਈ ਸ਼ਮਸ਼ੇਰ ਸਿੰਘ ਜੀ**–ਭਾਈ ਸੰਤਾ ਸਿੰਘ ਜੀ ਦਾ ਛੋਟਾ ਭਰਾ ੧੯੫੭ ਈ: ਤੋਂ ੧੯੬੩ ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਹੇ । ਸਹਾਇਕ ਜਗਜੀਤ ਸਿੰਘ, ਜੋੜੀ ਵਾਲਾ ਜੋਗਿੰਦਰ ਸਿੰਘ । ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਗੁਰਦੁਆਰਿਆਂ ਗੁ: ਸੀਸ ਗੰਜ ਤੇ ਗੁ: ਬੰਗਲਾ ਸਾਹਿਬ ਵਿਖੇ ਕੀਰਤਨ ਕਰ ਰਹੇ ਹਨ । ਸੰਗੀਤ ਦੇ ਚੰਗੇ ਮਾਹਰ ਹਨ ।

**੨੨. ਭਾਈ ਹਰੀ ਸਿੰਘ ਸੂਰਮਾ**–ਪਿੰਡ ਮਾਨੋ ਚਾਹਲ ਇਹ ਸੁੰਦਰ ਸਿੰਘ ਦਾ ਸ਼ਾਗਿਰਦ ਸੀ ਤਿੰਨ ਪਹਿਰੇ ਜਾਂ ਸਮਾਪਤੀ ਦੀ ਡਿਊਟੀ ਕਰਦੇ ਰਹੇ । ਵਾਰੀ ਸਿਰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਕੀਰਤਨ ਕਰਦੇ ਰਹੇ । ਜੋੜੀ ਵਾਲਾ ਭਾਈ ਦਇਆ ਸਿੰਘ ਤੇ ਭਾਈ ਸੰਤੋਖ ਸਿੰਘ ਮੋਗਾ ਸੀ ।

**੨੩. ਭਾਈ ਗੁਰਮੁਖ ਸਿੰਘ ਸੂਰਮਾ**–ਸਹਾਇਕ ਭਾਈ ਸਵਰਨ ਸਿੰਘ ਇਹ ਵੀ ਤਿੰਨ ਪਹਿਰੇ ਸਮਾਪਤੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਾਰੀ ਸਿਰ ਕੀਰਤਨ ਕਰਦੇ ਰਹੇ। ਫਿਰ ਸਹਾਇਕ ਅਜੀਤ ਸਿੰਘ ਤੇ ਜੋੜੀ ਵਾਲਾ ਭਾਈ ਦਇਆ ਸਿੰਘ ਸੀ ।

**੨੪. ਭਾਈ ਜੀਵਨ ਸਿੰਘ**–ਇਨ੍ਹਾਂ ਦਾ ਜਥਾ ਵੀ ਤਿੰਨ ਪਹਿਰੇ ਸਮਾਪਤੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਾਰੀ ਸਿਰ ਕੀਰਤਨ ਕਰਦਾ ਰਿਹਾ, ਆਵਾਜ਼ ਬਰੀਕ ਤੇ ਸੁਰੀਲੀ ਸੀ, ਮਿੱਠਾ ਕੀਰਤਨ ਕਰਦਾ ਸੀ ।

**੨੫. ਭਾਈ ਅਜੀਤ ਸਿੰਘ**–ਸਹਾਇਕ ਗੁਲਾਬ ਸਿੰਘ, ਭਾਈ ਦਇਆ ਸਿੰਘ ਜੋੜੀ ਵਾਲਾ ਸੀ । ਅੱਜ ਕੱਲ੍ਹ ਦਿੱਲੀ ਹੈ, ਚੰਗਾ ਸੰਗੀਤ ਦਾ ਜਾਣੂੰ ਤੇ ਗੁਣੀ ਰਾਗੀ ਹੈ ।

**੨੬. ਭਾਈ ਸ਼ੇਰ ਸਿੰਘ ਜੀ ਗਿਆਨੀ (ਸੂਰਮਾ)**–ਪਿੰਡ ਹਸਨਪੁਰ ਜ਼ਿਲ੍ਹਾ ਲੁਧਿਆਣਾ, ਰਾਗੀ ਬੁੱਧ ਸਿੰਘ ਕੋਕਰੀ ਕਲਾਂ ਪਾਸੋਂ ਕੀਰਤਨ ਸਿੱਖਿਆ, ਉਨ੍ਹਾਂ ਪਾਸ ਹੀ ਰਹਿ ਕੇ ਸੰਗੀਤ ਰਾਹੀਂ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਰਹੇ । ਸ਼ੁੱਧ ਗੁਰਬਾਣੀ ਕੰਠ, ਮੌਕੇ ਦੇ ਢੁੱਕਵੇਂ ਸ਼ਬਦ ਤੇ ਪ੍ਰਮਾਣ ਦੇਂਦੇ, ਗੁਰਬਾਣੀ ਦੇ ਅਰਥਾਂ ਦੀ ਸੁੰਦਰ ਵਿਆਖਿਆ ਕਰਦੇ, ਗੁਰਪ੍ਰਤਾਪ ਸੂਰਜ ਦੀ ਕਥਾ ਵੀ ਕਰਦੇ ਰਹੇ । ਦਸਮ ਪਾਤਸ਼ਾਹ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀ ਬਹੁਤ ਬਾਣੀ ਕੰਠ ਹੈ । ਮਹੀਨੇ ਭਰ ਦੀ ਡਿਊਟੀ ਵਿੱਚ ਹਰ ਰੋਜ਼ ਨਵੇਂ ਸ਼ਬਦ ਪੜ੍ਹਦੇ । ੧੯੬੨ ਈ: ਤੋਂ ੧੯੭੫ ਈ: ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਡਿਊਟੀ ਕਰਦੇ ਰਹੇ । ਸਹਾਇਕ ਅਮਰੀਕ ਸਿੰਘ ਤੇ ਜੋੜੀ ਵਾਲਾ ਸੁਰਜੀਤ ਸਿੰਘ ਭਤੀਜਾ, ਫਿਰ ਮੁਕੰਦ ਸਿੰਘ ਤੇ ਭਾਈ ਦਇਆ ਸਿੰਘ ਜੋੜੀ ਵਾਲੇ ਰਹੇ ਫਿਰ ਰੀਟਾਇਰ ਹੋ ਗਏ । ਅੱਜ ਕੱਲ੍ਹ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਤੁਗਲ ਵਿੱਚ ਰਹਿ ਕੇ ਕੀਰਤਨ ਸਿਖਾਲ ਰਹੇ ਹਨ ।

**੨੭. ਭਾਈ ਬਲਬੀਰ ਸਿੰਘ ਤਰਨ ਤਾਰਨੀਆਂ**–ਸਹਾਇਕ ਭਰਾ ਚਤੁਰ ਸਿੰਘ ਤੇ ਜੋੜੀਵਾਲਾ ਭਰਾ ਮਹਿੰਦਰ ਸਿੰਘ, ਸੰਗੀਤ ਦੇ ਚੰਗੇ ਜਾਣੂੰ ਤੇ ਗਵੱਈਏ, ਦਸਮ ਪਾਤਸ਼ਾਹ ਦੀ ਬਾਣੀ ਬੇਅੰਤ ਕੰਠ, ਪ੍ਰਮਾਣ ਬਹੁਤ ਦੇਂਦੇ ਹਨ । ਗੁ: ਸੀਸ ਗੰਜ ਦਿੱਲੀ ਕੀਰਤਨ ਕਰਦੇ ਰਹੇ । ਹੁਣ ਫਿਰ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰ ਰਹੇ ਹਨ ।

**੨੮. ਭਾਈ ਪਿਆਰਾ ਸਿੰਘ ਪਟਿਆਲਾ**–ਸਹਾਇਕ ਜਸਵੰਤ ਸਿੰਘ ਪੁੱਤਰ,

ਜੋੜੀ ਵਾਲਾ ਪਹਿਲਾਂ ਨਰਿੰਦਰ ਸਿੰਘ ਤੇ ਫਿਰ ਮਨਜੀਤ ਸਿੰਘ। ੧੯੬੨ ਤੋਂ ੧੯੭੩ ਈਸਵੀ ਤੱਕ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਦੇ ਰਹੇ। ਕੀਰਤਨ ਸੁਰੀਲਾ ਤੇ ਰਸਦਾਇਕ ਸੀ। ਪ੍ਰਮਾਣ ਨਹੀਂ ਦਿੰਦੇ ਸਨ।

**੨੯. ਭਾਈ ਬਖਸ਼ੀਸ਼ ਸਿੰਘ ਜੀ**-੧੯੭੨ ਤੋਂ ੧੯੭੭ ਈਸਵੀ ਤੱਕ। ਸਹਾਇਕ ਭਾਈ ਸੁਰਜੀਤ ਸਿੰਘ ਤੇ ਜੋੜੀ ਵਾਲਾ ਗੁਰਦੀਪ ਸਿੰਘ ਭਰਾ। ਕੀਰਤਨ ਬਹੁਤ ਠਰੰਮ੍ਹੇ ਨਾਲ ਰਸੀਲਾ ਕਰਦੇ ਹਨ। ਰੇਡੀਉ ਟੀ.ਵੀ. ਤੇ ਵੀ ਗਾਉਂਦੇ ਹਨ।

**੩੦. ਭਾਈ ਗੁਰਮੇਲ ਸਿੰਘ**-੧੯੭੫ ਈਸਵੀ ਤੋਂ ਹੁਣ ਤੱਕ। ਪਿੰਡ ਬੌਡਾ ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ। ਸਹਾਇਕ ਗੁਰਬਚਨ ਸਿੰਘ ਤੇ ਜੋੜੀ ਵਾਲਾ ਭਾਈ ਕੁਲਦੀਪ ਸਿੰਘ ਬੁੱਟਰ। ਕੀਰਤਨ ਦਾ ਪ੍ਰਭਾਵ ਚੰਗਾ ਤੇ ਰਸੀਲਾ ਹੈ। ਰੇਡੀਉ ਤੇ ਇਨ੍ਹਾਂ ਦਾ ਕੀਰਤਨ ਬਹੁਤ ਆਉਂਦਾ ਹੈ।

**੩੧. ਭਾਈ ਚਤਰ ਸਿੰਘ 'ਸਿੰਧੀ'**- ਗੁਰਚਰਨ ਸਿੰਘ ਸਿੰਧੀ ਦਾ ਛੋਟਾ ਭਰਾ ਕੀਰਤਨ ਬਹੁਤ ਸੁਰੀਲਾ ਤੇ ਇਕਾਗਰਤਾ ਸਹਿਤ ਕਰਦੇ ਹਨ। ਸੰਗਤ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਸਿਰਫ ਤਿੰਨ ਮਹੀਨੇ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕੀਤਾ ਫਿਰ ਛੱਡ ਗਏ। ਅੱਜ ਕੱਲ੍ਹ ਵਿਚਰ ਕੇ ਕੀਰਤਨ ਦੀ ਸੇਵਾ ਕਰ ਰਹੇ ਹਨ।

**੩੨. ਭਾਈ ਗੋਪਾਲ ਸਿੰਘ ਜੀ ਸੂਰਮਾ**-ਸਹਾਇਕ ਭਾਈ ਦਲਬੀਰ ਸਿੰਘ ਤੇ ਜੋੜੀ ਵਾਲਾ ਭਾਈ ਕਰਤਾਰ ਸਿੰਘ ਦੋਨੋਂ ਭਰਾ, ਕੀਰਤਨ ਬਹੁਤ ਰਸੀਲਾ, ਸੰਗਤ ਬਹੁਤ ਜੁੜਦੀ ਰਹੀ। ੧੯੭੧ ਈਸਵੀ ਤੋਂ ੧੯੭੩ ਈਸਵੀ ਤੱਕ ਕੀਰਤਨ ਕੀਤਾ, ਫਿਰ ਦੇਹਾਂਤ ਹੋ ਗਿਆ।

**੩੩. ਭਾ: ਜਸਵੰਤ ਸਿੰਘ ਜੀ**-(ਰਾਗੀ ਪਿਆਰਾ ਸਿੰਘ ਦਾ ਪੁੱਤਰ ਤੇ ਸਹਾਇਕ) ਸਹਾਇਕ ਮਨਜੀਤ ਸਿੰਘ ਭਰਾ, ਜੋੜੀ ਵਾਲਾ ਗੁਰਬਖਸ਼ ਸਿੰਘ। ਕੀਰਤਨ ਸੁਰੀਲਾ, ਸਪੱਸ਼ਟ ਤੇ ਪ੍ਰਭਾਵਸ਼ਾਲੀ ਹੈ। ੧੯੭੫ ਈ: ਤੋਂ ਹੁਣ ਤੱਕ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰ ਰਹੇ ਹਨ।

**੩੪. ਭਾਈ ਸੁਰਿੰਦਰ ਸਿੰਘ ਜੀ**- ਪਟਨਾ ਸਾਹਿਬ ਵਾਲੇ ੧੯੭੬ ਈ: ਤੋਂ ੧੯੮੭ ਈ: ਤੱਕ। ਸਹਾਇਕ ਰਵਿੰਦਰ ਸਿੰਘ ਤੇ ਜੋੜੀ ਵਾਲਾ ਮਹਿੰਦਰ ਸਿੰਘ, ਤਿੰਨੇ ਭਰਾ, ਅਵਾਜ਼ ਚੰਗੀ, ਲੋਕ ਬਹੁਤ ਪਸੰਦ ਕਰਦੇ ਸਨ। ਭਾਈ ਸੁਰਿੰਦਰ ਸਿੰਘ ਹੁਣ ਸਰਵਿਸ ਤੋਂ ਹੱਟ ਚੁੱਕੇ ਹਨ ਅੱਜ ਕੱਲ੍ਹ ਹਜ਼ੂਰ ਸਾਹਿਬ ਹਨ।

**੩੫. ਭਾਈ ਦਲਬੀਰ ਸਿੰਘ**- ਸਹਾਇਕ ਭਰਾ ਦਿਲਦਾਰ ਸਿੰਘ ਤੇ ਜੋੜੀ ਵਾਲਾ ਭਾਈ ਕਰਤਾਰ ਸਿੰਘ (ਭਾਈ ਗੋਪਾਲ ਸਿੰਘ ਰਾਗੀ ਦੇ ਸਾਥੀ ਤੇ ਸ਼ਾਗਿਰਦ)। ੧੯੭੩ ਈ: ਤੋਂ ਹੁਣ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਡਿਊਟੀ ਕਰ ਰਹੇ ਹਨ।

**੩੬. ਭਾਈ ਗੁਰਦੀਪ ਸਿੰਘ ਦਾ ਜਥਾ**-ਸਹਾਇਕ ਚਰਨਜੀਤ ਸਿੰਘ ਤੇ ਜੋੜੀ ਵਾਲਾ ਭਾਈ ਦਰਸ਼ਨ ਸਿੰਘ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਤੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਕੀਰਤਨ ਦੀ ਡਿਊਟੀ ਕਰ ਰਹੇ ਹਨ।

**੩੭. ਭਾਈ ਸੁਰਜੀਤ ਸਿੰਘ ਜਥੇਦਾਰ**-ਭਾਈ ਜੋਗਿੰਦਰ ਸਿੰਘ ਸਹਾਇਕ ਤੇ ਭਾਈ ਕਸ਼ਮੀਰ ਸਿੰਘ ਜੋੜੀ ਵਾਲਾ।

**੩੮. ਭਾਈ ਬਲਦੇਵ ਸਿੰਘ ਜਥੇਦਾਰ**- ਭਾਈ ਕਿਰਪਾਲ ਸਿੰਘ ਸਹਾਇਕ ਤੇ

ਭਾਈ ਬਲਵਿੰਦਰ ਸਿੰਘ ਜੋੜੀ ਵਾਲਾ ।

**੩੯. ਗੁਰਮੀਤ ਸਿੰਘ ਜਥੇਦਾਰ**–ਭਾਈ ਰਤਨ ਸਿੰਘ ਸਹਾਇਕ ਤੇ ਭਾਈ ਜਗਦੀਪ ਸਿੰਘ ਜੋੜੀ ਵਾਲਾ ।

**੪੦. ਭਾਈ ਮਹਿੰਦਰ ਸਿੰਘ ਸੂਰਮਾ ਜਥੇਦਾਰ**– ਸਹਾਇਕ ਮਨਜੀਤ ਸਿੰਘ, ਜੋੜੀ ਵਾਲਾ ਸੁਖਦੇਵ ਸਿੰਘ ਚੰਦ ਨਵਾਂ ਬਹੁਤ ਸੁੰਦਰ ਮਿੱਠਾ ਤੇ ਬੈਠਵਾਂ ਕੀਰਤਨ ਕਰਦੇ ਸਨ ।

**੪੧. ਭਾਈ ਬਲਦੇਵ ਸਿੰਘ**–ਸੰਗੀਤ ਦਾ ਚੰਗਾ ਸਿਆਣਾ, ਆਵਾਜ਼ ਸੁਰੀਲੀ ਹੈ ਕਾਫ਼ੀ ਸਮਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਦੀ ਸੇਵਾ ਕਰਦਾ ਰਿਹਾ ।

ਇਸ ਸਮੇਂ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਦੀਆਂ ੧੫ ਚੌਂਕੀਆਂ ਹਨ । ਆਸਾ ਜੀ ਦੀ ਵਾਰ ਵਾਲਾ ਜਥਾ ਇਕ ਚੌਂਕੀ (ਜਿਸ ਦਾ ਸਮਾਂ ਦੋ ਚੌਂਕੀਆਂ ਬਰਾਬਰ ਹੁੰਦਾ ਹੈ) ਕਰਦਾ ਹੈ । ਬਾਕੀ ਸੱਤ ਜਥੇ ਦੋ ਦੋ ਚੌਂਕੀਆਂ ਹਰ ਰੋਜ਼ ਕਰਦੇ ਹਨ । ਪੁਰਾਤਨ ਸਮੇਂ ਛੇ ਜਥੇ ਤੇ ੧੧ ਚੌਂਕੀਆਂ ਸਨ ਫਿਰ ਸੱਤ ਜਥੇ ੧੩ ਚੌਂਕੀਆਂ ਪਰ ਅੱਜ ਕੱਲ੍ਹ ਅੱਠ ਜਥੇ ੧੫ ਚੌਂਕੀਆਂ ਹਨ ।

ਮਹੀਨਾ ਜੇਠ ੧੯੯੮ ਈ: ੧੪ ਮਈ ਤੋਂ ੧੩ ਜੂਨ ਤੱਕ ਇਕ ਮਹੀਨੇ ਦੀਆਂ ਡਿਊਟੀਆਂ ਇਸ ਤਰ੍ਹਾਂ ਹਨ । ਹੇਠ ਲਿਖੇ ਜਥੇ ਇਹ ਸੇਵਾ ਨਿਭਾ ਰਹੇ ਹਨ । ਰੁੱਤ ਅਨੁਸਾਰ ਸਮਾਂ ਬਦਲਦਾ ਰਹਿੰਦਾ ਹੈ ।

| | |
|---|---|
| **੪੨–ਭਾ: ਅਤਰ ਸਿੰਘ ਜਥੇਦਾਰ ਰਾਗੀ** | ।੨ ਵਜੇ ਤੋਂ ੩ ਵਜੇ ਤੱਕ ਤਿੰਨ ਪਹਿਰਾ |
| ਭਾਈ ਸੁਖਦੇਵ ਸਿੰਘ ਸਹਾਇਕ | । ੧-੧੫ ਤੋਂ ੨-੩੦ ਦੋ ਪਹਿਰ |
| ਭਾਈ ਪ੍ਰਤਾਪ ਸਿੰਘ ਜੋੜੀ ਵਾਲਾ | । |
| **੪੩–ਭਾਈ ਨਿਰਮਲ ਸਿੰਘ ਜਥੇਦਾਰ** | । ੩-੦੦ ਤੋਂ ੬-੦੦ ਸਵੇਰੇ |
| ਭਾਈ ਦਰਸ਼ਨ ਸਿੰਘ ਸਹਾਇਕ | । ਆਸਾ ਦੀ ਵਾਰ |
| ਭਾਈ ਬਲਦੇਵ ਸਿੰਘ ਜੋੜੀ ਵਾਲਾ | । |
| **੪੪–ਭਾਈ ਹਰਚਰਨ ਸਿੰਘ ਜਥੇਦਾਰ** | । ੬-੧੫ ਤੋਂ ੭-੩੦ ਸਵੇਰੇ |
| ਭਾਈ ਪ੍ਰੇਮ ਸਿੰਘ ਸਹਾਇਕ | । ੨-੩੦ ਤੋਂ ੩-੪੫ ਦੋ ਪਹਿਰ |
| ਭਾਈ ਚਰਨਜੀਤ ਸਿੰਘ ਜੋੜੀ ਵਾਲਾ | । |
| **੪੫–ਭਾਈ ਗੁਰਮੇਜ ਸਿੰਘ ਜਥੇਦਾਰ** | । ੭-੩੦ ਤੋਂ ੮-੪੫ ਸਵੇਰੇ |
| ਭਾਈ ਸਵਿੰਦਰ ਸਿੰਘ ਸਹਾਇਕ | । ੩-੧੫ ਤੋਂ ੪-੫੫ ਸ਼ਾਮ |
| ਭਾਈ ਮਹਿੰਦਰ ਸਿੰਘ ਜੋੜੀ ਵਾਲਾ | । |
| **੪੬–ਭਾਈ ਸੱਜਣ ਸਿੰਘ ਜਥੇਦਾਰ** | । ੮-੪੫ ਤੋਂ ੧੦-੦੦ ਸਵੇਰੇ |
| ਭਾਈ ਰਛਪਾਲ ਸਿੰਘ ਸਹਾਇਕ | । ੪-੫੫ ਤੋਂ ੬-੧੫ ਸ਼ਾਮ |
| ਭਾ: ਗੁਰਵਿੰਦਰ ਸਿੰਘ ਜੋੜੀ ਵਾਲਾ | । |
| **੪੭–ਭਾਈ ਰਵਿੰਦਰ ਸਿੰਘ ਜਥੇਦਾਰ** | । ੧੦-੦੦ ਤੋਂ ੧੧-੦੦ ਸਵੇਰੇ |
| ਭਾਈ ਮਹਿੰਦਰ ਸਿੰਘ ਸਹਾਇਕ | । ੬-੧੫ ਤੋਂ ੭-੩੦ ਸੋਦਰੁ |
| ਭਾਈ ਸਤਿਨਾਮ ਸਿੰਘ ਜੋੜੀ ਵਾਲਾ | । |

| | | |
|---|---|---|
| **੪੮-ਭਾਈ ਕ੍ਰਿਪਾਲ ਸਿੰਘ (ਸ਼ਹਿਰੀ) ਜਥੇ:** | । | ੧੧-੦੦ ਤੋਂ ੧੨-੦੦ ਦੁਪਹਿਰ |
| ਭਾਈ ਅਮਰਜੀਤ ਸਿੰਘ ਸਹਾਇਕ | । | ੭-੫੦ ਤੋਂ ੮-੧੫ ਆਰਤੀ |
| ਭਾਈ ਭੁਪਿੰਦਰ ਸਿੰਘ ਜੋੜੀ ਵਾਲਾ | । | |
| **੪੯-ਭਾਈ ਬਲਬੀਰ ਸਿੰਘ ਜਥੇਦਾਰ** | । | ੧੨-੦੦ ਤੋਂ ੧-੧੫ ਦੁਪਹਿਰ |
| ਭਾਈ ਚਤਰ ਸਿੰਘ ਸਹਾਇਕ | । | ੯-੧੫ ਤੋਂ ਸਮਾਪਤੀ |
| ਭਾਈ ਮਹਿੰਦਰ ਸਿੰਘ ਜੋੜੀ ਵਾਲਾ | | |

**ਕੀਰਤਨ ਦੀਆਂ ਚੌਂਕੀਆਂ**-ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਰ ਚੌਂਕੀਆਂ ਦਾ ਜ਼ਿਕਰ ਹੈ । ਜਿਵੇਂ ਕਿ-

੧. ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਚੌਂਕੀ ।

੨. ਸਵਾ ਪਹਿਰ ਦਿਨ ਚੜ੍ਹੇ ਚਰਨ ਕਵਲ ਕੀ ਚੌਂਕੀ, 'ਚਰਨ ਕਮਲ ਪ੍ਰਭ ਕੇ ਨਿਤ ਧਿਆਏ' ਸ਼ਬਦ ਦੇ ਗਾਉਣ ਤੋਂ ਇਹ ਸੰਗਯਾ ਹੈ ।

੩. ਸੰਝ ਵੇਲੇ ਰਹਰਾਸਿ ਤੋਂ ਪਹਿਲਾਂ 'ਸੋ ਦਰੁ ਦੀ ਚੌਂਕੀ'-'ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ' ਦੇ ਗਾਉਣ ਤੋਂ ਇਹ ਸੰਗਯਾ ਹੈ ।

੪. ਚਾਰ ਘੜੀ ਰਾਤ ਬੀਤਣ ਪੁਰ 'ਕਲਯਾਨ ਦੀ ਚੌਂਕੀ', ਜਿਸ ਵਿੱਚ ਕਲਯਾਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ ।

ਭਾਈ ਵੀਰ ਸਿੰਘ ਜੀ ਖਾਲਸਾ ਟਰੈਕਟ ਸੁਸਾਇਟੀ ਵੱਲੋਂ ਛਪੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਅੰਤਕਾ ਵਿੱਚ ਗੁਰਮਤ ਸੰਗੀਤ ਸਿਰਲੇਖ ਹੇਠ ਪੰਨਾ ੧੩੭੯ ਉੱਪਰ ਲਿਖਦੇ ਹਨ-"ਗੁਰਮਤ ਵਿੱਚ ਅਖੰਡ ਕੀਰਤਨ ਦੀ ਆਗਿਆ ਹੈ ।"

ਇਕ ਅਖੰਡ ਕੀਰਤਨ ਸਵਾਸ-ਸਵਾਸ ਨਾਮ ਸਿਮਰਨ ਹੈ । ਦੂਜਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗੀਤ ਦੁਆਰਾ ਵਾਹਿਗੁਰੂ ਦੇ ਯਸ਼ ਦਾ ਕੀਰਤਨ ਅਖੰਡ ਹੁੰਦਾ ਹੈ ।ਤਦ ਭੀ ਪੰਜ ਚੌਂਕੀਆਂ ਖਾਸ ਨੀਯਤ ਹਨ । ਇਨ੍ਹਾਂ ਚੌਂਕੀਆਂ ਦੀ ਸਮਾਪਤੀ ਪਰ ਪੰਜੇ ਵੇਲੇ ਖੜ੍ਹੇ ਹੋ ਕੇ ਅਰਦਾਸੇ ਹੁੰਦੇ ਹਨ । ਹੋਰ ਕੀਰਤਨ ਦੇ ਅੰਤ ਪਰ ਅਰਦਾਸਾ ਨਹੀਂ ਹੁੰਦਾ । ਇਕ ਚੌਂਕੀ ਬਿਲਾਵਲ ਦੀ ਹੈ ਜੋ ਸਵੇਰੇ ੯ ਵਜੇ ਦੇ ਅਨੁਮਾਨ ਹੁੰਦੀ ਹੈ ਪਰ ਉਹ ਚੌਂਕੀਆਂ ਦੀ ਗਿਣਤੀ ਵਿੱਚ ਨਹੀਂ । ਉਸ ਪਰ ਅਰਦਾਸਾ ਵੀ ਨਹੀਂ ਸੋਧਿਆ ਜਾਂਦਾ । ਪੰਜ ਚੌਂਕੀਆਂ ਜੋ ਨੀਯਤ ਹਨ ਉਹ ਇਹ ਹਨ-

੧-ਪਿਛਲੀ ਰਾਤ, ਪਹਿਰ ਰਾਤ ਰਹੀ ਤੇ ਆਸਾ ਦੀ ਵਾਰ ।

੨-ਦੂਜੀ ਚੌਂਕੀ ਅਨੰਦ ਦੀ ਜੋ ੧੧ ਤੇ ੧੨ ਵਜੇ ਦੇ ਵਿਚਕਾਰ ਹੁੰਦੀ ਹੈ ।

੩-ਤ੍ਰਿਪਹਿਰੇ ਡੇਢ ਤੋਂ ਤਿੰਨ ਵਜੇ ਤੱਕ 'ਚਰਨ ਕੰਵਲ' ਦੀ ਚੌਂਕੀ ।

੪-ਸੰਝ ਨੂੰ ਸੋ ਦਰੁ ਦੀ ਚੌਂਕੀ ।

੫-ਪਹਿਰ ਸਵਾ ਪਹਿਰ ਰਾਤ ਗਈ, ਕੀਰਤਨ ਸੋਹਿਲਾ ਦੀ ਚੌਂਕੀ ।

ਇਹ ਪੰਜ ਚੌਂਕੀਆਂ ਕੀਰਤਨ ਦੀਆਂ ਗੁਰਮਤ ਵਿੱਚ ਨਿਯਮਤ ਹਨ । ਸ੍ਰੀ ਦਰਬਾਰ ਸਾਹਿਬ ਜੀ ਵਿੱਚ ਆਦਿ ਤੋਂ ਜਾਰੀ ਰਹੀਆਂ ਹਨ । ਇਹ ਲੇਖ ੧੯੦੭-੮ ਦਾ ਲਿਖਿਆ ਹੋਇਆ ਹੈ । ਤਦੋਂ ਇਹ ਮਰਯਾਦਾ ਜਾਰੀ ਸੀ ਤੇ ਮਗਰੋਂ ਵੀ ਜਾਰੀ ਤੁਰੀ ਆਈ ਹੈ ਤੇ ਹੁਣ ਵੀ ਚੱਲ ਰਹੀ ਹੈ । ਅੱਜ ਕੱਲ੍ਹ

ਸੋ ਦਰੁ ਦੀ ਤੇ ਸੋਹਿਲੇ ਦੀ ਚੌਂਕੀ ਦੇ ਵਿਚਕਾਰ ਇਕ ਹੋਰ ਕੀਰਤਨ ਦੀ ਚੌਂਕੀ ਹੁੰਦੀ ਹੈ ਜਿਸ ਨੂੰ ਆਰਤੀ ਦੀ ਚੌਂਕੀ ਕਹਿੰਦੇ ਹਨ ਜੋ ਆਰਤੀ ਦੇ ਸ਼ਬਦ ਪੜ੍ਹਨ ਤੋਂ ਬਾਅਦ ਸ਼ੁਰੂ ਹੁੰਦੀ ਹੈ। ਭਾਈ ਵੀਰ ਸਿੰਘ ਜੀ ਨੇ ਆਪਣੇ ਵੱਲੋਂ ਸੰਪਾਦਿਤ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਾਸ ੫ ਅੰਸੂ ੩ ਦੇ ਅੰਕ ੩੫ ਉੱਪਰ ਨਿਸ਼ਾਨ ਦੇ ਕੇ ਪੈਰ ਟੂਕ ਵਿੱਚ ਹੇਠ ਲਿਖੀਆਂ ੧੧ ਚੌਂਕੀਆਂ ਤੇ ਉਨ੍ਹਾਂ ਦਾ ਸਮਾਂ ਲਿਖਿਆ ਹੈ। ਇਹ ਸਮਾਂ ਚੇਤਰ ਮਹੀਨੇ ਦਾ ਹੈ ਉਸ ਸਮੇਂ ਛੇ ਰਾਗੀ ਜਥੇ ਕੀਰਤਨ ਕਰਦੇ ਸਨ।

| | |
|---|---|
| ੧. ਤ੍ਰਿਪਹਿਰੇ ਦੀ ਚੌਂਕੀ | ੨-੩੦ ਤੋਂ ੩-੩੦ ਵਜੇ ਤੱਕ। |
| ੨. ਆਸਾ ਦੀ ਵਾਰ ਦੀ ਚੌਂਕੀ | ੩-੩੦ ਤੋਂ ੬-੪੫ ਤੱਕ। |
| ੩. ਬਿਲਾਵਲ ਦੀ ਪਹਿਲੀ ਚੌਂਕੀ | ੬-੪੫ ਤੋਂ ੮-੪੦ ਤੱਕ। |
| ੪. ਬਿਲਾਵਲ ਦੀ ਦੂਜੀ ਚੌਂਕੀ | ੮-੪੦ ਤੋਂ ੧੦-੨੦ ਤੱਕ। |
| ੫. ਅਨੰਦ ਦੀ ਚੌਂਕੀ | ੧੦-੨੦ ਤੋਂ ੧੨-੦੦ ਤੱਕ। |
| ੬. ਸਾਰੰਗ ਦੀ ਚੌਂਕੀ | ੧੨-੦੦ ਤੋਂ ੧-੫੦ ਤੱਕ। |
| ੭. ਚਰਨ ਕੰਵਲ ਦੀ ਚੌਂਕੀ | ੧-੫੦ ਤੋਂ ੩-੩੦ ਤੱਕ। |
| ੮. ਜੈਤਸਰੀ ਦੀ ਚੌਂਕੀ | ੩-੩੦ ਤੋਂ ੫-੧੫ ਤੱਕ। |
| ੯. ਸੋ ਦਰੁ ਦੀ ਚੌਂਕੀ | ੫-੧੫ ਤੋਂ ੭-੦੦ ਤੱਕ। |
| ੧੦. ਕਲਯਾਨ ਦੀ ਚੌਂਕੀ | ੭-੩੦ ਤੋਂ ੯-੧੫ ਤੱਕ। |
| ੧੧. ਕੀਰਤਨ ਸੋਹਿਲੇ ਦੀ ਚੌਂਕੀ | ੯-੧੫ ਤੋਂ ੧੦-੧੫ ਤੱਕ। |

ਚੌਂਕੀਆਂ ਦੇ ਆਰੰਭ ਤੇ ਸਮਾਪਤੀ ਦਾ ਸਮਾਂ ਬਦਲਦਾ ਰਹਿੰਦਾ ਹੈ -

| | |
|---|---|
| ਵੈਸਾਖ ਤੇ ਸਾਵਨ ਆਰੰਭ ਸੁਬ੍ਹਾ | ੨-੧੫ ਤੇ ਸਮਾਪਤੀ ੧੦-੩੦ ਰਾਤ |
| ਜੇਠ ਤੇ ਹਾੜ ਆਰੰਭ ਸੁਬ੍ਹਾ | ੨-੦੦ ਸਮਾਪਤੀ ੧੦-੪੫ ਰਾਤ |
| ਭਾਦਰੋਂ ਤੇ ਚੇਤ ,, ,, | ੨-੩੦ ਸਮਾਪਤੀ ੧੦-੧੫ ਰਾਤ |
| ਅੱਸੂ ਤੇ ਫੱਗਣ ,, ,, | ੨-੪੫ ਸਮਾਪਤੀ ੧੦-੦੦ ਰਾਤ |
| ਕੱਤਕ, ਮੱਘਰ, ਪੋਹ, ਮਾਘ ਆਰੰਭ ਸੁਬ੍ਹਾ | ੩-੦੦ ਸਮਾਪਤੀ ੯-੪੫ ਰਾਤ |

ਸਮੇਂ ਦੇ ਬਦਲਨ ਨਾਲ ਰਾਗੀ ਸਿੰਘਾਂ ਦੀਆਂ ਡਿਊਟੀਆਂ ਤੇ ਚੌਂਕੀਆਂ ਦਾ ਸਮਾਂ ਵੀ ਵਧਦਾ ਤੇ ਘਟਦਾ ਰਹਿੰਦਾ ਹੈ।

ਪਾਠਕ ਪਿੱਛੇ ਪੜ੍ਹ ਆਏ ਹਨ ਕਿ ਦਸਤੂਰ ਉਲ ਅਮਲ ਦਰਬਾਰ ਸਾਹਿਬ (੧੯੧੬-੪੦) ਵਿੱਚ ਕੁੱਲ ਪੰਦਰਾਂ (੧੫) ਚੌਂਕੀਆਂ ਲਿਖੀਆਂ ਹਨ। ਜਦ ਮੈਂ ੧੯੫੮ ਈ: ਵਿੱਚ ਗ੍ਰੰਥੀ ਦੀ ਸੇਵਾ ਸੰਭਾਲੀ ਤਾਂ ਉਸ ਸਮੇਂ ਕੁਲ ੧੩ ਚੌਂਕੀਆਂ ਕੀਰਤਨ ਦੀਆਂ ਸਨ। ਕੀਰਤਨੀ ਜਥੇ ਸੱਤ ਸਨ। ਆਸਾ ਦੀ ਵਾਰ ਇਕ ਜਥਾ ਕਰਦਾ, ਬਾਕੀ ਜੱਥੇ ਦੋ ਦੋ ਚੌਂਕੀਆਂ ਕਰਦੇ ਸਨ। ਅੱਜ ਕੱਲ੍ਹ ੮ ਜਥੇ ਹਨ ਤੇ ਚੌਂਕੀਆਂ ੧੫ ਹਨ। ਜਿਨ੍ਹਾਂ ਦੇ ਸਮੇਂ ਦਾ ਵੇਰਵਾ ਪਿੱਛੇ ਆ ਚੁੱਕਾ ਹੈ।

ਗੁਰਮਤ ਸੰਗੀਤ ਵਿੱਚ ਕੀਰਤਨੀ ਜਥੇ ਨੂੰ ਚੌਂਕੀ ਕਹਿੰਦੇ ਹਨ। ਚੌਂਕੀ ਵਿੱਚ ਘੱਟ ਤੋਂ ਘੱਟ ਚਾਰ ਗਵੱਈਏ ਹੁੰਦੇ ਸਨ। ਇਕ ਜਥੇਦਾਰ, ਦੋ ਸੁਰ ਰਚਾਉਣ ਵਾਲੇ ਭਾਵ ਸਹਾਇਕ ਤੇ ਚੌਥਾ ਜੋੜੀ ਵਾਲਾ, ਇਸ ਤੋਂ ਘੱਟ ਨਹੀਂ ਪਰ ਅੱਜ ਕੱਲ੍ਹ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੰਤੀ ਸਾਜ਼ਾਂ ਦੀ ਅਣਹੋਂਦ ਕਰ ਕੇ ਤਿੰਨਾਂ ਗਵੱਈਆਂ ਦੀਆਂ ਹੀ ਚੌਂਕੀਆਂ ਭਾਵ ਕੀਰਤਨੀ ਜਥੇ ਹਨ। ਪੁਰਾਤਨ ਸਮੇਂ

ਹਰ ਚੌਂਕੀ ਦੇ ਆਰੰਭ ਵਿੱਚ ਪਹਿਲਾ ਸ਼ਬਦ ਡੂੰਘੇ ਰਾਗ ਵਿੱਚ ਅਲਾਪ ਸਹਿਤ ਗਾਵਿਆ ਜਾਂਦਾ ਸੀ ਬਾਕੀ ਦੇ ਸ਼ਬਦ ਆਪਣੀ ਮਰਜ਼ੀ ਦੇ ਗਾਏ ਜਾਂਦੇ ਸਨ, ਪਰ ਹੁਣ ਰਾਗੀ ਸਿੰਘ ਇਸ ਮਰਯਾਦਾ ਨੂੰ ਪੂਰਾ ਨਹੀਂ ਕਰ ਰਹੇ। ਪੁਰਾਤਨ ਸਮੇਂ ਰਾਗੀ ਸਿੰਘ ਹਰ ਰਾਗ ਨੂੰ ਉਸ ਦੇ ਸਮੇਂ ਅਨੁਸਾਰ ਗਾਉਂਦੇ ਸਨ। ਜਿਵੇਂ ਆਸਾ ਦੀ ਵਾਰ ਸਮੇਂ ਤੇ ਰਹਰਾਸਿ ਦੇ ਪਾਠ ਤੋਂ ਪਹਿਲਾਂ-'ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ' ਦਾ ਸ਼ਬਦ ਆਸਾ ਰਾਗ ਵਿੱਚ ਗਾਇਆ ਜਾਂਦਾ ਸੀ। ਅੱਜ ਕੱਲ੍ਹ ਕੁਝ ਨਵੇਂ ਰਾਗੀ ਸਿੰਘ ਇਸ ਦੀ ਪਾਲਣਾ ਨਹੀਂ ਕਰ ਰਹੇ। ਪੁਰਾਤਨ ਸਮੇਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਤੇ ਰਬਾਬੀ ਸੰਗੀਤ ਦੇ ਮਹਾਨ ਅਚਾਰਯ ਹੁੰਦੇ ਸਨ। ਬਜ਼ੁਰਗ ਦੱਸਦੇ ਹਨ ਕਿ ਭਾਰਤ ਭਰ ਦੇ ਸੰਗੀਤਕਾਰ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀਆਂ ਜਾਂ ਰਬਾਬੀਆਂ ਨਾਲ ਮੁਕਾਬਲਾ ਕਰਨੋਂ ਝਿਜਕਦੇ ਸਨ।

**ਕੀਰਤਨ ਦਾ ਸੇਵਾ ਫਲ-** ਪੁਰਾਤਨ ਸਮੇਂ ਤੋ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਵਸਤੂਆਂ ਦੇ ਭਾਅ ਸਸਤੇ ਹੋਣ ਕਰ ਕੇ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ 'ਚੋਂ ਜੋ ਰੁਜ਼ੀਨਾ ਮਿਲਦਾ ਸੀ ਉਹ ਇਕ ਦਿਨ ਦਾ ਵੱਧ ਤੋਂ ਵੱਧ ਇਕ ਰੁਪਇਆ ਤੇ ਘੱਟ ਤੋਂ ਘੱਟ ੪ ਪੈਸੇ ਹੁੰਦਾ ਸੀ। ਮਹੀਨੇ ਬਾਅਦ ਤਨਖਾਹ ਫਿਰ ਵਧ ਕੇ ਘੱਟ ਤੋਂ ਘੱਟ ਪੰਜ ਰੁਪਏ ਜਾਂ ਸੱਤ ਰੁਪਏ ਅਤੇ ਵੱਧ ਤੋਂ ਵੱਧ ੩੦ ਜਾਂ ੪੦ ਰੁਪਏ ਮਹੀਨਾ ਸੀ। ਕੀਰਤਨ ਕਰਦਿਆਂ ਸਮੇਂ ਸੰਗਤਾਂ ਵੱਲੋਂ ਜੋ ਸ਼ਬਦ-ਭੇਟ ਅਰਦਾਸ ਹੁੰਦੀ ਉਹ ਰਾਗੀਆਂ ਤੇ ਰਬਾਬੀਆਂ ਦੀ ਹੁੰਦੀ ਸੀ ਭਾਵੇਂ ਉਹ ਕਿੰਨੀ ਵੀ ਹੋਵੇ।

ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਸਾਰੇ ਰਾਗੀਆਂ ਤੇ ਰਬਾਬੀਆਂ ਨੂੰ ਮੁਲਾਜ਼ਮ ਭਰਤੀ ਕਰ ਲਿਆ ਗਿਆ ਤੇ ਮਾਹਵਾਰੀ ਤਨਖਾਹਾਂ ਮੁਕੱਰਰ ਕਰ ਦਿੱਤੀਆਂ। ਸਰਕਾਰੀ ਮੁਲਾਜ਼ਮਾਂ ਵਾਂਗ ਗਰੇਡ, ਮਹਿੰਗਾਈ ਅਲਾਊਂਸ, ਛੁੱਟੀਆਂ, ਤਰੱਕੀਆਂ, ਪ੍ਰਾਵੀਡੰਟ ਫੰਡ ਆਦਿ ਦੀਆਂ ਸਹੂਲਤਾਂ ਦਿੱਤੀਆਂ ਗਈਆਂ। ਡਿਊਟੀ 'ਤੇ ਜਾਣ ਵਾਲਿਆਂ ਲਈ ਡੀ.ਏ., ਟੀ.ਏ. ਮੁਕੱਰਰ ਹੋ ਗਏ। ਅੱਜ ਕੱਲ੍ਹ ਬਾਹਰੋਂ ਆਈ ਮਾਇਆ 'ਚੋਂ ਵੀ ਕੁਝ ਹਿੱਸਾ ਰਾਗੀਆਂ ਨੂੰ ਵੀ ਦਿੱਤਾ ਜਾਂਦਾ ਹੈ। ੧੯੪੭ ਈ: ਤੋਂ ਕੁਝ ਸਮਾਂ ਪਹਿਲਾਂ ਹੀ ਕੁਝ ਰਬਾਬੀ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਸਨ। ਅੰਤਲਾ ਰਬਾਬੀ ਭਾਈ ਚਾਂਦ ਸੀ, ਜੋ ਪਹਿਲਾਂ ਹੀ ਸੇਵਾ-ਮੁਕਤ ਹੋ ਗਿਆ ਸੀ ਤੇ ੧੯੪੭ ਈ: ਸਮੇਂ ਪਾਕਿਸਤਾਨ ਚਲਾ ਗਿਆ। ਅੱਜ ਕੱਲ੍ਹ ਰਾਗੀ ਸਿੰਘਾਂ ਦੀਆਂ ਮਹਿੰਗਾਈ ਕਰ ਕੇ ਕਾਫੀ ਚੰਗੀਆਂ ਤਨਖਾਹਾਂ ਦੇ ਗਰੇਡ ਹਨ।

**ਬਸੰਤੁ ਰਾਗੁ**-ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਬਸੰਤ ਰਾਗ ਗਾਉਣ ਦੀ ਪੁਰਾਤਨ ਸਮੇਂ ਤੋਂ ਜੋ ਮਰਯਾਦਾ ਚਲੀ ਆਉਂਦੀ ਹੈ ਉਹ ਹੋਰ ਕਿਸੇ ਅਸਥਾਨ 'ਤੇ ਨਹੀਂ। ਪਹਿਲਾਂ ਬਸੰਤ ਰਾਗ ਦੇ ਆਰੰਭ ਸੰਬੰਧੀ ਲੋਹੜੀ ਦੀ ਸ਼ਾਮ ਨੂੰ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਸ਼ਹੀਦ ਗੰਜ ਜੋੜ-ਮੇਲਾ ਹੁੰਦਾ ਹੈ, ਫਿਰ ਗੁ: ਥੜ੍ਹਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਖੇ ਸਮਾਗਮ ਹੁੰਦਾ ਹੈ, ਮਾਨੋ ਬਸੰਤ ਰਾਗ ਧਰਤੀ 'ਤੇ ਉਤਰ ਆਇਆ ਹੈ। ਲੋਹੜੀ ਦੀ ਰਾਤ ਨੂੰ ੯ ਵਜੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਚਲਦਾ ਕੀਰਤਨ ਬੰਦ ਕਰ ਕੇ ਅਰਦਾਸੀਆ ਸਿੰਘ ਸਪੈਸ਼ਲ ਅਰਦਾਸ ਕਰਦਾ ਹੈ, ਜਿਸ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਬਸੰਤ ਰਾਗ ਗਾਉਣ ਦੇ ਆਰੰਭ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਉਪ੍ਰੰਤ ਰਾਗੀ ਸਿੰਘ "ਮਾਹਾ ਮਾਹ

ਮੁਮਾਰਖੀ ਚੜਿਆ ਸਦਾ ਬਸੰਤ" ਵਾਲਾ ਬਸੰਤ ਰਾਗ ਦਾ ਪਹਿਲਾ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਬਸੰਤ ਰਾਗ ਵਿੱਚ ਗਾਉਂਦੇ ਹਨ। ਐਉਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਸੰਤ ਰਾਗ ਗਾਉਣ ਦਾ ਆਰੰਭ ਹੁੰਦਾ ਹੈ। ਮਰਯਾਦਾ ਅਨੁਸਾਰ ਹਰ ਰੋਜ਼ ਹਰ ਰਾਗੀ ਜਥਾ ਪਹਿਲਾ ਸ਼ਬਦ ਹਰ ਹਾਲਤ ਵਿੱਚ ਬਸੰਤ ਰਾਗੁ ਦਾ ਸ਼ਬਦ ਤੇ ਬਸੰਤ ਰਾਗੁ ਵਿੱਚ ਹੀ ਗਾਉਂਦਾ ਹੈ। ਹਰ ਚੌਂਕੀ ਦੇ ਦਰਮਿਆਨ 'ਚ 'ਬਸੰਤ ਦੀ ਵਾਰ' ਦੀਆਂ ਪਹਿਲੀਆਂ ਦੋ ਪਉੜੀਆਂ ਗਾਈਆਂ ਜਾਂਦੀਆਂ ਹਨ ਤੇ ਤੀਜੀ ਪਉੜੀ ਅੰਤ ਵਿੱਚ ਗਾ ਕੇ ਚੌਂਕੀ ਦੇ ਕੀਰਤਨ ਦੀ ਸਮਾਪਤੀ ਕੀਤੀ ਜਾਂਦੀ ਹੈ। ਤਿੰਨੇ ਹੀ ਪਉੜੀਆਂ ਬਸੰਤ ਰਾਗ ਵਿੱਚ ਹੀ ਗਾਈਆਂ ਜਾਂਦੀਆਂ ਹਨ। ਇਹ ਸਿਲਸਿਲਾ ਹੋਲੇ ਮਹੱਲੇ ਵਾਲੇ ਦਿਨ ਤੱਕ ਚਲਦਾ ਹੈ। ਹੋਲੇ ਮਹੱਲੇ ਵਾਲੇ ਦਿਨ ਆਸਾ ਜੀ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਵਿੱਚ ਹੀ ਬਸੰਤ ਰਾਗ ਗਾਉਣ ਦੀ ਸਮਾਪਤੀ ਦੀ ਵੀ ਅਰਦਾਸ ਕਰ ਦਿੱਤੀ ਜਾਂਦੀ ਹੈ।

*ਨੋਟ- ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਰਦੀਆਂ ਵਿੱਚ ਘੱਟ ਤੋਂ ਘੱਟ ੧੯ ਘੰਟੇ ਤੇ ਗਰਮੀਆਂ ਵਿੱਚ ਵੱਧ ਤੋਂ ਵੱਧ ੨੧ ਘੰਟੇ ਗੁਰਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ।*

ਇਸ ਸਮੇਂ ਰਾਗੀ ਸਿੰਘ ਸ਼ਬਦ ਭੇਟ ਦੀ ਨਾ ਅਰਦਾਸ ਕਰ ਸਕਦਾ ਹੈ, ਨਾ ਵਿਆਖਿਆ ਤੇ ਨਾ ਹੀ ਕੋਈ ਹੋਰ ਜ਼ਰੂਰੀ ਸੂਚਨਾ ਦੇ ਸਕਦਾ ਹੈ। ਕੀਰਤਨ, ਅਰਦਾਸ ਤੇ ਮਹਾਂਵਾਕ ਤੋਂ ਬਿਨਾਂ ਹੋਰ ਕੋਈ ਬਚਨ ਬਿਲਾਸ ਨਹੀਂ ਹੋ ਸਕਦਾ। ਅਰਦਾਸ ਤੋਂ ਬਾਅਦ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਵੀ ਨਹੀਂ ਛੱਡਿਆ ਜਾਂਦਾ। ਮੇਰੇ ਮੁੱਖ ਗ੍ਰੰਥੀ ਦੀ ਪਾਵਨ ਸੇਵਾ ਸੰਭਾਲਣ ਤੋਂ ਪਹਿਲਾਂ ਅਰਦਾਸ ਤੋਂ ਬਾਅਦ ਅਰਦਾਸੀਆ ਸਿੰਘ ਰੋਜ਼ਾਨਾ ਕੜਾਹ ਪ੍ਰਸ਼ਾਦ ਕਰਾਉਣ ਵਾਲੇ ਦਾਨੀ ਸੱਜਣਾਂ ਦੇ ਨਾਮ ਸੁਣਾਂਦਾ ਸੀ, ਪਰ ਸਾਰੇ ਸਿੰਘ ਸਾਹਿਬਾਨ ਵੱਲੋਂ ਵੀਚਾਰ ਕਰਨ ਉਪ੍ਰੰਤ ਗੁਰਮਤਾ ਕਰ ਕੇ ਨਾਮ ਸੁਣਾਉਣੇ ਬੰਦ ਕਰ ਦਿੱਤੇ ਹਨ।

* * *

# ਸ੍ਰੀ ਹਰਿਮੰਦਰ ਸਾਹਿਬ
## ਦਾ ਬਾਕੀ ਸਟਾਫ

**ਦਾਰੋਗੇ**– ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਜਾਰੀਆਂ ਦੇ ਸਮੇਂ ਚੜ੍ਹਤ ਵਿੱਚ ਆਉਂਦੇ ਸਾਮਾਨ ਜਿਵੇਂ ਕਿ ਨਕਦ ਮਾਇਆ, ਰੁਮਾਲੇ, ਬਸਤਰ ਆਦਿ ਦੀ ਸੰਭਾਲ ਦੀ ਜ਼ਿਮੇਵਾਰੀ ਦਾਰੋਗਿਆਂ ਦੀ ਹੁੰਦੀ ਸੀ। ਇਹ ਗਿਣਤੀ ਵਿੱਚ ਦੋ ਹੁੰਦੇ ਸਨ। ਪ੍ਰੇਮੀਆਂ ਵੱਲੋਂ ਜੋ ਮਾਇਆ ਭੇਟ ਹੁੰਦੀ ਉਸ ਨੂੰ ਲੈ ਕੇ ਗੋਲਕ ਵਿੱਚ ਪਾਉਣਾ, ਉਸ ਮਾਇਆ ਦਾ ਵੇਰਵਾ ਚਪੱਤਰੇ 'ਤੇ ਦਰਜ ਕਰਕੇ ਨਿਯਮਾਂ ਅਨੁਸਾਰ ਪ੍ਰੇਮੀਆਂ ਨੂੰ ਸਿਰੋਪਾਉ ਤੇ ਪ੍ਰਸਾਦਿ ਵੱਜੋਂ ਮਿਸ਼ਰੀ ਦੇ ਕੁੱਜੇ ਦੇਣੇ ਦਾਰੋਗਿਆਂ ਦੀ ਡਿਊਟੀ ਹੁੰਦੀ ਸੀ। ਖਜ਼ਾਨੇ ਨੂੰ ਤਿੰਨ ਜਿੰਦੇ ਲੱਗੇ ਹੁੰਦੇ ਸਨ ਉਨ੍ਹਾਂ ਦੀਆਂ ਤਿੰਨ ਚਾਬੀਆਂ ਚੋਂ ਇਕ ਸਕੱਤਰ ਤੇ ਦੂਜੀ ਸੁਪ੍ਰਿੰਟੈਂਡੈਂਟ (ਜਿਸ ਨੂੰ ਹੁਣ ਮੈਨੇਜਰ ਕਹਿੰਦੇ ਹਨ) ਪਾਸ ਹੁੰਦੀ ਸੀ। ਖਜ਼ਾਨੇ ਦੀ ਤੀਜੀ ਚਾਬੀ ਵੀ ਦਾਰੋਗੇ ਪਾਸ ਹੀ ਹੁੰਦੀ ਸੀ। ਖਜ਼ਾਨੇ ਨੂੰ ਰਖਾਉਣ ਤੇ ਗਿਣਾਉਣ ਸਮੇਂ ਵੀ ਇਹ ਹਾਜ਼ਰ ਹੁੰਦੇ ਸਨ। ਅੰਦਰਲੇ ਸਾਰੇ ਸਟਾਫ ਦੀ ਹਾਜ਼ਰੀ ਤੇ ਹੋਰ ਰਿਪੋਰਟ ਆਦਿ ਦਫਤਰ ਵਿੱਚ ਇਹੋ ਹੀ ਪੁਚਾਉਂਦੇ ਸਨ। ਸੰਗਮਰਮਰ, ਸੋਨਾ, ਚਾਂਦੀ ਤੇ ਅਖੰਡ ਪਾਠਾਂ ਦੀ ਮਾਇਆ ਦਫਤਰ ਤੋਂ ਛੁੱਟ ਇਨ੍ਹਾਂ ਪਾਸ ਵੀ ਜਮ੍ਹਾਂ ਹੁੰਦੀ ਸੀ ਪਰ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ ਤੋਂ ਬਾਅਦ ਹੌਲੀ ਹੌਲੀ ਇਹ ਅਸਾਮੀ ਖਤਮ ਕਰ ਦਿੱਤੀ ਗਈ ਤੇ ਹੁਣ ਦਾਰੋਗਿਆਂ ਦਾ ਉਪ੍ਰੋਕਤ ਸਾਰਾ ਕੰਮ ਇਸ ਸਮੇਂ ਅਰਦਾਸੀਏ ਸਿੰਘਾਂ ਦੇ ਜ਼ਿੰਮੇ ਹੈ। ਨਕਦ ਮਾਇਆ ਤੇ ਸੋਨਾ, ਚਾਂਦੀ ਤਾਂ ਇਥੇ ਚੜ੍ਹਦੀ ਹੈ ਜਿਸ ਦੀ ਸੰਭਾਲ ਡਿਊਟੀ ਉੱਪਰ ਹਾਜ਼ਰ ਅਰਦਾਸੀਆ ਸਿੰਘ ਕਰਦਾ ਹੈ ਪਰ ਸੰਗਮਰਮਰ ਤੇ ਅਖੰਡ ਪਾਠਾਂ ਦੀ ਮਾਇਆ ਅੰਦਰ ਜਮ੍ਹਾਂ ਨਹੀਂ ਹੁੰਦੀ। ੧੯੩੦ ਵਿੱਚ ਇਕ ਦਾਰੋਗੇ ਦੀ ਤਨਖਾਹ ੪੨+੨ ਰੁਪਏ ਮਹਾਵਾਰ ਤੇ ਦੂਜੇ ਦੀ ੪੨) X ਰੁਪਏ ਮਹਾਵਾਰ ਸੀ। ਪੁਰਾਤਨ ਲਿਖਤਾਂ ਵਿੱਚ ਕਿਸੇ ਦਾਰੋਗੇ ਦੇ ਨਾਮ ਦਾ ਜ਼ਿਕਰ ਨਹੀਂ ਪਰ ਤਵਾਰੀਖ ਦਰਬਾਰ ਸਾਹਿਬ ਵ ਸ਼ਹਿਰ ਅੰਮ੍ਰਿਤਸਰ ਉਰਦੂ ਵਿੱਚ ਬੁੰਗਿਆਂ ਦੇ ਵੇਰਵੇ ਵਿੱਚ ਬੁੰਗਾ ਨੰ : ੧੧ ਦੇ ਖਾਨੇ ਵਿੱਚ ਸਰਦੂਲ ਸਿੰਘ ਦਾ ਰੋਗੇ ਦਾ ਨਾਮ ਲਿਖਿਆ ਹੈ।

*(ਦੇਖੋ ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ ਦਾ ਪੰਨਾ ੪੬)*

**ਕੁੰਜੀ ਬਰਦਾਰ**– ਪੁਜਾਰੀਆਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਪੁਸ਼ਾਕਿਆਂ ਦਾ ਸਟਾਕ ਕੁੰਜੀ ਬਰਦਾਰਾਂ ਕੋਲ ਹੁੰਦਾ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵਰਤਨ ਲਈ ਮਿਸ਼ਰੀ ਦੇ ਕੁੱਜੇ ਤੇ ਸਿਰੋਪਾਉ ਸਟੋਰ ' ਚੋਂ ਇੱਕਠੇ ਲਿਆ ਕੇ ਦਾਰੋਗੇ ਨੂੰ ਹਿਸਾਬ ਨਾਲ ਦੇਂਦੇ ਸਨ। ਖਾਸਾ ਸਾਹਿਬ ਤੇ ਪਾਲਕੀ ਸਾਹਿਬ ਵੀ ਇਨ੍ਹਾਂ ਦੀ ਨਿਗਰਾਨੀ ਵਿੱਚ ਹੁੰਦੇ ਸਨ। ਦਰਬਾਰ ਸਾਹਿਬ ਦਰਸ਼ਨੀ ਡਿਓਢੀ ਦੇ ਨਾਲ ਇਲਾਇਚੀ ਬੇਰ ਦੇ ਲਾਗੇ ਇੰਨ੍ਹਾਂ ਦਾ ਕਮਰਾ ਸੀ। ਚਾਰ ਵੱਡੇ ਗੁਰਪੁਰਬਾਂ ਤੇ ਜਲੌ ਸਜਾਉਣ ਦੀ ਸੇਵਾ ਵੀ ਇਹੋ ਕਰਦੇ ਸਨ। ਇਹ ਵੀ ਦੋ ਸਨ। ੧੯੩੦ ਈ: ਵਿੱਚ ਇਨ੍ਹਾਂ 'ਚੋਂ ਹਰ ਇਕ ਨੂੰ ੨੫ ਤੇ ੨੭) X ਰੁਪਏ ਮਹਾਵਾਰ ਤਨਖਾਹ ਮਿਲਦੀ ਸੀ। ਹੁਣ ਇਹ ਅਸਾਮੀ ਵੀ ਖਤਮ ਕਰ ਦਿੱਤੀ ਗਈ ਹੈ। ਇਨ੍ਹਾਂ ਵਾਲੀਆਂ ਸਾਰੀਆਂ ਡਿਊਟੀਆਂ ਹੁਣ ਫਰਾਸ਼ਾਂ ਦੇ ਹੀ ਜ਼ਿੰਮੇ ਹਨ।

**ਫਰਾਸ਼**– ਪੁਜਾਰੀਆਂ ਦੇ ਸਮੇਂ ਦੋ ਫਰਾਸ਼ ਹੁੰਦੇ ਸਨ । ਰਾਤ ਨੂੰ ਦਰਸ਼ਨੀ ਦਰਵਾਜ਼ਾ ਬੰਦ ਹੋਣ ਤੋਂ ਪਹਿਲਾਂ ਇਹ ਦੋਨੋਂ ਅੰਦਰ ਚਲੇ ਜਾਂਦੇ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖਾਸਣ ਕਰਾਉਣ ਸਮੇਂ ਇਹ ਪੁਸ਼ਾਕਿਆਂ ਦੀ ਸੇਵਾ ਕਰਵਾਉਂਦੇ ਸਨ । ਕਿਵਾੜ ਬੰਦ ਹੋਣ ਵੇਲੇ ਅੰਦਰੋਂ ਸਾਰੇ ਸੱਜਣ ਬਾਹਰ ਆ ਜਾਂਦੇ ਸਨ । ਸਿਰਫ ਇਹ ਦੋਨੋਂ ਹੀ ਅੰਦਰ ਰਹਿੰਦੇ ਸਨ । ਇਹ ਵਿਛਾਈਆਂ ਤੇ ਦਰੀਆਂ ਆਦਿ ਝਾੜ ਕੇ ਇਕੱਠੀਆਂ ਕਰ ਕੇ ਸਫਾਈ ਦੀ ਸੇਵਾ ਕਰਦੇ ਤੇ ਇਸ਼ਨਾਨ ਕਰਾਉਂਦੇ ਸਨ । ਸੁੱਕੇ ਤੌਲੀਆਂ ਨਾਲ ਫਰਸ਼ ਸੁਕਾ ਕੇ ਫਿਰ ਦਰੀਆਂ ਤੇ ਵਿਛਾਈ ਵਿਛਾ ਦੇਂਦੇ ਸਨ । ਸਵੇਰੇ ਤੇ ਦੁਪਹਿਰ ਵੇਲੇ ਮਹਾਰਾਜ ਦੇ ਪੁਸ਼ਾਕਿਆਂ ਤੇ ਹੋਰ ਵਿਛਾਈ ਝਾੜ ਕੇ ਵਿਛਾਉਣ ਆਦਿ ਦੀ ਸਾਰੀ ਸੇਵਾ ਇਹੋ ਹੀ ਕਰਦੇ ਸਨ । ਉਪਰਲੀਆਂ ਛੱਤਾਂ ਦੀਆਂ ਚਾਬੀਆਂ ਵੀ ਇਨ੍ਹਾਂ ਪਾਸ ਹੀ ਹੁੰਦੀਆਂ ਸਨ । ਅੱਜ ਕੱਲ ਕੁੰਜੀ ਬਰਦਾਰਾਂ ਤੇ ਜੋਤੀਏ ਵਾਲੀਆਂ ਡਿਊਟੀਆਂ ਵੀ ਫਰਾਸ਼ਾਂ ਦੇ ਹੀ ਜ਼ਿੰਮੇ ਹਨ । ਹਰਿ ਕੀ ਪਉੜੀ ਤੇ ਗੁੰਬਦ ਤੋਂ ਇਲਾਵਾ ਦੂਜੀ ਛੱਤ ਵਿੱਚ ਉੱਤਰੀ ਤੇ ਦੱਖਣੀ ਬਾਹੀ ਵਿੱਚ ਵੀ ਦੋ ਅਖੰਡ ਪਾਠ ਚਲਦੇ ਰਹਿੰਦੇ ਹਨ । ਇਸ ਤਰ੍ਹਾਂ ਚਾਰ ਅਖੰਡ ਪਾਠਾਂ ਦੀਆਂ ਜੋਤਾਂ ਵੀ ਇਹੋ ਜਗਾਉਂਦੇ ਹਨ । ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਸ਼ਾਮ ਨੂੰ ਘਿਉ ਦੀ ਜੋਤਿ ਜਗਾਉਣ ਤੇ ਸੁਬ੍ਹਾ ਬੁਝਾਉਣ ਦੀ ਡਿਊਟੀ ਵੀ ਇਨ੍ਹਾਂ ਫਰਾਸ਼ਾਂ ਦੀ ਹੀ ਹੈ ।

ਪੁਰਾਤਨ ਸਮੇਂ ਦੇ ਕਿਸੇ ਫਰਾਸ਼ ਬਾਰੇ ਕਿਸੇ ਪੁਸਤਕ 'ਚੋਂ ਜਾਣਕਾਰੀ ਨਹੀਂ ਮਿਲੀ । ਅਕਤੂਬਰ ੧੯੪੭ ਈ: ਵਿੱਚ ਭਾਈ ਦਰਸ਼ਨ ਸਿੰਘ ਫਰਾਸ਼ ਨੀਯਤ ਹੋਏ ਜੋ ਬਾਅਦ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਤੇ ਮੁੱਖ ਅਰਦਾਸੀਏ ਰਹੇ । ਭਾਈ ਦਰਸ਼ਨ ਸਿੰਘ ਦੇ ਕਥਨ ਅਨੁਸਾਰ ਉਨ੍ਹਾਂ ਤੋਂ ਪਹਿਲਾਂ ਭਾਈ ਹਰਨਾਮ ਸਿੰਘ ਤੇ ਭਾਈ ਠਾਕੁਰ ਸਿੰਘ ਫਰਾਸ਼ ਦੀ ਡਿਊਟੀ ਨਿਭਾ ਰਹੇ ਸਨ । ਜਦ ਮੈਂ ੧੯੫੮ ਈ: ਵਿੱਚ ਗ੍ਰੰਥੀ ਦੀ ਸੇਵਾ ਸੰਭਾਲੀ ਤਾਂ ਉਸ ਵਕਤ ਪ੍ਰਤਾਪ ਸਿੰਘ ਤੇ ਗਿਆਨ ਸਿੰਘ ਦੋ ਫਰਾਸ਼ ਸਨ । ਇਨ੍ਹਾਂ ਤੋਂ ਬਾਅਦ ਇੰਦਰ ਸਿੰਘ ਤੇ ਗਿਆਨ ਸਿੰਘ ਫਿਰ ਚੰਨਣ ਸਿੰਘ ਤੇ ਪੂਰਨ ਸਿੰਘ ਬਾਅਦ 'ਚ ਗਿਆਨ ਸਿੰਘ ਤੇ ਆਸਾ ਸਿੰਘ ਫਰਾਸ਼ ਰਹੇ । ੧੯੬੫ ਈ: ਵਿੱਚ ਭਾਈ ਅਮਰ ਸਿੰਘ ਸਪੁੱਤਰ ਭਾਈ ਕਾਨ੍ਹ ਸਿੰਘ ਗ੍ਰੰਥੀ ਗੁਰਦੁਆਰਾ ਮੰਜੀ ਸਾਹਿਬ ਫਰਾਸ਼ ਨੀਯਤ ਹੋਇਆ । ਇਹ ਪਹਿਲਾਂ ਸੋਨੇ ਦੇ ਕਾਰਖਾਨੇ ਵਿੱਚ ਸੇਵਾਦਾਰ ਸੀ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੇਵਾਦਾਰ ਰਿਹਾ । ਫਿਰ ਗ੍ਰੰਥੀ ਦੀ ਡਿਊਟੀ 'ਤੇ ਗੁ: ਮਾਤਾ ਕੌਲਾਂ, ਗੁ: ਬਾਬਾ ਅੱਟਲ ਸਾਹਿਬ, ਗੁ: ਬਿਬੇਕਸਰ ਤੇ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਰਿਹਾ । ੧੯੬੫ ਈ. ਤੋਂ ਹੁਣ ਤੱਕ ਇਹ ਫਰਾਸ਼ ਦੀ ਡਿਊਟੀ ਨੂੰ ਠੀਕ ਢੰਗ ਨਾਲ ਨਿਭਾ ਰਿਹਾ ਹੈ । ਇਸ ਦੇ ਨਾਲ ਸਹਾਇਕ ਦੇ ਤੌਰ 'ਤੇ ਵੱਖ-ਵੱਖ ਸਮਿਆਂ ਵਿੱਚ ਭਾਈ ਆਸਾ ਸਿੰਘ, ਸਰੂਪ ਸਿੰਘ, ਸੁਰਿੰਦਰ ਸਿੰਘ ਤੇ ਅਵਤਾਰ ਸਿੰਘ ਫਰਾਸ਼ ਡਿਊਟੀ ਕਰਦੇ ਰਹੇ ।

**ਧੂਪੀਏ**– ਪੁਰਾਣੇ ਸਮਿਆਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੁਝ ਵਿਅਕਤੀਆਂ ਦੀ ਡਿਊਟੀ ਧੂਪ ਧੁਖਾਉਂਦੇ ਰਹਿਣ ਦੀ ਸੀ । ਇਨ੍ਹਾਂ ਨੂੰ ਧੂਪੀਏ ਕਿਹਾ ਜਾਂਦਾ ਸੀ । ੨੫ ਹਾੜ ੧੯੩੩ ਬਿ: ਦੀ ਲਿਖਤ ਜਿਸ ਵਿੱਚ ਜਿਥੇ ਕੁਝ ਗ੍ਰੰਥੀਆਂ, ਪੁਜਾਰੀਆਂ ਤੇ ਅਰਦਾਸੀਆਂ ਦੇ ਦਸਤਖ਼ਤ ਹਨ । ਉਥੇ ਕੁਝ ਧੂਪੀਆਂ ਦੇ ਵੀ ਦਸਤਖ਼ਤ ਹਨ । ਜਿਸ

ਤੋਂ ਉਸ ਸਮੇਂ ਦੇ ਧੂਪੀਆਂ ਦੇ ਨਾਵਾਂ ਦੀ ਜਾਣਕਾਰੀ ਮਿਲੀ ਹੈ । ਹੇਠ ਲਿਖੇ ਧੂਪੀਆਂ ਦੇ ਦਸਤਖ਼ਤ ਹਨ –

ਪ੍ਰੇਮ ਸਿੰਘ, ਜੈ ਸਿੰਘ, ਦੇਵਾ ਸਿੰਘ, ਚੰਚਲ ਸਿੰਘ, ਗੰਡਾ ਸਿੰਘ, ਕਰਮ ਸਿੰਘ । ਇਨ੍ਹਾਂ ਦੀ ਪੁਜਾਰੀਆਂ ਦੀਆਂ ਛੇ ਪੱਤੀਆਂ ਵਿੱਚੋਂ ਇਕ ਪੱਤੀ ਸੀ । ਪੁਰਾਣੇ ਧੂਪੀਆਂ ਦੇ ਖਾਨਦਾਨ ਚੋਂ ਅੱਜ ਕੱਲ ਦਿੱਲੀ ਦੇ ਕਈ ਸਿੱਖ ਸਰਦਾਰਾਂ ਦੇ ਨਾਵਾਂ ਨਾਲ ਧੂਪੀਆ ਉਪਨਾਮ ਲਿਖਿਆ ਹੁੰਦਾ ਹੈ, ਜਿਸ ਨੂੰ ਉਹ ਆਪਣੇ ਵੱਡ ਵਡੇਰਿਆਂ ਦੀ ਯਾਦਗਾਰ ਵੱਜੋਂ ਧੂਪੀਆ ਉਪਨਾਮ ਐਉਂ ਵਰਤਦੇ ਹਨ । ਜਿਵੇਂ ਕਈ ਲੋਕ ਆਪਣੀਆਂ ਜਾਤਾਂ, ਗੋਤਾਂ ਜਾਂ ਪਿੰਡਾਂ ਦੇ ਨਾਮ ਵਰਤਦੇ ਹਨ । ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆਉਣ 'ਤੇ ਇਹ ਪੋਸਟ ਵੀ ਖਤਮ ਕਰ ਦਿੱਤੀ ਗਈ ਹੈ । ਧੂਪ ਧੁਖਾਉਣ ਦਾ ਕੰਮ ਵੀ ਬੰਦ ਕਰ ਦਿੱਤਾ ਗਿਆ ਹੈ ।

**ਸੇਵਾਦਾਰ**–ਕੜਾਹ ਪ੍ਰਸ਼ਾਦ ਵਰਤਾਉਣ, ਅੰਦਰ ਦੀ ਸਫਾਈ ਤੇ ਬਾਹਰਲੀ ਛੋਟੀ ਪ੍ਰਕਰਮਾ ਦੀ ਸਫਾਈ, ਫਰਾਸ਼ ਪਾਸੋਂ ਸਰੋਪੇ, ਪਤਾਸੇ, ਆਦਿ ਲਿਆਉਣ, ਕਿਸੇ ਰਾਗੀ ਦੇ ਸਮੇਂ ਸਿਰ ਨਾ ਆਉਣ 'ਤੇ ਉਸ ਦੀ ਥਾਂ ਹੋਰ ਰਾਗੀ ਸਿੰਘ ਦਾ ਪ੍ਰਬੰਧ ਕਰਨ, ਕਿਸੇ ਜ਼ਰੂਰੀ ਕੰਮ ਦਫ਼ਤਰ ਜਾਣ ਆਉਣ ਦੇ ਅਨੇਕਾਂ ਕੰਮਾਂ ਕਾਰਾਂ ਦੇ ਨਿਪਟਾਉਣ ਹਿਤ ਸੇਵਾਦਾਰਾਂ ਦੀਆਂ ਅਸਾਮੀਆਂ ਕਾਇਮ ਕੀਤੀਆਂ ਗਈਆਂ ਸਨ । ਪਹਿਲਾਂ ਸਿਰਫ਼ ਚਾਰ ਸੇਵਾਦਾਰ ਸਨ ਪਰ ਅੱਜ ਕੱਲ ਸੰਗਤਾਂ ਦੀ ਆਵਾਜਾਈ ਵੱਧ ਜਾਣ ਕਰਕੇ ਇਸ ਸਮੇਂ ਸੇਵਾਦਾਰਾਂ ਦੀ ਗਿਣਤੀ ੨੪ ਹੈ । ਪੰਜ ਮਾਈਆਂ ਵੀ ਸੇਵਾਦਾਰਨੀਆਂ ਨਿਯੁਕਤ ਹਨ ਜੋ ਅੰਦਰ ਮਾਈਆਂ ਦੇ ਪਾਸੇ ਸੇਵਾ ਦਾ ਧਿਆਨ ਰੱਖਦੀਆਂ ਹਨ । ਕੋਈ ਬੱਚਾ ਪੇਸ਼ਾਬ ਆਦਿ ਕਰ ਦੇਵੇ ਤਾਂ ਖੂਹ ਦੇ ਜਲ ਨਾਲ ਸਾਫ ਕਰਕੇ ਉੱਪਰ ਕਿਉੜਾ ਛਿੜਕ ਦਿੱਤਾ ਜਾਂਦਾ ਹੈ ।੧੯੫੮ ਈ: ਤੱਕ ਅੰਦਰ ਹੀ ਪ੍ਰਸ਼ਾਦ ਵਰਤਦਾ ਸੀ ਪਰ ਹੁਣ ਬਾਹਰ ਦੱਖਣੀ ਬਾਹੀ ਦੀ ਛੋਟੀ ਪ੍ਰਕਰਮਾ ਵਿੱਚ ਵਰਤਾਉਂਦੇ ਹਨ, ਜਿਸ ਕਰ ਕੇ ਸੇਵਾਦਾਰਾਂ ਦੀ ਗਿਣਤੀ ਵਧਾਉਣੀ ਪਈ ਹੈ ।

**ਚੋਬਦਾਰ**–ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਊਟੀ ਦੇ ਬਾਹਰਵਾਰ ਜਾਂ ਅੰਦਰਵਾਰ ਇਕ ਸੇਵਾਦਾਰ ਚਾਂਦੀ ਦੀ ਚੋਬ ਪਕੜ ਕੇ ਪਹਿਰੇ ਤੇ ਹਰ ਵੇਲੇ ਖੜ੍ਹਾ ਰਹਿੰਦਾ ਹੈ । ਇਸ ਨੂੰ ਚੋਬਦਾਰ ਕਹਿੰਦੇ ਹਨ । ਇਹ ਆਏ ਯਾਤਰੂਆਂ ਨੂੰ ਗੱਠੜੀ, ਬੈਗ, ਗਿੱਲੇ ਕਪੜੇ ਤੇ ਹੋਰ ਮਨ੍ਹਾਂ ਕੀਤੀਆਂ ਵਸਤੂਆਂ ਜਿਵੇਂ ਕਿ ਕੈਮਰਾ ਆਦਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਲੈ ਕੇ ਜਾਣ ਤੋਂ ਰੋਕਦਾ ਹੈ । ਇਵੇਂ ਹੀ ਅੰਦਰੋਂ ਹਰ ਸੱਜਣ ਨੂੰ ਭਾਵੇਂ ਉਹ ਗੁਰਦੁਆਰਾ ਕਮੇਟੀ ਦਾ ਮੁਲਾਜ਼ਮ ਵੀ ਕਿਉਂ ਨਾ ਹੋਵੇ ਕੋਈ ਗਠੜੀ, ਬਰਤਨ, ਰੁਮਾਲੇ, ਕਪੜੇ ਆਦਿ ਸਾਮਾਨ ਬਿਨਾਂ ਜ਼ਿੰਮੇਵਾਰ ਦੀ ਆਗਿਆ ਤੋਂ ਬਾਹਰ ਲੈ ਜਾਣ ਤੋਂ ਚੋਬਦਾਰ ਰੋਕਦਾ ਹੈ । ਸੁਪ੍ਰਿੰਟੈਂਡੈਂਟ, ਸਕੱਤਰ, ਮੈਨੇਜਰ, ਖਜ਼ਾਨਚੀ ਆਦਿ ਕੋਈ ਮੁਲਾਜ਼ਮ ਜਦੋਂ ਖਜ਼ਾਨਾ ਗਿਣਨ ਜਾਂ ਰਖਾਉਣ ਅੰਦਰ ਜਾਂਦਾ ਹੈ ਜਾਂ ਖਜ਼ਾਨਾ ਗਿਣ ਕੇ ਬਾਹਰ ਨੂੰ ਆਉਂਦਾ ਹੈ ਤਾਂ ਆਪਣੇ ਨਾਲ ਕੋਈ ਪੈਸਾ ਆਦਿ ਨਾਲ ਅੰਦਰ ਨਹੀਂ ਲੈ ਜਾ ਸਕਦਾ ਤੇ ਨਾ ਹੀ ਅੰਦਰੋਂ ਬਾਹਰ ਲੈ ਜਾ ਸਕਦਾ ਹੈ । ਜੇ ਚੋਬਦਾਰ ਨੂੰ ਸ਼ੱਕ ਹੋਵੇ ਤਾਂ ਉਹ ਤਲਾਸ਼ੀ ਵੀ ਲੈ ਸਕਦਾ ਹੈ । ਅੰਦਰੋਂ ਖਜ਼ਾਨੇ 'ਚੋਂ ਜਦ ਮਾਇਆ, ਰੁਮਾਲੇ ਤੇ ਚੜ੍ਹਤ 'ਚ ਆਏ ਕਪੜੇ ਬਰਤਨ ਆਦਿ ਸਾਮਾਨ ਬਾਹਰ ਕੱਢਦੇ ਹਨ ਤਾਂ ਇੰਚਾਰਜ ਦੀ ਲਿਖਤੀ ਆਗਿਆ ਜਾਂ ਨਾਲ ਹੋਣ ਤੋਂ ਬਿਨਾਂ

ਚੋਬਦਾਰ ਕਿਸੇ ਨੂੰ ਵੀ ਕੋਈ ਚੀਜ਼ ਅੰਦਰੋਂ ਬਾਹਰ ਨਹੀਂ ਲਿਜਾਣ ਦੇਂਦਾ। ਰਾਤ ਨੂੰ ਕਿਵਾੜ ਬੰਦ ਹੋਣ ਤੋਂ ਬਾਅਦ ਅਖੰਡ ਪਾਠੀਆਂ, ਫਰਾਸ਼ਾਂ ਤੇ ਸਫਾਈ, ਇਸ਼ਨਾਨ ਤੇ ਵਿਛਾਈ ਕਰਨ ਵਾਲੇ ਪ੍ਰੇਮੀਆਂ ਨੂੰ ਪਾਸ ਵੇਖ ਕੇ ਅੰਦਰ ਲੰਘਣ ਦੇਂਦਾ ਹੈ। ਰਾਤ ਨੂੰ ਇਕ ਦੋ ਵਾਰ ਪੁਲ ਦੇ ਸੇਵਾਦਾਰ ਨੂੰ ਚੋਬ ਪਕੜਵਾ ਕੇ ਅੰਦਰ ਪੜਤਾਲ ਕਰਨ ਜਾਂਦਾ ਹੈ। ਜੇ ਕੋਈ ਬਿਨਾਂ ਪਾਸ ਵਿਅਕਤੀ ਹੋਵੇ ਤਾਂ ਉਸ ਨੂੰ ਬਾਹਰ ਕੱਢ ਦੇਂਦਾ ਹੈ।

ਸ਼ਾਮ ਨੂੰ ਪਹਿਲੀ ਚੌਂਕੀ ਦੇ ਅੱਗੇ ਅੱਗੇ ਚੋਬ ਪਕੜ ਕੇ ਇਕ ਚੋਬਦਾਰ ਸੰਗਤਾਂ ਨੂੰ ਸਾਵਧਾਨ ਕਰਦਾ ਤੇ ਅੱਗੋਂ ਪਾਸੇ ਹਟਾਉਂਦਾ ਜਾਂਦਾ ਸੀ ਪਰ ਅੱਜ ਕੱਲ੍ਹ ਚੌਂਕੀ ਦਾ ਚੋਬਦਾਰ ਚੌਂਕੀ ਵਾਲਿਆਂ ਦਾ ਆਪਣਾ ਵੱਖਰਾ ਹੁੰਦਾ ਹੈ। ਪਿਛਲੇ ਸਮੇਂ 'ਚ ਚੋਬਦਾਰ ਚਾਰ ਸਨ ਹੁਣ ਵੀ ਚਾਰ ਹੀ ਹਨ। ਹਰ ਇਕ ਚੋਬਦਾਰ ਤਿੰਨ ਘੰਟੇ ਦਿਨੇ ਤੇ ਤਿੰਨ ਘੰਟੇ ਰਾਤ ਨੂੰ ਡਿਊਟੀ ਦਿੰਦਾ ਹੈ। ਸੁਖ੍ਹਾ ਕੋਠਾ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਅੱਗੇ ਦੋ ਚੋਬਦਾਰ ਚੋਬਾਂ ਪਕੜ ਕੇ ਚਲਦੇ ਹਨ ਤੇ ਇਸੇ ਤਰ੍ਹਾਂ ਰਾਤ ਨੂੰ ਸਵਾਰੀ ਦੀ ਵਾਪਸੀ ਸਮੇਂ ਵੀ ਉਪ੍ਰੋਕਤ ਢੰਗ ਨਾਲ ਸੇਵਾ ਨਿਭਾਉਂਦੇ ਹਨ। ਭਾਈ ਇੰਦਰ ਸਿੰਘ, ਭਾਈ ਬਿੰਦਰ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਧਿਆਨ ਸਿੰਘ, ਮੋਹਨ ਸਿੰਘ ਭੱਟੀ, ਪ੍ਰੀਤਮ ਸਿੰਘ ਬ੍ਰਹਮ ਪੁਰਾ, ਸੁਰਜੀਤ ਸਿੰਘ ਲੰਬਾ, ਸੋਹਣ ਸਿੰਘ ਪਿਛਲੇ ਸਮੇਂ ਵਿੱਚ ਅਤੇ ਅੱਜ ਕੱਲ੍ਹ ਭਾਈ ਜੋਗਿੰਦਰ ਸਿੰਘ ਗੱਗੋਮਾਹਲ, ਭਾਈ ਤ੍ਰਿਲੋਕ ਸਿੰਘ, ਭਾਈ ਕਾਰਜ ਸਿੰਘ ਤੇ ਭਾਈ ਮੇਹਰ ਸਿੰਘ ਬਤੌਰ ਚੋਬਦਾਰ ਸੇਵਾ ਨਿਭਾ ਰਹੇ ਹਨ।

**ਜੋਤੀਆ**–ਪੁਜਾਰੀਆਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੱਠੇ ਪਹਿਰ ਘਿਉ ਦੀ ਜੋਤ ਜਗਦੀ ਰੱਖਣ ਲਈ ਇਕ ਜੋਤਾਂ ਜਗਾਉਣ ਵਾਲਾ ਜੋਤੀਆ ਨੀਯਤ ਸੀ ਜਿਸ ਨੂੰ 'ਚਰਾਗੀਆ' ਭੀ ਕਹਿੰਦੇ ਸਨ। ਅਖੰਡ ਪਾਠਾਂ ਸਮੇਂ ਵੀ ਰਾਤ ਨੂੰ ਘਿਉ ਦੀ ਜੋਤ ਜਗਾਉਣ ਲਈ ਵੀ ਇਸੇ ਦੀ ਹੀ ਜ਼ਿੰਮੇਵਾਰੀ ਸੀ। ਪਰ ਅੱਜ ਕੱਲ੍ਹ ਜੋਤੀਏ ਦੀ ਡਿਊਟੀ ਵੀ ਫਰਾਸ਼ਾਂ ਦੇ ਹੀ ਜ਼ਿੰਮੇਂ ਹੈ। ਹੁਣ ਅੰਦਰਲੀ ਜੋਤਿ ਰਾਤ ਨੂੰ ਜਗਾਈਦੀ ਹੈ ਤੇ ਸੁਖ੍ਹਾ ਬੁਝਾ ਦਿੱਤੀ ਜਾਂਦੀ ਹੈ ਇਵੇਂ ਹੀ ਅਖੰਡ ਪਾਠਾਂ ਕੋਲ ਵੀ ਅੱਠ ਪਹਿਰੀ ਜੋਤਿ ਨਹੀਂ ਗਾਈਦੀ। ਰੌਸ਼ਨੀ ਹਿੱਤ ਸ਼ਾਮ ਨੂੰ ਜਗ੍ਹਾ ਕੇ ਸੁਖ੍ਹਾ ਅਖੰਡ ਪਾਠਾਂ ਦੀਆਂ ਜੋਤਾਂ ਵੀ ਬੁਝ ਦਿੱਤੀਆਂ ਜਾਂਦੀਆਂ ਹਨ।

**ਨਰਸਿੰਗੇ ਵਾਲਾ**– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੁਖ੍ਹਾ ਆਉਣ 'ਤੇ ਰਾਤ ਨੂੰ ਜਾਣ ਅਤੇ ਆਸਾ ਦੀ ਵਾਰ ਦੇ ਭੋਗ ਸਮੇਂ ਨਰਸਿੰਗਾ ਵਜਾਉਣ ਲਈ ਇਕ ਨਰਸਿੰਗੇ ਵਾਲਾ ਸੱਜਣ ਨੀਯਤ ਹੈ। ਅੱਜ ਕੱਲ ਇਹ ਅਖੰਡ ਪਾਠਾਂ ਦੇ ਭੋਗ ਸਮੇਂ ਵੀ ਨਰਸਿੰਗਾ ਵਜਾਉਂਦਾ ਹੈ।

**ਸਵੱਯੇ ਪੜ੍ਹਨ ਵਾਲਾ**– ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅੰਦਰ ਪੁੱਜਣ ਤੇ ਪ੍ਰਕਾਸ਼ ਕਰਦੇ ਸਮੇਂ ਮਹਾਂਵਾਕ ਲੈਣ ਤੱਕ ਪੁਰਾਤਨ ਸਮੇਂ ਭੱਟਾਂ ਦੇ ਸਵੱਯੇ ਪੜ੍ਹਨ ਦੀ ਸੇਵਾ ਇਕ ਸੱਜਣ ਦੇ ਜ਼ਿੰਮੇ ਸੀ। ਉਸ ਸਮੇਂ ਇਸ ਨੂੰ ੫ ਰੁਪਏ ਮਾਹਵਾਰ ਮਿਲਦੇ ਸਨ ਪਰ ਅੱਜ ਕੱਲ੍ਹ ਪ੍ਰੇਮੀ ਸੱਜਣ ਹੀ ਸਵੱਯੇ ਪੜ੍ਹਨ ਦੀ ਫ਼ਰੀ ਸੇਵਾ ਕਰਦੇ ਹਨ ਕਿਸੇ ਨੂੰ ਵੀ ਕੋਈ ਮੁਆਵਜ਼ਾ ਨਹੀ ਦਿੱਤਾ ਜਾਂਦਾ। ਇਨ੍ਹਾਂ ਸਵੱਯੇ ਪੜ੍ਹਨ ਵਾਲੇ ਪ੍ਰੇਮੀਆਂ ਵਿੱਚ ਬਾਬਾ ਗੁਰਦਿੱਤ ਸਿੰਘ ਨਿਹੰਗ ਉਨ੍ਹਾਂ ਦਾ ਸਪੁੱਤਰ ਸ੍ਰ: ਆਤਮਾ ਸਿੰਘ ਤੇ ਭਾਈ ਮਨੀ ਸਿੰਘ ਘਿਉ

ਵਾਲਾ ਦੇ ਨਾਮ ਵਰਣਨ ਯੋਗ ਹਨ। ਇਸ ਸਮੇਂ ਭਾਈ ਮਨੀ ਸਿੰਘ ਦਾ ਲੜਕਾ ਅਵਤਾਰ ਸਿੰਘ ਸੁਰਿੰਦਰ ਸਿੰਘ ਰੈਡੀਮੇਡ ਵਾਲੇ, ਪ੍ਰਤਾਪ ਸਿੰਘ ਬਜਾਜ, ਭਾਈ ਕਰਮ ਸਿੰਘ ਯਤੀਮਖਾਨੇ ਵਾਲਾ, ਭਾਈ ਰਾਜਿੰਦਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਪ੍ਰਤਾਪ ਸਿੰਘ, ਮਾਸਟਰ ਜਸਵੰਤ ਸਿੰਘ, ਹਜ਼ੂਰੀ ਰਾਗੀ ਭਾਈ ਉੱਤਮ ਸਿੰਘ 'ਸਿੰਧੀ', ਰਾਗੀ ਭਾਈ ਗੁਰਮੇਜ ਸਿੰਘ ਅਤੇ ਰਾਗੀ ਭਾਈ ਮਨਮੋਹਨ ਸਿੰਘ, ਜਿਸ ਦਿਨ ਅੰਦਰ ਕੀਰਤਨ ਦੀ ਡਿਊਟੀ ਹੋਵੇ ਸਵੱਯੇ ਪੜ੍ਹਨ ਦੀ ਪ੍ਰੇਮ ਨਾਲ ਸੇਵਾ ਨਿਭਾਉਂਦੇ ਹਨ।

* * *

# ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦੀ

## ਅੱਠ ਪਹਿਰੀ ਮਰਯਾਦਾ (ਰਹੁਰੀਤੀ)

**ਕਿਵਾੜ**- ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਕਿਵਾੜ ਗਰਮੀਆਂ ਨੂੰ ਜੇਠ ਤੇ ਹਾੜ ਦੇ ਦੋ ਮਹੀਨੇ ਅੰਮ੍ਰਿਤ ਵੇਲੇ ਦੋ ਵਜੇ ਖੁੱਲ੍ਹਦੇ ਹਨ। ਵਿਸਾਖ ਤੇ ਸਾਵਨ ਦੇ ਦੋ ਮਹੀਨੇ ੨ ਵੱਜ ਕੇ ੧੫ ਮਿੰਟ ਉੱਪਰ, ਚੇਤ ਤੇ ਭਾਦਰੋਂ ਦੇ ਦੋ ਮਹੀਨੇ ੨ ਵੱਜ ਕੇ ੩੦ ਮਿੰਟ 'ਤੇ। ਅੱਸੂ ਫੱਗਣ ਦੇ ਦੋ ਮਹੀਨੇ ੨ ਵੱਜ ਕੇ ੪੫ ਮਿੰਟ ਉੱਪਰ ਅਤੇ ਕੱਤਕ, ਮੱਘਰ, ਪੋਹ ਤੇ ਮਾਘ ਦੇ ਚਾਰ ਮਹੀਨੇ ਪੂਰੇ ਤਿੰਨ ਵਜੇ ਕਿਵਾੜ ਖੁੱਲ੍ਹਦੇ ਹਨ। ਕਿਵਾੜ ਖੁੱਲ੍ਹਣ ਦੇ ਸਮੇਂ ਤੋਂ ਪਹਿਲਾਂ ਹੀ ਪ੍ਰੇਮੀ ਮਾਈ ਭਾਈ ਸੰਗਤਾਂ ਰਲ ਮਿਲ ਕੇ ਪ੍ਰੇਮ ਸਹਿਤ ਦਰਸ਼ਨੀ ਡਿਉਢੀ ਦੇ ਅੱਗੇ ਇਕ ਪਾਠ ਸ੍ਰੀ ਸੁਖਮਨੀ ਸਾਹਿਬ ਦਾ ਕਰਦੀਆਂ ਹਨ। ਉਪ੍ਰੰਤ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰਲੇ ਦਰਸ਼ਨਾਂ ਲਈ ਬਿਹਬਲ ਹੋਈਆਂ ਸੰਗਤਾਂ ਦਰਸ਼ਨੀ ਡਿਉਢੀ ਦੇ ਬਾਹਰਵਾਰ ਖੜ੍ਹੀਆਂ ਇਹ ਸ਼ਬਦ ਬੜੇ ਵੈਰਾਗ ਵਿੱਚ ਦਰਸ਼ਨਾਂ ਦੀ ਤਾਂਘ ਹਿਤ ਜੋਟੀਆਂ ਵਿੱਚ ਪ੍ਰੇਮ ਸਹਿਤ ਗਾਉਂਦੀਆਂ ਹਨ -

ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ,
ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ *(ਪੰਨਾ ੮੫੬)*

ਸਮੇਂ ਸਿਰ ਕਿਵਾੜ ਖੁਲ੍ਹਦੇ ਹਨ ਤੇ ਸੰਗਤਾਂ ਅੰਦਰਲੇ ਦਰਸ਼ਨਾਂ ਦੀ ਖੁਸ਼ੀ ਵਿੱਚ ਪੁਲ ਦੇ ਉੱਪਰ ਦੀ ਝੂਮਦੀਆਂ ਹੋਈਆਂ ਸਤਿਨਾਮੁ ਵਾਹਿਗੁਰੂ ਦਾ ਜਾਪ ਕਰਦੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚਦੀਆਂ ਹਨ। ਸਤਿਕਾਰ ਸਹਿਤ ਨਮਸਕਾਰ ਕਰ ਕੇ ਆਪਣੀ ਮਨ ਪਸੰਦ ਥਾਂ ਉੱਪਰ ਬੈਠ ਜਾਂਦੀਆਂ ਹਨ।

**ਕੀਰਤਨ**-ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅੰਦਰਲੀ ਮਰਯਾਦਾ ਦਾ, ਗੁਰਬਾਣੀ ਦਾ ਕੀਰਤਨ ਇਕ ਅਤਿ ਜ਼ਰੂਰੀ ਅੰਗ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਵਿੱਤਰ ਮਹਾਂਵਾਕ ਹੈ -

ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ *(ਪੰਨਾ ੩੮੫)*
ਹਰਿ ਜਪੇ ਹਰਿ ਮੰਦਰੁ ਸਾਜਿਆ,
ਸੰਤ ਭਗਤ ਗੁਣ ਗਾਵਹਿ ਰਾਮ ॥ *(ਪੰਨਾ ੭੮੧)*

ਅੱਠੇ ਪਹਿਰ ਕੀਰਤਨ, ਪਾਠ, ਜਾਪ ਤੇ ਸਿਮਰਨ ਸੰਸਾਰ ਅੰਦਰ ਸਿਰਫ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹੀ ਹੁੰਦਾ ਹੈ। ਹੋਰ ਕਿਤੇ ਵੀ ਨਹੀਂ।

ਪੁਰਾਤਨ ਸਮੇਂ ਕਿਵਾੜ ਖੁਲ੍ਹਣ ਤੋਂ ਇਕ ਘੰਟਾ ਬਾਅਦ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੁੰਦਾ ਸੀ, ਪਰ ਸੇਵਾ ਪੰਥੀ ਸੰਪ੍ਰਦਾਇ ਦੇ ਮਹਾਂ-ਪੁਰਖ ਸੰਤ ਬਾਬਾ ਸ਼ਾਮ ਸਿੰਘ

ਜੀ ਡੇਰਾ ਆਟਾ ਮੰਡੀ ਅੰਮ੍ਰਿਤਸਰ ਵਾਲੇ ਆਸਾ ਜੀ ਦੀ ਵਾਰ ਤੋਂ ਪਹਿਲਾਂ ਇਕ ਘੰਟਾ ਤੰਤੀਸਾਜ਼ ਸਰੰਦੇ ਨਾਲ ਪ੍ਰੇਮ ਸਹਿਤ ਕੀਰਤਨ ਕਰਦੇ ਸਨ। ਇਸ ਦਾ ਇਵਜ਼ਾਨਾ ਵੀ ਕੋਈ ਨਹੀਂ ਸਨ ਲੈਂਦੇ, ਜਿਸ ਕਰ ਕੇ ਸੰਗਤਾਂ ਇਸ ਚੌਂਕੀ ਨੂੰ 'ਪਰੇਮ ਚੌਂਕੀ' ਕਹਿਣ ਲੱਗ ਪਈਆਂ। ਹੁਣ ਇਸ ਨੂੰ ਤਿੰਨ ਪਹਿਰੇ ਦੀ ਚੌਂਕੀ ਕਹਿੰਦੇ ਹਨ। ਬਾਬਾ ਸ਼ਾਮ ਸਿੰਘ ਜੀ ੭੦ ਸਾਲ ਇਹ ਕੀਰਤਨ ਦੀ ਸੇਵਾ ਕਰਦੇ ਰਹੇ।

ਜਦ ਮੈਂ ੨ ਅਪ੍ਰੈਲ ੧੯੫੮ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ 'ਤੇ ਸਥਾਪਤ ਹੋਇਆ ਤਾਂ ਉਸ ਸਮੇਂ ਦਰਬਾਰ ਸਾਹਿਬ ਦੇ ਤਨਖ਼ਾਹਦਾਰ ਰਾਗੀ ਸਿੰਘਾਂ ਦਾ ਜਥਾ ਤਿੰਨ ਪਹਿਰੇ ਦੀ ਚੌਂਕੀ ਦਾ ਕੀਰਤਨ ਕਰਦਾ ਸੀ। ਇਕ ਘੰਟੇ ਦੇ ਕੀਰਤਨ ਤੋਂ ਬਾਅਦ ਨਵਾਂ ਜਥਾ ਆ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰਦਾ ਹੈ। ਗਰਮੀਆਂ 'ਚ ਸੁਬ੍ਹਾ ੨ ਵਜੇ ਤੋਂ ਰਾਤ ਦੇ ੧੧ ਵਜੇ ਤੱਕ ਅਤੇ ਸਰਦੀਆਂ ਵਿੱਚ ਸੁਬ੍ਹਾ ੩ ਵਜੇ ਤੋਂ ਰਾਤ ੧੦ ਵਜੇ ਤੱਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਪਾਤਸ਼ਾਹ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੱਯੇ ਤੇ ਭਾਈ ਨੰਦ ਲਾਲ ਜੀ ਦੀ ਰਚਨਾ 'ਚੋਂ ਹੀ ਸ਼ਬਦ ਗਾਇਨ ਕੀਤੇ ਜਾਂਦੇ ਹਨ। ਇਨ੍ਹਾਂ ਉਪ੍ਰੋਕਤ ਰਚਨਾਵਾਂ ਤੋਂ ਬਿਨਾਂ ਕਿਸੇ ਹੋਰ ਗ੍ਰੰਥ ਜਾਂ ਕਵੀ ਦੀ ਬਾਣੀ ਨਹੀਂ ਗਾਈ ਜਾ ਸਕਦੀ। ਸਿਰਫ ਅਰਦਾਸੇ, ਮਹਾਂਵਾਕ, ਸੋ ਦਰੁ ਰਹਰਾਸਿ ਤੇ ਸੋਹਿਲੇ ਦੇ ਪਾਠ ਸਮੇਂ ਹੀ ਕੀਰਤਨ ਬੰਦ ਹੁੰਦਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ**- ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਆਰੰਭ ਤੋਂ ਇਕ ਘੰਟਾ ਬਾਅਦ ਅਤੇ ਕਿਵਾੜ ਖੁੱਲ੍ਹਣ ਤੋਂ ਦੋ ਘੰਟੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਠਾ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਚਲਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਦੇ ਕੋਠਾ ਸਾਹਿਬ (ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਪਰ) ਪੁੱਜਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੇਠ ਪ੍ਰੇਮੀ ਸੰਗਤਾਂ ਜੁੜ ਕੇ ਸ੍ਰੀ ਸੁਖਮਨੀ ਸਾਹਿਬ ਦਾ ਜੋਟੀਆਂ ਵਿੱਚ ਪਾਠ ਕਰਦੀਆਂ ਹਨ। ਜਦ ਮੈਂ ਸੇਵਾ ਵਿੱਚ ਲੱਗਾ ਤਾਂ ਉਸ ਸਮੇਂ ਭਾਈ ਮਨੀ ਸਿੰਘ ਘਿਉ ਵਾਲੇ ਇਸ ਸੁਖਮਨੀ ਸਾਹਿਬ ਦੇ ਪਾਠ ਦੇ ਮੋਢੀ ਸਨ। ਸੁਖਮਨੀ ਸਾਹਿਬ ਦੇ ਪਾਠ ਤੋਂ ਬਾਅਦ ਬੇਅੰਤ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਵਿੱਚ ਚਕੋਰਾਂ ਦੀ ਤਰ੍ਹਾਂ ਬਿਰਤੀ ਲਾਈ ਬੈਠੀਆਂ ਹੁੰਦੀਆਂ ਹਨ। ਜੋਟੀਆਂ ਨਾਲ ਸ਼ਬਦ ਕੀਰਤਨ ਹੁੰਦਾ ਰਹਿੰਦਾ ਹੈ। ਇਸ ਮੌਕੇ ਬਹੁਤ ਸਾਰੇ ਪ੍ਰੇਮੀਆਂ ਵੱਲੋਂ ਗੁਲਾਬ ਆਦਿ ਖੁਸ਼ਬੂਦਾਰ ਫੁੱਲਾਂ ਦੇ ਬੁਕ ਭਰ-ਭਰ ਕੇ ਸੰਗਤਾਂ ਵਿੱਚ ਵਰਤਾਏ ਜਾਂਦੇ ਹਨ। ਅੰਮ੍ਰਿਤ ਵੇਲੇ ਠੰਡਾ, ਮਿੱਠਾ, ਏਕਾਂਤ ਤੇ ਸੁਹਾਵਣਾ ਸਮਾਂ ਹੁੰਦਾ ਹੈ, ਜਿਵੇਂ ਕਿ ਹਜ਼ੂਰ ਦਾ ਮਹਾਂਵਾਕ ਹੈ-

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ *(ਪੰਨਾ ੪੫੯)*

ਇਸ ਮੌਕੇ ਮੇਰੇ ਗੁਰੂ ਦੇ ਚਰਨਾਂ ਦੇ ਭੌਰੇ ਗੁਰਸਿੱਖ ਹੀ ਜਾਗਦੇ ਹਨ, ਮਿੱਠੀ ਮਿੱਠੀ ਸੁਗੰਧੀ ਵਾਲੀ ਸਹਜੇ-ਸਹਜੇ ਹਵਾ ਚਲਦੀ ਹੈ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਮਿਆਨ ਸਿਹਨ ਵਿੱਚ ਗੁਰਬਾਣੀ ਦੇ ਸ਼ਬਦਾਂ ਦੀ ਮਿੱਠੀ, ਰਸ-ਭਿੰਨੀ ਤੇ ਸੁਰੀਲੀ ਧੁਨੀ ਬਦੋਬਦੀ ਮਨਾਂ ਨੂੰ ਮੋਹਿਤ ਕਰ ਰਹੀ ਹੁੰਦੀ ਹੈ। ਇਹ ਐਸੀ ਮਸਤੀ ਪੈਦਾ

ਕਰਦੀ ਹੈ ਕਿ ਸਭ ਨੂੰ ਆਪਣੇ ਆਪ ਦਾ ਚੇਤਾ ਹੀ ਭੁੱਲ ਜਾਂਦਾ ਹੈ । ਸਾਰੇ ਹੀ ਮਸਤੀ ਵਿੱਚ ਇਸ ਭਾਵ ਦੇ ਸ਼ਬਦ ਪੜ੍ਹਦੇ ਹਨ-

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ *(ਪੰਨਾ ੧੦੯੪)*

ਸਮੇਂ ਸਿਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਪਏ ਨਗਾਰੇ 'ਤੇ ਚੋਟ ਵੱਜਦੀ ਹੈ । ਗ੍ਰੰਥੀ ਸਾਹਿਬ ਕੋਠੇ ਸਾਹਿਬ ਦੇ ਅੰਦਰ ਚਲਾ ਜਾਂਦਾ ਹੈ । ਸਾਰੀ ਸੰਗਤ ਸਾਵਧਾਨ ਹੋ ਜਾਂਦੀ ਹੈ । ਪੁਰਾਤਨ ਸਮੇਂ 'ਚ ਕੁੰਜੀ ਬਰਦਾਰ ਤੇ ਅੱਜ-ਕਲ੍ਹ ਫਰਾਸ਼ ਦੀ ਨਿਗਰਾਨੀ ਵਿੱਚ ਪਰੇਮੀ ਸਿੰਘ ਸੁਨਹਿਰੀ ਪਾਲਕੀ ਸੁੰਦਰ ਮਖਮਲੀ ਗੱਦੇ, ਰੁਮਾਲੇ, ਪਲਕਾਂ ਤੇ ਪੜਦਿਆਂ ਤੇ ਫੁੱਲਾਂ ਦੇ ਸੇਹਰਿਆਂ ਨਾਲ ਸਜਾ ਕੇ ਲਿਆਉਂਦੇ ਹਨ । ਸਾਰੀ ਸੰਗਤ ਖੜ੍ਹੀ ਹੋ ਕੇ-

ਪੰਥੁ ਨਿਹਾਰੈ ਕਾਮਨੀ, ਲੋਚਨ ਭਰੀ ਲੇ ਉਸਾਸਾ ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥ *(ਪੰਨਾ ੩੩੭)*

ਦੀ ਅਵਸਥਾ ਨੂੰ ਪ੍ਰਾਪਤ ਹੋਈ ਹੁੰਦੀ ਹੈ ।

ਕੋਠਾ ਸਾਹਿਬ ਦੇ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਜਾਂ ਮੁੱਖ ਗ੍ਰੰਥੀ ਸਾਹਿਬ ਮਹਾਰਾਜ ਦੇ ਸਰੂਪ ਦੀ ਤਿਆਰੀ ਕਰ ਕੇ ਚੌਰ ਕਰ ਰਹੇ ਹੁੰਦੇ ਹਨ ।ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਜਾਂ ਮੁੱਖ ਗ੍ਰੰਥੀ ਸਾਹਿਬ ਨਮਸਕਾਰ ਕਰ ਕੇ ਕੋਠਾ ਸਾਹਿਬ ਦੇ ਅੰਦਰ ਦਾਖਲ ਹੁੰਦੇ ਹਨ । ਉਨ੍ਹਾਂ ਪਾਸੋਂ ਚੌਰ ਪਕੜ ਕੇ ਆਪ ਚੌਰ ਕਰਦੇ ਹੋਏ ਪਲੰਘ ਸਾਹਿਬ ਦੀ ਪ੍ਰਕਰਮਾਂ ਕਰਦੇ ਹਨ । ਫਿਰ ਚੌਰ ਪਕੜਾ ਕੇ ਸੰਖੇਪ ਅਰਦਾਸ ਕਰਦੇ ਹਨ। ਉਪ੍ਰੰਤ ਚੌਰ ਪਲੰਘ ਸਾਹਿਬ 'ਤੇ ਰੱਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸਿੰਘ ਸਾਹਿਬ ਜੀ ਦੇ ਸੀਸ ਉੱਪਰ ਰਖਵਾਉਂਦੇ ਹਨ 'ਤੇ ਚੌਰ ਸ੍ਰੀ ਹਰਿਮੰਦਰ ਸਾਹਿਬ ਦੇ ਚੌਰ-ਬਰਦਾਰ ਨੂੰ ਪਕੜਾ ਦੇਂਦੇ ਹਨ, ਕੋਠਾ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠ ਪਾਲਕੀ ਸਾਹਿਬ ਤੱਕ ਸਿੰਘ ਸਾਹਿਬ ਸੀਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਚਲਦੇ ਹਨ, ਸਿੰਘ ਸਾਹਿਬ ਦੇ ਅੱਗੇ ਦੋ ਚੋਬਦਾਰ ਚਾਂਦੀ ਦੀਆਂ ਦੋ ਚੋਬਾਂ ਲੈ ਕੇ ਅੱਗੇ- ਅੱਗੇ ਚਲਦੇ ਹਨ ਤੇ ਚੌਰ ਬਰਦਾਰ ਪਿੱਛੇ ਚੌਰ ਕਰਦੇ ਆਂਦੇ ਹਨ । ਕੋਠਾ ਸਾਹਿਬ ਵਿੱਚ ਚੌਰ ਕਰਨ, ਪਲੰਘ ਸਾਹਿਬ ਦੀਆਂ ਪ੍ਰਕਰਮਾਂ ਕਰਨ, ਅਰਦਾਸ ਤੇ ਕੋਠਾ ਸਾਹਿਬ ਤੋਂ ਹੇਠਾਂ ਪਾਲਕੀ ਤੱਕ ਅਪੜਨ ਵਿੱਚ ਪੰਜ ਮਿੰਟ ਲਗਦੇ ਹਨ। ਪਾਲਕੀ ਕੋਲ ਆ ਕੇ ਚੌਰ ਬਰਦਾਰ ਪਾਲਕੀ ਵਿੱਚ ਸੱਜੇ ਹੱਥ ਸਿਰਹਾਣੇ ਉੱਪਰ ਚੌਰ ਰੱਖ ਕੇ ਸਿੰਘ ਸਾਹਿਬ ਦੇ ਸੀਸ ਤੋਂ ਆਪਣੇ ਦੋਵੇਂ ਹੱਥ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਲੁਹਾਉਂਦਾ ਹੈ । ਉਸ ਸਮੇਂ ਸਾਹਮਣੇ ਪਾਸਿਓਂ ਉਸੇ ਤਰ੍ਹਾਂ ਫਰਾਸ਼ ਨੇ ਆਪਣੇ ਦੋਵੇਂ ਹੱਥ ਗੁਰੂ ਮਹਾਰਾਜ ਦੇ ਸਰੂਪ ਨੂੰ ਪਾਏ ਹੁੰਦੇ ਹਨ । ਐਉਂ ਤਿੰਨਾਂ ਦੇ ਹੱਥਾਂ ਨਾਲ ਸਹਿਜੇ-ਸਹਿਜੇ ਸਤਿਕਾਰ ਸਹਿਤ ਸਰੂਪ ਨੂੰ ਉਤਾਰ ਕੇ ਪਾਲਕੀ ਵਿੱਚ ਸਜਾ ਦਿੰਦੇ ਹਨ । ਪਾਲਕੀ ਵਿੱਚ ਪਏ ਸਿਹਰੇ ਗੁਰੂ ਮਹਾਰਾਜ ਉੱਪਰ ਸਜਾ ਦਿੰਦੇ ਹਨ ਤੇ ਸਿੰਘ ਸਾਹਿਬ ਚੌਰ ਕਰਦੇ ਚਲਦੇ ਹਨ । ਚੌਰ ਬਰਦਾਰ, ਸਿੰਘ ਸਾਹਿਬ ਦੇ ਸੱਜੇ ਪਾਸੇ ਫਰਾਸ਼ ਸਾਹਮਣੇ ਪ੍ਰੇਮੀਆਂ ਤੋਂ ਸਿਹਰੇ ਲੈ ਕੇ ਮਹਾਰਾਜ ਦੇ ਸਰੂਪ ਉੱਪਰ ਸਜਾਉਂਦੇ, ਉੱਪਰੋਂ ਲਾ ਕੇ ਪ੍ਰੇਮੀਆਂ ਨੂੰ ਪ੍ਰਸ਼ਾਦ ਰੂਪ ਵਿੱਚ ਦਿੰਦੇ, ਪਾਲਕੀ ਦੇ ਨਾਲ-ਨਾਲ ਤੁਰੇ ਜਾਂਦੇ ਹਨ ।

ਸਾਰੀ ਸੰਗਤ ਪਾਲਕੀ ਦੇ ਨਾਲ ਸਹਿਜੇ-ਸਹਿਜੇ ਚਲਦੀ ਜੋਟੀਆਂ ਵਿੱਚ ਗੁਰਬਾਣੀ ਦੇ

ਸ਼ਬਦ ਪੜ੍ਹਦੀ ਹੈ । ਜਿਨ੍ਹਾਂ ਵਿੱਚ ਅਕਾਲ ਪੁਰਖ ਤੇ ਸਤਿਗੁਰੂ ਦੀ ਮਹਿਮਾ, ਬੇਨਤੀਆਂ ਤੇ ਗੁਰ ਦਰਸ਼ਨਾਂ ਦੀ ਸਿੱਕ ਦੇ ਸ਼ਬਦ ਹੁੰਦੇ ਹਨ। ਬੜੇ ਪ੍ਰੇਮ, ਸ਼ਰਧਾ ਤੇ ਮਸਤੀ 'ਚ, ਗਾਇਨ ਕਰਦੀ ਸੰਗਤ ਚਲਦੀ ਹੈ, ਪ੍ਰੇਮੀ ਵਾਰੀ- ਵਾਰੀ ਅੱਗੇ ਤੇ ਪਿੱਛੇ ਪਾਲਕੀ ਹੇਠ ਮੋਡਾ ਦੇ ਕੇ ਅਪਣੇ ਆਪ ਨੂੰ ਵਡਭਾਗੀ ਸਮਝਦੇ ਹਨ। ਦਰਸ਼ਨੀ ਡਿਉਢੀ ਤੱਕ ਪਾਲਕੀ ਚਲਦੀ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਨਗਾਰਾ ਵਜਦਾ ਰਹਿੰਦਾ ਹੈ । ਜਦ ਪਾਲਕੀ ਦਰਸ਼ਨੀ ਡਿਉਢੀ 'ਚ ਦਾਖਲ ਹੁੰਦੀ ਹੈ ਤੇ ਨਗਾਰਾ ਬੰਦ ਹੋ ਜਾਂਦਾ ਹੈ । ਪੁਲ ਦੇ ਉੱਪਰ ਚਲਦੀ ਹੋਈ ਪਾਲਕੀ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦਰਵਾਜ਼ੇ ਕੋਲ ਜਾ ਕੇ ਰੁਕ ਜਾਂਦੀ ਹੈ । ਸਿੰਘ ਸਾਹਿਬ ਤੋਂ ਚੌਰ ਬਰਦਾਰ ਚੌਰ ਪਕੜ ਕੇ ਪਾਲਕੀ ਵਿੱਚ ਸੱਜੇ ਹੱਥ ਸਿਰਹਾਣੇ ਉੱਪਰ ਰੱਖ ਕੇ ਜਿਵੇਂ ਬੀੜ ਲੁਹਾਈ ਸੀ ਉਵੇਂ ਹੀ ਚੌਰ ਬਰਦਾਰ ਤੇ ਫਰਾਸ਼ ਦੋਵੇਂ ਹੱਥ ਪਾ ਕੇ ਸਿੰਘ ਸਾਹਿਬ ਦੇ ਸੀਸ ਉੱਪਰ ਸਤਿਕਾਰ ਸਹਿਤ ਬੀੜ ਰਖਵਾਉਂਦੇ ਹਨ । ਸਿੰਘ ਸਾਹਿਬ ਅੰਦਰ ਨੂੰ ਚਲਦੇ ਹਨ ਤੇ ਚੌਰ ਬਰਦਾਰ ਚੌਰ ਕਰਦਾ ਪਿੱਛੇ ਚਲਦਾ ਹੈ । ਉਸ ਸਮੇਂ ਅੰਦਰ ਦਾ ਕੀਰਤਨ ਬੰਦ ਹੋ ਜਾਂਦਾ ਹੈ ਅੰਦਰ ਬੈਠੀ ਸੰਗਤ ਸਤਿਕਾਰ ਸਹਿਤ ਉੱਠ ਕੇ ਖੜ੍ਹੀ ਹੋ ਜਾਂਦੀ ਹੈ । ਸੰਗਤਾਂ ਇਕੱਠਿਆਂ ਹੀ ਸਤਿਨਾਮ ਸ੍ਰੀ ਵਾਹਿਗੁਰੂ ਜੀ ਦੀ ਧੁਨੀ ਲਾਉਦੀਆਂ ਹਨ ਜੰਗਲੇ ਤੋਂ ਅੰਦਰ ਗ੍ਰੰਥੀ ਸਿੰਘ ਤੇ ਚੌਰ ਬਰਦਾਰ ਲੰਘਦੇ ਹਨ। ਅੰਦਰ ਡਿਊਟੀ 'ਤੇ ਬੈਠਾ ਚੌਰਬਰਦਾਰ ਸੰਗਤ ਦੇ ਨਾਲ ਪਹਿਲਾਂ ਹੀ ਉੱਠ ਕੇ ਖੜ੍ਹਾ ਹੁੰਦਾ ਹੈ ਸਿੰਘ ਸਾਹਿਬ ਅਪਣੀ ਗੱਦੀ ਉੱਪਰ ਜਾ ਕੇ ਖੜ੍ਹੇ ਹੋ ਜਾਂਦੇ ਹਨ ਨਾਲ ਆਇਆ ਚੌਰ ਬਰਦਾਰ ਚੌਰ ਨੂੰ ਮੰਜੀ ਸਾਹਿਬ ਦੇ ਸੱਜੇ ਹੱਥ ਪਏ ਸਟੂਲ 'ਤੇ ਰੱਖ ਕੇ ਆਪਣੇ ਪਾਸਿਓਂ ਸਿੰਘ ਸਾਹਿਬ ਦੇ ਸੀਸ 'ਤੇ ਸਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਹੱਥ ਪਾਉਂਦਾ ਹੈ ਤੇ ਦੂਜੇ ਪਾਸਿਓਂ ਪਹਿਲਾ ਖੜ੍ਹਾ ਚੌਰ ਬਰਦਾਰ ਹੱਥ ਪਾਉਂਦਾ ਹੈ, ਇਉਂ ਦੋਨਾਂ ਚੌਰ ਬਰਦਾਰਾਂ ਦੀ ਸਹਾਇਤਾ ਨਾਲ ਗ੍ਰੰਥੀ ਸਿੰਘ ਆਪਣੇ ਦੋਹਾਂ ਹੱਥਾਂ ਨਾਲ ਗੁਰੂ ਸਾਹਿਬ ਦੇ ਸਰੂਪ ਨੂੰ ਸਹਿਜੇ-ਸਹਿਜੇ ਸਤਿਕਾਰ ਨਾਲ ਪਹਿਲੋਂ ਸਜੀ ਹੋਈ ਮੰਜੀ ਸਾਹਿਬ ਉੱਪਰ ਸਥਾਪਤ ਕਰਦੇ ਹਨ । ਚੌਰ ਬਰਦਾਰ ਗ੍ਰੰਥੀ ਸਿੰਘ ਨੂੰ ਚੌਰ ਪਕੜਾ ਦੇਂਦਾ ਹੈ ਦੋ-ਚਾਰ ਵਾਰ ਗੁਰੂ ਮਹਾਰਾਜ ਉੱਪਰ ਚੌਰ ਝੁਲਾ ਕੇ ਗ੍ਰੰਥੀ ਸਿੰਘ ਖੱਬੇ ਹੱਥ ਵਾਲੇ ਚੌਰ ਬਰਦਾਰ ਨੂੰ ਚੌਰ ਪਕੜਾ ਕੇ ਆਪ ਦੋਨੋਂ ਹੱਥ ਜੋੜ ਕੇ ਸਾਰੀ ਸੰਗਤ ਨੂੰ (ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ) ਬੁਲਾਉਂਦਾ ਹੈ, ਅੱਗੇ ਸੰਗਤ ਉੱਚੀ ਅਵਾਜ਼ ਵਿੱਚ ਫ਼ਤਹ ਦਾ ਜਵਾਬ ਫ਼ਤਹ ਵਿੱਚ ਦਿੰਦੀ ਹੈ ਤਾਂ ਗ੍ਰੰਥੀ ਸਾਹਿਬ ਤਾਬਿਆ ਬੈਠ ਜਾਂਦਾ ਹੈ। ਸੰਗਤ ਆਪੋ ਆਪਣੇ ਥਾਂ ਸੱਜ ਜਾਂਦੀ ਹੈ। ਸਵੱਯੇ ਪੜ੍ਹਨ ਵਾਲੇ ਪ੍ਰੇਮਿਆਂ ਵਿੱਚੋਂ ਇਕ ਪ੍ਰੇਮੀ ਸਵੱਯੇ ਪੜ੍ਹਨ ਲੱਗ ਜਾਂਦਾ ਹੈ। ਸਵੱਯੇ ਪੜ੍ਹਨ ਵਾਲੇ ਪ੍ਰੇਮਿਆਂ ਵਿੱਚੋਂ ਬਾਬਾ ਗੁਰਦਿੱਤ ਸਿੰਘ ਨਿਹੰਗ ਉਨ੍ਹਾਂ ਦਾ ਪੁੱਤਰ ਆਤਮਾ ਸਿੰਘ, ਭਾਈ ਕਰਮ ਸਿੰਘ ਯਤੀਮਖਾਨੇ ਵਾਲਾ ਤੇ ਭਾਈ ਮਨੀ ਸਿੰਘ ਘਿਉ ਵਾਲਾ ਦੇ ਨਾਮ ਵਰਨਣ ਯੋਗ ਹਨ ।

**ਪ੍ਰਕਾਸ਼ ਕਰਨ ਦੀ ਵਿਧੀ**- ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲੱਗਦੇ ਹਨ ਪਹਿਲਾ ਚੌਰ ਬਰਦਾਰ ਖੜ੍ਹਾ ਹੋ ਕੇ ਉਨ੍ਹਾਂ ਚਿਰ ਚੌਰ ਕਰਦਾ ਰਹਿੰਦਾ ਹੈ ਨਾਲ ਆਇਆ ਚੌਰ ਬਰਦਾਰ ਅਤੇ ਫਰਾਸ਼ ਦੋਹੀਂ ਪਾਸੇ ਆਹਮੋ ਸਾਹਮਣੇ ਬੈਠ ਕੇ ਪ੍ਰਕਾਸ਼ ਕਰਨ ਵਿੱਚ ਗ੍ਰੰਥੀ ਸਿੰਘ ਨਾਲ ਮਦਦ ਕਰਦੇ ਹਨ ।

ਸਭ ਤੋ ਪਹਿਲਾਂ, ਗ੍ਰੰਥੀ ਸਿੰਘ ਉਪਰਲੀ ਟੈਰੀਕਾਟ ਦੀ ਦੋਹਰੀ ਚੱਦਰ (ਪਹਿਲੇ ਸਮੇਂ ਵਿੱਚ ਇਹ ਚੰਗੇ ਲੱਠੇ ਦੀ ਹੁੰਦੀ ਸੀ ) ਸਹਿਜੇ-ਸਹਿਜੇ ਖੋਲ੍ਹਦੇ ਹਨ । ਫਿਰ ਸ੍ਰੀ ਗੁਰੂ ਗ੍ਰੰਥ

ਸਾਹਿਬ ਉੱਪਰ ਇਕ ਪਲਕ ਦੇ ਕੇ ਤੇ ਇਕ ਪਲਕ ਅਪਣੇ ਸੀਸ 'ਤੇ ਸਜਾ ਕੇ ਸੁਖਾਸਣ ਵਾਲੇ ਟੈਰੀਕਾਟ ਦੇ ਚਿੱਟੇ ਚਾਰ ਰੁਮਾਲਿਆਂ ਸਮੇਤ ਗੁਰੂ ਮਹਾਰਾਜ ਦੇ ਸਰੂਪ ਨੂੰ ਆਪਣੇ ਸੀਸ 'ਤੇ ਸਜਾਉਂਦੇ ਹਨ ਤੇ ਹੇਠੋਂ ਉਹ ਚੱਦਰ ਫਰਾਸ਼ ਫੜ ਕੇ ਵਲੇਟ ਕੇ ਪਾਸੇ ਰੱਖ ਲੈਂਦਾ ਹੈ (ਜੋ ਬਾਅਦ ਵਿੱਚ ਧੋਣ ਲਈ ਧੋਬੀ ਨੂੰ ਦੇ ਦਿੱਤੀ ਜਾਂਦੀ ਹੈ) ਧੋਤੀ ਹੋਈ ਉਸੇ ਤਰ੍ਹਾਂ ਦੀ ਚਾਦਰ ਫਰਾਸ਼ ਤੇ ਚੌਰ ਬਰਦਾਰ ਵਿਛਾ ਕੇ ਉਸ ਦੇ ਵਲ ਕੱਢ ਦੇਂਦੇ ਹਨ। ਫਿਰ ਸਿੰਘ ਸਾਹਿਬ ਉਸ ਚਾਦਰ ਦੇ ਐਨ ਵਿਚਕਾਰ ਸੀਸ ਤੋਂ ਉਤਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਜਾ ਦੇਂਦੇ ਹਨ। ਫਰਾਸ਼ ਤੋਂ ਅੱਤਰ ਦਾ ਭਿੱਜਾ ਫੰਬਾ ਲੈ ਕੇ ਪਹਿਲਾਂ ਚਾਦਰ ਦੇ ਚਹੁੰ ਪਾਸੀਂ ਲਾਉਂਦੇ ਹਨ। ਫਿਰ ਸੁਖਾਸਣ ਵਾਲੇ ਚਾਰੇ ਪੁਲਿਸਤਰ ਦੇ ਦੂਹਰੇ ਰੁਮਾਲਾਂ ਨੂੰ ਇਕ-ਇਕ ਕਰ ਕੇ ਸਹਿਜੇ-ਸਹਿਜੇ ਸਤਿਕਾਰ ਸਹਿਤ ਖੋਲ੍ਹਦੇ ਤੇ ਨਾਲ-ਨਾਲ ਅੱਤਰ ਦਾ ਫੰਬਾ ਲਾਈ ਜਾਂਦੇ ਹਨ। ਖੱਬੇ ਹੱਥ ਖੜ੍ਹ ਕੇ ਚੌਰ ਕਰ ਰਹੇ ਚੌਰ ਬਰਦਾਰ ਨੂੰ ਵੀ ਇਕ ਫੰਬਾ ਅੱਤਰ ਦਾ ਦੇਂਦੇ ਹਨ। ਉਹ ਉਸ ਫੰਬੇ ਨਾਲ ਚੌਰ ਨੂੰ ਅੱਤਰ ਲਾਂਦਾ ਹੈ। ਯਾਦ ਰਹੇ ਕਿ ਅੱਤਰ ਦੀ ਸ਼ੀਸ਼ੀ ਤੇ ਰੂੰ ਦਾ ਬੰਡਲ ਫਰਾਸ਼ ਨੇ ਰੁਮਾਲਿਆ ਵਾਲੇ ਬਕਸੇ ਵਿੱਚ ਰੱਖਿਆ ਹੁੰਦਾ ਹੈ। ਜਿਥੋਂ ਉਹ ਫੰਬਿਆਂ ਨੂੰ ਅੱਤਰ ਲਾ- ਲਾ ਕੇ ਗ੍ਰੰਥੀ ਸਾਹਿਬ ਨੂੰ ਫੜਾਉਂਦਾ ਹੈ।

ਜਦ ਚਾਰੇ ਰੁਮਾਲੇ ਖੁਲ੍ਹ ਜਾਂਦੇ ਹਨ ਤਾਂ ਪਹਿਲਾਂ ਵਾਂਗ ਹੀ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਚੁੱਕ ਕੇ ਸਤਿਕਾਰ ਸਹਿਤ ਆਪਣੇ ਸੀਸ ਉੱਪਰ ਸਜਾਂਦਾ ਹੈ। ਫ਼ਰਾਸ਼ ਤੇ ਚੌਰ ਬਰਾਦਰ ਉਨ੍ਹਾਂ ਚੌਹਾਂ ਰੁਮਾਲਿਆ ਨੂੰ ਕੰਨੀਆਂ ਤੋਂ ਫੜ ਕੇ ਖਿਚ ਕੇ ਇਕੋ ਜਿਹਾ ਕਰਦੇ ਹਨ। ਫਿਰ ਚੌਹਾਂ ਪਾਸਿਆਂ ਤੋਂ ਚੌਹਾਂ ਨੂੰ ਇਸ ਤਰ੍ਹਾਂ ਤਹਿਆਂ ਲਾ ਕੇ ਇੱਕਠਾ ਕਰਦੇ ਹਨ ਕਿ ਉਨ੍ਹਾਂ ਦਾ ਸਮੋਸਾ ਬਣ ਜਾਂਦਾ ਹੈ। ਉਸ ਸਮੋਸੇ ਨੂੰ ਮੰਜੀ ਸਹਿਬ ਦੇ ਐਨ ਵਿਚਕਾਰ ਸਜਾ ਕੇ ਉਸ ਦੇ ਉੱਪਰ ਇਕ ਜ਼ਰੀ ਦਾ ਰੁਮਾਲਾ ਦੂਹਰਾ ਕਰ ਕੇ ਉਸ ਦਾ ਵਿਛੌਣਾ ਵਿਛਾਇਆ ਜਾਂਦਾ ਹੈ। ਉਸ ਉੱਪਰ ਤਿੰਨ ਜ਼ਰੀ ਦੇ ਸਰਹਾਣੇ(ਦੋ ਦੋਹੀਂ ਪਾਸੀਂ ਤੇ ਇਕ ਸਾਹਮਣੇ ) ਸਜਾਏ ਜਾਂਦੇ ਹਨ। ਫਿਰ ਗ੍ਰੰਥੀ ਸਾਹਿਬ ਆਪਣੇ ਸੀਸ ਉੱਪਰੋਂ ਸਤਿਕਾਰ ਨਾਲ ਸਹਿਜੇ-ਸਹਿਜੇ ਦੋਹਾਂ ਹੱਥਾਂ ਨਾਲ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਸਰੂਪ ਨੂੰ ਉਤਾਰ ਕੇ ਮੰਜੀ ਸਾਹਿਬ ਉੱਪਰ ਸਾਹਮਣੇ ਸਰਾਣੇ 'ਤੇ ਅਗਲਾ ਹਿੱਸਾ ਟਿਕਾ ਕੇ ਇੱਕ ਹੱਥ ਗੁਰੂ ਮਹਾਰਾਜ ਨੂੰ ਪਾਈ ਰੱਖਦੇ ਹਨ ਤੇ ਦੂਜੇ ਹੱਥ ਨਾਲ ਚੋਲੀ ਦੇ ਦੋਹਾਂ ਪਾਸਿਆਂ ਦੇ ਪੱਲਿਆਂ ਨੂੰ ਉਤਾਰ ਕੇ ਗੋਲ ਕਰ ਕੇ ਦੋਹੀਂ ਪਾਸੀਂ ਬੀੜ ਦੇ ਹੇਠ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲਗ ਪਗ ਦਰਮਿਆਨ 'ਚੋਂ ਪ੍ਰਕਾਸ਼ ਕਰ ਦੇਂਦੇ ਹਨ। ਫ਼ਰਾਸ਼ ਤੇ ਚੌਰ ਬਰਦਾਰ ਆਪੋ ਆਪਣੇ ਪਾਸੇ ਦੀਆਂ ਪਲਕਾਂ ਸਜਾ ਦੇਂਦੇ ਹਨ। ਇੱਕ ਵੱਡਾ ਰੁਮਾਲਾ ਉੱਪਰ ਦੇ ਕੇ ਸਾਹਮਣੇ ਸਜਾ ਦਿੱਤਾ ਜਾਂਦਾ ਹੈ। ਜਦ ਪ੍ਰਕਾਸ਼ ਹੋਣ ਦਾ ਸਮਾਂ ਨੇੜੇ ਪੁੱਜਦਾ ਹੈ ਤਾਂ ਸਵੱਯੇ ਪੜ੍ਹਨ ਵਾਲਾ ਪ੍ਰੇਮੀ ਆਪਣਾ ਸਵੱਯਾ ਪੂਰਾ ਕਰ ਕੇ -"ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ" ਵਾਲਾ ਸਵੱਯਾ ਸ਼ੁਰੂ ਕਰਦਾ ਹੈ ਜਿਸ ਨੂੰ ਸਾਰੀ ਸੰਗਤ ਉੱਚੀ ਅਵਾਜ਼ ਵਿੱਚ ਰਲ ਕੇ ਪੜ੍ਹਦੀ ਹੈ। ਉਪ੍ਰੰਤ ਗ੍ਰੰਥੀ ਸਿੰਘ ਆਪਣੀ ਰਸਨਾ ਤੋਂ ਇਹ ਤਿੰਨ ਸਲੋਕ ਪੜ੍ਹਦਾ ਹੈ-"ਸੁ ਕਹੁ ਟਲ ਗੁਰੁ ਸੇਵੀਐ" ... "ਹੋਵੈ ਸਿਫਤਿ ਖਸੰਮ ਦੀ".... ਅਤੇ "ਸਜਣੁ ਸਚਾ ਪਾਤਿਸਾਹੁ "... ਜਿਨ੍ਹਾਂ ਨੂੰ ਸੰਗਤ ਵੀ ਨਾਲ-ਨਾਲ ਪੜ੍ਹਦੀ ਹੈ। ਇਨ੍ਹਾਂ ਤਿੰਨਾਂ ਸਲੋਕਾਂ 'ਚੋਂ ਜਦ "ਤੁਧੁ ਡਿਠੇ ਸਚੇ ਪਾਤਿਸਾਹ" ਤੁਕ ਗ੍ਰੰਥੀ ਸਿੰਘ ਦੇ ਮੁੱਖ 'ਚ ਹੁੰਦੀ ਹੈ ਤਾਂ ਗੁਰੂ ਮਹਾਰਾਜ ਦਾ ਸਰੂਪ ਦਾ ਪ੍ਰਕਾਸ਼ ਕਰ ਦਿੱਤਾ ਜਾਂਦਾ

ਹੈ । ਉਪ੍ਰੰਤ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਮ੍ਰਿਤ ਵੇਲੇ ਦਾ ਆਇਆ ਹੋਇਆ ਪਹਿਲਾ ਹੁਕਮਨਾਮਾ ਪ੍ਰੇਮ- ਰੰਗ ਵਿੱਚ ਰੰਗੀਜ਼ ਕੇ ਸੰਗਤ ਨੂੰ ਸੁਣਾਉਂਦਾ ਹੈ ।

**ਮਹਾਂਵਾਕ ਪੜ੍ਹਨ ਦੀ ਮਰਯਾਦਾ**–ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤਿਆਂ ਖੱਬੇ ਪੰਨੇ ਦੇ ਉੱਪਰਲਾ ਪਹਿਲਾ ਸ਼ਬਦ ਮਹਾਂਵਾਕ ਦੇ ਰੂਪ ਵਿੱਚ ਪੜ੍ਹਿਆ ਜਾਂਦਾ ਹੈ । ਜੇ ਉੱਪਰਲਾ ਸ਼ਬਦ ਉੱਪਰੋਂ ਹੀ ਸ਼ੁਰੂ ਹੁੰਦਾ ਹੈ ਤਾਂ ਠੀਕ ਹੈ ਜੇ ਪਿਛਲੇ ਪੰਨੇ ਤੋਂ ਸ਼ੁਰੂ ਹੋ ਕੇ ਇਸ ਖੱਬੇ ਪੰਨੇ ਦੇ ਉੱਪਰ ਆ ਕੇ ਪੂਰਾ ਹੁੰਦਾ ਹੋਵੇ ਤਾਂ ਪੰਨਾ ਪਲਟ ਕੇ ਪਿਛਲੇ ਪੰਨੇ ਦਾ ਹੇਠਲਾ ਸ਼ਬਦ ਪੜ੍ਹਨਾ ਚਾਹੀਦਾ ਹੈ ਇਹੋ ਹੀ ਮਰਯਾਦਾ ਸ੍ਰੀ ਹਰਿਮੰਦਰ ਸਾਹਿਬ ਦੀ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਹੈ, ਜੇ ਅਸ਼ਟਪਦੀ ਜਾਂ ਛੰਤ ਹੋਵੇ ਤਾਂ ਪੂਰਾ ਸ਼ਬਦ ਪੜ੍ਹਨਾ ਚਾਹੀਦਾ ਹੈ । ਇਕ ਬੰਦ ਨਹੀਂ ਜਿਵੇਂ ਕਿ ਕਈ ਅਣਜਾਣ ਪਾਠੀ ਪੜ੍ਹ ਲੈਂਦੇ ਹਨ, ਇਸੇ ਤਰ੍ਹਾਂ ਜੇ ਵਾਰ ਹੋਵੇ ਤਾਂ ਸਲੋਕ, ਮਹੱਲਾ ਤੇ ਪਉੜੀ ਤੱਕ ਪੜ੍ਹਨਾ ਚਾਹੀਏ ਭਾਵੇਂ ਮਹੱਲੇ ਕਿੰਨੇ ਵੀ ਹੋਣ, ਭੋਗ ਪਉੜੀ ਦੇ ਅੰਤ 'ਤੇ ਪਾਇਆ ਜਾਂਦਾ ਹੈ । ਪ੍ਰਕਾਸ਼ ਕਰਨ ਲੱਗਿਆਂ ਨਾ ਬਹੁਤਾ ਆਦਿ ਵੱਲ ਤੇ ਨਾ ਬਹੁਤਾ ਅੰਤ ਵੱਲ ਪ੍ਰਕਾਸ਼ ਕਰਨਾ ਚਾਹੀਦਾ ਹੈ । ਕਹਿੰਦੇ ਹਨ ਕਿ ਇਕ ਵਾਰੀ ਸ੍ਰੀ ਹਰਿਮੰਦਰ ਸਾਹਿਬ ਦੇ ਮਾਨਯੋਗ ਮੁੱਖ ਗ੍ਰੰਥੀ ਸਾਹਿਬ ਨੇ ਸ੍ਰੀ ਅਨੰਦ ਸਾਹਿਬ 'ਚੋਂ ਮਹਾਂਵਾਕ ਲਿਆ ਤੇ ਉਹ ਸਾਰਾ ਅਨੰਦ ਸਾਹਿਬ ਪੜ੍ਹ ਕੇ ਹੀ ਹਟੇ । ਫਿਰ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਪਾਸ ਹੋਇਆ ਕਿ ਅੱਵਲ ਤਾਂ ਇੰਨਾਂ ਦੂਰ ਨਹੀਂ ਜਾਣਾ ਚਾਹੀਦਾ, ਜੇ ਕਰ ਅਚਾਨਕ ਐਸੇ ਥਾਂ ਪ੍ਰਕਾਸ਼ ਹੋ ਜਾਵੇ ਤਾਂ ਉਸ ਲੰਬੀ ਬਾਣੀ ਦੀਆਂ ਪੰਜ ਪਉੜੀਆਂ ਮਹਾਂਵਾਕ ਵੱਜੋਂ ਪੜ੍ਹਨੀਆਂ ਚਾਹੀਦੀਆਂ ਹਨ ।

**ਮਹਾਂਵਾਕ ਜਾਂ ਹੁਕਮਨਾਮਾ**– ਪੁਰਾਣੇ ਸਮੇਂ ਵਿੱਚ ਮਹਾਂਵਾਕ ਨੂੰ ਆਵਾਜ਼ਾ ਕਿਹਾ ਜਾਂਦਾ ਸੀ । (ਦੇਖੋ ਰੀਪੋਰਟ ਦਰਬਾਰ ਸਾਹਿਬ, ਪੰਨਾ ੨੯) । ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਖੱਬੇ ਹੱਥ ਵਾਲੇ ਪੰਨੇ ਦੇ ਉਪਰਲੀ ਸਤਰ ਤੋਂ ਆਰੰਭ ਹੋਣ ਵਾਲਾ ਜਾਂ ਪਿਛਲੇ ਪੰਨੇ ਤੋਂ ਆਰੰਭ ਹੋ ਕੇ ਇਸ ਪੰਨੇ 'ਤੇ ਪੂਰਾ ਹੋਣ ਵਾਲਾ ਸ਼ਬਦ ਗ੍ਰੰਥੀ ਸਾਹਿਬ ਸੁਣਾਉਂਦੇ ਹਨ, ਇਸ ਨੂੰ ਅੱਜ ਕਲ੍ਹ ਹੁਕਮਨਾਮਾ ਜਾਂ ਮਹਾਂਵਾਕ ਕਹਿੰਦੇ ਹਨ । ਸੰਗਤਾਂ ਇਸ ਮਹਾਂਵਾਕ ਨੂੰ ਬੜੀ ਸ਼ਰਧਾ, ਭਾਵਨਾ ਤੇ ਇਕਾਗ੍ਰਤਾ ਨਾਲ ਸੁਣਦੀਆਂ ਹਨ । ਬਹੁਤ ਸਾਰੇ ਪ੍ਰੇਮੀ ਆਪਣੀਆਂ ਕਾਮਨਾਵਾਂ ਬਾਰੇ ਇਸ ਮਹਾਂਵਾਕ ਤੋਂ ਅੰਦਾਜ਼ਾ ਲਾਉਂਦੇ ਹਨ । ਕੁਝ ਪ੍ਰੇਮੀ ਪਹਿਲੀਆਂ ਤੁਕਾਂ ਯਾਦ ਕਰਕੇ ਜਾਂ ਲਿਖ ਕੇ ਲੈ ਜਾਂਦੇ ਹਨ ਤੇ ਘਰ ਜਾ ਕੇ ਸੰਥਾ ਸੈਂਚੀਆਂ ਜਾਂ ਸੰਪੂਰਨ ਬੀੜਾਂ ਤੋਂ ਸਾਰਾ ਸ਼ਬਦ ਪੜ੍ਹਦੇ ਤੇ ਅਰਥ ਵਿਚਾਰਦੇ ਹਨ । ਮਗਰੋਂ ਆਏ ਪ੍ਰੇਮੀ ਨੂੰ ਪੁਰਾਣੇ ਸਮੇਂ ਤਾਬਿਆ ਬੈਠੇ ਗ੍ਰੰਥੀ ਸਿੰਘ ਜਾਂ ਚੌਰਬਰਦਾਰ ਹੀ ਆਏ ਮਹਾਂਵਾਕ ਦੀ ਪਹਿਲੀ ਇਕ ਤੁਕ ਸੁਣਾਇਆ ਕਰਦੇ ਸਨ । ਇਸ ਦਿੱਕਤ ਨੂੰ ਦੂਰ ਕਰਨ ਲਈ ਕਮੇਟੀ ਵੱਲੋਂ ਪ੍ਰਬੰਧ ਕੀਤਾ ਗਿਆ ਹੈ ਇਕ ਸੱਜਣ ਝੰਡਾ ਬੁੰਗਾ ਡਿਉਢੀ ਦੇ ਬਰਾਂਡੇ ਵਿੱਚ ਸੱਜੇ ਹੱਥ ਲੱਗੀ ਤਖਤੀ ਉੱਪਰ ਆਏ ਮਹਾਂਵਾਕ ਦੀਆਂ ਪਹਿਲੀਆਂ ਦੋ ਤੁਕਾਂ, ਤਾਰੀਖ, ਦਿਨ ਤੇ ੧੪੩੦ ਪੰਨੇ ਵਾਲੀ ਬੀੜ ਦਾ ਪੰਨਾ ਲਿਖ ਦੇਂਦਾ ਹੈ ਜਿਥੋਂ ਸਾਰਾ ਦਿਨ ਆਏ ਯਾਤਰੂ ਤੇ ਸੰਗਤਾਂ ਉਸ ਮਹਾਂਵਾਕ ਨੂੰ ਪੜ੍ਹਦੀਆਂ ਰਹਿੰਦੀਆਂ ਹਨ ਜਾਂ ਬਹੁਤੇ ਪ੍ਰੇਮੀ ਇਥੋਂ ਆਰੰਭ ਦੀਆਂ ਦੋ ਤੁਕਾਂ ਤੇ ਪੰਨਾ ਨੋਟ ਕਰ ਕੇ ਲੈ ਜਾਂਦੇ ਹਨ ਤੇ ਘਰ ਜਾ ਕੇ ਸੰਪੂਰਨ ਸ਼ਬਦ ਦਾ ਪਾਠ ਕਰਦੇ ਤੇ ਅਰਥ ਵਿਚਾਰਦੇ ਹਨ ।

ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਤੇ ਅਰਦਾਸ ਉਪ੍ਰੰਤ ਵੀ ਫਿਰ ਇਹੋ ਹੀ ਮਹਾਂਵਾਕ

ਸੁਣਾਇਆ ਜਾਂਦਾ ਹੈ, ਪਰ ਰਾਤ ਨੂੰ ਸੁਖਾਸਣ ਕਰਨ ਤੋਂ ਪਹਿਲਾਂ ਨਵਾਂ ਮਹਾਂਵਾਕ ਲਿਆ ਜਾਂਦਾ ਹੈ। ਐਉਂ ਸਾਰੇ ਪ੍ਰੋਗਰਾਮ ਵਿੱਚ ਤਿੰਨ ਵਾਰ ਮਹਾਂਵਾਕ ਸੁਣਾਇਆ ਜਾਂਦਾ ਹੈ।

## ਪੁਰਾਤਨ ਮਰਯਾਦਾ

੧. *ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੋਰ ਕੁਝ ਪੜ੍ਹਨ ਤੋਂ ਛੁੱਟ ਗੁਟਕੇ ਤੋਂ ਪਾਠ ਵੀ ਕੋਈ ਪ੍ਰੇਮੀ ਨਹੀਂ ਕਰ ਸਕਦਾ।*

੨. *ਦਰਸ਼ਨੀ ਡਿਉਢੀ ਦੇ ਦਰਵਾਜ਼ੇ ਤੋਂ ਅੰਦਰ ਕੋਈ ਸੱਜਣ ਆਪਣਾ ਆਸਣ ਵਿਛਾ ਕੇ ਨਹੀਂ ਬੈਠ ਸਕਦਾ।*

੩. ***ਪੁਰਾਤਨ ਸਮੇਂ ਅੰਮ੍ਰਿਤ ਵੇਲੇ ਮਹਾਰਾਜ ਦਾ ਪਹਿਲਾ ਮਹਾਂਵਾਕ ਲੈਣ ਤੋਂ ਦੂਜੀ ਵਾਰ ਵਾਕ ਲੈਣ ਤੱਕ ਦੇ ਸਮੇਂ ਵਿੱਚ ਕਿਸੇ ਬੀਬੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੈਠਣ ਦੀ ਆਗਿਆ ਨਹੀਂ ਸੀ। ਇਸ ਸਮੇਂ ਬੀਬੀਆਂ ਉਪਰਲੀ ਛੱਤ 'ਤੇ ਬੈਠ ਸਕਦੀਆਂ ਸਨ ਅਤੇ ਉਪਰਲੀਆਂ ਪ੍ਰਕਰਮਾਂ ਵਿੱਚ ਕਿਵਾੜ ਖੁੱਲ੍ਹਣ ਤੋਂ ਲੈ ਕੇ ਆਸਾ ਜੀ ਦੀ ਵਾਰ ਦੇ ਭੋਗ ਪੈਣ 'ਤੇ ਅਰਦਾਸ, ਮਹਾਂਵਾਕ ਲੈਣ ਤੱਕ ਕਿਸੇ ਮਰਦ ਨੂੰ ਉੱਪਰ ਜਾਣ ਦੀ ਆਗਿਆ ਨਹੀਂ ਸੀ ਪਰ ਅੱਜ ਕਲ੍ਹ ਇਹ ਪਾਬੰਦੀ ਨਹੀਂ ਹੈ।***

੪. *ਮਹਾਰਾਜ ਦਾ ਪੁਸ਼ਾਕਾ ਹਰ ਤੀਜੇ ਦਿਨ ਬਦਲਿਆ ਜਾਂਦਾ ਸੀ ਅਤੇ ਰੁਮਾਲੇ ਹਰ ਮਹੀਨੇ ਦੇ ਮਹੀਨੇ ਬਦਲੇ ਜਾਂਦੇ ਸਨ (ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਪੰ: ੭੧), ਪਰ ਹੁਣ ਰੁਮਾਲੇ ਹਰ ਹਫਤੇ ਬਦਲੇ ਜਾਂਦੇ ਹਨ।*

**ਦਰਸ਼ਨੀ ਰੁਮਾਲੇ ਸਜਾਉਣੇ**- ਮਹਾਂਵਾਕ ਸੰਪੂਰਨ ਹੋਣ ਤੋਂ ਬਾਅਦ ਗ੍ਰੰਥੀ ਸਿੰਘ ਦੋਹਾਂ ਪਾਸਿਆਂ ਤੋਂ ਪਲਕਾਂ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਹਾਂ ਪੰਨਿਆਂ ਉੱਪਰ ਸਜਾ ਦੇਂਦਾ ਹੈ। ਫਿਰ ਹੇਠਲੀ ਵੱਡੀ ਚਾਦਰ ਚਾਰ-ਚੁਫੇਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਉੱਪਰ ਦਿੱਤੀ ਜਾਂਦੀ ਹੈ, ਜਿਵੇਂ ਹੇਠ ਚੁਫੇਰਿਓਂ ਬੁੱਕਲ ਵੱਜ ਜਾਵੇ। ਉਸ ਉੱਪਰ ਦੋਹਰਾ ਰੁਮਾਲਾ ਸਜਾਇਆ ਜਾਂਦਾ ਹੈ। ਫਿਰ ਉੱਪਰ ਵੱਡੀ ਦੋਹਰੀ ਚਾਦਰ ਸਾਹਮਣੇ ਹੇਠ ਤੱਕ ਲਾਈ ਜਾਂਦੀ ਹੈ, ਉਪ੍ਰੰਤ ਪੰਜ ਦਰਸ਼ਨੀ ਰੁਮਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਤੇ ਅਗਲੇ ਪਾਸੇ ਮਸਨਦ ਦੇ ਉੱਪਰ ਤੱਕ ਸਜਾਏ ਜਾਂਦੇ ਹਨ। ਸਭ ਤੋਂ ਹੇਠ ਵੱਡਾ ਫਿਰ ਉਸ ਤੋਂ ਛੋਟਾ। ਇਸ ਤਰ੍ਹਾਂ ਸਭ ਤੋਂ ਛੋਟਾ ਸਭ ਤੋਂ ਉੱਪਰ ਦਿੱਤਾ ਜਾਂਦਾ ਹੈ।

ਰੁਮਾਲਿਆਂ ਦੇ ਹੇਠਲੀ ਵੱਡੀ ਚਾਦਰ ਗ੍ਰੰਥੀ ਸਿੰਘ ਆਪਣੇ ਵੱਲ ਵਧਾ ਕੇ ਰੱਖਦਾ ਹੈ ਜੋ ਬਾਅਦ ਵਿੱਚ ਆਪਣੇ ਵੱਲੋਂ ਉਲਟਾ ਕੇ ਪੰਜਾਂ ਰੁਮਾਲਿਆਂ ਦੇ ਉੱਪਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਸਜਾ ਦੇਂਦਾ ਹੈ ਤਾਂ ਕਿ ਉੱਪਰ ਸਜਾਏ ਪੰਜ ਰੁਮਾਲੇ ਅਗਲੇ ਪਾਸੇ ਨੂੰ ਖਿਸਕਣ ਨਾ, ਸਗੋਂ ਕੱਸੇ ਜਾਣ। ਮੁੜੀ ਹੋਈ ਚਾਦਰ ਦੇ ਉੱਪਰ ਦੀ ਅੰਤਲਾ ਦਰਸ਼ਨੀ ਰੁਮਾਲਾ (ਜੋ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਹੀ ਹੁੰਦਾ ਹੈ ਤੇ ਕੁਝ ਸੱਜੇ ਤੇ ਖੱਬੇ ਨੂੰ ਲਟਕਦਾ ਰਹਿੰਦਾ ਹੈ) ਸਜਾਇਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਤੇ ਸਾਹਮਣੇ ਦਰਸ਼ਨੀ ਰੁਮਾਲਿਆਂ ਦੇ ਉੱਪਰ ਦੀ ਬਹੁਤ ਬਰੀਕ ਪਲਾਸਟਕ ਦੀਆਂ ਦੋ ਚਾਦਰਾਂ ( ਇਕ ਉੱਪਰ ਤੇ ਅੱਗੇ ਤੱਕ ਤੇ ਦੂਜੀ ਸਾਰੀ ਮਸਨਦ ਉੱਪਰ) ਵਿਛਾ ਦਿੱਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਦੇ ਉੱਪਰ ਫੁੱਲਾਂ ਦੇ ਸਿਹਰੇ ਸਜਾਏ

ਜਾਂਦੇ ਹਨ। ਪਹਿਲਾਂ ਪਲਾਸਟਕ ਦੀਆਂ ਚਾਦਰਾਂ ਨਹੀਂ ਵਿਛਾਈ ਦੀਆਂ ਸਨ ਉਦੋਂ ਵਧੀਆ ਕਢਾਈ ਵਾਲੇ ਕੀਮਤੀ ਰੁਮਾਲੇ ਗਿੱਲੇ ਫੁੱਲਾਂ ਦੇ ਸੇਹਰਿਆਂ ਨਾਲ ਦਾਗੀ ਅਤੇ ਕਪੜਾ ਤੇ ਕਢਾਈ ਖਰਾਬ ਹੋ ਜਾਂਦੇ ਸਨ ਜਦ ਤੋਂ ਪਲਾਸਟਕ ਦੀਆਂ ਚਾਦਰਾਂ ਵਿਛਾਉਣ ਲੱਗੇ ਹਾਂ ਰੁਮਾਲੇ ਖਰਾਬ ਨਹੀਂ ਹੁੰਦੇ ਤੇ ਬਹੁਤ ਬਰੀਕ ਹੋਣ ਕਰ ਕੇ ਰੁਮਾਲਿਆਂ ਦੀ ਚਮਕ-ਦਮਕ ਵਿਚਦੀ ਦਿਸਦੀ ਰਹਿੰਦੀ ਹੈ। ਸਿਹਰਿਆਂ ਦੀ ਸਿੱਲ ਅਤੇ ਮਿੱਟੀ ਘੱਟੇ ਤੋਂ ਵੀ ਬਚੇ ਰਹਿੰਦੇ ਹਨ। ਜ਼ਿਆਦਾ ਅਨ੍ਹੇਰੀ ਆਉਣ ਦੀ ਸੂਰਤ ਵਿੱਚ ਇਕ ਸਪੈਸ਼ਲ ਚਾਦਰ ਜੋ ਹਮੇਸ਼ਾ ਲਾਗੇ ਪਈ ਰਹਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੁਮਾਲਿਆਂ ਉੱਪਰ ਅੱਗੋਂ ਤੱਕ ਸਜਾ ਦਿੱਤੀ ਜਾਂਦੀ ਹੈ।

**ਗੁਲਦਸਤੇ**– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਸਜਾਏ ਜਾਂਦੇ ਗੁਲ-ਦਸਤਿਆਂ ਵਿੱਚ ਵਿਚਕਾਰਲਾ ਗੁਲਦਸਤਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕੋਠੀ ਲਾਰੰਸ ਰੋਡ ਤੋਂ ਉਨ੍ਹਾਂ ਦੇ ਸੇਵਕ ਭੇਟਾ ਕਰ ਕੇ ਜਾਂਦੇ ਹਨ, ਇਹ ਪ੍ਰੰਪਰਾ ਭਾਈ ਸਾਹਿਬ ਵੱਲੋਂ ਆਰੰਭ ਕੀਤੀ ਹੋਈ ਹੁਣ ਤੱਕ ਚਲੀ ਆ ਰਹੀ ਹੈ। ਬਾਕੀ ਦੋਹੀਂ ਪਾਸੀਂ ਦੋ ਗੁਲਦਸਤੇ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਮਾਲੀ ਲਿਆ ਕੇ ਭੇਟਾ ਕਰਦੇ ਹਨ।

੧-**ਅਰਦਾਸੇ** –ਅੰਮ੍ਰਿਤ ਵੇਲੇ ਦੇ ਮਹਾਂਵਾਕ ਤੋਂ ਬਾਅਦ ਫਿਰ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ ਹੈ। ਅੱਧੇ ਘੰਟੇ ਬਾਅਦ ਰਾਗੀ ਸਿੰਘ ਅਨੰਦ ਸਾਹਿਬ ਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ ਗਾ ਕੇ ਪੜ੍ਹਦੇ ਹਨ। ਕੜਾਹ ਪ੍ਰਸ਼ਾਦ ਪਹਿਲਾਂ ਪੁੱਜ ਗਿਆ ਹੁੰਦਾ ਹੈ, ਉਪਰੰਤ ਅਰਦਾਸੀਆ ਸਿੰਘ ਅਰਦਾਸ ਕਰਦਾ ਹੈ। ਅੰਤ ਵਿੱਚ ਕੜਾਹ ਪ੍ਰਸ਼ਾਦ ਦੀ ਪ੍ਰਵਾਨਗੀ ਦੇ ਸ਼ਬਦ ਕਹਿੰਦਾ ਹੈ। ਅਰਦਾਸ ਤੋਂ ਬਾਅਦ ਸੰਗਤ ਬੈਠ ਜਾਂਦੀ ਹੈ।

ਭਾਈ ਸੁਰਜਨ ਸਿੰਘ ਮੁਖੀ ਅਰਦਾਸੀਆ ਸ੍ਰੀ ਹਰਿਮੰਦਰ ਸਾਹਿਬ ਜੋ ਪਹਿਲਾਂ ਪੁਜਾਰੀਆਂ ਦੇ ਸਮੇਂ ਵੀ ਮੁੱਖ ਪੁਜਾਰੀ ਸੀ ਦੇ ਦੱਸਣ ਅਨੁਸਾਰ ਪੁਜਾਰੀਆਂ ਦੇ ਸਮੇਂ ਤੋਂ ਤੇ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਆ ਜਾਣ 'ਤੇ ਵੀ ਕਾਫ਼ੀ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਅੱਧਾ ਘੰਟਾ ਬਾਅਦ ਹੋਣ ਵਾਲੀ ਕੜਾਹ ਪ੍ਰਸ਼ਾਦ ਦੀ ਅਰਦਾਸ ਉਪਰੰਤ ਮਹਾਂਵਾਕ ਲਿਆ ਜਾਂਦਾ ਸੀ ਪਰ ਗਿਆਨੀ ਕਰਤਾਰ ਸਿੰਘ ਜੀ ਮੁੱਖ ਗ੍ਰੰਥੀ ਸਾਹਿਬ ਨੇ ਆਪਣੇ ਸਮੇਂ ਵਿੱਚ ਪ੍ਰਕਾਸ਼ ਕਰਨ ਸਮੇਂ ਹੀ ਮਹਾਂਵਾਕ ਸੁਣਾਉਣ ਦੀ ਮਰਯਾਦਾ ਆਰੰਭ ਕੀਤੀ ਜੋ ਸਭ ਨੇ ਪਸੰਦ ਕੀਤੀ ਤੇ ਹੁਣ ਤੱਕ ਪ੍ਰਚਲਤ ਹੈ।

ਇਸੇ ਤਰ੍ਹਾਂ ਹੀ ੧੯੭੪ ਈ: ਤੱਕ ਅਰਦਾਸ ਤੋਂ ਬਾਅਦ ਅਰਦਾਸੀਆ ਸਿੰਘ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਗ ਸਿੰਘ, ਮਹਾਰਾਜਾ ਸ਼ੇਰ ਸਿੰਘ, ਕੰਵਰ ਨੌਂ ਨਿਹਾਲ ਸਿੰਘ, ਪ੍ਰਤਾਪ ਸਿੰਘ ਤੱਕ ਨਾਮ ਲੈ ਕੇ ਕਹਿੰਦਾ ਸੀ ਕਿ "ਸੱਚੇ ਪਾਤਸ਼ਾਹ! ਇਨ੍ਹਾਂ ਗੁਰਸਿੱਖਾਂ ਦਾ ਆਪ ਦੇ ਚਰਨਾਂ ਵਿੱਚ ਨਿਵਾਸ ਰਹੇ।" ਉਪ੍ਰੰਤ ਹੋਰ ਪੰਜਾਬ ਦੀਆਂ ਸਿੱਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ, ਕਪੂਰਥਲਾ ਤੇ ਫਰੀਦਕੋਟ ਆਦਿ ਦੇ ਹੋ ਚੁੱਕੇ ਤੇ ਵਰਤਮਾਨ ਮਹਾਰਾਜਿਆਂ ਦੇ ਨਾਮ ਲੈ ਕੇ ਅਰਦਾਸ ਕੀਤੀ ਜਾਂਦੀ ਸੀ। ਇਹ ੧੯੭੫ ਈ: ਤੱਕ ਚਲਦੀ ਰਹੀ ਫਿਰ ਰਿਆਸਤਾਂ ਦੇ ਹੋ ਗੁਜ਼ਰੇ ਰਾਜਿਆਂ ਦੇ ਨਾਮ ਬੰਦ ਕਰ ਕੇ ਸਿਰਫ ਵਰਤਮਾਨ ਰਾਜਿਆਂ ਦਾ ਨਾਮ ਅਰਦਾਸ ਵਿੱਚ ਲਿਆ ਜਾਂਦਾ ਸੀ ਅਤੇ ਹੋਰ ਰਈਸਾਂ ਸਰਦਾਰਾਂ ਤੇ ਪ੍ਰੇਮੀ ਸੱਜਣਾਂ ਦੇ ਨਾਮ ਸੁਣਾਉਂਦਾ ਸੀ ਜਿਨ੍ਹਾਂ ਵੱਲੋਂ ਰੋਜ਼ਾਨਾ ਕੜਾਹ ਪ੍ਰਸ਼ਾਦ ਦੀ ਦੇਗ ਹਿਤ ਮਾਇਆ ਜਮ੍ਹਾਂ ਕਰਵਾਈ ਹੁੰਦੀ ਤੇ ਉਸ ਮਾਇਆ ਦੇ ਵਿਆਜ ਨਾਲ ਹਰ ਰੋਜ਼ ਦੇ ਕੜਾਹ ਪ੍ਰਸ਼ਾਦ ਵਿੱਚ ਉਨ੍ਹਾਂ ਵੱਲੋਂ ਕੜਾਹ ਪ੍ਰਸ਼ਾਦ ਆਉਂਦਾ ਸੀ। ਕੁਝ ਨਾਮ ਕਹਿ ਕੇ

ਅਰਦਾਸੀਏ ਨੇ ਕਹਿਣਾ 'ਕੜਾਹ ਪ੍ਰਸ਼ਾਦਿ' ਭੇਜਿਆ, ਅਰਦਾਸ ਭੇਜੀ ਹੈ। ਮਾਇਆ ਦੀ ਬਹੁਲਤਾ ਤੇ ਸਸਤੇ ਭਾਅ ਕਰ ਕੇ ਨਾਵਾਂ ਦੀ ਗਿਣਤੀ ਏਨੀ ਵਧ ਗਈ ਕਿ ਪੰਦਰਾਂ ਮਿੰਟ ਨਾਵਾਂ ਦੀ ਸੂਚੀ ਸੁਣਾਉਣ 'ਤੇ ਲਗਦੇ ਤੇ ਉਨਾਂ ਸਮਾਂ ਕੀਰਤਨ ਬੰਦ ਰਹਿੰਦਾ। ਸੰਗਤਾਂ ਦੀਆਂ ਬ੍ਰਿਤੀਆਂ ਕੀਰਤਨ ਦੇ ਅੰਗਮੀ-ਰਸ 'ਚੋਂ ਨਿਕਲ ਕੇ ਦੁਨਿਆਵੀ ਆਦਮੀਆਂ ਦੀਆਂ ਤਸਵੀਰਾਂ ਦੇਖਣ ਲਗਦੀਆਂ। ਜਿਸ ਕਰ ਕੇ ਦਾਸ ਨੇ ਮੁੱਖ ਗ੍ਰੰਥੀ ਦੀ ਪਦਵੀ ਸੰਭਾਲਦਿਆਂ ਸਿੰਘ ਸਾਹਿਬਾਨ ਅਤੇ ਹੋਰ ਧਾਰਮਿਕ ਸਲਾਹਕਾਰਾਂ ਦੇ ਸਰਬ ਸੰਮਤੀ ਫੈਸਲੇ ਅਨੁਸਾਰ ਇਹ ਰੀਤ ਬੰਦ ਕੀਤੀ। ਅਰਦਾਸ ਦੇ ਅੰਤ ਵਿੱਚ ਹੁਣ ਅਰਦਾਸੀਆ ਕਹਿ ਦੇਂਦਾ ਹੈ ਕਿ-- *'ਸੱਚੇ ਪਾਤਸ਼ਾਹ ! ਜਿਨ੍ਹਾਂ ਪ੍ਰੇਮੀਆਂ ਨੇ ਆਪ ਦੇ ਹਜ਼ੂਰ ਕੜਾਹ ਪ੍ਰਸ਼ਾਦ ਭੇਟ ਕੀਤਾ ਹੈ, ਉਨ੍ਹਾਂ ਨੂੰ ਨਾਮ ਦਾਨ, ਸਿੱਖੀ ਸਿਦਕ ਭਰੋਸਾ ਪ੍ਰਦਾਨ ਕਰਨਾ, ਸ਼ੁਭ ਕਾਮਨਾਵਾਂ ਪੂਰੀਆਂ ਕਰਨੀਆਂ।'*

ਸੰਗਤਾਂ ਨੇ ਇਸ ਤਬਦੀਲੀ ਨੂੰ ਸਲਾਹਿਆ। ਹੁਣ ਇਹੋ ਮਰਯਾਦਾ ਪ੍ਰਚਲਤ ਹੈ ਅਰਦਾਸ ਉਪ੍ਰੰਤ ਫਿਰ ਆਸਾ ਜੀ ਦੀ ਵਾਰ ਦਾ ਕੀਰਤਨ ਚਾਲੂ ਹੋ ਜਾਂਦਾ ਹੈ। ਉਧਰ ਬੈਠੀ ਸੰਗਤ ਵਿੱਚ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

੨- ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦੇ ਭੋਗ ਉਪ੍ਰੰਤ ਦੂਜੀ ਅਰਦਾਸ ਹੁੰਦੀ ਹੈ ਤੇ ਮਹਾਂਵਾਕ ਪੜ੍ਹਿਆ ਜਾਂਦਾ ਹੈ।

੩- ਉਪ੍ਰੰਤ ਕੀਰਤਨ ਸ਼ੁਰੂ ਹੋ ਜਾਂਦਾ ਹੈ ਤੇ ੧੨ ਵਜੇ ਤੱਕ ਪੰਜ ਚੌਂਕੀਆਂ, ਭਾਵ ਕੀਰਤਨੀ ਜਥੇ ਕੀਰਤਨ ਕਰਦੇ ਹਨ। ੧੨ ਵਜੇ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ 'ਚੋਂ ਕੜਾਹ ਪ੍ਰਸ਼ਾਦ ਅੰਦਰ ਪਹੁੰਚ ਜਾਂਦਾ ਹੈ। ੧੨ ਵਜੇ ਸਮਾਪਤ ਹੋਣ ਵਾਲੀ ਚੌਂਕੀ ਨੂੰ 'ਅਨੰਦ ਦੀ ਚੌਂਕੀ' ਕਹਿੰਦੇ ਹਨ। ਸ੍ਰੀ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਪੜ੍ਹ ਕੇ ਰਾਗੀ ਸਿੰਘ ਕੀਰਤਨ ਦੀ ਸਮਾਪਤੀ ਕਰਦੇ ਹਨ ਉਸ ਵਕਤ ਅਰਦਾਸੀਆ ਸਿੰਘ ਤੀਜੀ ਅਰਦਾਸ ਕਰਦਾ ਹੈ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਤੇ ਕੀਰਤਨ ਆਰੰਭ ਹੋ ਜਾਂਦਾ ਹੈ।

੪- ੧੨ ਤੋਂ ੩ ਵਜੇ ਤੱਕ ਦੋ ਚੌਂਕੀਆਂ ਕੀਰਤਨ ਕਰਦੀਆਂ ਹਨ। ੩ ਵਜੇ ਆਰਤੀ ਦਾ ਸ਼ਬਦ 'ਗਗਨ ਮੈ ਥਾਲੁ' ਦਾ ਕੀਰਤਨ ਕਰਨ ਉਪਰੰਤ ਅਰਦਾਸੀਆ ਸਿੰਘ ਚੌਥੀ ਅਰਦਾਸ ਕਰਦਾ ਹੈ। ਇਸ ਸ਼ਬਦ ਵਿੱਚ ਚਰਨ ਕਵਲ ਪਦ ਆਉਣ 'ਤੇ ਇਸ ਚੌਂਕੀ ਨੂੰ 'ਚਰਨ ਕਵਲ' ਕੀ ਚੌਂਕੀ ਕਹਿੰਦੇ ਹਨ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਦਿਨ ਛਿਪਣ ਤੱਕ ਸਰਦੀਆਂ ਵਿੱਚ ਦੋ ਤੇ ਗਰਮੀਆਂ ਵਿੱਚ ਤਿੰਨ ਚੌਂਕੀਆਂ ਕੀਰਤਨ ਕਰਦੀਆਂ ਹਨ।

੫- ਦਿਨ ਛਿਪਣ ਬਾਅਦ ਸੋਦਰੁ ਦੀ ਚੌਂਕੀ ਅੰਤ ਵਿੱਚ ਰਾਗੀ ਸਿੰਘ, 'ਜੁਗੁ ਜੁਗੁ ਭਗਤ ਉਪਾਇਆ' ਛੰਤ ਦੇ ਚਾਰ ਤੁਕੇ ਬੰਦ ਦਾ ਕੀਰਤਨ ਕਰਦੇ ਤੇ ਸਲੋਕ ਮ: ੧॥ 'ਦੁਖੁ ਦਾਰੂ ਸੁਖੁ ਰੋਗੁ ਭਇਆ' ਸਾਰਾ ਸ਼ਬਦ ਪੜ੍ਹ ਕੇ 'ਸੋ ਦਰੁ ਤੇਰਾ ਕੇਹਾ' ਸ਼ਬਦ ਆਸਾ ਰਾਗ ਵਿੱਚ ਗਾਉਂਦੇ ਹਨ। ਉਪ੍ਰੰਤ ਆਸਾ ਮਹਲਾ ੧ ॥ 'ਸੁਣਿ ਵਡਾ ਆਖੈ ਸਭੁ ਕੋਇ' ਤੋਂ ਸ੍ਰੀ ਗੁਰੂ ਗ੍ਰੰਥ ਸਹਿਬ ਦੇ ਤਾਬਿਆ ਬੈਠਾ ਗ੍ਰੰਥੀ ਸਿੰਘ ਪਾਠ ਕਰਨਾ ਆਰੰਭ ਕਰਦਾ ਹੈ ਤੇ ਸੋਦਰੁ ਦਾ ਬਾਕੀ ਰਹਿੰਦਾ ਸਾਰਾ ਪਾਠ ਜੋ ਸਿੱਖ ਰਹਤ ਮਰਯਾਦਾ ਵਿੱਚ ਪ੍ਰਵਾਣਤ ਹੈ, ਕਰਦਾ ਹੈ। ਸੋਦਰੁ ਦੇ ਪਾਠ ਉਪ੍ਰੰਤ ਪੰਜਵਾਂ ਅਰਦਾਸਾ ਹੁੰਦਾ ਹੈ ਤੇ ਸਾਰੀ ਸੰਗਤ ਬੈਠ ਜਾਂਦੀ ਹੈ ਬੈਠ ਕੇ ਰਾਗੀ ਸਿੰਘ ਆਰਤੀ ਦੇ ਸ਼ਬਦ ਸੰਗਤ ਨਾਲ ਮਿਲ ਕੇ ਪੜ੍ਹਦੇ ਹਨ। ਬਾਅਦ ਵਿੱਚ ਅਰਦਾਸੀਆ ਸਿੰਘ ਖੜ੍ਹਾ ਹੋ ਕੇ ਕੇਵਲ

'ਸੱਚੇ ਪਾਤਸ਼ਾਹ ! ਆਪ ਦੇ ਹਜ਼ੂਰ ਸ਼ਬਦ ਚੌਂਕੀ' ਆਰਤੀ ਸਾਹਿਬ ਜੀ ਕੀ ਅਰਦਾਸ, ਦੇ ਸੰਖੇਪ ਜਿਹੇ ਸ਼ਬਦ ਕਹਿ ਕੇ ਅਰਦਾਸ ਕਰਦਾ ਹੈ ਪਰ ਸੰਗਤ ਬੈਠੀ ਰਹਿੰਦੀ ਹੈ । ਪੁਰਾਤਨ ਸਮੇਂ ਬਾਅਦ ਵਿੱਚ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਸੀ, ਪਰ ਅੱਜ ਕਲ੍ਹ ਇਹ ਰੀਤ ਨਹੀਂ ਹੈ ਕਿਉਂਕਿ ਬਾਹਰ ਹਰ ਵਕਤ ਕੜਾਹ ਪ੍ਰਸ਼ਾਦ ਵਰਤਦਾ ਰਹਿੰਦਾ ਹੈ । ਬਾਅਦ ਵਿੱਚ ਫਿਰ ਕੀਰਤਨ ਸ਼ੁਰੂ ਹੋ ਜਾਂਦਾ ਹੈ ਇਸ ਚੌਂਕੀ ਨੂੰ ਆਰਤੀ ਦੀ ਚੌਂਕੀ ਕਹਿੰਦੇ ਹਨ । ਇਸ ਚੌਂਕੀ ਦੇ ਦਰਮਿਆਨ ਬਾਬਾ ਬੁੱਢਾ ਸਾਹਿਬ ਜੀ ਵੱਲੋਂ ਚਲਾਈ ਚੌਂਕੀ ਆਉਂਦੀ ਹੈ । ਉਸ ਵਕਤ ੧੫ ਮਿੰਟ ਲਈ ਅੰਦਰਲਾ ਕੀਰਤਨ ਬੰਦ ਹੋ ਜਾਂਦਾ ਹੈ । ਉਹ ਚੌਂਕੀ ਸ਼ਬਦ ਪੜ੍ਹਦੀ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੀ ਹੈ । ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਬੂਹੇ ਦੇ ਬਾਹਰਵਾਰ ਖੜ੍ਹ ਕੇ ਉਨ੍ਹਾਂ ਦਾ ਅਰਦਾਸੀਆ ਸਿੰਘ ਅਰਦਾਸ ਕਰਦਾ ਹੈ, ਫਿਰ ਅੰਦਰਲਾ ਕੀਰਤਨ ਸ਼ੁਰੂ ਹੋ ਜਾਂਦਾ ਹੈ । ਆਰਤੀ ਦੀ ਚੌਂਕੀ ਤੋਂ ਬਾਅਦ ਕੀਰਤਨ ਦੀ ਚੌਂਕੀ ਬਦਲਦੀ ਹੈ । ਉਸ ਚੌਂਕੀ ਨੂੰ ਕੀਰਤਨ ਸੋਹਿਲੇ ਦੀ ਚੌਂਕੀ ਕਹਿੰਦੇ ਹਨ ।

੬- ਸਮਾਪਤੀ ਦੇ ਮਹਾਂਵਾਕ ਲੈਣ ਤੋਂ ਕੁਝ ਸਮਾਂ ਪਹਿਲਾਂ ਫਰਾਸ਼ ਤੇ ਇਕ ਸਿਆਣਾ ਸੇਵਾਦਾਰ, ਪ੍ਰਕਾਸ਼ ਕਰਨ ਸਮੇਂ ਵਾਂਗ ਦੋਹੀਂ ਪਾਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਜੀ ਸਾਹਿਬ ਤੋਂ ਥੋੜ੍ਹਾ ਜੇਹਾ ਅਗੇਰੇ ਹੋ ਕੇ ਬੈਠਦੇ ਹਨ । ਚੌਂਕੜੀਆਂ ਮਾਰ ਕੇ ਆਪੋ ਆਪਣੇ ਗੋਡਿਆਂ ਉੱਪਰ ਪਰਨੇ ਲੈ ਲੈਂਦੇ ਹਨ । ਫਿਰ ਗ੍ਰੰਥੀ ਸਾਹਿਬ ਦੀ ਮਦਦ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰੋਂ ਇਕ ਇਕ ਕਰ ਕੇ ਸਹਜੇ-ਸਹਜੇ ਸਤਿਕਾਰ ਸਹਿਤ ਰੁਮਲੇ ਉਤਾਰਦੇ ਤੇ ਤਹਿਆਂ ਮਾਰ ਕੇ ਰੁਮਾਲਿਆਂ ਵਾਲੀ ਪੇਟੀ ਵਿੱਚ ਰੱਖੀ ਜਾਂਦੇ ਹਨ । ਅੰਤਲਾ ਰੁਮਾਲਾ ਉਤਾਰ ਕੇ ਤੇ ਝਾੜ ਕੇ ਫਿਰ ਸਾਹਮਣੇ ਸਜਾ ਦੇਂਦੇ ਹਨ । ਕੀਰਤਨ ਬੰਦ ਹੋ ਜਾਂਦਾ ਹੈ ਤੇ ਗ੍ਰੰਥੀ ਸਿੰਘ -"ਸੁ ਕਹੁ ਟਲ ਗੁਰੁ ਸੇਵੀਐ" ਤੇ ਉਹੋ ਪ੍ਰਕਾਸ਼ ਤੋਂ ਪਹਿਲਾਂ ਪੜ੍ਹੇ ਜਾਂਦੇ ਤਿੰਨੇ ਸਲੋਕ ਪੜ੍ਹਦਾ ਹੈ ਤੇ ਨਾਲ-ਨਾਲ ਸੰਗਤ ਵੀ ਪੜ੍ਹਦੀ ਹੈ । ਉਪ੍ਰੰਤ ਗ੍ਰੰਥੀ ਸਿੰਘ ਮਹਾਂਵਾਕ ਸ੍ਰਵਣ ਕਰਵਾਉਂਦਾ ਹੈ ਤੇ ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਸੁਖਾਸਣ ਕਰਾਉਂਦਾ ਹੈ ਜਿਸ ਵਿੱਚ ਫਰਾਸ਼ ਤੇ ਸੇਵਾਦਾਰ ਪਾਸਿਉਂ ਰੁਮਾਲੇ ਫੜਾਉਣ ਦੀ ਮਦਦ ਕਰਦੇ ਹਨ। ਸੁਖਾਸਣ ਕਰਦੇ ਸਮੇਂ ਸੋਹਿਲੇ ਦਾ ਪਾਠ ਗ੍ਰੰਥੀ ਸਿੰਘ ਕਰਦਾ ਹੈ । ਸੋਹਿਲੇ ਤੋਂ ਪਹਿਲਾਂ--'ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ' ਸਲੋਕ ਤੇ 'ਤਾਤੀ ਵਾਉ ਨ ਲਗਈ' ਸ਼ਬਦ ਦਾ ਪਾਠ ਕਰਦਾ ਹੈ । ਸੋਹਿਲੇ ਦਾ ਪਾਠ ਪੂਰਾ ਹੋ ਜਾਣ ਬਾਅਦ ਰਾਗੀ ਸਿੰਘ ਸਮਾਪਤੀ ਦੀ ਪਉੜੀ ਲਾਉਂਦੇ ਹਨ । ਉਪ੍ਰੰਤ ਸਮਾਪਤੀ 'ਤੇ ਸਵਾਰੀ ਦੇ ਚੱਲਣ ਦਾ ਛੇਵਾਂ ਅਰਦਾਸਾ ਕੀਤਾ ਜਾਂਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਕੋਠੇ ਸਾਹਿਬ ਨੂੰ ਚੱਲ ਪੈਂਦੀ ਹੈ । ਜਿਵੇਂ ਸੁਬ੍ਹਾ ਸੁਨਹਿਰੀ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਜਾ ਕੇ ਸੰਗਤਾਂ ਸ਼ਬਦ ਪੜ੍ਹਦੀਆਂ ਸ੍ਰੀ ਹਰਿਮੰਦਰ ਸਾਹਿਬ ਲਿਆਉਂਦੀਆਂ ਹਨ, ਉਵੇਂ ਹੀ ਰਾਤ ਨੂੰ ਸਵਾਰੀ ਕੋਠੇ ਸਾਹਿਬ ਪੁਚਾਉਂਦੀਆਂ ਹਨ । ਦਰਸ਼ਨੀ ਡਿਉਢੀ ਤੋਂ ਸਵਾਰੀ ਬਾਹਰ ਆ ਜਾਣ ਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਨਗਾਰਾ ਵੱਜਣਾ ਸ਼ੁਰੂ ਹੋ ਜਾਂਦਾ ਹੈ । ਜੋ ਸਵਾਰੀ ਦੇ ਕੋਠਾ ਸਾਹਿਬ ਪੁੱਜਣ ਤੱਕ ਵੱਜਦਾ ਰਹਿੰਦਾ ਹੈ । ਗ੍ਰੰਥੀ ਸਿੰਘ ਪਾਲਕੀ 'ਚੋਂ ਸਵਾਰੀ ਆਪਣੇ ਸੀਸ 'ਤੇ ਕੋਠਾ ਸਾਹਿਬ ਲੈ ਕੇ ਪਹੁੰਚਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਲੰਘ 'ਤੇ ਸਜਾ ਕੇ ਸੰਖੇਪ ਜੇਹੀ ਅਰਦਾਸ ਕਰ ਕੇ ਮੱਥਾ ਟੇਕ ਕੇ ਕੋਠਾ ਸਾਹਿਬ ਤੋਂ ਗ੍ਰੰਥੀ ਸਿੰਘ ਬਾਹਰ ਆ ਜਾਂਦਾ ਹੈ ।

ਗੁਰਪੁਰਬਾਂ ਦੀ ਚੇਤਾਵਨੀ ਸੰਗਤ ਨੂੰ ਸੁਬ੍ਹਾ ਦੇ ਅਰਦਾਸੇ ਵਿੱਚ ਹੀ ਦੇ ਦਿੱਤੀ ਜਾਂਦੀ ਹੈ ਤੇ ਦਿਨੇ ਬਾਰ੍ਹਾਂ ਵਜੇ ਗੁਰਪੁਰਬ ਦਾ ਨਾਮ ਲੈ ਕੇ ਗੁਰਪੁਰਬ ਮਨਾਉਣ ਦਾ ਅਰਦਾਸਾ ਵੀ ਵਿੱਚੇ ਹੀ ਕਰ ਦਿੱਤਾ ਜਾਂਦਾ ਹੈ ।

*(ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਦਾ ਪੰਨਾ ੩੧, ੩੨)* ।

ਇਨ੍ਹਾਂ ਰੋਜ਼ਾਨਾ ਦੇ ਛੇ ਅਰਦਾਸਿਆਂ ਤੋਂ ਇਲਾਵਾ ਦੋ ਸਪੈਸ਼ਲ ਅਰਦਾਸੇ ਵੀ ਹੁੰਦੇ ਹਨ । ਜਿਵੇਂ ਕਿ--

੧-- ਨਵੇਂ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੀ ਗੱਦੀ ਨਸ਼ੀਨੀ ਸਮੇਂ ।

੨-- ਬਸੰਤ ਰਾਗ ਦੇ ਆਰੰਭ ਸਮੇਂ ਲੋਹੜੀ ਦੀ ਰਾਤ ਨੂੰ ਨੌਂ ਵਜੇ ।

**ਕੜਾਹ ਪ੍ਰਸ਼ਾਦ**– ਪੁਜਾਰੀਆਂ ਦੇ ਸਮੇਂ ਤੇ ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਵੀ ਕਾਫੀ ਸਮਾਂ ਕੜਾਹ ਪ੍ਰਸ਼ਾਦ ਹਲਵਾਈਆਂ ਦੀਆਂ ਦੁਕਾਨਾਂ ਤੋਂ ਹੀ ਮਿਲਦਾ ਸੀ । ਹਲਵਾਈਆਂ ਨੂੰ ਪ੍ਰਬੰਧਕਾਂ ਵੱਲੋਂ ਹਦਾਇਤਾਂ ਕੀਤੀਆਂ ਜਾਂਦੀਆਂ ਸਨ । ਜਿਸ ਹਲਵਾਈ ਦਾ ਕੜਾਹ ਪ੍ਰਸ਼ਾਦ ਹਦਾਇਤਾਂ ਅਨੁਸਾਰ ਠੀਕ ਵਿਧੀ ਸਹਿਤ ਤਿਆਰ ਕੀਤਾ ਨਾ ਹੁੰਦਾ ਉਸ ਨੂੰ ਜੁਰਮਾਨਾ ਕੀਤਾ ਜਾਂਦਾ ਤੇ ਉਹ ਪ੍ਰਸ਼ਾਦ ਚੜ੍ਹਨ ਤੋਂ ਬੰਦ ਕੀਤਾ ਜਾਂਦਾ ਸੀ, ਜੇ ਕੋਈ ਜੁਰਮਾਨਾ ਨਾ ਦੇਵੇ ਤਾਂ ਉਸ ਦੀ ਦੁਕਾਨ 'ਤੇ ਪਹਿਰਾ ਲਾ ਕੇ ਪ੍ਰਸ਼ਾਦ ਵਿਕਣਾ ਬੰਦ ਕੀਤਾ ਜਾਂਦਾ ਸੀ, ਪਰ ਜੇ ਕੋਈ ਪ੍ਰੇਮੀ ਘਰੋਂ ਤਿਆਰ ਕਰ ਕੇ ਲਿਆਵੇ, ਤਾਂ ਉਸ 'ਤੇ ਇਤਰਾਜ਼ ਨਹੀਂ ਕੀਤਾ ਜਾਂਦਾ ਸੀ । ਹੁਣ ਸ਼੍ਰੋਮਣੀ ਕਮੇਟੀ ਵੱਲੋਂ ਕੜਾਹ ਪ੍ਰਸ਼ਾਦ ਬਣਾਉਣ ਦਾ ਆਪਣਾ ਪ੍ਰਬੰਧ ਹੈ । ਹਲਵਾਈਆਂ ਦਾ ਬਣਾਇਆ ਪ੍ਰਸ਼ਾਦ ਪ੍ਰਵਾਨ ਨਹੀਂ ਕੀਤਾ ਜਾਂਦਾ । ਕੋਈ ਪ੍ਰੇਮੀ ਆਪਣੇ ਹੱਥੀਂ ਘਰੋਂ ਬਣਾ ਕੇ ਲੈ ਆਵੇ ਤਾਂ ਪ੍ਰਵਾਨ ਕਰ ਲਿਆ ਜਾਂਦਾ ਹੈ । ਸਵੇਰੇ ਅਨੰਦ ਸਾਹਿਬ ਉਪ੍ਰੰਤ ਹੋਈ ਕੜਾਹ ਪ੍ਰਸ਼ਾਦ ਦੀ ਅਰਦਾਸ ਉਪ੍ਰੰਤ ਅਤੇ ਬਾਰ੍ਹਾਂ ਵਜੇ ਦੀ ਅਰਦਾਸ ਬਾਅਦ' ਬੈਠੀ ਸੰਗਤ ਵਿੱਚ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ । ਬਾਕੀ ਸਾਰਾ ਸਮਾਂ ਕਿਵਾੜ ਖੁਲ੍ਹਣ ਤੋਂ ਕਿਵਾੜ ਬੰਦ ਹੋਣ ਤੱਕ ਜੋ ਪ੍ਰੇਮੀ ਪ੍ਰਸ਼ਾਦ ਲੈ ਕੇ ਆਉਂਦਾ, ਉਸ ਤੋਂ ਪ੍ਰਸ਼ਾਦ ਲੈ ਕੇ ਕ੍ਰਿਪਾਨ ਭੇਟ ਕਰ ਕੇ ਕੁਝ ਪ੍ਰਸ਼ਾਦ ਉਸ ਪ੍ਰੇਮੀ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ ਤੇ ਬਾਕੀ ਸਾਹਮਣਿਓਂ ਮੱਥਾ ਟੇਕਣ ਵਾਲੀ ਸੰਗਤ ਨੂੰ ਵਰਤਾ ਦਿੱਤਾ ਜਾਂਦਾ ਭਾਵ 'ਜਦੋਂ ਕੋਈ ਪ੍ਰੇਮੀ ਆ ਕੇ, ਸਾਹਮਣਿਓਂ ਮੱਥਾ ਟੇਕਦਾ ਉਦੋਂ ਹੀ ਉਸ ਨੂੰ ਕੜਾਹ ਪ੍ਰਸ਼ਾਦ ਦਿੱਤਾ ਜਾਂਦਾ ਸੀ । ਇਹ ਰਿਵਾਇਤ ੧੯੫੮ ਈ: ਤੋਂ ਬਾਅਦ ਵੀ ਕਈ ਵਰ੍ਹੇ ਚਲਦੀ ਰਹੀ ਫਿਰ ਸੰਗਤ ਦੇ ਵਧ ਜਾਣ ਨਾਲ ਸਾਹਮਣਿਓਂ ਕੜਾਹ ਪ੍ਰਸ਼ਾਦ ਲੈ ਲਿਆ ਜਾਂਦਾ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਉਤਰੀ ਦਰਵਾਜ਼ੇ ਤੋਂ ਬਾਹਰ ਅੰਦਰਲੀ ਛੋਟੀ ਪ੍ਰਕਰਮਾਂ ਵਿੱਚ ਪ੍ਰੇਮੀਆਂ ਨੂੰ ਵਰਤਾਇਆ ਜਾਂਦਾ । ਫਿਰ ਸ਼ਿਕਾਇਤ ਹੋਣ ਤੇ ਕਿ ਗਰਮ ਪ੍ਰਸ਼ਾਦ ਛਕ ਕੇ ਬਾਅਦ 'ਚ ਹਰਿ ਕੀ ਪਉੜੀ ਤੋਂ ਠੰਡੇ ਅੰਮ੍ਰਿਤ ਦਾ ਚੁਲ੍ਹਾ ਲੈਣ ਨਾਲ ਸੰਗਤ ਦੇ ਗਲੇ ਖਰਾਬ ਹੁੰਦੇ ਹਨ, ਤਾਂ ਦੱਖਣੀ ਦਰਵਾਜ਼ੇ ਦੇ ਬਾਹਰ ਸਟੂਲ ਉੱਪਰ ਰੱਖ ਕੇ ਪ੍ਰਸ਼ਾਦ ਵਰਤਾਇਆ ਜਾਣ ਲੱਗਾ । ਸੰਗਤਾਂ ਦੇ ਹੋਰ ਵਧ ਜਾਣ ਕਾਰਨ ਸਾਹਮਣੇ ਮੱਥਾ ਟੇਕਣ ਵਾਲਿਆਂ ਅਤੇ ਕੜਾਹ ਪ੍ਰਸ਼ਾਦ ਭੇਟ ਕਰਨ ਵਾਲਿਆਂ ਵਿੱਚ ਰੌਲਾ ਪੈਣ 'ਤੇ ਕੜਾਹ ਪ੍ਰਸ਼ਾਦ ਸਾਹਮਣੇ ਬੂਹੇ 'ਚ ਵੜਦਿਆਂ ਹੀ ਸੱਜੇ ਹੱਥ ਜੰਗਲੇ ਦੇ ਅੰਦਰਵਾਰ ਉਚੇ ਸਟੂਲ 'ਤੇ ਰੱਖ ਕੇ ਸੇਵਾਦਾਰ ਖੜ੍ਹੇ ਹੋ ਕੇ ਪ੍ਰਸ਼ਾਦ ਫੜਦੇ ਹਨ । ਜਿਸ ਨਾਲ ਮੱਥਾ ਟੇਕਣ ਵਾਲੇ ਆਰਾਮ ਨਾਲ ਮੱਥਾ ਟੇਕ ਲੈਂਦੇ ਹਨ ਤੇ ਕੜਾਹ ਪ੍ਰਸ਼ਾਦ ਬਾਹਰ ਲੈ ਜਾ ਕੇ ਵਰਤਾਇਆ ਜਾਂਦਾ ਹੈ ।

ਪਹਿਲਾਂ ਇਹ ਰਿਵਾਜ ਸੀ ਕਿ ਕਿਸੇ ਸਮੇਂ ਸੰਗਤ ਵੱਲੋਂ ਕੜਾਹ ਪ੍ਰਸ਼ਾਦ ਚੜ੍ਹਤ ਵਿੱਚ ਨਾ ਆਵੇ ਤਾਂ ਉਨਾਂ ਸਮਾਂ ਪਤਾਸਿਆਂ ਦਾ ਪ੍ਰਸ਼ਾਦ ਵਰਤਦਾ ਰਹਿੰਦਾ ਸੀ, ਪਰ ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਸ ਸਮੇਂ ਪਤਾਸਿਆਂ ਦੀ ਬਜਾਏ ਕੜਾਹ ਪ੍ਰਸ਼ਾਦ ਹੀ ਵਰਤਾਇਆ ਜਾਵੇ ਤੇ ਇਸ ਕੜਾਹ ਪ੍ਰਸ਼ਾਦ ਦਾ ਖਰਚ ਦਰਬਾਰ ਸਾਹਿਬ ਦੇ ਖਜ਼ਾਨੇ 'ਚੋਂ ਕੀਤਾ ਜਾਵੇ। ਹੁਣ ਕਿਵਾੜ ਖੁੱਲ੍ਹਣ ਤੋਂ ਕਿਵਾੜ ਬੰਦ ਹੋਣ ਤੱਕ ਹਰ ਵਕਤ ਕੜਾਹ ਪ੍ਰਸ਼ਾਦ ਹੀ ਵਰਤਦਾ ਹੈ।

ਕੁਝ ਵਿਅਕਤੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੰਮ੍ਰਿਤ ਵੇਲੇ ਦੀ ਪਹਿਲੀ ਅਰਦਾਸ ਸਮੇਂ ਕੜਾਹ ਪ੍ਰਸ਼ਾਦ ਭੇਟਾ ਕਰਨ ਦੀ ਅਰਦਾਸ ਹੁੰਦੀ ਹੈ। ਇਨ੍ਹਾਂ ਵਿੱਚ ਪ੍ਰੇਮੀ ਸੱਜਣਾਂ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ, ਪਟਿਆਲਾ, ਨਾਭਾ, ਜੀਂਦ, ਕਪੂਰਥਲਾ ਤੇ ਫਰੀਦਕੋਟ ਦੇ ਮਹਾਰਾਜੇ ਵੀ ਸ਼ਾਮਲ ਸਨ। ਪਰ ਹੁਣ ਅਰਦਾਸ 'ਚ ਨਾਮ ਲੈਣੇ ਬੰਦ ਕਰ ਦਿੱਤੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆ ਜਾਣ ਤੇ ਕੁਝ ਮਾਇਆਧਾਰੀ ਦਾਨੀ ਸੱਜਣਾਂ ਨੇ ਕਮੇਟੀ ਰਾਹੀਂ ਇਤਨੀ ਮਾਇਆ ਬੈਂਕਾਂ ਵਿੱਚ ਜਮ੍ਹਾਂ ਕਰਵਾ ਦਿੱਤੀ ਹੈ, ਜਿਸ ਦੇ ਵਿਆਜ਼ ਨਾਲ ਹੀ ਹਰ ਰੋਜ਼ ਉਨ੍ਹਾਂ ਵੱਲੋਂ ਕੜਾਹ ਪ੍ਰਸ਼ਾਦ ਸ੍ਰੀ ਹਰਿਮੰਦਰ ਸਾਹਿਬ ਪਹੁੰਚਦਾ ਹੈ ਤੇ ਉਨ੍ਹਾਂ ਦੇ ਨਾਮ ਦੀ ਅਰਦਾਸ ਕਰ ਦਿੱਤੀ ਜਾਂਦੀ ਹੈ।

*(ਕੁਝ ਅਜੇਹੇ ਸੱਜਣਾਂ ਦੇ ਨਾਮ ਬਾਰੇ ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਪੰਨਾ ੩੦-੩੧)*

ਕੁਝ ਸੱਜਣ ਇਕ ਮਹੀਨਾ, ਦੋ ਮਹੀਨੇ ਜਾਂ ਗਿਣਤੀ ਦੇ ਦਿਨਾਂ ਲਈ ਕੜਾਹ ਪ੍ਰਸ਼ਾਦ ਦੀ ਮਾਇਆ ਭੇਜ ਦਿੰਦੇ ਹਨ ਓਨੇ ਦਿਨ ਉਨ੍ਹਾਂ ਦੀ ਅਰਦਾਸ ਹੁੰਦੀ ਰਹਿੰਦੀ ਹੈ। ਕਈ ਸੱਜਣਾਂ ਨੇ ਮੱਸਿਆ, ਪੁੰਨਿਆਂ ਜਾਂ ਸੰਗਰਾਂਦ ਨੂੰ ਕੜਾਹ ਪ੍ਰਸ਼ਾਦ ਲਈ ਮਾਇਆ ਭੇਜੀ ਹੁੰਦੀ ਹੈ ਉਨ੍ਹਾਂ ਦੀ ਭਾਵਨਾ ਅਨੁਸਾਰ ਉਨ੍ਹਾਂ ਦਿਨਾਂ 'ਚ ਉਨ੍ਹਾਂ ਦੀ ਅਰਦਾਸ ਹੋ ਜਾਂਦੀ ਹੈ।

## ਸਫਾਈ ਤੇ ਇਸ਼ਨਾਨ ਦੀ ਸੇਵਾ

**ਸਫਾਈ–** ਮੌਸਮ ਅਨੁਸਾਰ ਸਮਾਪਤੀ ਉਪ੍ਰੰਤ ਰਾਤ ਨੂੰ ੧੦ ਜਾਂ ੧੧ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਚਲੀ ਜਾਂਦੀ ਹੈ ਤਾਂ ਦਰਸ਼ਨੀ ਡਿਉਢੀ ਦੇ ਕਿਵਾੜ ਬੰਦ ਹੋ ਜਾਂਦੇ ਹਨ। ਦੋਨੋਂ ਫਰਾਸ਼ ਤੇ ਕੁਝ ਸਫਾਈ ਦੀ ਸੇਵਾ ਕਰਨ ਵਾਲੇ ਪ੍ਰੇਮੀ ਸੱਜਣ ਜਿਨ੍ਹਾਂ ਕੋਲ ਸੇਵਾ ਦੇ ਪਾਸ ਹੁੰਦੇ ਹਨ, ਅੰਦਰ ਰਹਿ ਜਾਂਦੇ ਹਨ, ਬਾਕੀ ਸਾਰੀ ਸੰਗਤ ਬਾਹਰ ਆ ਜਾਂਦੀ ਹੈ। ਫਰਾਸ਼ਾਂ ਦੀ ਨਿਗਰਾਨੀ ਵਿੱਚ ਪ੍ਰੇਮੀ ਸੱਜਣ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦੀ ਵਿਛਾਈ ਦੀਆਂ ਚਾਦਰਾਂ, ਦਰੀਆਂ ਤੇ ਗਲੀਚੇ ਚੁੱਕ ਕੇ ਝਾੜ-ਝਾੜ ਕੇ ਤਹਿਆਂ ਲਾ ਕੇ ਇਕ ਪਾਸੇ ਰੱਖ ਦੇਂਦੇ ਹਨ। ਹਫਤੇ ਬਾਅਦ ਵੱਡੀ ਚਾਨਣੀ ਉਤਾਰ ਕੇ, ਝਾੜ ਕੇ, ਤਹਿ ਕਰ ਕੇ ਫਰਾਸ਼ ਖਾਨੇ ਭੇਜ ਦਿੱਤੀ ਜਾਂਦੀ ਹੈ ਤੇ ਦੂਜੀ ਸਾਫ ਸੁਥਰੀ ਚਾਨਣੀ ਝਾੜ ਸਵਾਰ ਕੇ ਲਗਾ ਦਿੱਤੀ ਜਾਂਦੀ ਹੈ। ਇਸ ਚਾਨਣੀ ਦੇ ਸਾਹਮਣੇ ੧੧ ਸੋਨੇ ਦੇ ਛੱਬੇ ਲਟਕਾਏ ਜਾਂਦੇ ਹਨ। ਇਕ ਛੱਬਾ ਚਾਨਣੀ ਦੇ ਵਿਚਕਾਰ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਲਟਕਦਾ ਰਹਿੰਦਾ ਹੈ। ਇਨ੍ਹਾਂ 'ਚੋਂ ਸਾਹਮਣੇ ਦੇ ਛੱਬਿਆਂ ਵਿਚਕਾਰਲਾ ਛੱਬਾ ਵਜ਼ਨੀ ਤੇ ਜ਼ਿਆਦਾ ਕੀਮਤੀ ਹੁੰਦਾ ਹੈ। ਬਾਕੀ ਛੱਬੇ ਵੀ ਨਰੋਲ ਸੋਨੇ ਦੇ ਹੀ ਹੁੰਦੇ ਹਨ, ਜੋ ਹਰ ਸਮੇਂ ਲਟਕਦੇ ਰਹਿੰਦੇ ਹਨ। ਚਾਨਣੀ ੧੨x੧੨ ਫੁੱਟ ਹੁੰਦੀ ਹੈ। ਫੁੱਲਾਂ ਦੀਆਂ ਚਾਨਣੀਆਂ ਹਰ ਰੋਜ਼ ਲਾਹ ਦਿੱਤੀਆਂ

ਜਾਂਦੀਆਂ ਹਨ ਤੇ ਨਵੀਆਂ ਲਾ ਦਿੱਤੀਆਂ ਜਾਂਦੀਆਂ ਹਨ। ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਪੜੇ ਨਾਲ ਫਰਸ਼ ਦੀ ਚੰਗੀ ਤਰ੍ਹਾਂ ਪ੍ਰੇਮ ਨਾਲ ਸਹਿਜੇ-ਸਹਿਜੇ ਸਫਾਈ ਕੀਤੀ ਜਾਂਦੀ ਹੈ। ਨਾਲ-ਨਾਲ ਪ੍ਰੇਮੀ ਸੱਜਣ ਗੁਰਬਾਣੀ ਦੇ ਸ਼ਬਦ ਮਸਤੀ ਵਿੱਚ ਪੜ੍ਹਦੇ ਰਹਿੰਦੇ ਹਨ। ਇਸ ਸੇਵਾ ਨੂੰ ਪ੍ਰੇਮੀ ਸੱਜਣ ਬਹੁਤ ਸ਼ਰਧਾ, ਪਿਆਰ ਤੇ ਸਿਦਕ ਨਾਲ ਕਰਦੇ ਹਨ ਤੇ ਆਪਣੇ ਆਪ ਨੂੰ ਵਡ-ਭਾਗੇ ਸਮਝਦੇ ਹਨ। ੧੨ ਕੁ ਵਜੇ ਇਹ ਸੇਵਾ ਪੂਰੀ ਹੋ ਜਾਣ 'ਤੇ ਬਰਫੀ ਦਾ ਪ੍ਰਸ਼ਾਦ ਰੱਖ ਕੇ ਫਰਾਸ਼ ਸਫਾਈ ਦੀ ਸੇਵਾ ਦੀ ਸਮਾਪਤੀ ਦੀ ਅਰਦਾਸ ਕਰਦਾ ਹੈ। ਪ੍ਰਸ਼ਾਦ ਲੈ ਕੇ ਸਾਰੇ ਪ੍ਰੇਮੀ ਬਾਹਰ ਆ ਜਾਂਦੇ ਹਨ। ਫਰਾਸ਼, ਨਿਗਰਾਨੀ ਤੇ ਅਗਲੀ ਸੇਵਾ ਦੀ ਤਿਆਰੀ ਵਾਸਤੇ ਅੰਦਰ ਰਹਿੰਦੇ ਹਨ, ਉਪ੍ਰੰਤ ਚੋਬਦਾਰ ਪੁਲ ਉੱਪਰ ਡਿਊਟੀ ਵਾਲੇ ਸੇਵਾਦਾਰ ਨੂੰ ਆਪਣੀ ਡਿਊਟੀ ਤੇ ਖੜ੍ਹਾ ਕਰ ਕੇ ਅੰਦਰ ਪੜਤਾਲ ਕਰਨ ਜਾਂਦਾ ਹੈ ਜੋ ਫਰਾਸ਼ਾਂ ਅਤੇ ਅਖੰਡ ਪਾਠੀਆਂ ਤੋਂ ਬਿਨਾਂ ਜੇ ਕੋਈ ਸੱਜਣ ਅੰਦਰ ਹੋਵੇ ਤਾਂ, ਉਸ ਨੂੰ ਬਾਹਰ ਲੈਂ ਆਉਂਦਾ ਹੈ।

**ਇਸ਼ਨਾਨ-** ਦੂਜਾ-ਜਥਾ-ਇਸ਼ਨਾਨ, ਤਕਰੀਬਨ ਸਾਡੇ ਬਾਰ੍ਹਾਂ ਜਾਂ ਇਕ ਵਜੇ ਚੋਬਦਾਰ ਨੂੰ ਆਪਣੇ ਪਾਸ ਵਿਖਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਉਂਦਾ ਹੈ। ਫਰਾਸ਼, ਇਸ਼ਨਾਨ ਦੇ ਆਰੰਭ ਦੀ ਅਰਦਾਸ ਕਰਦਾ ਹੈ, ਫਿਰ ਪ੍ਰੇਮੀ ਹਰਿ ਕੀ ਪਉੜੀ ਤੋਂ ਬਾਲਟੀਆਂ ਭਰ ਕੇ ਅੰਮ੍ਰਿਤ ਜਲ ਅੰਦਰ ਲੈ ਆਉਂਦੇ ਹਨ। ਪਹਿਲਾਂ ਜੰਗਲੇ ਦੇ ਅੰਦਰਲੇ ਹਿੱਸੇ ਨੂੰ ਦੁੱਧ ਨਾਲ ਇਸ਼ਨਾਨ ਕਰਾ ਕੇ ਉੱਪਰੋਂ ਅੰਮ੍ਰਿਤ ਜਲ ਨਾਲ ਇਸ਼ਨਾਨ ਕਰਾਉਂਦੇ ਹਨ, ਫਿਰ ਹਰਿਮੰਦਰ ਸਾਹਿਬ ਦੇ ਅੰਦਰਲੇ ਬਾਕੀ ਹਿੱਸੇ ਦਾ ਇਸ਼ਨਾਨ ਕਰਾਇਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਪਾਸੇ ਦੀਆਂ ਸੰਗਮਰਮਰ ਦੀਆਂ ਕੰਧਾਂ ਦੀ ਸਫਾਈ ਗਿੱਲੇ ਤੌਲੀਏ ਨਾਲ ਕਰਦੇ ਹਨ। ਬਾਅਦ 'ਚ ਬਾਹਰਲੀ ਛੋਟੀ ਪ੍ਰਕਰਮਾਂ ਤੇ ਪੁਲ ਦਾ ਇਸ਼ਨਾਨ ਕਰਾ ਦਿੱਤਾ ਜਾਂਦਾ ਹੈ ਉਪ੍ਰੰਤ ਸੁੱਕੇ ਤੌਲੀਆਂ ਨਾਲ ਅੰਦਰੋਂ ਬਾਹਰੋਂ ਫਰਸ਼ ਖੁਸ਼ਕ ਕੀਤੇ ਜਾਂਦੇ ਹਨ। ਯਾਦ ਰਹੇ ਕਿ ਪ੍ਰਕਾਸ਼ ਅਸਥਾਨ ਲਈ ਤੌਲੀਏ ਵੱਖਰੇ ਤੇ ਬਾਕੀ ਹਿੱਸੇ ਲਈ ਵੱਖਰੇ ਤੇ ਪ੍ਰਕਰਮਾਂ ਲਈ ਵੱਖਰੇ ਤੌਲੀਏ ਵਰਤੇ ਜਾਂਦੇ ਹਨ।

**ਵਿਛਾਈ**--ਜੰਗਲੇ ਤੋਂ ਬਾਹਰਲੀ ਥਾਵਾਂ ਤੇ ਗਲੀਚੇ ਵਿਛਾ ਕੇ ਉੱਪਰ ਚਿੱਟੀਆਂ ਧੋਤੀਆਂ ਹੋਈਆਂ ਚਾਦਰਾਂ ਵਿਛਾ ਦਿੱਤੀਆਂ ਜਾਂਦੀਆਂ ਹਨ। ਜੰਗਲੇ ਦੇ ਅੰਦਰ ਪ੍ਰਕਾਸ਼ ਅਸਥਾਨ ਵਾਲੇ ਥਾਂ ਸਭ ਤੋਂ ਹੇਠਾਂ ਵੱਡਾ ਗਲੀਚਾ, ਉਸ ਉੱਪਰ ਓਡੀ ਵੱਡੀ ਦਸੂਤੀ ਦੀ ਚਾਦਰ, ਉੱਪਰ ਸਿੰਘਾਸਨ ਵਾਲੀ ਥਾਂ 'ਤੇ ਛੋਟਾ ਗਲੀਚਾ, ਉੱਪਰ ਰੇਸ਼ਮੀ ਚੱਦਰ, ਉਸ ਤੋਂ ਉੱਪਰ ਮਖਮਲ ਦੇ ਤਿੱਲੇ ਤੇ ਸਿਲਮੇ ਦੀ ਕਢਾਈ ਵਾਲੀ ਮਸਨਦ, ਜਿਸ ਦਾ ਪਿਛਲਾ ਹਿੱਸਾ ਮੰਜੀ ਸਾਹਿਬ ਦੇ ਦੋਹਾਂ ਅਗਲਿਆਂ ਪਾਵਿਆਂ ਦੇ ਹੇਠ ਹੁੰਦਾ ਹੈ ਤੇ ਬਾਕੀ ਅੱਗੇ ਨੂੰ ਵਧਵੀਂ ਹੁੰਦੀ ਹੈ। ਉਸ ਉੱਪਰ ਫੁੱਲਾਂ ਵਾਲੀ ਰੇਸ਼ਮੀ ਚੱਦਰ ਜਿਸ ਨਾਲ ਇਕ ਸੂਤਰੀ ਚਾਦਰ ਜੋੜੀ ਹੁੰਦੀ ਹੈ ਵਿਛਾਈ ਜਾਂਦੀ ਹੈ, ਜੋ ਮਸਨਦ ਦੇ ਅੱਧ ਤੱਕ ਹੁੰਦੀ ਹੈ। ਇਸ ਸਾਰੀ ਵਿਛਾਈ ਦੇ ਉੱਪਰ ਤੇ ਮੰਜੀ ਸਾਹਿਬ ਦੇ ਹੇਠ ਰੇਸ਼ਮੀ ਦੋਹਰੀ ਚਾਦਰ ਵਿਛਾਈ ਜਾਂਦੀ ਹੈ, ਇਸ ਦੇ ਉੱਪਰ ਖੱਬੇ ਤੇ ਸੱਜੇ ਹੱਥ ਸਿਹਰੇ ਰੱਖਣ ਲਈ ਰੰਗੀਨ ਪਲਾਸਟਿਕ ਦੇ ਦੋ ਮੋਮਜਾਮੇ। ਉਨ੍ਹਾਂ ਉੱਪਰ, ਸੁਨਹਿਰੀ ਪਾਵਿਆਂ ਵਾਲਾ ਰੇਸ਼ਮੀ ਨਿਵਾਰ ਨਾਲ ਉਣਿਆ ਖੁੱਲ੍ਹਾ ਮੰਜੀ ਸਾਹਿਬ। ਮੰਜੀ ਸਾਹਿਬ ਉੱਪਰ ਗੱਦਾ, ਗੱਦੇ ਉੱਪਰ ਟੈਰੀਕਾਟ ਦੀ ਦੋਹਰੀ ਚੱਦਰ ਸਜਾ ਕੇ ਚਹੁੰ ਪਾਵਿਆਂ ਤੇ ਡੋਰੀਆਂ (ਸੇਜ-ਬੰਦਾ) ਨਾਲ ਕਸ ਕੇ ਬੰਨ੍ਹ ਦੇਂਦੇ ਹਨ ਜੋ ਡੋਰੀਆਂ ਗੁੰਦਵੇਂ ਰੇਸ਼ਮੀ ਧਾਗਿਆਂ ਦੀਆਂ ਬਣੀਆਂ ਹੁੰਦੀਆਂ ਹਨ।

ਹਰ ਡੋਰੀ ਦੇ ਸਿਰਿਆਂ 'ਤੇ ਹਰ ਪਾਵੇ ਨਾਲ ਦੋ ਦੋ ਸੁਨਹਿਰੀ ਡੋਡੀਆਂ ਹੁੰਦੀਆਂ ਹਨ।

ਮੰਜੀ ਸਾਹਿਬ ਦੇ ਪਿਛਲੇ ਪਾਸੇ ਥੋੜ੍ਹਾ ਚੌੜਾ ਤੇ ਲੰਬਾ ਗਲੀਚਾ ਵਿਛਾ ਕੇ ਉਸ ਉੱਪਰ ਚਿੱਟੀ ਚੱਦਰ ਵਿਛਾ ਕੇ ਚੁਫੇਰਿਓਂ ਹੇਠ ਦੇ ਦਿੱਤੀ ਜਾਂਦੀ ਹੈ, ਉਸ ਦੇ ਵਿਚਕਾਰ ਚੌਰਸ ਛੋਟਾ ਗਲੀਚਾ ਚੱਦਰ ਸਮੇਤ ਗ੍ਰੰਥੀ ਸਿੰਘ ਲਈ ਗੱਦੀ ਰੱਖ ਦਿੱਤੀ ਜਾਂਦੀ ਹੈ। ਗ੍ਰੰਥੀ ਸਿੰਘ ਦੇ ਖੱਬੇ ਹੱਥ ਚੌਰ ਬਰਦਾਰ ਬੈਠਦਾ ਹੈ ਤੇ ਸੱਜੇ ਹੱਥ ਵੀ ਚੌਰ ਬਰਦਾਰ ਬੈਠ ਸਕਦਾ ਹੈ, ਕਿਉਂਕਿ ਗੁਰਪੁਰਬਾਂ ਤੇ ਖਾਸ ਵੱਡੇ ਮੇਲਿਆਂ ਸਮੇਂ ਗ੍ਰੰਥੀ ਸਿੰਘ ਦੇ ਸੱਜੇ-ਖੱਬੇ ਦੋਹੀਂ ਪਾਸੀਂ ਦੋ ਚੌਰ ਬਰਦਾਰ ਬੈਠ ਕੇ ਪ੍ਰੇਮੀ ਯਾਤਰੂਆਂ ਪਾਸੋਂ ਫੁੱਲ ਤੇ ਸੇਹਰੇ ਫੜਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਚੜ੍ਹਾਉਂਦੇ ਤੇ ਉੱਪਰੋਂ ਸੇਹਰੇ ਉਤਾਰ ਕੇ ਪ੍ਰਸ਼ਾਦ ਵੱਜੋਂ ਵਾਪਸ ਦੇਂਦੇ ਹਨ।

ਯਾਦ ਰਹੇ ਕਿ ਮੰਜੀ ਸਾਹਿਬ ਦੀ ਹੇਠਲੀ ਵਿਛਾਈ ਚੰਗੀ, ਸਵੱਛ, ਉੱਚੀ ਤੇ ਬਾਕੀ ਵਿਛਾਈ ਤੋਂ ਵੱਖਰੀ ਹੁੰਦੀ। ਜਦ ਕਿ ਚੌਰ ਬਰਾਦਾਰਾਂ ਦੇ ਬੈਠਣ ਦੀ ਵਿਛਾਈ ਉਸ ਤੋਂ ਵੱਖਰੀ ਹਲਕੀ ਤੇ ਨੀਵੀਂ ਹੁੰਦੀ ਹੈ। ਛੋਟੇ ਸੁਨਹਿਰੀ ਜੰਗਲੇ ਦੇ ਅੰਦਰ ਦੀ ਵਿਛਾਈ ਤੋਂ ਅਗਲੇ ਪਾਸੇ ਪਿੱਤਲ ਦੇ ਵੱਡੇ ਜੰਗਲੇ ਦੇ ਅੰਦਰ ਵਾਰ ਲੰਬੇ ਤੇ ਥੋੜ੍ਹੇ ਚੌੜੇ ਗਲੀਚੇ ਉੱਪਰ ਚਿੱਟੀ ਚਾਦਰ ਵਿਛਾਈ ਹੁੰਦੀ ਹੈ। ਇਹ ਵਿਛਾਈ ਅਰਦਾਸੀਏ ਸਿੰਘਾਂ ਤੇ ਸੇਵਾਦਾਰਾਂ ਦੇ ਬੈਠਣ ਲਈ ਹੁੰਦੀ ਹੈ, ਜੋ ਪ੍ਰਕਾਸ਼ ਅਸਥਾਨ ਦੀ ਵਿਛਾਈ ਤੋਂ ਵੱਖਰੀ ਹੁੰਦੀ ਹੈ। ਪ੍ਰਕਾਸ਼ ਅਸਥਾਨ ਦੀ ਵਿਛਾਈ ਮਸਨਦ ਤੱਕ ਹੁੰਦੀ ਹੈ। ਉਸ ਤੋਂ ਅੱਗੇ ਤੇ ਅਰਦਾਸੀਆਂ ਦੀ ਵਿਛਾਈ ਦੇ ਦਰਮਿਆਨ ਇਕ ਚਿੱਟੀ ਚਾਦਰ ਵਿਛਾਈ ਜਾਂਦੀ ਹੈ ਜਿਸ ਨੂੰ ਖ਼ਜ਼ਾਨੇ ਵਾਲੀ ਚਾਦਰ ਕਹਿੰਦੇ ਹਨ। ਕਿਉਂਕਿ ਪ੍ਰੇਮੀਆਂ ਵੱਲੋਂ ਭੇਟਾ ਕੀਤੀ ਮਾਇਆ ਇਸ ਚਾਦਰ ਉੱਪਰ ਹੀ ਰਹਿੰਦੀ ਹੈ। ਇਸ ਤੋਂ ਇਲਾਵਾ ਉੱਤਰੀ ਦਰਵਾਜ਼ੇ ਵੱਲ ਰਾਗੀ ਸਿੰਘਾਂ ਦੇ ਹੇਠ ਇਕ ਗਲੀਚਾ ਤੇ ਉਸ ਉੱਪਰ ਚਿੱਟੀ ਚਾਦਰ ਵਿਛੀ ਹੁੰਦੀ ਹੈ, ਇਸੇ ਤਰ੍ਹਾਂ ਦੱਖਣੀ ਦਰਵਾਜ਼ੇ ਵੱਲ ਵੀ ਇਕ ਗਲੀਚਾ ਤੇ ਚੱਦਰ ਸੰਗਤ ਦੇ ਬੈਠਣ ਲਈ ਵਿਛਾਈ ਜਾਂਦੀ ਹੈ। ਜਦ ਇਹ ਵਿਛਾਈ ਪੂਰੀ ਹੋ ਜਾਂਦੀ ਹੈ ਤਾਂ ਕਿਵਾੜ ਖੁਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਬਾਬਾ ਸ਼ਾਮ ਸਿੰਘ ਦੇ ਡੇਰੇ ਆਟਾ ਮੰਡੀ ਤੋਂ ਦੇਸੀ ਘਿਉ ਦੀ ਕੜਾਹ ਪ੍ਰਸ਼ਾਦ ਦੀ ਦੇਗ ਆ ਜਾਂਦੀ ਹੈ। ਅੰਦਰਲੀ ਸਾਰੀ ਸੰਗਤ ਮਿਲ ਕੇ ਜੋਟੀਆਂ ਦੇ ਪ੍ਰੇਮ ਸਹਿਤ ਸ਼ਬਦ ਪੜ੍ਹਦੀ ਹੈ, ਉਪ੍ਰੰਤ ਫਰਾਸ਼ ਇਸ਼ਨਾਨ ਤੇ ਵਿਛਾਈ ਦੀ ਸੇਵਾ ਦੀ ਸੰਪੂਰਨਤਾ ਦੀ ਤੇ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਦਾ ਹੈ। ਬਾਅਦ ਵਿੱਚ ਸੇਵਾ ਕਰਨ ਵਾਲੇ ਸਾਰੇ ਸਿੰਘ ਸ਼ਬਦ ਪੜ੍ਹਦੇ ਹਨ ਤੇ ਕੜਾਹ ਪ੍ਰਸ਼ਾਦ ਵਰਤਦਾ ਹੈ। ਇੰਨੇ ਨੂੰ ਸਮੇਂ ਸਿਰ ਦਰਸ਼ਨੀ ਡਿਉਢੀ ਦੇ ਕਿਵਾੜ ਖੁਲ੍ਹਦੇ ਹਨ ਤੇ ਸੰਗਤ ਤੋਂ ਪਹਿਲਾਂ ਰਾਗੀ ਸਿੰਘ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਕੇ ਕੀਰਤਨ ਆਰੰਭ ਕਰ ਦੇਂਦੇ ਹਨ। ਬਾਅਦ ਵਿੱਚ ਦਰਸ਼ਨਾਂ ਨੂੰ ਤਰਸਦੀ ਸੰਗਤ ਅੰਦਰ ਆਉਂਦੀ ਹੈ। ਮੱਥਾ ਟੇਕ ਕੇ ਕੜਾਹ ਪ੍ਰਸ਼ਾਦ ਲੈ ਕੇ ਆਪਣੀ ਮਨ ਪਸੰਦ ਜਗ੍ਹਾ 'ਤੇ ਸਜ ਜਾਂਦੀ ਹੈ। ਤਿੰਨ ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੋ ਜਾਂਦਾ ਹੈ। ਜਿਸ ਦਾ ਸਮਾਂ ਇਕ ਘੰਟਾ ਹੁੰਦਾ ਹੈ। ਉਸ ਸਮੇਂ ਇਕ ਚੌਰ ਬਰਦਾਰ ਮੰਜੀ ਸਾਹਿਬ ਦੇ ਖੱਬੇ ਹੱਥ ਬੈਠ ਕੇ ਸੰਗਤਾਂ ਤੋਂ ਫੁੱਲ ਸੇਹਰੇ ਲੈਂਦਾ ਤੇ ਵਾਪਸ ਦੇਣ ਦੀ ਆਪਣੀ ਡਿਊਟੀ ਸ਼ੁਰੂ ਕਰ ਦੇਂਦਾ ਹੈ। ਸਾਹਮਣੇ ਡਿਊਟੀ 'ਤੇ ਬੈਠੇ ਸੇਵਾਦਾਰ ਪ੍ਰੇਮੀਆਂ ਵੱਲੋਂ ਆਏ ਕੜਾਹ ਪ੍ਰਸ਼ਾਦ ਨੂੰ ਕਿਰਪਾਨ ਭੇਟ ਕਰ ਕੇ ਪਰਾਤ ਵਿੱਚ ਪਾ ਲੈਂਦੇ ਹਨ, ਕੁਝ ਪ੍ਰਸ਼ਾਦ ਡੂੰਨੇ ਵਿੱਚ ਪਾ ਕੇ ਪ੍ਰੇਮੀ ਨੂੰ ਵਾਪਸ ਮੋੜ ਦੇਂਦੇ ਹਨ ਤਾਂ ਕਿ ਉਹ ਆਪਣੇ ਤੇ ਘਰ ਦੇ ਜੀਆਂ ਵਾਸਤੇ ਘਰ ਲੈ ਜਾ ਸਕੇ। ਜੰਗਲੇ ਦੇ ਅੰਦਰ ਸਾਹਮਣੇ ਪਾਸਿਓਂ ਸੱਜੇ ਹੱਥ

ਇਕ ਅਰਦਾਸੀਆ ਸਿੰਘ ਡਿਊਟੀ 'ਤੇ ਬੈਠਾ ਹੁੰਦਾ ਹੈ। ਜੋ ਮਾਇਆ ਗੋਲਕ ਵਿੱਚ ਪਾਉਂਦਾ ਤੇ ਪ੍ਰੇਮੀਆਂ ਨੂੰ ਸਿਰੋਪਾਉ ਤੇ ਕੂਜਾ ਮਿਸ਼ਰੀ ਜਾਂ ਪਤਾਸੇ ਪ੍ਰਸ਼ਾਦ ਵੱਜੋਂ ਦੇਂਦਾ ਹੈ ਤੇ ਅੰਦਰਲੇ ਸਾਰੇ ਪ੍ਰਬੰਧ ਉੱਪਰ ਨਿਗਾਹ ਰੱਖਦਾ ਹੈ।

ਸੁਬ੍ਹਾ ਦਿਨ ਦੇ ਅੱਠ ਵਜੇ ਸਿੰਘ ਸਾਹਿਬ ਦੀ ਗੱਦੀ ਤੇ ਹੇਠਲੀ ਵਿਛਾਈ ਚੁੱਕ ਕੇ ਝਾੜ ਕੇ ਫਿਰ ਵਿਛਾ ਦਿੱਤੀ ਜਾਂਦੀ ਹੈ। ਦਿਨ ਦੇ ਬਾਰ੍ਹਾਂ ਵਜੇ ਮਹਾਰਾਜ ਦੇ ਪ੍ਰਕਾਸ਼ ਵਾਲੀ ਵਿਛਾਈ ਤੋਂ ਬਿਨਾਂ ਖ਼ਜ਼ਾਨੇ ਦੀ ਚਾਦਰ ਤੇ ਜੰਗਲੇ ਦੇ ਅੰਦਰ ਦੀ ਹੋਰ ਸਾਰੀ ਵਿਛਾਈ ਝਾੜ ਕੇ ਤੇ ਸਫਾਈ ਕਰਕੇ ਫਿਰ ਵਿਛਾ ਦਿੱਤੀ ਜਾਂਦੀ ਹੈ।

ਜੇਕਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੋਈ ਨਿੱਕਾ ਬੱਚਾ ਪੇਸ਼ਾਬ ਜਾਂ ਮੈਲਾ ਕਰ ਦੇਵੇ ਤਾਂ ਸੇਵਾਦਾਰ ਜਾਂ ਸੇਵਾਦਾਰਨੀ ਵੱਲੋਂ ਉਸੇ ਵੇਲੇ ਖੂਹ ਦੇ ਪਾਣੀ ਨਾਲ ਸਾਫ ਕਰ ਕੇ ਉਸ ਜਗ੍ਹਾ ਉੱਪਰ ਕਿਉੜਾ ਜਾਂ ਗੁਲਾਬ ਛਿੜਕ ਦਿੱਤਾ ਜਾਂਦਾ ਹੈ।

**ਰੋਜ਼ਾਨਾ ਰੌਸ਼ਨੀ ਦਾ ਪ੍ਰਬੰਧ**– ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪੁਜਾਰੀਆਂ ਦੇ ਸਮੇਂ ਅੱਠੇ ਪਹਿਰ ਘਿਉ ਦੀ ਜੋਤਿ ਜਗਦੀ ਰਹਿੰਦੀ ਸੀ, ਪਰ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਇਹ ਜੋਤਿ ਰਹਰਾਸਿ ਦੇ ਪਾਠ ਤੋਂ ਪਹਿਲਾਂ ਜਗਾ ਦਿੱਤੀ ਜਾਂਦੀ ਹੈ ਅਤੇ ਸੁਬ੍ਹਾ ਆਸਾ ਜੀ ਦੀ ਵਾਰ ਦੇ ਭੋਗ ਉਪ੍ਰੰਤ ਠੰਡੀ ਕਰ ਦਿੱਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਜਗਣ ਤੋਂ ਪਹਿਲਾਂ ਅੱਠ ਪਹਿਰੀ ਘਿਉ ਦੀ ਜੋਤਿ ਤੋਂ ਇਲਾਵਾ ਸੁੱਚੀ ਮੋਮ ਦੀਆਂ ਬੱਤੀਆਂ ਵੀ ਜਗਦੀਆਂ ਰਹਿੰਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਲੈਣ ਸਮੇਂ ਦੋ ਸੇਵਾਦਾਰ ਦੋਹੀਂ ਪਾਸੀਂ ਚਾਂਦੀ ਦੀਆਂ ਦੋ ਤਸ਼ਤਰੀਆਂ ਵਿੱਚ ਸੁੱਚੀ ਮੋਮ ਦੀਆਂ ਬੱਤੀਆਂ ਜਗਾ ਕੇ ਨੇੜੇ ਕਰਦੇ ਸਨ, ਜਿਨ੍ਹਾਂ ਦੇ ਚਾਨਣ ਵਿੱਚ ਗ੍ਰੰਥੀ ਸਿੰਘ ਹੁਕਮਨਾਮਾ ਪੜ੍ਹਦੇ ਸਨ।

ਮਹਾਰਾਜਾ ਬਿਕ੍ਰਮ ਸਿੰਘ ਵਾਲੀਏ ਫ਼ਰੀਦਕੋਟ ਨੇ ੧੮੯੮ ਈ: ਵਿੱਚ ਆਪਣੇ ਪਾਸੋਂ ੨੫੦੦੦/- ਅੱਖਰੀਂ ਪੰਜੀ ਹਜ਼ਾਰ ਰੁਪਏ ਖਰਚ ਕਰ ਕੇ ਅੰਮ੍ਰਿਤ ਸਰੋਵਰ, ਪੁਲ ਅਤੇ ਗੁਰੂ ਰਾਮਦਾਸ ਲੰਗਰ ਵਿੱਚ ਬਿਜਲੀ ਲਗਵਾ ਕੇ ਜਗਾ ਦਿੱਤੀ ਸੀ।

ਪਰ ਪੁਜਾਰੀਆਂ, ਗ੍ਰੰਥੀਆਂ ਤੇ ਹੋਰ ਪੁਰਾਤਨ ਖਿਆਲਾਂ ਦੇ ਸਿੰਘਾਂ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਦੇ ਵਿਰੋਧ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਦੀ ਫਿਟਿੰਗ ਨਹੀਂ ਕੀਤੀ ਜਾ ਸਕੀ। ਅਖੀਰ ੧੯੩੦ ਈ: ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਬਿਜਲੀ ਫਿਟ ਹੋ ਗਈ ਹੈ। ਜਿਸ ਕਰ ਕੇ ਬਿਜਲੀ ਦਾ ਇਕ ਵੱਡਾ ਬਲਬ ਜਗਾ ਕੇ ਨੇੜੇ ਕਰ ਦਿੱਤਾ ਜਾਂਦਾ ਹੈ, ਜਿਸ ਦੀ ਰੌਸ਼ਨੀ ਵਿੱਚ ਮਹਾਂਵਾਕ ਬਹੁਤ ਹੀ ਆਸਾਨੀ ਨਾਲ ਪੜ੍ਹ ਲਿਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਹੁਤ ਬਲਬ ਜਗਦੇ ਹਨ, ਝਾੜ ਫਨੂਸ 'ਚ ਵੀ ਬਿਜਲੀ ਹੀ ਚਾਨਣ ਕਰਦੀ ਹੈ। ਘਿਉ ਦੀ ਜੋਤਿ ਰਾਤ ਨੂੰ ਮੱਧਮ ਜੇਹੀ ਜਗਦੀ ਰਹਿੰਦੀ ਹੈ, ਉਸ ਦੇ ਚੁਫੇਰੇ ਪਿੱਤਲ ਦਾ ਜੰਗਲਾ ਹੈ, ਉਸ ਉੱਪਰ ਸੁੰਦਰ ਚਿੱਟੇ ਕੱਪੜੇ ਦਾ ਗਿਲਾਫ ਪਾਇਆ ਹੁੰਦਾ ਹੈ। ਰਾਤ ਨੂੰ ਅਚਾਨਕ ਬਿਜਲੀ ਬੰਦ ਹੋ ਜਾਣ ਤੇ ਗਿਲਾਫ ਚੁੱਕ ਕੇ ਬੱਤੀਆਂ ਉੱਚੀਆਂ ਕਰ ਦਿੱਤੀਆਂ ਜਾਂਦੀਆਂ ਹਨ, ਤਾਂ ਕਿ ਸੰਗਤ ਨੂੰ ਅਨ੍ਹੇਰੇ 'ਚ ਆਉਣ ਜਾਣ ਵਿੱਚ ਤਕਲੀਫ ਨਾ ਹੋਵੇ, ਉਂਞ ਮੋਮ ਬੱਤੀਆਂ ਵੀ ਰੱਖੀਆਂ ਹੁੰਦੀਆਂ ਹਨ ਅਤਿ ਲੋੜ ਸਮੇਂ ਉਹ ਵੀ ਜਗਾ ਲਈ ਦੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੀ ਲੋਕਲ ਕਮੇਟੀ

ਦੇ ਵਜੂਦ ਵਿੱਚ ਆਉਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਰੌਸ਼ਨੀ ਦਾ ਪ੍ਰਬੰਧ ਕਰਨ ਲਈ ਇਕ 'ਰੌਸ਼ਨੀ ਸਬ-ਕਮੇਟੀ' ਬਣੀ ਹੋਈ ਸੀ, ਜਿਸ ਦੇ ਪ੍ਰਧਾਨ ਸ: ਸੁੰਦਰ ਸਿੰਘ ਮਜੀਠਾ ਸਨ, ਉਸ ਸਮੇਂ ਮਹਾਰਾਜਾ ਫ਼ਰੀਦਕੋਟ ਵੱਲੋਂ ੫੦) ਰੁਪਏ ਮਾਹਵਾਰ 'ਰੌਸ਼ਨੀ ਸਬ-ਕਮੇਟੀ ਦੇ ਨਾਮ ਪੰਜਾਬ ਐਂਡ ਸਿੰਧ ਬੈਂਕ ਵਿੱਚ ਜਮ੍ਹਾਂ ਹੁੰਦੇ ਸਨ।

੧੫ ਅਪ੍ਰੈਲ ੧੮੯੭ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿੱਚ ਮਹਾਰਾਜਾ ਬਿਕ੍ਰਮ ਸਿੰਘ ਫ਼ਰੀਦਕੋਟ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬਿਜਲੀ ਦਾ ਚਾਨਣ ਕਰਨ ਲਈ ੨੫੦੦੦/- ਰੁਪਏ ਦਾਨ ਵੱਜੋਂ ਦੇਣ ਦਾ ਐਲਾਨ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਰੀਕਾਰਡ ਵਿੱਚ ਪਏ ਪੱਤਰ ਨੰ: ੩੮੬/੩੧ ਤੋਂ ਪਤਾ ਲਗਦਾ ਹੈ ਕਿ ਬਿਜਲੀ ਪੈਦਾ ਕਰਨ ਵਾਲਾ ਇਕ ਇੰਜਨ ਭੀ ਮਹਾਰਾਜਾ ਫ਼ਰੀਦਕੋਟ ਵੱਲੋਂ ਅਰਦਾਸ ਕਰਾਇਆ ਗਿਆ ਸੀ। ਜਿਸ ਦਾ ਇਕ ਵੱਡਾ ਚੱਕਰ ਪੁਰਾਣੇ ਗੁਰੂ ਰਾਮਦਾਸ ਹਸਪਤਾਲ (ਜੋ ਪੁਰਾਣੇ ਅਕਾਲੀ ਦਲ ਦੇ ਦਫ਼ਤਰ ਹੇਠ ਸੀ) ਕੋਲ ਬੇਕਾਰ ਪਿਆ ਅਸਾਂ ਦੇਖਿਆ ਹੈ। ਪੁਰਾਣੇ ਬਜ਼ੁਰਗਾਂ ਨੇ ਦੱਸਿਆ ਕਿ ਇਹ ਚੱਕਰ ਉਸੇ ਇੰਜਨ ਦਾ ਹੀ ਹੈ ਜੋ ਮਹਾਰਾਜੇ ਨੇ ਅਰਦਾਸ ਕਰਵਾਇਆ ਸੀ। ਉਨ੍ਹਾਂ ਨੇ ਦੱਸਿਆ ਕਿ ਇਹ ਬਿਜਲੀ ਪੈਦਾ ਕਰਨ ਵਾਲਾ ਇੰਜਨ ਪੁਰਾਣੇ ਦਫਤਰ ਸ੍ਰੀ ਦਰਬਾਰ ਸਾਹਿਬ ਦੇ ਨਾਲ ਗਲੀ ਵਿੱਚ ਲੱਗਾ ਹੁੰਦਾ ਸੀ ਤੇ ਇਹ ਲੱਕੜਾਂ ਜਾਂ ਕੋਲਿਆਂ ਦੀ ਅੱਗ ਨਾਲ ਚਲਦਾ ਸੀ।

ਗੁਰੂ ਰਾਮਦਾਸ ਲੰਗਰ ਦੀ ਨਵੀਂ ਇਮਾਰਤ ਮਹਾਰਾਜਾ ਫ਼ਰੀਦਕੋਟ ਬਿਕ੍ਰਮ ਸਿੰਘ ਵੱਲੋਂ ੭੫੦੦੦/- ਰੁਪਏ ਦੇ ਦਿੱਤੇ ਦਾਨ ਨਾਲ ਬਣਵਾਈ ਗਈ ਸੀ, ਜੋ ਹੁਣ ਬਾਬਾ ਖੜਕ ਸਿੰਘ ਜੀ ਵੱਲੋਂ ਬਨਾਈ ਗਈ ਲੰਗਰ ਦੀ ਨਵੀਂ ਵਿਸ਼ਾਲ ਇਮਾਰਤ ਬਣ ਜਾਣ ਕਾਰਣ ਢਾਹ ਦਿੱਤੀ ਗਈ ਹੈ। ਮਹਾਰਾਜੇ ਵੱਲੋਂ ਬਿਜਲੀ ਦਾ ਚਾਨਣ ਕਰਨ ਲਈ ਦਿੱਤੇ ਗਏ ੨੫੦੦੦/- ਰੁਪਏ ਨਾਲ ਬਿਜਲੀ ਪੈਦਾ ਕਰਨ ਵਾਲਾ ਇੰਜਨ, ਖੰਭੇ, ਤਾਰਾਂ ਤੇ ਬਿਜਲੀ ਦਾ ਹੋਰ ਸਮਾਨ ਖਰੀਦਿਆ ਗਿਆ। ਜਿਸ ਦੀ ਪੁਸ਼ਟੀ ਸ੍ਰੀ ਦਰਬਾਰ ਸਾਹਿਬ ਦੇ ਰਿਕਾਰਡ ਦੀ ਫਾਇਲ ਬਿਜਲੀ ਪ੬ ਸੀ ਵਿੱਚ ਪਈ ਪੱਤ੍ਰਕਾ ਮਿਤੀ ੨੨-੭-੩੧ ਤੋਂ ਹੋ ਜਾਂਦੀ ਹੈ। ੧੮੯੭-੯੮ ਵਿਚਕਾਰ ਗੁਰੂ ਕੇ ਲੰਗਰ, ਪ੍ਰਕਰਮਾਂ ਤੇ ਪੁਲ ਉੱਪਰ ਬਿਜਲੀ ਜਗਣ ਲੱਗ ਪਈ ਸੀ। ਸਰੋਵਰ ਦੀ ਪ੍ਰਕਰਮਾਂ ਵਿੱਚ ਸਰੋਵਰ ਦੀਆਂ ਚਹੁੰਆਂ ਕੋਣਾਂ ਉੱਪਰ ਚਾਰ ਖੰਭੇ ਤੇ ਚਾਰ ਖੰਭੇ ਸਰੋਵਰ ਦੀ ਹਰ ਬਾਹੀ ਦੇ ਦਰਮਿਆਨ 'ਚ ਗੱਡੇ ਗਏ ਐਉਂ ਸਾਰੇ ੮ ਖੰਭੇ ਸਨ ਚੋਹਾਂ ਕੋਨਾਂ ਤੋਂ ਇਲਾਵਾ ਦਰਮਿਆਨ ਵਾਲਾ ਇਕ ਖੰਭਾ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਤੇ ਅਕਾਲ ਤਖ਼ਤ ਸਾਹਿਬ ਦੇ ਦਰਮਿਆਨ ਸਿਹਨ ਵਿੱਚ, ਦੋ ਖੰਭੇ ਉੱਤਰੀ ਤੇ ਦੱਖਣੀ ਡਿਉਢੀਆਂ ਦੇ ਸਾਹਮਣੇ ਤੇ ਇਕ ਅਠਸਠ ਘਾਟ ਦੇ ਨੇੜੇ ਸਰਾਂ ਵਾਲੀ ਡਿਉਢੀ ਦੇ ਸਾਹਮਣੇ ਸੀ। ਪ੍ਰਕਰਮਾਂ ਚੌੜੀਆਂ ਕਰਨ ਸਮੇਂ ਵਿਚਕਾਰ ਦੇ ਚਾਰੇ ਖੰਭੇ ਉਖੇੜ ਦਿੱਤੇ ਗਏ ਤੇ ਉਨ੍ਹਾਂ ਦੀ ਥਾਂ ਹੋਰ ਦਰਮਿਆਨ ਤੋਂ ਕੁਝ ਹਟਵੇਂ ਖੰਭੇ ਲਾ ਦਿੱਤੇ ਗਏ, ਪਰ ਚੋਹਾਂ ਕੋਣਾਂ ਦੇ ਖੰਭੇ ਉਹੋ ਮਹਾਰਾਜੇ ਦੇ ਲਗਵਾਏ ਹੋਏ ਹਨ, ਉਹ ਮਜ਼ਬੂਤ ਤੇ ਚਿੱਤ੍ਰਤ ਹਨ। ਜਦ ਮਹਾਰਾਜਾ ਨੇ ਬਿਜਲੀ ਲਗਵਾਈ ਉਦੋਂ ਅੰਮ੍ਰਿਤਸਰ ਸ਼ਹਿਰ 'ਚ ਵੀ ਬਿਜਲੀ ਨਹੀਂ ਸੀ।

ਸਰਦਾਰ ਹਰਨਾਮ ਸਿੰਘ ਪੰਸਾਰੀ ਜਿਨ੍ਹਾਂ ਦਾ ਜਨਮ ੧੮੯੩ ਈ : ਦਾ ਸੀ, ਉਨ੍ਹਾਂ ਮੈਨੂੰ ੧੯੭੫ ਈ: ਵਿੱਚ ਦੱਸਿਆ ਕਿ ਅੰਮ੍ਰਿਤਸਰ ਦੀ ਨਗਰ ਪਾਲਿਕਾ ਵੱਲੋਂ ਇੰਜਨਾਂ ਨਾਲ ਪਹਿਲੀ ਵਾਰ ਬਿਜਲੀ ੧੯੧੫ ਈ: ਵਿੱਚ ਜਗਾਈ ਗਈ। ਪ੍ਰਬੰਧਕ ਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ

ਵੀ ਬਿਜਲੀ ਜਗਾਉਣਾ ਚਾਹੁੰਦੇ ਸਨ, ਪਰ ਪੁਜਾਰੀਆਂ ਤੇ ਪੁਰਾਤਨ ਖਿਆਲਾਂ ਦੇ ਸਿੱਖਾਂ ਦੇ ਵਿਰੋਧ ਕਾਰਨ ਐਸਾ ਨਾ ਕਰ ਸਕੇ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਸ੍ਰੀ ਦਰਬਾਰ ਸਾਹਿਬ ਦੀ ਲੋਕਲ ਕਮੇਟੀ ਬਣ ਜਾਣ 'ਤੇ ਲੋਕਲ ਕਮੇਟੀ ਦੇ ਮਤਾ ਨੰਬਰ ੪੪੨ ਮਿਤੀ ੧-੯-੨੯ ਵਿੱਚ ਗੁ: ਰਾਮਸਰ, ਗੁ: ਬਿਬੇਕਸਰ ਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਬਿਜਲੀ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ (ਦੇਖੋ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦੀ ਕਾਰਵਾਈ ਦਾ ਰਜਿਸਟਰ ੧੯੨੯-੩੦)

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਲਾਉਣ ਦੀ ਵਿਰੋਧਤਾ ਕਰਦਿਆਂ ਉਸ ਸਮੇਂ ਦੇ ਲਾਹੌਰ ਤੋਂ ਛਪਦੇ ਪੰਜਾਬੀ ਅਖਬਾਰ 'ਖਾਲਸਾ' ਦੇ ਸੰਪਾਦਕ ਨੇ ੬ ਅਗਸਤ ੧੯੯੭ ਦੇ ਪਰਚੇ ਵਿੱਚ ਸੰਪਾਦਕੀ ਨੋਟ ਲਿਖਿਆ ਕਿ ੨੯ ਜੁਲਾਈ ਨੂੰ ਲਾਹੌਰ ਸਿੰਘ ਸਭਾ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘਾਂ ਦੀ ਚਿੱਠੀ 'ਤੇ ਵਿਚਾਰ ਹੋਈ ਕਿ ਬਿਜਲੀ ਲਾਉਣੀ ਬੇਫਾਇਦਾ ਹੈ । ਏਸੇ ਤਰ੍ਹਾਂ ਇਨਾਂ ਹੀ ਦਿਨਾਂ ਵਿੱਚ ਖਾਲਸਾ ਅਖਬਾਰ ਲਾਹੌਰ ਵਿੱਚ ਇਕ ਚਿੱਠੀ ਛਪੀ, ਜਿਸ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਦੀ ਰੌਸ਼ਨੀ ਦਾ ਵਿਰੋਧ ਕੀਤਾ ਗਿਆ ।

੩ ਸਤੰਬਰ ੧੯੯੭ ਦੇ ਖਾਲਸਾ ਅਖਬਾਰ ਲਾਹੌਰ ਦੇ ਪਰਚੇ ਵਿੱਚ ਬਾਬੂ ਤੇਜਾ ਸਿੰਘ ਭਸੌੜ ਵੱਲੋਂ ਅਤੇ ੮ ਅਕਤੂਬਰ ਦੇ ਪਰਚੇ ਵਿੱਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਵੱਲੋਂ ਵੀ ਬਿਜਲੀ ਨਾ ਲਾਉਣ ਦਾ ਫੈਸਲਾ ਆਇਆ ਲਿਖਿਆ ਹੈ । ਵਿਰੋਧਤਾ ਕਰਨ ਵਾਲਿਆਂ ਦੇ ਵਿਚਾਰ ਇਸ ਪ੍ਰਕਾਰ ਸਨ--

੧. ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਦੀ ਰੌਸ਼ਨੀ ਪ੍ਰਾਚੀਨ ਮਰਯਾਦਾ ਦੇ ਵਿਰੁੱਧ ਹੈ ।

੨. ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਮਸ਼ਰਕੀ (ਪੂਰਬੀ) ਹੈ ਤੇ ਬਿਜਲੀ ਦੀ ਰੌਸ਼ਨੀ ਮਗਰਬੀ (ਪੱਛਮੀ) ਹੈ ।

੩. ਸ੍ਰੀ ਯੁਤ ਮਹਾਰਾਜਾ ਫਰੀਦਕੋਟ, ਇੰਜਨ, ਲੈਂਪ ਤੇ ਤਾਰ ਤਾਂ ਜ਼ਰੂਰ ਖਰੀਦ ਦੇਣਗੇ, ਪਰ ਬਾਕੀ ਮਹੀਨੇ ਦਾ ਖਰਚ ਕਿਥੋਂ ਆਵੇਗਾ ?

੪. ਮੱਕੇ 'ਚ ਬਿਜਲੀ ਨਹੀਂ, ਸੇਂਟ ਪੀਟਰਜ਼ ਵਿੱਚ ਬਿਜਲੀ ਨਹੀਂ, ਸੇਂਟ ਪਾਲ ਤੇ ਵੈਸਟ ਮਨਿਸਟਰ ਐਬੀ ਵਿੱਚ ਵੀ ਬਿਜਲੀ ਨਹੀਂ ਹੈ ।

੫. ਮਹਿੰਗੀ ਅਤੇ ਮਗਰਬੀ (ਪੱਛਮੀ) ਰੌਸ਼ਨੀ ਸਰਵਥਾ ਅਨੁਚਿਤ ਹੈ ।

੬. ਦਰਬਾਰ ਸਾਹਿਬ ਵਿੱਚ ਪੂਰਬੀ ਰੀਤੀ ਅਨੁਸਾਰ ਘੀ ਦੀ ਰੌਸ਼ਨੀ ਅੱਛੀ ਉੱਤਮ ਹੈ । (ਤੇਜਾ ਸਿੰਘ ਭਸੌੜ) ।

੭. ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਦੀ ਰਾਏ ਯਹਿ ਹੈ, ਕਿ ਬਿਜਲੀ ਕੀ ਰੌਸ਼ਨੀ ਸ੍ਰੀ ਹਰਿਮੰਦਰ ਸਾਹਿਬ ਕੇ ਬੀਚ ਨਾ ਹੋਵੇ । ਬ੍ਰਿਤੀ ਕੀ ਰੌਸ਼ਨੀ ਕੇ ਆਗੇ ਔਰ ਕੋਈ ਰੌਸ਼ਨੀ ਸ਼ੁੱਧਤਾ ਨਹੀਂ ਰੱਖਤੀ ।

੮. ਇਕ ਤੌਖਲਾ ਇਹ ਵੀ ਹੈ ਕਿ ਇਹ ਬਿਜਲੀ ਇਮਾਰਤ ਲਈ ਹਾਨੀ ਕਾਰਕ ਹੋਵੇਗੀ ।

੯. ਬਿਜਲੀ ਦੀ ਰੌਸ਼ਨੀ ਦਰਬਾਰ ਸਾਹਿਬ ਲਾਉਣੀ ਬੇ-ਫਾਈਦਾ ਹੈ ਅਤੇ ਉਪਦੇਸ਼

ਦੀ ਰੌਸ਼ਨੀ ਦੀ ਬਹੁਤ ਲੋੜ ਹੈ ।

੧੦. ਸ੍ਰੀ ਹਰਿਮੰਦਰ ਸਾਹਿਬ ਅਜਾਇਬ ਘਰ ਨਹੀਂ ਕਿ ਲੋਕਾਂ ਤੋਂ ਵਾਹ-ਵਾਹ ਕਰਾਉਣੀ ਹੈ ।

੧੧. ਏਨੀ ਰੌਸ਼ਨੀ ਵਿੱਚ ਬ੍ਰਿਤੀ ਠੀਕ ਨਹੀਂ ਜੰਮੇਗੀ । ਜਦ ੧੯੨੯ ਈ: ਦੇ ਅੰਤ ਤੱਕ ਗੁ: ਰਾਮਸਰ, ਗੁ: ਬਿਬੇਕਸਰ ਤੇ ਬਾਬਾ ਅਟੱਲ ਸਾਹਿਬ ਅਤੇ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਬਿਜਲੀ ਜਗ ਪਈ ਅਤੇ ਅਪ੍ਰੈਲ ੧੯੩੦ ਤੋਂ ਪਹਿਲਾਂ- ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਬਿਜਲੀ ਲਗਾ ਕੇ ਜਗਾ ਦਿੱਤੀ ਤਾਂ ਲੋਕਲ ਕਮੇਟੀ ਦਰਬਾਰ ਸਾਹਿਬ ਦੇ ਆਪਣੇ ਮਤਾ ਨੰ: ੫੦੮,੧੨ ਮਿਤੀ ੨੭-੪-੩੦ ਅਨੁਸਾਰ ਪ੍ਰਵਾਨ ਹੋਇਆ ਕਿ ਸ੍ਰੀ ਹਰਿਮੰਦਰ ਸਾਹਿਬ, ਬਾਬਾ ਅੱਟਲ ਸਾਹਿਬ ਅਤੇ ਗੁ: ਸ਼ਹੀਦ ਗੰਜ ਅੰਦਰ ਜੋਤਾਂ ਆਦਿ ਜਗਾਉਣ ਦੀ ਰਸਮ ਬੰਦ ਕਰਨ ਲਈ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਫਾਰਸ਼ ਕੀਤੀ ਜਾਵੇ ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਅਪ੍ਰੈਲ ੧੯੩੦ ਤੋਂ ਪਹਿਲਾਂ ਜਗ ਪੈਣ ਦੇ ਉਪਰਲੇ ਸਬੂਤ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਦੇ ਰੀਕਾਰਡ ਵਿੱਚ ਇਕ ਪੱਤਰ ਪਿਆ ਹੈ, ਜਿਸ ਦਾ ਪੱਤਰ ਨੰ: ੩੯੬/੩੧ ਤੇ ਮਿਤੀ ੨੨-੭-੩੦ ਹੈ । ਜਿਸ ਵਿੱਚ ਮਹਾਰਾਜਾ ਫ਼ਰੀਦਕੋਟ ਦੇ ਪ੍ਰਾਈਵੇਟ ਸੈਕਟਰੀ ਨੂੰ ਲਿਖਿਆ ਗਿਆ ਹੈ ਕਿ ਜੋ ਝਾੜ ਮਹਾਰਾਜਾ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਲਾਉਣ ਲਈ ਭੇਜਿਆ ਸੀ, ਉਹ ਪੁਰਾਣੀ ਮਰਯਾਦਾ ਅਨੁਸਾਰ ਵਾਪਸ ਕਰ ਦਿੱਤਾ ਗਿਆ ਸੀ । ਅੱਗੇ ਚੱਲ ਕੇ ਇਸ ਪੱਤਰ ਵਿੱਚ ਲਿਖਿਆ ਹੈ ਕਿ ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਲਾਉਣ ਦਾ ਪੂਰਾ ਇੰਤਜਾਮ ਹੋ ਗਿਆ ਹੈ । ਇਸ ਲਈ ਹੁਣ ਉਹ ਝਾੜ ਵਾਪਸ ਭੇਜਿਆ ਜਾਵੇ ।

ਪੰਜ ਵੱਡੇ ਗੁਰਪੁਰਬਾਂ ਅਤੇ ਦੀਵਾਲੀ ਤੇ ਵੈਸਾਖੀ ਦੇ ਬਹੁਤ ਵੱਡੇ ਮੇਲਿਆਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਚੁਫੇਰੇ ਬਿਜਲੀ ਦੇ ਬਲਬਾਂ ਦੀਆਂ ਲੜੀਆਂ ਦਾ ਜਾਲ ਬਣਾ ਕੇ ਲਟਕਾਇਆ ਜਾਂਦਾ ਹੈ, ਤੇ ਸਾਰੀ ਰਾਤ ਸੁਨਹਿਰੀ ਮੰਦਰ ਜਗਮਗ ਜਗਮਗ ਕਰਦਾ ਨਜ਼ਰ ਆਉਂਦਾ ਹੈ ।

**ਅਖੰਡ ਪਾਠ**- ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਹਜ ਪਾਠ ਤੇ ਸਪਤਾਹਕ ਪਾਠ ਨਹੀਂ ਕੀਤੇ ਜਾਂਦੇ । ਨਾ ਹੀ ਮਿਤ੍ਰਕ ਦੇ ਅਖੰਡ ਪਾਠ ਕੀਤੇ ਜਾਂਦੇ ਹਨ । ਕੇਵਲ ਖੁਸ਼ੀ ਦੇ ਅਖੰਡ ਪਾਠ ਹੀ ਹੋ ਸਕਦੇ ਹਨ ।

*(ਦੇਖੋ ਰਿਪੋਰਟ ਸ੍ਰੀ ਦਰਬਾਰ ਸਾਹਿਬ ੧੯੩੦ ਦਾ ਪੰਨਾ ੩੩)*

ਅੱਜ-ਕਲ੍ਹ ਖੁਸ਼ੀ ਤੇ ਗਮੀ ਸੁੱਖਣਾ ਆਦਿ ਦੇ ਅਖੰਡ ਪਾਠ ਕੀਤੇ ਜਾਂਦੇ ਹਨ। ਪਹਿਲੇ ਸਮਿਆਂ ਵਿੱਚ ਬਹੁਤੇ ਅਖੰਡ ਪਾਠ ਨਹੀਂ ਹੁੰਦੇ ਸਨ । ਸ: ਹਰਨਾਮ ਸਿੰਘ ਪਨਸਾਰੀ, ਜਿਸ ਦਾ ੧੮੯੩ ਈ: ਦਾ ਜਨਮ ਸੀ, ੧੯੭੫ ਈ: ਵਿੱਚ ਜਦ ਉਨ੍ਹਾਂ ਦੀ ਉਮਰ ੮੨ ਸਾਲ ਦੀ ਸੀ, ਮੈਨੂੰ ਦਸਿਆ ਕਿ ਜਦੋਂ ੧੯੧੪-੧੮ ਵਾਲੀ ਜਰਮਨ ਜੰਗ ਜ਼ੋਰਾਂ 'ਤੇ ਸੀ, ਤਾਂ ਅੰਗਰੇਜ਼ ਸਰਕਾਰ ਨੇ ਆਪਣੀ ਕਾਮਯਾਬੀ ਲਈ ੧੯੧੫ ਈ: ਵਿੱਚ ਹਰਿ ਕੀ ਪਉੜੀ ਦੀ ਉਪਰਲੀ ਮੰਜਲ ਵਿੱਚ ਲਗਾਤਾਰ ਅਖੰਡ ਪਾਠ ਆਰੰਭ ਕਰਵਾਏ। ਸ਼ਹਿਰ ਦੇ ਡੇਰਿਆਂ ਦੇ ਮਹੰਤ ਬਗੈਰ ਇਵਜ਼ਾਨੇ ਦੇ ਭਾਵ ਮੁਫਤ, ਬਤੌਰ ਅਖੰਡ ਪਾਠੀ, ਪਾਠਾਂ ਵਿੱਚ ਹਿੱਸਾ ਲੈਂਦੇ ਰਹੇ । ਜੰਗ

ਫਤਹ ਹੋਣ ਤਕ ਅਖੰਡ ਪਾਠ ਜਾਰੀ ਰਹੇ । ਉਨ੍ਹਾਂ ਦਿਨਾਂ 'ਚ ਅੱਜ-ਕਲ੍ਹ ਵਾਂਗ ਆਮ ਅਖੰਡ ਪਾਠੀ ਨਹੀਂ ਹੁੰਦੇ ਸਨ, ਉਦਾਸੀ ਨਿਰਮਲੇ ਤੇ ਸੇਵਾ ਪੰਥੀ ਡੇਰਿਆਂ ਵਿੱਚ ਜਾਂ ਸੰਪ੍ਰਦਾਈ ਗਿਆਨੀਆਂ ਦੀਆਂ ਟਕਸਾਲਾਂ ਵਿੱਚ ਬਿਹੰਗਮ ਹੀ ਅਖੰਡ ਪਾਠੀ ਹੁੰਦੇ ਸਨ । ਏਸੇ ਤਰ੍ਹਾਂ ੧੯੧੯ ਈ: ਵਿੱਚ ਭਿੰਡਰਾਂ ਦੀ ਸੰਪ੍ਰਦਾਈ ਟਕਸਾਲ ਦੇ ਮੁੱਖੀ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਆਪਣੇ ਬਜ਼ੁਰਗ ਮਹਾਂ ਪੁਰਖ ਸੰਤ ਬਾਬਾ ਖਜਾਨ ਸਿੰਘ ਜੀ ਦੀ ਆਗਿਆ ਅਨੁਸਾਰ ਭਿੰਡਰ ਕਲਾਂ ਵਿਖੇ ਆਪਣੇ ਖੇਤ ਵਿੱਚ ਇਕ ਪੱਕੀ ਕੁਟੀਆ ਬਣਾ ਕੇ ੧੦੧ ਅਖੰਡ ਪਾਠਾਂ ਦੀ ਲੜੀ ਆਰੰਭ ਕਰ ਕੇ ਭੋਗ ਪਾਇਆ । ਉਨ੍ਹਾਂ ਦੇ ਵਿਦਿਆਰਥੀ ਸਿੰਘ ਕਿਸੇ ਭੇਟਾ ਪੂਜਾ ਦੇ ਲਾਲਚ ਤੋਂ ਬਿਨਾਂ ਅਖੰਡ ਪਾਠ ਕਰਦੇ ਰਹੇ । ਅਕਾਲੀ ਲਹਿਰ ਸਮੇਂ ਜੈਤੋ ਦੇ ਮੋਰਚੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਲਗਾਤਾਰ ੩੨੧ ਅਖੰਡ ਪਾਠ ਕੀਤੇ ਗਏ । ਮੋਰਚਾ ਫਤਹ ਹੋਣ 'ਤੇ ਜੁਲਾਈ ੧੯੨੫ ਈ: ਵਿੱਚ ਅਖੰਡ ਪਾਠਾਂ ਦਾ ਭੋਗ ਪਾਇਆ ਗਿਆ, ਉਸ ਸਮੇਂ ਹਰ ਪਾਠੀ ਨੂੰ ੩੫ ਰੁਪਏ ਮਹੀਨਾ ਤਨਖਾਹ ਦਿੱਤੀ ਜਾਂਦੀ ਰਹੀ ।

*(ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੧੬੨)*

੧੯੩੦ ਈ: ਵਿੱਚ ਅਖੰਡ ਪਾਠ ਕਰਵਾਉਣ ਵਾਲੇ ਸੱਜਣ ਨੂੰ ਸਾਰੇ ਖਰਚਾਂ ਆਦਿ ਲਈ ਅਪਣੇ ਵੱਲੋਂ ਕੇਵਲ ੭੦) ਹੀ ਜਮ੍ਹਾਂ ਕਰਵਾਉਣੇ ਪੈਂਦੇ ਸਨ । ਜਿਸ ਵਿੱਚੋਂ ਅਖੰਡ ਪਾਠੀਆਂ ਦੀ ਭੇਟਾ, ਰੁਮਾਲ, ਸੇਹਰੇ, ਕੜਾਹ ਪ੍ਰਸ਼ਾਦ ਤੇ ਕੀਰਤਨੀ ਜਥੇ ਦੀ ਭੇਟਾ ਆਦਿ ਸ਼ਾਮਲ ਸਨ ਤੇ ਬਚਦੀ ਮਾਇਆ ਲੰਗਰ 'ਚ ਪਾ ਦਿੱਤੀ ਜਾਂਦੀ ਸੀ । ਪਰ ਜਿਨਸਾਂ ਦੇ ਭਾਅ ਵਧ ਜਾਣ ਕਰ ਕੇ ੭੫) ਫਿਰ ੧੦੧, ੧੫੧, ੨੦੧, ੨੫੧, ੩੦੧, ੪੦੧, ੫੦੧, ਤੇ ਅੱਜ-ਕਲ੍ਹ ੭੦੧) ਰੁਪਏ ਇਕ ਅਖੰਡ ਪਾਠ ਕਰਾਉਣ ਲਈ ਜਮ੍ਹਾਂ ਕਰਵਾਉਣੇ ਪੈਂਦੇ ਹਨ । ਜਿਸ ਵਿੱਚੋਂ ਹਰ ਪਾਠੀ ਨੂੰ ਹਰ ਪਾਠ 'ਚੋਂ ੬੦) ਮਿਲਦੇ ਹਨ । ਹਰ ਪਾਠ ਵਿੱਚ ਅੱਠ ਅਖੰਡ ਪਾਠੀ ਲਗਦੇ ਹਨ । ਦੋ ਅਖੰਡ ਪਾਠੀਆਂ ਦੀ ਇਕੱਠਿਆਂ ਦੀ ਤਿੰਨ ਘੰਟੇ ਦਿਨ ਤੇ ਤਿੰਨ ਘੰਟੇ ਰਾਤ ਦੀ ਡਿਊਟੀ ਹੁੰਦੀ ਹੈ । ਹਰ ਪਾਠੀ ਡੇਢ ਘੰਟਾ ਪਾਠ ਕਰਦਾ ਹੈ । ਇਕ ਪਾਠੀ ਪਾਠ ਕਰਦਾ ਹੈ ਤੇ ਦੂਜਾ ਚਉਰ ਕਰਦਾ ਜਾਂ ਰੁਮਾਲਿਆਂ ਅਤੇ ਗੋਲਕ ਆਦਿ ਦਾ ਧਿਆਨ ਰੱਖਦਾ ਹੈ । ਜਾਂ ਆਏ ਗਏ ਸੱਜਣ ਨਾਲ ਗੱਲਬਾਤ ਕਰ ਸਕਦਾ ਹੈ ।

ਪਹਿਲਾਂ ਅਖੰਡ ਪਾਠ ਹਰਿ ਕੀ ਪਉੜੀ ਦੀ ਉਪਰਲੀ ਮੰਜ਼ਲ ਵਿੱਚ ਤੇ ਗੁੰਬਦ ਵਿੱਚ ਹੀ ਹੁੰਦੇ ਸਨ । ਅਖੰਡ ਪਾਠਾਂ ਦੀ ਬੁਕਿੰਗ ਵਧ ਜਾਣ 'ਤੇ ਹਰਿ ਕੀ ਪਉੜੀ ਦੇ ਨੇੜੇ ਹੀ ਉਸੇ ਛੱਤ ਉੱਪਰ ਉੱਤਰੀ ਬਾਹੀ ਤੇ ਦੱਖਣੀ ਬਾਹੀ ਤੇ ਦੋ ਹੋਰ ਅਖੰਡ ਪਾਠ ਸ਼ੁਰੂ ਕੀਤੇ ਗਏ । ਐਉਂ ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਲ ਵਿੱਚ ਇਕ ਸਮੇਂ ਚਾਰ ਅਖੰਡ ਪਾਠ ਚਲਦੇ ਰਹਿੰਦੇ ਸਨ । ਪ੍ਰੇਮੀਆਂ ਵੱਲੋਂ ਹੁੰਦੇ ਅਖੰਡ ਪਾਠਾਂ ਤੋਂ ਇਲਾਵਾ ਗੁਰਪੁਰਬਾਂ ਸਮੇਂ ਜਾਂ ਪੰਥਕ ਔਕੜਾਂ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਅਖੰਡ ਪਾਠ ਕਰਵਾਏ ਜਾਂਦੇ ਸਨ । ਅੱਜ-ਕਲ੍ਹ ਸਿਰਫ਼ ਹਰਿ ਕੀ ਪਉੜੀ ਉੱਪਰ ਤੇ ਗੁੰਬਦ ਵਿੱਚ ਦੋ ਹੀ ਅਖੰਡ ਪਾਠ ਚਲਦੇ ਹਨ । ਅਖੰਡ ਪਾਠਾਂ ਦੇ ਭੋਗ ਉਪ੍ਰੰਤ ਕੀਰਤਨ ਤੇ ਅਰਦਾਸ ਹੁੰਦੀ ਹੈ । ਇਨ੍ਹਾਂ ਅਖੰਡ-ਪਾਠਾਂ ਦੇ ਆਰੰਭ ਅਤੇ ਭੋਗ ਦੀਆਂ ਦੋਵੇਂ ਅਰਦਾਸਾਂ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਸਿੰਘ ਹੀ ਕਰਦੇ ਸਨ । ਜਿਸ ਦਾ ਇਵਜ਼ਾਨਾ ਕਮੇਟੀ ਵੱਲੋਂ ਦਿੱਤਾ ਜਾਂਦਾ ਸੀ । ਕੋਈ ਭਾਸ਼ਨ ਨਹੀਂ

ਹੋ ਸਕਦਾ, ਨਾ ਕੋਈ ਸੂਚਨਾ ਹੀ ਦਿੱਤੀ ਜਾ ਸਕਦੀ ਹੈ ।

ਪਹਿਲਾਂ ਲੋਕਲ ਕਮੇਟੀ ਪ੍ਰਬੰਧ ਕਰਦੀ ਸੀ । ਫਿਰ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਪ੍ਰਬੰਧ ਕਰਦੇ ਰਹੇ । ਅਖੰਡ ਪਾਠਾਂ ਦੀ ਮਾਇਆ ਦਫ਼ਤਰ ਵਿੱਚ ਜਾਂ ਅਰਦਾਸੀਆਂ ਪਾਸ ਜਮ੍ਹਾਂ ਕਰਵਾਈ ਜਾਂਦੀ ਸੀ । ਪਾਠਾਂ ਦੀ ਬਹੁਤਾਤ ਕਾਰਨ ਇਕ ਅਰਦਾਸੀਆ ਸਿੰਘ ਅਖੰਡ ਪਾਠਾਂ ਦੀ ਜਥੇਦਾਰੀ ਵੀ ਕਰਦਾ ਸੀ । ਜਿਵੇਂ ਭਾਈ ਦਰਸ਼ਨ ਸਿੰਘ ਜੀ ਅਤੇ ਭਾਈ ਮਦਨਜੀਤ ਸਿੰਘ ਜੀ ਅਤੇ ਭਾਈ ਰਘਬੀਰ ਸਿੰਘ ਜੀ । ਹੁਣ ਜਥੇਦਾਰ ਅਖੰਡ ਪਾਠੀਆਂ ਦੀ ਅਸਾਮੀ ਵੱਖਰੀ ਕਰ ਦਿੱਤੀ ਗਈ ਹੈ । ਇਸ ਅਸਾਮੀ 'ਤੇ ਗਿ: ਮੁਖਤਾਰ ਸਿੰਘ, ਭਾਈ ਬਚਿੱਤਰ ਸਿੰਘ ਬਤੌਰ ਜਥੇਦਾਰ ਅਖੰਡ ਪਾਠੀਆਂ ਤੇ ਰਾਗੀਆਂ ਸੇਵਾ ਕਰਦੇ ਰਹੇ । ਅੱਜ ਕਲ੍ਹ ਦੋ ਜਥੇਦਾਰ ਹਨ, ਭਾਈ ਗੁਰਚਰਨ ਸਿੰਘ ਅਤੇ ਭਾਈ ਪ੍ਰੀਤਮ ਸਿੰਘ ।

* * *

# ਮੇਲੇ ਤੇ ਗੁਰਪੁਰਬ

**ਮੇਲੇ :** ਹਰ ਸਾਲ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਹੇਠ ਦੋ ਵੱਡੇ ਮੇਲੇ ਬੜੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ । ਇਕ ਖਾਲਸੇ ਦਾ ਜਨਮ ਦਿਨ 'ਵੈਸਾਖੀ' ਤੇ ਦੂਜਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਚੋਂ ਰਿਹਾਈ ਦਾ ਦਿਨ ਜਾਣ ਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਰੇ ਸ਼ਹਿਰ ਅੰਮ੍ਰਿਤਸਰ ਵਿੱਚ ਦੀਵਾਲੀ ਵਾਲੇ ਦਿਨ ਮਨਾਇਆ ਜਾਂਦਾ ਹੈ ।

ਇਨ੍ਹਾਂ ਉਪ੍ਰੋਕਤ ਦੋਹਾਂ ਮੇਲਿਆਂ ਵੈਸਾਖੀ ਤੇ ਦੀਵਾਲੀ ਵਾਲੇ ਦਿਨ ਸੂਰਜ ਛਿਪੇ ਤੋਂ ਬਾਅਦ ਦੀਪਮਾਲਾ ਕੀਤੀ ਜਾਂਦੀ ਹੈ ਤੇ ਭਾਰੀ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ । ਅੱਜ-ਕੱਲ੍ਹ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਹਿੱਤ ਅਪੜਦੀਆਂ ਹਨ । ਦਫ਼ਤਰ ਸ੍ਰੀ ਦਰਬਾਰ ਸਾਹਿਬ ਵੱਲੋਂ ਬਹੁਤ ਵੱਡੇ ਪੈਮਾਨੇ 'ਤੇ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ । ਪ੍ਰਬੰਧ ਨੂੰ ਚੰਗੇਰਾ ਬਨਾਉਣ ਹਿਤ ਦਫ਼ਾ ੮੫ ਦੇ ਦੂਜੇ ਗੁਰਦੁਆਰਿਆਂ ਚੋਂ ਸੇਵਾਦਾਰਾਂ, ਕਲੱਰਕਾਂ, ਇੰਸਪੈਕਟਰਾਂ, ਅਕਾਊਂਟੈਂਟਾਂ, ਖਜ਼ਾਨਚੀਆਂ ਤੇ ਮੈਨੇਜਰਾਂ ਨੂੰ ਪ੍ਰਬੰਧ ਹਿੱਤ ਬੁਲਾਇਆ ਜਾਂਦਾ ਹੈ । ਜ਼ਿਲ੍ਹਾ ਅਕਾਲੀ ਜਥਿਆਂ ਦੇ ਵਰਕਰ ਵੀ ਸੇਵਾ ਵਿੱਚ ਮਦਦ ਕਰਦੇ ਹਨ । ਸਿੱਖ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਵੀ ਜੋੜਿਆਂ, ਗਠੜੀਆਂ ਦੇ ਰੱਖ ਰਖਾਉ ਅਤੇ ਪ੍ਰਕਰਮਾਂ ਤੇ ਹੋਰ ਭੀੜ-ਭੜੱਕੇ ਵਾਲੇ ਥਾਵਾਂ 'ਤੇ ਵਲੰਟੀਅਰਾਂ ਦੇ ਤੌਰ 'ਤੇ ਸੇਵਾ ਵਿੱਚ ਪੂਰਾ ਹੱਥ ਵਟਾਉਂਦੇ ਹਨ । ਗੁਰਦੁਆਰਾ ਮੰਜੀ ਸਾਹਿਬ ਹਾਲ ਵਿੱਚ ਤਿੰਨ ਦਿਨ ਲਗਾਤਾਰ ਅੱਠੇ ਪਹਿਰ ਦੀਵਾਨ ਚਲਦਾ ਰਹਿੰਦਾ ਹੈ । ਜਿਸ ਵਿੱਚ ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤਾਂ ਨੂੰ ਗੁਰਬਾਣੀ ਦਾ ਕੀਰਤਨ, ਵਾਰਾਂ ਤੇ ਕਵਿਤਾਵਾਂ ਸੁਣਾ ਕੇ ਨਿਹਾਲ ਕਰਦੇ ਹਨ । ਪ੍ਰਚਾਰਕਾਂ, ਵਿਦਵਾਨਾਂ ਤੇ ਸਿਆਸੀ ਲੀਡਰਾਂ ਦੇ ਵੀ ਭਾਸ਼ਨ ਹੁੰਦੇ ਹਨ । ਦੀਵਾਲੀ ਤੇ ਵੈਸਾਖੀ ਵਾਲੇ ਦਿਨ ਸ਼ਾਮ ਨੂੰ ਰਹਰਾਸਿ ਦਾ ਪਾਠ ਆਰੰਭ ਹੋਣ ਤੋਂ ਪਹਿਲਾਂ ਜਦੋਂ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਹਿੱਤ ਪ੍ਰਕਰਮਾਂ ਵਿੱਚ ਅਗਾਊਂ ਜੁੜ ਬੈਠੀਆਂ ਹੁੰਦੀਆਂ ਹਨ । ਦਰਸ਼ਨੀ ਡਿਉਢੀ ਦੀ ਉਪਰਲੀ ਛੱਤ ਤੋਂ ਮੁੱਖ ਗ੍ਰੰਥੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀਵਾਲੀ ਤੇ ਵੈਸਾਖੀ ਦੀ ਮਹਾਨਤਾ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਿਮਾ ਤੇ ਮੌਜੂਦਾ ਪੰਥਕ ਹਾਲਾਤ 'ਤੇ ਚਾਨਣਾ ਪਾਉਂਦੇ ਹਨ ।

ਯਾਤਰੂਆਂ ਨੂੰ ਇਸ਼ਨਾਨ ਕਰਨ ਸਮੇਂ ਜਾਂ ਪ੍ਰਕਰਮਾ ਕਰਦਿਆਂ ਕੋਈ ਦਿੱਕਤ ਪੇਸ਼ ਨਾ ਆਵੇ ਮੇਲਿਆਂ ਦੇ ਦਿਨਾਂ ਵਿੱਚ ਕਾਫ਼ੀ ਗਿਣਤੀ ਵਿੱਚ ਸੇਵਾਦਾਰ ਡਿਊਟੀਆਂ 'ਤੇ ਸਾਵਧਾਨ ਖੜ੍ਹੇ ਰਹਿੰਦੇ ਹਨ । ਪੌਣਿਆਂ ਵਿੱਚ ਮਾਈਆਂ ਬੀਬੀਆਂ ਦੀ ਸਹਾਇਤਾ ਲਈ ਸੇਵਾਦਾਰਨੀਆਂ ਹਮੇਸ਼ਾ ਹਾਜ਼ਰ ਰਹਿੰਦੀਆਂ ਹਨ ।

**ਗੁਰਪੁਰਬ** – ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਸਾਂ ਸਤਿਗੁਰਾਂ ਦੇ ਅਵਤਾਰ ਧਾਰਨ, ਗੁਰ-ਗੱਦੀ ਨਸ਼ੀਨੀ ਤੇ ਜੋਤੀ ਜੋਤਿ ਸਮਾਉਣ ਦੇ ਸਾਰੇ ਗੁਰਪੁਰਬ ਮਨਾਏ ਜਾਂਦੇ

ਹਨ। ਇਨ੍ਹਾਂ ਉਪ੍ਰੋਕਤ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਉਸਤਵ ਤੇ ਗੁਰਤਾ ਗੱਦੀ-ਨਸ਼ੀਨੀ ਦੇ ਦੋਵੇਂ ਗੁਰਪੁਰਬ ਅਤੇ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੇ ਦੋਵੇਂ ਸ਼ਹੀਦੀ ਦਿਵਸ ਵੀ ਮਨਾਏ ਜਾਂਦੇ ਹਨ। ਇਨ੍ਹਾਂ ਦਿਨਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਉਸੇ ਗੁਰਪੁਰਬ ਸਬੰਧੀ ਸਾਰੇ ਰਾਗੀ ਜਥੇ ਕੀਰਤਨ ਕਰਦੇ ਹਨ। ਕਥਾ ਵਿਖਿਆਨ ਅੰਦਰ ਨਹੀਂ ਹੁੰਦਾ। ਹਰ ਗੁਰਪੁਰਬ ਬਾਰੇ ਗੁ: ਮੰਜੀ ਸਾਹਿਬ ਹਾਲ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਏ ਮਹਾਂਵਾਕ ਦੀ ਕਥਾ ਤੋਂ ਬਾਅਦ ਵਿਦਵਾਨਾਂ ਦੇ ਭਾਸ਼ਨ ਹੁੰਦੇ ਹਨ, ਕੀਰਤਨ ਦੇ ਨਾਲ-ਨਾਲ ਢਾਡੀ ਤੇ ਕਵੀਸ਼ਰ ਵੀ ਆਪਣੇ ਢੰਗ ਨਾਲ ਗੁਰਪੁਰਬ ਬਾਰੇ ਸੰਗਤਾਂ ਨੂੰ ਇਤਿਹਾਸ ਸੁਣਾਉਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੜਾਹ ਪ੍ਰਸ਼ਾਦ, ਫਲ ਤੇ ਫੁੱਲਾਂ ਦੇ ਸੇਹਰੇ ਚੜ੍ਹਦੇ ਹਨ। ਸੁਬ੍ਹਾ ਦੀ ਅਰਦਾਸ ਵਿੱਚ ਹੀ ਅਰਦਾਸੀਆ ਸਿੰਘ ਗੁਰਪੁਰਬ ਮਨਾਏ ਜਾਣ ਦੀ ਸੂਚਨਾ ਦੇਂਦਾ ਹੈ ਕਿ ਬਾਰ੍ਹਾਂ ਵਜੇ ਗੁਰਪੁਰਬ ਮਨਾਇਆ ਜਾਵੇਗਾ। ਬਾਰ੍ਹਾਂ ਵਜੇ ਦੀ ਅਰਦਾਸ ਤੋਂ ਪਹਿਲਾਂ ਹੀ ਸੰਗਤਾਂ ਦਾ ਵਿਸ਼ੇਸ਼ ਇੱਕਠ ਹੋ ਜਾਂਦਾ ਹੈ। ਰਾਗੀ ਸਿੰਘ ਉਸੇ ਗੁਰਪੁਰਬ ਸੰਬੰਧੀ ਸ਼ਬਦਾਂ ਦਾ ਗਾਇਨ ਕਰਦੇ ਹਨ। ਜਿਸ ਦਾ ਸੰਗਤਾਂ ਅਨੰਦ ਮਾਣਦੀਆਂ ਹਨ। ਪੂਰੇ ਬਾਰ੍ਹਾਂ ਵਜੇ ਅਰਦਾਸੀਆ ਸਿੰਘ ਰੋਜ਼ਾਨਾ ਦੀ ਅਰਦਾਸ ਦੇ ਅਖੀਰ ਵਿੱਚ ਸੰਬੰਧਤ ਗੁਰਪੁਰਬ ਦਾ ਨਾਮ ਲੈ ਕੇ ਉਸ ਗੁਰਪੁਰਬ ਦੇ ਮਨਾਏ ਜਾਣ ਦੀ ਅਰਦਾਸ ਕਰਦਾ ਹੈ। ਅਰਦਾਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਰੱਖੇ ਹੋਏ ਸੇਹਰੇ ਤੇ ਫੁੱਲਾਂ ਵਿੱਚੋਂ ਅਰਦਾਸ ਉਪਰੰਤ ਅਰਦਾਸੀਏ ਸਿੰਘ ਵੱਲੋਂ ਪੰਜ ਸੇਹਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਚੜ੍ਹਾਏ ਜਾਂਦੇ ਹਨ। ਇਕ ਸੇਹਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੇ ਗਲ ਵਿੱਚ ਪਾਇਆ ਜਾਂਦਾ ਹੈ। ਉਪਰੰਤ ਚੌਰ ਬਰਦਾਰ ਇਕ ਸੇਹਰਾ ਅਰਦਾਸੀਏ ਸਿੰਘ ਦੇ ਗਲ ਵਿੱਚ ਪਾ ਦੇਂਦਾ ਹੈ। ਉਪਰੰਤ ਅਰਦਾਸੀਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਰੀ ਸੰਗਤ ਉੱਪਰ ਫੁੱਲ ਪੱਤੀਆਂ ਦੀ ਵਰਖਾ ਕਰਦਾ ਹੈ। ਫਿਰ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

**ਬਸੰਤ ਦਰਬਾਰ**- ਮਾਘੀ ਵਾਲੇ ਦਿਨ ਸੋਦਰੁ ਦੇ ਪਾਠ ਦੀ ਸਮਾਪਤੀ ਤੋਂ ਉਪਰੰਤ ਰਾਤ ਦੀ ਚੌਂਕੀ ਵਾਲੇ ਮਹੰਤ ਕਰਮ ਸਿੰਘ, ਮਹੰਤ ਅਮਰ ਸਿੰਘ ਤੇ ਪਾਲਕੀ ਸਾਹਿਬ ਦੀ ਸੇਵਾ ਦੇ ਪ੍ਰੇਮੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਬਸੰਤ ਦਰਬਾਰ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਸ ਵਿੱਚ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਵਿਦਵਾਨ ਸੱਜਣਾਂ ਦੇ ਭਾਸ਼ਨ ਹੁੰਦੇ ਹਨ ਤੇ ਸੰਗੀਤ ਦੇ ਮਾਹਰ ਰਾਗੀ ਸਿੰਘ ਬਸੰਤ ਰਾਗ ਵਿੱਚ ਕੀਰਤਨ ਕਰ ਕੇ ਆਪਣੇ ਹੁੱਨਰ ਦਾ ਪ੍ਰਗਟਾਵਾ ਕਰਦੇ ਹਨ ਤੇ ਸ਼ਹਿਰ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਅੱਪੜ ਕੇ ਕੀਰਤਨ ਦਾ ਅਨੰਦ ਮਾਣਦੀਆਂ ਹਨ। ਸਮਾਪਤੀ ਉਪਰੰਤ ਸੰਗਤਾਂ ਉੱਪਰ ਫੁੱਲਾਂ ਦੀ ਬਰਖਾ ਕੀਤੀ ਜਾਂਦੀ ਹੈ।

**ਹੋਲੇ ਮਹੱਲੇ ਦੇ ਦੀਵਾਨ** - ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵੱਲੋਂ ਹੋਲੇ ਮਹੱਲੇ ਤੋਂ ਇਕ ਹਫ਼ਤਾ ਪਹਿਲਾਂ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੋਲੇ ਮਹੱਲੇ ਦੇ ਸੰਬੰਧ ਵਿੱਚ ਦੀਵਾਨ ਸਜਾਏ ਜਾਂਦੇ ਹਨ ਜਿਸ ਵਿੱਚ ਰਾਗੀ ਗੁਰਬਾਣੀ ਦੇ ਕੀਰਤਨ ਦੁਆਰਾ ਤੇ ਢਾਡੀ ਸ਼ਹੀਦੀ ਤੇ ਜੰਗੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਕਵੀ ਆਪਣੀ ਸੁੰਦਰ ਕਾਵਿ ਰਾਹੀਂ ਤੇ ਵਿਦਵਾਨ ਆਪਣੇ ਭਾਸ਼ਨਾਂ ਰਾਹੀਂ ਸਿੱਖ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਸੁਣਾ ਕੇ ਸੰਗਤਾਂ ਨੂੰ ਪ੍ਰਸੰਨ ਕਰਦੇ ਹਨ। ਹੋਲੇ ਮਹੱਲੇ ਵਾਲੇ ਦਿਨ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਦਿਨ ਦੇ ਇਕ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਜਲੂਸ ਆਰੰਭ ਹੁੰਦਾ ਹੈ, ਜੋ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਬਾਬਾ ਫੂਲਾ ਸਿੰਘ ਜੀ ਦੇ ਬੁਰਜ ਜਾ ਕੇ ਸਮਾਪਤ ਹੁੰਦਾ ਹੈ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਘੋੜ-ਸਵਾਰ ਪੰਜਾਂ ਪਿਆਰਿਆਂ ਤੋਂ ਇਲਾਵਾ ਘੋੜ ਸਵਾਰ ਨਿਹੰਗ ਸਿੰਘ, ਗਤਕਾ ਪਾਰਟੀਆਂ, ਕੀਰਤਨੀ ਜਥੇ ਤੇ ਪੈਦਲ ਸੰਗਤਾਂ ਸ਼ਾਮਲ ਹੁੰਦੀਆਂ ਹਨ। ਇਹ ਜਲੂਸ ਸਿੰਘਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੁੰਦਾ ਹੈ।

ਹੋਲੇ ਮਹੱਲੇ ਵਾਲੇ ਦਿਨ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਮਾਪਤੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੀ ਵਾਪਸੀ ਸਮੇਂ ਸੰਗਤਾਂ ਦਾ ਭਾਰੀ ਇਕੱਠ ਹੋ ਜਾਂਦਾ ਹੈ। ਉਸ ਸਮੇਂ ਸੰਗਤਾਂ ਵਿੱਚੋਂ ਪ੍ਰੇਮੀ ਸੱਜਣ ਬੜੇ ਉਤਸ਼ਾਹ ਨਾਲ ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਅਤੇ ਅਤਰ ਤੇ ਕਿਉੜੇ ਆਦਿ ਸੁਗੰਧੀਆਂ ਦੀ ਵਰਖਾ ਕਰਦੀਆਂ ਕੋਠਾ ਸਾਹਿਬ ਤੱਕ ਅਪੜਦੀਆਂ ਹਨ। ਇਹ ਦ੍ਰਿਸ਼ ਵੀ ਵੇਖਣ ਨਾਲ ਹੀ ਸੰਬੰਧ ਰੱਖਦਾ ਹੈ।

**ਵੱਡੇ ਗੁਰਪੁਰਬ-** ਇਸ ਸਮੇਂ ਪੰਜ ਗੁਰਪੁਰਬ ਵਿਸ਼ੇਸ਼ ਕਰ ਕੇ ਵੱਡੀ ਪੱਧਰ 'ਤੇ ਮਨਾਏ ਜਾਂਦੇ ਹਨ। ਇਹ ਪੰਜ ਗੁਰਪੁਰਬ ਇਹ ਹਨ :

੧. ਕੱਤਕ ਪੂਰਨਮਾਸ਼ੀ, ਪ੍ਰਕਾਸ਼ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ।
੨. ਕੱਤਕ ਵਦੀ ਦੂਜ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮਦਾਸ ਹੀ।
੩. ਪੋਹ ਸੁਦੀ ਸਪਤਮੀ, ਪ੍ਰਕਾਸ਼ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ।
੪. ਜੇਠ ਵਦੀ ਅੱਠਵੀਂ, ਗੁਰ-ਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।
੫. ਭਾਦਰੋਂ ਸੁਦੀ ਏਕਮ, ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

**ਜਲੂਸ ਤੇ ਕੀਰਤਨ** - ਗੁਰਗੱਦੀ ਪਾਤਸ਼ਾਹੀ ੬ਵੀਂ ਤੋਂ ਬਿਨਾਂ ਗੁਰਪੁਰਬਾਂ ਸਮੇਂ ਭਾਰੀ ਸ਼ਾਨੋ-ਸ਼ੌਕਤ ਨਾਲ ਜਲੂਸ ਤੇ ਨਗਰ ਕੀਰਤਨ ਕੱਢੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਸਮੇਂ ਉਸੇ ਦਿਨ ਸਵੇਰੇ ੭-੩੦ ਵਜੇ ਗੁਰਦੁਆਰਾ ਰਾਮਸਰ ਤੋਂ ਸੁਨਹਿਰੀ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਜਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਚੌਰ ਕਰਦੇ ਨਾਲ ਚਲਦੇ ਹਨ। ਸੰਗਤਾਂ ਪਾਲਕੀ ਨੂੰ ਮੋਢਾ ਦੇ ਕੇ ਚੁੱਕ ਕੇ ਚਲਦੀਆਂ ਹਨ। ਵਾਜਿਆਂ ਗਾਜਿਆਂ ਤੇ ਰਣਸਿੰਗਿਆਂ ਦੀ ਘਨਘੋਰ ਵਿੱਚ ਸ਼ਬਦੀ ਕੀਰਤਨੀ ਜਥੇ ਜੋਟੀਆਂ ਦੇ ਸ਼ਬਦ ਪੜ੍ਹਦੇ ਨਾਲ ਚਲਦੇ ਹਨ। ਇਸ ਤਰ੍ਹਾਂ ਸ਼ਹਿਰ ਦੀਆਂ ਸੰਗਤਾਂ ਦਾ ਭਾਰੀ ਜਲੂਸ ੯-੩੦ ਵਜੇ ਸ੍ਰੀ ਹਰਿਮੰਦਰ ਸਾਹਿਬ ਪੁੱਜਦਾ ਹੈ। ਬਾਕੀ ਤਿੰਨ ਗੁਰਪੁਰਬਾਂ ਦੇ ਜਲੂਸ ਗੁਰਪੁਰਬ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਕੱਢੇ ਜਾਂਦੇ ਹਨ। ਇਹ ਜਲੂਸ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਦੇ ਹਨ। ਸਭ ਤੋਂ ਅੱਗੇ ਨਗਾਰੇ, ਪੰਜ ਨਿਸ਼ਾਨਚੀ, ਘੋੜਿਆਂ ਉੱਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ, ਸ਼ਹਿਰ ਦੇ ਸ਼ਬਦੀ ਜੱਥੇ, ਬੀਬੀਆਂ ਦੇ ਕੀਰਤਨੀ ਜਥੇ, ਸਕੂਲਾਂ ਦੇ ਸਟਾਫ ਤੇ ਬੱਚੇ ਬੱਚੀਆਂ ਲਾਈਨਾਂ ਵਿੱਚ ਪਾਲਕੀ ਤੋਂ ਅੱਗੇ-ਅੱਗੇ ਚਲਦੇ ਹਨ। ਉਨ੍ਹਾਂ ਤੋਂ ਪਿੱਛੇ ਤੇ ਪਾਲਕੀ ਦੇ ਅੱਗੇ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ ਤੇ ਸ਼ਹਿਰ ਦੇ ਮੁਖੀ ਤੇ ਪਤਵੰਤੇ ਸੱਜਣ ਸ਼ਰਧਾ ਸਹਿਤ ਚਲ ਰਹੇ ਹੁੰਦੇ ਹਨ। ਸੁਨਹਿਰੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਵਿੱਚ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਥਾਪਤ ਹੁੰਦੀ ਹੈ । ਸੁੰਦਰ ਤੇ ਕੀਮਤੀ ਰੁਮਾਲੇ ਸਜ ਰਹੇ ਹੁੰਦੇ ਹਨ । ਚਾਰ ਪਹੀਆਂ ਵਾਲੀ ਸਪੈਸ਼ਲ ਗੱਡੀ ਉੱਪਰ ਪਾਲਕੀ ਰੱਖੀ ਹੁੰਦੀ ਹੈ । ਜਿਸ ਨੂੰ ਸੰਗਤਾਂ ਹੱਥਾਂ ਨਾਲ ਖਿਚਦੀਆਂ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਵਾਰੀ ਵਾਰੀ ਬੈਠਦੇ ਹਨ । ਪਾਲਕੀ ਦੇ ਪਿੱਛੇ ਮਾਈ-ਭਾਈ ਪੈਦਲ ਚਲਦੇ ਹਨ । ਇਹ ਜਲੂਸ ਸ਼ਹਿਰ ਦੇ ਖਾਸ-ਖਾਸ ਮੁੱਖ ਬਾਜ਼ਾਰਾਂ ਵਿੱਚੋਂ ਦੀ ਲੰਘਦਾ ਹੋਇਆ ਸ਼ਾਮ ਨੂੰ ੬ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਆ ਕੇ ਸਮਾਪਤ ਹੁੰਦਾ ਹੈ ।

ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਗੁਰਪੁਰਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੇ ਦੋਨੋਂ ਜਲੂਸ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਹੇਠ ਕੱਢੇ ਜਾਂਦੇ ਹਨ ਜਦ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਅਵਤਾਰ ਪੁਰਬ ਦੇ ਜਲੂਸ ਦਾ ਸਾਰਾ ਪ੍ਰਬੰਧ ਸ਼ਹਿਰ ਦੀ ਨਿਰੰਕਾਰੀ ਗੁਰਪੁਰਬ ਕਮੇਟੀ ਕਰਦੀ ਹੈ ਅਤੇ ਪੋਹ ਸੁਦੀ ਸਪਤਮੀ ਦੇ ਜਲੂਸ ਦਾ ਪ੍ਰਬੰਧ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਹੁੰਦਾ ਹੈ । ਇਨ੍ਹਾਂ ਦੋਹਾਂ ਜਥੇਬੰਦੀਆਂ ਨੂੰ ਇਨ੍ਹਾਂ ਜਲੂਸਾਂ ਸਮੇਂ ਸ੍ਰੀ ਦਰਬਾਰ ਸਾਹਿਬ ਪ੍ਰਬੰਧ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਂਦਾ ਹੈ ।

**ਜਲੌ**– ਉਪਰੋਕਤ ਪੰਜਾਂ ਹੀ ਗੁਰਪੁਰਬਾਂ ਵਾਲੇ ਦਿਨ ਰੁੱਤ ਅਨੁਸਾਰ ੯ ਤੋਂ ੧੧ ਜਾਂ ੧੦ ਤੋਂ ੧੨ ਵਜੇ ਤੱਕ ਦੋ ਘੰਟੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਲੌ ਸਜਾਏ ਜਾਂਦੇ ਹਨ। ਜਲੌ ਦਾ ਸਾਰਾ ਸਾਮਾਨ ਅੰਦਰ ਲਿਆ ਕੇ ਸਜਾਇਆ ਜਾਂਦਾ ਹੈ । (ਜਲੌ ਦੇ ਸਾਮਾਨ ਬਾਰੇ ਪੜ੍ਹੋ ਜਲੌ ਸ੍ਰੀ ਹਰਿਮੰਦਰ ਸਾਹਿਬ ਸਿਰਲੇਖ ਹੇਠਾਂ) ਸ੍ਰੀ ਹਰਿਮੰਦਰ ਸਾਹਿਬ ਦੇ ਚਹੁੰਆਂ ਦਰਵਾਜ਼ਿਆਂ ਦੇ ਚਾਂਦੀ ਦੇ ਪੱਤਰਿਆਂ ਵਾਲੇ ਤਖ਼ਤੇ ਉਤਾਰ ਕੇ ਚਹੁੰਆਂ ਹੀ ਬੂਹਿਆਂ ਵਿੱਚ ਸੋਨੇ ਦੇ ਪੱਤਰਿਆਂ ਵਾਲੀਆਂ ਜੋੜੀਆਂ ਚੜ੍ਹਾਈਆਂ ਜਾਂਦੀਆਂ ਹਨ । ਸੰਗਤਾਂ ਭਾਰੀ ਗਿਣਤੀ ਵਿੱਚ ਆ ਕੇ ਜਲੌ ਦੇ ਦਰਸ਼ਨ ਕਰਦੀਆਂ ਹਨ । ਦਿਨੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਦੀਵਾਨ ਸਜਦੇ ਹਨ, ਜਿਥੇ ਢਾਡੀ, ਕਵੀਸ਼ਰੀ ਜਥੇ ਸੰਗਤਾਂ ਨੂੰ ਨਿਹਾਲ ਕਰਦੇ ਹਨ । ਨਿਰੰਕਾਰੀ ਗੁਰਪੁਰਬ ਕਮੇਟੀ ਤੇ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸਕੂਲਾਂ ਦੇ ਬੱਚੇ ਬੱਚੀਆਂ ਦੇ ਸ਼ਬਦ ਗਾਇਨ ਦੇ ਮੁਕਾਬਲੇ ਕਰਵਾਏ ਜਾਂਦੇ ਹਨ । ਪਹਿਲੇ, ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ । ਬਾਕੀ ਬੱਚਿਆਂ ਵਿੱਚ ਫਲ ਤੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ ।

ਗੁਰਪੁਰਬਾਂ ਵਾਲੇ ਦਿਨ ਰਾਤ ਨੂੰ ਦੀਪਮਾਲਾ ਕੀਤੀ ਜਾਂਦੀ ਹੈ । ਸਰੋਵਰ ਦੇ ਕਿਨਾਰੇ ਸਰੋਂ ਦੇ ਤੇਲ ਨਾਲ ਭਰੇ ਦੀਵੀਆਂ ਦੀਆਂ ਕਤਾਰਾਂ ਲਗਾਈਆਂ ਜਾਂਦੀਆਂ ਹਨ । ਸ੍ਰੀ ਹਰਿਮੰਦਰ ਸਾਹਿਬ ਦੀ ਸਾਰੀ ਇਮਾਰਤ ਦੇ ਚਹੁੰ ਪਾਸੀਂ ਬਿਜਲੀ ਦੇ ਬਲਬਾਂ ਦੇ ਜਾਲ ਲਟਕਾ ਕੇ ਜਗਾਏ ਜਾਂਦੇ ਹਨ । ਸ੍ਰੀ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉਢੀ, ਘੰਟਾ ਘਰਾਂ ਦੀਆਂ ਦੋਵੇਂ ਡਿਉਢੀਆਂ, ਲੰਗਰ, ਸ੍ਰੀ ਗੁਰੂ ਰਾਮਦਾਸ, ਤੇਜਾ ਸਿੰਘ ਸਮੁੰਦਰੀ ਹਾਲ ਤੇ ਸਰਾਵਾਂ ਉੱਪਰ ਵੀ ਬਿਜਲੀ ਦੀ ਰੌਸ਼ਨੀ ਕੀਤੀ ਜਾਂਦੀ ਹੈ । ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸ਼ਸ਼ਤ੍ਰ ਵਿਖਾਉਣ ਤੋਂ ਬਾਅਦ ਦਰਸ਼ਨੀ ਡਿਉਢੀ, ਡਿਉਢੀ ਘੰਟਾ ਘਰ, ਡਿਉਢੀ ਆਟਾ ਮੰਡੀ ਅਤੇ ਡਿਉਢੀ ਸਰਾਏ ਗੁਰੂ ਰਾਮਦਾਸ ਉੱਪਰੋਂ, ਘੰਟਾ ਡੇਢ ਘੰਟਾ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ ।

**ਕੀਰਤਨ ਦਰਬਾਰ**– ਉਪ੍ਰੰਤ ਗੁਰਦੁਆਰਾ ਮੰਜੀ ਸਾਹਿਬ ਵਿਖੇ ਰਾਤ ਦੇ ਇੱਕ ਜਾਂ ਦੋ

ਵਜੇ ਤੱਕ ਕੀਰਤਨ ਦਰਬਾਰ ਸਜਦੇ ਹਨ । ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਅਵਤਾਰ ਗੁਰਪੁਰਬ ਵਾਲੇ ਦਿਨ ਵੱਡੀ ਪੱਧਰ 'ਤੇ ਸਾਲਾਨਾ ਕੀਰਤਨ ਦਰਬਾਰ ਹੁੰਦਾ ਹੈ, ਜਿਸ ਵਿੱਚ ਸਿੱਖ ਰਾਗੀਆਂ ਦੇ ਚੋਟੀ ਦੇ ਕੀਰਤਨੀ ਜਥੇ ਭਾਗ ਲੈਂਦੇ ਹਨ । ਭਾਰਤ ਭਰ ਦੇ ਹਰ ਹਿੱਸੇ ਤੋਂ ਰਾਗੀ ਸਿੰਘ ਤੇ ਸੰਗਤਾਂ ਇਸ ਅਵਸਰ 'ਤੇ ਪੁਜਦੀਆਂ ਹਨ ਕਿਉਂਕਿ ਇਹ ਗੁਰਪੁਰਬ ਏਡੀ ਵੱਡੀ ਪੱਧਰ ਦਾ ਹੋਰ ਕਿਸੇ ਥਾਂ ਵੀ ਨਹੀਂ ਮਨਾਇਆ ਜਾਂਦਾ । ਕੱਤਕ ਪੁੰਨਿਆ ਤੇ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਤਾਂ ਹਰ ਸ਼ਹਿਰ, ਮਹੱਲੇ, ਕਸਬੇ ਤੇ ਪਿੰਡਾਂ ਵਿੱਚ ਮਨਾਏ ਜਾਂਦੇ ਹਨ।

**ਚਾਨਣੀਆਂ**– ਪੁਰਾਤਨ ਸਮਿਆਂ ਵਿੱਚ ਹਰ ਮੱਸਿਆ ਤੇ ਹਰ ਗੁਰਪੁਰਬ ਦੇ ਮੌਕੇ, ਗਰਮੀ ਤੇ ਸਰਦੀ ਦੇ ਬਚਾਅ ਵਾਸਤੇ ਦਰਸ਼ਨੀ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਬੂਹੇ ਤੱਕ ਸਾਰੇ ਪੁਲ ਉੱਪਰ ਬਨਾਤ ਦੇ ਕਪੜੇ ਦੀ ਬਣੀ ਚਾਨਣੀ ਲਾਈ ਜਾਂਦੀ ਸੀ, ਜਿਸ ਦੀਆਂ ੪੮ ਚੋਬਾਂ ਸਨ ਜਿਨ੍ਹਾਂ ਉੱਪਰ ਚਾਂਦੀ ਦੇ ਖੋਲ ਚੜ੍ਹੇ ਹੋਏ ਸਨ । ਉਨ੍ਹਾਂ ਚੋਬਾਂ ਨੂੰ ਖੜ੍ਹਾ ਕਰਨ ਲਈ ਪੁਲ ਦੇ ਜੰਗਲੇ ਤੋਂ ਬਾਹਰਵਾਰ ਦੋਹੀਂ ਪਾਸੀਂ ਸਰੋਵਰ ਵੱਲ ਪੁਲ ਬਣਨ ਦੇ ਸਮੇਂ ਦੇ ਹੀ ਇੱਟਾਂ ਤੇ ਚੂਨੇ ਦੇ ਗੋਲ ਖੁੱਤੇ ਜਿਹੇ ਬਣੇ ਹੋਏ ਹਨ, ਜਿਨ੍ਹਾਂ ਵਿੱਚ ਚੋਬਾਂ ਅੜ ਕੇ ਖੜ੍ਹੀਆਂ ਰਹਿੰਦੀਆਂ ਸਨ । ਇਹ ਚੋਬਾਂ ਦਰਸ਼ਨੀ ਡਿਉਢੀ ਦੀ ਉਪਰਲੀ ਮੰਜ਼ਲ ਵਿੱਚ ਤੋਸ਼ੇਖਾਨੇ ਵਾਲੇ ਕਮਰੇ ਦੇ ਸਾਹਮਣੇ ਵਾਲੇ ਕਮਰੇ 'ਚ ਅਜੇ ਵੀ ਪਈਆਂ ਵੇਖੀਆਂ ਜਾ ਸਕਦੀਆਂ ਹਨ, ਪਰ ਹੁਣ ਇਹ ਬਹੁਤ ਖਸਤਾ ਹਾਲਤ ਵਿੱਚ ਹਨ ਤੇ ਬਨਾਤ ਦੀਆਂ ਚਾਨਣੀਆਂ ਤਾਂ ਬਿਲਕੁਲ ਖਤਮ ਹੀ ਹੋ ਗਈਆਂ ਹਨ ।

੧੯੫੮ ਈ: ਤੋਂ ਜਦ ਦਾ ਮੈਂ ਸੇਵਾ ਵਿੱਚ ਹਾਜ਼ਰ ਹੋਇਆ ਹਾਂ ਇਹ ਚਾਨਣੀਆਂ ਕਦੀ ਨਹੀਂ ਲੱਗੀਆਂ । ਭਾਈ ਦਰਸ਼ਨ ਸਿੰਘ ਜਥੇਦਾਰ ਅਰਦਾਸੀਆ ਤੇ ਉਨ੍ਹਾਂ ਤੋਂ ਪਹਿਲਾਂ ਸੇਵਾ ਮੁਕਤ ਹੋਏ ਮੁੱਖੀ ਅਰਦਾਸੀਏ ਸਿੰਘ ਦੱਸਦੇ ਹਨ ਕਿ ਸਾਡੇ ਸਮੇਂ ਵਿੱਚ ਇਹ ਚਾਨਣੀਆਂ ਪੁਲ ਉੱਪਰ ਲਗਦੀਆਂ ਰਹੀਆਂ ਹਨ ।

* * *

# ਸ੍ਰੀ ਹਰਿਮੰਦਰ ਸਾਹਿਬ ਜੀ ਦੀ ਚਿਤ੍ਰਕਲਾ

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਆਏ ਹਰ ਸਿੱਖ, ਗੈਰ-ਸਿੱਖ ਯਾਤਰੂ ਦੇ ਮਨ ਉੱਪਰ ਜਿਥੇ ਏਥੋਂ ਦੇ ਸ਼ਾਂਤ ਤੇ ਏਕਾਂਤ ਵਾਯੂ ਮੰਡਲ ਅਤੇ ਅੱਠੇ ਪਹਿਰ ਦੇ ਇਲਾਹੀ ਕੀਰਤਨ ਦਾ ਦੈਵੀ ਪ੍ਰਭਾਵ ਪੈਂਦਾ ਹੈ। ਉਥੇ ਸ੍ਰੀ ਹਰਿਮੰਦਰ ਸਾਹਿਬ ਦੀ ਕਲਾ ਸੁੰਦਰਤਾ ਵੀ ਹਰ ਦਰਸ਼ਕ ਦੀ ਨਿਗ੍ਹਾ ਨੂੰ ਆਪਣੇ ਵੱਲ ਬਦੋਬਦੀ ਖਿੱਚਦੀ ਹੈ ਕਿਉਂਕਿ ਜਿਵੇਂ ਸ੍ਰੀ ਹਰਿਮੰਦਰ ਸਾਹਿਬ ਦੀ ਭਵਨ-ਕਲਾ ਦੁਨੀਆਂ ਭਰ ਦੀਆਂ ਹੋਰ ਭਵਨ-ਕਲਾਵਾਂ ਤੋਂ ਭਿੰਨ, ਅਨੂਪਮ ਤੇ ਵਿਲੱਖਣ ਹੈ, ਇਸੇ ਤਰ੍ਹਾਂ ਇਸ ਦੇ ਅੰਦਰ ਤੇ ਬਾਹਰ ਜੋ ਚਿਤ੍ਰਕਲਾ ਦਾ ਨਿਰਮਾਣ ਹੋਇਆ ਹੈ, ਉਹ ਕਲਾ-ਪਾਰਖੂਆਂ ਨੂੰ ਚਕ੍ਰਿਤ ਕਰ ਦੇਣ ਵਾਲਾ ਹੈ ਕਿਉਂਕਿ ਸਿੱਖ ਕਾਰੀਗਰਾਂ ਅਤੇ ਚਿੱਤ੍ਰਕਾਰਾਂ ਨੇ ਇਸ ਕੋਮਲ ਹੁੱਨਰ ਨੂੰ ਇਸ ਦੀਆਂ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ।

ਇਸ ਕਲਾ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਹਿੰਦੂ ਜਾਂ ਮੁਸਲਮਾਨ ਚਿੱਤ੍ਰਕਾਰਾਂ ਤੇ ਕਾਰੀਗਰਾਂ ਦੀ ਨਕਲ ਨਹੀਂ ਸਗੋਂ ਦੋਹਾਂ ਹੁੱਨਰਾਂ ਤੋਂ ਇਕ ਵੱਖਰਾ, ਨਿਰਾਲਾ ਤੇ ਵਧੇਰੇ ਸੁੰਦਰ ਹੁੱਨਰ ਰੂਪਮਾਨ ਕੀਤਾ ਹੈ।

**ਇਸ ਚਿਤ੍ਰਕਲਾ ਦੇ ਕਈ ਰੂਪ ਹਨ, ਜਿਵੇਂ ਕਿ -**

੧. ਸੁਨਹਿਰੀ ਚਿਤ੍ਰ। ੨. ਜੜਤਕਾਰੀ, ਜਿਸ ਨੂੰ ਪੱਥਰ ਵੀ ਮੁਨੱਵਤ ਵੀ ਆਖਦੇ ਹਨ। ੩. ਮੁਹਰਾਕਸ਼ੀ। ੪. ਨਕਾਸ਼ੀ। ੫. ਗੱਚ ਦੀ ਮੁਨੱਵਤ। ੬. ਟੁਕੜੀ। ੭. ਲਾਇ ਦੀ ਮੁਨੱਵਤ। ੮. ਹੀਰਾ-ਨੁਮਾ।

**੧. ਸੁਨਹਿਰੀ ਚਿਤ੍ਰ**- ਸ੍ਰੀ ਹਰਿਮੰਦਰ ਸਾਹਿਬ ਦੇ ਵੱਡੇ-ਛੋਟੇ ਗੁੰਬਦਾਂ, ਅੰਦਰ-ਬਾਹਰ ਕੰਧਾਂ ਉੱਪਰ ਹੋਇਆਂ ਸੋਨੇ ਦਾ ਕੰਮ ਤੇ ਚਾਰ ਸੁਨਹਿਰੀ ਜੋੜੀਆਂ ਦੇ ਤਖ਼ਤਿਆਂ ਉੱਪਰ (ਜਿੱਥੇ ਜਿੱਥੇ) ਪਹਿਲਾਂ ਤਾਂਬੇ ਦੇ ਪੱਤਰਿਆਂ ਵਿੱਚ ਇਸ ਤਰ੍ਹਾਂ ਵਿੰਗ ਪਾਏ ਜਾਂਦੇ ਹਨ, ਜਿਵੇਂ ਉਨ੍ਹਾਂ ਪੱਤਰਿਆਂ ਉੱਪਰ ਫਲਾਂ-ਫੁੱਲਾਂ ਜਾਂ ਕਈ ਕਿਸਮ ਦੀਆਂ ਤਸਵੀਰਾਂ ਬਣ ਜਾਣ। ਬਾਅਦ ਵਿੱਚ ਉਨ੍ਹਾਂ ਤਾਂਬੇ ਦੇ ਪੱਤਰਿਆਂ ਉੱਪਰ ਸੋਨੇ ਦੇ ਵਰਕ ਚੜ੍ਹਾ ਕੇ ਉਨ੍ਹਾਂ ਨੂੰ ਸੁਨਹਿਰੀ ਕਰ ਦਿੱਤਾ ਗਿਆ ਹੈ। ਪਹਿਲੀ ਮੰਜ਼ਲ ਤੇ ਹਾਲ ਦੀਆਂ ਛੱਤਾਂ, ਚੌਹਾਂ ਬੂਹਿਆਂ ਦੇ ਉੱਪਰ ਅੰਦਰਵਾਰ ਕੰਧਾਂ ਉੱਪਰ ਵੀ ਚਿਤ੍ਰਤ ਸੋਨੇ ਦਾ ਸੁੰਦਰ ਕੰਮ ਕੀਤਾ ਹੋਇਆ ਹੈ।

ਇਸ ਤਰ੍ਹਾਂ ਇਨ੍ਹਾਂ ਥਾਵਾਂ 'ਤੇ ਸੁਨਹਿਰੀ ਚਿਤ੍ਰ ਬਣ ਗਏ ਹਨ ਜੋ ਸੋਨੇ ਦੇ ਕੰਮ ਦੇ ਕਾਰੀਗਰਾਂ ਦਾ ਕਮਾਲ ਹੈ।

**੨. ਜੜਤਕਾਰੀ ਜਾਂ ਪੱਥਰ ਦੀ ਮੁਨੱਵਤ**- ਇਹ ਕੰਮ ਵੀ ਨਕਾਸ਼ਾਂ ਦੇ ਅਧੀਨ ਹੁੰਦਾ ਹੈ। ਪਹਿਲਾਂ ਨਕਾਸ਼ ਪੱਥਰ ਉੱਪਰ ਖਾਕਾ ਬਣਾਉਂਦਾ ਹੈ। ਫਿਰ ਪੱਥਰਘਾੜਾ ਖਾਕਾ ਝਾੜ ਕੇ ਨਿੱਕੀ ਬਰੀਕ ਆਰੀ ਨਾਲ ਪੱਥਰ ਵਿੱਚ ਚੀਰ ਪਾਉਂਦਾ ਹੈ। ਰਗੜਈਏ ਵੰਨ-ਸੁਵੰਨੇ ਪੱਥਰਾਂ ਨੂੰ ਰਗੜ ਕੇ ਥੇਵੇ ਬਣਾ ਕੇ ਪੱਥਰ ਜੜਨ ਵਾਲਿਆਂ ਨੂੰ ਦੇਂਦੇ ਹਨ। ਅੱਗੋਂ ਜੜਨ ਵਾਲੇ ਉਸ ਖੋਦੇ ਹੋਏ ਖਾਕੇ ਵਿੱਚ ਥੇਵਿਆਂ ਨੂੰ ਇਸ ਤਰ੍ਹਾਂ ਫਿੱਟ ਕਰ ਕੇ ਜੜਦੇ ਹਨ ਕਿ ਜਿਸ ਨਾਲ ਚਿੱਤਰਕਾਰੀ

ਵਾਂਗ ਵੰਨ-ਸੁਵੰਨੀਆਂ ਸੁੰਦਰ ਸ਼ਕਲਾਂ ਬਣ ਜਾਂਦੀਆਂ ਹਨ । ਚਿੱਟੇ ਸੰਗਮਰਮਰ ਦੇ ਪੱਥਰ ਵਿੱਚ ਜਿਨ੍ਹਾਂ ਅੱਡ-ਅੱਡ ਰੰਗਾਂ ਦੇ ਦੇਸੀ ਤੇ ਵਿਦੇਸ਼ੀ ਪੱਥਰਾਂ ਦੇ ਥੇਵੇ ਬਣਾ ਕੇ ਜੜੇ ਜਾਂਦੇ ਹਨ, ਉਨ੍ਹਾਂ ਦੇ ਨਾਮ ਇਹ ਹਨ-

ਖੱਟੂ (ਪੀਲੇ ਰੰਗ ਦਾ), ਲਾਜ ਵਰਦ (ਨੀਲੇ ਰੰਗ ਦਾ), ਕਾਲਾ ਅਲਵਰ ਪੱਥਰ, ਸੰਗ ਪੱਸ਼ਮ, ਸੰਗ ਜ਼ੀਸ਼ਮ, ਸੰਗ ਜਰਾਅ, ਅਬਰ ਪੱਥਰ, ਸਿੱਪ, ਹਕੀਕ (ਲਾਲ ਤੇ ਬਦਾਮੀ ਭਾਅ ਵਾਲਾ), ਜ਼ਹਿਰ ਮੋਰਾ, ਬਲੌਰੀ, ਫੀਰੋਜ਼ਾ (ਹਰੇ ਰੰਗ ਦਾ) ਤੇ ਰੱਤਕ (ਲਾਲ ਰੰਗ ਦਾ) । ਜੜਤਕਾਰੀ ਦਾ ਕੰਮ ਜ਼ਿਆਦਾ-ਤਰ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮੀ ਬੂਹੇ ਦੇ ਸਾਹਮਣੇ ਹੇਠ ਫਰਸ਼ ਵਿੱਚ, ਗੁੰਬਦ ਦੇ ਅੰਦਰ ਫਰਸ਼ ਦੇ ਵਿਚਕਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਮੰਜ਼ਲ ਦੀਆਂ ਕੰਧਾਂ ਦੇ ਬਾਹਰਵਾਰ ਖਾਸ ਕਰ ਕੇ ਪੱਛਮੀ ਤੇ ਦੱਖਣੀ ਕੰਧਾਂ ਉੱਪਰ ਸਭ ਤੋਂ ਵਧੀਆ ਹੋਇਆ ਹੈ ਇਹ ਕਾਰੀਗਰੀ ਤੇ ਕਲਾ ਦੇ ਸੁੰਦਰ ਨਮੂਨੇ ਹਨ । ਇਨ੍ਹਾਂ ਥਾਵਾਂ 'ਤੇ ਮੱਛੀਆਂ, ਬਗਲਿਆਂ, ਕੱਛੂ ਕੁੰਮਿਆਂ, ਹਰਨਾਂ, ਚਿੜੀਆਂ, ਬੁਲਬੁਲਾਂ, ਮੋਰਾਂ, ਚੱਕੀ ਰਾਹਿਆਂ, ਸ਼ੇਰਾਂ, ਹਾਥੀਆਂ, ਮਗਰ ਮੱਛਾਂ, ਬੱਕਰੀਆਂ, ਗੁਲਾਬ ਦਾਨੀਆਂ ਆਦਿ ਦੀਆਂ ਸੁੰਦਰ ਸ਼ਕਲਾਂ ਤੋਂ ਇਲਾਵਾ ਸੁੰਦਰ ਫਲਾਂ, ਫੁੱਲਾਂ, ਵੇਲਾਂ, ਦਰੱਖਤਾਂ ਤੇ ਸਮਾਧੀ ਲਾਈ ਬੈਠੇ ਸਾਧੂਆਂ ਦੇ ਬੜੇ ਦਿਲ-ਖਿੱਚਵੇਂ ਚਿੱਤਰ ਹਨ । ਜਿਨ੍ਹਾਂ ਵਿੱਚ ਕਈ ਜਗ੍ਹਾ ਫੁੱਲਾਂ ਦੀਆਂ ਡੰਡੀਆਂ ਧਾਗੇ ਜਿੰਨ੍ਹੀਆਂ ਬਰੀਕ ਤੇ ਪੈਨਸਲ ਦੇ ਸੁਰਮੇ ਜਿੰਨੇ ਮੋਟੇ ਥੇਵੇ ਵਰਤੇ ਹਨ । ਇਸ ਕੰਮ ਵਿੱਚ ਕਾਰੀਗਰੀ ਦੀਆਂ ਸਿਖਰਾਂ ਨੂੰ ਛੋਹਿਆ ਗਿਆ ਹੈ ।

**੩. ਮੋਹਰਾਕਸ਼ੀ**- ਉਪ੍ਰੋਕਤ ਜੜਤਕਾਰੀ ਤੋਂ ਵੱਖਰਾ ਹੁੱਨਰ ਮੋਹਰਾਕਸ਼ੀ ਹੈ । ਗਿੱਲੇ ਪਲੱਸਤਰ ਉੱਪਰ ਰੰਗਾਂ ਨੂੰ ਇਕ ਜਾਨ ਕਰ ਕੇ ਕੰਧਾਂ ਉੱਪਰ ਮੁਸੱਵਰੀ (ਚਿੱਤਰਕਾਰੀ) ਕਰਨ ਦਾ ਨਾਮ ਮੋਹਰਾਕਸ਼ੀ ਹੈ । ਇਹ ਕੰਮ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦੂਜੀ ਛੱਤ ਦੇ ਅੰਦਰਵਾਰ ਕੰਧਾਂ ਉੱਪਰ ਤੇ ਉਨ੍ਹਾਂ ਦੇ ਸਾਹਮਣੇ ਪਾਸੇ ਅੰਦਰਲੇ ਥੰਮ੍ਹਾ ਉੱਪਰ ਬਹੁਤ ਹੀ ਸੁੰਦਰ ਕੀਤਾ ਹੋਇਆ ਸੀ । ਪੁਰਾਣੇ ਸਮੇਂ ਸਾਰਾ ਕੰਮ ਮੋਹਰਾਕਸ਼ੀ ਦਾ ਹੀ ਹੋਇਆ ਸੀ ।

**੪.ਨਕਾਸ਼ੀ**- ਸੁੱਕੇ ਪਲੱਸਤਰ ਉੱਤੇ ਚਿੱਤਰਕਾਰੀ ਕਰਨ ਦਾ ਨਾਮ ਨਕਾਸ਼ੀ ਹੈ । ਸ੍ਰੀ ਹਰਿਮੰਦਰ ਸਾਹਿਬ ਦੀਆਂ ਉਪਰਲੀ ਛੱਤ ਦੀਆਂ ਕੰਧਾਂ ਦੇ ਅੰਦਰਵਾਰ ਤੇ ਸਾਹਮਣੇ ਪਾਸੇ ਦੇ ਥੰਮ੍ਹਾਂ ਉੱਪਰ ਜੋ ਅੱਜ-ਕਲ੍ਹ ਕੰਮ ਹੋਇਆ ਹੈ । ਉਹ ਇਸੇ ਕਿਸਮ ਦਾ ਸਾਰਾ ਨਕਾਸ਼ੀ ਦਾ ਹੀ ਕੰਮ ਹੈ। ਜੋ ਸੁੱਕੇ ਪਲੱਸਤਰ ਉੱਪਰ ਹੀ ਕੀਤਾ ਗਿਆ ਹੈ । ਇਸ ਵਿੱਚ ਪਹਿਲੇ ਹੋਏ ਕੰਮ ਮੋਹਰਾਕਸ਼ੀ ਵਾਂਗ ਹੀ ਫਲਾਂ, ਬੂਟਿਆਂ, ਦਰੱਖਤਾਂ, ਵੇਲਾਂ, ਪੰਛੀਆਂ, ਜੰਗਲੀ ਜਾਨਵਰਾਂ ਤੇ ਸਾਧੂਆਂ ਆਦਿ ਦੇ ਚਿੱਤਰ ਹਨ । ਡੇਢ ਦਰਜਨ ਦੇ ਕਰੀਬ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦੇ ਚਿੱਤਰ ਸੁੰਦਰ ਟਿਕਾਣਿਆਂ ਤੇ ਬਣਾ ਕੇ ਚਿਤਰਕਾਰਾਂ (ਨਕਾਸ਼ਾਂ) ਨੇ ਆਪਣੀ ਕਲਾ ਸੁੰਦਰਤਾ ਨੂੰ ਵਧੇਰੇ ਚਮਕਾਉਣ ਦਾ ਸਫਲ ਯਤਨ ਕੀਤਾ ਹੈ । ਪਹਿਲੇ ਮੋਹਰਾਕਸ਼ੀ ਦੇ ਚਿਤਰ ਪੁਰਾਣੇ ਹੋਣ ਤੇ ਆਏ ਯਾਤਰੂਆਂ ਦੇ ਹੱਥ ਲੱਗਣ ਨਾਲ ਮੈਲੇ ਘਸਮੈਲੇ ਹੋ ਜਾਣ ਤੇ ਰੰਗ ਫਿੱਕੇ ਪੈ ਜਾਣ ਕਾਰਨ ਸਾਰਾ ਕੰਮ ਦੋਬਾਰਾ ਕਰਾਇਆ ਗਿਆ ਹੈ । ਚਿੱਤਰਾਂ ਨੂੰ ਸੁਰੱਖਿਅਤ ਰੱਖਣ ਹਿਤ ਉੱਪਰ ਚਿੱਟੇ ਰੰਗ ਦੇ ਸ਼ੀਸ਼ੇ ਜੜ ਦਿੱਤੇ ਗਏ ਹਨ । ਤਾਂ ਕਿ ਦਰਸ਼ਕਾਂ ਦੇ ਹੱਥਾਂ ਨਾਲ ਖਰਾਬ ਨਾ ਹੋ ਸਕਣ ਤੇ ਚਿੱਟੇ ਤੇ ਸਾਫ

ਸ਼ੀਸ਼ਿਆਂ ਵਿੱਚ ਦੀ ਦਰਸ਼ਕ ਕਲਾ ਸੁੰਦਰਤਾ ਦੇ ਦਰਸ਼ਨ ਵੀ ਕਰ ਸਕਣ ।

**੪. ਗੱਚ ਦੀ ਮੁਨੱਵਤ**- ਗੱਚ ਇਕ ਪ੍ਰਕਾਰ ਦਾ ਪੱਥਰ ਹੈ ਜਿਸ ਨੂੰ ਬਰੀਕ ਪੀਸ ਕੇ ਕਪੜ ਛਾਣ ਕਰ ਕੇ ਪਾਣੀ ਵਿੱਚ ਗੁੰਨ੍ਹ ਕੇ ਇਸ ਨੂੰ ਪਹਿਲਾਂ ਚੂੰਨੇ ਜਾਂ ਸੀਮਿੰਟ ਵਾਂਗ ਪਲੱਸਤਰ ਦੀ ਤਰ੍ਹਾਂ ਕੰਧ ਉੱਪਰ ਲਿੱਪ ਲੈਂਦੇ ਹਨ ਤੇ ਫੇਰ ਉਸ ਗਿੱਲੇ-ਗਿੱਲੇ ਪਲੱਸਤਰ ਵਿੱਚ ਸੁੱਕਣ ਤੋਂ ਪਹਿਲਾਂ ਪਹਿਲਾਂ ਲੋਹੇ ਦੀਆਂ ਕਲਮਾਂ ਨਾਲ ਛਿੱਲ ਕੇ ਫੁੱਲ ਪੱਤੀਆਂ ਆਦਿ ਦੇ ਵੱਖ-ਵੱਖ ਨਮੂਨੇ ਬਣਾ ਲੈਂਦੇ ਹਨ । ਕਈ ਵਾਰ ਇਨ੍ਹਾਂ ਉੱਪਰ ਵੱਖ-ਵੱਖ ਰੰਗ ਵੀ ਕਰ ਦੇਂਦੇ ਹਨ ਜਾਂ ਕਈ ਵਾਰ ਪੀਲਾ ਰੋਗਨ ਕਰ ਕੇ ਉੱਪਰ ਸੋਨੇ ਦੇ ਵਰਕ ਚੜ੍ਹਾ ਦੇਂਦੇ ਹਨ । ਇਸ ਹੁੱਨਰ ਨੂੰ ਗੱਚ ਦੀ ਮੁਨੱਵਤ ਆਖਦੇ ਹਨ ।

ਸ੍ਰੀ ਹਰਿਮੰਦਰ ਸਾਹਿਬ ਦੇ ਹਾਲ ਕਮਰੇ ਦੀ ਛੱਤ ਦੇ ਹੇਠ ਦੀਆਂ ਕੰਧਾਂ ਤੇ ਥੰਮ੍ਹਾਂ ਦੇ ਅਗਲੇ ਭਾਗ 'ਤੇ ਧੁਰ ਉੱਪਰ ਗੁੰਬਦ ਦੇ ਅੰਦਰਲੇ ਭਾਗ ਤੇ ਦੂਜੀ ਮੰਜ਼ਲ ਦੀਆਂ ਛੱਤਾਂ ਦੇ ਹੇਠ ਵਾਰ ਕੰਧਾਂ ਤੇ ਥੰਮਾਂ ਉੱਪਰ ਗੱਚ ਦੀ ਮੁਨੱਵਤ ਦਾ ਸੁੰਦਰ ਤੇ ਕੀਮਤੀ ਕੰਮ ਕੀਤਾ ਹੋਇਆ ਹੈ, ਜੋ ਇਸ ਹੁੱਨਰ ਦਾ ਵਧੀਆ ਨਮੂਨਾ ਕਿਹਾ ਜਾ ਸਕਦਾ ਹੈ । ਇਸ ਤੋਂ ਇਲਾਵਾ ਗੱਚ ਦੀ ਮੁਨੱਵਤ ਦਾ ਇਕ ਹੋਰ ਨਮੂਨਾ ਜੋ ਸਿੱਖ ਨਕਾਸ਼ਾਂ ਦੀ ਕਲਾ ਦਾ ਇਕ ਸੁੰਦਰ ਨਮੂਨਾ ਹੈ, ਉਹ ਹੈ ਗੱਚ ਪੱਥਰ ਦੇ ਗਿੱਲੇ ਪਲੱਸਤਰ ਨੂੰ ਲੋਹੇ ਦੀਆਂ ਕਲਮਾਂ ਨਾਲ ਇਸ ਤਰ੍ਹਾਂ ਛਿਲਦੇ ਹਨ ਕਿ ਗੁਰਮੁਖੀ ਦੇ ਅੱਖਰਾਂ ਵਿੱਚ ਗੁਰਬਾਣੀ ਦੇ ਸ਼ਬਦ ਲਿਖੇ ਜਾਂਦੇ ਹਨ । ਇਹ ਕੰਮ ਹਰਿ ਕੀ ਪਉੜੀ ਦੀ ਦੂਜੀ ਮੰਜ਼ਲ ਦੀ ਵੱਡੀ ਡਾਟ ਦੇ ਅੰਦਰਵਾਰ ਵਿਚਕਾਰੋਂ ਜਾਪੁ ਸਾਹਿਬ ਆਰੰਭ ਕਰ ਕੇ ਅੱਧਾ ਡਾਟ ਦੇ ਇਕ ਪਾਸੇ ਤੇ ਅੱਧਾ ਡਾਟ ਦੇ ਦੂਜੇ ਪਾਸੇ ਲਿਖਿਆ ਹੈ । ਇਸੇ ਤਰ੍ਹਾਂ ਹਰਿ ਕੀ ਪਉੜੀ ਦੀ ਦੂਜੀ ਮੰਜ਼ਲ ਦੀ ਦੱਖਣੀ ਬਾਹੀ ਤੇ ਉੱਤਰੀ ਬਾਹੀ ਦੇ ਉਪਰਲੇ ਹਿੱਸੇ ਕੰਧ ਵਿਚ ਪੂਰਾ ਜਪੁ ਜੀ ਸਾਹਿਬ ਲਿਖਿਆ ਹੋਇਆ ਹੈ । ਅੱਧਾ ਦੱਖਣੀ ਬਾਹੀ ਅੱਧਾ ਉੱਤਰੀ ਬਾਹੀ ਉੱਪਰ । ਇਸੇ ਤਰ੍ਹਾਂ ਹਰਿ ਕੀ ਪਉੜੀ ਦੀ ਪਹਿਲੀ ਮੰਜ਼ਲ ਦੀ ਡਾਟ ਜੋ ਸਰੋਵਰ ਵੱਲ ਹੈ । ਉਸ ਦੇ ਦੋਹੀਂ ਪਾਸੀਂ ਸੁਖਮਨੀ ਸਾਹਿਬ ਦੀਆਂ ੨੪ ਅਸਟਪਦੀਆਂ (ਜੋ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਹੈ) ਗੱਚ ਦੀ ਮੁਨੱਵਤ ਦਾ ਸੁੰਦਰ ਨਮੂਨਾ ਉੱਕਰਿਆ ਹੋਇਆ ਹੈ ।

ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਛੱਤ ਦੇ ਪੂਰਬੀ ਖੁਲ੍ਹੇ ਦਰਵਾਜ਼ੇ ਦੀ ਡਾਟ ਵਿਚਕਾਰ ਸਾਰਾ ਜਪੁ ਜੀ ਅਤੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਉੱਕਰੀਆਂ ਹੋਈਆਂ ਹਨ ਅਤੇ ਹਾਲ ਦੇ ਅੰਦਰ ਵੱਲ ਪੂਰਬੀ ਵਿਚਕਾਰਲੀ ਬਾਰੀ (ਜੋ ਬੰਦ ਕੀਤੀ ਹੋਈ ਹੈ) ਦੇ ਉਪਰਲੇ ਹਿੱਸੇ ਵਿੱਚ ਗੁਰਬਾਣੀ ਦਾ ਇਕ ਸ਼ਬਦ ਉਕਰਿਆ ਹੋਇਆ ਹੈ । ਇਹ ਤੇ ਇਸੇ ਤਰ੍ਹਾਂ ਹੋਰ ਥਾਵਾਂ 'ਤੇ ਉਕਰੇ ਹੋਏ ਗੁਰਬਾਣੀ ਦੇ ਸ਼ਬਦਾਂ ਉੱਪਰ ਪੀਲਾ ਰੋਗਨ ਫੇਰ ਕੇ ਉੱਪਰ ਸੋਨੇ ਦੇ ਵਰਕ ਚੜ੍ਹਾਏ ਹੋਏ ਹਨ । ਇਹ ਗੁਰਬਾਣੀ ਸੁਨਹਿਰੀ ਗੁਰਮੁਖੀ ਅੱਖਰਾਂ ਵਿੱਚ ਲਿਖੀ ਬਹੁਤ ਸੁੰਦਰ ਫਬ ਰਹੀ ਹੈ । ਨਕਾਸ਼ਾਂ ਦੇ ਹੁੱਨਰ ਦੇ ਨਾਲ-ਨਾਲ ਉਨ੍ਹਾਂ ਦੀ ਸਿੱਖੀ ਸ਼ਰਧਾ ਤੇ ਗੁਰਬਾਣੀ ਦਾ ਸਤਿਕਾਰ ਤੇ ਮਹੱਤਤਾ ਵੀ ਡੁੱਲ੍ਹ-ਡੁੱਲ੍ਹ ਪੈਂਦੀ ਹੈ ।

ਕਈਆਂ ਥਾਵਾਂ 'ਤੇ ਸੇਵਾ ਕਰਾਉਣ ਵਾਲੇ ਪ੍ਰੇਮੀਆਂ ਦੇ ਨਾਮ ਤੇ ਸਿਰਨਾਵੇਂ ਵੀ ਗੁਰਮੁਖੀ ਅੱਖਰਾਂ ਵਿੱਚ ਉਪ੍ਰੋਕਤ ਢੰਗ ਨਾਲ ਸੁਨਹਿਰੀ ਕੀਤੇ ਹੋਏ ਹਨ । ਉੱਤਰ ਦਿਸ਼ਾ

ਵੱਲੋਂ ਖਜ਼ਾਨੇ ਵਾਲੀ ਕੋਠੜੀ ਵਿੱਚਦੀ ਸ੍ਰੀ ਹਰਿਮੰਦਰ ਸਾਹਿਬ ਦੇ ਉੱਪਰ ਚੜ੍ਹਦੀ ਪਉੜੀ ਤੇ ਦੂਜੀ ਮੰਜ਼ਲ ਨੂੰ ਚੜ੍ਹਦਿਆਂ ਉੱਤਰ ਦਿਸ਼ਾ ਵੱਲ ਜਿਥੇ ਪਉੜੀ ਕਰ ਕੇ ਬਾਰੀ ਬੰਦ ਹੈ, ਅੰਦਰਵਾਰ ਪਉੜੀਆਂ 'ਤੇ ਖੜ੍ਹਿਆਂ ਦਿਸਦੀ ਇਕ ਸੁੰਦਰ ਤਸਵੀਰ ਹੈ। ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਘੋੜੇ 'ਤੇ ਚੜ੍ਹੇ ਹੋਏ ਹਨ ਇਕ ਸਿੰਘ ਚੌਰ ਕਰਦਾ ਹੈ। ਤਿੰਨ ਪਿੱਛੇ ਆ ਰਹੇ ਹਨ ਤੇ ਦੋ ਸਿੰਘ ਅੱਗੋਂ ਸੁਆਗਤ ਕਰ ਰਹੇ ਹਨ। ਇਹ ਨਕਾਸ਼ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਦੀ ਮੂੰਹ ਬੋਲਦੀ ਤਸਵੀਰ ਹੈ।

ਸ੍ਰੀ ਹਰਿਮੰਦਰ ਸਾਹਿਬ ਵਾਲੇ ਪੱਛਮੀ ਭਾਵ ਸਾਹਮਣੇ ਦਰਵਾਜ਼ੇ ਦੇ ਬਾਹਰਵਾਰ ਉੱਪਰ ਤਾਂਬੇ ਦੇ ਪੱਤਰੇ 'ਤੇ ਚੜ੍ਹੇ ਸੁਨਹਿਰੀ ਵਰਕਾਂ ਵਾਲੇ ਸੁਨਹਿਰੀ ਅੱਖਰਾਂ ਵਿੱਚ ਇਹ ਇਬਾਰਤ ਲਿਖੀ ਹੋਈ ਹੈ।

> *"ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਜਾਣ ਕਰ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਪਰ ਦਯਾ ਕਰ ਕੇ ਕਰਵਾਈ। (੧੮੮੭)"*

ਸ੍ਰੀ ਹਰਿਮੰਦਰ ਸਾਹਿਬ ਦੇ ਉੱਤਰੀ ਦਰਵਾਜ਼ੇ ਪਰ ਪੱਥਰ ਉੱਪਰ ਇਸ ਤਰ੍ਹਾਂ ਲਿਖਿਆ ਹੈ :

> *"ਸੇਵਾ ਗੁਰੂ ਰਾਮਦਾਸ ਜੀ ਕੀ ਅਰ ਸ੍ਵਰਨ ਕੀ ਸੰਗ ਸਫੈਦ ਕੀ ਬਡਭਾਗੀ ਜਾਣ ਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਸੋਂ ਕਰਵਾਈ ਮਾਰਫਤ ਸ੍ਰੀ ਭਾਈ ਸੰਤ ਸਿੰਘ ਗਿਆਨੀ ਜੀ ਕੀ।"*

ਦੱਖਣੀ ਦਰਵਾਜ਼ੇ ਉੱਪਰ ਇਹ ਲੇਖ ਲਿਖਿਆ ਹੋਇਆ ਹੈ :

> *"ਸ੍ਰੀ ਸਤਿਗੁਰੂ ਜੀ ਖਾਲਸੇ ਕਾ ਬੋਲ ਬਾਲਾ ਸਦਾ ਰੱਖੇ। ਸਤਿਗੁਰੂ ਜੀ ਕੀ ਕਿਰਪਾ ਰਾਜ-ਸਾਜ ਸ੍ਰੀ ਮਹਾਰਾਜੇ ਖੜਕ ਸਿੰਘ ਜੀ ਅਰ ਕੰਵਰ ਸ੍ਰੀ ਨੌਨਿਹਾਲ ਸਿੰਘ ਜੀ ਕੋ ਭਯਾ, ਤਿਨੋ ਹਿਤ ਕਰ ਭਾਗਯ ਜਾਣ ਕਰ ਸੇਵਾ ਕਰੀ ਸੰਮਤ ੧੮੯੬ ਬ੍ਰਿਕਮੀ।"*

ਪੂਰਬੀ ਦਰਵਾਜ਼ੇ ਉੱਪਰ ਸੋਨੇ ਦੇ ਪੱਤਰੇ 'ਤੇ ਸੁਨਹਿਰੀ ਗੁਰਮੁਖੀ ਅੱਖਰਾਂ ਵਿੱਚ ਅਰਦਾਸ ਦੀ ਪਹਿਲੀ ਪਉੜੀ -"ਆਦਿ ਤੋਂ ਲੈ ਕੇ ਸਭ ਥਾਈਂ ਹੋਇ ਸਹਾਇ, ਸ੍ਰੀ ਵਾਹਿਗੁਰੂ ਜੀ ਸਹਾਇ" ਤੱਕ ਲਿਖੀ ਹੈ।

**੬. ਲਾਇ ਦੀ ਮੁਨੱਵਤ**- ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਛੱਤ ਵਿੱਚ ਚੌਂਕ ਵੱਲ ਰੱਖੀ ਵਿਚਕਾਰਲੀ ਬਾਰੀ ਜੋ (ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਕਾਰਨ) ਬੰਦ ਕੀਤੀ ਹੋਈ ਹੈ, ਉਸ ਦੇ ਬਾਹਰਲੇ ਪੂਰਬ ਵੱਲ ਦੇ ਪਾਸੇ ਉੱਪਰ ਤੇ ਉੱਤਰੀ ਬਾਹੀ ਵੱਲ ਦੀ ਦੂਜੀ ਛੱਤ ਦੀ ਇਕ ਡਾਟ ਵਿੱਚ ਹੋਏ ਕੰਮ ਨੂੰ ਲਾਇ ਦੀ ਮੁਨੱਵਤ ਦਾ ਹੁੱਨਰ ਆਖਦੇ ਹਨ।

**੭. ਟੁਕੜੀ ਦੀ ਮੁਨੱਵਤ**- ਪਿੱਛੇ ਲਿਖੇ ਗੱਚ ਦੇ ਗਿੱਲੇ ਪਲੱਸਤਰ ਵਿੱਚ ਵੱਖ-ਵੱਖ ਸ਼ਕਲਾਂ ਦੇ ਸ਼ੀਸ਼ੇ ਕੱਟ ਕੇ ਜੜਨ ਨੂੰ ਟੁਕੜੀ ਦੀ ਮੁਨੱਵਤ ਆਖਦੇ ਹਨ। ਆਮ ਤੌਰ 'ਤੇ ਸ਼ੀਸ਼ੇ ਗੋਲ, ਚੌਰਸ, ਤਿਕੋਨੇ ਤੇ ਬੈਜ਼ਵੀ ਆਦਿ ਕਈ ਸ਼ਕਲਾਂ ਦੇ ਜੜੇ ਹੋਏ ਹੁੰਦੇ ਹਨ। ਇਹ ਟੁਕੜੀ ਦੀ ਮੁਨੱਵਤ ਦਾ ਕੰਮ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹਰਿ ਕੀ ਪਉੜੀ

ਦੀ ਦੂਜੀ ਛੱਤ ਦੀਆਂ ਸੱਜੇ-ਖੱਬੇ ਪਾਸੇ ਦੀਆਂ ਦੋਹਾਂ ਕੰਧਾਂ ਉੱਪਰ ਅਤੇ ਵੱਡੇ ਗੁੰਬਦ ਦੇ ਅੰਦਰਵਾਰ ਚਹੁੰ ਕੋਨਿਆਂ ਵਿੱਚ ਬਹੁਤ ਸੁੰਦਰ ਤੇ ਵਧੀਆ ਕਿਸਮ ਦਾ ਕੀਤਾ ਹੋਇਆ ਹੈ ।

**੮. ਹੀਰਾ ਨੁਮਾ**- ਸਾਫ਼ ਸ਼ੀਸ਼ੇ ਉੱਪਰ ਇਕ ਪਾਸੇ ਫੁੱਲ, ਪੱਤੂ, ਵੇਲਾਂ ਤੇ ਬ੍ਰਿਛਾਂ ਆਦਿ ਦੇ ਰੰਗ-ਬਰੰਗੇ ਚਿਤ੍ਰ ਬਣਾ ਕੇ ਉਸੇ ਪਾਸੇ ਉੱਪਰ ਕਲੀ ਫੇਰ ਕੇ ਉਹੋ ਪਾਸਾ ਮਸਾਲੇ ਨਾਲ ਕੰਧ ਵਿੱਚ ਜੜ ਦਿੱਤਾ ਜਾਂਦਾ ਹੈ । ਸ਼ੀਸ਼ੇ ਦਾ ਬਾਹਰਲਾ ਪਾਸਾ ਸਾਫ਼ ਹੁੰਦਿਆਂ ਹੋਇਆਂ ਵੀ ਦਰਸ਼ਕ ਨੂੰ ਐਉਂ ਭਾਸਦਾ ਹੈ ਜਿਵੇਂ ਚਿਤ੍ਰਕਾਰੀ ਸ਼ੀਸ਼ੇ ਦੇ ਬਾਹਰਲੇ ਪਾਸੇ ਉੱਪਰ ਕੀਤੀ ਹੋਈ ਹੈ ਜਦ ਕਿ ਉਹ ਸ਼ੀਸ਼ੇ ਦੇ ਅੰਦਰਲੇ ਪਾਸੇ 'ਤੇ ਕੀਤੀ ਹੁੰਦੀ ਹੈ ਤੇ ਸ਼ੀਸ਼ੇ ਦੇ ਵਿੱਚ ਦੀ ਬਾਹਰਲੇ ਪਾਸੇ ਦਿਸ ਰਹੀ ਹੁੰਦੀ ਹੈ। ਸ਼ੀਸ਼ਾ ਹੀਰੇ ਵਾਂਗ ਡਲ੍ਹਕਾਂ ਮਾਰਦਾ ਹੈ । ਇਹ ਕੰਮ ਹਰਿ ਕੀ ਪਉੜੀ ਦੀ ਦੂਜੀ ਛੱਤ ਦੀਆਂ ਸੱਜੇ ਖੱਬੇ ਹੱਥ ਦੀਆਂ ਦੋਹਾਂ ਕੰਧਾਂ ਉੱਪਰ ਸੁੰਦਰ ਹੋਇਆ ਹੋਇਆ ਹੈ । ਇਸ ਕਰ ਕੇ ਇਸ ਹੁੰਨਰ ਦਾ ਨਾਮ ਹੀਰਾ-ਨੁਮਾ ਰੱਖਿਆ ਹੈ । ਸਿੱਖ ਰਾਜ ਸਮੇਂ ਇਸ ਹੁੰਨਰ ਦੀ ਬੜੀ ਕਦਰ ਸੀ । ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਸਿੱਖ ਚਿਤ੍ਰਕਾਰਾਂ ਨੇ ਕੋਮਲ ਹੁੰਨਰਾਂ ਦੀ ਨਿਰਾਲੀ ਸੂਝ-ਬੂਝ ਦਾ ਜੋ ਪ੍ਰਦਰਸ਼ਨ ਕੀਤਾ ਹੈ, ਇਸ ਉੱਪਰ ਸਿੱਖ ਕੌਮ ਬਜਾ ਤੌਰ 'ਤੇ ਮਾਣ ਕਰ ਸਕਦੀ ਹੈ ।

ਇਹ ਉਪ੍ਰੋਕਤ ਕਿਸਮਾਂ ਦੀ ਚਿਤ੍ਰਕਾਰੀ ਦਾ ਸਾਰਾ ਕੰਮ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਦੀ ਨਿਗਰਾਨੀ ਹੇਠ ਉਸ ਸਮੇਂ ਦੇ ਪ੍ਰਸਿੱਧ ਚਿਤ੍ਰਕਾਰ ਤੇ ਨਕਾਸ਼ ਬਾਬਾ ਕੇਹਰ ਸਿੰਘ, ਮਹੰਤ ਈਸ਼ਰ ਸਿੰਘ ਅਤੇ ਭਾਈ ਬਿਸ਼ਨ ਸਿੰਘ ਦੀ ਮਿਹਨਤ ਦਾ ਫਲ ਹੈ । ਸਿੱਖ ਮਿਸਲਾਂ ਤੇ ਸਿੱਖ ਰਾਜ ਤੋਂ ਪਹਿਲਾਂ ਚਿਤ੍ਰਕਲਾ ਦੀਆਂ ਭਾਰਤ ਵਿੱਚ ਤਿੰਨ ਮੁੱਖ ਸ਼ਾਖਾਂ ਪ੍ਰਚੱਲਤ ਸਨ, ਜਿਵੇਂ ਕਿ -

(੧) ਮੁਗਲ ਕਲਾ, (੨) ਕਾਂਗੜਾ ਕਲਾ ਤੇ (੩) ਰਾਜਪੂਤਾਨਾਂ ਕਲਾ ।

ਪਰ, ਔਰੰਗਜ਼ੇਬ ਦੇ ਸਮੇਂ ਤੇ ਫਿਰ ਮੁਗਲ ਰਾਜ ਦੇ ਅੰਤਲੇ ਸਮੇਂ ਵਿੱਚ ਇਹ ਹੁੰਨਰ ਕਾਫੀ ਘਟ ਗਏ ਸਨ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਸੰਭਾਲ ਲੈਣ ਤੋਂ ਤੁਰੰਤ ਬਾਅਦ ਜਦ ੧੮੬੦ ਬਿ: ਵਿੱਚ ਉਨ੍ਹਾਂ ਸ੍ਰੀ ਅੰਮ੍ਰਿਤਸਰ ਦਾ ਇਲਾਕਾ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਤਾਂ ਉਨ੍ਹਾਂ ਦੀ ਸਿੱਖੀ ਸ਼ਰਧਾ ਨੇ ਉਨ੍ਹਾਂ ਦੀ ਆਤਮਾ ਅੰਦਰ ਸ੍ਰੀ ਹਰਿਮੰਦਰ ਸਾਹਿਬ ਨੂੰ ਕੋਮਲ ਹੁੰਨਰਾਂ ਨਾਲ ਵੱਧ ਤੋਂ ਵੱਧ ਸਜਾਉਣ ਦਾ ਸੰਕਲਪ ਪੈਦਾ ਕਰ ਦਿੱਤਾ । ਜਿਸ ਨੂੰ ਮੂਰਤੀਮਾਨ ਕਰਨ ਲਈ ਆਪ ਨੇ ਉਸ ਸਮੇਂ ਦੇ ਪ੍ਰਸਿੱਧ ਸਿੱਖ ਵਿਦਵਾਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰਬਾਣੀ ਦੇ ਕਥਾ-ਵਾਚਕ, ਕੋਮਲ ਕਲਾਵਾਂ ਦੇ ਪਾਰਖੂ, ਜਾਣੂੰ ਤੇ ਖੁਦ ਕਲਾਕਾਰ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਦੇ ਪੰਜ ਲੱਖ ਰੁਪਇਆ ਸਪੁਰਦ ਕੀਤਾ । ਉਨ੍ਹਾਂ ਨੇ ਚਨਜੋਟ ਤੋਂ ਕੋਮਲ ਹੁੰਨਰਾਂ ਦੇ ਮਾਹਰ ਮਿਸਤਰੀ ਮੰਗਵਾਏ, ਜਿਨ੍ਹਾਂ 'ਚੋਂ ਕੇ.ਸੀ. ਆਰੀਅਨ ਅਨੁਸਾਰ ਯਾਰ ਮੁਹੰਮਦ ਖਾਨ ਮਿਸਤਰੀ ਸੋਨੇ ਦਾ ਪਾਣੀ ਤੇ ਸੋਨੇ ਦੇ ਵਰਕ ਚੜ੍ਹਾਉਣ ਦੇ ਕੰਮ ਵਿੱਚ ਬਹੁਤ ਮਾਹਰ ਸੀ । ਚਨਜੋਟ ਤੋਂ ਕਾਫ਼ੀ ਗਿਣਤੀ ਵਿੱਚ ਆਏ ਮਿਸਤਰੀ ਤੇ ਉਨ੍ਹਾਂ ਦੇ ਸਹਾਇਕ ਲਾਹੌਰੀ ਦਰਵਾਜ਼ੇ ਦੇ ਅੰਦਰਵਾਰ ਇਕ ਖੁਲ੍ਹੀ ਹਵੇਲੀ ਵਿੱਚ ਰਹਿਣ ਲੱਗ ਪਏ । ਜਿਸ ਦਾ ਨਾਮ ਹੁਣ ਤੱਕ ਹਵੇਲੀ ਚਨਜੋਟੀਆਂ ਕਰ ਕੇ ਪ੍ਰਸਿੱਧ ਹੈ ।

ਸ੍ਰੀ ਕੇ.ਸੀ. ਆਰੀਅਨ ਦਾ ਕਹਿਣਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਾਰੀ

ਜੜਤਕਾਰੀ ਤੇ ਨਕਾਸ਼ੀ ਚਨਜੋਟ ਤੋਂ ਆਏ ਮੁਸਲਮਾਨ ਕਾਰੀਗਰਾਂ ਕੀਤੀ, ਜਿਨ੍ਹਾਂ ਦਾ ਨਿਗਰਾਨ ਬਦਰੂ ਮਹੀਯੁੱਦੀਨ ਨੂੰ ਥਾਪਿਆ ਗਿਆ ਸੀ । ਇਹ ਤਾਂ ਹੋ ਸਕਦਾ ਹੈ ਕਿ ਇਹ ਚਨਜੋਟੀਆਂ ਦਾ ਨਿਗਰਾਨ ਹੋਵੇ ਉਂਝ ਸਿੱਖ, ਹਿੰਦੂ ਤੇ ਮੁਸਲਮਾਨ ਸਾਰੇ ਕਲਾਕਾਰਾਂ ਉੱਪਰ ਸਭ ਤੋਂ ਵੱਡੇ ਪ੍ਰਮੁੱਖ ਨਿਗਰਾਨ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਸਨ, ਜੋ ਖੁਦ ਆਪ ਵੀ ਇਹ ਕੋਮਲ ਹੁਨਰੀ ਕੰਮ ਕਰਦੇ ਸਨ ਤੇ ਨਾਲ ਨਾਲ ਦੂਜੇ ਕਲਾਕਾਰਾਂ ਨੂੰ ਪੁਰਾਣੇ ਤਰੀਕਿਆਂ ਵਿੱਚ ਨਵੇਂ ਰੰਗ ਭਰਨ ਦੀ ਜਾਚ ਵੀ ਸਿਖਾਲਦੇ ਸਨ । ਵੱਖ-ਵੱਖ ਹੁਨਰਾਂ ਜਿਵੇਂ ਕਿ ਜੜਤਕਾਰੀ ਗੱਚ, ਟੁਕੜੀ, ਨਕਾਸ਼ੀ ਤੇ ਮੋਹਰਾਕਸ਼ੀ ਆਦਿ ਲਈ ਜੋ ਖਾਕੇ ਬਣਾਏ ਹੁੰਦੇ ਉਹ ਵੀ ਉਲੀਕ ਕੇ ਸਬੰਧਤ ਕਾਰੀਗਰਾਂ ਨੂੰ ਗਿ: ਸੰਤ ਸਿੰਘ ਜੀ ਹੀ ਸਮਝਾਂਦੇ ਸਨ ।

ਡਬਲਯੂ.ਜੀ. ਆਰਚਰ ਦੀ ਲਿਖਤ ਅਨੁਸਾਰ ਪੰਜਾਬ ਵਿੱਚ ਚਿਤ੍ਰਕਲਾ ਦੇ ਸਿੱਖ ਸਕੂਲ ਦੀਆਂ ਤਿੰਨ ਪ੍ਰਮੁੱਖ ਸ਼ਾਖਾਂ ਸਨ -

(੧) ਗੁਲੇਰ ਚਿੱਤਰ, (੨) ਕਾਂਗੜਾ ਚਿੱਤਰ, (੩) ਲਾਹੌਰ ਚਿੱਤਰ ।

ਇਨ੍ਹਾਂ ਤਿੰਨਾਂ ਹੀ ਕਲਾ-ਕੇਂਦਰਾਂ ਦੇ ਚਿਤ੍ਰਕਾਰਾਂ ਨੇ ਆਪੋ ਆਪਣੇ ਢੰਗਾਂ ਅਨੁਸਾਰ ਗੁਰੂ ਸਾਹਿਬਾਨ, ਸਿੱਖ ਰਾਜਿਆਂ, ਸਿੱਖ ਸਰਦਾਰਾਂ ਤੇ ਉਨ੍ਹਾਂ ਦੇ ਦਰਬਾਰੀਆਂ ਦੇ ਚਿੱਤਰ ਬਣਾਏ ।

**ਸਿੱਖ ਕਲਾ ਦਾ ਵਿਕਾਸ**-ਮਹਾਰਾਜਾ ਰਣਜੀਤ ਸਿੰਘ ਜੀ ਦੀ ਇਹ ਪ੍ਰਬਲ ਇੱਛਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੋਮਲ ਹੁਨਰਾਂ ਦਾ ਜੋ ਵੀ ਕੰਮ ਕੀਤਾ ਜਾਵੇ, ਉਹ ਮੁਗ਼ਲ ਕਲਾ ਜਾਂ ਰਾਜਪੂਤਾਨਾਂ ਕਲਾ ਦੀ ਨਕਲ ਨਾ ਹੋਵੇ, ਸਗੋਂ ਉਪਰੋਕਤ ਕਲਾਵਾਂ ਤੋਂ ਵੱਖਰਾ ਤੇ ਉਨ੍ਹਾਂ ਤੋਂ ਵੱਧ ਤੋਂ ਵੱਧ ਚੰਗਾ ਹੋਵੇ, ਜਿਸ ਨੂੰ ਵੇਖ ਕੇ ਕਲਾ-ਪਾਰਖੂ ਅਸ਼-ਅਸ਼ ਕਰ ਉਠਣ । ਉਨ੍ਹਾਂ ਦੀ ਇਹ ਵੀ ਚਾਹਨਾ ਸੀ ਕਿ ਇਥੋਂ ਦੇ ਕਲਾ ਦੇ ਕੰਮ ਵਿੱਚ ਸੁਹਜ-ਸੁਆਦ ਤੇ ਸੁੰਦਰਤਾ ਦੇ ਨਾਲ ਨਾਲ ਇਥੋਂ ਦੇ ਆਤਮਕ-ਰਸ ਦੀ ਵੀ ਝਲਕ ਹੋਵੇ ਅਤੇ ਉਹ ਇਥੋਂ ਦੇ ਸ਼ਾਂਤ ਤੇ ਸੰਗੀਤਮਈ ਵਾਯੂ-ਮੰਡਲ ਨਾਲ ਇਕਸੁਰਤਾ ਵੀ ਰੱਖਦੀ ਹੋਵੇ । ਇਹ ਤਾਂ ਸਪੱਸ਼ਟ ਹੀ ਹੈ ਕਿ ਜਿਤਨੇ ਪ੍ਰਕਾਰ ਦੇ ਹੁਨਰਾਂ ਦਾ ਕੰਮ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੋਇਆ ਦਿਸਦਾ ਹੈ, ਇਹ ਸਭ ਮਹਾਰਾਜਾ ਰ ਜੀਤ ਸਿੰਘ ਦੀ ਹੀ ਦੇਣ ਹੈ । ਇਹੋ ਹੀ ਸਮਾਂ ਸਿੱਖ ਕਲਾ ਦੇ ਵਿਕਾਸ ਦਾ ਸਮਾਂ ਕਿਹ ਜਾ ਸਕਦਾ ਹੈ ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਬਾਹਰ ਕੋਮਲ ਹੁਨਰਾਂ ਦਾ ਸਾਰਾ ਕੰਮ ਮਹਾਰਾਜਾ ਰਣਜੀਤ ਸਿੰਘ ਵੱਲੋਂ ਕੀਤੇ ਹੁਕਮ ਅਨੁਸਾਰ ਭਾਈ ਸੰਤ ਸਿੰਘ ਜੀ ਦੀ ਨਿਗਰਾਨੀ ਹੇਠ ਹੋਇਆ । ਇਹ ਹੁੱਨਰ ਮੁਗ਼ਲ ਤੇ ਰਾਜਪੂਤਾਨਾਂ ਕਲਾਵਾਂ ਤੋਂ ਵੱਖਰਾ ਅਤੇ ਗੁਲੇਰ, ਕਾਂਗੜਾ ਤੇ ਲਾਹੌਰ ਕਲਾਵਾਂ ਦੇ ਸੰਗਮ ਤੋਂ ਨਵੀਆਂ ਵਿਸ਼ੇਸ਼ਤਾਵਾਂ ਸਮੇਤ ਨਵੇਂ ਹੁੱਨਰ ਦੇ ਰੂਪ ਵਿੱਚ ਪ੍ਰਗਟ ਹੋਇਆ, ਜਿਸ ਨੂੰ ਸਿੱਖ ਕਲਾ ਦਾ ਨਾਮ ਦਿੱਤਾ ਗਿਆ ਹੈ । ਸਿੱਖ ਪ੍ਰੰਪਰਾ ਦੀ ਚਿਤ੍ਰਕਾਰੀ ਦੇ ਬਹੁਤ ਸਾਰੇ ਚਿਤ੍ਰ ਹੱਥ ਲਿਖਤ ਜਨਮ ਸਾਖੀਆਂ ਵਿੱਚ ਮਿਲਦੇ ਹਨ, ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਕਥਾਵਾਂ ਦਿੱਤੀਆਂ ਮਿਲਦੀਆਂ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਮਿਲਦੀਆਂ ਹਨ, ਜਿਨ੍ਹਾਂ ਦੇ ਹਾਸ਼ੀਏ ਸੁੰਦਰ ਬੇਲ ਬੂਟਿਆਂ ਨਾਲ ਸੋਹਣੇ ਰੰਗਾਂ ਵਿੱਚ ਚਿਤਰੇ ਹੋਏ ਹਨ । ਕੁਝ ਬੀੜਾਂ ਦੇ ਹਰ ਰਾਗ ਦੇ ਆਰੰਭਕ ਪੱਤਰੇ ਉੱਪਰ ਵੱਖ-ਵੱਖ ਤੇ ਉਸ ਰਾਗ ਦੇ ਭਾਵ ਨਾਲ

ਢੁਕਦੇ ਚਿਤ੍ਰ ਬਣਾਏ ਹੋਏ ਹਨ । ਜਿਵੇਂ ਬਸੰਤ ਰਾਗ ਦੇ ਆਰੰਭਕ ਪੰਨੇ ਨੂੰ ਬਸੰਤੀ ਰੰਗ ਤੇ ਉਸ ਰੁੱਤ ਦੇ ਫੁੱਲ ਬਣਾ ਕੇ ਸਜਾਇਆ ਹੋਇਆ ਹੈ । ਇਵੇਂ ਮਲਾਰ ਰਾਗੁ ਦੇ ਆਰੰਭਕ ਪੰਨੇ ਉੱਪਰ ਬਰਖਾ ਰੁੱਤ ਦਾ ਚਿੱਤਰ ਬਣਾਇਆ ਹੋਇਆ ਹੈ ।ਹਰ ਸਫੇ 'ਤੇ ਵੱਖਰਾ-ਵੱਖਰਾ ਹਾਸ਼ੀਆ ਹੈ । ਵੱਖ-ਵੱਖ ਥਾਵਾਂ 'ਤੇ ਗੁਰੂ ਸਾਹਿਬਾਨ, ਰਾਜਿਆਂ ਮਹਾਰਾਜਿਆਂ, ਸਿੱਖ ਸਰਦਾਰਾਂ ਦੇ ਵੀ ਚਿਤ੍ਰ ਮਿਲਦੇ ਹਨ, ਜਿਨ੍ਹਾਂ 'ਚੋਂ ਸਿੱਖ ਕਲਾ ਦੀ ਪਹਿਲੀਆਂ ਪ੍ਰਚਲਤ ਤੇ ਪ੍ਰਸਿੱਧ ਕਲਾਵਾਂ ਤੋਂ ਭਿੰਨਤਾ ਪ੍ਰਤੱਖ ਪ੍ਰਗਟ ਹੋ ਜਾਂਦੀ ਹੈ ।

**ਪ੍ਰਸਿੱਧ ਸਿੱਖ ਨਕਾਸ਼-** ਭਾਈ ਸੰਤ ਸਿੰਘ ਜੀ ਗਿਆਨੀ ਦੀ ਨਿਗਰਾਨੀ ਹੇਠ ਕੰਮ ਕਰਨ ਵਾਲੇ ਪਹਿਲੇ ਸਿੱਖ ਕਲਾਕਾਰਾਂ ਦਾ ਨਾਮ ਬਾਬਾ ਕੇਹਰ ਸਿੰਘ ਹੈ ਉਨ੍ਹਾਂ ਦੇ ਕੋਮਲ ਹੁੰਨਰ ਦੇ ਨਮੂਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦਰਸ਼ਨੀ ਡਿਉਢੀ ਵਿੱਚ ਵੇਖੇ ਜਾ ਸਕਦੇ ਹਨ । ਉਹ ਆਪਣੇ ਸਮੇਂ ਦੇ ਚੋਟੀ ਦੇ ਕਲਾਕਾਰ ਸਨ, ਜਿਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਚਿਤ੍ਰਕਾਰੀ ਨੂੰ ਚਾਰ ਚੰਨ ਲਾ ਦਿੱਤੇ। ਮਹੰਤ ਈਸ਼ਰ ਸਿੰਘ, ਬਾਬਾ ਕੇਹਰ ਸਿੰਘ ਦੇ ਨਾਲ ਸਾਰੇ ਕੰਮਾਂ ਵਿੱਚ ਬਰਾਬਰ ਦਾ ਹਿੱਸਾ ਪਾਉਂਦੇ ਰਹੇ । ਇਹ ਵੀ ਆਪਣੇ ਸਮੇਂ ਦੇ ਪ੍ਰਸਿੱਧ ਚਿਤ੍ਰਕਾਰ ਸਨ । ਭਾਈ ਬਿਸ਼ਨ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਮੋਹਰਾਕਸ਼ੀ ਦੇ ਹੁੰਨਰ ਨੂੰ ਨਵਾਂ ਰੂਪ ਦਿੱਤਾ । ਉਨ੍ਹਾਂ ਪਾਸ ਸਾਇਆ ਦੇਣ ਦਾ ਹੁੰਨਰ ਤਾਂ ਸਿੱਖਰਾਂ 'ਤੇ ਪੁੱਜਾ ਹੋਇਆ ਸੀ । ਉਨ੍ਹਾਂ ਨੇ ਵਧੇਰੇ ਕਰ ਕੇ ਪਰੀਆਂ, ਸੱਪਾਂ ਤੇ ਹਾਥੀਆਂ ਦੀਆਂ ਤਸਵੀਰਾਂ ਬਣਾਈਆਂ। ਆਪ ਨੇ ਈਰਾਨੀ ਤੇ ਪੰਜਾਬੀ ਹੁੰਨਰਾਂ ਦੇ ਸੁਮੇਲ ਤੋਂ ਇਕ ਨਵਾਂ ਹੁੰਨਰ ਪੈਦਾ ਕੀਤਾ, ਜੋ ਕੋਈ ਸੁਘੜ ਚਿਤ੍ਰਕਾਰ ਹੀ ਪੈਦਾ ਕਰ ਸਕਦਾ ਹੈ । ਉਨ੍ਹਾਂ ਚੜ੍ਹਦੇ ਪਾਸੇ ਦੀ ਬਾਰੀ ਵਿੱਚ ਆਪਣਾ ਨਾਮ ਵੀ ਲਿਖਿਆ ਹੈ ਤੇ ਸੰਮਤ ੧੯੪੧ ਬਿ: ਦਿੱਤਾ ਹੈ ।

ਭਾਈ ਬਿਸ਼ਨ ਸਿੰਘ ਤੋਂ ਬਾਅਦ ਉਨ੍ਹਾਂ ਦੇ ਦੋ ਸਪੁੱਤਰ ਨਿਹਾਲ ਸਿੰਘ ਤੇ ਜਵਾਹਰ ਸਿੰਘ ਵੀ ਉਨ੍ਹਾਂ ਦੇ ਪਾਏ ਪੂਰਨਿਆਂ ਉੱਪਰ ਹੀ ਚਲਦੇ ਰਹੇ । ਭਾਈ ਨਿਹਾਲ ਸਿੰਘ ਦੇ ਸ਼ਾਗਿਰਦ ਭਾਈ ਗਿਆਨ ਸਿੰਘ ਨੇ ਵੀ ਬੜਾ ਮਨੋਹਰ ਕੰਮ ਕੀਤਾ । ਇਨ੍ਹਾਂ ਨੇ ਅਸਰਾਲਾਂ ਤੇ ਸ਼ੇਰਾਂ ਦੇ ਭੇੜ ਦਿਖਾਏ ਹਨ । ਅਸਰਾਲਾਂ ਨੇ ਡਰਾਉਣੀਆਂ ਲਾਲ ਅੱਖਾਂ ਕੱਢ ਕੇ ਸ਼ੇਰਾਂ ਨੂੰ ਪਲੇਚੇ ਪਾ ਕੇ ਨਪੀੜ ਸੁੱਟਿਆ ਹੈ ਅਤੇ ਸ਼ੇਰ ਚਿੰਘਾੜ ਰਹੇ ਹਨ । ਉਨ੍ਹਾਂ ਨੇ ਕੁਝ ਅਕਾਲੀ ਨਿਸ਼ਾਨ ਵੀ ਚਿੱਤਰੇ ਹਨ, ਜਿਨ੍ਹਾਂ ਵਿੱਚ ਪੁਰਾਣੇ ਨਿਸ਼ਾਨ ਖੰਡਾ ਤੇ ਕਟਾਰ ਦੀ ਥਾਂ ਖੰਡਾ ਚੱਕਰ ਤੇ ਕ੍ਰਿਪਾਨ ਦਾ ਨਿਸ਼ਾਨ ਚਿਤਰਿਆ ਹੈ, ਜਿਸ ਨੂੰ ਪੰਥ ਵਿੱਚ ਵਧੇਰੇ ਮਾਨਤਾ ਪ੍ਰਾਪਤ ਹੈ ।

ਅੱਜ-ਕਲ੍ਹ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਕਾਸ਼ੀ ਦਾ ਕੰਮ ਕਰ ਰਹੇ ਭਾਈ ਹਰਭਜਨ ਸਿੰਘ 'ਨਕਾਸ਼' ਨੇ ਕੁਝ ਹੋ ਗੁਜ਼ਰੇ ਹੋਰ ਨਕਾਸ਼ਾ ਦਾ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਦਸਿਆ ਹੈ ਕਿ ਮਹੰਤ ਈਸ਼ਰ ਸਿੰਘ ਦੇ ਸਮੇਂ ਭਾਈ ਜੈਮਲ ਸਿੰਘ ਤੇ ਭਾਈ ਮਹਿਤਾਬ ਸਿੰਘ ਵੀ ਨਕਾਸ਼ੀ ਦਾ ਸੁੰਦਰ ਕੰਮ ਕਰਦੇ ਰਹੇ ।

ਮਹਿਤਾਬ ਸਿੰਘ ਦੇ ਸ਼ਾਗਿਰਦ ਸਨ ਭਾਈ ਹਰਨਾਮ ਸਿੰਘ ਨਕਾਸ਼ ਤੇ ਭਾਈ ਮਹਿਤਾਬ ਸਿੰਘ ਦਾ ਪੁੱਤਰ ਆਤਮਾ ਸਿੰਘ । ਭਾਈ ਹਰਭਜਨ ਸਿੰਘ ਨੇ ਦੱਸਿਆ ਕਿ

ਅੱਗੋਂ ਆਤਮਾ ਸਿੰਘ ਦੇ ਤਿੰਨ ਸ਼ਾਗਿਰਦ ਹੋਏ ਹਨ, ਇਕ ਮੈਂ, ਦੂਜਾ ਪ੍ਰੀਤਮ ਸਿੰਘ ਤੇ ਤੀਜਾ ਮਨਮੋਹਨ ਸਿੰਘ। ਭਾਈ ਹਰਨਾਮ ਸਿੰਘ ਨਕਾਸ਼ ਦੇ ਸ਼ਾਗਿਰਦ ਭਾਈ ਕਰਤਾਰ ਸਿੰਘ ਮੁਸੱਵਰ ਤੇ ਭਾਈ ਅਜੀਤ ਸਿੰਘ ਨਕਾਸ਼ ਸਨ। ਭਾਈ ਗਿਆਨ ਸਿੰਘ ਦਾ ਸ਼ਾਗਿਰਦ ਉਨ੍ਹਾਂ ਦਾ ਆਪਣਾ ਪੁੱਤਰ ਸ: ਸੋਹਣ ਸਿੰਘ ਹੈ ਜੋ ਪਹਿਲਾਂ ਨਕਾਸ਼ੀ ਦਾ ਕੰਮ ਕਰਦਾ ਰਿਹਾ ਪਰ ਹੁਣ ਇਹ ਕੰਮ ਛੱਡ ਕੇ ਤਸਵੀਰਾਂ ਦਾ ਕੰਮ ਕਰਦਾ ਹੈ।

ਇਹ ਉਪਰੋਕਤ ਸਾਰੇ ਨਕਾਸ਼ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਕਾਸ਼ੀ ਮੋਹਰਾਕਸ਼ੀ, ਜੜਤਕਾਰੀ ਗੱਚ ਤੇ ਟੁਕੜੀ ਆਦਿ ਦਾ ਕੰਮ ਕਰਦੇ ਰਹੇ ਹਨ। ਭਾਈ ਹਰਭਜਨ ਸਿੰਘ ਅਤੇ ਇਨ੍ਹਾਂ ਦਾ ਨੌਜਵਾਨ ਪੁੱਤਰ ਭਾਈ ਹਰਿਵਿੰਦਰ ਸਿੰਘ ਇਸ ਸਮੇਂ ਵੱਡੇ ਗੁੰਬਦ ਦੇ ਅੰਦਰ ਨਕਾਸ਼ੀ ਦੇ ਖਰਾਬ ਹੋਏ ਕੰਮ ਨੂੰ ਦੋਬਾਰਾ ਬਣਾ ਕੇ ਠੀਕ ਕਰ ਰਹੇ ਹਨ। ਭਾਈ ਹਰਭਜਨ ਸਿੰਘ ਪੁਰਾਣੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਕੋਠਾ ਸਾਹਿਬ ਵਿੱਚ ਵੀ ਚਿਤ੍ਰਕਾਰੀ ਦਾ ਕੰਮ ਕਰਦੇ ਰਹੇ ਹਨ।

* * *

# ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿੱਚ

## ਜਿਲੌ ਦਾ ਸਾਮਾਨ

ਜਿਲੌ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਸਲ ਰੂਪ ਜਿਲਾਅ ਹੈ ਤੇ ਅਰਥ ਹੈ ਚਮਕ-ਦਮਕ ਅਤੇ ਜਿਸ ਦਾ ਭਾਵ ਹੈ ਸ਼ਾਨੋ-ਸ਼ੌਕਤ ਦਾ ਸਾਮਾਨ ਪਰ ਇਥੇ ਅਰਥ ਹਨ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਜਾਵਟ ਦਾ ਸਾਮਾਨ । ਇਸ ਵਿੱਚ ਸੁਨਹਿਰੀ ਛੱਬੇ, ਛਤਰ, ਸਿਹਰੇ, ਚਾਨਣੀ ਤੇ ਸੁਨਹਿਰੀ ਜੋੜੀਆਂ ਆਦਿ ਦਾ ਸਾਮਾਨ ਸ਼ਾਮਲ ਹੈ । ਜਿਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਜਿਲੌ ਦਾ ਸਾਮਾਨ ਆਖਦੇ ਹਨ । ਇਹ ਇਕ ਅਦੁੱਤੀ, ਸੁੰਦਰ ਤੇ ਕੀਮਤੀ ਹੀਰਿਆਂ, ਮੋਤੀਆਂ, ਰਤਨਾਂ ਤੇ ਜਵਾਹਰਾਤ ਦਾ ਖਜ਼ਾਨਾ ਹੈ ।

ਜਵਾਹਰਾਤ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਜਵਾਹਰ ਦਾ ਬਹੁ-ਵਚਨ ਹੈ । ਜਵਾਹਰ ਦੇ ਅਰਥ ਹਨ ਕੀਮਤੀ ਪਦਾਰਥ । ਹੀਰੇ,ਪੰਨੇ, ਲਾਲ ਆਦਿ ਸਭ ਨੂੰ ਜਵਾਹਰ ਕਹਿੰਦੇ ਹਨ। ਇਸੇ ਤਰ੍ਹਾਂ ਰਤਨ ਹਿੰਦੀ ਜਾਂ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ । ਇਸ ਦੇ ਅਰਥ ਵੀ ਜਵਾਹਰ ਅਤੇ ਉੱਤਮ ਪਦਾਰਥ ਹਨ । ਜਿਵੇਂ-ਸਮੁੰਦਰ ਵਿੱਚੋਂ ਨਿਕਲੇ ਚੌਦਾਂ ਉੱਤਮ ਪਦਾਰਥਾਂ ਨੂੰ ਚੌਦਾਂ ਰਤਨ ਕਿਹਾ ਗਿਆ ਹੈ । ਏਸੇ ਤਰ੍ਹਾਂ ਅਕਬਰ ਦੇ ਦਰਬਾਰ ਦੇ ਨੌਂ ਮਹਾਂ ਵਿਦਵਾਨ ਤੇ ਬੁੱਧੀਮਾਨ ਵਜ਼ੀਰਾਂ ਨੂੰ ਨੌਂ ਰਤਨ ਕਿਹਾ ਗਿਆ ਹੈ। ਮੋਤੀ ਸਮੁੰਦਰ ਵਿੱਚੋਂ ਨਿਕਲਦੇ ਹਨ । ਸਮੁੰਦਰ ਦੀਆਂ ਵੱਖ-ਵੱਖ ਖਾੜੀਆਂ ਵਿੱਚੋਂ ਸਿੱਪਾਂ ਕੱਢੀਆਂ ਜਾਂਦੀਆਂ ਹਨ, ਉਨ੍ਹਾਂ ਸਿੱਪਾਂ 'ਚੋਂ ਮੋਤੀ ਨਿਕਲਦੇ ਹਨ, ਇਨ੍ਹਾਂ ਦੀਆਂ ਅੱਡ-ਅੱਡ ਕਿਸਮਾਂ ਤੇ ਕੀਮਤਾਂ ਹੁੰਦੀਆਂ ਹਨ ।

ਹੀਰੇ, ਲਾਲ, ਪੰਨੇ ਤੇ ਨੀਲਮ ਆਦਿਕ ਕੀਮਤੀ ਪੱਥਰ ਪਹਾੜਾਂ ਵਿੱਚੋਂ ਨਿਕਲਦੇ ਹਨ। ਇਨ੍ਹਾਂ ਦਾ ਵਜ਼ਨ, ਸੁੰਦਰਤਾ ਤੇ ਚਮਕ-ਦਮਕ ਅਨੁਸਾਰ ਘੱਟ ਜਾਂ ਵੱਧ ਮੁੱਲ ਪੈਂਦਾ ਹੈ । ਚਿੱਟੇ ਰੰਗ ਦੇ ਕੀਮਤੀ ਤੇ ਚਮਕੀਲੇ ਪਥੱਰ ਨੂੰ ਹੀਰਾ ਕਹਿੰਦੇ ਹਨ । ਹੀਰਿਆਂ ਵਿੱਚੋਂ ਸਭ ਤੋਂ ਭਾਰਾ, ਸੁੰਦਰ, ਚਮਕੀਲਾ ਤੇ ਬਹੁ-ਮੁੱਲਾ ਕੋਹਿਨੂਰ ਹੀਰਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿੱਚ ਅਲਮਾਸ ਹੀਰੇ ਹਨ । ਲਾਲ ਰੰਗ ਦੇ ਕੀਮਤੀ ਪੱਥਰ ਨੂੰ ਲਾਲ ਕਹਿੰਦੇ ਹਨ । ਛੋਟਾ ਟੁਕੜਾ ਹੋਵੇ ਤਾਂ ਮਾਣਕ, ਇਸ ਤੋਂ ਛੋਟੀ ਟੁਕੜੀ ਨੂੰ ਲਾਲੜੀ ਤੇ ਚੂੰਨੀ ਕਹਿੰਦੇ ਹਨ । ਨੀਲੇ ਰੰਗ ਦੇ ਸੁੰਦਰ ਕੀਮਤੀ ਪੱਥਰ ਨੂੰ ਨੀਲਮ ਕਹਿੰਦੇ ਹਨ ।

**ਤੋਸ਼ੇ ਖਾਨਾ**- ਫਾ: ਤੋਸ਼ਹ ਖਾਨਾ ਸੰਗਯਾ, ਖਾਣ ਪੀਣ ਦਾ ਸਾਮਾਨ ਰੱਖਣ ਦਾ ਘਰ, ਲੱਸੀ ਖਾਨਾ । ਇਸੇ ਤਰ੍ਹਾਂ ਫਰਸ਼ ਤੇ ਪਹਿਰਣ ਵਾਲੇ ਬਸਤ੍ਰ ਰੱਖਣ ਵਾਲੇ ਘਰ ਨੂੰ ਤੋਸ਼ਕ ਖਾਨਾ ਕਹਿੰਦੇ ਹਨ ਪਰ ਹੁਣ ਗਹਿਣੇ ਬਸਤ੍ਰ ਤੇ ਜਿਲੌ ਦਾ ਕੀਮਤੀ ਸਾਮਾਨ ਜਿਸ ਘਰ ਵਿੱਚ ਰੱਖਿਆ ਜਾਵੇ, ਉਸ ਨੂੰ ਤੋਸ਼ੇਖਾਨਾ ਆਖਦੇ ਹਨ । ਜਿਵੇਂ-ਸ੍ਰੀ ਹਰਿਮੰਦਰ ਸਾਹਿਬ ਦਾ ਤੋਸ਼ੇਖਾਨਾ ।

**ਜਿਲੌ ਦਾ ਇਤਿਹਾਸ**- ਸਿੱਖ ਰਾਜ ਦੀ ਸਥਾਪਤੀ ਤੋਂ ਹੀ ਜਿਲੌ ਦਾ ਇਤਿਹਾਸ ਆਰੰਭ ਹੁੰਦਾ ਹੈ । ਉਸ ਤੋਂ ਪਹਿਲਾਂ ਦੀ ਕੋਈ ਵਡਮੁੱਲੀ ਵਸਤੂ ਨਹੀਂ ਹੈ । ਸਿੱਖ ਰਾਜ ਦੇ ਆਉਣ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਨੂੰ ਸੁਨਹਿਰੀ ਕੀਤਾ ਗਿਆ ਤੇ ਸੰਗਮਰਮਰ ਨਾਲ

ਸਜਾਇਆ ਗਿਆ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨ ਚਮਕਣ ਲੱਗੀ ਤਾਂ ਸਿੱਖ ਸਰਦਾਰਾਂ ਅਤੇ ਰਾਜਿਆਂ ਵੱਲੋਂ ਵਡਮੁੱਲੇ ਪਦਾਰਥਾਂ ਦੇ ਚੜ੍ਹਾਵੇ ਚੜ੍ਹਨ ਲੱਗੇ ਸਨ, ਪਰ ਸਭ ਤੋਂ ਵੱਧ ਕੀਮਤੀ, ਵਡਮੁੱਲਾ ਤੇ ਵਧੇਰੇ ਮਾਤ੍ਰਾ ਵਿੱਚ ਜਿਲੌ ਦਾ ਸਾਮਾਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਹੀ ਸਮੇਂ ਸਮੇਂ ਸਿਰ ਭੇਟਾ ਕੀਤਾ ਜਾਂਦਾ ਰਿਹਾ ਹੈ ਜਾਂ ਉਨ੍ਹਾਂ ਤੋਂ ਬਾਅਦ ਸ਼ਰਧਾਲੂ ਸਿੱਖਾਂ, ਸਿੱਖ ਜਥੇਬੰਦੀਆਂ, ਸੰਤਾਂ, ਨਵੇਂ ਸਜੇ ਅਮਰੀਕਨ ਸਿੰਘਾਂ ਸਿੰਘਾਣੀਆਂ ਤੇ ਫਕੀਰ ਮੁਹੰਮਦ ਮਸਕੀਨ ਵਰਗੇ ਗੈਰ ਸਿੱਖ ਸ਼ਰਧਾਲੂਆਂ ਨੇ ਭੇਟ ਕੀਤਾ। ਜਿਲੌ ਦੇ ਸਾਰੇ ਸਾਮਾਨ ਦਾ ਵੇਰਵਾ ਤੇ ਕੁਝ ਕੁ ਬਹੁਮੁੱਲੀਆਂ ਵਸਤਾਂ ਦੇ ਇਤਿਹਾਸਕ ਪਿਛੋਕੜ ਦਾ ਵੀ ਵਰਣਨ ਹੇਠ ਕਰਦੇ ਹਾਂ --

**੧. ਕੀਮਤੀ-ਚਾਨਣੀ**- ਗੂੜ੍ਹੇ ਲਾਲ ਰੰਗ ਦੀ ਮਖ਼ਮਲ ਦੀ ਬਣੀ ਹੋਈ ਇਹ ਇਕ ਬਹੁਤ ਹੀ ਸੁੰਦਰ ਕੀਮਤੀ ਚਾਨਣੀ ਸੀ। ਜਿਸ ਉੱਪਰ ਸੁਨਹਿਰੀ ਤਿੱਲੇ ਨਾਲ ਬਹੁਤ ਚੰਗੀ ਕਾਰੀਗਰੀ ਦੁਆਰਾ ਸੁੰਦਰ ਕਢਾਈ ਕੀਤੀ ਹੋਈ ਸੀ। ਰੰਗ-ਬਰੰਗੇ ਵਡਮੁੱਲੇ ਮੋਤੀਆਂ ਦੀਆਂ ਝਾਲਰਾਂ ਸਨ ਤੇ ਕੀਮਤੀ ਪੱਥਰ ਜੜ੍ਹੇ ਹੋਏ ਸਨ। ਕੱਪੜੇ ਦੀ ਕੋਈ ਜਗ੍ਹਾ ਖਾਲੀ ਨਹੀਂ ਸੀ, ਜਿਥੇ ਕਿ ਕਢਾਈ ਨਾ ਕੀਤੀ ਹੋਵੇ ਜਾਂ ਮੋਤੀ ਜਾਂ ਕੀਮਤੀ ਪੱਥਰ ਨ ਜੜਿਆ ਹੋਵੇ। ਵਿੱਚ ਵਾਰ ਸੁੰਦਰ ਕੀਮਤੀ ਹੀਰੇ ਤੇ ਰਤਨ ਵੀ ਜੜੇ ਹੋਏ ਸਨ। ਉਸ ਸਮੇਂ ਇਸ ਦੀ ਕੀਮਤ ਇਕ ਲੱਖ ਰੁਪਏ ਤੋਂ ਘਟ ਨਹੀਂ ਸੀ।

ਇਹ ਚਾਨਣੀ ਰਿਆਸਤ ਹੈਦਰਾਬਾਦ ਦੱਖਣ ਦੇ ਮੁਸਲਮਾਨ ਨਜ਼ਾਮ ਵੱਲੋਂ ਮਿੱਤ੍ਰਤਾ ਦੀ ਨਿਸ਼ਾਨੀ ਦੇ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟਾ ਕੀਤੀ ਗਈ ਸੀ। ਰੀਪੋਰਟ ਸ੍ਰੀ ਦਰਬਾਰ ਸਾਹਿਬ, (ਪੰਨਾ ੫੩) ਅਨੁਸਾਰ ਮਹਾਰਾਜਾ ਸਾਹਿਬ ਨੇ ਇਸ ਨੂੰ ਰਾਮ ਬਾਗ ਵਿਖੇ ਲਵਾਇਆ ਤੇ ਹੇਠਾਂ ਬੈਠੇ ਤੇ ਜਦ ਉੱਪਰ ਨਿਗਾਹ ਮਾਰੀ ਤਾਂ ਚਾਨਣੀ ਦੀ ਸੁੰਦਰਤਾ, ਸ਼ਾਨ, ਚਮਕ-ਦਮਕ ਤੇ ਉਸ ਨੂੰ ਬੇ-ਕੀਮਤੀ ਦੇਖ ਕੇ ਕਹਿਣ ਲੱਗੇ ਕਿ ਇਹ ਵਡਮੁੱਲੀ ਸੁਗਾਤ ਤਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੇ ਲਾਇਕ ਹੈ। ਮੈਂ ਇਸ ਨੂੰ ਵਰਤਣ ਦਾ ਹੱਕ ਨਹੀਂ ਰੱਖਦਾ। ਉਸੇ ਵੇਲੇ ਚਾਨਣੀ ਉਤਰਵਾ ਕੇ ਮਹਾਰਾਜਾ ਰਣਜੀਤ ਸਿੰਘ ਆਪ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਮੈਂ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੀ ਭੇਟਾ ਕਰਨ ਆਇਆ ਹਾਂ ਤਾਂ ਜਥੇਦਾਰ ਸਾਹਿਬ ਨੇ ਹੁਕਮ ਕੀਤਾ ਕਿ ਜਿਹੜੀ ਵਸਤੂ ਕਿਸੇ ਮਨੁੱਖ ਨੇ ਵਰਤੀ ਹੋਵੇ, ਉਹ ਗੁਰੂ ਜੀ ਦੀ ਭੇਟਾ ਨਹੀਂ ਚੜ੍ਹ ਸਕਦੀ ਜੇ ਆਪ ਨੇ ਇਹ ਗੁਰੂ ਦੀ ਭੇਟਾ ਕਰਨੀ ਸੀ ਤਾਂ ਫਿਰ ਆਪ ਕਿਉਂ ਇਸ ਦੇ ਹੇਠ ਬੈਠੇ। ਤਾਂ ਮਹਾਰਾਜਾ ਸਾਹਿਬ ਨੇ ਹੱਥ ਜੋੜ ਕੇ ਆਪਣੇ ਵੱਲੋਂ ਹੋਈ ਸਖ਼ਤ ਗਲਤੀ ਦੀ ਮੁਆਫ਼ੀ ਮੰਗੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਹਾਰਾਜੇ ਨੂੰ ਦੋ ਪਿੰਡ ਸ੍ਰੀ ਦਰਬਾਰ ਸਾਹਿਬ ਦੇ ਨਾਮ ਲੁਆਉਣ ਦੀ ਤਨਖ਼ਾਹ ਲਾ ਕੇ ਬਖਸ਼ ਦਿੱਤਾ ਗਿਆ ਤੇ ਚਾਨਣੀ ਰੱਖ ਲਈ ਗਈ।

ਮਹਾਰਾਜਾ ਸਾਹਿਬ ਨੇ ਪਿੰਡ ਭਨੌੜੀ ਜ਼ਿਲ੍ਹਾ ਕਾਂਗੜਾ ਅਤੇ ਪਿੰਡ ਨਰੈਣ ਪੁਰ ਜ਼ਿਲ੍ਹਾ ਗੁਰਦਾਸਪੁਰ ਸਦਾ ਲਈ ਇਸ ਤਨਖ਼ਾਹ ਵਜੋਂ ਦਰਬਾਰ ਸਾਹਿਬ ਦੇ ਨਾਮ ਜਗੀਰ ਲਗਵਾ ਦਿੱਤੀ। ਜੋ ਹੁਣ ਤਕ ਵੀ ਜ਼ਾਰੀ ਹੈ।

ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਮੁਆਫ਼ੀ ਮੰਗ ਲਈ ਤੇ ਲੱਗੀ ਤਨਖਾਹ ਵੀ ਪੂਰੀ ਕਰ ਦਿੱਤੀ ਪਰ ਫਿਰ ਵੀ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਉੱਪਰ ਨਹੀਂ ਲਗਾਈ ਗਈ। ਹਾਂ ਇਤਨਾ ਜ਼ਰੂਰ ਹੋਇਆ ਕਿ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਖਜ਼ਾਨੇ ਉੱਪਰ ਲਗਦੀ ਰਹੀ। ਕਿਹਾ ਜਾਂਦਾ ਹੈ ਕਿ ਜਦ ਲਾਰਡ ਕਰਜ਼ਨ ਭਾਰਤ ਆਇਆ ਤਾਂ ਕਿਸੇ ਰਾਜੇ ਨੇ ਏਹੋ ਜੇਹੀ ਚਾਨਣੀ ਭੇਟਾ ਕੀਤੀ, ਜਦ ਉਸ ਨੇ ਵਲੈਤ ਜਾ ਕੇ ਦਿਖਾਈ ਤਾਂ ਉਥੇ ਇਹ ਅਫਵਾਹ ਫੈਲ ਗਈ ਕਿ ਇਹ ਸ੍ਰੀ ਦਰਬਾਰ ਸਾਹਿਬ ਦੀ ਚਾਨਣੀ ਹੈ ਪਰ ਪਿੱਛੋਂ ਇਸ ਅਫਵਾਹ ਦਾ ਖੰਡਨ ਹੋ ਗਿਆ।

ਪ੍ਰਿੰਸ ਆਫ਼ ਵੇਲਜ਼ ਦੇ ਅੰਮ੍ਰਿਤਸਰ ਆਉਣ ਸਮੇਂ ਉਸ ਵੇਲੇ ਦੇ ਸਰਬਰਾਹ ਨੇ ਇਹ ਚਾਨਣੀ ਘੰਟਾ ਘਰ ਦੇ ਕੋਲ ਲਗਵਾਈ ਤੇ ਇਸ ਹੇਠ ਕੁਰਸੀਆਂ ਡਾਹ ਕੇ ਪ੍ਰਿੰਸ ਆਫ ਵੇਲਜ਼, ਡੀ.ਸੀ.ਤੇ ਹੋਰ ਅਫ਼ਸਰ ਬੈਠੇ ਤੇ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਗ੍ਰੰਥੀ ਸਿੰਘਾਂ ਤੇ ਪੁਜਾਰੀਆਂ ਨੇ ਇਸ ਦੀ ਵਿਰੋਧਤਾ ਕੀਤੀ, ਪਰ ਸਰਬਰਾਹ ਨੇ ਉਨ੍ਹਾਂ ਦੀ ਇਕ ਨਾ ਮੰਨੀ। ਉਸ ਦਿਨ ਤੋਂ ਬਾਅਦ ਫੇਰ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਖਜ਼ਾਨੇ ਉੱਪਰ ਲਾਉਣੀ ਵੀ ਬੰਦ ਕਰ ਦਿੱਤੀ ਗਈ। ਲੱਕੜ ਤੇ ਸ਼ੀਸ਼ਿਆਂ ਦਾ ਇਕ ਬਕਸਾ ਬਣਾ ਕੇ ਚਾਨਣੀ ਨੂੰ ਤਹਿ ਕਰ ਕੇ ਦਰਸ਼ਨਾਂ ਹਿਤ ਬਕਸੇ ਵਿੱਚ ਇਕ ਡੰਡੇ ਉੱਪਰ ਲਟਕਾਇਆ ਹੋਇਆ ਸੀ। ਜ਼ਿਆਦਾ ਪੁਰਾਣੀ ਹੋਣ ਕਰ ਕੇ ਇਸ ਨੂੰ ਵਿਖਾਉਣ ਵਾਸਤੇ ਖੋਲ੍ਹਿਆ ਵੀ ਨਹੀਂ ਸੀ ਜਾਂਦਾ ਕਿਉਂਕਿ ਐਸਾ ਕਰਨ ਨਾਲ ਮੋਤੀ, ਹੀਰੇ ਤੇ ਰਤਨ ਹੱਥ ਲਾਇਆਂ ਕਿਰਕਿਰ ਪੈਂਦੇ ਸਨ। ਸ਼ੀਸ਼ੇ ਦੇ ਵਿੱਚ ਦੀ ਹੀ ਦਰਸ਼ਨ ਕਰ ਲਏ ਜਾਂਦੇ ਸਨ। ੪-੫ ਤੇ ੬ ਜੂਨ ੧੯੮੪ ਈ: ਦੇ 'ਨੀਲਾ ਤਾਰਾ' ਘੱਲੂਘਾਰੇ ਸਮੇਂ ਭਾਰਤੀ ਫ਼ੌਜ ਵੱਲੋਂ ਟੈਂਕ ਦਾ ਗੋਲਾ ਵੱਜ ਕੇ ਇਹ ਚਾਨਣੀ ਸੜ ਕੇ ਸੁਆਹ ਹੋ ਗਈ। ਜਿਲੌ ਦਾ ਬਾਕੀ ਸਾਮਾਨ ਲੋਹੇ ਦੇ ਸ਼ੱਟਰ ਵਿੱਚ ਬੰਦ ਹੋਣ ਕਰ ਕੇ ਬਚ ਗਿਆ ਚਾਨਣੀ ਦੀ ਰਾਖ ਬੋਰੀਆਂ ਵਿੱਚ ਪਾ ਕੇ ਤੋਸ਼ੇਖਾਨੇ ਵਿੱਚ ਰੱਖੀ ਹੋਈ ਹੈ।

**੨. ਜੜਾਊ ਸੇਹਰਾ**– ਇਹ ਬਹੁਤ ਹੀ ਕੀਮਤੀ ਸੁੱਚੇ ਮੋਤੀਆਂ ਦਾ ਜੜਾਊ ਸੇਹਰਾ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਪੁੱਤਰ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਵਿਆਹ ਸਮੇਂ ਇਕ ਲੱਖ ਬੱਤੀ ਹਜ਼ਾਰ ਚਾਰ ਸੌ (੧੩੨੪੦੦) ਰੁਪਏ ਦਾ ਬਣਵਾਇਆ ਸੀ। ਇਸ ਸੇਹਰੇ ਦੇ ਘੇਰੇ ਵਿੱਚ ੧੦੮ ਸੁੱਚੇ ਮੋਤੀ ਹਨ, ਜਿਨ੍ਹਾਂ ਦਾ ਮੁੱਲ ਇਕ ਲੱਖ ਰੁਪਏ ਸੀ। ਇਸ ਸੇਹਰੇ ਦੀਆਂ ਮੋਤੀਆਂ ਦੀਆਂ ਪੈਂਤੀ (੩੫) ਲੜੀਆਂ ਹਨ। ਜਦ ਵਿਆਹ ਸਮੇਂ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਇਹ ਸੇਹਰਾ ਬੰਨ੍ਹਣ ਲਈ ਦਿੱਤਾ ਗਿਆ ਤਾਂ ਉਨ੍ਹਾਂ ਵੀ ਆਪਣੇ ਪਿਤਾ ਵਾਂਗ ਕਿਹਾ ਕਿ ਸੁੰਦਰ ਤੇ ਬਹੁਮੁੱਲੀ ਵਸਤੂ ਕੇਵਲ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਹੀ ਸ਼ੋਭਾ ਦੇ ਸਕਦੀ ਹੈ। ਮੈਂ ਇਸ ਦੇ ਲਾਇਕ ਨਹੀਂ ਹਾਂ। ਸੋ ਉਸੇ ਵੇਲੇ ਸ਼ਹਿਜ਼ਾਦਾ ਸ਼ੇਰ ਸਿੰਘ ਆਪ ਆ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਹ ਸੇਹਰਾ ਭੇਟਾ ਕਰ ਗਿਆ।

*(ਵਿਸਥਾਰ ਲਈ ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੬੦)*

**੩. ਜੜਾਊ-ਛਤਰ**– ਜਿਲੌ ਦੇ ਸਾਮਾਨ ਵਿੱਚ ਇਹ ਸੁਨਹਿਰੀ ਛਤਰ ਇਕ ਅਲੌਕਿਕ ਤੇ ਅਦਭੁਤ ਵਸਤੂ ਹੈ। ਛਤਰ ਦੀ ਮੋਤੀਆਂ ਦੀ ਮਾਲਾ ਤੇ ਝਾਲਰ ਬਹੁਤ ਹੀ ਸੁੰਦਰ ਹੈ। ਇਹ ਛਤਰ ਲਗਭਗ ਦਸ ਸੇਰ ਕੱਚੇ ਭਾਰ ਦਾ ਸੋਨੇ ਦਾ ਬਣਿਆ ਹੋਇਆ ਹੈ। ਜਿਸ

ਵਿੱਚ ਅਲਮਾਸ ਦੇ ਹੀਰੇ, ਮੋਤੀ, ਮਾਣਕ, ਲਾਲੜੀਆਂ ਤੇ ਚੂੰਨੀਆਂ ਜੜੀਆਂ ਹੋਈਆਂ ਹਨ। ਉਸ ਸਮੇਂ ਇਸ ਦੀ ਕੀਮਤ ਡੇਢ ਲੱਖ ਦੇ ਕਰੀਬ ਮੰਨੀ ਗਈ ਸੀ। ਦੋ ਸੌ ਤੋਂ ਉੱਪਰ ਹੀਰੇ ਜੜੇ ਹੋਏ ਹਨ।

*(ਵਿਸਥਾਰ ਲਈ ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ ਦਾ ਪੰਨਾ ੫੭)।*

**੪. ਜੜਾਊ-ਮੋਰ**- ਉਪ੍ਰੋਕਤ ਛਤਰ ਦੇ ਐਨ ਵਿਚਕਾਰ ਇਕ ਜੜਾਊ ਸੁਨਹਿਰੀ ਮੋਰ ਹੈ। ਜਿਸ ਦੀ ਗਰਦਨ ਵਧੀਆ ਨੀਲਮ ਦੀ ਬਣੀ ਹੋਈ ਹੈ। ਜੌਹਰੀਆਂ ਦਾ ਵਿਚਾਰ ਹੈ ਕਿ ਏਡਾ ਵੱਡਾ ਨੀਲਮ ਅੱਜ-ਕਲ੍ਹ ਨਹੀਂ ਮਿਲਦਾ, ਜਿਸ ਵਿੱਚੋਂ ਤਰਾਸ਼ ਕੇ ਇਹ ਮੋਰ ਦੀ ਗਰਦਨ ਬਣਾਈ ਗਈ ਹੈ। ਇਹ ਮੋਰ, ਕੀਮਤੀ ਹੀਰੇ, ਪੰਨਿਆਂ ਨਾਲ ਮੜ੍ਹਿਆ ਹੋਇਆ ਹੈ। ਚੁੰਝ ਵਿੱਚ ਇਕ ਮੋਤੀਆਂ ਦੀ ਮਾਲਾ ਪਕੜੀ ਹੋਈ ਹੈ। ਇਸ ਮੋਰ ਦੀ ਬਣਤਰ ਵਿੱਚ ਕਮਾਲ ਦੀ ਕਾਰੀਗਰੀ ਵਿਖਾਈ ਗਈ ਹੈ।

੫. ਥੰਮ੍ਹੇ ਸੁਨਹਿਰੀ-ਦੋ ਨਗ। ੬. ਕਮਾਨੀਆਂ ਸੁਨਹਿਰੀ-ਦੋ ਨਗ।
੭. ਮੋਰ ਸੋਨੇ ਦੇ-ਚਾਰ ਨਗ। ੮. ਖੰਡੇ ਤੇ ਚਕਰੀਆਂ ਸੋਨਾ-ਦੋ ਨਗ।
੯. ਛੱਬੇ ਮਕੈਸ਼ੀ-ਦਸ ਨਗ। ੧੦. ਛੱਬੇ ਲੜੀਆਂ ਮੋਤੀਆਂ-ਨੌ ਨਗ।

**੧੧. ਇਤਿਹਾਸਕ ਤਲਵਾਰ**- ਸੁਨਹਿਰੀ ਮੁੱਠ ਤੇ ਠੋਕਰ ਵਾਲੀ ਇਹ ਤਲਵਾਰ ਮਹਾਰਾਜਾ ਰਣਜੀਤ ਸਿੰਘ ਦੀ ਹੈ। ਮੁੱਠ ਉੱਪਰ ਸੁੰਦਰ ਸੋਨੇ ਦਾ ਕੰਮ ਕੀਤਾ ਹੋਇਆ ਹੈ ਤੇ ਵਿੱਚ ਹੀਰੇ ਜੜੇ ਹੋਏ ਹਨ। ਇਹ ਤਲਵਾਰ ਜੰਗ ਜੁੱਧ ਜਾਂ ਆਮ ਵਰਤੋਂ ਵਿੱਚ ਨਹੀਂ ਆਉਂਦੀ ਸੀ। ਕੇਵਲ ਖਾਸ ਮੌਕਿਆਂ ਉੱਪਰ ਮਹਾਰਾਜਾ ਸਾਹਿਬ ਇਸ ਨੂੰ ਹੱਥ ਵਿੱਚ ਪਕੜ ਕੇ ਦਰਬਾਰ ਵਿੱਚ ਆਉਂਦੇ ਅਤੇ ਸੁਨਹਿਰੀ ਕੁਰਸੀ (ਜੋ ਅੱਜ ਕਲ੍ਹ ਇੰਗਲੈਂਡ ਵਿੱਚ ਹੈ) ਉੱਪਰ ਬੈਠਦੇ ਸਨ ਜਾਂ ਖਾਸ ਰਸਮਾਂ ਵੇਲੇ ਵਰਤੀ ਜਾਂਦੀ ਸੀ।

**੧੨. ਸੋਨੇ ਦੀਆਂ ਕਹੀਆਂ**- ਇਹ ਗਿਣਤੀ ਵਿੱਚ ਇਸ ਵਕਤ ਛੇ ਹਨ। ਇਨ੍ਹਾਂ 'ਚੋਂ ਪੰਜ ਕਹੀਆਂ ੧੯੨੩ ਈ: ਦੀ ਕਾਰ ਸੇਵਾ ਸਮੇਂ ਤਿਆਰ ਕੀਤੀਆਂ ਗਈਆਂ ਸਨ। ਜਿਨ੍ਹਾਂ ਨਾਲ ਪੰਜ ਪਿਆਰਿਆਂ ਨੇ ਪਹਿਲੇ ਪੰਜ ਬਾਟੇ ਕਾਰ ਦੇ ਭਰ ਕੇ ਆਪਣੇ ਸਿਰਾਂ 'ਤੇ ਚੁੱਕ ਕੇ ਬਾਹਰ ਸੁੱਟੇ ਸਨ। ਇਵੇਂ ਹੀਂ ੧੯੭੩ ਈ: ਦੀ ਕਾਰ-ਸੇਵਾ ਸਮੇਂ ਪੰਜਾਂ ਪਿਆਰਿਆਂ ਨੇ ਇਨ੍ਹਾਂ ਕਹੀਆਂ ਨਾਲ ਹੀ ਆਰੰਭ ਵਿੱਚ ਪੰਜ ਬਾਟੇ ਕਾਰ ਦੇ ਭਰ ਕੇ ਬਾਹਰ ਸੁੱਟੇ ਤੇ ਇਕ ਕਹੀ ੧੯੭੩ ਈ: ਨੂੰ ਹੋਈ ਕਾਰ-ਸੇਵਾ ਸਮੇਂ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਭੇਟ ਕੀਤੀ ਗਈ ਸੀ, ਇਨ੍ਹਾਂ ਕਹੀਆਂ ਦੇ ਫਲ ਸੋਨੇ ਦੇ ਤੇ ਦਸਤੇ, ਚਾਂਦੀ ਦੇ ਹਨ। ਇਨ੍ਹਾਂ ਨੂੰ ਜਿਲੌ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਸਜਾਇਆ ਜਾਂਦਾ ਹੈ।

**੧੩. ਚਾਂਦੀ ਦੇ ਬਾਟੇ**- ਇਹ ਇਸ ਸਮੇਂ ਗਿਣਤੀ ਵਿੱਚ ਸੋਲਾਂ ਹਨ। ਇਹ ਨਿਰੀ ਚਾਂਦੀ ਦੇ ਹਨ। ਇਨ੍ਹਾਂ 'ਚੋਂ ਪੰਜ ੧੯੨੩ ਈ: ਦੀ ਕਾਰਸੇਵਾ ਸਮੇਂ ਸੁਨਹਿਰੀ ਕਹੀਆਂ ਨਾਲ ਤਿਆਰ ਕੀਤੇ ਗਏ ਤੇ ਵਰਤੇ ਗਏ। ਇਵੇਂ ਹੀ ੧੯੭੩ ਈ: ਦੀ ਕਾਰਸੇਵਾ ਸਮੇਂ ਇਨ੍ਹਾਂ ਦੀ ਵਰਤੋਂ ਕੀਤੀ ਗਈ। ਪੰਜ ਚਾਂਦੀ ਦੇ ਬਾਟੇ ਪੰਜਾਬ ਦੇ ਮੁੱਖ ਮੰਤ੍ਰੀ ਨੇ ਪੰਜਾਬ ਸਰਕਾਰ ਵੱਲੋਂ ਇਕ ਚਾਂਦੀ ਦੀ ਕਹੀ ਸਮੇਤ ੧੯੭੩ ਈ: ਦੀ ਕਾਰਸੇਵਾ ਸਮੇਂ ਭੇਟ ਕੀਤੇ, ਇਸੇ ਹੀ

ਮੌਕੇ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਪੰਜ ਬਾਟੇ ਚਾਂਦੀ ਦੇ ਭੇਟ ਕੀਤੇ ਤੇ ਇਕ ਬਾਟਾ ਸੰਤ ਕੁੰਦਨ ਸਿੰਘ ਕਲੇਰਾਂ ਵੱਲੋਂ ਭੇਟ ਕੀਤਾ ਗਿਆ, ਇਸ ਤਰ੍ਹਾਂ ਇਹ ਕੁਲ ਚਾਂਦੀ ਦੇ ਬਾਟੇ ਸੋਲਾਂ ਹੋ ਗਏ ।

**੧੪.ਸੁਨਹਿਰੀ ਜੋੜੀਆਂ**- ਇਹ ਸੁਨਹਿਰੀ ਪੱਤਰਿਆਂ ਵਾਲੀਆਂ ਚਿਤ੍ਰਕਾਰੀ ਸਹਿਤ ਚਾਰ ਜੋੜੀਆਂ ਭਾਵ ਅੱਠ ਤਖ਼ਤੇ ਹਨ । ਇਹ ਜਿਲੌ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਚੌਹਾਂ ਬੂਹਿਆਂ ਵਿੱਚ ਚੜ੍ਹਾਈਆਂ ਜਾਂਦੀਆਂ ਹਨ । ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਅਨੁਸਾਰ ਇਨ੍ਹਾਂ 'ਚੋਂ ਇਕ ਜੋੜੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਦੂਜੀ ਮਹਾਰਾਜਾ ਖੜਗ ਸਿੰਘ ਦੀ ਮਾਤਾ ਵੱਲੋਂ, ਤੀਜੀ ਮਹਾਰਾਜਾ ਖੜਗ ਸਿੰਘ ਵੱਲੋਂ ਤੇ ਚੌਥੀ ਕੰਵਰ ਨੌਨਿਹਾਲ ਸਿੰਘ ਦੀ ਮਾਤਾ ਵੱਲੋਂ ਭੇਟ ਕੀਤੀਆਂ ਗਈਆਂ। ਜੋੜੀਆਂ ਨੂੰ ਮੇਖਾਂ ਤਾਂਬੇ ਤੇ ਲੋਹੇ ਦੀਆਂ ਲੱਗੀਆਂ ਹੋਈਆਂ ਹਨ ।

**੧੫. ਚੰਦਨ ਦਾ ਚੌਰ**- ਇਕ ਮੁਸਲਮਾਨ ਫਕੀਰ ਹਾਜੀ ਮੁਹੰਮਦ ਮਸਕੀਨ ਗੁਰੂ ਨਾਨਕ ਦੇ ਪ੍ਰੇਮ-ਰੰਗ ਵਿੱਚ ਰੰਗਿਆ ਅੰਮ੍ਰਿਤਸਰ ਆਇਆ । ਜੋ ਭਾਵੇਂ ਲਾਹੌਰ ਦਾ ਜੰਮਪਲ ਸੀ ਪਰ ਅੱਧੀ ਸਦੀ ਦੇ ਲਗਭਗ ਮੱਕੇ ਮਦੀਨੇ ਵਿੱਚ ਰਿਹਾ । ੩੧ ਦਸੰਬਰ ੧੯੨੫ ਈ: (ਪੋਹ ੧੯੮੨ ਬਿ:) ਵੀਰਵਾਰ ਨੂੰ ਦਿਨ ਦੇ ੨ ਵਜੇ ਇਸ ਨੇ ਬੜੀ ਸ਼ਰਧਾ ਨਾਲ ਇਹ ਚੰਦਨ ਦੀਆਂ ਤਾਰਾਂ ਦਾ ਬਣਿਆ ਅਮੋਲਕ ਚੌਰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਪ੍ਰਸਿੱਧ ਰਾਗੀ ਦੀ ਰਾਹੀਂ ਸ੍ਰੀ ਦਰਬਾਰ ਸਾਹਿਬ ਦੀ ਭੇਟ ਕੀਤਾ । ਹਾਜੀ ਮੁਹੰਮਦ ਮਸਕੀਨ ਨੇ ੯ ਮਣ ੧੪ ਸੇਰ ਚੰਦਨ ਵਿੱਚੋਂ ਵਾਲ ਵਰਗੀਆਂ ਬਰੀਕ ੧ ਲੱਖ ੪੫ ਹਜ਼ਾਰ (੧੪੫੦੦੦) ਤਾਰਾਂ ਆਪਣੇ ਹੱਥੀਂ ਤਿਆਰ ਕਰ ਕੇ ਪੰਜ ਸਾਲ ਸੱਤਾਂ ਮਹੀਨਿਆਂ ਵਿੱਚ ਇਹ ਚੰਦਨ ਦਾ ਚੌਰ ਖੁਦ ਬਣਾਇਆ ਸੀ । ਚੌਰ ਭੇਟਾ ਕਰਨ ਸਮੇਂ ਉਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਬੜਾ ਭਾਰੀ ਦੀਵਾਨ ਸਜਿਆ । ਸੰਗਤਾਂ ਦੀ ਭਾਰੀ ਭੀੜ ਨੂੰ ਇਸ ਚੌਰ ਦੇ ਦਰਸ਼ਨ ਕਰਵਾਏ ਗਏ ਅਤੇ ਫਕੀਰ ਜੀ ਨੂੰ ਸ੍ਰੀ ਦਰਬਾਰ ਸਾਹਿਬ ਵੱਲੋਂ ੧੦੧ ਮੋਹਰਾਂ (ਪੌਂਡ), ੧੬੦ ਰੁਪਏ ਦੇ ਮੁੱਲ ਦਾ ਗਰਮ ਧੁੱਸਾ ਇਕ ਬਨਾਰਸੀ ਰੇਸ਼ਮੀ ਦੁਪੱਟਾ ਤੇ ਇਕ ਖੱਦਰ ਦਾ ਪੀਲਾ ਪਰਨਾ ਸਿਰੋਪਾਉ ਵੱਜੋਂ ਬਖਸ਼ੇ ਗਏ । ਹੁਣ ਇਹ ਚੌਰ, ਸਾਗਵਾਨ ਅਤੇ ਦੰਦ ਦੇ ਕੰਮ ਨਾਲ ਸਜੇ ਇਕ ਸ਼ੀਸ਼ੇ ਦੇ ਬਕਸੇ ਵਿੱਚ ਸਾਂਭ ਕੇ ਜਿਲੌ ਖਾਨੇ ਵਿੱਚ ਰੱਖਿਆ ਹੋਇਆ ਹੈ ਅਤੇ ਜਿਲੌ ਸਮੇਂ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਸਜਾਇਆ ਜਾਂਦਾ ਹੈ । ਇਸ ਚੌਰ ਦੀ ਮੁੱਠ ਚਾਂਦੀ ਦੀ ਹੈ ਅਤੇ ਇਸ ਉੱਪਰ ਉਰਦੂ ਵਿੱਚ ਇਹ ਅੱਖਰ ਉਕਰੇ ਹੋਏ ਹਨ-

> *"ਪਾਂਚ ਬਰਸ ਸਾਤ ਮਹੀਨੇ ਮੇਂ ਸੰਦਲ ਕੇ ਬਾਲੋਂ ਕੋ ਬਨਾਤੇ ਹੂਏ ਏਕ ਲਾਖ ਪੰਤਾਲੀ ਹਜ਼ਾਰ ਬਾਲੋਂ ਕਾ ਯਹ ਚੌਰ ਸਾਖਤਾ ਹਾਜੀ ਮਸਕੀਨ ਦਸਤਕਾਰ ਸਰਸ ਚੰਦਨ ਨੇ ਬਨਾਇਆ। ਸ਼ਾਹ ਕੀ ਖਿਦਮਤ ਮੇਂ ਲਾਇਆ ਗਿਆ ।"*

੧੬. ਹਾਰ ਸੋਨਾ ਪੌਂਡਾਂ ਵਾਲਾ-ਬੀਬੀ ਸੁਰਜੀਤ ਕੌਰ ਕਟਾਰੀਆ ਅੰਮ੍ਰਿਤਸਰ ਵੱਲੋਂ ਭੇਟਾ ।

੧੭. ਹਾਰ ਸੋਨਾ, ਸੰਤ ਸੁਜਾਨ ਸਿੰਘ ਵੱਲੋਂ ਭੇਟਾ ।

੧੮. ਹਾਰ ਸੋਨਾ, ਫੋਟੋ ਗੁਰੂ ਨਾਨਕ ਦੇਵ ਜੀ-ਬੰਬਈ ਦੇ ਇਕ ਸਿੰਧੀ ਪ੍ਰੇਮ ਵੱਲੋਂ ਭੇਟਾ ।

੧੯. ਖੰਡਾ ਲੋਹਾ-ਅਲੀਗੜ੍ਹ ਯੂ.ਪੀ. ਵਿਖੇ ਕਈ ਹਜ਼ਾਰ ਮਾਈ ਭਾਈ ਨੂੰ ਇਸ

ਖੰਡੇ ਨਾਲ ਇਕੋ ਦਿਨ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਗਿਆ।

੨੦. ਫੂਲਦਾਨ ਸੋਨਾ-ਦੋ ਨਗ , ਸ: ਨਿਰੰਜਨ ਸਿੰਘ, ਪੰਜਾਬੀ ਪ੍ਰੈਸ, ਹਾਲ ਬਾਜ਼ਾਰ, ਅੰਮ੍ਰਿਤਸਰ ਵੱਲੋਂ ਭੇਟਾ। ਇਹ ਇਕ ਕਿੱਲੋ ਤੋਂ ਵਧ ਸੋਨੇ ਨਾਲ ਤਿਆਰ ਹੋਏ ਹਨ।

੨੧. ਮੁੰਦਰੀ ਨੀਲਮ-ਇਹ ਮੁੰਦਰੀ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਮਿਸ ਬੰਬਾ ਨੇ ਆਪ ਆ ਕੇ ਸ੍ਰੀ ਹਰਿਮੰਦਰ ਸਾਹਿਬ ਭੇਟ ਕੀਤੀ।

੨੨. ਮਾਲਾ ਸੁੱਚੇ ਮੋਤੀਆਂ ਦੀ-ਯੋਗੀ ਹਰਿਭਜਨ ਸਿੰਘ ਤੇ ਅਮਰੀਕਨ ਨਵੇਂ ਸਜੇ ਸਿੰਘਾਂ ਤੇ ਸਿੰਘਣੀਆਂ ਵੱਲੋਂ ਭੇਟਾ।

੨੩. ਆਸੇ ਸੋਨਾ ਦੋ ਨਗ।

੨੪. ਝਾਲਰ ਤਿੱਲਾ ਇਕ ਨਗ

੨੫. ਸੁਨਹਿਰੀ ਖੰਡਾ ਚਕਰੀ, ਸਟੈਂਡ ਚਾਂਦੀ ਵੱਡਾ-ਸੰਤ ਕੁੰਦਨ ਸਿੰਘ ਕਲੇਰਾਂ ਵੱਲੋਂ ਭੇਟਾ।

੨੬. ਗੁਲੂਬੰਦ-ਸ: ਬੂੜ ਸਿੰਘ ਵੱਲੋਂ ਭੇਟਾ।

੨੭. ਹਾਰ ਸੋਨਾ-ਮਾਤਾ ਨਰਿੰਦਰ ਕੌਰ (ਝਾਈ ਮਾਈ) ਗਲੀ ਪੰਜਾਬ ਸਿੰਘ ਅੰਮ੍ਰਿਤਸਰ ਵੱਲੋਂ ਭੇਟਾ।

੨੮. ਹਾਰ ਸੋਨਾ-ਸ: ਹਰਨਾਮ ਸਿੰਘ ਵੱਲੋਂ ਭੇਟਾ।

੨੯. ਚੌਰ ਡੰਡੀ ਸੋਨਾ- ਪੰਜਾਬ ਐਂਡ ਸਿੰਧ ਬੈਂਕ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਤਿੰਨ ਸੌ ਸਾਲਾ ਸ਼ਹੀਦੀ ਜਲੂਸ ਸਮੇਂ ਭੇਟਾ ਕੀਤਾ।

੩੦. ਚੌਰ ਡੰਡੀ ਚਾਂਦੀ-ਅੰਮ੍ਰਿਤਸਰ ਦੇ ਚਾਰ ਸੌ ਸਾਲਾ ਸਥਾਪਨਾ ਦਿਵਸ 'ਤੇ ਬਾਬਾ ਫ਼ਰੀਦ ਜੀ ਦੀ ਦਰਗਾਹ ਅਜਮੇਰ ਵੱਲੋਂ ਭੇਟਾ।

੩੧. ਕਹੀਆਂ ਚਾਂਦੀ ਤੇ ਦਸਤੇ ਵੀ ਚਾਂਦੀ -ਦੋ ਨਗ। ਇਕ ਪੰਜਾਬ ਸਰਕਾਰ ਤੇ ਦੂਜੀ ਸੰਤ ਕੁੰਦਨ ਸਿੰਘ ਕਲੇਰਾਂ ਵੱਲੋਂ ਭੇਟਾ।

੩੨. ਖੰਡਾ ਚਕਰੀ ਚਾਂਦੀ ਛੋਟਾ- ਇਕ ਨਗ।

੩੩. ਛੱਬਾ ਸੋਨਾ-ਗੁਰਦੁਆਰਾ ਬੇਰ ਸਾਹਿਬ ਵਾਲਾ।

੩੪. ਕਿਰਪਾਨ ਛੋਟੀ ਨੌਂ ਇੰਚ-ਇਕ ਨਗ, ਗੁਰਦੁਆਰਾ ਤਰਾਵੜੀ ਜ਼ਿਲ੍ਹਾ ਕਰਨਾਲ ਵੱਲੋਂ ਉਪ੍ਰੋਕਤ ਜਲੂਸ ਸ਼ਹੀਦੀ ਪਾ: ੯ ਸਮੇਂ ਭੇਟਾ।

੩੫. ਦੌਣੀ (ਟਿੱਕਾ) ਟੁੱਟੀ ਹੋਈ ਸੋਨੇ ਦੀ, ਅਟਾਰੀ ਵਾਲਿਆਂ ਵੱਲੋਂ ਭੇਟਾ।

੩੬. ਬਾਜੂ ਬੰਦ ਸੋਨਾ-ਇਕ ਨਗ, ਅਟਾਰੀ ਵਾਲਿਆਂ ਵੱਲੋਂ।

੩੭. ਸਿੱਕਾ ਸੋਨੇ ਦਾ ਇਕ ਨਗ।

੩੮. ਸਿੱਕਾ ਸੋਨਾ ਕੈਨੇਡਾ ਇਕ ਨਗ।

੩੯. ਡੰਡੀ ਸੋਨਾ (ਸੋਟੀ ਬਾਂਸ) ਇਕ ਨਗ।

੪੦. ਆਸੇ ਸੋਨਾ (ਸੋਟੀਆਂ ਬਾਂਸ ਦੋ ਨਗ।

੪੧. ਮੰਜੀ ਸਾਹਿਬ, ਪਾਵੇ ਸੋਨਾ, ਕੀਮਤੀ ਪੱਥਰ ਜੜਤ-ਇਕ ਨਗ।

੪੨. ਕ੍ਰਿਪਾਨ-ਇਕ ਨਗ, ਸੰਤ ਕੁੰਦਨ ਸਿੰਘ ਕਲੇਰਾਂ ਵੱਲੋਂ ਭੇਟਾ ।

੪੩. ਸ਼ਹੀਦੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਨਨਕਾਣਾ ਸਾਹਿਬ ਵਾਲੀ ।

੪੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੱਥ ਲਿਖਤ ਬੀੜ ਸੁਨਹਿਰੀ ਜਿਲਦ ਵਾਲੀ।

## ਵੇਰਵਾ ਸਾਮਾਨ ਜਿਲੌ ਸ੍ਰੀ ਅਕਾਲ ਤਖ਼ਤ ਸਾਹਿਬ

੧. ਛਤਰ ਸੁਨਹਿਰੀ ਸਮੇਤ ਕਲਗਾ ਇਕ ਨਗ । ੨. ਥੰਮ੍ਹੇ ਸੁਨਹਿਰੀ ਦੋ ਨਗ । ੩. ਕਮਾਨੀਆਂ ਸੁਨਹਿਰੀ ਦੋ ਨਗ । ੪. ਚੌਰ ਚੰਦਨ (ਜਿਸ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ) ਇਕ ਨਗ । ੫. ਛੱਬਾ ਸੋਨਾ ੧ੳ ਵਾਲਾ ਇਕ ਨਗ । ੬. ਛੱਬੇ ਸੋਨਾ ਦੋ ਨਗ । ੭. ਛੱਬੇ ਮਕੈਸ਼ੀ ਇੱਕੀ (੨੧) ਨਗ । ੮. ਝਾਲਰ ਤਿੱਲਾ ਇਕ ਨਗ । ੯. ਮਾਲਾ ਸੋਨਾ (ਚੈਨੀ) ਟਾਂਕਾ ਟੁੱਟਾ ਇਕ ਨਗ ।

## ਵੇਰਵਾ ਸਾਮਾਨ ਜਿਲੌ ਸ੍ਰੀ ਬਾਬਾ ਅੱਟਲ ਸਾਹਿਬ –

੧. ਛਤਰ ਸੋਨਾ ਸਮੇਤ ਕਲਗਾ ਇਕ ਨਗ । ੨. ਕਮਾਨੀ ਸੁਨਹਿਰੀ ਇਕ ਨਗ। ੩. ਛੱਬੇ ਸੋਨਾ ਮਕੈਸ਼ੀ ਨੌ ਨਗ । ੪. ਦੌਣੀ ਸੋਨਾ ਇਕ ਨਗ । ੫. ਸੇਹਰਾ ਮੋਤੀਆਂ (ਲੜੀਆਂ ੭੪) ਇਕ ਨਗ । ੬. ਛੱਬਾ ਸੋਨਾ ਇਕ ਨਗ ।

**ਹੋਰ ਇਤਿਹਾਸਕ ਸਾਮਾਨ**– ਤੋਸ਼ੇਖਾਨੇ ਵਿੱਚ ਕਈ ਵਸਤੂਆਂ ਬੜੇ ਇਤਿਹਾਸਕ ਮੁੱਲ ਦੀਆਂ ਹਨ । ਇਨ੍ਹਾਂ ਵਿੱਚੋਂ ਹੀ ਇਕ ਬਹੁਤ ਪੁਰਾਣਾ ਬਣਿਆ ਹੋਇਆ ਸ੍ਰੀ ਦਰਬਾਰ ਸਾਹਿਬ ਦਾ ਨਕਸ਼ਾ ਹੈ । ਇਕ ਸ੍ਰੀ ਹਰਿਮੰਦਰ ਸਾਹਿਬ ਦੀ ਹੱਥ ਦੀ ਬਣੀ ਹੋਈ ਤਸਵੀਰ ਦੀ ਫੋਟੋ ਹੈ । ਇਹ ਤਸਵੀਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਿਸੇ ਚਿਤ੍ਰਕਾਰ ਨੇ ਤਿਆਰ ਕੀਤੀ ਸੀ ਅਤੇ ਉਸ ਦੀ ਫੋਟੋ ਮਹਾਰਾਜਾ ਦਲੀਪ ਸਿੰਘ ਦੀ ਸਪੁੱਤਰੀ ਸ਼ਹਜ਼ਾਦੀ ਬੰਬਾ (ਅਤੇ ਡਾਕਟਰ ਮਦਰਲੈਂਡ ਦੀ ਇਸਤਰੀ) ਨੇ ਸ੍ਰੀ ਦਰਬਾਰ ਸਾਹਿਬ ਦੀ ਭੇਟਾ ਕੀਤੀ ਸੀ । ਇਸ ਤਸਵੀਰ ਤੋਂ ਪਤਾ ਲਗਦਾ ਹੈ । ਕਿ ਜਿਥੇ ਹੁਣ ਡਿਉੜੀ ਘੰਟਾ ਘਰ ਹੈ, ਇਥੇ ਪਹਿਲਾਂ ਬੁੰਗਾ ਕੰਵਰ ਨੌ-ਨਿਹਾਲ ਸਿੰਘ ਤੇ ਲਾਡਵੇ ਸਰਦਾਰਾਂ ਦਾ ਬੁੰਗਾ ਸੀ । ਤਸਵੀਰ ਵਿੱਚ ਮਹਾਰਾਜਾ ਰਣਜੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣ ਰਹੇ ਹਨ ।

ਤੋਸ਼ੇਖਾਨੇ ਵਿੱਚ ਕੁਝ ਪਲੇਟਾਂ ਵੀ ਹਨ, ਜਿਨ੍ਹਾਂ ਉੱਪਰ ਹੁਕਮ ਉੱਕਰੇ ਹੋਏ ਹਨ। ਇਕ ਪਲੇਟ ਉੱਪਰ ਸਰ ਹੈਨਰੀ ਲਾਰੰਸ ਦੇ ਦਸਤਖਤਾਂ ਹੇਠ ਲਿਖਿਆ ਹੈ ਕਿ–

> *"ਅੰਮ੍ਰਿਤਸਰ ਦੇ ਪੁਜਾਰੀਆਂ ਦੀ ਸ਼ਕਾਯਤ ਪੁਰ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਸਭ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਕੋਈ ਜੁੱਤੀ ਪਹਿਨੇ ਹੋਏ ਨਾ ਜਾਵੇ, ਪ੍ਰਕਰਮਾ ਵਿੱਚ ਜਾਣ ਤੋਂ ਪਹਿਲਾਂ ਤਾਲ ਦੇ ਕਿਨਾਰੇ ਦੇ ਬੁੰਗੇ ਜੋੜੇ ਉਤਾਰ ਦਿੱਤੇ ਜਾਣ ਅੰਮ੍ਰਿਤਸਰ ਗਊ ਹੱਤਜਾ ਨਾ ਹੋਵੇ ਅਤੇ ਨਾ ਸਿੱਖਾਂ ਨੂੰ ਕਿਸੇ ਤਰ੍ਹਾਂਦੁਖਾਇਆ ਜਾਵੇ ਅਤੇ ਨਾ ਉਨ੍ਹਾਂ ਦੇ ਮੁਆਮਲਿਆਂ ਵਿੱਚ ਕੋਈ ਮੁਦਾਖਲਤ ਕੀਤੀ ਜਾਵੇ ।" ਮਾਰਚ ੨੪, ਸੰਨ ੧੮੪੭ ਈ:।*

ਸੰਮਤ ੧੯੨੩ ਬਿ: ਤੋਂ ਪਹਿਲੇ, ਸਰਬਰਾਹ ਸ: ਮੰਗਲ ਸਿੰਘ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਦਾ ਸਾਮਾਨ ਜ਼ਬਾਨੀ ਭਾਈ ਹੀਰਾ ਸਿੰਘ ਤੋਸ਼ੇਖਾਨੀਆਂ, ਜਿਸ ਵਿੱਚ ਵਸਤੂਆਂ

ਦੇ ਸਾਹਮਣੇ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਵੀ ਲਿਖੀਆਂ ਹੋਈਆਂ ਹਨ :-

੧. ਗਾਗਰਾਂ ਚਾਂਦੀ ਚਾਰ ਨਗ ੧੨੦੦/- ੨. ਗੜਵੀਆਂ ਚਾਂਦੀ ੪ ਨਗ ੧੬੦/-
੩. ਕਟੋਰੇ ਚਾਂਦੀ ੩ ਨਗ ੫੦/- ੪. ਗੁਲਾਬ ਦਾਨੀ ਚਾਂਦੀ ੧ ਨਗ ੪੫/-
੫. ਪੱਖੇ ਚਾਂਦੀ ੨ ਨਗ ੧੦੦/- ੬. ਚੋਬਾਂ ਚਾਂਦੀ ੨੫ ਨਗ ੫੦੦੦/-
੭. ਆਸੇ ਚਾਂਦੀ ੨ ਨਗ ੧੦੦/- ੮. ਆਰਤੀ ਚਾਂਦੀ ੧ ਨਗ ੨੦੦/-
੯. ਮੰਜੀ ਸਾਹਿਬ ਚਾਂਦੀ ੧ ਨਗ ੫੦੦/- ੧੦. ਚੌਂਕੀ ਚਾਂਦੀ ੧ ਨਗ ੧੦੦੦/-
੧੧. ਜੋਤਾਂ ਚਾਂਦੀ ੩ ਨਗ ੧੨੦੦/- ੧੨. ਚੌਰ ਚਾਂਦੀ ੨ ਨਗ ੬੦/-
੧੩.ਬੰਗਲਾ ਚਾਂਦੀ ੧ ਨਗ ੫੦੦੦/- ੧੪. ਜੋੜੀ ਚਾਂਦੀ ੪ ਨਗ ੧੦੦੦੦/-
੧੫. ਜੋੜੀ ਸੁਨਹਿਰੀ ੪ ਨਗ ੫੬੦੦੦/- ੧੬. ਪੱਖਾ ਸੁਨਹਿਰੀ ੧ ਨਗ ੬੦੦/-
੧੭.ਪੱਖਾ ਸੁਨਹਿਰੀ ਛੋਟਾ ੧ ਨਗ ੩੦੦ /- ੧੮. ਆਰਤੀ ਸੁਨਹਿਰੀ ੧ ਨਗ ੧੧੦੦/-
੧੯. ਆਸਾ ਸੁਨਹਿਰੀ ੧ ਨਗ ੫੫੦/- ੨੦. ਮੰਜੀ ਸਾਹਿਬ ਸੁਨਹਿਰੀ ਜੜਾਊ ਵੱਡੀ ੧ ਨਗ ੭੦੦੦/- ੨੧. ਮੰਜੀ ਸਾਹਿਬ ਸੁਨਹਿਰੀ ਛੋਟੀ ੧ ਨਗ ੪੦੦੦/- ੨੨. ਛੱਬਾ ਸੁਨਹਿਰੀ ੧ ਨਗ ੫੦੦੦/- ੨੩.ਖਾਸਾ ਸੁਨਹਿਰੀ ੧ ਨਗ ੫੦੦੦/- ੨੪. ਪਲੰਘ ਸੁਨਹਿਰੀ ਵੱਡਾ ੧ ਨਗ ੮੬੦੦/- ੨੫. ਪਲੰਘ ਸੁਨਹਿਰੀ ਛੋਟਾ ੧ ਨਗ ੭੦੦੦/- ੨੬. ਸਾਏਬਾਨ ਪਸ਼ਮੀਨਾ ੨ ਨਗ ੨੦੦੦/- ੨੭. ਚਾਂਦਨੀ ਸੁਨਹਿਰੀ ੧ ਨਗ ੫੦੦੦/- ੨੮. ਪਰਦੇ ਕਾਰ ਚੋਬੀ ੪ ਨਗ ੫੦੦੦/- ੨੯. ਸ਼ਾਏਬਾਨ ਮਖਮਲੀ ੧ ਨਗ ੬੦੦/- ੩੦. ਛਤਰ ਵੱਡਾ ਸੁਨਹਿਰੀ ੧ ਨਗ ੮੭੦੦੦/- ੩੧. ਜੜਾਊ ਚਾਂਦਨੀ ਵੱਡੀ ੧ ਨਗ ੨੦,੦੦੦/-

ਖਰਚ ਦਾ ਕੁਲ ਜੋੜ -੨੩੯੩੬੫/-

*(ਦੇਖੋ ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਦਾ ਪੰਨਾ ੩੦-੩੧ ਕੇਂਦਰੀ ਸਿੰਘ ਸਭਾ ਅੰਮ੍ਰਿਤਸਰ ਵੱਲੋਂ ਦੂਜੀ ਵਾਰ ਛਪੀ ੧੯੭੩ ਈ:)*

**ਜਿਲੌ ਦੀ ਸੰਭਾਲ**- ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੀ ਉਪਰਲੀ ਛੱਤ ਵਿੱਚ ਸੱਜੇ ਹੱਥ ਕਮਰਾ ਹੈ ਜੋ ਗੁਰਦੁਆਰਾ ਲਾਚੀ ਬੇਰ ਦੇ ਲਾਗਲੇ ਫਰਾਸ਼ ਦੇ ਕਮਰੇ ਦੇ ਉੱਪਰ ਹੈ । ਇਸ ਨੂੰ ਜਿਲੌ ਖਾਨਾ ਜਾਂ ਤੋਸ਼ਾਖਾਨਾ ਕਹਿੰਦੇ ਹਨ । ਦਰਮਿਆਨ ਲੋਹੇ ਦਾ ਸ਼ਟਰ ਸੁੱਟ ਕੇ ਇਸ ਦੇ ਦੋ ਹਿੱਸੇ ਕੀਤੇ ਹੋਏ ਹਨ । ਪਹਿਲੇ ਹਿੱਸੇ ਵਿੱਚ ਬੂਹਾ ਵੜਦਿਆਂ ਸੱਜੇ ਪਾਸੇ ਕੀਮਤੀ ਚਾਨਣੀ ਦਾ ਲੱਕੜ ਤੇ ਸ਼ੀਸ਼ੇ ਦਾ ਬਕਸਾ ਰਖਿਆ ਹੁੰਦਾ ਸੀ । ਜੋ ਨੀਲਾ ਤਾਰਾ ਘਲੂਘਾਰੇ ਸਮੇਂ ਚਾਨਣੀ ਸਮੇਤ ਸੜ ਕੇ ਸੁਆਹ ਹੋ ਗਿਆ । ਕਮਰੇ ਦੇ ਚੋਹਾਂ ਖੂੰਜਿਆ ਵਿੱਚ ਚਾਰੇ ਸੋਨੇ ਦੀਆਂ ਜੋੜੀਆਂ ਫਿੱਟ ਕਰ ਕੇ ਅੱਗੇ ਸ਼ਟਰ ਸੁੱਟ ਕੇ ਜਿੰਦਰੇ ਲਾ ਦਿੱਤੇ ਜਾਂਦੇ ਹਨ । ਵੱਡੇ ਸ਼ਟਰ ਦੇ ਅੰਦਰ ਵਾਰ ਸ਼ੀਸ਼ਿਆਂ ਦੀ ਅਲਮਾਰੀ ਵਿੱਚ ਜਿਲੌ ਦਾ ਬਾਕੀ ਸਾਰਾ ਸਮਾਨ ਇਸ ਤਰ੍ਹਾਂ ਸਜਾ ਕੇ ਰਖਿਆ ਜਾਂਦਾ ਹੈ । ਜਿਸ ਤਰ੍ਹਾਂ ਬਾਹਰੋਂ ਆਏ ਖਾਸ ਪ੍ਰਮੁੱਖ ਵਿਅਕਤੀ ਯਾਤਰੂਆਂ ਨੂੰ ਸ਼ੀਸ਼ੇ ਦੀ ਅਲਮਾਰੀ ਵਿੱਚ ਸਜੇ ਸਜਾਏ ਸਮਾਨ ਦੇ ਦਰਸ਼ਨ ਕਰਵਾਏ ਜਾ ਸਕਣ । ਤੋਸ਼ੇਖਾਨੇ ਦੀਆਂ ਚਾਬੀਆਂ ਵੀ ਇਕ ਵਿਅਕਤੀ ਕੋਲ ਨਹੀਂ ਹੁੰਦੀਆਂ । ਅੰਗਰੇਜ਼ੀ ਰਾਜ ਸਮੇਂ ਤਿੰਨ ਸੱਜਣਾਂ ਪਾਸ ਵੱਖ-ਵੱਖ ਤਿੰਨ ਚਾਬੀਆਂ ਹੁੰਦੀਆਂ ਸਨ। ਇਕ, ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ । ਦੂਜੀ, ਸਰਬਰਾਹ ਸ੍ਰੀ ਦਰਬਾਰ ਸਾਹਿਬ ਤੇ ਤੀਜੀ, ਸਰਕਾਰੀ ਅਫਸਰ ਪਾਸ । ਫਿਰ ਸ੍ਰੀ ਦਰਬਾਰ ਸਾਹਿਬ ਦੀ ਸਥਾਨਕ

ਕਮੇਟੀ ਬਣ ਜਾਣ 'ਤੇ ਇਕ ਚਾਬੀ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ। ਦੂਜੀ , ਪ੍ਰਧਾਨ ਸਥਾਨਕ ਕਮੇਟੀ ਅਤੇ ਤੀਜੀ ਇਕ ਮੈਂਬਰ ਸਥਾਨਕ ਕਮੇਟੀ ਪਾਸ।

ਇਨ੍ਹਾਂ ਤਿੰਨਾਂ ਪਾਸ ਤਿੰਨ ਚਾਬੀਆਂ ਹੁੰਦੀਆਂ ਸਨ ਪਰ ਜਦ ਮੈਂ ੧੯੫੮ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਸੰਭਾਲੀ, ਤਾਂ ਉਸ ਸਮੇਂ ਤੋਂ ਹੁਣ ਤੱਕ ਚਾਰ ਸੱਜਣਾਂ ਕੋਲ ਚਾਰ ਚਾਬੀਆਂ ਹੁੰਦੀਆਂ ਹਨ। ਪਹਿਲੀ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਦੂਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ। ਤੀਜੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਤੇ ਚੌਥੀ, ਸਕੱਤਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ , ਇਹ ਉਪ੍ਰੋਕਤ ਮਹਾਨ ਵਿਅਕਤੀ ਖੁਦ ਜਾਂ ਆਪਣੇ ਅਸਿਸਟੈਂਟ ਹੱਥ ਚਾਬੀਆਂ ਭੇਜ ਦੇਂਦੇ ਹਨ ਚਾਰ ਚਾਬੀਆਂ ਜਦ ਇਕੱਠੀਆਂ ਹੁੰਦੀਆਂ ਹਨ, ਤਾਂ ਤੋਸ਼ਾਖਾਨਾ ਖੋਲ੍ਹਿਆ ਤੇ ਬੰਦ ਕੀਤਾ ਜਾਂਦਾ ਹੈ। ਜਿਲੌ ਖਾਨਾ ਦੇ ਖੋਲ੍ਹਣ, ਬੰਦ ਕਰਨ ਸਮੇਂ ਉਪਰੋਕਤ ਚਾਰ ਮਹਾਨ ਵਿਅਕਤੀ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮੁੱਖ ਗ੍ਰੰਥੀ ਗੁ: ਬਾਬਾ ਅਟੱਲ ਸਾਹਿਬ ਵੀ ਮੌਜੂਦ ਹੁੰਦੇ ਹਨ। ਇਸ ਕਰ ਕੇ ਕਿਸੇ ਵਸਤੂ ਦੇ ਨੁਕਸਾਨ ਹੋਣ ਦਾ ਕੋਈ ਡਰ ਨਹੀਂ ਅਤੇ ਸੁਰੱਖਿਆ ਦੇ ਪੱਖੋਂ ਦਰਸ਼ਨੀ ਡਿਉਢੀ ਦੇ ਹੇਠ ਅੱਠੇ ਪਹਿਰ ਚੋਬਦਾਰ ਤੇ ਸੇਵਾਦਾਰ ਪਹਿਰਾ ਦਿੰਦੇ ਰਹਿੰਦੇ ਹਨ। ਜਿਲੌ ਲੱਗਣ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ , ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁ: ਬਾਬਾ ਅਟੱਲ ਸਾਹਿਬ ਵਿਖੇ ਤਿੰਨਾਂ ਥਾਵਾਂ 'ਤੇ ਜਿਲੌ ਦਾ ਸਮਾਨ ਜਾਂਦਾ ਹੈ। ਤਿੰਨਾਂ ਥਾਵਾਂ 'ਤੇ ਜਾਣ ਵਾਲੇ ਸਮਾਨ ਦੀਆਂ ਅੱਡ-ਅੱਡ ਸੂਚੀਆਂ ਬਣੀਆਂ ਹੋਈਆਂ ਹਨ।

ਤੋਸ਼ੇਖਾਨੇ ਦੇ ਜਿੰਦੇ ' ਨੀਲਾ ਤਾਰਾ ਘਲੂਘਾਰੇ ' ਤੋਂ ਪਹਿਲਾਂ ਅਜੇਹੇ ਸਨ ਕਿ ਚਾਰ ਚਾਬੀਆਂ ਕੋਲ ਹੋਣ ਦੇ ਬਾਵਜੂਦ ਵੀ ਹਰ ਇਕ ਆਦਮੀ ਉਨ੍ਹਾਂ ਨੂੰ ਖੋਲ੍ਹ ਨਹੀਂ ਸੀ ਸਕਦਾ। ਇਕ ਜਿੰਦੇ ਨੂੰ ਅੱਧਾ ਇਕ ਚਾਬੀ ਨਾਲ ਤੇ ਅੱਧਾ ਦੂਜੀ ਚਾਬੀ ਨਾਲ ਖੋਲ੍ਹਿਆ ਜਾਂਦਾ ਸੀ। ਇਹ ਜਿੰਦੇ ਖੋਲ੍ਹਣ ਵਿੱਚ ਮਾਹਰ ਸਨ। ਸ: ਗੁਰਦਿਆਲ ਸਿੰਘ ਮੈਨੇਜਰ, ਸ: ਰਣਜੀਤ ਸਿੰਘ ਮੈਨੇਜਰ, ਚੌਧਰੀ ਗੁਰਬਚਨ ਸਿੰਘ, ਗਿਆਨੀ ਦਰਸ਼ਨ ਸਿੰਘ ਮੁੱਖ ਅਰਦਾਸੀਆ ਤੇ ਭਾਈ ਚਰਨ ਸਿੰਘ ਰੀਕਾਰਡ ਕੀਪਰ। ਇਹ ਜਿਲੌ ਸਾਲ ਵਿੱਚ ਹੇਠ ਲਿਖੇ ਪੰਜ ਗੁਰਪੁਰਬਾਂ ਸਮੇਂ ਪੰਜ ਵਾਰ ਲੱਗਦਾ ਹੈ -

੧. ਅਵਤਾਰ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ , ਕੱਤਕ ਪੁੰਨਿਆਂ ਨੂੰ।

੨. ਅਵਤਾਰ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੋਹ ਸੁਦੀ ਸਪਤਮੀ ਨੂੰ।

੩. ਗੁਰਤਾ-ਗੱਦੀ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜੇਠ ਵਦੀ ੮ ਨੂੰ।

੪. ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ , ਭਾਦਰੋਂ ਸੁਦੀ ਏਕਮ ਨੂੰ।

੫. ਅਵਤਾਰ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ, ਕੱਤਕ ਵਦੀ ੨ ਨੂੰ।

ਜਿਲੌ ਦੇ ਸਮਾਨ ਦੀ ਵਰਤਮਾਨ ਸੂਚੀ ਭਾਈ ਚਰਨ ਸਿੰਘ ਸੀਨੀਅਰ ਰੀਕਾਰਡ -ਕੀਪਰ ਤੋਂ ਧੰਨਵਾਦ ਸਹਿਤ ਪ੍ਰਾਪਤ ਕੀਤੀ।

* * *

# ਸ੍ਰੀ ਹਰਿਮੰਦਰ ਸਾਹਿਬ ਨਾਲ ਸੰਬੰਧਤ-ਅਸਥਾਨ

**੧. ਛੋਟੀ ਪ੍ਰਕਰਮਾ**- ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਵਾਰ ਚੁਫੇਰੇ ੧੩ ਫੁੱਟ ਚੌੜਾ ਫਰਸ਼ ਲੱਗਾ ਹੋਇਆ ਹੈ ਇਸ ਨੂੰ ਛੋਟੀ ਪ੍ਰਕਰਮਾ ਕਹਿੰਦੇ ਹਨ ਤੇ ਅੰਮ੍ਰਿਤਸਰ ਸਰੋਵਰ ਦੇ ਬਾਹਰ ਵਾਰ ਚੁਫੇਰੇ ਲੱਗੇ ਫਰਸ਼ ਨੂੰ ਵੱਡੀ ਪ੍ਰਕਰਮਾ ਕਹਿੰਦੇ ਹਨ। ਇਸ ਛੋਟੀ ਪ੍ਰਕਰਮਾ ਦੀ ਹਰ ਬਾਹੀ ੧੩ ਫੁੱਟ ਚੌੜੀ ਤੇ ੬੬ ਫੁੱਟ ਲੰਬੀ ਹੈ। ਪਹਿਲਾਂ ਇਸ ਦਾ ਫਰਸ਼ ਪੁਰਾਣੀਆਂ ਛੋਟੇ ਅਕਾਰ ਦੀਆਂ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਸੀ। ੧੯੯੧ ਬਿ: ਵਿੱਚ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਦਸ ਹਜ਼ਾਰ ਰੁਪਏ ਦਾ ਸੰਗਮਰਮਰ ਮੰਗਵਾ ਕੇ ਮਿਸਤਰੀ ਅਹਿਮਦ ਯਾਰ ਖਾਂ ਦੀ ਰਾਹੀਂ ਸੰਗਮਰਮਰ ਦਾ ਵਡਮੁੱਲਾ ਫਰਸ਼ ਬਣਵਾਇਆ।

ਇਸ ਦੀਆਂ ਕੋਣਾਂ ਤੇ ਚੌਰਸ ਸ਼ੀਸ਼ਿਆਂ ਸਮੇਤ ਸੁਨਹਿਰੀ ਗੁੰਬਦਾਂ ਵਾਲੇ ਚਾਰ ਬੰਗਲੇ ਹਨ। ਹਰ ਦੋ ਬੰਗਲਿਆਂ ਦੇ ਵਿਚਕਾਰ ਦੋ ਦੋ ਸੰਗਮਰਮਰ ਦੀਆਂ ਬੁਰਜੀਆਂ ਹਨ। ਜਿਨ੍ਹਾਂ ਦੇ ਉੱਪਰ ਚਹੁੰ ਪਾਸੀਂ ਚੌਰਸ ਸ਼ੀਸ਼ੇ ਤੇ ਸੁਨਹਿਰੀ ਗੁੰਬਦੀਆਂ ਹਨ। ਹਰ ਦੋ ਬੁਰਜੀਆਂ ਅਤੇ ਹਰ ਬੰਗਲੇ ਤੇ ਬੁਰਜੀ ਦੇ ਵਿਚਕਾਰ ਚਿੱਟੇ ਸੰਗਮਰਮਰ ਦੇ ਪੰਜ-ਪੰਜ ਜਾਲੀਦਾਰ ਪਿੰਜਰੇ ਤਿੰਨ-ਤਿੰਨ ਫੁੱਟ ਉੱਚੇ ਜੰਗਲੇ ਵੱਜੋਂ ਜੜੇ ਹੋਏ ਹਨ ਇਹ ਸਾਰੇ ਬੰਗਲੇ, ਬੁਰਜੀਆਂ ਤੇ ਪਿੰਜਰੇ ਸੋਨੇ ਦੇ ਕੰਮ ਸਮੇਤ ਬਹੱਤਰ ਹਜ਼ਾਰ (੭੨੦੦੦) ਰੁਪਏ ਦੀ ਲਾਗਤ ਨਾਲ ੧੯੯੨ ਬਿ: ਵਿੱਚ ਮ: ਰਣਜੀਤ ਸਿੰਘ ਨੇ ਤਿਆਰ ਕਰਵਾਏ।

*(ਤਵਾਰੀਖ ਅੰਮ੍ਰਿਤਸਰ, ਪੰਨਾ ੨੬)*

**੨. ਹਰਿ ਕੀ ਪਉੜੀ** - ਸ੍ਰੀ ਹਰਿਮੰਦਰ ਸਾਹਿਬ ਦੇ ਪਿਛਲੇ ਪਾਸੇ ਪੂਰਬੀ ਦਰਵਾਜ਼ੇ ਤੋਂ ਸਾਹਮਣੇ ਛੋਟੀ ਪ੍ਰਕਰਮਾ ਤੋਂ ਅੱਗੇ ਤਿੰਨ ਕੋਣਾ ਅਸਥਾਨ ਹੈ ਜਿਸ ਤੋਂ ਅੱਗੇ ਜਾ ਕੇ ਪੌੜੀਆਂ ਸਰੋਵਰ ਦੇ ਅੰਦਰ ਹੇਠ ਨੂੰ ਉਤਰਦੀਆਂ ਹਨ। ਇਸ ਅਸਥਾਨ੍ ਨੂੰ ਹਰਿ ਕੀ ਪੌੜੀ ਆਖਦੇ ਹਨ। ਇਸ ਥਾਂ ਤੋਂ ਸਰੋਵਰ ਵਿੱਚੋਂ ਮੂੰਹ ਧੋਣ, ਕੁਰਲਾ ਕਰਨ ਜਾਂ ਇਸ਼ਨਾਨ ਕਰਨ ਦੀ ਸਖ਼ਤ ਮਨਾਹੀ ਹੈ। ਹਰ ਯਾਤਰੂ ਇਸ ਥਾਂ ਤੋਂ ਸਿਰਫ ਅੰਮ੍ਰਿਤ ਦਾ ਚੁਲ੍ਹਾ ਲੈ ਕੇ ਤੇ ਪਿੱਛੇ ਹਟ ਕੇ ਛਕਦਾ ਹੈ। ਏਥੇ ਹਰ ਜ਼ਾਤ-ਪਾਤ, ਨਸਲ , ਗੋਤ, ਧਰਮ, ਮਜ਼੍ਹਬ ਤੇ ਦੇਸ਼ ਦਾ ਹਰ ਯਾਤਰੂ ਬਿਨਾਂ ਰੋਕ ਟੋਕ ਦੇ ਅੰਮ੍ਰਿਤ ਦਾ ਚੁਲ੍ਹਾ ਲੈ ਸਕਦਾ ਹੈ ਕਿਉਂਕਿ ਸਤਿਗੁਰਾਂ ਨੇ ਛੂਤ-ਛਾਤ ਦਾ ਭਰਮ ਸਦਾ ਲਈ ਮੇਟ ਦਿੱਤਾ ਹੈ।

ਇਸ ਸਰੋਵਰ ਵਿੱਚ ੧੬ ਪੌੜੀਆਂ ਉਤਰਦੀਆਂ ਹਨ। ਜਿਨ੍ਹਾਂ ਉੱਪਰ ਵੱਡੇ ਮਜ਼ਬੂਤ ਪੱਥਰ ਲੱਗੇ ਹੋਏ ਹਨ। ਇਨ੍ਹਾਂ ਪੌੜੀਆਂ ਦੇ ਸੱਜੇ ਖੱਬੇ ਦੱਖਣ ਤੇ ਉੱਤਰ ਦਿਸ਼ਾ ਵੱਲ ਹਰਿ ਕੀ ਪੌੜੀ ਦੀ ਇਮਾਰਤ ਤੋਂ ਸਰੋਵਰ ਵੱਲ ਨੂੰ ਕੁਝ ਵੱਧਵੇਂ ਦੋ ਸ਼ੀਸ਼ਿਆਂ ਵਾਲੇ ਸੁਨਹਿਰੀ ਬੰਗਲੇ ਬਣੇ ਹੋਏ ਹਨ। ਜਿਨ੍ਹਾਂ ਵਿੱਚ ਬਿਜਲੀ ਦੇ ਬੱਲਬ ਰਾਤ ਸਮੇਂ ਰੌਸ਼ਨੀ ਕਰਦੇ ਹਨ। ਯਾਤਰੂਆਂ ਦੀ ਸਹੂਲਤ ਲਈ ਦੋਹਾਂ ਬੰਗਲਿਆਂ ਦੇ ਵਿਚਕਾਰ ਪਿੱਤਲ ਦਾ ਜੰਗਲਾ ਲੱਗਾ ਹੋਇਆ ਹੈ ਤਾਂ ਕਿ ਕੋਈ ਯਾਤਰੂ ਪੈਰ ਤਿਲ੍ਹਕਣ ਦੀ ਸੂਰਤ ਵਿੱਚ ਉਹ ਜੰਗਲੇ ਨੂੰ ਪਕੜ ਕੇ ਡੁੱਬਣ ਤੋਂ ਆਪਣਾ ਬਚਾ ਕਰ ਸਕਦਾ ਹੈ।

ਛੋਟੀ ਪ੍ਰਕਰਮਾ ਤੋਂ ਸਰੋਵਰ ਵਿੱਚ ਉਤਰਨ ਵਾਲੀ ਪਹਿਲੀ ਪੌੜੀ ਦੇ ਆਰੰਭ ਤੱਕ ਦੀ ਜਗ੍ਹਾ ਉੱਪਰ ਛੱਤ ਪਾਈ ਹੋਈ ਹੈ। ਇਸ ਜਗ੍ਹਾ ਨੂੰ ਹਰਿ ਕੀ ਪੌੜੀ ਦੀ ਛੱਤ ਆਖਦੇ ਹਨ। ਇਸ ਉੱਪਰ ਦੂਹਰੀ ਛੱਤ ਹੈ। ਇਹ ਦੋਵੇਂ ਛੱਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਨਾਲ ਸੰਬੰਧਤ ਹੋਣ ਕਰ ਕੇ ਉਸੇ ਵੇਲੇ ਦੀਆਂ ਹੀ ਬਣੀਆਂ ਹੋਈਆਂ ਹਨ। ਜਦੋਂ ਕਿ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਉਸਾਰੀ ਗਈ ਸੀ, ਫਿਰ ਜਦ ਅਹਿਮਦ ਸ਼ਾਹ ਅਬਦਾਲੀ ਵੱਲੋਂ ਇਮਾਰਤ ਨੂੰ ਉਡਾ ਦੇਣ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਉਸਾਰੀ ਇਮਾਰਤ ਖਾਲਸੇ ਪੰਥ ਵੱਲੋਂ ਤਿਆਰ ਕੀਤੀ ਗਈ। ਤਦੋਂ ਇਸ ਹਰਿ ਕੀ ਪਉੜੀ ਦੀ ਪਹਿਲੀ ਛੱਤ ੧੮੭੭ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਤੇ ਫਿਰ ੧੮੯੪ ਬਿ: ਵਿੱਚ ਮਹਾਰਾਜਾ ਖੜਕ ਸਿੰਘ ਨੇ ਚਾਂਦੀ ਦੀ ਬਣਵਾਈ ਸੀ, ਪਰ ਚੂੰਕਿ ਚਾਂਦੀ ਦੀ ਛੱਤ ਕੁਝ ਸਮੇਂ ਬਾਅਦ ਕਾਲੀ ਹੋ ਜਾਂਦੀ ਸੀ, ਇਸ ਲਈ ੧੯੦੮ ਬਿ: ਵਿੱਚ ਪੰਥ ਦੀ ਰਾਏ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਸ: ਜੋਧ ਸਿੰਘ ਰਾਹੀਂ ਚਾਂਦੀ ਵੇਚ ਕੇ ਛੱਤ ਸੁਨਹਿਰੀ ਬਣਵਾ ਦਿੱਤੀ ਉਸ ਤੋਂ ਬਾਅਦ ੧੯੧੭ ਬਿ: ਵਿੱਚ ਮਹਾਰਾਜਾ ਸਰੂਪ ਸਿੰਘ ਰਿਆਸਤ ਜੀਂਦ ਨੇ ਦੁਆਬੇ ਦੇ ਸ਼ਹਿਰ ਬੰਗਾ ਦੇ ਮਹੰਤ ਸਾਹਿਬ ਰਾਹੀਂ ਗਿਆਰਾਂ ਹਜ਼ਾਰ (੧੧੦੦੦)ਰੁਪਏ ਖਰਚ ਕੇ ਦੋਬਾਰਾ ਮਜ਼ਬੂਤ ਤੇ ਸੁਨਹਿਰੀ ਬਣਵਾ ਦਿੱਤੀ। ਇਸ ਹਰਿ ਕੀ ਪੌੜੀ ਦੀ ਇਮਾਰਤ ਹੇਠੋਂ ੧੩ ਫੁਟ ੮ ਇੰਚ ਲੰਬੀ ਤੇ ਪ੍ਰਕਰਮਾ ਵੱਲੋਂ ੧੧ ਫੁੱਟ ਚੌੜੀ ਹੈ ਤੇ ਪੌੜੀਆਂ ਵੱਲੋਂ ੮ ਫੁੱਟ ਚੌੜੀ ਹੈ।

ਹਰਿ ਕੀ ਪੌੜੀ ਦੀ ਦੂਜੀ ਛੱਤ ਸ: ਅਮੀਰ ਸਿੰਘ ਜੀ ਸੰਧਾਵਾਲੀਏ ਨੇ ਸੁਨਹਿਰੀ ਬਣਵਾਈ, ਪਹਿਲੀ ਛੱਤ ਦੀ ਚਿੱਤਰਕਾਰੀ ਤੇ ਸੁਨਹਿਰੀ ਤਾਰਾ ਸਿੰਘ ਘਨੱਈਆ, ਪ੍ਰਤਾਪ ਸਿੰਘ ਤੇ ਜੱਸਾ ਸਿੰਘ ਨੇ ਬਣਵਾਈ ਜਦ ਕਿ ਦੂਜੀ ਛੱਤ ਗੰਡਾ ਸਿੰਘ ਪਸ਼ੌਰੀਏ ਨੇ ੧੮੮੦ ਬਿ: ਵਿੱਚ ਗੱਚ ਸਹਿਤ ਤਿਆਰ ਕਰਵਾਈ। ਕੰਧਾਂ ਮਹਾਰਾਜਾ ਰਣਜੀਤ ਸਿੰਘ ਨੇ ਸੰਗਮਰਮਰ ਦੇ ਨਕਸ਼-ਨਗਾਰ ਤੇ ਮੀਨਾਕਾਰੀ ਸਹਿਤ ਬਣਵਾਈਆਂ। ਉੱਤਰ ਵੱਲ ਦੀ ਛੱਤ ਸੋਭਾ ਸਿੰਘ ਨਕਈ ਨੇ ਤੇ ਦੱਖਣੀ ਛੱਤ ਦਾ ਅੱਧਾ ਹਿੱਸਾ ਜੋਧ ਸਿੰਘ ਪੁੱਤਰ ਵਸਤੀ ਰਾਮ ਸੋਹਲਾਂ ਵਾਲੇ ਨੇ ਤਿਆਰ ਕਰਵਾਇਆ। ਪਹਿਲੀ ਮੰਜ਼ਲ ਦੀਆਂ ਪੌੜੀਆਂ ਦੇ ਪੌੜ ੧੯-੧੯, ਦੂਜੀ ਮੰਜ਼ਲ ਦੀਆਂ ਪੌੜੀਆਂ ਦੇ ਪੌੜ ੧੮-੧੮ ਹਨ। ਦੋਹਾਂ ਮੰਜ਼ਲਾਂ ਦੇ ੩੭ ਪੌੜ ਹਨ।

ਹਰਿ ਕੀ ਪੌੜੀ ਦੀ ਦੂਜੀ ਤੇ ਤੀਜੀ ਮੰਜ਼ਲ 'ਤੇ ਚੜ੍ਹਨ ਲਈ ਦੋਹੀਂ ਪਾਸੀਂ ਬਣੀਆਂ ਪੌੜੀਆਂ ਦੀਆਂ ਛੱਤਾਂ ਅਤੇ ਦੂਜੀ ਮੰਜ਼ਲ ਵਿਚਲਾ ਬੁਖਾਰਚਾ ੧੮੭੬ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਇਆ। ਇਸ ਬੁਖਾਰਚੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਵੱਡੇ ਅਕਾਰ ਦੀ ਬੀੜ (ਜਿਸ ਨੂੰ ਸੰਗਤਾਂ ਵੱਡਾ ਬਾਬਾ ਕਹਿੰਦੀਆਂ ਹਨ) ਉੱਪਰ ਅਖੰਡ ਪਾਠਾਂ ਦੀ ਲੜੀ ਚਲਦੀ ਰਹਿੰਦੀ ਹੈ।

*(ਦੇਖੋ ਗਿ: ਗਿਆਨ ਸਿੰਘ ਕ੍ਰਿਤ ਤਵਾਰੀਖ ਅੰਮ੍ਰਿਤਸਰ ਪੰਜਾਬੀ ਪੰਨਾ ੨੬-੨੭ ਅਤੇ ਸ: ਊਧਮ ਸਿੰਘ ਲਿਖਤ ਤਾਰੀਖ ਦਰਬਾਰ ਅੰਮ੍ਰਿਤਸਰ (ਉਰਦੂ) ਪੰਨਾ ੮੭ ਦੀ ਪੈਰ ਟੂਕ)।*

**੩. (ੳ) ਪੁਲ**- ਸਰੋਵਰ ਦਾ ਇਹ ਪੁਲ ਦਰਸ਼ਨੀ ਡਿਉਢੀ ਤੋਂ ਛੋਟੀ ਪ੍ਰਕਰਮਾ ਤੱਕ ਮਹਾਨ ਕੋਸ਼ ਅਨੁਸਾਰ ੨੪੦ ਫੁੱਟ ਲੰਬਾ ਤੇ ੨੧ ਫੁੱਟ ਚੌੜਾ ਹੈ। ਸ: ਊਧਮ ਸਿੰਘ ਕ੍ਰਿਤ ਤਾਰੀਖ ਦਰਬਾਰ ਅੰਮ੍ਰਿਤਸਰ ਵਿੱਚ ਲੰਬਾਈ ੨੧੦ ਫੁੱਟ ਤੇ ਚੌੜਾਈ ੧੮ ਫੁੱਟ ਲਿਖੀ ਹੋਈ ਹੈ। ਪੁਲ

ਦੇ ਹੇਠ ੩੮ ਬਾਰੀਆਂ ਹਨ ਜਿਨ੍ਹਾਂ ਨੂੰ ਸੁਰਗ ਦੁਆਰੀਆਂ ਕਹਿੰਦੇ ਹਨ । ਪੁਲ ਦੇ ਦੋਹੀਂ ਪਾਸੀਂ ਸੰਗਮਰਮਰ ਦੀਆਂ ਦਸ-ਦਸ ਬੁਰਜੀਆਂ ਬਣੀਆਂ ਹੋਈਆਂ ਹਨ । ਸਿੱਖ ਰਾਜ ਸਮੇਂ ਤੇ ਕੁਝ ਸਮਾਂ ਉਸ ਤੋਂ ਬਾਅਦ ਤੱਕ ਪੁਲ ਦੇ ਦੋਹੀਂ ਪਾਸੀਂ ਚਾਰ-ਚਾਰ ਬੁਰਜੀਆਂ ਉੱਪਰ ਸੁਨਹਿਰੀ ਕਲਸ ਤੇ ਹੇਠਾਂ ਚੌਹੀਂ ਪਾਸੀਂ ਸ਼ੀਸ਼ੇ ਲੱਗੇ ਹੋਏ ਸਨ ਜਿਨ੍ਹਾਂ ਵਿੱਚ ਗੁਰਪੁਰਬ ਜਾਂ ਮੇਲਿਆਂ ਦੇ ਸਮੇਂ ਮੋਮ ਬੱਤੀਆਂ ਜਗਾ ਕੇ ਰੌਸ਼ਨੀ ਕੀਤੀ ਜਾਂਦੀ ਸੀ । ਪਰ ਅੱਜ ਕਲ੍ਹ ਪੁਲ ਤੇ ਛੋਟੀ ਪ੍ਰਕਰਮਾ ਤੇ ਹਰਿ ਕੀ ਪੌੜੀ ਸਮੇਤ ਸਾਰੀਆਂ ਬੁਰਜੀਆਂ ਤੇ ਬੰਗਲਿਆਂ ਵਿੱਚ ਸੁਨਹਿਰੀ ਗੁੰਬਦਾਂ ਹੇਠ ਚਹੁੰ ਪਾਸੀਂ ਚਾਰ-ਚਾਰ ਸ਼ੀਸ਼ੇ ਤੇ ਅੰਦਰ ਵਾਰ ਵਿਚਕਾਰ ਬਿਜਲੀ ਦੇ ਬੱਲਬ ਲੱਗੇ ਹੋਏ ਹਨ ਜੋ ਹਰ ਰੋਜ਼ ਰਾਤ ਦੇ ਸਮੇਂ ਰੌਸ਼ਨੀ ਹਿਤ ਜਗਦੇ ਰਹਿੰਦੇ ਹਨ । ਪੁਲ ਦੀਆਂ ਹਰ ਦੋ ਬੁਰਜੀਆਂ ਦੇ ਵਿਚਕਾਰ ਸੰਗਮਰਮਰ ਦੇ ਜਾਲੀਦਾਰ ਪੰਜ-ਪੰਜ ਤਾਕਚੇ ਛੋਟੀਆਂ ਬੁਰਜ਼ੀਆਂ ਸਮੇਤ ਲੱਗੇ ਹੋਏ ਹਨ ।

ਛੋਟੀ ਪ੍ਰਕਰਮਾ ਅਤੇ ਪੁਲ ਦੇ ਸੰਗਮਰਮਰ ਦੇ ਜਾਲੀਦਾਰ ਤਾਕਚੇ ਕੁਝ ਟੁੱਟ ਗਏ ਸਨ ਤੇ ਕੁਝ ਖਸਤਾ ਹੋ ਗਏ ਸਨ । ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਦੀ ਬੇਨਤੀ ਨੂੰ ਮੰਨ ਕੇ ਸੇਵਾ ਦੇ ਪੁੰਜ ਸੰਤ ਕਰਤਾਰ ਸਿੰਘ ਠੱਠੇ ਟਿੱਬੇ ਵਾਲਿਆਂ ਨੇ ਨਵੇਂ ਸੰਗਮਰਮਰ ਦੇ ਸੁੰਦਰ ਜਾਲੀਦਾਰ ਨਵੇਂ ਤਾਕਚੇ ਬਣਵਾ ਕੇ ਲਗਵਾਏ ਜੋ ਇਸ ਸਮੇਂ ਦਰਸ਼ਨ ਦੇ ਰਹੇ ਹਨ । ਪੁਲ ਦੇ ਫਰਸ਼ ਉੱਪਰ ਚਿੱਟੇ ਤੇ ਕਾਲੇ ਸੰਗਮਰਮਰ ਦੀਆਂ ਸੁੰਦਰ, ਸਾਫ ਤੇ ਮੁਲਾਇਮ ਸਿਲਾਂ ਜੜੀਆਂ ਹੋਈਆਂ ਹਨ। ਇਹ ਸਾਰਾ ਕੰਮ ੧੮੯੨ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਇਆ ਸੀ ।

**(ਅ) ਧੁੱਪ ਘੜੀ** - ਪੁਲ ਦੀ ਉੱਤਰੀ ਬਾਹੀ ਦੀ ਕਤਾਰ ਵਿੱਚ ਇਕ ਤਾਂਬੇ ਦੀ ਧੁੱਪ-ਘੜੀ ਇੱਟਾਂ ਤੇ ਚੂੰਨੇ ਦੀ ਬੁਰਜੀ ਸਮੇਤ ਸ: ਲਹਿਣਾ ਸਿੰਘ ਮਜੀਠੀਏ ਨੇ ਆਪ ਆਪਣੇ ਹੱਥਾਂ ਨਾਲ ੧੯੦੯ ਬਿ: ਵਿੱਚ ਬਣਵਾ ਕੇ ਜੜੀ ਸੀ ਜਿਸ ਦੀ ਬੁਰਜੀ ਬਾਅਦ ਵਿੱਚ ੧੯੫੧ ਬਿ: ਵਿੱਚ ਗਿਆਨੀ ਗੁਰਬਖ਼ਸ਼ ਸਿੰਘ ਨੇ ਸੰਗਮਰਮਰ ਦੀ ਬਣਵਾਈ । ਇਹ ਅੱਖਰ ਉਸ ਉੱਪਰ ਉੱਕਰੇ ਹੋਏ ਹਨ । ਇਹ ਧੁੱਪ-ਘੜੀ (ਤਿਕੋਨੀ ਤਾਂਬੇ ਦੀ ਪਲੇਟ) ਕੁਝ ਇਸ ਤਰ੍ਹਾਂ ਜੜੀ ਹੈ ਕਿ ਪਲੇਟ ਦੀ ਛਾਂ ਦੇ ਹਿਸਾਬ ਸੰਗਮਰਮਰ ਉੱਪਰ ਉੱਕਰੇ ਅੰਕਾਂ 'ਤੇ ਪੈਂਦੀ ਧੁੱਪ ਅਨੁਸਾਰ ਜੇਬ-ਘੜੀ ਜਾਂ ਹੱਥ-ਘੜੀ ਵਾਂਗ ਠੀਕ-ਠੀਕ ਵਕਤ ਦੱਸਦੀ ਹੈ । ਜਿਸ ਅੰਕ ਉੱਪਰ ਛਾਂ ਦਾ ਧੁੱਪ ਵੱਲ ਦਾ ਪਾਸਾ ਛੋਹ ਰਿਹਾ ਹੋਵੇ, ਉਨੇ ਵੱਜੇ ਸਮਝਣੇ ਚਾਹੀਏ ।

*(ਤਵਾਰੀਖ ਅੰਮ੍ਰਿਤਸਰ, ਪੰਨਾ ੨੫-੨੬)*

**(ੲ) ਪੁਲ ਦਾ ਜੰਗਲਾ**- ਪਹਿਲੇ ਸਮੇਂ ਪੁੱਲ ਦੇ ਵਿਚਕਾਰ ਪਿੱਤਲ ਦੀਆਂ ਢਿੰਬਰੀਆਂ ਇਸ ਤਰ੍ਹਾਂ ਜੜੀਆਂ ਹੋਈਆਂ ਸਨ ਕਿ ਉੱਪਰੋਂ ਬਿਲਕੁਲ ਫਰਸ਼ ਦੇ ਨਾਲ ਹੀ ਮਿਲ ਗਈਆਂ ਸਨ। ਵੱਡੇ ਮੇਲਿਆਂ, ਗੁਰਪੁਰਬਾਂ ਜਾਂ ਮੱਸਿਆ ਦੇ ਮੇਲਿਆਂ ਸਮੇਂ ਇਨ੍ਹਾਂ ਢਿੰਬਰੀਆਂ ਉੱਪਰ ਲੱਕੜ ਦਾ ਬਣਿਆ ਜੰਗਲਾ ਪੇਚਾਂ ਨਾਲ ਕੱਸ ਦਿੱਤਾ ਜਾਂਦਾ ਸੀ । ਇਸੇ ਤਰ੍ਹਾਂ ਜੰਗਲੇ ਨਾਲ ਪੁਲ ਦੇ ਦੋ ਹਿੱਸੇ ਹੋ ਜਾਂਦੇ ਸਨ । ਇਕ ਰਸਤੇ ਸੰਗਤ ਅੰਦਰ ਜਾਂਦੀ, ਜਦ ਕਿ ਦੂਜੇ ਰਸਤੇ ਬਾਹਰ ਆ ਜਾਂਦੀ ਸੀ । ਮੇਲੇ ਤੋਂ ਬਾਅਦ ਉਹ ਜੰਗਲਾ ਉਖਾੜ ਕੇ ਰੱਖ ਦਿੱਤਾ ਜਾਂਦਾ ਸੀ । ਇਹ ਲੱਕੜ ਦਾ ਜੰਗਲਾ ਲਗਭਗ ੧੯੬੨ ਈ: ਤੱਕ ਰਿਹਾ । ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਲੱਕੜ ਦੇ ਜੰਗਲੇ ਦੀ ਥਾਂ ਪਿੱਤਲ ਦਾ ਜੰਗਲਾ ਤਿਆਰ ਕੀਤਾ ਗਿਆ ਤੇ ਇਕ ਦੀ ਥਾਂ ਦੋ ਜੰਗਲੇ ਬਣਾਏ ਗਏ । ਪਹਿਲੇ ਵਾਂਗ ਹੇਠ ਫਰਸ਼ ਵਿੱਚ ਜੜੀਆਂ ਢਿੰਬਰੀਆਂ

ਉੱਪਰ ਪਿੱਤਲ ਦੇ ਜੰਗਲੇ ਪੱਕੇ ਕੱਸ ਦਿੱਤੇ ਗਏ ਹਨ। ਇਸ ਤਰ੍ਹਾਂ ਹੁਣ ਪੁਲ ਦੇ ਤਿੰਨ ਹਿੱਸੇ ਹੋ ਗਏ ਹਨ। ਇਕ ਪਾਸੇ ਸੰਗਤ ਅੰਦਰ ਜਾਂਦੀ ਤੇ ਦੂਜੇ ਪਾਸੇ ਵਾਪਸ ਆਉਂਦੀ ਹੈ, ਤੀਜਾ ਵਿਚਕਾਰਲਾ ਰਸਤਾ ਕੜਾਹ ਪ੍ਰਸ਼ਾਦ ਭੇਟਾ ਕਰਨ ਵਾਲੇ ਮਾਈ-ਭਾਈ ਦੇ ਜਾਣ ਲਈ ਰੀਜ਼ਰਵ ਹੈ। ਇਹ ਜੰਗਲੇ ਹੁਣ ਹਰ ਵਕਤ ਲੱਗੇ ਰਹਿੰਦੇ ਹਨ। ਪਿੱਤਲ ਹੋਣ ਕਰ ਕੇ ਜਦ ਜੰਗਲਾ ਮੈਲਾ ਹੋ ਜਾਂਦਾ ਹੈ ਤਾਂ ਸੇਵਾਦਾਰ ਸਾਫ਼ ਕਰ ਕੇ ਬਰਾਸੋ ਆਦਿ ਪਿੱਤਲ ਪਾਲਸ਼ ਨਾਲ ਚਮਕਾ ਦੇਂਦੇ ਹਨ। ਤਿੰਨ ਰਸਤੇ ਬਣਨ ਨਾਲ ਵੱਡੇ ਮੇਲਿਆਂ ਸਮੇਂ ਸੰਗਤ ਨੂੰ ਕਾਫ਼ੀ ਆਰਾਮ ਰਹਿੰਦਾ ਹੈ।

**੪. ਦਰਸ਼ਨੀ ਡਿਉਢੀ** – ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ-ਮੰਜ਼ਲੀ ਇਮਾਰਤ ਹੈ, ਜਿਸ ਦੇ ਦਰਮਿਆਨ ਡਿਉਢੀ ਹੈ, ਜਿਸ ਰਾਹੀਂ ਪੁਲ ਦੇ ਉੱਪਰ ਦੀ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਜਾਈਦਾ ਹੈ, ਉਸ ਦਾ ਨਾਮ ਦਰਸ਼ਨੀ ਡਿਉਢੀ ਹੈ। ਭਾਵੇਂ ਵਿਚਕਾਰਲੇ ਵੱਡੇ ਦਰਵਾਜ਼ੇ ਦਾ ਨਾਮ ਹੀ ਅਸਲ ਵਿੱਚ ਦਰਸ਼ਨੀ ਡਿਉਢੀ ਹੈ ਪਰ ਇਸ ਨਾਲ ਸਾਰੀ ਇਮਾਰਤ ਸੰਬੰਧਤ ਹੋਣ ਕਰ ਕੇ ਸੱਜੇ-ਖੱਬੇ ਦੀ ਸਾਰੀ ਇਮਾਰਤ ਸਮੇਤ ਇਸ ਦਾ ਨਾਮ ਦਰਸ਼ਨੀ ਡਿਉਢੀ ਹੈ। ਇਸ ਸਾਰੀ ਇਮਾਰਤ ਦੀ ਬਾਹਰੋਂ ਲੰਬਾਈ ੬੬ ਫੁੱਟ ਅਤੇ ਚੌੜਾਈ ੩੬ ਫੁੱਟ ਹੈ। ਜਦ ਕਿ ਦਰਸ਼ਨੀ ਦਰਵਾਜ਼ੇ ਦੇ ਅੰਦਰੋਂ ਡਿਉਢੀ ੪੫ ਫੁੱਟ ਲੰਬੀ ਅਤੇ ੧੪ ਫੁੱਟ ਚੌੜੀ ਹੈ। ਦਰਸ਼ਨੀ ਦਰਵਾਜ਼ੇ ਦੀ ਵੱਡੀ ਚੁਗਾਠ ਸੰਗਮਰਮਰ ਦੀ ਬਣੀ ਹੋਈ ਹੈ, ਜਿਸ ਦੀ ਉਚਾਈ ੧੦ ਫੁੱਟ ਤੇ ਚੌੜਾਈ ੮ ਫੁੱਟ ੬ ਇੰਚ ਹੈ। ਇਸ ਦਰਵਾਜ਼ੇ ਦੀ ਵੱਡੀ ਜੋੜੀ ਭਾਈ ਸੰਤ ਸਿੰਘ ਜੀ ਗਿਆਨੀ ਦੇ ਹੁਕਮ ਅਨੁਸਾਰ ਮੁਹੰਮਦ ਯਾਰ ਖਾਂ ਮਿਸਤਰੀ ਦੀ ਨਿਗਰਾਨੀ ਹੇਠ ਸੱਤਰ ਹਜ਼ਾਰ ਰੁਪਏ ਦੀ ਲਾਗਤ ਨਾਲ ਹਾਥੀ-ਦੰਦ ਦੀ ਬਣਾਈ ਗਈ ਸੀ, ਜਿਸ ਦੇ ਬਾਹਰਲੇ ਪਾਸੇ ਚਾਂਦੀ ਦੇ ਪੱਤਰੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਲਗਵਾਏ ਗਏ। ਡਿਉਢੀ ਦੇ ਬਾਹਰਵਾਰ ਜਾਂ ਅੰਦਰਵਾਰ ਇਕ ਚੋਬਦਾਰ ਹਰ ਵਕਤ ਚੋਬ ਲੈ ਕੇ ਖੜ੍ਹਾ ਰਹਿੰਦਾ ਹੈ।

ਦਰਸ਼ਨੀ ਡਿਉਢੀ ਦੇ ਖੱਬੇ ਹੱਥ ਭਾਵ ਉੱਤਰ ਵੱਲ ਦਾ ਅੱਧਾ ਕਮਰਾ ਇਕ ਛੱਤਾ ਤੇ ਅੱਧਾ ਦੋ-ਛੱਤਾ ਹੈ। ਜਿਸ ਨਾਲ ਇਸ ਕਮਰੇ ਦੇ ਹੇਠੋਂ ਦੋ ਹਿੱਸੇ ਹੋ ਗਏ ਹਨ। ਪੁਜਾਰੀਆਂ ਸਮੇਂ ਹੇਠਲੇ ਦੋਹਾਂ ਕਮਰਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ ਸੀ, ਪਰ ਅੱਜ-ਕਲ੍ਹ ਪਿਛਲੇ ਹਿੱਸੇ ਵਿੱਚ ਮੁੱਖ ਗ੍ਰੰਥੀ ਅਤੇ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬਾਨ ਦਾ ਦਫ਼ਤਰ ਹੈ ਅਤੇ ਉਪਰਲੇ ਹਿੱਸੇ 'ਚ ਬਿਜਲੀ ਦਾ ਸਾਮਾਨ ਤੇ ਅਗਲੇ ਹਿੱਸੇ ਵਿੱਚ ਰਾਗੀਆਂ ਅਤੇ ਅਖੰਡ-ਪਾਠੀਆਂ ਦੇ ਦੋਹਾਂ ਜਥੇਦਾਰਾਂ ਦਾ ਦਫ਼ਤਰ ਹੈ। ਇਸ ਕਮਰੇ ਦੀ ਉਪਰਲੀ ਮੰਜ਼ਲ ਵਿੱਚ ਖਜ਼ਾਨਾ ਗਿਣ ਕੇ ਰੱਖਿਆ ਜਾਂਦਾ ਹੈ ਅਤੇ ਪੁਰਾਣੀਆਂ ਚਾਂਦੀ ਦੀਆਂ ਚੋਬਾਂ ਰੱਖੀਆਂ ਹੋਈਆਂ ਹਨ ਕੋਈ ਹੋਰ ਜ਼ਰੂਰੀ ਸਾਮਾਨ ਵੀ ਰੱਖਿਆ ਜਾਂਦਾ ਹੈ।

ਸੱਜੇ ਹੱਥ ਭਾਵ ਦੱਖਣ ਵੱਲ ਦੇ ਕਮਰੇ ਵਿੱਚ ਪੁਜਾਰੀਆਂ ਦੇ ਸਮੇਂ ਚੜ੍ਹਤ ਦਾ ਸਾਮਾਨ, ਤੋਸ਼ਾਖਾਨਾ ਤੇ ਰਸਦ ਰੱਖੀ ਜਾਂਦੀ ਸੀ। ਇਸ ਦੇ ਸਾਹਮਣੇ ਦੋ ਨਗਾਰੇ ਪਏ ਰਹਿੰਦੇ ਸਨ। ਇਨ੍ਹਾਂ 'ਚੋਂ ਇਕ ਵੱਡਾ ਨਗਾਰਾ ਸੀ, ਜੋ ਮਹਾਰਾਜਾ ਹੀਰਾ ਸਿੰਘ ਨਾਭਾ ਨੇ ੧੯੫੧ ਬਿ: ਵਿੱਚ ਭੇਟਾ ਕੀਤਾ ਸੀ, ਜਿਸ ਦੀ ਆਵਾਜ਼ ਬੱਦਲ ਵਾਂਗ ਦੂਰ-ਦੂਰ ਤੱਕ ਪਹੁੰਚਦੀ ਸੀ। ਇਹ ਖਾਸ ਮੌਕਿਆ ਜਾਂ ਵੱਡੇ ਗੁਰਪੁਰਬਾਂ ਸਮੇਂ ਵਜਾਇਆ ਜਾਂਦਾ ਸੀ। ਛੋਟੇ ਨਗਾਰੇ 'ਤੇ ਦੋਨੇ ਸਮੇਂ ਉਸ ਵਕਤ ਚੋਟ ਲੱਗਦੀ ਸੀ ਜਦੋਂ ਸੁਬ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਕੋਠਾ ਸਾਹਿਬ ਤੋਂ ਚਲਦੀ ਸੀ ਤੇ ਜਾਂ ਜਦੋਂ

ਸ਼ਾਮ ਨੂੰ ਸਵਾਰੀ ਕੋਠਾ ਸਾਹਿਬ ਵਾਪਸ ਆਉਂਦੀ ਸੀ । ਅੱਜ-ਕਲ੍ਹ ਇਹ ਫਰਾਸ਼ ਦਾ ਕਮਰਾ ਅਖਵਾਉਂਦਾ ਹੈ, ਜਿਸ ਵਿੱਚ ਫਰਾਸ਼ ਦੇ ਵਰਤਣ ਵਾਲਾ ਸਾਰਾ ਸਮਾਨ ਹੁੰਦਾ ਹੈ । ਜਿਵੇਂ ਕਿ ਦੋਵੇਂ ਪਾਲਕੀਆਂ , ਇਕ ਸੋਨੇ ਦੀ ਤੇ ਦੂਜੀ ਚਾਂਦੀ ਦੀ , ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸੁਬ੍ਹਾ ਕੋਠੇ ਸਾਹਿਬ ਤੋਂ ਹਰਿਮੰਦਰ ਸਾਹਿਬ ਜਾਂਦੀ ਹੈ ਤੇ ਸ਼ਾਮ ਨੂੰ ਵਾਪਸ ਲਿਆਂਦੀ ਜਾਂਦੀ ਹੈ। ਚਾਨਣੀਆਂ, ਮੰਜੀ ਸਾਹਿਬ, ਗੱਦੇ, ਰੁਮਾਲੇ, ਚੱਦਰਾਂ ਤੇ ਵਿਛਾਈ ਦਾ ਹੋਰ ਸਾਰਾ ਸਮਾਨ ਆਦਿ ਰੱਖਿਆ ਹੁੰਦਾ ਹੈ । ਇਸ ਕਮਰੇ ਦੀ ਉਪਰਲੀ ਮੰਜ਼ਲ ਵਿੱਚ ਤੋਸ਼ਾਖਾਨਾ ਹੈ, ਜਿਸ ਵਿੱਚ ਜਿਲੌ ਦਾ ਸਾਰਾ ਕੀਮਤੀ ਸਮਾਨ ਸੁਰੱਖਿਅਤ ਰਹਿੰਦਾ ਹੈ ।

ਡਿਉਢੀ ਦੇ ਅੰਦਰ ਵਾਰ ਖੱਬੇ -ਸੱਜੇ ਭਾਵ ਉੱਤਰ ਦੱਖਣ ਦੀਆਂ ਕੰਧਾਂ ਵਿੱਚ ਦੋਹੀ ਪਾਸੀਂ ਦੋ ਪੌੜੀਆ ਚੜ੍ਹਦੀਆਂ ਹਨ, ਜੋ ਧੁਰ ਦੂਜੀ ਛੱਤ ਦੇ ਉੱਪਰ ਤੱਕ ਜਾਂਦੀਆ ਹਨ । ਪਹਿਲੀ ਛੱਤ ਦੇ ੨੧ ਤੇ ਦੂਜੀ ਛੱਤ ਦੇ ੨੦ ਪੌੜ ਹਨ, ਕੁਲ ੪੧ ਪੌੜ ਹਨ । ਦੱਖਣ ਤਰਫ਼ ਦੀ ਪੌੜੀ ਉਤੋਂ ਬੰਦ ਹੈ । ਇਸ ਦੇ ਪੌੜਾਂ ਵਿੱਚ ਖਾਲੀ ਗੋਲਕਾਂ ਜਾਂ ਵਿਛਾਈ ਵਾਲੇ ਕੰਬਲ ਆਦਿ ਲੋੜੀਂਦਾ ਸਮਾਨ ਰੱਖ ਕੇ ਜਿੰਦਾ ਲੱਗਾ ਰਹਿੰਦਾ ਹੈ, ਜਿਸ ਦੀ ਚਾਬੀ ਚੋਬਦਾਰ ਕੋਲ ਹੁੰਦੀ ਹੈ । ਉੱਤਰੀ ਤਰਫ਼ ਦੀ ਪੌੜੀ ਉੱਪਰ ਤੱਕ ਖੁਲ੍ਹੀ ਰਹਿੰਦੀ ਹੈ, ਜਿਸ ਨੂੰ ਉੱਪਰ ਚੜ੍ਹਨ ਉਤਰਨ ਲਈ ਵਰਤਿਆ ਜਾਂਦਾ ਹੈ । ਦਰਸ਼ਨੀ ਡਿਉਢੀ ਦੀ ਪਹਿਲੀ ਛੱਤ ਤੇ ਰਾਜਾ ਸੰਗਤ ਸਿੰਘ ਜੀਂਦ ਨੇ ਸੁਨਹਿਰੀ ਜੜਤ ਦਾ ਕੰਮ ਕਰਵਾਇਆ । ਬਾਹਰ ਵੱਲ ਦੀ ਇਕ ਸੁਰਾਹੀ ਭਾਈ ਪ੍ਰੀਤਮ ਸਿੰਘ ਤੇ ਦੂਜੀ ਸੁਰਾਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਈ । ਤਾਕਚਿਆਂ ਦੇ ਦੋਹੀਂ ਪਾਸੀਂ ਸੁਨਹਿਰੀ ਕੰਮ ਸ: ਗੁਲਾਬ ਸਿੰਘ ਭਾਗੋ ਵਾਲੀਏ ਦੀ ਰਾਹੀਂ ਹੋਇਆ । ਡਿਉਢੀ ਦੇ ਅੰਦਰਵਾਰ ਤੇ ਛੱਤ ਤੋਂ ਹੇਠ ਵਾਰ ਡਿਉਢੀ ਦੀਆਂ ਡਾਟਾਂ ਦੇ ਬਰਾਬਰ ਤੱਕ ਕੰਧਾਂ ਵੀ ਸੁਨਹਿਰੀ ਕੀਤੀਆਂ ਹੋਈਆਂ ਹਨ । ਅਕਾਲ ਤਖ਼ਤ ਵੱਲ ਦਾ ਡਿਉਢੀ ਦਾ ਮੱਥਾ ਡਾਟ ਤੇ ਡਿਉਢੀ ਦੇ ਸੱਜੇ ਖੱਬੇ ਹੇਠ ਤੱਕ ਸੋਨੇ ਦੇ ਪੱਤਰੇ ਚੜ੍ਹੇ ਹੋਏ ਹਨ । ਖੱਬੇ ਹੱਥ ਸ੍ਰੀ ਹਰਿਮੰਦਰੰ ਸਾਹਿਬ ਵਿੱਚ ਵਰਤੇ ਕੁਦਰਤੀ ਚਮਤਕਾਰ ਦੀ ਘਟਨਾ ਤੇ ਸੱਜੇ ਹੱਥ ਗੁਰਬਾਣੀ ਦੇ ਸ਼ਬਦ ਸੁਨਹਿਰੀ ਅੱਖਰਾਂ ਵਿੱਚ ਉੱਕਰੇ ਹੋਏ ਹਨ । ਦਰਸ਼ਨੀ ਦਰਵਾਜ਼ੇ ਦੀ ਉਪਰਲੀ ਮੰਜ਼ਲ ਦੀ ਅਕਾਲ ਤਖ਼ਤ ਵੱਲ ਦੀ ਇਕ ਬਾਰੀ ਦੀ ਜੋੜੀ ਚੰਦਨ ਦੀ ਬਣਾ ਕੇ ਉੱਪਰ ਸੁਨਹਿਰੀ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਇਆ । ਦੂਜੀ ਬਾਰੀ ਗੁਲਾਬ ਸਿੰਘ ਨੇ ਆਪ ਸੁਨਹਿਰੀ ਬਣਵਾਈ। ਦਰਸ਼ਨੀ ਡਿਉਢੀ ਦੀ ਉਪਰਲੀ ਮੰਜ਼ਲ ਵਿੱਚ ਇਕ ਵੱਡਾ ਦਾਲਾਨ ਹੈ, ਜਿਸ ਵਿੱਚ ਪੁਜਾਰੀਆਂ ਸਮੇਂ ਪ੍ਰਬੰਧਕ ਤੇ ਧਾਰਮਕ ਰਹੁ-ਰੀਤਾਂ ਬਾਰੇ ਮੁਖੀ ਪੁਜਾਰੀਆਂ ਦੀਆਂ ਬੈਠਕਾਂ ਹੁੰਦੀਆਂ ਸਨ । ਅੱਜ-ਕਲ੍ਹ ਇਸ ਵਿੱਚ ਸ੍ਰੀ ਦਰਬਾਰ ਸਾਹਿਬ ਤੇ ਸੰਬੰਧਤ ਗੁਰਦੁਆਰਿਆਂ ਦਾ ਖਜ਼ਾਨਾ ਗਿਣਿਆ ਜਾਂਦਾ ਹੈ । ਦਰਬਾਰ ਸਾਹਿਬ ਵੱਲ ਬਾਹਰ ਨੂੰ ਵੱਡਾ ਬੁਖਾਰਚਾ ਵਧਿਆ ਹੋਇਆ ਹੈ, ਜਿਸ ਵਿੱਚ ਪੁਜਾਰੀਆਂ ਸਮੇਂ ਅਖੰਡ ਪਾਠ ਹੁੰਦੇ ਰਹਿੰਦੇ ਸਨ । ਦੂਜਾ ਛੋਟਾ ਬੁਖਾਰਚਾ ਅਕਾਲ ਤਖ਼ਤ ਵੱਲ ਵਧਿਆ ਹੋਇਆ ਹੈ, ਦੋਹਾਂ ਬੁਖਾਰਚਿਆਂ ਦੀਆਂ ਤਿੰਨ-ਤਿੰਨ ਬਾਰੀਆਂ ਹਨ ।

ਦਰਸ਼ਨੀ ਦਰਵਾਜ਼ੇ ਦੀ ਇਸ ਸਾਰੀ ਇਮਾਰਤ ਦੀ ਅਖੀਰਲੀ ਛੱਤ ਉੱਪਰ ਚੌਹਾਂ ਬਾਹੀਆਂ ਦੇ ਵਿਚਕਾਰ ੧੯੦੩ ਬਿ: ਵਿੱਚ ਚਾਰ ਬੰਗਲੇ ਉਸਾਰੇ ਗਏ ਹਨ । ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਵੱਲ ਦੋ ਵੱਡੇ ਤੇ ਉੱਤਰ ਦੱਖਣ ਦੀਆਂ ਦੋਹਾਂ ਬਾਹੀਆਂ ਵਿਚਕਾਰ ਦੋ ਛੋਟੇ ਬੰਗਲੇ ਹਨ । ਜਿਹਨਾਂ 'ਚੋਂ ਸ੍ਰੀ ਦਰਬਾਰ ਸਾਹਿਬ ਵੱਲ ਦੇ ਬੰਗਲੇ ਉੱਪਰ ਮੂਲ ਰਾਜ ਨੇ ਬਾਰ੍ਹਾਂ ਸੌ ਰੁਪਏ

ਦਾ ਸੋਨਾ ਚੜ੍ਹਾਇਆ ਤੇ ਸ੍ਰੀ ਅਕਾਲ ਤਖ਼ਤ ਵੱਲ ਦੇ ਬੰਗਲੇ 'ਤੇ ਭਾਈ ਕਾਹਨ ਸਿੰਘ ਪਸ਼ੌਰੀਏ ਨੇ ੧੯੦੪ ਬਿ: ਵਿੱਚ ਇਕ ਹਜ਼ਾਰ ਰੁਪਏ ਦਾ ਸੋਨਾ ਚੜ੍ਹਾਇਆ। ਬਾਕੀ ਦੋਨੋਂ ਬੰਗਲੇ ਕਿਸੇ ਦਰਿਆ-ਦਿਲ ਪ੍ਰੇਮੀ ਦਾਨੀ ਸਿੱਖ ਦੀ ਉਡੀਕ ਵਿੱਚ ਹਨ। ਅੰਤਲੀ ਛੱਤ ਦੇ ਚਹੁੰ ਕੋਨਿਆਂ 'ਤੇ ਚਾਰ ਛੋਟੇ ਗੁੰਬਦਾਂ ਵਾਲੀਆਂ ਚਾਰ ਗੋਲ ਮਹਤਾਬੀਆਂ ਬਣੀਆਂ ਹੋਈਆਂ ਹਨ। ਸੰਮਤ ੧੯੩੨ ਬਿ: ਵਿੱਚ ਦਰਸ਼ਨੀ ਦਰਵਾਜ਼ੇ ਦੇ ਅੰਦਰਵਾਰ ਕੰਧਾਂ ਉੱਪਰ ਸੰਗਮਰਮਰ ਲੱਗਣਾ ਸ਼ੁਰੂ ਹੋਇਆ, ਜੋ ਸੱਜੇ ਖੱਬੇ ਦੋਹਾਂ ਕੰਧਾਂ ਦੇ ਉੱਪਰ ਮੁਕੰਮਲ ਸੰਗਮਰਮਰ ਲੱਗਾ ਹੋਇਆ ਹੈ। ੩੬ ਨੰਬਰ ਸਿੱਖ ਪਲਟਨ ਦੇ ਸਿੰਘਾਂ ਵੱਲੋਂ ਦੱਖਣੀ ਤਰਫ਼ ਦੀ ਕੰਧ ਵਿੱਚ ਪਲਟਨ ਦਾ ਨਾਮ ਤੇ ਨੰਬਰ ਉਕਰਿਆ ਹੋਇਆ ਸੰਗਮਰਮਰ ਦਾ ਪੱਥਰ ਲੱਗਾ ਹੋਇਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਬੇਨਤੀ 'ਤੇ ੧੯੯੩ ਈ: ਵਿੱਚ ਦਰਸ਼ਨੀ ਡਿਉਢੀ ਦੀ ਪਹਿਲੀ ਛੱਤ ਤੇ ਕੰਧਾਂ ਉੱਪਰ ਪੁਰਾਣਾ ਸੋਨਾ ਲੱਥ ਜਾਣ ਕਰ ਕੇ ਨਵੇਂ ਸਿਰੇ ਤੋਂ ਨਵਾਂ ਸੋਨਾ ਲਾਉਣ ਦੀ ਸੇਵਾ, ਸੇਵਾ ਦੇ ਪੁੰਜ ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਨੇ ਆਰੰਭ ਕੀਤੀ ਸੀ। ਕਾਫੀ ਸੋਨਾ ਲੱਗ ਗਿਆ ਸੀ ਪਰ ਜੂਨ ੧੯੮੪ ਈ: ਦੇ ਨੀਲਾ ਤਾਰਾ ਘਲੂਘਾਰੇ ਦੇ ਕਾਰਨ ਇਹ ਕਾਰਜ ਮੁਕੰਮਲ ਨਾ ਹੋ ਸਕਿਆ।

**੫. ਬੇਰ ਬਾਬਾ ਬੁੱਢਾ ਸਾਹਿਬ**-ਸ੍ਰੀ ਅੰਮ੍ਰਿਤਸਰ ਸਰੋਵਰ ਦੀ ਉੱਤਰੀ ਬਾਹੀ ਦੀ ਪ੍ਰਕਰਮਾ ਵਿੱਚ ਇਕ ਬਹੁਤ ਬ੍ਰਿਧ ਬੇਰੀ ਹੈ ਜਿਸ ਨੂੰ 'ਬੇਰ ਬਾਬਾ ਬੁੱਢਾ ਸਾਹਿਬ ਜੀ' ਕਹਿੰਦੇ ਹਨ। ਇਸ ਬੇਰੀ ਹੇਠ ਬੈਠ ਕੇ ਬਾਬਾ ਬੁੱਢਾ ਸਾਹਿਬ ਜੀ ਸਰੋਵਰ ਦੀ ਹੋ ਰਹੀ ਕਾਰ ਸੇਵਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਸਾਰੇ ਪ੍ਰਬੰਧ ਦੀ ਨਿਗਰਾਨੀ ਕਰਦੇ ਸਨ ਅਤੇ ਹਰ ਰੋਜ਼ ਸੰਗਤਾਂ ਨੂੰ ਸੁਬ੍ਹਾ ਕਹੀਆਂ ਤੇ ਟੋਕਰੀਆਂ ਆਦਿ ਲੋੜੀਂਦਾ ਸਾਮਾਨ ਵੰਡਦੇ ਤੇ ਉਨ੍ਹਾਂ ਪਾਸੋਂ ਯੋਗ ਤਰੀਕੇ ਨਾਲ ਸੇਵਾ ਲੈਂਦੇ ਸਨ। ਸ਼ਾਮ ਨੂੰ ਇਸੇ ਥਾਂ 'ਤੇ ਰਾਜਾਂ ਅਤੇ ਮਜ਼ਦੂਰਾਂ ਨੂੰ ਤਨਖਾਹਾਂ ਵੰਡਦੇ ਹੁੰਦੇ ਸਨ। ਇਹ ਚਾਰ ਸੌ ਸਾਲ ਤੋਂ ਵੱਧ ਸਮਾਂ ਪੁਰਾਣੀ ਬੇਰੀ ਹੈ। ਇਸ ਸਮੇਂ ਬਹੁਤ ਬ੍ਰਿਧ ਹੋਣ ਕਰ ਕੇ ਤੇ ਟਾਹਣਿਆਂ ਦਾ ਬਹੁਤਾ ਫੈਲਾਓ ਹੋ ਜਾਣ ਕਾਰਨ ਟਾਹਣਿਆਂ ਨੂੰ ਲੋਹੇ ਦੇ ਪੱਤਰਾਂ ਦੇ ਬੰਨ੍ਹ ਪਾ ਕੇ ਤੇ ਗਾਡਰਾਂ ਦਾ ਆਸਰਾ ਦੇ ਕੇ ਇਸ ਦਾ ਡਿੱਗਣ ਤੋਂ ਬਚਾ ਕੀਤਾ ਹੋਇਆ ਹੈ। ਮੁੱਢ ਦੇ ਚੁਫੇਰੇ ਸੁੰਦਰ, ਚਿੱਟੇ ਸੰਗਮਰਮਰ ਦਾ ਥੜਾ ਬਣਾਇਆ ਹੋਇਆ ਹੈ। ਬੇਰੀ ਦੇ ਨੇੜੇ ਹੀ ਸੰਗਮਰਮਰ ਦੇ ਪੱਥਰ ਉੱਪਰ ਬਾਬਾ ਬੁੱਢਾ ਜੀ ਦਾ ਸੰਖੇਪ ਜੀਵਨ ਉੱਕਰਿਆ ਹੋਇਆ ਹੈ ਤੇ ਇਸ ਬੇਰੀ ਬਾਰੇ ਜਾਣਕਾਰੀ ਵੀ ਹੈ।

**੬. ਦੁੱਖ ਭੰਜਨੀ ਬੇਰ ਸਾਹਿਬ** -ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪੂਰਬੀ ਬਾਹੀ ਦੇ ਵੱਡੇ ਪੌੜ ਉੱਪਰ ਇਕ ਬੇਰੀ ਹੈ। ਪੱਟੀ ਦੇ ਰਾਜੇ ਦੁਨੀ ਚੰਦ ਦੀ ਬੇਟੀ ਰਜਨੀ ਦਾ ਕੋਹੜੀ ਪਿੰਗਲਾ ਪਤੀ ਇਸ ਬੇਰੀ ਹੇਠ ਵੈਸਾਖੀ ਵਾਲੇ ਦਿਨ ਇਸ਼ਨਾਨ ਕਰ ਕੇ ਅਰੋਗ ਹੋ ਗਿਆ ਸੀ, ਜਿਸ ਕਰ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਬੇਰੀ ਦਾ ਨਾਮ ਦੁੱਖ ਭੰਜਨੀ ਬੇਰ ਰੱਖ ਦਿੱਤਾ, ਬੇਰ ਦੇ ਥੱਲੇ ਇਕ ਘਾਟ ਹੈ। ਇਥੋਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਕਾਰ-ਸੇਵਾ ਸ਼ੁਰੂ ਕੀਤੀ ਸੀ। ਇਸ ਦੇ ਖੱਬੇ ਹੱਥ ਦੱਖਣ ਵੱਲ ਦੂਜੀ ਬੇਰੀ ਹੇਠ ਇਕ ਥੜ੍ਹਾ ਹੈ ਜਿਸ ਉੱਪਰ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਬੈਠਦੇ ਰਹੇ ਹਨ। ਭਾਈ ਜੱਸਾ ਸਿੰਘ ਗੂੰਥੀ ਅਤੇ ਭਾਗ

ਸਿੰਘ ਮੁਤੱਸਦੀ ਨੇ ਥੜ੍ਹੇ ਉੱਪਰ ਇਕ ਬੁੰਗਾ ਬਣਵਾਇਆ, ਜਿਸ ਨੂੰ ੧੮੮੮ ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਚਾਰ ਹਜ਼ਾਰ ਰੁਪਏ ਖਰਚ ਕੇ ਸੁਨਹਿਰੀ ਕਰਵਾਇਆ। ੧੮੯੨ ਬਿ: ਵਿੱਚ ਦੁੱਖ ਭੰਜਨੀ ਘਾਟ ਦੇ ਦੋਹਾਂ ਪਾਸਿਆਂ 'ਤੇ ਸੰਗਮਰਮਰ ਦੀਆਂ ਦੋਹਾਂ ਬੁਰਜੀਆਂ ਉੱਪਰ ਦੋਵੇਂ ਛੋਟੇ ਬੰਗਲੇ ਮਹਾਰਾਜਾ ਰਣਜੀਤ ਸਿੰਘ ਨੇ ਸੁਨਹਿਰੀ ਕਰਵਾਏ। ਦੁੱਖ ਭੰਜਨੀ ਘਾਟ ਦੇ ਨਾਲ ਲੱਗਦਾ ਇਸ਼ਨਾਨ-ਘਰ (ਪੌਣਾ) ਸ੍ਰੀ ਦਰਬਾਰ ਸਾਹਿਬ ਦੀ ਜਾਗੀਰ ਵਿੱਚੋਂ ਤਿਆਰ ਹੋਇਆ, ਥੜ੍ਹੇ ਦੇ ਉਪਰਲੀ ਬੁੰਗੇ ਦੀ ਇਮਾਰਤ ਪੁਰਾਣੀ ਅਤੇ ਖ਼ਸਤਾ ਹੋਣ ਕਰ ਕੇ ੧੯੬੩-੬੪ ਈ: ਵਿੱਚ ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਪੁਰਾਣੀ ਇਮਾਰਤ ਢਾਹ ਕੇ ਉਸ ਦੀ ਥਾਂ ਨਵੀਂ ਸੰਗਮਰਮਰ ਦੀ ਇਮਾਰਤ ਬਣਵਾਈ ਗਈ ਜਿਸ ਦਾ ਸਾਰਾ ਖਰਚ ਸਰਦਾਰ ਮੋਹਰ ਸਿੰਘ ਚੱਢਾ ਬੰਬਈ ਵਾਲਿਆਂ ਨੇ ਕੀਤਾ। ਹੁਣ ਇਸ ਵਿੱਚ ਦੋ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੋਜ਼ਾਨਾ ਪ੍ਰਕਾਸ਼ ਹੁੰਦਾ ਹੈ ਤੇ ਅਖੰਡ-ਪਾਠਾਂ ਦੀਆਂ ਲੜੀਆਂ ਚਲਦੀਆਂ ਹਨ। ਹੁਣ ਇਸ ਦਾ ਨਾਮ ਗੁਰਦੁਆਰਾ ਬੇਰ ਦੁੱਖ-ਭੰਜਨੀ ਸਾਹਿਬ ਹੈ। ਦੋ ਗ੍ਰੰਥੀ ਸਿੰਘ ਸੇਵਾ ਨਿਭਾਉਂਦੇ ਹਨ।

**੭. ਥੜ੍ਹਾ ਸਾਹਿਬ**- ਸ੍ਰੀ ਹਰਿਮੰਦਰ ਸਾਹਿਬ ਤੇ ਹਰਿ ਕੀ ਪੌੜੀ ਦੇ ਸਾਹਮਣੇ ਸਰੋਵਰ ਦੀ ਪੂਰਬੀ ਬਾਹੀ 'ਤੇ ਗੁਰਦੁਆਰਾ ਬੇਰ ਦੁੱਖ-ਭੰਜਨੀ ਸਾਹਿਬ ਦੇ ਦੱਖਣ ਵੱਲ ਇਕ ਥੜ੍ਹਾ ਸੰਗਮਰਮਰ ਦਾ ਬਣਿਆ ਹੋਇਆ ਹੈ। ਸਰੋਵਰ ਦੀ ਕਾਰ-ਸੇਵਾ ਸਮੇਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਅਤੇ ਫਿਰ ਗੁਰੂ ਅਰਜਨ ਦੇਵ ਜੀ ਇਸ ਥੜ੍ਹੇ ਵਾਲੀ ਥਾਂ ਉੱਪਰ ਬੈਠਿਆ ਕਰਦੇ ਸਨ। ਗੋਇੰਦਵਾਲ ਸਾਹਿਬ ਤੋਂ ਗੁਰਬਾਣੀ ਦੀਆਂ ਸੈਂਚੀਆਂ ਵੀ ਗੁਰੂ ਅਰਜਨ ਦੇਵ ਜੀ ਨੇ ਪਹਿਲੋਂ ਇਥੇ ਲਿਆ ਕੇ ਸਥਾਪਤ ਕੀਤੀਆਂ ਸਨ। ਇਥੇ ਬੈਠ ਕੇ ਸਾਰੀ ਰਾਤ ਕੀਰਤਨ ਕਰਦੇ ਰਹੇ ਅਤੇ ਆਈਆਂ ਸੰਗਤਾਂ ਨੂੰ ਉਪਦੇਸ਼ ਵੀ ਦੇਂਦੇ ਰਹੇ ਤੇ ਕਾਰ-ਸੇਵਾ ਦੀ ਨਿਗਰਾਨੀ ਵੀ ਕਰਦੇ ਰਹੇ। ਇਸ ਨੂੰ ਪੱਕਾ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਥੜ੍ਹੇ ਉੱਪਰ ਸੰਗਮਰਮਰ ਦੀ ਮੰਜੀ ਸਾਹਿਬ ਬਣੀ ਹੋਈ ਹੈ। ੧੯੨੩ ਈ: ਦੀ ਕਾਰ-ਸੇਵਾ ਸਮੇਂ ਇਸ ਥੜ੍ਹੇ ਨੂੰ ਢਾਹ ਕੇ ਪੌਣਾ ਬਣਾ ਦਿੱਤਾ ਗਿਆ ਸੀ, ਪਰ ਸੰਗਤਾਂ ਦੇ ਵਿਰੋਧ ਕਰਨ ਦੇ ਕਾਰਨ ਪ੍ਰਬੰਧਕਾਂ ਨੇ ਮੁੜ ਕੇ ਥੜ੍ਹਾ ਬਣਾ ਕੇ ਉਹੋ ਸੰਗਮਰਮਰ ਦੀ ਮੰਜੀ ਸਾਹਿਬ ਸਥਾਪਤ ਕਰ ਦਿੱਤੀ ਹੈ।

**੮. ਅਠਸਠ ਘਾਟ**- ਉਪਰੋਕਤ ਥੜ੍ਹੇ ਦੇ ਦੱਖਣ ਦੀ ਤਰਫ਼ ਨਾਲ ਲੱਗਦੇ ਘਾਟ ਨੂੰ ਅਠਸਠ ਘਾਟ ਕਹਿੰਦੇ ਹਨ। ਮਹਾਨ ਕੋਸ਼ ਅਨੁਸਾਰ, ਇਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ- "ਅਠਸਠਿ ਤੀਰਥ ਜਹ ਸਾਧੂ ਪਗ ਧਰਹਿ ॥" ਰਾਮਕਲੀ ਰਾਗ ਵਿੱਚ ਸ਼ਬਦ ਉਚਾਰਿਆ ਸੀ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਚਰਨ ਪਾਏ ਸਨ। ਮਹਾਂ-ਪੁਰਸ਼ ਕਿਹਾ ਕਰਦੇ ਸਨ, ਕਿ ਅਠਾਹਠ ਤੀਰਥਾਂ ਨੇ ਇਸ ਘਾਟ ਰਾਹੀਂ ਅੰਮ੍ਰਿਤਸਰ ਸਰੋਵਰ ਵਿੱਚ ਪ੍ਰਵੇਸ਼ ਕੀਤਾ ਸੀ। ਇਥੇ ਇਸ਼ਨਾਨ ਕਰਨ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਸਾਹਿਬ ਦਾ ਬਣਵਾਇਆ ਹੋਇਆ ਛੋਟੇ ਸੁਨਹਿਰੀ ਗੁੰਬਦ ਵਾਲਾ ਮੰਦਰ ਸੀ, ਪਰ ਹੁਣ ਨਹੀਂ, ਹੁਣ ਸਿਰਫ ਘਾਟ ਹੀ ਹੈ।

**੯. ਗੁਰਦੁਆਰਾ ਇਲਾਇਚੀ ਬੇਰ**- ਦਰਸ਼ਨੀ ਦਰਵਾਜ਼ੇ ਦੇ ਨਾਲ ਹੀ ਦੱਖਣ ਦੀ ਤਰਫ਼

ਇਕ ਬੇਰੀ ਹੈ ਜਿਸ ਨੂੰ ਇਲਾਇਚੀ ਵਰਗੇ ਬੇਰ ਲੱਗਦੇ ਹਨ । ਜਿਸ ਕਰ ਕੇ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਨਾਮ ਇਲਾਇਚੀ ਬੇਰ ਰੱਖਿਆ । ਇਸ ਬੇਰੀ ਹੇਠ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਕਾਰ-ਸੇਵਾ ਕਰਵਾਉਂਦੇ ਹੁੰਦੇ ਸਨ । ਗੁਰੂ ਕੇ ਪਰਮ ਸੇਵਕ ਭਾਈ ਸਾਲ੍ਹੋ ਜੀ ਵੀ ਇਸ ਬੇਰੀ ਹੇਠ ਬੈਠ ਕੇ ਕਾਰ-ਸੇਵਾ ਦੀ ਨਿਗਰਾਨੀ ਕੀਤਾ ਕਰਦੇ ਸਨ । ਏਸੇ ਬੇਰੀ ਨਾਲ ਘੋੜੇ ਬੰਨ੍ਹ ਕੇ ਭਾਈ ਮਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਨੇ ਬੀਕਾਨੇਰ ਤੋਂ ਆ ਕੇ ਮੱਸੇ ਰੰਘੜ ਦਾ ਸਿਰ ਵੱਢਿਆ ਸੀ ।

ਸੰਮਤ ੧੯੦੪ ਬਿ: ਵਿੱਚ ਇਲਾਇਚੀ ਬੇਰੀ ਦੇ ਨਾਲ ਦਾ ਗੁੰਬਦ ਵਾਲਾ ਛੋਟਾ ਗੁਰਦੁਆਰਾ ਹੀਰਾ ਸਿੰਘ ਪਸ਼ੌਰੀਏ ਨੇ ਤਿਆਰ ਕਰਵਾਇਆ, ਜਿਸ ਵਿੱਚ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਅਖੰਡ ਪਾਠਾਂ ਦੀ ਲੜੀ ਵੀ ਚਲਦੀ ਹੈ । ਸੇਵਾ ਲਈ ਗ੍ਰੰਥੀ ਸਿੰਘ ਨੀਯਤ ਹੈ । ਪੁਰਾਤਨ ਸਮੇਂ ਇਸ ਦੇ ਪਿਛਲੇ ਪਾਸੇ ਪੌਣਾ ਸੀ ਪਰ ਹੁਣ ਨਹੀਂ, ਸੰਗਤਾਂ ਦੀ ਸਹੂਲਤ ਲਈ ਹੁਣ ਸੰਗਮਰਮਰ ਦਾ ਪੁਲ ਬਣਿਆ ਹੋਇਆ ਹੈ । ਪੁਲ 'ਤੇ ਗੁਰਦੁਆਰੇ ਦੇ ਵਿਚਕਾਰ ਦੀ ਜਗ੍ਹਾ ਵਿੱਚ ਵੱਡੇ ਮੇਲਿਆਂ ਸਮੇਂ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ।

**੧੦. ਪ੍ਰਕਰਮਾ ਸਰੋਵਰ ਸ੍ਰੀ ਅੰਮ੍ਰਿਤਸਰ**-ਪੁਜਾਰੀਆਂ ਦੇ ਸਮੇਂ ਪਵਿੱਤਰ ਸਰੋਵਰ ਦੇ ਚੌਗਿਰਦ ਪ੍ਰਕਰਮਾ ਇਕ ਪ੍ਰਕਾਰ ਦਾ ਬਾਜ਼ਾਰ ਬਣਿਆ ਹੋਇਆ ਸੀ, ਜਿਸ ਵਿੱਚ ਕੰਘੇ, ਕੜੇ, ਕਿਰਪਾਨਾਂ ਤੇ ਕਿਤਾਬਾਂ ਦੀਆਂ ਦੁਕਾਨਾਂ ਤੋਂ ਇਲਾਵਾ ਆਲੂ ਛੋਲੇ ਤੇ ਹੋਰ ਖਾਣ ਪੀਣ ਦੀਆਂ ਛਾਬੜੀਆਂ ਵੀ ਲੱਗੀਆਂ ਹੁੰਦੀਆਂ ਸਨ । ਥਾਂ-ਥਾਂ ਜੂਠੇ ਪੱਤ੍ਰਾਂ ਤੇ ਡੂਨਿਆਂ ਦੇ ਢੇਰ ਲਗੇ ਹੁੰਦੇ ਸਨ । ਸਫਾਈ ਆਦਿ ਦਾ ਕੋਈ ਪ੍ਰਬੰਧ ਨਹੀਂ ਸੀ । ਪ੍ਰਕਰਮਾ ਵਿੱਚ ਅਵਾਰਾ ਪਸ਼ੂ ਅਤੇ ਕੁੱਤੇ ਆਮ ਫਿਰਦੇ ਹੁੰਦੇ ਸਨ । ਇਨ੍ਹਾਂ ਨੂੰ ਹਟਾਉਣ ਲਈ ਕੋਈ ਸੇਵਾਦਾਰ ਨਹੀਂ ਸੀ ਹੁੰਦਾ । ਸ਼ਾਮ ਵੇਲੇ ਬਦਮਾਸ਼ ਮਰਦ ਤੇ ਔਰਤਾਂ ਪ੍ਰਕਰਮਾ ਵਿੱਚ ਆ ਜਾਂਦੇ ਸਨ ਉਨ੍ਹਾਂ ਨੂੰ ਭੈੜੀਆਂ ਗੱਲਾਂ ਤੋਂ ਰੋਕਣ ਵਾਲਾ ਕੋਈ ਨਹੀਂ ਸੀ ਹੁੰਦਾ । ਚੋਰਾਂ ਅਤੇ ਗੰਢ ਕੱਟਾਂ ਲਈ ਇਹ ਚੰਗਾ ਅੱਡਾ ਬਣਿਆ ਹੋਇਆ ਸੀ । ਪ੍ਰਕਰਮਾ ਵਿੱਚ ਥਾਂ-ਥਾਂ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ ਤੇ ਮੂਰਤੀ ਪੂਜਾ ਆਮ ਸੀ । ਗੁਰਮਤਿ ਪ੍ਰਚਾਰ ਅਤੇ ਗੁਰਇਤਿਹਾਸ ਦੀ ਕਥਾ ਦੀ ਥਾਂ ਮਨਮਤਿ ਦਾ ਪ੍ਰਚਾਰ ਪ੍ਰਚੱਲਤ ਸੀ ।

ਪੰਥਕ ਪ੍ਰਬੰਧ ਕਾਇਮ ਹੋਣ 'ਤੇ ਉਪ੍ਰੋਕਤ ਗੁਰਮਤਿ ਵਿਰੋਧੀ ਕਾਰਵਾਈਆਂ ਉਕਾ ਹੀ ਬੰਦ ਕਰ ਦਿੱਤੀਆਂ ਗਈਆਂ । ਹਰ ਪ੍ਰਕਾਰ ਦੀਆਂ ਦੁਕਾਨਾਂ ਤੇ ਮੂਰਤੀਆਂ ਉਠਾ ਦਿੱਤੀਆਂ ਗਈਆਂ। ਮਨਮਤ ਦੇ ਗ੍ਰੰਥਾਂ ਦੀਆਂ ਕਥਾਵਾਂ ਬੰਦ ਕਰਕੇ ਗੁਰਬਾਣੀ ਅਤੇ ਗੁਰਇਤਿਹਾਸ ਦੀਆਂ ਕਥਾਵਾਂ ਸ਼ੁਰੂ ਕੀਤੀਆਂ ਗਈਆਂ । ਪ੍ਰਕਰਮਾ ਅਤੇ ਬੁੰਗਿਆਂ ਦੇ ਇੰਤਜ਼ਾਮ ਲਈ ਇਕ ਜਥੇਦਾਰ ਤੇ ੧੯ ਸੇਵਾਦਾਰ ਰਖੇ ਗਏ । ਇਹ ਬਦਮਾਸ਼ਾਂ, ਚੋਰਾਂ ਤੇ ਖੀਸੇ ਕੱਟਾਂ ਵੱਲ ਖਾਸ ਧਿਆਨ ਰੱਖਦੇ ਹਨ। ਜੇ ਕੋਈ ਅਜਿਹਾ ਮਾੜਾ ਕੰਮ ਕਰਦਾ ਪਕੜਿਆ ਜਾਵੇ ਤਾਂ ਉਸ ਨੂੰ ਪੁਲੀਸ ਦੇ ਹਵਾਲੇ ਕੀਤਾ ਜਾਂਦਾ ਹੈ । ਇਹ ਸੇਵਾਦਾਰ ਯਾਤਰੂਆਂ ਨੂੰ ਸਰੋਵਰ ਵਿੱਚ ਤੈਰਨ, ਮਲ ਕੇ ਨਹਾਉਣ, ਕਪੜੇ ਧੋਣ ਤੇ ਕਪੜਿਆਂ ਨੂੰ ਸਰੋਵਰ ਵਿੱਚ ਨਿਚੋੜਨ, ਕੁਰਲੀਆਂ ਕਰਨ ਤੇ ਕਿਸੇ ਹੋਰ ਕਿਸਮ ਦੀ ਬੇਅਦਬੀ ਕਰਨ ਤੋਂ ਵੀ ਰੋਕਦੇ ਹਨ ।

ਪ੍ਰਕਰਮਾ ਵਿੱਚ ਪਹਿਲਾਂ ਜਿਥੇ ਕਿਸੇ ਦਾ ਦਿਲ ਚਾਹੁੰਦਾ ਸੀ ਹਰ ਪ੍ਰਕਾਰ ਦੇ ਗੰਦੇ ਮੰਦੇ

ਇਸ਼ਤਿਹਾਰ ਲੱਗਾ ਜਾਂਦਾ ਸੀ ਪਰ ਗੁਰਦੁਆਰਾ ਕਮੇਟੀ ਨੇ ਇਸ ਗੱਲ ਨੂੰ ਰੋਕਣ ਲਈ ੧੯੨੪ ਈ: ਵਿੱਚ ਨੀਯਤ ਥਾਵਾਂ ਤੇ ਲਕੱੜੀ ਦੇ ਬੋਰਡ ਇਸ਼ਤਿਹਾਰ ਲਗਾਣ ਲਈ ਲਾ ਦਿੱਤੇ ਤੇ ਹੁਕਮ ਜਾਰੀ ਕਰ ਦਿੱਤਾ ਕਿ ਕਮੇਟੀ ਦੀ ਆਗਿਆ ਤੋਂ ਬਿਨਾਂ ਕੋਈ ਸੱਜਣ ਇਨ੍ਹਾਂ ਬੋਰਡਾਂ ਤੇ ਇਸ਼ਤਿਹਾਰ ਨਹੀਂ ਲੱਗਾ ਸਕਦਾ ।

*(ਦੇਖੋ ਰਪੋਟ ਸ੍ਰੀ ਦਰਬਾਰ ਸਾਹਿਬ ਪੰਨਾ ੧੨੩/੧੨੪)*

ਪਹਿਲੋਂ ਪ੍ਰਕਰਮਾ ਨੂੰ ਸਾਫ਼ ਸੁਥਰਾ ਰੱਖਣ ਲਈ ਗਲੀਆਂ ਆਦਿ ਵਿੱਚ ਖਾਸ ਥਾਵਾਂ 'ਤੇ ਪੀਪੇ ਰੱਖੇ ਹੁੰਦੇ ਸਨ ਤਾਂ ਜੋ ਪ੍ਰਕਰਮਾ ਵਿੱਚ ਡਿੱਗਾ ਢੱਠਾ ਪੱਤ੍ਰ ਜਾਂ ਕੋਈ ਹੋਰ ਅਜਿਹੀ ਚੀਜ਼ ਚੁੱਕ ਕੇ ਇਹਨਾਂ ਵਿੱਚ ਸੁੱਟੀ ਜਾਇਆ ਕਰੇ ਜਾਂ ਕਿਸੇ ਨੂੰ ਮਜਬੂਰਨ ਥੁੱਕਣਾ ਪਵੇ ਤਾਂ ਇਹਨਾਂ ਵਿੱਚ ਥੁੱਕ ਸਕਦਾ ਸੀ । ਪਰ ਅੱਜ-ਕਲ੍ਹ ਪ੍ਰਕਰਮਾ ਦੇ ਅੰਦਰ ਅਜਿਹੇ ਡਰੰਮ ਰਖੇ ਹੋਏ ਹਨ ਜੋ ਉਪਰੋਂ ਢੱਕਣ ਨਾਲ ਬੰਦ ਹਨ ਪਰ ਪੈਰ ਨਾਲ ਦਬਾਉਣ 'ਤੇ ਢੱਕਣ ਖੁਲ੍ਹ ਜਾਂਦਾ ਹੈ । ਪੱਤ੍ਰ ਸੁੱਟਣ ਜਾਂ ਥੁੱਕਣ ਆਦਿ ਤੋਂ ਬਾਅਦ ਪੈਰ ਚੁੱਕਣ ਸਾਰ ਉਹ ਢੱਕਣ ਫਿਰ ਡਰੰਮ ਉੱਪਰ ਫਿੱਟ ਹੋ ਜਾਂਦਾ ਹੈ । ਸੇਵਾਦਾਰ ਜਾਂ ਪ੍ਰੇਮੀ ਸੱਜਣ ਇਹਨਾਂ ਡਰੰਮਾਂ ਵਿਚਲਾ ਕੂੜਾ ਕਰਕਟ ਬਾਹਰ ਸੁੱਟ ਕੇ ਡਰੰਮਾਂ ਨੂੰ ਧੋ ਕੇ ਤੇ ਸਾਫ਼ ਕਰਕੇ ਫਿਰ ਪ੍ਰਕਰਮਾ ਵਿੱਚ ਯੋਗ ਥਾਂ ਤੇ ਲਿਆ ਕੇ ਰੱਖ ਦੇਂਦੇ ਹਨ । ਸ਼ਹਿਰ ਦੇ ਪ੍ਰੇਮੀ ਸੱਜਣ ਹਰ ਰੋਜ਼ ਇਕ ਵਾਰ ਜ਼ਰੂਰ ਪ੍ਰਕਰਮਾ ਦਾ ਜਲ ਨਾਲ ਇਸ਼ਨਾਨ ਕਰਵਾ ਕੇ ਮੋਟੇ ਕਪੜੇ ਜਾਂ ਬੋਰੀਆਂ ਦੇ ਨਾਲ ਸੁਕਾ ਦੇਂਦੇ ਹਨ । ਪ੍ਰਕਰਮਾ ਦੇ ਪ੍ਰਬੰਧ ਲਈ ਅੱਜ ਕਲ੍ਹ ਇਕ ਜਥੇਦਾਰ, ਇਕ ਮੀਤ ਜਥੇਦਾਰ ਤੇ ੧੬ ਸੇਵਾਦਾਰ ਹਨ ।

**(ੳ) ਗਿੱਲਾ ਸਟੋਰ**– ਪ੍ਰਕਰਮਾ ਵਿੱਚ ਸੰਗਤਾਂ ਦੀ ਸਹੂਲਤ ਲਈ ਇਕ ਵੱਡੇ ਕਮਰੇ ਵਿੱਚ ਗੱਠੜੀਆਂ ਛੱਤਰੀਆਂ, ਸੋਟੀਆਂ ਤੇ ਗਿੱਲੇ ਕਪੜੇ ਰੱਖਣ ਲਈ ਸਟੋਰ ਬਣਾਇਆ ਹੋਇਆ ਹੈ । ਇਹ ਸਟੋਰ ੪ ਵਜੇ ਸੁਬ੍ਹਾ ਤੋਂ ੧੦ ਵਜੇ ਰਾਤ ਤੱਕ ਖੁੱਲ੍ਹਾ ਰਹਿੰਦਾ ਹੈ । ਮੇਲਿਆਂ ਦੇ ਸਮੇਂ ਇਹ ਅੱਠੇ ਪਹਿਰ ਖੁਲ੍ਹਾ ਰਹਿੰਦਾ ਹੈ । ਦੋ ਸੇਵਾਦਾਰ ਨਿਤਾ-ਪ੍ਰਤੀ ਹਰ ਸਮੇਂ ਸੇਵਾ ਕਰਦੇ ਹਨ। ਕੁਲ ੮ ਸੇਵਾਦਾਰ ਹਨ । ਮੇਲਿਆਂ ਸਮੇਂ ਉਨ੍ਹਾਂ ਨਾਲ ਹੋਰ ਸੇਵਾਦਾਰ ਲਾ ਦਿੱਤੇ ਜਾਂਦੇ ਹਨ ।

**(ਅ) ਪੌਣੇ** – ਪੁਰਾਤਨ ਸਮੇਂ ਮਾਈਆਂ, ਬੀਬੀਆਂ ਦੇ ਇਸ਼ਨਾਨ ਕਰਨ ਲਈ ਸਰੋਵਰ ਦੀਆਂ ਚੌਹਾਂ ਬਾਹੀਆਂ ਵਿੱਚ ਚਾਰ ਪੌਣੇ ਸਨ । ਪੌਣਿਆਂ ਦਾ ਵਧਾਅ ਪ੍ਰਕਰਮਾ ਵਲ ਨੂੰ ਬਹੁਤ ਵਧਿਆ ਹੋਇਆ ਸੀ ਜਿਸ ਕਰਕੇ ਮੇਲਿਆਂ ਦੇ ਸਮੇਂ ਸੰਗਤਾਂ ਨੂੰ ਪ੍ਰਕਰਮਾ ਕਰਨ ਦੀ ਬੜੀ ਤਕਲੀਫ਼ ਹੁੰਦੀ ਸੀ । ਕਿਉਂਕਿ ਉਸ ਸਮੇਂ ਪ੍ਰਕਰਮਾ ਹੁਣ ਨਾਲੋਂ ਬਹੁਤ ਘੱਟ ਚੌੜੀ ਸੀ । ਗੁਰਦੁਆਰਾ ਕਮੇਟੀ ਨੇ ੧੯੨੩ ਈ: ਵਿੱਚ ਪੌਣੇ ਸਰੋਵਰ ਦੇ ਅੰਦਰਵਾਰ ਨੂੰ ਵਧਾ ਕੇ ਪ੍ਰਕਰਮਾ ਖੁਲ੍ਹੀ ਕਰ ਦਿੱਤੀ । ਪੌਣੇ ਤਿੰਨ ਰਹਿਣ ਦਿੱਤੇ । ਹੁਣ ਵੀ ਤਿੰਨ ਪੌਣੇ ਹਨ-ਇਕ ਦੁੱਖ ਭੰਜਨੀ ਬੇਰ ਕੋਲ, ਦੂਜਾ ਸਰੋਵਰ ਦੀ ਉੱਤਰ-ਪੂਰਬੀ ਕੋਣ 'ਚ ਤੇ ਤੀਜਾ ਦੱਖਣ-ਪੂਰਬੀ ਕੋਣ ਵਿੱਚ । ਪੁਰਾਤਨ ਸਮੇਂ ਇਕ ਪੌਣਾ ਗੁਰਦੁਆਰਾ ਲਾਚੀ ਬੇਰ ਦੇ ਪਿਛਲੇ ਹਿੱਸੇ 'ਚ ਹੁੰਦਾ ਸੀ । ਜੋ ਹੁਣ ਨਹੀਂ ਹੈ ।

੧੯੨੩ ਈ: ਵਿੱਚ ਕਮੇਟੀ ਵੱਲੋਂ ਤਿੰਨ ਸੇਵਾਦਾਰਨੀਆਂ ਸਨ ਜਦ ਕਿ ਹੁਣ ੯ ਹਨ ਜੋ ਪੌਣਿਆਂ ਦੀ ਸਫਾਈ ਤੋਂ ਇਲਾਵਾ ਇਸ਼ਨਾਨ ਕਰਦੀਆਂ ਮਾਈਆਂ, ਬੀਬੀਆਂ ਦੇ ਕਪੜੇ ਆਦਿ ਦਾ ਵੀ ਧਿਆਨ ਰੱਖਦੀਆਂ ਹਨ ਅਤੇ ਸਰੋਵਰ ਵਿੱਚ ਇਸ਼ਨਾਨ ਦੇ ਨਿਯਮ ਦੱਸ ਕੇ ਸਤਿਕਾਰ ਸਹਿਤ ਇਸ਼ਨਾਨ ਕਰਨ ਦੀ ਸਿੱਖਿਆ ਵੀ ਦੇਂਦੀਆਂ ਹਨ । ਨਿੱਕੇ ਬੱਚਿਆਂ ਦੇ

ਇਸ਼ਨਾਨ ਸਮੇਂ ਪੂਰਾ ਖਿਆਲ ਰੱਖਦੀਆਂ ਹਨ ।

(ੲ) **ਛਬੀਲਾਂ** - ਯਾਤਰੂਆਂ ਦੇ ਆਰਾਮ ਨੂੰ ਮੁੱਖ ਰੱਖਦਿਆਂ ਤੇ ਖਾਸ ਕਰਕੇ ਗਰਮੀ ਦੇ ਮੌਸਮ ਵਿੱਚ ਪੁਰਾਣੇ ਸਮੇਂ ਇਕ ਛਬੀਲ ਸੀ, ਜਿਸ ਨੂੰ ਛਬੀਲ ਭਾਈ ਸਵਾਇਆ ਸਿੰਘ ਕਹਿੰਦੇ ਸਨ । ਗਰਮੀ ਦੇ ਦਿਨਾਂ ਵਿੱਚ ਸ਼ਹਿਰੀ ਪ੍ਰੇਮੀਆਂ ਵੱਲੋਂ ਦੋ ਹੋਰ ਛਬੀਲਾਂ ਲੱਗਾ ਦਿੱਤੀਆਂ ਜਾਂਦੀਆ ਸਨ । ਪਰ ਅੱਜ ਕਲ੍ਹ ਸਰੋਵਰ ਦੀ ਪ੍ਰਕਰਮਾ ਦੇ ਬਾਹਰ ਵਾਰ ਚਹੁੰ ਕੋਨਿਆਂ ਵਿੱਚ ਚਾਰ ਸੁੰਦਰ ਛਬੀਲਾਂ ਕਮੇਟੀ ਵੱਲੋਂ ਬਣਾਈਆਂ ਗਈਆਂ ਹਨ । ਜਿਨ੍ਹਾਂ ਤੋਂ ਯਾਤਰੂ ਅਤੇ ਸ਼ਹਿਰ ਦੀਆਂ ਸੰਗਤਾਂ ਗਰਮੀ ਵਿੱਚ ਠੰਡੇ ਪਾਣੀ ਦੇ ਕੌਲੇ ਭਰ-ਭਰ ਕੇ ਪੀਂਦੀਆਂ ਆਪਣੀ ਪਿਆਸ ਬੁਝਾਂਦੀਆਂ ਹਨ। ਇਹ ਛਬੀਲਾਂ ੧੨ ਮਹੀਨੇ ਲਗਾਤਾਰ ਚਲਦੀਆਂ ਰਹਿੰਦੀਆਂ ਹਨ । ਨਲ-ਕੂਪ ਰਾਹੀਂ ਇਹਨਾਂ ਨੂੰ ਪਾਣੀ ਹਰ ਵਕਤ ਮਿਲਦਾ ਰਹਿੰਦਾ ਹੈ । ਮਾਈਆਂ-ਬੀਬੀਆਂ ਜੂਠੇ ਗਲਾਸ ਤੇ ਕੌਲ੍ਹੇ ਮਾਂਜ-ਮਾਂਜ ਕੇ ਸੇਵਾ ਦਾ ਲਾਭ ਲੈਂਦੀਆਂ ਹਨ ।

**ਚੁਬੱਚੇ** :- ਪ੍ਰਕਰਮਾ ਵਿੱਚ ਦਾਖ਼ਲ ਹੋਣ ਵਾਲੇ ਸਾਰੇ ਰਸਤਿਆਂ ਉੱਪਰ ਪਾਣੀ ਦੇ ਚੁੱਬਚੇ ਬਣੇ ਹੋਏ ਹਨ । ਜਿਨ੍ਹਾਂ 'ਚੋਂ ਸੰਗਤਾਂ ਚਰਨ ਧੋ ਕੇ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਦੀਆਂ ਹਨ । ਪਹਿਲਾਂ ਇਹ ਪਾਣੀ ਮਿਉਂਸਪਲ ਕਮੇਟੀ ਦੇ ਸਰਕਾਰੀ ਨਲਕਿਆਂ ਰਾਹੀਂ ਆਉਂਦਾ ਸੀ। ਹੁਣ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਪਿਛਲੇ ਹਿੱਸੇ ਵਿੱਚ ਕਮੇਟੀ ਵੱਲੋਂ ਬਣਾਈ ਪਾਣੀ ਦੀ ਵੱਡੀ ਟਾਂਚੀ 'ਚੋਂ ਨਲਕਿਆਂ ਰਾਹੀਂ ਹਰ ਵਕਤ ਜਲ ਵਗਦਾ ਰਹਿੰਦਾ ਹੈ ।

**ਫੁਲੇਰੇ** :- ਪਹਿਲਾਂ ਪ੍ਰਕਰਮਾ ਵਿੱਚ ਦਾਖ਼ਲ ਹੋਣ ਵਾਲੇ ਵੱਡੇ ਰਸਤਿਆਂ ਜਿਵੇਂ ਕਿ ਘੰਟਾ ਘਰ, ਥੜ੍ਹਾ ਸਾਹਿਬ, ਬਾਜ਼ਾਰ ਮੁਨਿਆਰਾਂ, ਛਬੀਲ ਭਾਈ ਸਵਾਇਆ ਸਿੰਘ, ਚੌੜੀਆਂ ਪਉੜੀਆਂ ਤੇ ਗੁਰਦੁਆਰਾ ਬਾਬਾ ਸਾਹਿਬ ਦੇ ਵੱਡੇ ਦਰਵਾਜ਼ੇ ਅੱਗੇ ਫੁਲੇਰੇ ਫੁੱਲਾਂ ਦੇ ਛਾਬੇ ਲਾ ਕੇ ਬੈਠਦੇ ਸਨ। ਜਿਨ੍ਹਾਂ ਤੋਂ ਯਾਤਰੂ ਤੇ ਸ਼ਹਿਰੀ ਸੰਗਤਾਂ ਫੁੱਲਾਂ ਦੇ ਸੇਹਰੇ ਖਰੀਦ ਕੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਚੜ੍ਹਾਉਂਦੀਆਂ ਸਨ । ਹੁਣ ਸਿਰਫ ਘੰਟਾ ਘਰ ਦੇ ਬਾਹਰਵਾਰ, ਗੁਰਦੁਆਰਾ ਮੰਜੀ ਸਾਹਿਬ ਦੇ ਨੇੜੇ ਪ੍ਰਕਰਮਾ ਤੋਂ ਬਾਹਰ ਤੇ ਸਵਾਇਆ ਸਿੰਘ ਛਬੀਲ ਕੋਲ ਸਿਰਫ ਤਿੰਨ ਥਾਵਾਂ 'ਤੇ ਹੀ ਫੁਲੇਰੇ ਬੈਠਦੇ ਹਨ । ਗੁਰਦੁਆਰਾ ਬਾਬਾ ਸਾਹਿਬ ਤੇ ਗੁ: ਸ਼ਹੀਦ ਗੰਜ, ਬਾਬਾ ਦੀਪ ਸਿੰਘ ਦੇ ਗੁਰਦੁਆਰਿਆਂ ਤੇ ਬਾਹਰਵਾਰ ਵੀ ਫੁਲੇਰੇ ਬੈਠਦੇ ਹਨ । ਇਹ ਫੁਲੇਰੇ ਗੁਰਦੁਆਰਾ ਕਮੇਟੀ ਨੂੰ ਸਾਲਾਨਾ ਚੰਦਾ ਭਰਦੇ ਹਨ । ਇਨ੍ਹਾਂ ਨੂੰ ਸੂਰਜਮੁਖੀ, ਗੁਲਤੁਖਮਾ, ਰਤਨਜੋਤ, ਬੂਟੀ, ਚਾਨਣੀ, ਗੁਲਖੈਰਾ ਤੇ ਕਨੇਰ ਦੇ ਫੁੱਲ ਵੇਚਣ ਦੀ ਆਗਿਆ ਨਹੀਂ । ਸਾਵਨ, ਭਾਦਰੋਂ ਤੇ ਅੱਸੂ ਦੇ ਮਹੀਨਿਆਂ ਵਿੱਚ ਜਦੋਂ ਹੋਰ ਚੰਗੇ ਫੁੱਲ ਨਹੀਂ ਮਿਲਦੇ ਤਾਂ ਰਤਨਜੋਤ ਦੇ ਫੁੱਲ ਵੇਚਣ ਦੀ ਆਗਿਆ ਦੇ ਦਿੱਤੀ ਜਾਂਦੀ ਹੈ । ਉਪ੍ਰੋਕਤ ਹੁਕਮ ਦੀ ਉਲੰਘਣਾ ਕਰਨ ਜਾਂ ਸੁੱਕੇ ਫੁੱਲ ਵੇਚਣ ਵਾਲੇ ਫੁਲੇਰੇ ਨੂੰ ਯੋਗ ਜੁਰਮਾਨਾ ਕੀਤਾ ਜਾਂਦਾ ਹੈ ।

(ਹ) **ਜੋੜੇ-ਬਰਦਾਰ**-ਪੁਰਾਤਨ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਆਉਣ ਵਾਲੇ ਵੱਡੇ ਰਸਤਿਆਂ ਜਿਵੇਂ ਕਿ ਘੰਟਾ ਘਰ, ਬੁੰਗਾ ਸਰਕਾਰ ਦੇ ਥੱਲੇ, ਥੜ੍ਹਾ ਸਾਹਿਬ, ਬਾਜ਼ਾਰ ਮੁਨਿਆਰਾਂ, ਚੌੜੀਆਂ ਪੌੜੀਆਂ, ਰਸਤਾ ਬ੍ਰਹਮ ਬੂਟਾ ਉੱਪਰ ਸੰਗਤਾਂ ਦੇ ਜੋੜੇ ਸਾਂਭਣ ਲਈ ਜੋੜੇ-ਬਰਦਾਰ ਬਿਠਾਏ ਹੋਏ ਸਨ । ਗੁਰਦੁਆਰਾ ਕਮੇਟੀ ਵੱਲੋਂ ਇਨ੍ਹਾਂ ਨੂੰ ਕੋਈ ਨਕਦ ਰਕਮ ਨਹੀਂ

ਸੀ ਦਿੱਤੀ ਜਾਂਦੀ। ਜੋੜੇ ਰੱਖਣ ਵਾਲੇ ਯਾਤਰੂ ਜਾਂ ਸ਼ਹਿਰ ਦੇ ਪ੍ਰੇਮੀ ਹੀ ਆਪਣੀ ਖੁਸ਼ੀ ਨਾਲ ਪੈਸਾ-ਟਕਾ ਦੇ ਜਾਂਦੇ ਸਨ। ਤੰਗ ਕਰ ਕੇ ਕਿਸੇ ਪਾਸੋਂ ਇਹਨਾਂ ਨੂੰ ਪੈਸਾ ਲੈਣ ਦੀ ਆਗਿਆ ਨਹੀਂ ਸੀ। ਇਸ ਬਾਰੇ ਇਨ੍ਹਾਂ ਨੂੰ ਸਖ਼ਤ ਹਿਦਾਇਤ ਸੀ, ਜਿਸ ਕਿਸੇ ਪ੍ਰੇਮੀ ਦਾ ਜੋੜਾ ਇਹਨਾਂ ਪਾਸੋਂ ਗੁੰਮ ਹੋ ਜਾਏ ਤਾਂ ਦਫ਼ਤਰ ਉਸ ਦੀ ਪੜਤਾਲ ਕਰ ਕੇ ਜੋੜੇ-ਬਰਦਾਰ ਪਾਸੋਂ ਉਸ ਦੇ ਇਵਜ਼ ਵਿੱਚ ਉਹੋ ਜਿਹਾ ਜੋੜਾ ਜਾਂ ਕੀਮਤ ਵਸੂਲ ਕਰ ਕੇ ਦਿਵਾ ਦੇਂਦਾ ਸੀ। ਅੱਜ ਕਲ੍ਹ ਘੰਟਾ ਘਰ ਤੇ ਮੰਜੀ ਸਾਹਿਬ ਲਾਗੇ ਦੋਹਾਂ ਜੋੜੇ-ਘਰਾਂ ਵਿੱਚ ਕਮੇਟੀ ਦੇ ਪੱਕੇ ਸੇਵਾਦਾਰ ਹਨ। ਪ੍ਰੇਮੀ ਸੱਜਣ ਵੀ ਜੋੜਿਆਂ ਦੀ ਸੇਵਾ ਕਰਕੇ ਆਤਮਕ ਸ਼ਾਂਤੀ ਪ੍ਰਾਪਤ ਕਰਦੇ ਹਨ। ਪਰ ਡਿਉਢੀ ਆਟਾ ਮੰਡੀ ਦੇ ਬਾਹਰਵਾਰ ਅਜੇ ਵੀ ਜੋੜੇ-ਬਰਦਾਰ ਬਿਨਾਂ ਤਨਖਾਹ ਸੰਗਤਾਂ ਦੇ ਦਾਨ 'ਤੇ ਹੀ ਨਿਰਭਰ ਕਰਦੇ ਹਨ। ਜੋੜਾ ਗੁੰਮ ਹੋ ਜਾਣ 'ਤੇ ਉਹੋ ਹੀ ਪੁਰਾਣਾ ਕਾਨੂੰਨ ਲਾਗੂ ਹੈ।

## ਸ੍ਰੀ ਦਰਬਾਰ ਸਾਹਿਬ ਦੇ ਯਾਤਰੂਆਂ ਲਈ ਜ਼ਰੂਰੀ ਚੇਤਾਵਨੀਆਂ :

ਸ੍ਰੀ ਦਰਬਾਰ ਸਾਹਿਬ ਤੇ ਇਸ ਦੇ ਅੰਦਰ ਨਾਲ ਸਬੰਧਤ ਪ੍ਰਕਰਮਾ ਦੇ ਗੁਰਦੁਆਰਿਆਂ ਦੀ ਯਾਤਰਾ ਕਰਨ ਤੇ ਦਰਸ਼ਨ ਕਰਨ ਦੀ ਹਰ ਪ੍ਰਾਣੀ ਮਾਤ੍ਰ ਨੂੰ ਖੁਲ੍ਹ ਹੈ ਪਰ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ -

੧. ਪ੍ਰਕਰਮਾ ਵਿੱਚ ਜਾਣ ਤੋਂ ਪਹਿਲਾਂ ਜੋੜੇ ਉਤਾਰ ਕੇ ਪੈਰ ਧੋ ਲਏ ਜਾਣ ਅਤੇ ਜੇ ਜੁਰਾਬਾਂ ਪਾਈਆਂ ਹੋਣ ਤਾਂ ਉਹ ਵੀ ਉਤਾਰ ਦਿੱਤੀਆਂ ਜਾਣ।

੨. ਬਿਲਕੁਲ ਨਵੀਆਂ ਜੁਰਾਬਾਂ ਜੋ ਅੱਗੇ ਨਾ ਵਰਤੀਆਂ ਹੋਣ, ਉਹ ਪਾ ਕੇ ਪ੍ਰਕਰਮਾ ਵਿੱਚ ਜਾਣ ਦੀ ਖੁੱਲ੍ਹ ਹੈ।

੩. ਸਿਗਰਟ, ਤਮਾਕੂ, ਸੁਲਫਾ, ਗਾਂਜਾ, ਸ਼ਰਾਬ ਆਦਿ ਵਸਤੂਆਂ ਪ੍ਰਕਰਮਾ ਵਿੱਚ ਲੈ ਜਾਣ ਤੇ ਸ਼ਰਾਬ ਪੀ ਕੇ ਅਤੇ ਮੂੰਹ ਵਿੱਚ ਪਾਨ ਲੈ ਕੇ ਅੰਦਰ ਜਾਣਾ ਸਖ਼ਤ ਮਨ੍ਹਾਂ ਹੈ।

੪. ਪ੍ਰਕਰਮਾ ਵਿੱਚ ਛਤ੍ਰੀ ਲਾਉਣੀ, ਥੁੱਕਣਾ, ਮੈਲੀਆਂ ਚੀਜ਼ਾਂ ਸੁੱਟਣੀਆਂ, ਨੰਗੇ ਸਿਰ ਫਿਰਨਾ, ਬੈਠ ਕੇ ਪ੍ਰਸ਼ਾਦਿ ਛਕਣਾ ਅਤੇ ਅੰਦਰ ਆ ਕੇ ਫਲ ਫੁੱਲ ਖਾਣੇ ਬਿਲਕੁਲ ਬੰਦ ਹਨ।

੫. ਸਰੋਵਰ ਵਿੱਚ ਤਾਰੀਆਂ ਲਾਉਣੀਆਂ, ਗਿੱਲੇ ਕਪੜੇ ਧੋਣੇ ਤੇ ਨਿਚੋੜਨੇ ਮਨ੍ਹਾਂ ਹਨ।

੬. ਅਖਬਾਰਾਂ ਵੇਚਣੀਆਂ, ਪੜ੍ਹਨੀਆਂ, ਇਸ਼ਤਿਹਾਰ ਵੰਡਣੇ ਤੇ ਲਾਉਣੇ ਬਿਲਕੁਲ ਬੰਦ ਹਨ। ਸਿੱਖ ਧਰਮ ਦੇ ਪ੍ਰਚਾਰ ਸੰਬੰਧੀ ਅਤੇ ਗੁਰਦੁਆਰਿਆਂ ਸੰਬੰਧੀ ਇਸ਼ਤਿਹਾਰ ਕਮੇਟੀ ਦੀ ਆਗਿਆ ਨਾਲ ਲਾਏ ਤੇ ਵੰਡੇ ਜਾ ਸਕਦੇ ਹਨ।

੭. ਕਮੇਟੀ ਦੀ ਆਗਿਆ ਬਿਨਾਂ ਪ੍ਰਕਰਮਾ ਵਿੱਚ ਦੀਵਾਨ ਲਾਉਣਾ, ਕਥਾ ਕਰਨੀ, ਲੈਕਚਰ ਦੇਣਾ, ਫੋਟੋ ਲੈਣੀਆਂ ਸਖ਼ਤ ਮਨ੍ਹਾਂ ਹਨ।

੮. ਕਮੇਟੀ ਵੱਲੋਂ ਨੀਯਤ ਸੇਵਾਦਾਰਾਂ ਨੂੰ ਹੁਕਮ ਹੈ ਕਿ ਜੋ ਨਾਵਾਕਫ਼ ਸੱਜਣ ਆਵੇ ਉਸ ਨੂੰ ਨਿਯਮਾਂ ਤੋਂ ਜਾਣੂੰ ਕਰਵਾ ਦੇਣ, ਜੇ ਕੋਈ ਸੱਜਣ ਨਾਵਾਕਫ਼ੀ ਕਾਰਨ ਕੋਈ ਨਿਯਮ ਵਿਰੁੱਧ ਕਾਰਵਾਈ ਕਰੇ ਤਾਂ ਉਹ ਉਸ ਨੂੰ ਪਿਆਰ ਨਾਲ ਸਮਝਾ ਦੇਣ।

੯. ਹਰ ਯਾਤਰੂ ਦਾ ਫ਼ਰਜ਼ ਹੈ ਕਿ ਉਹ ਸੇਵਾਦਾਰਾਂ ਦੇ ਕਹਿਣ ਅਨੁਸਾਰ ਯਾਤਰਾ ਕਰੇ ਅਤੇ ਉਨ੍ਹਾਂ ਦੇ ਕੰਮ 'ਚ ਕਿਸੇ ਤਰ੍ਹਾਂ ਦਾ ਦਖ਼ਲ ਨਾ ਦੇਵੇ।

੧੦. ਕੋਈ ਯਾਤਰੂ ਕਿਸੇ ਸੇਵਾਦਾਰ ਨੂੰ ਪੈਸੇ ਨਾ ਦੇਵੇ।

੧੧. ਹਰਿਮੰਦਰ ਸਾਹਿਬ ਜਾਣ ਸਮੇਂ ਆਪਣੀ ਛਤ੍ਰੀ, ਸੋਟੀ, ਗਿੱਲੇ ਕਪੜੇ ਅਤੇ ਹੋਰ ਕੋਈ ਫਾਲਤੂ ਵਸਤੂ ਗਿੱਲੇ ਕਪੜਿਆਂ ਦੇ ਸਟੋਰ ਵਿੱਚ ਰੱਖ ਕੇ ਟਿਕਟ ਲੈ ਲਿਆ ਜਾਵੇ।

੧੨. ਇਸ਼ਨਾਨ ਸਮੇਂ ਆਪਣੇ ਗਹਿਣੇ, ਨਕਦੀ ਤੇ ਬਸਤਰਾਂ ਦਾ ਖਾਸ ਧਿਆਨ ਰੱਖਿਆ ਜਾਵੇ।

੧੩. ਜੇ ਕਿਸੇ ਯਾਤਰੂ ਪਾਸ ਨਕਦੀ, ਗਹਿਣੇ ਜਾਂ ਕੋਈ ਕੀਮਤੀ ਵਸਤੂ ਹੋਵੇ ਤੇ ਉਸ ਨੂੰ ਉਸ ਦੇ ਗੁੰਮ ਹੋ ਜਾਣ ਦਾ ਡਰ ਹੋਵੇ ਤਾਂ ਉਹ ਅਮਾਨਤ-ਘਰ ਵਿੱਚ ਜਮ੍ਹਾਂ ਕਰਵਾ ਕੇ ਰਸੀਦ ਲੈ ਲਵੇ।

੧੪. ਸੇਵਾਦਾਰਾਂ ਜਾਂ ਕਿਸੇ ਹੋਰ ਗੱਲ ਬਾਰੇ ਕਿਸੇ ਨੂੰ ਸ਼ਿਕਾਇਤ ਹੋਵੇ ਤਾਂ ਦਫ਼ਤਰ ਸ੍ਰੀ ਦਰਬਾਰ ਸਾਹਿਬ ਵਿੱਚ ਇਤਲਾਹ ਦੇਵੇ।

੧੫. ਪ੍ਰਬੰਧਕ ਹਰ ਯਾਤਰੂ ਪਾਸੋਂ ਇਹ ਆਸ ਰੱਖਦੇ ਹਨ ਕਿ ਉਹ ਉਪ੍ਰੋਕਤ ਨਿਯਮਾਂ ਦੀ ਪਾਲਣਾ ਕਰਨਗੇ ਅਤੇ ਪ੍ਰਬੰਧ ਵਿੱਚ ਸਹਾਈ ਬਣ ਕੇ ਸੇਵਕਾਂ ਦਾ ਹੱਥ ਵਟਾਉਣਗੇ। ਉਪ੍ਰੋਕਤ ਬੇਨਤੀਆਂ ਤੋਂ ਇਲਾਵਾ ਨਿੱਕੀਆਂ ਨਿੱਕੀਆਂ ਗੱਲਾਂ ਵੱਲ ਸੇਵਾਦਾਰ ਯਾਤਰੂਆਂ ਦਾ ਧਿਆਨ ਦਿਵਾਉਂਦੇ ਰਹਿੰਦੇ ਹਨ।

## ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤਰਾ ਦੇ ਨਿਯਮ :

ਦਰਸ਼ਨੀ ਡਿਉਢੀ ਤੋਂ ਅੰਦਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤਰਾ ਕਰਨ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :

੧. ਗਿੱਲੇ ਕਪੜੇ, ਛਤ੍ਰੀਆਂ, ਸੋਟੇ ਜਾਂ ਹੋਰ ਸਮਾਨ ਅੰਦਰ ਲੈ ਜਾਣਾ ਮਨ੍ਹਾਂ ਹੈ। ਇਨ੍ਹਾਂ ਚੀਜ਼ਾਂ ਨੂੰ ਪ੍ਰਕਰਮਾ ਵਿੱਚ ਬਣੇ ਗਿੱਲੇ ਸਟੋਰ 'ਚ ਜਮ੍ਹਾਂ ਕਰਵਾ ਕੇ ਟਿਕਟ ਲੈ ਲਵੋ।

੨. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਜਾਂ ਪੁਲ ਉੱਪਰ ਗੱਲਾਂ ਕਰਨੀਆਂ ਜਾਂ ਅਖਬਾਰਾਂ ਪੜ੍ਹਨੀਆਂ ਯੋਗ ਨਹੀਂ ਹਨ।

੩. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਗੁਰਬਾਣੀ ਤੋਂ ਬਿਨਾਂ ਹੋਰ ਬਾਣੀ ਪੜ੍ਹਨੀ ਮਨ੍ਹਾਂ ਹੈ।

੪. ਹਰ ਸੱਜਣ ਕੜਾਹ ਪ੍ਰਸ਼ਾਦ ਦਰਸ਼ਨੀ ਡਿਉਢੀ ਤੋਂ ਬਾਹਰ ਆ ਕੇ ਵਰਤਾਵੇ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਂ ਪੁਲ ਉੱਪਰ ਨਾ ਵਰਤਾਵੇ ਕਿਉਂਕਿ ਇਸ ਤਰ੍ਹਾਂ ਭੀੜ ਹੋ ਕੇ ਰੌਲਾ ਪੈ ਜਾਂਦਾ ਹੈ।

੫. ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੈਠ ਕੇ ਕੋਈ ਸੱਜਣ ਗੱਲਾਂ ਨਾ ਕਰੇ ਅਤੇ ਨਾ ਹੀ ਉੱਚੀ-ਉੱਚੀ ਪਾਠ ਕਰੇ ਕਿਉਂਕਿ ਐਸਾ ਕਰਨ ਨਾਲ ਕੀਰਤਨ ਦੇ ਅਨੰਦ ਵਿੱਚ ਫ਼ਰਕ ਪੈਂਦਾ ਹੈ। ਬਾਹਰ ਪ੍ਰਕਰਮਾ ਵਿੱਚ ਬੈਠ ਕੇ ਜ਼ਬਾਨੀ ਜਾਂ ਗੁਟਕੇ ਉੱਪਰੋਂ ਜਿਵੇਂ ਕੋਈ ਚਾਹੇ ਪਾਠ ਕਰ ਸਕਦਾ ਹੈ।

੬. ਹਰਿ ਕੀ ਪੌੜੀ ਉੱਪਰ ਇਸ਼ਨਾਨ ਕਰਨ ਦੀ ਉੱਕੀ ਹੀ ਮਨਾਹੀ ਹੈ।

੭. ਮਾਈਆਂ ਤੇ ਬੀਬੀਆਂ ਦੀ ਸੇਵਾ ਵਿੱਚ ਖਾਸ ਕਰ ਕੇ ਬੇਨਤੀ ਹੈ ਕਿ ਇਸ ਗੱਲ ਦਾ ਹਰ ਸਮੇਂ ਖਿਆਲ ਰੱਖਣ ਕਿ ਬੱਚਿਆਂ ਨੂੰ ਬਾਹਰ ਟੱਟੀ ਪੇਸ਼ਾਬ ਆਦਿ ਕਰਾ ਕੇ ਅੰਦਰ ਜਾਣ, ਤਾਂ ਜੋ ਬੱਚੇ ਅੰਦਰ ਟੱਟੀ ਪੇਸ਼ਾਬ ਨਾ ਕਰਨ। ਜੇ ਕੋਈ ਬਾਲ ਪੇਸ਼ਾਬ ਆਦਿ ਕਰ ਦੇਵੇ ਤਾਂ ਉਸੇ ਵੇਲੇ ਸੇਵਾਦਾਰ ਜਾਂ ਸੇਵਾਦਾਰਨੀ ਨੂੰ ਇਤਲਾਹ ਕਰ ਦੇਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਝਟਪਟ ਸੇਵਾ ਕਰ ਦਿੱਤੀ ਜਾਵੇ।

੮. ਹਰਿ ਕੀ ਪੌੜੀ ਜਾਂ ਸਰੋਵਰ ਵਿੱਚ ਕੜਾਹ ਪ੍ਰਸ਼ਾਦ ਜਾਂ ਸੇਹਰੇ ਆਦਿ ਸੁੱਟਣ ਦੀ ਮਨਾਹੀ ਹੈ ।

੯. ਦਰਸ਼ਨੀ ਡਿਉਢੀ ਦੇ ਅੰਦਰ ਕਿਸੇ ਜਗ੍ਹਾ ਵੀ ਆਪਣਾ ਆਸਣ ਵਿਛਾ ਕੇ ਬੈਠਣਾ ਮਨ੍ਹਾਂ ਹੈ ।

੧੦. ਨਿਯਮਾਂ ਦੀ ਪਾਲਣਾ ਕਰਨੀ ਪ੍ਰਬੰਧਕਾਂ ਨੂੰ ਪ੍ਰਬੰਧ ਵਿੱਚ ਮੱਦਦ ਦੇਣੀ ਤੇ ਸ੍ਰੀ ਹਰਿਮੰਦਰ ਸਾਹਿਬ ਆਦਿ ਦੇ ਸਤਿਕਾਰ ਨੂੰ ਕਾਇਮ ਰੱਖਣਾ ਹਰ ਇਕ ਯਾਤਰੂ ਦਾ ਪਰਮ ਫਰਜ਼ ਹੈ ।

੧੧. **ਸ੍ਰੀ ਅਕਾਲ ਤਖ਼ਤ ਸਾਹਿਬ**– ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਪੱਛਮ ਵਿੱਚ ਐਨ ਸਾਹਮਣੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸਮੇਂ ਕਾਰ ਦੀ ਮਿੱਟੀ ਬਾਹਰ ਸੁੱਟਣ ਨਾਲ ਇਥੇ ਇਕ ਕੱਚਾ ਥੜ੍ਹਾ ਬਣ ਗਿਆ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਉਸਾਰੀ ਸਮੇਂ ਆਪਣੇ ਆਰਾਮ ਹਿੱਤ ਇਥੇ ਇਕ ਕੋਠੜੀ ਬਣਵਾਈ ਸੀ, ਜਿਸ ਨੂੰ ਅੱਜ ਕਲ੍ਹ 'ਕੋਠਾ ਸਾਹਿਬ' ਕਹਿੰਦੇ ਹਨ ।

ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ : ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਲਕਾਂ ਨਾਲ ਖੇਡਦੇ ਇਸ ਥੜ੍ਹੇ ਉੱਪਰ ਆ ਕੇ ਬੈਠਦੇ ਤਾਂ ਇਸ ਥੜ੍ਹੇ ਨੂੰ 'ਅਕਾਲ ਤਖ਼ਤ' ਕਿਹਾ ਕਰਦੇ ਸਨ ।

*(ਤਵਾਰੀਖ ਅੰਮ੍ਰਿਤਸਰ, ਪੰਨਾ ੬੪)*

ਗੁਰਪ੍ਰਤਾਪ ਸੂਰਜ ਰਾਸ ੪, ਅੰਸੂ ੩੦, ਅੰਕ ੨੪, ੨੫ ਤੇ ੩੯ ਦੀ ਲਿਖਤ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਤੋਂ ਪਹਿਲਾਂ ਜੇਠ ਵਦੀ ੮, ਸੰਮਤ ੧੬੬੩ ਬਿ: ਨੂੰ ਕੋਠਾ ਸਾਹਿਬ ਦੇ ਅੰਦਰ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੰਜ ਪੈਸੇ ਨਲੇਰ ਰੱਖ ਕੇ ਮੱਥਾ ਟੇਕ ਕੇ ਤਿੰਨ ਪ੍ਰਕਰਮਾ ਕਰ ਕੇ ਗੁਰਤਾ-ਗੱਦੀ ਬਖ਼ਸ਼ ਗਏ ਸਨ ਤੇ ਬਾਬਾ ਬੁੱਢਾ ਜੀ ਪਾਸੋਂ ਗੁਰਤਾ-ਗੱਦੀ ਦਾ ਤਿਲਕ ਵੀ ਕਰਵਾਇਆ ਸੀ ।

ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਵੀ ਬਾਬਾ ਜੀ ਨੇ 'ਕੋਠਾ ਸਾਹਿਬ' ਵਿਖੇ ਹੀ ਕੀਤਾ ਤੇ ਇਥੇ ਹੀ ਤੇਰ੍ਹਵੀਂ ਵਾਲੇ ਦਿਨ ਭੋਗ ਪਾਇਆ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਸਤਾਰਬੰਦੀ ਦੀ ਰਸਮ ਅਦਾ ਕੀਤੀ।

ਹਾੜ ਪ੍ਰਿਥਮ ਏਕਮ ਥਿਤ ਮਾਹੀਂ । ਹਰਿਗੁਬਿੰਦ ਗੁਰ ਪਾਗ ਬੰਧਾਹੀਂ ॥੩੩॥

*(ਗੁਰ ਬਿਲਾਸ ਪਾ: ੬, ਅਧਿਆਇ ੮)*

ਹਾੜ ਦੀ ਪੰਜਵੀਂ ਦਿਨ ਐਤਵਾਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਦੀ ਪਹਿਲੀ ਇੱਟ ਆਪਣੇ ਹੱਥੀਂ ਰੱਖੀ–

ਰਵਿ ਦਿਨ ਪੰਚਮ ਥਿਤ ਲਗਨ, ਉੱਤਮ ਸਮਾਂ ਵਿਚਾਰ ॥੩੭॥
ਪ੍ਰਿਥਮ ਨੀਂਵ ਸ੍ਰੀ ਗੁਰੁ ਰੱਖੀ, ਅਬਚਲ ਤਖਤ ਸੁਹਾਇ ॥੩੮॥ (ਉਕਤ)
ਪ੍ਰਥਮ ਆਪਨੇ ਲੇ ਕਰ ਹਾਥ । ਧਰੀ ਈਂਟ ਬਲ ਤੇਜ ਕਿ ਸਾਥ ॥੧੯॥

*(ਗੁਰ ਪ੍ਰਤਾਪ ਸੂਰਜ, ਰਾਸ ੪, ਅੰਸੂ ੪੨)*

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਪੱਕੇ ਥੜ੍ਹੇ ਦੇ ਰੂਪ ਵਿੱਚ ਉਸਾਰਿਆ ਗਿਆ । ਗੁਰੂ ਜੀ ਦੇ ਕਰ-ਕੰਵਲਾਂ ਨਾਲ ਰੱਖੀ ਨੀਂਹ ਦੀ ਪਹਿਲੀ ਇੱਟ ਤੋਂ ਬਾਅਦ ਕਿਸੇ ਰਾਜ ਨੇ ਹੱਥ ਨਹੀਂ ਲਾਇਆ, ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਇਸ ਨੂੰ ਮੁਕੰਮਲ ਬਣਾਇਆ:

ਕਿਸੀ ਰਾਜ ਨਹਿ ਹਾਥ ਲਗਾਯੋ । ਬੁੱਢੇ ਔ ਗੁਰਦਾਸ ਬਨਾਯੋ ॥੩੯॥

*(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ੮)*

ਸ੍ਰੀ ਹਰਿਮੰਦਰ ਸਾਹਿਬ ਦੇ ਸਤਿਕਾਰ ਨੂੰ ਮੁੱਖ ਰਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੁਖ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਥੋੜ੍ਹਾ ਜਿਹਾ ਪਹਾੜ ਵੱਲ ਨੂੰ ਰੱਖਿਆ । ਕੋਠਾ ਸਾਹਿਬ ਦਾ ਰੁਖ ਸਿੱਧਾ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਹੈ ।

ਤਖ਼ਤ-ਨਸ਼ੀਨੀ ਦਾ ਤਿਲਕ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਉਨ੍ਹਾਂ ਦੇ ਹੁਕਮ ਅਨੁਸਾਰ ਤੇ ਉਨ੍ਹਾਂ ਦੇ ਬਣਾਏ ਪ੍ਰੋਗਰਾਮ ਅਨੁਸਾਰ ਹਾੜ ਦੀ ਦਸਮੀ ਥਿਤ ਨੂੰ ਇਸੇ ਥੜ੍ਹੇ ਉੱਪਰ (ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਕਹਿੰਦੇ ਹਨ) ਪਹਿਨਾਈਆਂ-

ਹੋ ਦਸਮੀ ਥਿਤ ਰਵਿਵਾਰ ਅਮੋਲਕ ਜਾਨੀਏ ॥..੪੪॥
ਭਗਤ ਸਿੰਘ ਦਸ ਖੋੜਸ ਦਿਨ ਗੇ ਹਾੜ੍ਹ ਕੇ ।
ਦਸਮੀ ਥਿਤਿ ਉਦਾਰ ਮਹੂਰਤ ਗਾੜ੍ਹ ਕੇ ॥..੪੫॥

*(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)*

ਦਿਵਸ ਪ੍ਰਤੀਖਿਤ ਆਇਗੋ, ਦਸਮੀ ਆਇਤ ਵਾਰ ॥...੧॥

*(ਗੁਰ ਪ੍ਰਤਾਪ ਸੂਰਜ, ਰਾਸਿ ੪, ਅੰਸੂ ੪੩)*

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਨਾਮ ਦਾ ਥੜ੍ਹਾ ਹੁਣ ਤੱਕ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਉਸਰਿਆ ਹੋਇਆ ਉਹੋ ਹੀ ਆਪਣੇ ਪਹਿਲੇ ਰੂਪ ਵਿੱਚ ਕਾਇਮ ਹੈ ਜਿਸ ਉੱਪਰ ਬਾਦਸ਼ਾਹ ਵਰਗੇ ਸਿੰਘਾਸਨ ਉੱਪਰ ਬੈਠ ਕੇ ਦੋ ਤਲਵਾਰਾਂ ਪਹਿਣ, ਜਿਗ੍ਹਾ ਤੇ ਕਲਗੀ ਸਜਾ, ਹੱਥ ਵਿੱਚ ਤੀਰ ਪਕੜ ਕੇ ਬੀਰ ਆਸਨ ਬੈਠ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਗਤਾਂ ਨੂੰ ਦਰਸ਼ਨ ਬਖ਼ਸ਼ਦੇ, ਫੈਸਲੇ ਸੁਣਾਉਂਦੇ ਤੇ ਹੁਕਮਨਾਮੇ ਜਾਰੀ ਕਰਦੇ ਸਨ । ਫਰਿਆਦੀਆਂ ਦੀ ਫਰਿਆਦ ਸੁਣ ਕੇ ਉਨ੍ਹਾਂ ਦੇ ਕਸ਼ਟ ਨਿਵਾਰਦੇ, ਦੋਸ਼ੀਆਂ ਨੂੰ ਦੰਡ ਦੇਂਦੇ ਤੇ ਹਰ ਇਕ ਨਾਲ ਪੂਰਾ ਨਿਆਉਂ ਕਰਦੇ ਸਨ । ਇਹ ਸਿੱਖਾਂ ਦਾ ਪਹਿਲਾ ਤਖ਼ਤ ਹੈ ।

੧੬੭੬ ਬਿ: ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਹਰਵਾਰ ਇਕ ਖੂਹ ਲਗਵਾਇਆ ਜਿਸ ਦਾ ਨਾਮ 'ਅਕਾਲ ਸਰ' ਰੱਖਿਆ ।

ਸ੍ਰੀ ਅਕਾਲ ਤਖਤ ਸਾਹਿਬ ਦਾ ਇਹ ਅਸਥਾਨ ੧੮੩੦ ਬਿ: ਤੱਕ ਪੱਕੇ ਥੜ੍ਹੇ ਦੇ ਰੂਪ ਵਿੱਚ ਹੀ ਰਿਹਾ । ਇਸ ਦੀ ਵੱਡੀ ਇਮਾਰਤ ਦੀ ਪਹਿਲੀ ਭੋਰੇ ਦੀ ਛੱਤ ਇਸ ਦੀ ਪੂਜਾ ਦੀ ਆਮਦਨ ਨਾਲ ੧੮੩੧ ਬਿ: ਵਿੱਚ ਪਾਈ ਗਈ । ਬਾਕੀ ਦੀਆਂ ਚਾਰ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਤਿਆਰ ਕਰਵਾਈਆਂ ਜਿਸ ਉੱਪਰ ੨ ਲੱਖ ੯੫ ਹਜ਼ਾਰ ਖਰਚ ਹੋਏ ।

ਸਭ ਤੋਂ ਉਪਰਲਾ ਬੰਗਲਾ ਤੇ ਸੁਨਹਿਰੀ ਗੁੰਬਦ ਸਰਦਾਰ ਹਰੀ ਸਿੰਘ ਨਲਵਾ ਨੇ ਬਣਵਾਇਆ । ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਵਾਂਗ ਸੁਨਹਿਰੀ ਕਰਨ ਦੇ ਖਿਆਲ ਨਾਲ ਆਰੰਭ ਵਿੱਚ ਸਰਦਾਰ ਹਰੀ ਸਿੰਘ ਨਲਵਾ ਨੇ ੧ ਲੱਖ ੨੫ ਹਜ਼ਾਰ ਰੁਪਏ ਦਾ ਸੋਨਾ ਅਰਦਾਸ ਕਰਵਾਇਆ । ਪਰ, ਛੇਤੀ ਹੀ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਸਾਰਾ ਸੋਨਾ ਖੁਰਦ-ਬੁਰਦ ਹੋ ਗਿਆ ।

ਸਤਿਗੁਰਾਂ ਦੇ ਬੈਠਣ ਵਾਲੀ ਅਸਲ ਜਗ੍ਹਾ ਉਹ ਹੈ ਜਿਥੇ ਸੁਨਹਿਰੀ ਬੰਗਲੇ ਵਿੱਚ ਸ਼ਸਤਰ ਸਜਾਏ ਜਾਂਦੇ ਹਨ । ਇਸ ਦੇ ਨੇੜੇ ਹੀ ਅੰਦਰਵਾਰ ਥੜ੍ਹੇ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਇਹ ਬੰਗਲਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੀ ਸੁਨਹਿਰੀ ਬਣਵਾਇਆ ਸੀ । ਤਖ਼ਤ ਸਾਹਿਬ ਦੇ ਅਗਲੇ ਸੰਗਮਰਮਰ ਦੇ ਥੰਮ੍ਹਾਂ ਤੋਂ ਅੱਗੇ ਜੋ ਹਿੱਸਾ ਸੰਗਮਰਮਰੀ ਜਾਲੀ ਤੱਕ ਵਧਿਆ ਹੋਇਆ ਹੈ ਪਹਿਲਾਂ ਇਹ ਇੱਟਾਂ ਤੇ ਚੂਨੇ ਦਾ ਬਣਿਆ ਹੋਇਆ ਸੀ ।

ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਦੇ ਪੰਨਾ ੬੬ ਦੀ ਲਿਖਤ ਅਨੁਸਾਰ ਸੰਮਤ ੧੯੧੬ ਬਿ: ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੂਪਰ ਸਾਹਿਬ ਨੇ ਇਹ ਹੁਣ ਵਾਲੀ ਸੰਗਮਰਮਰ ਦੀ ਚੌਂਕੀ (ਜੋ ਰਾਮ ਬਾਗ ਵਿੱਚ ਜੜ੍ਹੀ ਹੋਈ ਸੀ ਤੇ ਜਿਸ ਉੱਪਰ ਬੈਠ ਕੇ ਮਹਾਰਾਜਾ ਰਣਜੀਤ ਸਿੰਘ ਕਚਹਿਰੀ ਕਰਦੇ ਹੁੰਦੇ ਸਨ) ਰਾਮ ਬਾਗ ਤੋਂ ਉਖੜਵਾ ਕੇ ਇਥੇ ਲਿਆ ਕੇ ਜੜਵਾ ਦਿੱਤੀ । ਜਿਸ ਉੱਪਰ ਸੁਬ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਅਕਾਲੀ ਲਹਿਰ ਦੇ ਪ੍ਰਬੰਧ ਆਉਣ ਤੋਂ ਪਹਿਲਾਂ ਇਥੇ ਬੈਠ ਕੇ ਹੀ ਪੰਜ ਪਿਆਰੇ ਅੰਮ੍ਰਿਤ ਤਿਆਰ ਕਰ ਕੇ ਪ੍ਰੇਮੀਆਂ ਨੂੰ ਛਕਾਉਂਦੇ ਹੁੰਦੇ ਸਨ ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਕਰਮਾ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਤੇ ਸਿੰਘਣੀਆਂ ਹੀ ਕਰ ਸਕਦੇ ਹਨ । ਇਸ ਸਮੇਂ ਇਕ ਜਥੇਦਾਰ, ਇਕ ਮੁੱਖ ਗ੍ਰੰਥੀ, ਦੋ ਗ੍ਰੰਥੀ, ਛੇ ਪੰਜ ਪਿਆਰੇ, ਇਕ ਰਾਗੀ ਜਥਾ, ਦੋ ਫਰਾਸ਼ ਤੇ ਦੋ ਸੇਵਾਦਾਰ ਸੇਵਾ ਨਿਭਾ ਰਹੇ ਹਨ ।

ਪੁਰਾਤਨ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠ ਅੱਗੇ ਦੱਖਣ ਦਿਸ਼ਾ ਵੱਲ ਇਮਲੀ ਦੇ ਦਰੱਖਤ ਥੱਲੇ ਸੰਗਮਰਮਰ ਦੇ ਹੌਜ਼ ਵਿੱਚ ਫੁਹਾਰਾ ਲੱਗਾ ਹੁੰਦਾ ਸੀ । ਜਿਸ ਵਿੱਚ ਅਕਾਲ ਸਰ ਖੂਹ ਦਾ ਪਾਣੀ ਪੈਂਦਾ ਸੀ । ਇਹ ਫੁਹਾਰਾ ਪੇਚਦਾਰ ਬਣਿਆ ਹੋਇਆ ਸੀ, ਗੁਰਪੁਰਬਾਂ ਦੇ ਦਿਨਾਂ ਵਿੱਚ ਫੁਹਾਰੇ ਵਿੱਚ ਗੁਲਾਬ ਦਾ ਅਰਕ ਆਦਿਕ ਪਾ ਕੇ ਫ਼ਰਸ਼ ਨੂੰ ਸੁਗੰਧਤ ਕਰ ਦਿੱਤਾ ਜਾਂਦਾ ਸੀ ਪਰ ਹੁਣ ਇਹ ਫੁਹਾਰਾ ਨਹੀਂ ਹੈ । ਜੂਨ ੧੯੮੪ ਈ: ਦੇ ਨੀਲਾ ਤਾਰਾ ਘਲੂਘਾਰੇ ਸਮੇਂ ਭਾਰਤੀ ਫੌਜ ਦੇ ਟੈਂਕਾਂ ਦੇ ਗੋਲਿਆਂ ਦੇ ਵੱਜਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪੁੱਜਾ ਸੀ । ਪੰਜ ਸਿੰਘ ਸਾਹਿਬਾਨ ਅਤੇ ਪੰਥਕ ਫੈਸਲੇ ਅਨੁਸਾਰ ਪੁਰਾਣੀ ਇਮਾਰਤ ਨੂੰ ਢਾਹ ਕੇ ਹੁਣ ਨਵੀਂ ਇਮਾਰਤ ਉਸਾਰੀ ਗਈ ਹੈ । ਇਸ ਨੂੰ ਸੱਜੇ ਖੱਬੇ ਤੇ ਪਿਛਾਂਹ ਨੂੰ ਵਧਾ ਦਿੱਤਾ ਹੈ । ਸਾਹਮਣਿਓਂ ਇਮਾਰਤ ਪਹਿਲਾਂ ੫੧ ਫੁੱਟ ਤਿੰਨ ਇੰਚ ਸੀ ਜੋ ਹੁਣ ੭੭ ਫੁੱਟ ਹੈ । ਚੌੜਾਈ ਪਹਿਲਾਂ ੪੧ ਫੁੱਟ ਤਿੰਨ ਇੰਚ ਸੀ ਜੋ ਹੁਣ ੫੪ ਫੁੱਟ ਕਰ ਦਿੱਤੀ ਗਈ ਹੈ । ਸਾਰੀ ਉੱਚਾਈ ਪ੍ਰਕਰਮਾ ਦੇ ਫ਼ਰਸ਼ ਤੋਂ ਸੁਨਹਿਰੀ ਗੁੰਬਦ ਤੱਕ ੮੫ ਫੁੱਟ ੩ ਇੰਚ ਹੈ । ਅਜੇ ਇਹ ਇਮਾਰਤ ਮੁਕੰਮਲ ਨਹੀਂ ਹੋਈ । ਗੁਰੂ ਸਾਹਿਬ ਦੇ ਸਮੇਂ ਦਾ ਬਣਿਆ ਪੱਕਾ ਥੜ੍ਹਾ ਉਹੋ ਹੀ ਕਾਇਮ ਰਖਿਆ ਹੈ *।

---

*ਸ੍ਰੀ ਆਕਾਲ ਤਖ਼ਤ ਸਾਹਿਬ ਉੱਪਰ ਦਾਸ ਦਾ ਇੱਕ ਵੱਖਰੀ ਪੁਸਤਕ ਲਿਖਣ ਦਾ ਵਿਚਾਰ ਹੈ ਜੇ ਸਤਿਗੁਰਾਂ ਨੇ ਉਮਰ, ਸਿਹਤ ਤੇ ਬੁੱਧੀ ਬਲ ਬਖਸ਼ਿਆ ਤਾਂ ਲਿਖ ਕੇ ਸੰਗਤਾਂ ਦੀ ਭੇਟ ਕਰਾਂਗਾ ਜਿਸ ਵਿੱਚ ਸਾਰੇ ਪੱਖਾਂ 'ਤੇ ਵਿਸਥਾਰ ਸਹਿਤ ਰੌਸ਼ਨੀ ਪਾਈ ਜਾਵੇਗੀ ।

**੧੨. ਗੁਰੂ ਕਾ ਬਾਗ**- ਅੰਮ੍ਰਿਤਸਰ ਸਰੋਵਰ ਦੀ ਪੂਰਬੀ ਬਾਹੀ ਦੀ ਪ੍ਰਕਰਮਾ ਦੇ ਬਾਹਰ-ਵਾਰ ਨਾਲ-ਨਾਲ ਬਾਗ ਵਾਲੀ ਗਲੀ ਤੱਕ ਅਖਾੜਾ ਬ੍ਰਹਮ ਬੂਟਾ ਤੋਂ ਕੌਲਸਰ ਸਰੋਵਰ ਤੱਕ ਦੇ ਸਾਰੇ ਇਲਾਕੇ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁੰਦਰ ਬਾਗ ਲਗਵਾਇਆ ਸੀ ਜਿਸ ਨੂੰ ਗੁਰੂ ਜੀ "ਗੁਰੂ ਕਾ ਬਾਗ" ਕਿਹਾ ਕਰਦੇ ਸਨ। ਫਲਦਾਰ ਬੂਟਿਆਂ ਤੋਂ ਇਲਾਵਾ ਬੇਰੀਆਂ, ਪਿੱਪਲਾਂ ਤੇ ਬੋਹੜਾਂ ਦੇ ਦਰੱਖਤ ਵੀ ਸਨ, ਜਿਹਨਾਂ ਦੀ ਛਾਂ ਹੇਠ ਕਈ ਵਾਰ ਗੁਰੂ ਅਰਜਨ ਦੇਵ ਜੀ ਵੀ ਬੈਠਿਆ ਕਰਦੇ ਸਨ। ਇੱਕ ਖੂਹ ਇਸ ਬਾਗ ਵਿੱਚ ਤੇ ਦੂਜਾ ਖੂਹ ਬਾਬਾ ਅੱਟਲ ਜੀ ਕੋਲ ਹੈ। ਇਹ ਦੋਵੇਂ ਖੂਹ ਇਸ ਬਾਗ ਵਿੱਚ ਸ਼ਹਿਰ ਆਬਾਦ ਹੋਣ ਤੋਂ ਪਹਿਲਾਂ ਸੁਲਤਾਨਵਿੰਡ ਦੇ ਜਿਮੀਂਦਾਰਾਂ ਨੇ ਆਪਣੇ ਖੇਤਾਂ ਵਿੱਚ ਸਿੰਚਾਈ ਲਈ ਲਵਾਏ ਸਨ। ਬਾਗ ਵਾਲੇ ਖੂਹ ਦੇ ਕੋਲ ਭਾਈ ਮਨੀ ਸਿੰਘ ਜੀ ਦੇ ਸੇਵਕ ਪੰਡਿਤ ਭਗਤ ਸਿੰਘ ਜੀ ਅਤੇ ਉਨ੍ਹਾਂ ਦੇ ਸੇਵਕ ਭਾਈ ਸ਼ਰਧਾ ਸਿੰਘ ਜੀ ਸਾਧੂ ਰਿਹਾਇਸ਼ ਰੱਖਦੇ ਸਨ। ਉਹ ਲੰਗਰ ਚਲਾਉਂਦੇ ਤੇ ਸੰਗਤ ਨੂੰ ਕਥਾ ਸੁਣਾਂਦੇ ਸਨ। ਇਨ੍ਹਾਂ ਦਾ ਲੰਗਰ ਕਦੇ ਠੰਡਾ ਨਹੀਂ ਸੀ ਹੁੰਦਾ, ਹਰ ਵੇਲੇ ਲੋਹ ਤੱਪਦੀ ਰਹਿੰਦੀ ਸੀ। ਸਿੱਖ ਸਰਦਾਰ ਇਨ੍ਹਾਂ ਦੀ ਮਾਇਕ ਸਹਾਇਤਾ ਕਰਦੇ ਰਹੇ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦਾ ਸ਼ਾਗਿਰਦ ਸਰੂਪ ਸਿੰਘ ਬਾਰ੍ਹਾਂ ਵਰ੍ਹੇ ਲੰਗਰ ਚਲਾਉਂਦਾ ਰਿਹਾ। ਬਾਅਦ ਵਿੱਚ ਸਾਹਿਬ ਸਿੰਘ ਤੇ ਰਣ ਸਿੰਘ ਨਿਰਮਲੇ ਸਾਧੂ ਇਸੇ ਥਾਂ 'ਤੇ ਬੈਠੇ ਰਹੇ। ਸਿੱਖ ਸਰਦਾਰਾਂ ਨੇ ਇਨ੍ਹਾਂ ਨੂੰ ਜਗੀਰਾਂ ਦਾ ਲਾਲਚ ਵੀ ਦਿੱਤਾ ਪਰ ਉਹ ਤਿਆਗੀ ਹੀ ਬਣੇ ਰਹੇ। ਇਨ੍ਹਾਂ ਦੀ ਸੰਪ੍ਰਦਾਇ ਵਿੱਚੋਂ ਹੀ ਹੇਠ ਲਿਖੇ ਮਹਾਨ ਵਿਦਵਾਨ ਨਿਰਮਲੇ ਸੰਤ ਹੋਏ -

੧. ਭਾਈ ਸੱਦਾ ਸਿੰਘ ਜੀ ਕਾਂਸ਼ੀ ਵਿੱਚ ਚੇਤਨ ਮੱਠ ਵਾਲੇ।

੨. ਭਾਈ ਮਾਨ ਸਿੰਘ ਜੀ ਜਿਨ੍ਹਾਂ ਨੇ ਥਾਨੇਸਰ ਸ਼ਹਿਰ ਦੇ ਬਾਹਰ ਇਕ ਕਮੇਸਰ ਪਰ ਇਕ ਮਕਾਨ ਬਣਾਇਆ।

੩. ਭਾਈ ਮਾਨ ਸਿੰਘ ਜੀ ਦੂਸਰੇ ਜਿਨ੍ਹਾਂ ਨੇ ਫੂੱਲ ਪ੍ਰਾਚੀ ਉੱਪਰ ਡੇਰਾ ਬਣਾਇਆ।

੪. ਭਾਈ ਗੁਲਾਬ ਸਿੰਘ ਜੀ ਪੰਡਿਤ ਜਿਨ੍ਹਾਂ ਮੋਖ ਪੰਥ ਆਦਿ ਗ੍ਰੰਥ ਰਚੇ।

੫. ਪੰਡਿਤ ਨਿਹਾਲ ਸਿੰਘ ਜੀ, ਜਿਨ੍ਹਾਂ ਸੰਸਕ੍ਰਿਤ ਵਿੱਚ ਜਪੁ ਜੀ ਦਾ ਟੀਕਾ ਰਚਿਆ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਗਿਆਨੀ ਸੰਤ ਸਿੰਘ ਜੀ ਨੇ ਉਪ੍ਰੋਕਤ ਵਿਅਕਤੀਆਂ ਤੋਂ ਲੈ ਕੇ ਬਾਗ ਗੁਰਦੁਆਰੇ ਦੇ ਨਾਮ ਕਰਵਾ ਦਿੱਤਾ। ਇਥੇ ਨਿੰਬੂ ਆਦਿ ਦੇ ਬੂਟੇ ਲਗਵਾ ਕੇ ਬਿਲਕੁਲ ਬਾਗ ਦੀ ਸ਼ਕਲ ਵਿੱਚ ਬਣਾ ਦਿੱਤਾ ਗਿਆ।

ਨੋਟ : ਇਹ ਉਪ੍ਰੋਕਤ ਹਾਲ ਭਾਈ ਮੁਕਤਾ ਸਿੰਘ ਜੀ ਪਾਸੋਂ (ਜੋ ਕੌਲਸਰ ਉਤੇ ਰਿਹਾ ਕਰਦੇ ਸਨ ਤੇ ੧੧੩ ਸਾਲ ਦੀ ਉਮਰ ਭੋਗ ਕੇ ਸੰਮਤ ੧੯੪੨ ਵਿੱਚ ਚਲਾਣਾ ਕਰ ਗਏ) ਤੇ ਭਾਈ ਹਜ਼ੂਰੀ ਪਾਸੋਂ (ਜਿਨ੍ਹਾਂ ਸੰਮਤ ੧੯੩੪ ਵਿੱਚ ੧੨੬ ਸਾਲ ਦੀ ਆਯੂ ਭੋਗ ਕੇ ਚੜ੍ਹਾਈ ਕੀਤੀ) ਤੇ ਭਾਈ ਸੰਪੂਰਨ ਸਿੰਘ ਚੇਲਾ ਮੇਹਰ ਸਿੰਘ ਜੋਗੀ ਕੋਲੋਂ (ਜਿਨ੍ਹਾਂ ੧੨੭ ਬਰਸ ਦੀ ਆਯੂ ਵਿੱਚ ਚਲਾਣਾ ਕੀਤਾ) ਸੁਣ ਕੇ ਕਰਤਾ ਨੇ ਲਿਖੇ ਹਨ। ਇਨ੍ਹਾਂ ਦੀ ਏਨੀ ਉਮਰ ਬਾਬਤ ਸਿਆਣੇ ਡਾਕਟਰਾਂ ਨੇ ਵੀ ਤਸਦੀਕ ਕਰ ਕੇ ਪੁਸ਼ਟੀ ਕੀਤੀ ਹੈ।

*(ਗਿਆਨੀ ਗਿਆਨ ਸਿੰਘ ਜੀ ਲਿਖਤ- ਤਵਾਰੀਖ ਅੰਮ੍ਰਿਤਸਰ ਦਾ ਪੰਨਾ ੫੯-੬੦)*

**੧੩. ਗੁਰਦੁਆਰਾ ਮੰਜੀ ਸਾਹਿਬ**- ਉਪ੍ਰੋਕਤ ਗੁਰੂ ਕੇ ਬਾਗ ਵਿੱਚ ਜਿੱਥੇ ਸ੍ਰੀ ਗੁਰੂ

ਅਰਜਨ ਦੇਵ ਜੀ ਸਰੋਵਰ ਦੀ ਕਾਰ-ਸੇਵਾ ਸਮੇਂ ਦੀਵਾਨ ਸਜਾਇਆ ਕਰਦੇ ਸਨ । ਇਕ ਉੱਚੇ ਥੜ੍ਹੇ ਉੱਪਰ ਸੰਗਮਰਮਰ ਦੀ ਮੰਜੀ ਸਾਹਿਬ ਬੰਗਲੇ ਸਮੇਤ ਬਹੁਤ ਸੁੰਦਰ ਬਣੀ ਹੋਈ ਹੈ । ਪੁਰਾਤਨ ਸਮੇਂ ਏਥੇ ਟੁਕੜੀ ਦਾ ਮੇਲਾ ਲਗਦਾ ਹੁੰਦਾ ਸੀ । ਮੰਜੀ ਸਾਹਿਬ ਦੇ ਪੂਰਬ ਵੱਲ ਸੱਤ ਫੁਹਾਰੇ ਚਿੱਟੇ ਪੱਥਰ ਦੇ ਬਣੇ ਹੋਏ ਸਨ । ਇਥੇ ਬੈਠ ਕੇ ਸੰਤ ਮਹਾਤਮਾ ਗਿਆਨ ਚਰਚਾ ਕਰਦੇ ਸਨ । ਪੱਛਮ ਵੱਲ ਇਕ ਤਿੰਨ-ਦਰੀ ਜਾਂ ਮੁਸਾਫਰਖਾਨਾ ਸੀ । ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਤੇ ਪਾਠ ਹੁੰਦਾ ਰਹਿੰਦਾ ਸੀ । ਮੰਜੀ ਸਾਹਿਬ ਦੇ ਨੇੜੇ ਹੀ ਸੰਮਤ ੧੯੧੮ ਨੂੰ ਦਰਬਾਰ ਸਾਹਿਬ ਜਾਣ ਲਈ ਇਕ ਰਸਤਾ ਕੱਢਿਆ ਗਿਆ ਜੋ ਸੰਮਤ ੧੯੨੧ ਵਿੱਚ ਦਰਬਾਰ ਸਾਹਿਬ ਦੀ ਚੜ੍ਹਤ ਨਾਲ ਤਿਆਰ ਕੀਤਾ ਗਿਆ ਜੋ ਹੁਣ ਵੀ ਹੈ । ਮੰਜੀ ਸਾਹਿਬ ਦੇ ਦੱਖਣ ਵੱਲ ਇਕ ਖੂਹ ਸੰਮਤ ੧੯੨੧ ਵਿੱਚ ਕਢਵਾਇਆ ਗਿਆ । ਜੋ ਅੱਜ-ਕਲ੍ਹ ਨਹੀਂ, ਨਵੀਂ ਇਮਾਰਤ ਬਣਾਉਣ ਸਮੇਂ ਬੰਦ ਕਰ ਦਿੱਤਾ ਗਿਆ ਹੈ । ਇਸ ਤੋਂ ਅੱਗੇ ਇਸੇ ਪਾਸੇ ਇਕ ਬੰਗਲਾ ਸੰਗਮਰਮਰ ਤੇ ਇਕ ਲਾਲ ਪੱਥਰ ਦਾ, ਦੋਵੇਂ ਸੰਮਤ ੧੯੧੫ ਵਿੱਚ ਰਾਮਬਾਗ ਤੋਂ ਉਖਾੜ ਕੇ ਡਿਪਟੀ ਕਮਿਸ਼ਨਰ ਕੂਪਰ ਸਾਹਿਬ ਨੇ ਏਥੇ ਕਾਇਮ ਕਰਵਾਏ ਤੇ ਇਕ ਚਬੂਤਰਾ ਵੱਡਾ (ਜਿਸ ਦੀਆਂ ਪੌੜੀਆਂ 'ਤੇ ਲਾਲ ਪੱਥਰ ਦਾ ਬੰਗਲਾ ਬਣਿਆ ਹੋਇਆ ਸੀ ਅਤੇ ਵਿਚਕਾਰ ਇਕ ਫੁਵਾਰਾ ਲੱਗਾ ਹੋਇਆ ਸੀ ) ਏਥੇ ਗੱਡਿਆ ਹੋਇਆ ਸੀ, ਫੁਵਾਰੇ ਦੇ ਕੋਲ ਇਕ ਪੱਥਰ ਦੀ ਚਾਦਰ 'ਤੇ ਪੈਂਦਾ ਹੋਇਆ ਸਾਫ ਪਾਣੀ ਬੜਾ ਸੁੰਦਰ ਭਾਸਦਾ ਸੀ । ਥੜ੍ਹੇ ਸਾਹਿਬ ਦੇ ਦੱਖਣ ਵੱਲ ਸ਼ਹੀਦਾਂ ਦੀ ਮੰਜੀ ਦੇ ਕੋਲ ਇਕ ਫੁਵਾਰਾ ਸੰਗ-ਮਰਮਰ ਦਾ ਸੀ । ਇਸ ਤੋਂ ਪੂਰਬ ਵੱਲ ਇਕ ਬਾਰਾਂਦਰੀ ਲਾਲ ਪੱਥਰ ਦੀ ਇਕ ਹੌਜ਼, ਜਿਸ ਵਿੱਚ ਫੁਵਾਰੇ ਸਨ, ਰਾਮਬਾਗ 'ਚੋਂ ਲਿਆ ਕੇ ਲਾਏ ਗਏ ਸਨ ।

ਇਕ ਹੌਜ਼ ਤੇ ਲਾਲ ਪੱਥਰ ਦੀ ਬਾਰਾਂਦਰੀ ਸੀ, ਜਿਸ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਬਣਵਾਇਆ ਸੀ । ਇਥੋਂ ਲੰਘ ਕੇ ਬਾਬਾ ਅਟੱਲ ਸਾਹਿਬ ਨੂੰ ਰਸਤਾ ਜਾਂਦਾ ਹੈ ਤੇ ਇਕ ਖੂਹ ਹੈ, ਜਿਸ ਨੂੰ ਸੰਮਤ ੧੯੨੦ ਵਿੱਚ ਕੋਟੂ ਮਲ ਖੱਤਰੀ ਨੇ ਤਿਆਰ ਕਰਵਾਇਆ ਸੀ । ਸ਼ਾਮ ਦੇ ਵੇਲੇ ਏਥੇ ਹਰ ਰੋਜ਼ ਮੇਲਾ ਲੱਗਾ ਰਹਿੰਦਾ ਸੀ । ਥਾਂ-ਥਾਂ 'ਤੇ ਸਾਧੂ- ਸੰਤ, ਗੁਣੀ, ਪੰਡਤ, ਮਹਾਤਮਾ ਕਥਾ-ਕੀਰਤਨ ਤੇ ਉਪਦੇਸ਼ ਕਰਦੇ ਸਨ । ਇਸ ਦੇ ਚਾਰ ਦਰਵਾਜ਼ੇ, ਦੋ ਬਾਬਾ ਅਟੱਲ ਸਾਹਿਬ ਵਾਲੇ ਪਾਸੇ ਤੇ ਦੋ ਸ੍ਰੀ ਦਰਬਾਰ ਸਾਹਿਬ ਵੱਲ ।

*(ਦੇਖੋ ਗਿਆਨੀ ਗਿਆਨ ਸਿੰਘ ਜੀ ਲਿਖਤ ਤਵਾਰੀਖ ਅੰਮ੍ਰਿਤਸਰ, ਪੰਨਾ ੬੦)*

ਹੁਣ ਸਿਰਫ ਮੰਜੀ ਸਾਹਿਬ , ਸ਼ਹੀਦਾਂ ਦਾ ਥੜ੍ਹਾ , ਲਾਲ ਪੱਥਰ ਦੀ ਬਾਰਾਂਦਰੀ ਤੋਂ ਬਿਨਾਂ ਹੋਰ ਕੁਝ ਵੀ ਨਹੀ । ਮੰਜੀ ਸਾਹਿਬ ਦੇ ਦੱਖਣ-ਪੂਰਬ ਦਿਸ਼ਾ ਵਿੱਚ ਹੁਣ ਇਕ ਬਹੁਤ ਵੱਡਾ ਦੀਵਾਨ ਹਾਲ ਸੰਤ ਬਿਸ਼ਨ ਸਿੰਘ ਜੀ ਅਤੇ ਸੰਤ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਨੇ ਉਸਾਰਿਆ ਹੈ, ਜਿਥੇ ਵੱਡੇ ਜੋੜ ਮੇਲਿਆਂ, ਕਾਨਫਰਸਾਂ, ਸਮੇਲਨਾਂ ਤੇ ਮੋਰਚਿਆਂ ਸਮੇਂ ਭਾਰੀ ਦੀਵਾਨ ਸਜਦੇ ਹਨ । ਇਸ ਦਾ ਨਾਮ ਹੈ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ । ਵਿਚਕਾਰ ਦਾ ਹਾਲ ਇਕ-ਮੰਜ਼ਲਾ ਹੈ, ਜੋ ੧੪੦ ਫੁੱਟ ਲੰਬਾ ਤੇ ੧੦੦ ਫੁੱਟ ਚੌੜਾ ਹੈ । ਇਸ ਦੇ ਚਹੁੰ-ਪਾਸੀਂ ੧੫ ਫੁੱਟ ਚੌੜਾ ਬਰਾਂਡਾ ਹੈ । ਪਿਛਲੇ ਪਾਸੇ ਦੇ ਬਰਾਂਡੇ ਦੇ ਵਿਚਕਾਰ ੨੦ ਫੁੱਟ ਲੰਬੀ ਤੇ ੧੫ ਫੁੱਟ ਚੌੜੀ ਸਟੇਜ ਹੈ , ਦੋਹਾਂ ਸਿਰਿਆਂ 'ਤੇ ਦੋ ਕਮਰੇ ਹਨ, ਜਿਨ੍ਹਾਂ 'ਚੋਂ ਪੱਛਮ ਵੱਲ ਦੇ ਕਮਰੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ

ਦੇ ਬਿਰਾਜਮਾਨ ਹਿਤ ਸੁੰਦਰ ਪਲੰਘ ਹੈ। ਇਸ ਦੀ ਛੱਤ ਤੇ ਕੁਝ ਕੰਧਾਂ ਦਾ ਉਪਰਲਾ ਹਿੱਸਾ ਰੰਗਦਾਰ ਸ਼ੀਸ਼ਿਆਂ ਦੇ ਟੁਕੜਿਆਂ ਨਾਲ ਅਨੇਕ ਤਰ੍ਹਾਂ ਦੀਆਂ ਸ਼ਕਲਾਂ ਚਿਤ੍ਰਕਾਰੀ ਵਾਂਗ ਬਣਾ ਕੇ ਸਜਾਇਆ ਹੋਇਆ ਹੈ। ਇਹ ਸੇਵਾ ਸੰਤ ਕਰਤਾਰ ਸਿੰਘ ਜੀ ਠੱਟੇ-ਟਿੱਬੇ ਵਾਲਿਆਂ ਕਰਵਾਈ। ਪੂਰਬੀ ਕਮਰੇ 'ਚ ਬਿਜਲੀ ਤੇ ਲਾਊਡ ਸਪੀਕਰ ਦਾ ਸਮਾਨ ਰੱਖਿਆ ਹੋਇਆ ਹੈ। ਹਾਲ ਦੇ ਅੰਦਰਵਾਰ ਸਪੀਕਰ ਪੱਕੇ ਫਿੱਟ ਕੀਤੇ ਹੋਏ ਹਨ। ਇਥੇ ਹਰ ਰੋਜ਼ ਸੁਬ੍ਹਾ ਆਸਾ ਜੀ ਦੀ ਵਾਰ ਦੇ ਕੀਰਤਨ ਉਪ੍ਰੰਤ ਸ੍ਰੀ ਹਰਿਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਦੇ ਆਏ ਪਹਿਲੇ ਮਹਾਂਵਾਕ ਦੀ ਕਥਾ ਹੁੰਦੀ ਹੈ ਅਤੇ ਸ਼ਾਮ ਨੂੰ ਕੀਰਤਨ ਉਪ੍ਰੰਤ ਗੁਰੁ ਪ੍ਰਤਾਪ ਸੂਰਜ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਦੀ ਕਥਾ ਹੁੰਦੀ ਹੈ, ਇਸ ਵਕਤ ਏਥੇ ਇਕ ਕਥਾ-ਵਾਚਕ, ਦੋ ਗ੍ਰੰਥੀ, ਤਿੰਨ ਸੇਵਾਦਾਰ ਤੇ ਇਕ ਰਾਗੀ ਜਥਾ ਸੇਵਾ ਨਿਭਾ ਰਹੇ ਹਨ।

**੧੪ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ**- ਬਾਬਾ ਅਟੱਲ ਰਾਇ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ, ਜੋ ਮਹਾਨ-ਕੋਸ਼ ਅਨੁਸਾਰ ਮਹਾਂਦੇਵੀ ਅਤੇ ਗੁਰੁ ਪ੍ਰਤਾਪ ਸੂਰਜ ਅਨੁਸਾਰ ਮਾਤਾ ਨਾਨਕੀ ਜੀ ਦੇ ਉਦਰ ਤੋਂ ੧੬੭੬ ਬਿ: ਨੂੰ ਅੰਮ੍ਰਿਤਸਰ ਗੁਰੂ ਕੇ ਮਹਲਾਂ ਵਿਖੇ ਜਨਮੇ। ਮੋਹਨ ਨਾਮ ਦੇ ਖੱਤਰੀਆਂ ਦੇ ਮੁੰਡੇ ਨੂੰ ਜ਼ਿੰਦਾ ਕਰਨ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ, "ਪੁੱਤਰ ! ਇਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ।" ਉਪ੍ਰੋਕਤ ਬਚਨ ਦਾ ਭਾਵ ਸਮਝ ਕੇ ਇਸ ਜੰਗਲ ਵਿੱਚ (ਜਿਥੇ ਹੁਣ ਉਨ੍ਹਾਂ ਦਾ ਦੇਹੁਰਾ ਬਣਿਆ ਹੋਇਆ ਹੈ) ਮਹਾਨ-ਕੋਸ਼ ਅਨੁਸਾਰ ਸਾਵਨ ਵਦੀ ੧੦ ਤੇ ਗੁਰੁ ਪ੍ਰਤਾਪ ਸੂਰਜ ਅਨੁਸਾਰ ਅੱਸੂ ਵਦੀ ੧੦ ਸੰਮਤ ੧੬੮੫ ਨੂੰ ਸਰੀਰ ਤਿਆਗ ਗਏ। ਗੁਰੂ ਸਾਹਿਬ ਨੇ ਆਪਣੇ ਹੱਥੀਂ ਸਸਕਾਰ ਕੀਤਾ, ਬਾਰਾਂਦਰੀ ਵਾਲੀ ਥਾਂ 'ਤੇ ਬੈਠ ਕੇ ਸੋਹਿਲੇ ਦਾ ਪਾਠ ਤੇ ਅਰਦਾਸ ਕੀਤੀ। ਬਾਬਾ ਅਟੱਲ ਰਾਇ ਜੀ ਦੀ ਮਹਿਮਾ ਕਹੀ ਤੇ ਵਰਦਾਨ ਦਿੱਤੇ।

ਪਹਿਲਾਂ ਇਸ ਜਗ੍ਹਾ ਛੋਟੀ ਜਿਹੀ ਸਮਾਧ ਸੀ। ਸ਼ਹਿਰ ਦੇ ਪ੍ਰੇਮੀ ਸਿੱਖਾਂ ਨੇ ਬਾਬਾ ਅਟੱਲ ਰਾਇ ਜੀ ਦੀ ਉਮਰ ਨੌਂ ਸਾਲ ਦੀ ਹੋਣ ਕਰ ਕੇ ਨੌਂ ਮੰਜ਼ਲੀ ਅੱਠ ਨੁਕਰੀ ਇਮਾਰਤ ਦੀ ਨੀਂਹ ੧੮੩੫ ਬਿ: ਵਿੱਚ ਰੱਖੀ, ਫਿਰ ਜੋਧ ਸਿੰਘ ਰਾਮਗੜ੍ਹੀਏ ਨੇ ਸੰਮਤ ੧੮੪੧ ਵਿੱਚ ਕੁਝ ਮੰਜ਼ਲਾਂ ਬਣਵਾਈਆ।

ਜਿਸ ਦੀਆਂ ਬਾਕੀ ਮੰਜਲਾਂ ਮਹਾਰਾਜਾ ਰਣਜੀਤ ਸਿੰਘ ਨੇ ਸ: ਦਿਆਲ ਸਿੰਘ ਦੀ ਰਾਹੀ ੧੮੭੮ ਬਿ: ਵਿੱਚ ਬਣਵਾਈਆਂ। ਗੁੰਬਦ ਸੁਨਹਿਰੀ ਦੇਸਾ ਸਿੰਘ ਮਜੀਠਾ ਨੇ ੧੮੭੭ ਬਿ: ਵਿੱਚ ਕਰਵਾਇਆ। ਇਸ ਇਮਾਰਤ ਦੀਆਂ ਤਿੰਨ ਛੱਤਾਂ ਤੱਕ ਹਰ ਛੱਤ ਵਿੱਚ ਹਰ ਇਕ ਪਾਸੇ ਤਿੰਨ-ਤਿੰਨ ਬਾਰੀਆਂ ਹਨ। ਚੌਥੀ ਤੇ ਪੰਜਵੀਂ ਮੰਜ਼ਲ ਵਿੱਚ ਇਨ੍ਹਾਂ ਬਾਰੀਆਂ ਤੋਂ ਛੁੱਟ ਇਕ -ਇਕ ਬੁਖਾਰਚਾ ਹੋਰ ਵਧਾਇਆ ਗਿਆ ਹੈ। ਇਹ ਇਮਾਰਤ ਬੜੀ ਮਿਹਨਤ ਨਾਲ ਮੁਨਾਰੇ ਦੀ ਸ਼ਕਲ ਦੀ ਬਣਾਈ ਗਈ ਹੈ। ਜੋ ੧੫੨ ਫੁੱਟ ਮੁਰੱਬਾ ਹੈ। ਮੁਰੱਬਾ ਗੋਲ ਅਤੇ ਹਰ ਪਾਸਾ ੧੯ ਫੁੱਟ ਅਤੇ ਕੁੱਲ ਉੱਚਾਈ ੧੫੦ ਫੁੱਟ ਹੈ। ਇਸ ਜਿੱਡੀ ਉੱਚੀ ਇਮਾਰਤ ਸ਼ਹਿਰ ਵਿੱਚ ਹੁਣ ਤੱਕ ਬਣ ਨਹੀਂ ਸਕੀ। ਜਿਸ ਵਿੱਚ ਛੇ ਮੰਜਲਾਂ ਵੱਡੀਆਂ ਤੇ ਤਿੰਨ ਮੰਜ਼ਲਾਂ ਛੋਟੀਆਂ ਹਨ, ਭਾਵ ਤਿੰਨਾਂ ਦਾ ਬਰਾਂਡਾ ਬਣਾਨ ਵਾਲਾ ਬਾਕੀ ਹੈ। ਜੇ ਸੁਨਹਿਰੀ ਗੁੰਬਦ ਤੇ ਸੁਨਹਿਰੀ ਕਲਸ ਵੀ ਗਿਣਿਆ ਜਾਵੇ, ਤਾਂ ਗਿਆਰਾਂ ਮੰਜ਼ਲਾਂ ਬਣਦੀਆਂ ਹਨ। ਭਾਵੇ ਇਹ ਇਮਾਰਤ ਚੂੰਨੇ ਤੇ ਇੱਟਾਂ ਦੀ ਬਣੀ ਹੋਈ ਹੈ ਪਰ ਮਜ਼ਬੂਤੀ

ਤੇ ਪਕਿਆਈ ਵਿੱਚ ਪੱਥਰ ਤੋਂ ਵੀ ਮਜ਼ਬੂਤ ਹੈ। ਇਸ ਦੀ ਬਣਾਵਟ, ਨਕਾਸ਼ੀ ਤੇ ਮੀਨਾਕਾਰੀ ਦੀ ਸੇਵਾ ਕਰਵਾਉਣ ਵਾਲੇ ਪ੍ਰੇਮੀਆਂ ਦੇ ਨਾਮ, ਪਤੇ, ਸੰਮਤ ਤੇ ਸੇਵਾ ਅਸਥਾਨਾਂ ਦੇ ਨਾਵਾਂ ਦੇ ਵੇਰਵੇ ਲਈ ਦੇਖੋ ਗਿਆਨੀ ਗਿਆਨ ਸਿੰਘ ਕ੍ਰਿਤ ਤਵਾਰੀਖ ਅੰਮ੍ਰਿਤਸਰ ਦਾ ਪੰਨਾ ੬੧ ਤੋਂ ੬੩। ਅਸਾਂ ਇਥੇ ਪੁਸਤਕ ਦੇ ਸਫਿਆਂ ਦੇ ਵਾਧੇ ਦੇ ਭੈਅ ਕਰ ਕੇ ਸਾਰਾ ਵੇਰਵਾ ਨਹੀਂ ਲਿਖਿਆ।

ਬਰਾਂਡੇ ਨੂੰ ਛੱਡ ਕੇ ਅੰਦਰਲੇ ਪ੍ਰਕਾਸ਼ ਅਸਥਾਨ ਦਾ ਘੇਰਾ ੬੪ ਫੁੱਟ ਹੈ ਇਸ ਦੇ ਚਾਰ ਦਰਵਾਜ਼ੇ ਹਨ। ਬਰਾਂਡਾ ੯ ਫੁੱਟ ਚੌੜਾ ਹੈ, ਪ੍ਰਕਾਸ਼ ਅਸਥਾਨ ਵਾਲੇ ਥੜ੍ਹੇ 'ਤੇ ਸੁਨਹਿਰੀ ਪਾਲਕੀ ਬਣਾਈ ਹੋਈ ਹੈ। ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਬਰਾਂਡੇ ਵਿੱਚੋਂ ਪੂਰਬ ਤੇ ਪੱਛਮ ਵੱਲ ਅੰਦਰ-ਵਾਰੋਂ ਦੋ ਪੌੜੀਆਂ ਉੱਪਰ ਨੂੰ ਚੜ੍ਹਦੀਆਂ ਹਨ। ਜੋ ਛੇਵੀਂ ਛੱਤ ਤੱਕ ਜਾਂਦੀਆਂ ਹਨ। ਬਾਹਰਲੇ ਤਿੰਨਾਂ ਦਰਵਾਜਿਆਂ ਦੀਆਂ ਚੁਗਾਠਾਂ ਸੰਗਮਰਮਰ ਦੀਆਂ ਬਣੀਆਂ ਹੋਈਆਂ ਹਨ, ਪਹਿਲੀ ਮੰਜ਼ਲ ਦੇ ਬਾਹਰਵਾਰ ਸਾਰੀਆਂ ਕੰਧਾਂ ਉੱਪਰ ਸੰਗਮਰਮਰ ਲੱਗਾ ਹੋਇਆ ਹੈ। ਸ਼ਹਿਰ ਦੀ ਸੰਗਤ ਦੀ ਬਾਬਾ ਜੀ ਦੇ ਅਸਥਾਨ 'ਤੇ ਬਹੁਤ ਸ਼ਰਧਾ ਹੈ। ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਐਤਵਾਰ ਵਾਲੇ ਦਿਨ ਬੇਅੰਤ ਮਾਈਆਂ ਬਾਬਾ ਜੀ ਦੇ ਚਰਨਾਂ ਵਿੱਚ ਬੈਠ ਕੇ ਚੁਪਹਿਰਾ ਗੁਜ਼ਾਰਦੀਆਂ ਹਨ। ਸੰਗਤਾਂ ਘਰਾਂ ਤੋਂ ਦਾਲ, ਸਬਜ਼ੀ, ਪ੍ਰਸ਼ਾਦੇ, ਖੀਰ, ਕੜਾਹ-ਪ੍ਰਸ਼ਾਦ ਆਦਿ ਬਣਵਾ ਕੇ ਜਾਂ ਬਾਹਰੋਂ ਤੰਦੂਰਾਂ ਤੋਂ ਖਰੀਦ ਕੇ ਸੰਗਤਾਂ ਅਤੇ ਗਰੀਬ-ਗੁਰਬਿਆਂ ਨੂੰ ਬੜੀ ਸ਼ਰਧਾ ਨਾਲ ਆਪ ਛਕਾਉਂਦੀਆਂ ਹਨ। ਇਸੇ ਲਈ ਸ਼ਹਿਰ ਦੀਆਂ ਸੰਗਤਾਂ ਤੇ ਗਰੀਬ-ਗੁਰਬਿਆਂ ਦੀ ਜ਼ਬਾਨ 'ਤੇ ਇਹ ਸ਼ਬਦ ਆਮ ਸੁਣਨ ਵਿੱਚ ਆਉਂਦੇ ਹਨ।

'ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ'

ਇਥੇ ਦੋ ਗ੍ਰੰਥੀ ਸਿੰਘ , ਇਕ ਰਾਗੀ ਜਥਾ ਤੇ ਛੇ ਸੇਵਾਦਾਰ ਸੇਵਾ ਨਿਭਾ ਰਹੇ ਹਨ। ਪੁਰਾਤਨ ਸਮੇਂ ਵਿੱਚ ਬਾਬਾ ਅਟੱਲ ਰਾਇ ਜੀ ਦੀ ਸਮਾਧ ਕੋਲ ਵੱਡੇ- ਵੱਡੇ ਸਿੱਖ ਸਰਦਾਰਾਂ ਤੇ ਮਹਾਨ ਵਿਅਕਤੀਆਂ ਦੀਆਂ ਸਮਾਧਾਂ ਬਣੀਆਂ ਹੋਈਆਂ ਸਨ। ਜਿਨ੍ਹਾਂ 'ਚੋਂ ਖਾਸ-ਖਾਸ ਇਹ ਸਨ-

੧. ਨਵਾਬ ਕਪੂਰ ਸਿੰਘ ਜੀ- ਜਿਸ ਨੂੰ ੧੯੨੬ ਬਿ: ਵਿੱਚ ਮਹਾਰਾਜਾ ਕਪੂਰਥਲਾ ਨੇ ਬਣਵਾਇਆ।

੨. ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ। ੩. ਸਰਦਾਰ ਦਰਬਾਰਾ ਸਿੰਘ।

੪. ਰਾਣੀ ਸਦਾ ਕੌਰ। ੫. ਰਾਣੀ ਮਤਾਬ ਕੌਰ। ੬. ਕੰਵਰ ਪਸ਼ੌਰਾ ਸਿੰਘ।

੭. ਕੰਵਰ ਕਸ਼ਮੀਰਾ ਸਿੰਘ। ੮. ਭਾਈ ਮੱਖਣ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।

੯. ਭਾਈ ਸੰਤ ਸਿੰਘ ਜੀ ਗਿਆਨੀ (ਜਿਸ ਵਿੱਚ ਪੱਥਰ ਦੀਆਂ ਤਸਵੀਰਾਂ ਸਨ ਤੇ ਜੋ ਸਭ ਤੋਂ ਵੱਡੀ ਸਮਾਧ ਸੀ। ਇਹ ਸਮਾਧ ੧੯੯੧ ਬਿ: ਵਿੱਚ (ਅੱਠ ਹਜ਼ਾਰ) ੮੦੦੦/ -ਰੁਪਇਆ ਲੱਗ ਕੇ ਤਿਆਰ ਹੋਈ ਸੀ) ੧੦. ਸਰਦਾਰ ਜੋਧ ਸਿੰਘ । ੧੧. ਸਰਦਾਰ ਗੰਡਾ ਸਿੰਘ ਪਸ਼ੌਰੀਆ।

੧੨. ਬਾਬਾ ਹਰਾ ਸਿੰਘ ਜੀ ਇਨ੍ਹਾਂ 'ਚੋਂ ਕਈ ਸੁਨਹਿਰੀ ਗੁੰਬਦਾਂ ਵਾਲੀਆਂ ਸਮਾਧਾਂ ਵੀ ਸਨ।

ਅਕਾਲੀ ਲਹਿਰ ਸਮੇਂ ਸਾਰੀਆਂ ਸਮਾਧਾਂ ਢਾਹ ਦਿੱਤੀਆਂ ਗਈਆਂ। ਸਿਰਫ ਨਵਾਬ ਕਪੂਰ ਸਿੰਘ ਅਤੇ ਸ: ਜੱਸਾ ਸਿੰਘ ਆਹਲੂਵਾਲੀਆਂ ਦੀਆਂ ਦੋ ਸਮਾਧਾਂ ਰਹਿਣ ਦਿੱਤੀਆਂ, ਜਿਨ੍ਹਾਂ ਦੀ ਮੁਰੰਮਤ ਤੇ ਗ੍ਰੰਥੀ ਸਿੰਘ ਆਦਿ ਦੀ ਤਨਖ਼ਾਹ ਦਾ ਖਰਚ ਮਹਾਰਾਜਾ ਕਪੂਰਥਲਾ ਵੱਲੋਂ ਹੁੰਦਾ ਹੈ।

ਸ਼ਹਿਰ ਦੀਆਂ ਸੰਗਤਾਂ ਦੇ ਜ਼ੋਰ ਦੇਣ 'ਤੇ ਪ੍ਰਬੰਧਕਾਂ ਵੱਲੋਂ ਭਾਈ ਸੰਤ ਸਿੰਘ ਜੀ ਗਿਆਨੀ

ਦੀ ਯਾਦਗਾਰ ਵੱਜੋਂ ਕੌਲਸਰ ਦੇ ਪੂਰਬੀ ਕਿਨਾਰੇ ਉੱਪਰ ਸੰਗਮਰਮਰ ਦੀ ਛਤ੍ਰੀ ਵਾਲੀ ਸਮਾਧ ਬਣਾ ਦਿੱਤੀ ਗਈ ।

**੧੫. ਗੁਰਦੁਆਰਾ ਗੁਰੂ ਕੇ ਮਹਲ** – ਇਹ ਗੁਰਦੁਆਰਾ ਗੁਰੂ ਕੇ ਬਾਜ਼ਾਰ ਤੋਂ ਪੱਛਮ ਦੀ ਤਰਫ਼ ਗਲੀ ਗੁਰੂ ਕੇ ਮਹਲ ਵਿੱਚ ਸਥਿਤ ਹੈ । ਸ਼ਹਿਰ ਅੰਮ੍ਰਿਤਸਰ ਵਸਾਉਣ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਇਸੇ ਅਸਥਾਨ ਉੱਪਰ ਹੀ ਪਹਿਲੀ ਮੋਹੜੀ ਗੱਡੀ ਸੀ । ਸ਼ਹਿਰ ਵਸਾਉਣ, ਸੰਤੋਖਸਰ ਤੇ ਅੰਮ੍ਰਿਤਸਰ ਦੋਹਾਂ ਸਰੋਵਰਾਂ ਦੀ ਖੁਦਾਈ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਨਿਵਾਸ ਹਿਤ ਸੰਗਤਾਂ ਵੱਲੋਂ ਪਹਿਲਾਂ ਛੱਪਰੀਆਂ, ਫਿਰ ਕੱਚਾ ਮਕਾਨ ਤੇ ਫਿਰ ਪੱਕੇ ਮਕਾਨ ਬਣਾਏ ਗਏ ।

ਇਸ ਅਸਥਾਨ ਉੱਪਰ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਿਵਾਸ ਰੱਖਦੇ ਰਹੇ । ਛੇਵੇਂ ਸਤਿਗੁਰਾਂ ਦੇ ਸਾਹਿਬਜ਼ਾਦੇ ਸ੍ਰੀ ਗੁਰੂ ਤੇਗ ਬਹਾਦਰ ਜੀ, ਸੂਰਜ ਮਲ ਜੀ, ਅਣੀ ਰਾਇ ਜੀ ਅਤੇ ਬਾਬਾ ਅੱਟਲ ਰਾਇ ਜੀ ਦਾ ਇਸੇ ਅਸਥਾਨ ਵਿਖੇ ਜਨਮ ਹੋਇਆ ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਪੁਰਾਣੀਆਂ ਪੱਕੀਆਂ ਇੱਟਾਂ ਤੇ ਚੂਨੇ ਨਾਲ ਬਣਿਆਂ ਹੋਇਆ ਛੋਟੇ ਅਕਾਰ ਦਾ ਗੁਰਦੁਆਰਾ ਸੀ । ਪ੍ਰਕਾਸ਼ ਅਸਥਾਨ ਵਿੱਚ ਇਕ ਥੜ੍ਹੇ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ । ਕੁਝ ਕਮਰੇ ਰਿਹਾਇਸ਼ੀ ਤੇ ਲੰਗਰ ਲਈ ਸਨ। ਇਕ ਖੂਹ ਪੁਰਾਣਾ ਗੁਰੂ ਸਾਹਿਬ ਦੇ ਸਮੇਂ ਦਾ ਲੱਗਾ ਹੋਇਆ ਹੈ । ਇਸ ਦੇ ਇਰਦ-ਗਿਰਦ ਸਿੱਖਾਂ ਦੀ ਆਬਾਦੀ ਬਹੁਤ ਘੱਟ ਸੀ, ਜਿਸ ਕਰ ਕੇ ਸੰਗਤ ਦੀ ਰੌਣਕ ਵੀ ਘੱਟ ਹੀ ਸੀ । ੧੯੪੭ ਈ: ਦੇ ਦੇਸ਼ ਬਟਵਾਰੇ ਤੋਂ ਬਾਅਦ ਗੁਰਦੁਆਰੇ ਦੇ ਨੇੜੇ ਕੁਝ ਸਿੱਖਾਂ ਦੇ ਮਕਾਨ ਤੇ ਦੁਕਾਨਾਂ ਬਣ ਗਈਆਂ।

ਸ਼ਹਿਰ ਦੀਆਂ ਸੰਗਤਾਂ ਦੀ ਮੰਗ ਨੂੰ ਮੁੱਖ ਰੱਖ ਕੇ ੧੯੭੯ ਈ: ਵਿੱਚ ਇਸ ਗੁਰਦੁਆਰੇ ਦੀ ਵਿਸ਼ਾਲ ਨਵੀਂ ਇਮਾਰਤ ਉਸਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਸੇਵਾ ਸਿੰਘ ਜੀ ਅਨੰਦਪੁਰ ਸਾਹਿਬ ਵਾਲਿਆਂ ਨੂੰ ਇਹ ਸੇਵਾ ਸੌਂਪੀ ਗਈ । ਬਾਬਾ ਜੀ ਨੇ ਇਰਦ-ਗਿਰਦ ਦੀਆਂ ਇਮਾਰਤਾਂ ਤੇ ਦੁਕਾਨਾਂ ਖਰੀਦ ਕੇ ਚੌਂਕ ਪਾਸੀਆਂ ਤੋਂ ਗੁਰਦੁਆਰੇ ਤੱਕ ਖੁੱਲ੍ਹੀ ਸੜਕ ਬਣਾਈ ਜਿਸ ਵਿੱਚ ਦੀ ਹੁਣ ਟਰੱਕ ਤੇ ਬੱਸਾਂ ਗੁਰਦੁਆਰੇ ਤੱਕ ਆ ਜਾ ਸਕਦੀਆਂ ਹਨ । ਗੁਰਦੁਆਰੇ ਦਾ ਚੁਗਿਰਦਾ ਖੁੱਲ੍ਹਾ ਕਰ ਕੇ ਨੌਵੇਂ ਪਾਤਸ਼ਾਹ ਜੀ ਦਾ ਜਨਮ ਅਸਥਾਨ ਹੋਣ ਕਰ ਕੇ ਨੌਂ ਮੰਜ਼ਲੀ ਇਮਾਰਤ ਦੀ ਨੀਂਹ ਪੰਜਾਂ ਪਿਆਰਿਆਂ ਪਾਸੋਂ ਰਖਵਾਈ । ਜਿਨ੍ਹਾਂ ਵਿੱਚ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦਾਸ (ਲੇਖਕ) ਵੀ ਸ਼ਾਮਲ ਸੀ ।

ਜਦ ਬਾਬਾ ਸੇਵਾ ਸਿੰਘ ਜੀ ਗੁਰਪੁਰੀ ਸਿਧਾਰ ਗਏ ਤਾਂ ਉਨ੍ਹਾਂ ਦੇ ਬਾਅਦ ਉਨ੍ਹਾਂ ਦੇ ਉਤ੍ਰਾਧਿਕਾਰੀ ਬਾਬਾ ਲਾਭ ਸਿੰਘ ਜੀ ਨੇ ਇਹ ਸੁੰਦਰ ਤੇ ਮਜ਼ਬੂਤ ਨੌਂ ਮੰਜ਼ਲੀ ਇਮਾਰਤ ਮੁਕੰਮਲ ਕੀਤੀ । ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਦਿਨ ਦਾ ਗੁਰਪੁਰਬ ਬੜੀ ਧੂਮ-ਧਾਮ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ । ਦੋਨੋਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰਾਗੀ ਜਥਾ ਕੀਰਤਨ ਕਰਦਾ ਹੈ । ਦੋ ਗ੍ਰੰਥੀ ਸਿੰਘ ਇਕ ਰਾਗੀ-ਜਥਾ, ਛੇ ਸੇਵਾਦਾਰ ਤੇ ਇਕ ਸਫ਼ਾਈ-ਸੇਵਕ (ਪਾਰਟ ਟਾਈਮ) ਇਸ ਸਮੇਂ ਸੇਵਾ ਕਰ ਰਹੇ ਹਨ ।

**੧੬. ਗੁਰਦੁਆਰਾ ਚੁਰੱਸਤੀ ਅਟਾਰੀ** – ਸ਼ਹਿਰ ਅੰਮ੍ਰਿਤਸਰ ਵਿੱਚ ਗੁਰੂ ਕੇ ਬਾਜ਼ਾਰ ਦੇ ਦੱਖਣੀ ਸਿਰੇ ਉੱਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ ।

ਇਹ ਅਸਥਾਨ ਗੁਰੂ ਕੇ ਮਹਿਲਾਂ ਤੋਂ ਨੇੜੇ ਹੀ ਹੈ । ਗੁਰੂ ਜੀ ਇਸ ਜਗ੍ਹਾ ਬੈਠ ਕੇ ਸੰਗਤਾਂ ਨੂੰ ਦਰਸ਼ਨ ਦਿੱਤਾ ਕਰਦੇ ਸਨ । ਇਸ ਸਮੇਂ ਇਹ ਬਾਜ਼ਾਰ ਦੀ ਨੁਕਰ ਵਿੱਚ ਬਹੁਤ ਹੀ ਛੋਟਾ ਜਿਹਾ ਗੁਰਦੁਆਰਾ ਹੈ । ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਗ੍ਰੰਥੀ ਸਿੰਘ ਨੀਯਤ ਹੈ । ਪੁਰਾਤਨ ਸਮੇਂ ਹਰ ਪੰਚਮੀ 'ਤੇ ਏਕਮ ਨੂੰ ਮੇਲਾ ਲਗਦਾ ਸੀ ।

**੧੭. ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ-** ਦਰਵਾਜ਼ਾ ਲੋਹਗੜ੍ਹ ਦੇ ਅੰਦਰਵਾਰ ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਹੈ । ਗੁਰੂ ਜੀ ਨੇ ਸ਼ਹਿਰ ਦੀ ਰੱਖਿਆ ਲਈ ਇਹ ਕਿਲ੍ਹਾ ਬਣਵਾਇਆ ਸੀ । ਸੰਮਤ ੧੬੯੧ ਵਿੱਚ ਗੁਰੂ ਜੀ ਨੇ ਸ੍ਵੈ ਰਖਿਆ ਹਿਤ ਏਥੋਂ ਹੀ ਸ਼ਾਹੀ ਸੈਨਾ ਦਾ ਮੁਕਾਬਲਾ ਕੀਤਾ ਸੀ । ਏਥੇ ਗੁਰੂ ਸਾਹਿਬ ਦੇ ਵੇਲੇ ਦੀ ਇਕ ਬੇਰੀ ਹੈ । ਹੁਣ ਵੀ ਕਿਲ੍ਹੇ ਦੇ ਕੁਝ ਚਿੰਨ੍ਹ ਨਜ਼ਰ ਆਉਂਦੇ ਹਨ । ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਢਾਈ ਫੁੱਟ ਲੰਬੀ ਸ੍ਰੀ ਸਾਹਿਬ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਰਾਗੀ ਜਥਾ ਦੋਨੋਂ ਵੇਲੇ ਕੀਰਤਨ ਕਰਦਾ ਹੈ। ਹੁਣ ਸ਼ਹਿਰ ਦੀ ਸੰਗਤ ਨੇ ਉਦਮ ਕਰ ਕੇ ਇਰਦ-ਗਿਰਦ ਦੇ ਮਕਾਨ ਖਰੀਦ ਕੇ ਜਗ੍ਹਾ ਖੁਲ੍ਹੀ ਕਰ ਲਈ ਹੈ । ਕਿਲ੍ਹੇ ਦੀ ਸ਼ਕਲ ਦਾ ਵੱਡੇ ਅਕਾਰ ਦਾ ਗੁਰਦੁਆਰਾ ਉਸਾਰਨ ਦੀ ਵੀਚਾਰ ਹੈ । ਹਰ ਸਾਲ ੨੫ ਜੇਠ ਨੂੰ ਸਾਲਾਨਾ ਜੋੜ ਮੇਲਾ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ । ਦੋ ਗ੍ਰੰਥੀ ਸਿੰਘ ਇਕ ਰਾਗੀ ਜਥਾ, ਛੇ ਸੇਵਾਦਾਰ ਇਕ ਸਫਾਈ ਸੇਵਕ (ਪਾਰਟ ਟਾਈਮ) ਸੇਵਾ ਭੁਗਤਾ ਰਹੇ ਹਨ ।

**੧੮. ਗੁਰਦੁਆਰਾ ਪਿਪਲੀ ਸਾਹਿਬ-** ਅੰਮ੍ਰਿਤਸਰ ਤੋਂ ਲਾਹੌਰ ਨੂੰ ਜਾਂਦੀ ਜਰਨੈਲੀ ਸੜਕ 'ਤੇ ਚੌਂਕ ਪੁਤਲੀਘਰ ਤੋਂ ਖੱਬੇ ਹੱਥ ਰੇਲ ਦੀ ਲਾਈਨ ਤੋਂ ਉਰੇ ਨੇੜੇ ਹੀ ਗੁਰਦੁਆਰਾ ਪਿਪਲੀ ਸਾਹਿਬ ਹੈ । ਪੱਛਮੀ ਪੰਜਾਬ ਪੋਠੋਹਾਰ, ਪਸ਼ੌਰ ਤੇ ਕਾਬਲ-ਕੰਧਾਰ ਦੇ ਇਲਾਕਿਆਂ ਤੋਂ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਹਿਤ ਆਈਆਂ ਸੰਗਤਾਂ ਦੇ ਸੁਆਗਤ ਲਈ ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਬੁੱਢਾ ਜੀ ਆਦਿ ਮੁੱਖੀ ਸਿੱਖਾਂ ਸਮੇਤ ਏਥੇ ਆਏ ਸਨ । ਗੁਰੁ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਪ੍ਰਿਥੀਚੰਦ ਦੇ ਢੋਲ ਦਾ ਪੋਲ ਖੋਲ੍ਹਣ ਲਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਬਾਹਰੋਂ ਆਈਆਂ ਸੰਗਤਾਂ ਨੂੰ ਇਸ ਅਸਥਾਨ 'ਤੇ ਇਕੱਠਾ ਕਰ ਕੇ ਪ੍ਰਿਥੀਚੰਦ ਦੇ ਪਾਖੰਡ ਦਾ ਪਾਜ ਉਘੇੜਦੇ ਅਤੇ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਤੋਂ ਜਾਣੂੰ ਕਰਵਾ ਕੇ ਸੰਗਤਾਂ ਨੂੰ ਨਾਲ ਲੈ ਕੇ ਉਪਕਾਰੀ ਸਤਿਗੁਰਾਂ ਦੇ ਚਰਨਾਂ ਨਾਲ ਜੋੜਦੇ ਸਨ ।

ਪਹਿਲਾਂ ਏਥੇ ਇਕ ਥੜ੍ਹੇ ਉੱਪਰ ਛੋਟਾ ਜਿਹਾ ਗੁਰਦੁਆਰਾ ਸੀ । ਇਸ ਗੁਰਦੁਆਰੇ ਦੇ ਨਾਮ ਇਕ ਖੂਹ ਤੇ ਜ਼ਮੀਨ ਵੀ ਹੈ । ੧੯੨੩ ਈ: ਦੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸਮੇਂ ਸੰਗਤਾਂ ਦਾ ਬਹੁਤ ਭਾਰੀ ਜਲੂਸ ਇਸ ਅਸਥਾਨ ਤੋਂ ਹੀ ਆਰੰਭ ਹੋਇਆ ਸੀ । ਪੰਥਕ ਪ੍ਰਬੰਧ ਆ ਜਾਣ 'ਤੇ ਵੱਡੇ ਆਕਾਰ ਦਾ ਸੁੰਦਰ ਗੁੰਬਦ ਸਹਿਤ ਗੁਰਦੁਆਰਾ ਸੰਗਤਾਂ ਦੇ ਸਹਿਯੋਗ ਨਾਲ ਬਣਾਇਆ ਗਿਆ ਹੈ । ਛੇਵੇਂ ਪਾਤਸ਼ਾਹ ਜੀ ਨੇ ਲੋਹਗੜ੍ਹ ਦਾ ਜੰਗ ਵੀ ਇਸੇ ਮੈਦਾਨ ਵਿੱਚ ਹੀ ਲੜਿਆ ਸੀ । ਹਰ ਸਾਲ ਬਸੰਤ-ਪੰਚਮੀ ਦਾ ਸਾਲਾਨਾ ਜੋੜ ਮੇਲਾ ਬੜੀ ਸਜ-ਧਜ ਨਾਲ ਮਨਾਇਆ ਜਾਂਦਾ ਹੈ । ਉਸ ਜ਼ਮਾਨੇ ਵਿੱਚ ਇਹ ਅਸਥਾਨ ਸ਼ਹਿਰੋਂ ਦੂਰ ਉਜਾੜ ਵਿੱਚ ਸੀ । ਅੱਜ-ਕਲ੍ਹ ਸ਼ਹਿਰ ਦੇ ਵਧਣ ਨਾਲ ਸੰਘਣੀ ਆਬਾਦੀ ਵਿੱਚ ਆ ਗਿਆ ਹੈ । ਜਿਸ ਕਰ ਕੇ ਸੰਗਤਾਂ ਦੀ ਕਾਫੀ ਰੌਣਕ ਰਹਿੰਦੀ ਹੈ । ਦੋਨੋਂ ਸਮੇਂ ਰਾਗੀ ਸਿੰਘ

ਕੀਰਤਨ ਕਰਦੇ ਹਨ ਤੇ ਇਥੋਂ ਦੇ ਮੁੱਖ ਗ੍ਰੰਥੀ ਸਾਹਿਬ ਸੁਬ੍ਹਾ ਗੁਰਸ਼ਬਦ ਦੀ ਅਤੇ ਸ਼ਾਮ ਨੂੰ ਗੁਰੂ ਪ੍ਰਤਾਪ ਸੂਰਜ ਜਾਂ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਮਨੋਹਰ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ । ਹਰ ਸੰਗਰਾਂਦ ਤੇ ਵੱਡੇ ਗੁਰਪੁਰਬਾਂ ਸਮੇਂ ਭਾਰੀ ਧਾਰਮਿਕ ਦੀਵਾਨ ਸਜਦੇ ਹਨ । ਇਕ ਕਥਾ-ਵਾਚਕ ਮੁੱਖ ਗ੍ਰੰਥੀ ਸਿੰਘ, ਇਕ ਗ੍ਰੰਥੀ ਸਿੰਘ, ਇਕ ਰਾਗੀ ਜਥਾ ਤੇ ਛੇ ਸੇਵਾਦਾਰ ਸੇਵਾ ਨਿਭਾ ਰਹੇ ਹਨ ।

**੧੯. ਗੁਰਦੁਆਰਾ ਦਰਸ਼ਨੀ ਡਿਉਢੀ** – ਇਹ ਗੁਰਦੁਆਰਾ ਗੁਰੂ ਬਾਜ਼ਾਰ 'ਚੋਂ ਮਾਈ ਸੇਵਾਂ ਬਾਜ਼ਾਰ ਨੂੰ ਮੁੜਦਿਆਂ ਨੇੜੇ ਹੀ ਹੈ । ਉਸ ਵਕਤ ਇਸ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਕੋਈ ਆਬਾਦੀ ਨਹੀਂ ਸੀ । ਸ਼ਹਿਰ ਦੀ ਆਬਾਦੀ ਸਿਰਫ ਗੁਰੂ ਕੇ ਮਹਲ ਅਤੇ ਟੋਭਾ ਭਾਈ ਸਾਲ੍ਹੋ ਦੇ ਇਰਦ-ਗਿਰਦ ਹੀ ਸੀ । ਪੰਜਵੇਂ ਪਾਤਸ਼ਾਹ ਜਦ ਗੁਰੂ ਕੇ ਮਹਲਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਆਉਂਦੇ ਸਨ ਤਾਂ ਇਸ ਥਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦਿਆਂ ਸਾਰ ਨਮਸਕਾਰ ਕੀਤਾ ਕਰਦੇ ਸਨ । ਇਥੇ ਸਤਿਗੁਰਾਂ ਡਿਉਢੀ ਬਣਵਾ ਦਿੱਤੀ । ਗੁਰੂ ਜੀ ਇਸ ਨੂੰ ਦਰਸ਼ਨੀ ਡਿਉਢੀ ਕਿਹਾ ਕਰਦੇ ਸਨ । ਹੁਣ ਬਾਜ਼ਾਰ ਛੱਤ ਕੇ ਉੱਪਰ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਡਿਉਢੀ ਦੇ ਨਾਲੋਂ ਹੀ ਪੌੜੀਆਂ ਉੱਪਰ ਨੂੰ ਚੜ੍ਹਦੀਆਂ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੋਜ਼ਾਨਾ ਪ੍ਰਕਾਸ਼ ਹੁੰਦਾ ਹੈ । ਗ੍ਰੰਥੀ ਸਿੰਘ ਨੀਅਤ ਹੈ ਤੇ ਦੋ ਸੇਵਾਦਾਰ ਹਨ ।

**੨੦. ਗੁਰਦੁਆਰਾ ਥੜ੍ਹਾ ਸਾਹਿਬ ਦੂਜਾ** – ਇਹ ਗੁਰਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤਰ ਦੀ ਤਰਫ਼ ਨਜ਼ਦੀਕ ਹੀ ਹੈ । ੧੭੨੧ ਬਿ: ਮਾਘ ਦੇ ਮਹੀਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਬੇ ਬਕਾਲੇ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ । ਮਿਹਰਵਾਨ ਦੇ ਪੁੱਤਰ ਹਰਿ ਜੀ ਦੇ ਮਸੰਦਾਂ ਤੇ ਪੁਜਾਰੀਆਂ ਨੇ ਦਰਸ਼ਨੀ ਦਰਵਾਜ਼ੇ ਨੂੰ ਬੰਦ ਕਰ ਕੇ ਜਿੰਦੇ ਲਾ ਦਿੱਤੇ। ਗੁਰੂ ਜੀ ਨੂੰ ਅੰਦਰ ਨਾ ਜਾਣ ਦਿੱਤਾ । ਇਸ ਗੱਲੋਂ ਡਰ ਕੇ ਕਿ ਕਿਤੇ ਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਨਾ ਕਰ ਲੈਣ, ਪਰ ਸ਼ਾਂਤ-ਸਰੂਪ ਸਤਿਗੁਰੂ ਜੀ ਨੇ ਸਰੋਵਰ ਵਿੱਚ ਇਸ਼ਨਾਨ ਕਰ ਕੇ ਕੜਾਹ-ਪ੍ਰਸ਼ਾਦ ਦੀ ਦੇਗ ਲੈ ਕੇ ਦਰਸ਼ਨੀ ਡਿਉਢੀ ਦੇ ਬਾਹਰ ਸਾਹਮਣੇ ਖੜ੍ਹ ਕੇ ਅਰਦਾਸ ਕੀਤੀ ਤੇ ਨਮਸਕਾਰ ਕਰ ਕੇ ਕੜਾਹ ਪ੍ਰਸ਼ਾਦ ਵਰਤਾ ਦਿੱਤਾ ਉਪ੍ਰੰਤ ਆਪ ਦਰੱਖਤ ਦੇ ਹੇਠ ਇਸ ਥੜ੍ਹਾ ਸਾਹਿਬ ਵਾਲੀ ਥਾਂ ਆ ਕੇ ਬੈਠ ਗਏ । ਸ਼ਹਿਰ ਦੀ ਸੰਗਤ ਨੂੰ ਦਰਸ਼ਨ ਦਿੱਤੇ ਤੇ ਇਥੋਂ ਉਠ ਕੇ ਸ਼ਹਿਰੋਂ ਬਾਹਰ ਦਮਦਮੇ ਸਾਹਿਬ ਵਾਲੀ ਥਾਂ ਕੁਝ ਸਮਾਂ ਆਰਾਮ ਕਰ ਕੇ ਵੱਲੇ ਨਗਰ ਜਾ ਰਾਤ ਕੱਟੀ ।

ਗੁਰੂ ਜੀ ਦੇ ਬੈਠਣ ਵਾਲੀ ਥਾਂ ਸੰਗਤਾਂ ਨੇ ਥੜ੍ਹਾ ਬਣਾ ਦਿੱਤਾ । ਉਸ ਸਮੇਂ ਇਹ ਜਗ੍ਹਾ ਸਰੋਵਰ ਦੀ ਪ੍ਰਕਰਮਾ ਦੇ ਬਰਾਬਰ ਸੀ । ਬਾਅਦ ਵਿੱਚ ਸੰਗਤਾਂ ਨੇ ਹੇਠ ਭੋਰਾ ਤੇ ਉਪਰਲੀ ਮੰਜ਼ਲ ਵਿੱਚ ਗੁੰਬਦ ਦੇ ਸਹਿਤ ਅੱਠ-ਨੁੱਕਰਾ ਸੁੰਦਰ ਗੁਰਦੁਆਰਾ ਬਣਾ ਦਿੱਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਦੋਨੋਂ ਸਮੇਂ ਰਾਗੀ ਸਿੰਘ ਕੀਰਤਨ ਕਰਦੇ ਹਨ । ਅਖੰਡ ਪਾਠਾਂ ਦੀ ਲੜੀ ਵੀ ਚਲਦੀ ਰਹਿੰਦੀ ਹੈ । ਪਹਿਲਾਂ ਇਸ ਦੇ ਨੇੜੇ ਦੁਕਾਨਾਂ ਗੁਰਦੁਆਰੇ ਦੀਆਂ ਸਨ, ਜੋ ਨੀਲਾ ਤਾਰਾ ਘਲੂਘਾਰੇ ਸਮੇਂ ਢਾਹ ਦਿੱਤੀਆਂ ਗਈਆਂ । ੨੧ ਕਨਾਲ ਜ਼ਮੀਨ ਸੁਲਤਾਨਵਿੰਡ ਪਿੰਡ ਦੀ ਹੱਦ ਵਿੱਚ ਗੁਰਦੁਆਰੇ ਦੇ ਨਾਮ ਹੈ । ਮਾਘ ਦੀ ਪੂਰਨਮਾਸ਼ੀ ਨੂੰ ਜੋੜ-ਮੇਲ ਹੁੰਦਾ ਹੈ । ਇਕ ਗ੍ਰੰਥੀ ਸਿੰਘ,

ਇਕ ਰਾਗੀ ਜਥਾ ਤੇ ਤਿੰਨ ਸੇਵਾਦਾਰ ਸੇਵਾ ਨਿਭਾ ਰਹੇ ਹਨ।

**੨੧. ਗੁਰਦੁਆਰਾ ਟਾਹਲੀ ਸਾਹਿਬ ਤੇ ਸੰਤੋਖ ਸਰ ਸਾਹਿਬ-**

ਇਹ ਗੁਰਦੁਆਰਾ ਛੋਟੇ ਅਕਾਰ ਦਾ ਸੰਤੋਖ ਸਰ ਸਰੋਵਰ ਦੀ ਪੱਛਮੀ ਬਾਹੀ ਤੇ ਪ੍ਰਕਰਮਾ ਦੇ ਅੰਦਰ ਵਾਰ ਪਉੜੀਆਂ ਉੱਪਰ ਬਣਿਆ ਹੋਇਆ ਸੀ। ਸੰਤੋਖਸਰ ਦੀ ਪਹਿਲੀ ਕਾਰ-ਸੇਵਾ ਸਮੇਂ ਸ੍ਰੀ ਗੁਰੂ-ਰਾਮਦਾਸ ਜੀ ਇਸ ਟਾਹਲੀ ਹੇਠ ਬਿਰਾਜਿਆ ਕਰਦੇ ਸਨ। ਪ੍ਰਕਰਮਾ ਦੇ ਬਾਹਰ-ਵਾਰ ਇਹ ਟਾਹਲੀ ਦਾ ਬ੍ਰਿਛ ਪਿਛਲੇ ਸਮੇਂ ਵੀ ਕਾਇਮ ਸੀ ਪਰ ਕਾਰ-ਸੇਵਾ ਵਾਲੇ ਸੰਤਾਂ ਨੇ ਇਹ ਇਤਿਹਾਸਕ ਟਾਹਲੀ ਦਾ ਬ੍ਰਿਛ ਮੁੱਢੋਂ ਹੀ ਪੁੱਟ ਸੁੱਟਿਆ। ਪੁਰਾਣਾ ਗੁਰਦੁਆਰਾ ਢਾਹ ਕੇ ਹੁਣ ਸੁੰਦਰ ਤੇ ਖੁਲ੍ਹਾ ਹੇਠ ਹਾਲ ਤੇ ਉੱਪਰ ਪ੍ਰਕਰਮਾ ਸਹਿਤ ਸੁੰਦਰ ਗੁੰਬਦ ਸਹਿਤ ਗੁਰਦੁਆਰਾ ਬਣ ਗਿਆ ਹੈ। ਬਾਜ਼ਾਰ ਤੋਂ ਲੈ ਕੇ ਸਰੋਵਰ ਦੇ ਅੰਦਰ ਤੱਕ ਵਧਾ ਦਿੱਤਾ ਹੈ। ਟਾਹਲੀ ਸਾਹਿਬ ਦੇ ਇਰਦ-ਗਿਰਦ ਦੀ ਜਗ੍ਹਾ ਵਿੱਚੇ ਸ਼ਾਮਲ ਕਰ ਲਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਰਾਗੀ ਸਿੰਘ ਕੀਰਤਨ ਕਰਦੇ ਹਨ। ਫੱਗਣ ਦੀ ਸੰਗਰਾਂਦ ਨੂੰ ਸਾਲਾਨਾ ਜੋੜ-ਮੇਲਾ ਲੱਗਦਾ ਹੈ। ਇਸ ਗੁਰਦੁਆਰੇ ਦੇ ਨਾਮ ਕੁਝ ਦੁਕਾਨਾਂ ਵੀ ਹਨ। ਦੋ ਗ੍ਰੰਥੀ ਸਿੰਘ, ਇਕ ਰਾਗੀ ਜਥਾ, ਛੇ ਸੇਵਾਦਾਰ, ਇਕ ਸਫਾਈ ਸੇਵਕ (ਪਾਰਟ ਟਾਈਮ) ਸੇਵਾ ਕਰ ਰਹੇ ਹਨ।

**੨੨ ਗੁਰਦੁਆਰਾ ਮਾਤਾ ਕੌਲਾਂ** - ਇਹ ਛੋਟਾ ਜਿਹਾ ਗੁਰਦੁਆਰਾ ਕੌਲਸਰ ਦੇ ਪੱਛਮੀ ਪ੍ਰਕਰਮਾ ਦੇ ਬਾਹਰਵਾਰ ਮਾਤਾ ਕੌਲਾਂ ਦੀ ਯਾਦਗਰ ਵਜੋਂ ਬਣਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਰੋਜ਼ ਹੁੰਦਾ ਹੈ। ਇਕ ਗ੍ਰੰਥੀ ਸਿੰਘ ਸੇਵਾ ਲਈ ਨੀਅਤ ਹੈ ਤੇ ਦੋ ਸੇਵਾਦਾਰ ਹਨ।

**੨੩. ਗੁਰਦੁਆਰਾ ਰਾਮਸਰ** – ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਚਾਟੀਵਿੰਡ ਦਰਵਾਜ਼ੇ ਦੇ ਉੱਤਰ ਵੱਲ ਗੋਲ ਸੜਕ ਦੇ ਅੰਦਰ ਵਾਰ ਸਰੋਵਰ ਬਣਵਾਇਆ ਜਿਸ ਦਾ ਨਾਮ ਰਾਮਸਰ ਰੱਖਿਆ। ਇਸ ਦੇ ਪੱਛਮੀ ਕਿਨਾਰੇ ਪ੍ਰਕਰਮਾ ਤੋਂ ਬਾਹਰ ਵਾਰ ਇਕ ਤੰਬੂ ਵਿੱਚ ਬੈਠ ਕੇ ਭਾਈ ਗੁਰਦਾਸ ਜੀ ਦੀ ਕਲਮ ਨਾਲ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ। ਉਸ ਤੰਬੂ ਵਾਲੀ ਥਾਂ ਉੱਪਰ ਛੋਟੇ ਅਕਾਰ ਦਾ ਪੁਰਾਣੇ ਸਮੇਂ ਦਾ ਗੁਰਦੁਆਰਾ ਬਣਿਆ ਹੋਇਆ ਸੀ। ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਇਸ ਨੂੰ ਵੱਡੇ ਅਕਾਰ ਵਿੱਚ ਨਵੇਂ ਨਮੂਨੇ ਦਾ ਸੁੰਦਰ ਗੁਰਦੁਆਰਾ ਉਸਾਰਨ ਦੀ ਸੇਵਾ ਬਾਬਾ ਖੜਗ ਸਿੰਘ ਜੀ ਅਤੇ ਉਨ੍ਹਾਂ ਦੇ ਉਤ੍ਰਾਧਿਕਾਰੀ ਬਾਬਾ ਦਰਸ਼ਨ ਸਿੰਘ ਜੀ ਨੂੰ ਸੌਂਪੀ। ਸੰਗਤਾਂ ਦੇ ਸਹਿਯੋਗ ਨਾਲ ਬਾਬਾ ਜੀ ਨੇ ਇਸ ਦਾ ਆਰੰਭਕ ਟੱਕ ਪੰਜਾਂ ਪਿਆਰਿਆਂ ਪਾਸੋਂ ੧੯੮੨ ਈ: ਵਿੱਚ ਲਗਵਾਇਆ। ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ-

੧. ਦਾਸ (ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ) ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।

੨. ਸਿੰਘ ਸਾਹਿਬ ਗਿ: ਗੁਰਦਿਆਲ ਸਿੰਘ ਜੀ 'ਅਜਨੋਹਾ' ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।

੩. ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ।

੪. ਬਾਬਾ ਖੜਗ ਸਿੰਘ ਜੀ ਕਾਰ ਸੇਵਾ ਵਾਲੇ।

੫. ਸੰਤ ਜਰਨੈਲ ਸਿੰਘ ਜੀ ਚੌਂਕ ਮਹਿਤਾ ਵਾਲੇ।

ਜਦੋਂ ਬਾਬਾ ਜੀ ਨੇ ਇਹ ਗੁਰਦੁਆਰਾ ਵੱਡੇ ਅਕਾਰ ਦਾ ਭੋਰੇ ਸਮੇਤ ਛੇ ਮੰਜ਼ਲਾ ਗੁੰਬਦ ਸਮੇਤ ਉਸਾਰ ਦਿੱਤਾ ਤਾਂ ਬਾਬਾ ਜੀ ਸਰੀਰ ਤਿਆਗ ਗਏ । ਪਲੱਸਤਰ, ਰੰਗ ਰੋਗਨ, ਫਰਸ਼, ਜੋੜੀਆਂ ਆਦਿ ਦੀ ਸੇਵਾ ਬਾਬਾ ਦਰਸ਼ਨ ਸਿੰਘ ਜੀ ਕਰਵਾ ਰਹੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਭਾਦਰੋਂ ਸੁਦੀ ੧ ਨੂੰ ਮਨਾਇਆ ਜਾਂਦਾ ਹੈ। ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦਾ ਜਲੂਸ ਵਾਜਿਆਂ-ਗਾਜਿਆਂ ਤੇ ਰਣਸਿੰਙਿਆਂ ਦੀ ਘਨਘੋਰ ਵਿੱਚ ਸ਼ਬਦੀ ਜਥਿਆਂ ਦੇ ਕੀਰਤਨ ਨਾਲ ਇਥੋਂ ਹੀ ੭ ਵਜੇ ਸੁਬ੍ਹਾ ਆਰੰਭ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਅਪੜਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਦੋਨੋਂ ਸਮੇਂ ਕੀਰਤਨ ਹੁੰਦਾ ਹੈ । ਸ਼ਾਮ ਨੂੰ ਗ੍ਰੰਥੀ ਸਿੰਘ ਇਤਿਹਾਸ ਦੀ ਕਥਾ ਕਰਦਾ ਹੈ । ਦੋ ਗ੍ਰੰਥੀ ਸਿੰਘ, ਇਕ ਰਾਗੀ ਜਥਾ, ਚਾਰ ਸੇਵਾਦਾਰ ਤੇ ਇਕ ਸਫਾਈ ਸੇਵਕ (ਪਾਰਟ ਟਾਈਮ) ਸੇਵਾ ਕਰ ਰਹੇ ਹਨ ।

**੨੪. ਗੁ: ਮੰਜੀ ਸਾਹਿਬ** – ਰਾਮਸਰ ਸਰੋਵਰ ਦੀ ਦੱਖਣ ਪੂਰਬੀ ਨੁੱਕਰ ਵਿੱਚ ਛੋਟੇ ਅਕਾਰ ਦਾ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ । ਇਥੇ ਬੇਰੀ ਹੇਠ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਸੁਖਮਨੀ ਸਾਹਿਬ ਬਾਣੀ ਦਾ ਉਚਾਰਨ ਕੀਤਾ ਸੀ । ਉਸੇ ਯਾਦ ਨੂੰ ਤਾਜ਼ਾ ਰੱਖਣ ਹਿਤ ਇਹ ਗੁਰਦੁਆਰਾ ਮੰਜੀ ਸਾਹਿਬ ਬਣਾਇਆ ਗਿਆ ਹੈ । ਸ਼ਰਧਾਵਾਨ ਮਾਈ, ਭਾਈ ਇਸ ਅਸਥਾਨ 'ਤੇ ਸੁਖਮਨੀ ਸਾਹਿਬ ਦਾ ਪ੍ਰੇਮ ਸਹਿਤ ਪਾਠ ਕਰਦੇ ਹਨ । ਇਕ ਗ੍ਰੰਥੀ ਸਿੰਘ ਨੀਯਤ ਹੈ ।

**੨੫. ਗੁਰਦੁਆਰਾ ਬਿਬੇਕਸਰ** – ਗੁਰਦੁਆਰਾ ਰਾਮਸਰ ਦੇ ਪਹਾੜ ਵੱਲ ਜਿਸ ਜਗ੍ਹਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਕਾਂਤ ਥਾਂ ਬੈਠ ਕੇ ਬਿਬੇਕੀ ਸਿੰਘਾਂ ਨੂੰ ਬਿਬੇਕ ਦਾ ਉਪਦੇਸ਼ ਕੀਤਾ ਕਰਦੇ ਸਨ, ਉਸ ਅਸਥਾਨ ਦਾ ਨਾਮ ਗੁਰਦੁਆਰਾ ਬਿਬੇਕਸਰ ਹੈ ।

ਇਸ ਅਸਥਾਨ 'ਤੇ ਪਹਿਲਾਂ ਛੋਟਾ ਜਿਹਾ ਗੁਰਦੁਆਰਾ ਸੀ । ਗੁਰਦੁਆਰੇ ਦੇ ਦੱਖਣ ਵੱਲ ਇਸੇ ਨਾਮ ਦਾ ਬਿਬੇਕਸਰ ਸਰੋਵਰ ਹੈ । ਗੁਰਦੁਆਰੇ ਦੇ ਨੇੜੇ ਸਰੋਵਰ ਦੇ ਕਿਨਾਰੇ ਇਕ ਕਰੀਰ ਦਾ ਹਰਾ ਬ੍ਰਿਛ ਹੈ । ਕਹਿੰਦੇ ਹਨ ਕਿ ਇਹ ਕਿੱਲਾ ਸੀ ਜਿਸ ਨਾਲ ਗੁਰੂ ਜੀ ਆਪਣਾ ਘੋੜਾ ਬੰਨ੍ਹਦੇ ਹੁੰਦੇ ਸਨ । ਬਾਅਦ ਵਿੱਚ ਇਹ ਹਰਾ ਹੋ ਗਿਆ ।

ਹੁਣ ਪਿਛਲੇ ਸਾਲਾਂ ਵਿੱਚ ਕਾਰ-ਸੇਵਾ ਵਾਲੇ ਸੰਤਾਂ ਨੇ ਪੁਰਾਣਾ ਗੁਰਦੁਆਰਾ ਢਾਹ ਕੇ ਹੇਠ ਖੁਲ੍ਹਾ ਹਾਲ ਤੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਾਜਮਾਨ ਲਈ ਸੁੰਦਰ ਕਮਰਾ ਬਣਾ ਦਿੱਤਾ ਹੈ । ਉਪਰਲੀ ਮੰਜ਼ਲ ਵਿੱਚ ਖੁਲ੍ਹੀ ਪ੍ਰਕਰਮਾ ਛੱਡ ਕੇ ਕਾਫੀ ਖੁਲ੍ਹਾ ਤੇ ਵੱਡਾ ਸੁੰਦਰ ਗੁਰਦੁਆਰਾ ਗੁੰਬਦ ਸਹਿਤ ਬਣਾਇਆ ਹੈ । ਜ਼ਿਆਦਾ ਤਰ ਸ਼ਮਸ਼ਾਨ ਘਾਟ ਵਿਖੇ ਪ੍ਰਾਣੀ ਦੇ ਸਸਕਾਰ ਤੋਂ ਬਾਅਦ ਸੰਬੰਧੀ ਤੇ ਸੰਗਤ ਗੁਰਦੁਆਰਾ ਬਿਬੇਕਸਰ ਆ ਕੇ ਕੀਰਤਨ ਸੁਣਦੀ, ਉਪ੍ਰੰਤ ਸੋਹਿਲੇ ਦੇ ਪਾਠ ਤੋਂ ਬਾਅਦ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦ ਵਰਤਦਾ ਹੈ । ਸਿੱਖ ਮਾਈ ਭਾਈ ਤੇ ਧਾਰਮਕ ਵਿਚਾਰਾਂ ਵਾਲੇ ਸ਼ਰਧਾਲੂ ਪ੍ਰਵਾਰ ਐਸਾ ਕਰਦੇ ਹਨ । ਰੋਜ਼ਾਨਾ ਦੋਨੋਂ ਸਮੇਂ ਕੀਰਤਨ ਹੁੰਦਾ ਹੈ । ਅਖੰਡ ਪਾਠ ਵੀ ਹੁੰਦੇ ਰਹਿੰਦੇ ਹਨ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੁਰਤਾ-ਗੱਦੀ ਦਾ ਗੁਰਪੁਰਬ ਜੇਠ ਵਦੀ ੯ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ । ਤਿੰਨ ਗ੍ਰੰਥੀ ਸਿੰਘ, ਇਕ ਰਾਗੀ ਜਥਾ,

ਚਾਰ ਸੇਵਾਦਾਰ, ਇਕ ਸਫਾਈ ਸੇਵਕ ਸੇਵਾ ਨਿਭਾ ਰਹੇ ਹਨ ।

**੨੬. ਗੁਰਦੁਆਰਾ ਟੋਭਾ ਭਾਈ ਸਾਲ੍ਹੋ** – ਇਹ ਅਸਥਾਨ ਗੁਰੂ ਕੇ ਮਹਲਾਂ ਤੋਂ ਨੇੜੇ ਬੰਬੇ ਵਾਲੇ ਖੂਹ ਦੇ ਨੇੜੇ ਹੈ । ਇਥੇ ਇਕ ਟੋਭਾ ਸੀ ਜਿਸ ਨੂੰ ਭਾਈ ਸਾਲ੍ਹੋ ਦਾ ਟੋਭਾ ਕਹਿੰਦੇ ਸਨ। ਭਾਈ ਸਾਲ੍ਹੋ ਸ੍ਰੀ ਗੁਰੂ ਰਾਮਦਾਸ ਜੀ ਦਾ ਅਨਿਨ ਸਿੱਖ ਸੀ । ਇਸ ਨੇ ਪੰਚਮ ਪਾਤਸ਼ਾਹ ਦੇ ਸਮੇਂ ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਹਿਤ ਬੜੀ ਕਰੜੀ ਘਾਲ ਘਾਲੀ । ਇਹ ਅੰਮ੍ਰਿਤਸਰ ਦਾ ਕੋਤਵਾਲ ਸੀ । ਇਸ ਜਗ੍ਹਾ ਆਪ ਰਿਹਾਇਸ਼ ਰੱਖਦੇ ਸਨ । ਗੁਰਦੁਆਰਾ ਪੁਰਾਣੇ ਸਮੇਂ ਦਾ ਬਣਿਆ ਹੋਇਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ।

ਹਰ ਸਾਲ ੧੪ ਅੱਸੂ ਨੂੰ ਭਾਈ ਸਾਲ੍ਹੋ ਜੀ ਦਾ ਜਨਮ-ਦਿਨ ਸਾਲਾਨਾ ਜੋੜ ਮੇਲੇ ਦੇ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ । ਦੋ ਗ੍ਰੰਥੀ ਸਿੰਘ, ਇਕ ਰਾਗੀ ਜਥਾ, ਚਾਰ ਸੇਵਾਦਾਰ ਤੇ ਇਕ ਸਫਾਈ ਸੇਵਕ (ਪਾਰਟ ਟਾਈਮ) ਸੇਵਾ ਭੁਗਤਾ ਰਹੇ ਹਨ ।

## ੨੭. ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ'–

ਇਹ ਅਸਥਾਨ ਚਾਟੀਵਿੰਡ ਦਰਵਾਜ਼ੇ ਦੇ ਬਾਹਰਵਾਰ ਅਤੇ ਗੁਰਦੁਆਰਾ ਤੇ ਸਰੋਵਰ ਰਾਮਸਰ ਦੇ ਦੱਖਣ ਵੱਲ ਸਥਿਤ ਹੈ । ਇਹ ਜਗ੍ਹਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਸਰੀਰ ਦੇ ਸਸਕਾਰ ਵਾਲੀ ਥਾਂ ਹੈ । ਪਹਿਲਾਂ ਏਥੇ ਛੋਟੇ ਅਕਾਰ ਦਾ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਬਣਿਆ ਹੋਇਆ ਸੀ । ਬਾਬਾ ਅਟੱਲ ਰਾਇ ਜੀ ਦੇ ਦੇਹਰੇ ਵਾਂਗ ਇਸ ਅਸਥਾਨ ਦੇ ਇਰਦ-ਗਿਰਦ ਵੀ ਰਾਮਗੜ੍ਹੀਆ ਮਿਸਲ ਦੇ ਸਰਦਾਰਾਂ ਦੀਆਂ ਸਮਾਧਾਂ ਬਣੀਆਂ ਹੋਈਆਂ ਸਨ ਪਰ ਅਕਾਲੀ ਲਹਿਰ ਸਮੇਂ ਉਹ ਸਭ ਸਮਾਧਾਂ ਢਾਹ ਦਿੱਤੀਆਂ ਗਈਆਂ ਸਿਰਫ ਇਕ ਸਮਾਧ ਸ: ਜੱਸਾ ਸਿੰਘ ਰਾਮਗੜ੍ਹੀਏ ਦੀ ਯਾਦ ਵੱਜੋਂ ਕਾਇਮ ਹੈ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰੇ ਦੀ ਇਮਾਰਤ ਖੁਲ੍ਹੀ ਵੱਡੇ ਅਕਾਰ ਦੀ ਤੇ ਸੁੰਦਰ ਬਣਾਉਣ ਦੀ ਸੇਵਾ ਸੰਤ ਭੂਰੀ ਵਾਲਿਆਂ ਨੂੰ ਸੌਂਪੀ, ਉਨ੍ਹਾਂ ਨੇ ਪ੍ਰਕਾਸ਼ ਅਸਥਾਨ ਅੱਠ ਨੁਕਰਾ ਚੁਫੇਰੇ ਤੇ ਪਿਛਲੇ ਪਾਸੇ ਨੂੰ ਖੁਲ੍ਹਾ ਹਾਲ ਕਮਰਾ ਬਣਾਇਆ । ਫਿਰ ਸਾਰੇ ਹਾਲ ਦੇ ਚੁਫੇਰੇ ਬਰਾਂਡਾ ਬਣਾਇਆ ਹੈ । ਚਹੁੰ ਪਾਸੀਂ ਚਾਰ ਛੋਟੇ ਗੁੰਬਦ ਤੇ ਵਿਚਕਾਰ ਵੱਡਾ ਸੁਨਹਿਰੀ ਗੁੰਬਦ ਬਣਾਇਆ ਹੈ ।

ਫਿਰ ਬਾਬਾ ਅਮਰੀਕ ਸਿੰਘ ਘੜੀਆਂ ਵਾਲਿਆਂ ਨੇ ਪ੍ਰੇਮੀਆਂ ਦਾ ਇਕ ਇਸ਼ਨਾਨ ਜਥਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਬਣਾ ਕੇ ਦਰਮਿਆਨ 'ਚ ਸਿਹਨ ਛੱਡ ਕੇ ਸੁੰਦਰ ਡਿਉਢੀ ਬਣਾਈ । ਡਿਉਢੀ ਦੇ ਦੋਹੀਂ ਪਾਸੀਂ ਕਮਰੇ ਦੋ ਮੰਜ਼ਲੇ ਬਣਾਏ, ਕੜਾਹ ਪ੍ਰਸ਼ਾਦ ਬਣਾਉਣ ਵਾਲਾ ਕਮਰਾ ਤੇ ਨਾਲ ਕੜਾਹ ਪ੍ਰਸ਼ਾਦ ਦੀਆਂ ਪਰਚੀਆਂ ਦੇਣ ਵਾਲਾ ਕਮਰਾ, ਜੋੜੇ ਘਰ, ਫਲੱਸ਼ ਦੀਆਂ ਟੱਟੀਆਂ ਤੇ ਇਸ਼ਨਾਨ ਘਰ, ਸੜਕ ਵੱਲ ਜੰਗਲਾ ਤੇ ਗੇਟ, ਸਾਰੇ ਗੁਰਦੁਆਰੇ ਵਿੱਚ ਸੰਗਮਰਮਰ ਲਗਵਾ ਕੇ ਸੇਵਾ ਕੀਤੀ । ਗੋਲ ਸੜਕ ਉੱਪਰ ਹੋਣ ਕਰ ਕੇ ਸੰਗਤਾਂ ਦੀ ਬਹੁਤ ਰੌਣਕ ਰਹਿੰਦੀ ਹੈ । ਹਰ ਐਤਵਾਰ ਨੂੰ ਬਹੁਤ ਭਾਰੀ ਜੋੜ ਮੇਲਾ ਹੁੰਦਾ ਹੈ । ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਤੇ ਸ਼ਹੀਦੀ ਦਿਨ ਦੇ ਦੋਵੇਂ ਜੋੜ ਮੇਲੇ ਹਰ ਸਾਲ ਭਾਰੀ ਉਤਸ਼ਾਹ ਨਾਲ ਮਨਾਏ ਜਾਂਦੇ ਹਨ, ਸ੍ਰੀ ਹਰਿਮੰਦਰ ਸਾਹਿਬ ਤੋਂ ਦੂਜੇ ਨੰਬਰ 'ਤੇ ਚੜ੍ਹਤ ਦੀ ਆਮਦਨ ਹੈ । ਸੱਤ ਅਖੰਡ ਪਾਠਾਂ ਦੀਆਂ

ਲੜੀਆਂ ਚਲਦੀਆਂ ਹਨ। ਛੇ ਸੱਤ ਰਾਗੀ ਜਥੇ ਹਨ। ਸਾਰਾ ਦਿਨ ਕੀਰਤਨ ਹੁੰਦਾ ਹੈ। ਤਿੰਨ ਚਾਰ ਗ੍ਰੰਥੀ ਸਿੰਘ ਤੇ ਬਹੁਤ ਸਾਰੇ ਸੇਵਾਦਾਰ ਹਨ। ਸੰਗਤਾਂ ਵੱਲੋਂ ਘਿਉ ਦੁੱਧ ਦਾ ਬਹੁਤ ਚੜ੍ਹਾਵਾ ਚੜ੍ਹਦਾ ਹੈ।ਹਰ ਐਤਵਾਰ ਅਟੁੱਟ ਲੰਗਰ ਵਰਤਦਾ ਹੈ।

**੨੮ ਸ਼ਹੀਦ ਗੰਜ (ਗੁਰੂ ਕਾ ਬਾਗ)-** ਗੁਰਦੁਆਰਾ ਮੰਜੀ ਸਾਹਿਬ ਦੇ ਨਵੇਂ ਬਣੇ ਹਾਲ ਦੇ ਪੂਰਬ ਵੱਲ ਇਕ ਸੰਗਮਰਮਰ ਦਾ ਥੜ੍ਹਾ ਹੈ। ਇਹ ਉਨ੍ਹਾਂ ਪੰਝੀ ਸ਼ਹੀਦ ਸਿੰਘਾਂ ਦਾ ਸ਼ਹੀਦ ਗੰਜ ਹੈ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੂਰ ਕਰਵਾਉਣ ਲਈ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਨਾਲ ਆਏ ਸਨ ਤੇ ਏਥੇ ਗੁਰੂ ਕੇ ਬਾਗ ਵਿੱਚ ੧੧ ਨਵੰਬਰ ੧੭੫੭ ਈ: (੧੮੧੪ ਬਿ:) ਵਾਲੇ ਦਿਨ ਸ਼ਹੀਦ ਹੋ ਗਏ ਸਨ। ਇਸ ਜਗ੍ਹਾ ਉਨ੍ਹਾਂ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ, ਥੜ੍ਹੇ ਉੱਪਰ ਕੁਝ ਕੁ ਸ਼ਹੀਦ ਸਿੰਘਾਂ ਦੇ ਨਾਮ ਵੀ ਉੱਕਰੇ ਹੋਏ ਹਨ। ਜੋ ਇਸ ਪ੍ਰਕਾਰ ਹਨ: ੧. ਬਾਬਾ ਬਲਵੰਤ ਸਿੰਘ ਜੀ। ੨. ਬਾਬਾ ਹੀਰਾ ਸਿੰਘ ਜੀ। ੩. ਬਾਬਾ ਗੰਡਾ ਸਿੰਘ ਜੀ। ੪. ਬਾਬਾ ਲਹਿਣਾ ਸਿੰਘ ਜੀ। ੫. ਬਾਬਾ ਰਣ ਸਿੰਘ ਜੀ। ੬. ਬਾਬਾ ਗੋਪਾਲ ਸਿੰਘ ਜੀ। ੭. ਬਾਬਾ ਭਾਗ ਸਿੰਘ ਜੀ। ੮.ਬਾਬਾ ਸੱਜਣ ਸਿੰਘ ਜੀ। ੯. ਬਾਬਾ ਬਹਾਦਰ ਸਿੰਘ ਜੀ।

**੨੯. ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ-** ੧੮੨੨ ਬਿ: ਵਿੱਚ ਜਦ ਅਹਿਮਦ ਸ਼ਾਹ ਅਬਦਾਲੀ ਦਸਵੀਂ ਵਾਰ ਹਿੰਦ 'ਤੇ ਚੜ੍ਹ ਆਇਆ ਤੇ ਗਿਲਜੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਲੱਗੇ ਤਾਂ ਬਾਬਾ ਗੁਰਬਖਸ਼ ਸਿੰਘ ਜੀ ਅਨੰਦਰਪੁਰ ਤੋਂ ਬੇਅਦਬੀ ਦੂਰ ਕਰਾਉਣ ਹਿਤ ਢਾਈ ਹਜ਼ਾਰ ਸਿੰਘਾਂ ਦਾ ਦਲ ਲੈ ਕੇ ਚੱਲੇ, ਪਰ ਅੰਮ੍ਰਿਤਸਰ ਸਵਾ ਸੌ ਸਿੰਘ ਪੁੱਜਾ। ਅਕਾਲ ਤਖ਼ਤ ਦੇ ਪਿਛਲੇ ਪਾਸੇ ਗਿਲਜਿਆਂ ਨਾਲ ਜੰਗ ਕਰਦੇ, ਬਾਬਾ ਜੀ ੯ ਮੱਘਰ ਨੂੰ ਸ਼ਹੀਦ ਹੋ ਗਏ। ਸ਼ਹਿਰ ਦੀ ਸੰਗਤ ਨੇ ਇਸੇ ਥਾਂ ਸਸਕਾਰ ਕਰ ਦਿੱਤਾ। ਪਹਿਲਾਂ ਇਸ ਜਗ੍ਹਾ ਇਕ ਯਾਦਗਰੀ ਥੜ੍ਹਾ ਹੀ ਸੀ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਰਦਾਰ ਸੂਬਾ ਸਿੰਘ (ਜਿਨ੍ਹਾਂ ਨੂੰ ਪੰਥ ਨੇ ਬਾਬਾ ਗੁਰਬਖ਼ਸ਼ ਸਿੰਘ ਸ਼ਹੀਦ ਤੋਂ ਬਾਅਦ ਉਨ੍ਹਾਂ ਦੇ ਜਥੇ ਦਾ ਜਥੇਦਾਰ ਥਾਪਿਆ ਸੀ) ਨੇ ਸੁੰਦਰ ਮੰਜੀ ਸਾਹਿਬ ਤੇ ਮੰਦਰ ਬਣਵਾਇਆ ਜੋ ਹੁਣ ਤੱਕ ਹੈ। ਹੁਣ ਹਰ ਸਾਲ ਬਾਬਾ ਜੀ ਦੇ ਸ਼ਹੀਦੀ ਦਿਨ ੯ ਮੱਘਰ ਦੀ ਸਾਰੀ ਰਾਤ ਦੀਵਾਨ ਸਜਦਾ ਹੈ। ਕੜਾਹ ਪ੍ਰਸ਼ਾਦ ਭੇਟਾ ਚੜ੍ਹਦਾ ਤੇ ਲੰਗਰ ਵਰਤਦਾ ਹੈ। ਇਹ ਜਗ੍ਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਤੋਂ ਕੁਝ ਕੁ ਗਜ਼ਾਂ ਉੱਪਰ ਪਿਛਲੇ ਪਾਸੇ ਬਿਲਕੁਲ ਬਹੁਤ ਨੇੜੇ ਹੀ ਹੈ। ਇਕ ਗ੍ਰੰਥੀ ਸਿੰਘ ਤੇ ਦੋ ਸੇਵਾਦਾਰ ਡਿਊਟੀ ਨਿਭਾ ਰਹੇ ਹਨ।

**੩੦. ਗੁਰਦੁਆਰਾ ਛਾਵਣੀ ਨਿਹੰਗਾਂ (ਬੁਰਜ ਅਕਾਲੀ ਫੂਲਾ ਸਿੰਘ ਜੀ)-** ਇਹ ਅਸਥਾਨ ਘੀ ਮੰਡੀ ਦਰਵਾਜ਼ੇ ਦੇ ਸਾਹਮਣੇ ਗੋਲ ਸੜਕ ਦੇ ਬਾਹਰਵਾਰ ਹੈ। ਇਥੇ ਅਕਾਲੀ ਫੂਲਾ ਸਿੰਘ ਜਥੇ ਸਮੇਤ ਰਿਹਾਇਸ਼ ਰੱਖਦੇ ਸਨ। ਇਸ ਕਰ ਕੇ ਇਸ ਨੂੰ ਛਾਵਣੀ ਨਿਹੰਗਾਂ ਕਹਿੰਦੇ ਸਨ। ਅਕਾਲੀ ਜੀ ਨੇ ਇਕ ਬੁਰਜ ਬਣਾਇਆ ਸੀ ਜਿਸ ਕਰ ਕੇ ਇਸ ਅਸਥਾਨ ਦਾ ਨਾਮ 'ਬੁਰਜ ਅਕਾਲੀ ਫੂਲਾ ਸਿੰਘ' ਪੈ ਗਿਆ। ਅੱਜ ਕਲ੍ਹ ਇਹੋ ਨਾਮ ਪ੍ਰਸਿੱਧ ਹੈ। ਪੁਰਾਣਾ ਗੁਰਦੁਆਰਾ ਛੋਟੇ ਅਕਾਰ ਦਾ ਗੁੰਬਦ ਵਾਲਾ ਸੀ, ਸ਼ਹਿਰ ਦੇ ਪ੍ਰੇਮੀਆਂ ਨੇ ਇਸ ਨੂੰ ਬੁਰਜ ਦੀ ਸ਼ਕਲ ਦਾ ਬਹੁਤ ਖੁੱਲ੍ਹਾ ਤੇ ਗੁੰਬਦ ਸਮੇਤ ਸੱਤ ਮੰਜ਼ਲਾਂ ਉੱਚਾ ਬਣਾ ਦਿੱਤਾ ਹੈ। ਮਲਕੀਅਤ ਭਾਵੇਂ ਸ੍ਰੀ ਦਰਬਾਰ ਸਾਹਿਬ

ਦੀ ਹੈ ਪਰ ਪ੍ਰਬੰਧ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਹੱਥ ਵਿੱਚ ਹੀ ਹੈ । ਹੋਲੇ ਮਹੱਲੇ ਦਾ ਜਲੂਸ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਇਥੇ ਆ ਕੇ ਸਮਾਪਤ ਹੁੰਦਾ ਹੈ ।

**੩੧. ਗੁਰਦੁਆਰਾ ਸਾਰਾਗੜ੍ਹੀ**– ਕੋਹਾਟ ਜ਼ਿਲ੍ਹੇ ਵਿੱਚ ਇਕ ਸਰਹੱਦੀ ਪਿੰਡ ਜੋ ਕਿਲ੍ਹਾ ਲਾਕਹਾਰਟ ਤੋਂ ਡੇਢ ਮੀਲ ਪਰ੍ਹੇ ਹੈ, ਇਥੇ ਭਾਰਤ ਸਰਕਾਰ ਦੀ ਇਕ ਛੋਟੀ ਗੜ੍ਹੀ ਸੀ । ਇਸ ਜਗ੍ਹਾ ੧੨ ਸਤੰਬਰ ੧੮੯੭ ਨੂੰ ੩੬ ਨੰ: ਪਲਟਨ ਦੇ ੨੧ ਸਿੱਖ, ਹਜ਼ਾਰਾਂ ਅਫਰੀਦੀਆਂ 'ਚ ਘਿਰ ਗਏ । ਉਹ ਡਰੇ ਤੇ ਘਬਰਾਏ ਨਹੀਂ, ਸਗੋਂ ਉਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਨੇ ਖੰਡੇ ਦੇ ਅੰਮ੍ਰਿਤ ਦੇ ਜੌਹਰ ਵਿਖਾਏ । ਅਫਰੀਦੀਆਂ ਦੇ ਕਥਨ ਅਨੁਸਾਰ ਦੋ ਸੌ ਵੈਰੀਆਂ ਨੂੰ ਮਾਰ ਕੇ ਤੇ ਸੈਂਕੜਿਆਂ ਨੂੰ ਫੱਟੜ ਕਰ ਕੇ ਉਹ ੨੧ ਸਿੰਘ ਸ਼ਹੀਦ ਹੋ ਗਏ । ਇਨ੍ਹਾਂ ਜੋਧਿਆਂ ਦੀ ਬਹਾਦਰੀ ਦੀ ਯਾਦਗਾਰ ਕਾਇਮ ਰੱਖਣ ਲਈ ਕਿਲ੍ਹਾ ਲਾਕਹਰਟ, ਅੰਮ੍ਰਿਤਸਰ ਅਤੇ ਫੀਰੋਜ਼ਪੁਰ ਵਿੱਚ ਸਰਕਾਰ ਵੱਲੋਂ ਕੀਰਤੀ ਮੰਦਰ ਭਾਵ ਯਾਦਗਾਰੀ ਗੁਰਦੁਆਰੇ ਬਣਾਏ ਗਏ । ਅੰਮ੍ਰਿਤਸਰ ਕੋਤਵਾਲੀ ਦੇ ਨੇੜੇ, ਗੌਰਮਿੰਟ ਹਾਈ ਸਕੂਲ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ ਗੁਰਦੁਆਰੇ ਦੀ ਸੁੰਦਰ ਇਮਾਰਤ ਬਣਵਾਈ । ਉਸ ਦੇ ਇਰਦ-ਗਿਰਦ ਫੁੱਲਦਾਰ ਬੂਟੇ ਲਗਵਾਏ, ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਪਹਿਲਾਂ ਗ੍ਰੰਥੀ ਸਿੰਘ ਨੂੰ ਸਰਕਾਰ ਦੇ ਖ਼ਜ਼ਾਨੇ 'ਚੋਂ ਤਨਖਾਹ ਮਿਲਦੀ ਸੀ । ਹੁਣ ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ 'ਚੋਂ ਗ੍ਰੰਥੀ ਸਿੰਘ ਨੂੰ ਤਨਖਾਹ ਮਿਲਦੀ ਹੈ। ਨਾਲ ਇਕ ਸੇਵਾਦਾਰ ਵੀ ਹੈ । ਇਨ੍ਹਾਂ ਬਹਾਦਰਾਂ ਦਾ ਸ਼ਹੀਦੀ ਦਿਨ ਹਰ ਸਾਲ ਸ੍ਰੀ ਦਰਬਾਰ ਸਾਹਿਬ ਵੱਲੋਂ ੧੨ ਸਤੰਬਰ ਨੂੰ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਹੈ । ਫ਼ੌਜੀ ਅਫ਼ਸਰ ਵੀ ਭਾਰੀ ਗਿਣਤੀ ਵਿੱਚ ਉਤਸ਼ਾਹ ਸਹਿਤ ਇਸ ਮੌਕੇ 'ਤੇ ਸ਼ਾਮਲ ਹੁੰਦੇ ਹਨ । ਇਕ ਗ੍ਰੰਥੀ ਸਿੰਘ ਤੇ ਇਕ ਸੇਵਾਦਾਰ ਡਿਊਟੀ ਨਿਭਾ ਰਹੇ ਹਨ ।

**੩੨. ਗੁਰਦੁਆਰਾ ਦਮਦਮਾ ਸਾਹਿਬ**– ਅੰਮ੍ਰਿਤਸਰ ਸ਼ਹਿਰ ਤੋਂ ਉੱਤਰ-ਪੂਰਬੀ ਕੋਣ ਵਿੱਚ ਮਾਲ ਮੰਡੀ ਦੇ ਨੇੜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਿਰਾਜਣ ਦਾ ਅਸਥਾਨ ਹੈ । ਮਿਹਰਬਾਨ ਦੇ ਪੁੱਤਰ ਹਰਿ ਜੀ ਦੇ ਮਸੰਦਾਂ ਤੇ ਪੁਜਾਰੀਆਂ ਨੇ ਇਹ ਜਾਣ ਕੇ ਕਿ ਕਿਤੇ ਗੁਰੂ ਸਾਹਿਬ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਨਾ ਕਰ ਲੈਣ । ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ । ਤਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਾਹਰ ਹੀ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਵਾ ਕੇ ਨਮਸਕਾਰ ਕਰ ਕੇ ਤੇ ਪ੍ਰਸ਼ਾਦ ਵਰਤਾ ਕੇ ਕੁਝ ਸਮਾਂ ਥੜ੍ਹਾ ਸਾਹਿਬ ਵਾਲੀ ਥਾਂ 'ਤੇ ਬੈਠ ਕੇ ਇਸ ਦਮਦਮਾ ਸਾਹਿਬ ਵਾਲੀ ਥਾਂ 'ਤੇ ਆ ਕੇ ਕੁਝ ਸਮਾਂ ਆਰਾਮ ਕੀਤਾ ਸੀ । ਗੁਰ ਪ੍ਰਤਾਪ ਸੂਰਜ ਅਨੁਸਾਰ ਮੱਖਣ ਸ਼ਾਹ ਦੇ ਡਰ ਦੇਣ 'ਤੇ ਮਸੰਦ ਦਰਸ਼ਨਾਂ ਹਿਤ ਆਏ, ਪਰ ਉਨ੍ਹਾਂ ਦੀ ਦਿਲੋਂ ਖੋਟੀ ਨੀਅਤ ਦੇਖ ਕੇ ਸਤਿਗੁਰਾਂ ਨੇ ਕਿਹਾ-"ਨਹਿ ਮਸੰਦ ਤੁਮ ਅੰਮ੍ਰਤ ਸਰੀਏ । ਤ੍ਰਿਸ਼ਾਗਨ ਤੇ ਅੰਤਰ ਸਰੀਏ।" ਇਹ ਮਸੰਦਾਂ ਨੂੰ ਸਰਾਪ ਦਿੱਤਾ ਤੇ ਸ਼ਹਿਰ ਦੀਆਂ ਮਾਈਆਂ ਨੇ ਆ ਕੇ ਬਹੁਤ ਸੇਵਾ ਕੀਤੀ ਤੇ ਉਨ੍ਹਾਂ ਨੂੰ ਵਰ ਦਿੱਤਾ-"ਮਾਈਆਂ ਰਬ ਰਜਾਈਆਂ।"

ਹਰ ਸਾਲ ਮਾਘ ਦੀ ਪੂਰਨਮਾਸ਼ੀ ਵਾਲੇ ਦਿਨ ਸਾਲਾਨਾ ਜੋੜ-ਮੇਲਾ ਹੁੰਦਾ ਹੈ । ਉਸੇ ਦਿਨ ਵੱਲਾ ਨਗਰ ਵਿਖੇ ਮੇਲਾ ਕੋਠਾ ਸਾਹਿਬ ਲੱਗਦਾ ਹੈ । ਇਥੇ ਇਕ ਗ੍ਰੰਥੀ ਸਿੰਘ, ਇਕ

ਸਹਾਇਕ ਗ੍ਰੰਥੀ ਤੇ ਤਿੰਨ ਸੇਵਾਦਾਰ ਸੇਵਾ ਨਿਭਾਉਂਦੇ ਹਨ। ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ, ਲੰਗਰ ਤੇ ਰਿਹਾਇਸ਼ ਹਿੱਤ ਵੀ ਮਕਾਨ ਹਨ।

**੩੩. ਗੁਰਦੁਆਰਾ ਭਾਈ ਮੰਝ ਸਾਹਿਬ** – ਇਹ ਗੁਰਦੁਆਰਾ ਚਾਟੀਵਿੰਡ ਦਰਵਾਜ਼ੇ ਤੋਂ ਤਰਨ ਤਾਰਨ ਨੂੰ ਜਾਂਦੀ ਸੜਕ 'ਤੇ ਨਹਿਰ ਪੁਲ ਤੋਂ ਪਿੰਡ ਚਾਟੀਵਿੰਡ ਨੂੰ ਜਾਂਦੇ ਰਸਤੇ ਦੇ ਖੱਬੇ ਹੱਥ ਸ਼ਹਿਰ ਤੋਂ ਲਗ-ਭਗ ਡੇਢ ਮੀਲ ਦੀ ਵਿੱਥ 'ਤੇ ਹੈ। ਇਹ ਉਸ ਖੂਹ ਦੇ ਨੇੜੇ ਗੁਰਦੁਆਰਾ ਸਾਹਿਬ ਬਣਿਆ ਹੈ ਜਿਸ ਵਿੱਚ ਭਾਈ ਮੰਝ ਜੀ ਲੰਗਰ ਹਿੱਤ ਸਿਰ 'ਤੇ ਚੁੱਕੀਆਂ ਲੱਕੜਾਂ ਸਮੇਤ ਅਨ੍ਹੇਰੀ ਕਾਰਨ ਡਿੱਗ ਪਏ ਸਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਆ ਕੇ ਉਨ੍ਹਾਂ ਨੂੰ ਬਾਹਰ ਕੱਢਿਆ ਸੀ ਅਤੇ ਉਸ ਦੀ ਸੇਵਾ-ਭਗਤੀ 'ਤੇ ਖੁਸ਼ ਹੋ ਕੇ ਸਤਿਗੁਰਾਂ ਨੇ ਇਹ ਵਰ ਦਿੱਤਾ ਸੀ–

"ਮੰਢ ਪਿਆਰਾ ਗੁਰੂ ਨੂੰ ਗੁਰੁ ਮੰਢ ਪਿਆਰਾ।
ਮੰਢ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।"[੧]

**ਇਸ ਅਸਥਾਨ ਦੀ ਸੇਵਾ ਸੰਤ ਭੂਰੀ ਵਾਲਿਆਂ ਨੇ ਕਰਵਾਈ ਜਿਸ ਕਰ ਕੇ ਅਜੇ ਪ੍ਰਬੰਧ ਵੀ ਉਨ੍ਹਾਂ ਪਾਸ ਹੀ ਹੈ।**

* * *

੧. ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ॥ ਅੰਸੂ ੨੨

# ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨਾਲ ਸੰਬੰਧਤ ਇਮਾਰਤਾਂ

## ੧. ਸ੍ਰੀ ਗੁਰੂ ਰਾਮਦਾਸ ਲੰਗਰ-

ਗੁਰੂ ਸਾਹਿਬਾਨ ਦੇ ਸਮੇਂ ਲੰਗਰ ਤਿਆਰ ਕਰਨ ਅਤੇ ਛਕਾਉਣ ਵਾਲੀ ਇਮਾਰਤ ਤੇ ਉਸ ਦੇ ਥਾਂ ਟਿਕਾਣੇ ਬਾਰੇ ਜ਼ਿਕਰ ਨਹੀਂ ਮਿਲਦਾ। ਹੋ ਸਕਦਾ ਹੈ ਕਿ ਉਸ ਸਮੇਂ ਆਰੰਭ ਵਿੱਚ ਲੰਗਰ ਦੀ ਇਮਾਰਤ ਗੁਰੂ ਕੇ ਮਹਲਾਂ ਦੇ ਨੇੜੇ-ਤੇੜੇ ਹੋਵੇ। ਤਵਾਰੀਖ ਅੰਮ੍ਰਿਤਸਰ ਕ੍ਰਿਤ ਗਿਆਨੀ ਗਿਆਨ ਸਿੰਘ ਦੇ ਪੰਨਾ ੫੯ ਅਨੁਸਾਰ ਗੁਰੂ ਕੇ ਬਾਗ ਵਿੱਚ ਲੱਗੇ ਖੂਹ ਦੇ ਨੇੜੇ ਭਾਈ ਮਨੀ ਸਿੰਘ ਦੇ ਸੇਵਕ ਪੰਡਿਤ ਭਗਤ ਸਿੰਘ ਨਿਰਮਲੇ ਰਿਹਾ ਕਰਦੇ ਸਨ, ਉਨ੍ਹਾਂ ਦਾ ਸੇਵਕ ਭਾਈ ਸ਼ਰਧਾ ਸਿੰਘ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਚਲਾਂਦਾ ਰਿਹਾ। ਨਾਲ-ਨਾਲ ਸੰਗਤਾਂ ਨੂੰ ਕਥਾ ਵੀ ਸੁਣਾਂਦਾ ਸੀ। ਕਹਿੰਦੇ ਹਨ ਕਿ ਉਨ੍ਹਾਂ ਦਾ ਲੰਗਰ ਕਦੀ ਠੰਡਾ ਨਹੀਂ ਸੀ ਹੁੰਦਾ। ਹਰ ਵੇਲੇ ਲੋਹ ਤਪਦੀ ਰਹਿੰਦੀ ਸੀ। ਸਿੱਖ ਸਰਦਾਰ ਆਪਣੀ ਆਮਦਨ ਦਾ ਕੁਝ ਹਿੱਸਾ ਲੰਗਰ ਹਿਤ ਦੇ ਕੇ ਸਹਾਇਤਾ ਕਰਦੇ ਸਨ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦਾ ਸੇਵਕ ਭਾਈ ਸਰੂਪ ਸਿੰਘ ਬਾਰਾਂ ਵਰ੍ਹੇ ਉਨ੍ਹਾਂ ਵਾਂਗ ਹੀ ਲੰਗਰ ਚਲਾਉਂਦਾ ਰਿਹਾ। ਅਫਗਾਨੀ ਹਮਲਿਆਂ ਸਮੇਂ ਸਾਹਿਬ ਸਿੰਘ ਤੇ ਰਣ ਸਿੰਘ ਲੰਗਰ ਚਲਾਉਂਦੇ ਰਹੇ ਜਿਨ੍ਹਾਂ ਦਾ ਬੁੰਗਾ ਉਸ ਸਮੇਂ ਪ੍ਰਕਰਮਾ ਵਿੱਚ ਸੀ।

ਸਿੱਖ ਮਿਸਲਾਂ ਤੇ ਉਸ ਤੋਂ ਬਾਅਦ ਸਿੱਖ ਰਾਜ ਸਮੇਂ ਬੁੰਗੇ ਬਣ ਜਾਣ ਕਰ ਕੇ ਸਾਰੇ ਬੁੰਗਿਆਂ ਵਿੱਚ ਬੁੰਗਿਆਂ ਦੇ ਪ੍ਰਬੰਧਕ ਯਾਤਰੂਆਂ ਲਈ ਰਿਹਾਇਸ਼ ਦੇ ਨਾਲ ਲੰਗਰ ਦਾ ਪ੍ਰਬੰਧ ਵੀ ਕਰਦੇ ਰਹੇ। ਅੰਗਰੇਜ਼ੀ ਰਾਜ ਸਮੇਂ ਵੀ ਕਾਫੀ ਅਰਸਾ ਬੁੰਗਿਆਂ ਵਿੱਚ ਹੀ ਆਮ ਸੰਗਤ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੁੰਦਾ ਰਿਹਾ। ੧੮੭੩ ਈ: ਵਿੱਚ ਸਿੰਘ ਸਭਾ ਲਹਿਰ ਦੇ ਆਰੰਭ ਹੋਣ ਸਮੇਂ ਗੁਰੂ ਕੇ ਬਾਗ ਵਿੱਚ ਪੁਰਾਣੇ ਦਫ਼ਤਰ ਸ੍ਰੀ ਦਰਬਾਰ ਸਾਹਿਬ ਵਾਲੀ ਇਮਾਰਤ ਦੇ ਨਾਲ ਲਗਦੀ ਥਾਂ ਵਿੱਚ ਲੰਗਰ ਦੀ ਇਮਾਰਤ ਸੀ। ਲੰਗਰ ਦਾ ਪ੍ਰਬੰਧ ਸਰਬਰਾਹਾਂ ਸਮੇਂ ਕੋਈ ਬਹੁਤਾ ਤਸੱਲੀ-ਬਖਸ਼ ਨਹੀਂ ਸੀ। ਥਾਂ ਬਹੁਤ ਛੋਟੀ ਸੀ। ਇਕ ਮਣ ਆਟਾ ਪਕਾ ਕੇ ਮੰਗਤਿਆਂ ਨੂੰ ਦੋ-ਦੋ ਪ੍ਰਸ਼ਾਦੇ ਵੰਡ ਦਿੱਤੇ ਜਾਂਦੇ ਸਨ। ਯਾਤਰੂਆਂ ਲਈ ਲੰਗਰ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ।

੧੮੯੭ ਈ: ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਜੇ ਸੰਗਤਾਂ ਦੇ ਭਾਰੀ ਦੀਵਾਨ ਵਿੱਚ ਮਹਾਰਾਜਾ ਬਿਕ੍ਰਮ ਸਿੰਘ ਫ਼ਰੀਦਕੋਟ ਨੇ ਲੰਗਰ ਸ੍ਰੀ ਗੁਰੂ ਰਾਮਦਾਸ ਦੀ ਇਮਾਰਤ ਲਈ ੭੫੦੦੦ ਪੰਝੱਤਰ ਹਜ਼ਾਰ ਰੁਪਏ ਅਰਦਾਸ ਕਰਵਾਏ। ਜਿਸ ਨਾਲ ਗੁਰਦੁਆਰਾ ਮੰਜੀ ਸਾਹਿਬ ਦੇ ਨੇੜੇ ਪੂਰਬੀ ਪ੍ਰਕਰਮਾ ਦੇ ਬਾਹਰਵਾਰ ਗੁਰੂ ਕੇ ਬਾਗ ਵਿੱਚ ਲੰਗਰ ਦੀ ਨਵੀਂ ਇਮਾਰਤ ਉਸਾਰੀ ਗਈ। ਅਕਾਲੀ ਲਹਿਰ ਸਮੇਂ ੧੯੨੧ ਈ: ਤੋਂ ੧੯੨੫ ਈ: ਤੱਕ ਲੱਗੇ ਮੋਰਚਿਆਂ ਤੇ ੧੯੨੩ ਈ: ਦੀ ਕਾਰ ਸੇਵਾ ਸਮੇਂ ਇਸੇ ਇਮਾਰਤ ਵਿੱਚ ਲੰਗਰ ਤੇ ਕੜਾਹ

ਪ੍ਰਸ਼ਾਦਿ ਤਿਆਰ ਹੁੰਦਾ ਤੇ ਲੰਗਰ ਛਕਾਇਆ ਜਾਂਦਾ ਰਿਹਾ । ਉਸ ਸਮੇਂ ਤੇ ਅਬਾਦੀ ਦੇ ਲਿਹਾਜ਼ ਨਾਲ ਇਹ ਇਮਾਰਤ ਕਾਫ਼ੀ ਸੀ । ਇਸ ਇਮਾਰਤ ਵਿੱਚ ੧੯੭੫ ਈ: ਤੱਕ ਲੰਗਰ ਸ੍ਰੀ ਗੁਰੂ ਰਾਮਦਾਸ ਤਿਆਰ ਹੋ ਕੇ ਵਰਤਦਾ ਰਿਹਾ । ਕੜਾਹ ਪ੍ਰਸ਼ਾਦ ਤਿਆਰ ਕਰਨ ਦਾ ਵੀ ਇਸੇ ਥਾਂ ਪ੍ਰਬੰਧ ਸੀ ।

੧੯੭੩ ਈ: ਦੀ ਕਾਰ ਸੇਵਾ ਸਮੇਂ ਲੱਖਾਂ ਦੀ ਗਿਣਤੀ ਦੀਆਂ ਸੰਗਤਾਂ ਪੁੱਜੀਆਂ ਲੰਗਰ ਤਿਆਰ ਕਰਨ ਤੇ ਛਕਾਉਣ ਦਾ ਪ੍ਰਬੰਧ ਕਈ ਜਗ੍ਹਾ ਉੱਪਰ ਕੀਤਾ ਗਿਆ । ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਮੁਖੀਆਂ ਨੇ ਮਹਿਸੂਸ ਕੀਤਾ ਕਿ ਲੰਗਰ ਦੀ ਇਮਾਰਤ ਨਾ ਕਾਫੀ ਹੈ । ਇਸ ਲਈ ਲੰਗਰ ਦੀ ਇਮਾਰਤ ਖੁੱਲ੍ਹੀ, ਵੱਡੇ ਅਕਾਰ ਵਾਲੀ ਤੇ ਆਧੁਨਿਕ ਸਮੇਂ ਦੀਆਂ ਸਾਰੀਆਂ ਸਹੂਲਤਾਂ ਵਾਲੀ ਉਸਾਰਨ ਦਾ ਫੈਸਲਾ ਕੀਤਾ ਗਿਆ ਤੇ ਇਹ ਸੇਵਾ ਸੰਤ ਬਾਬਾ ਖੜਕ ਸਿੰਘ ਜੀ ਅਤੇ ਉਨ੍ਹਾਂ ਦੇ ਸਹਿਯੋਗੀ ਬਾਬਾ ਦਰਸ਼ਨ ਸਿੰਘ ਜੀ ਨੂੰ ਸੌਂਪੀ ਗਈ । ਉਨ੍ਹਾਂ ਨੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦੀ ਨਵੀਂ ਇਮਾਰਤ ਦਾ ੧੬ ਨਵੰਬਰ ੧੯੭੫ ਈ: ਵਾਲੇ ਦਿਨ ਪੰਜਾਂ ਪਿਆਰਿਆਂ ਪਾਸੋਂ ਨੀਂਹ ਪੱਥਰ ਰਖਵਾਇਆ। ਦਾਸ ਬਤੌਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਇਨ੍ਹਾਂ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਇਆ । ਤਹਿਖਾਨੇ ਸਮੇਤ ਇਸ ਦੀਆਂ ਪੰਜ ਮੰਜ਼ਲਾਂ ਹਨ । ਦੂਜੀ ਤੇ ਤੀਜੀ ਮੰਜ਼ਲ ਦੇ ਚੁਫੇਰੇ ਬਰਾਂਡਾ ਹੈ । ਚੌਥੀ ਮੰਜ਼ਲ ਹੇਠਲੀਆਂ ਮੰਜ਼ਲਾਂ ਤੋਂ ਛੋਟੀ ਹੈ । ਪੰਜਵੀਂ ਉਸ ਤੋਂ ਵੀ ਛੋਟੀ ਹੈ । ਇਸ ਦੇ ਉੱਪਰ ਗੁੰਬਦ ਹੈ । ਤਹਿਖਾਨੇ ਵਿੱਚ ਕਾਰਾਂ, ਬੱਸਾਂ ਤੇ ਟਰੱਕ ਖੜ੍ਹੇ ਕੀਤੇ ਜਾਂਦੇ ਹਨ । ਦੂਜੀ ਤੇ ਤੀਜੀ ਮੰਜ਼ਲ ਵਿੱਚ ਸੰਗਤਾਂ ਨੂੰ ਪ੍ਰਸ਼ਾਦ ਛਕਾਇਆ ਜਾਂਦਾ ਹੈ। ਚੌਥੀ ਮੰਜ਼ਲ ਵਿੱਚ ਰਿਹਾਇਸ਼ ਤੇ ਪੰਜਵੀਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਸੇਵਾ ਲਈ ਇਕ ਗ੍ਰੰਥੀ ਸਿੰਘ ਨਿਯੁਕਤ ਹੈ ।

ਇਸ ਇਮਾਰਤ ਦੇ ਉੱਤਰ ਵੱਲ ਦੀ ਵੱਖਰੀ ਇਮਾਰਤ ਵਿੱਚ ਦਾਲਾਂ-ਭਾਜੀਆਂ ਰਿੰਨ੍ਹਣ ਤੇ ਪਰਸ਼ਾਦੇ ਪਕਾਉਣ ਦਾ ਪ੍ਰਬੰਧ ਹੈ ਅਤੇ ਨਾਲ ਹੀ ਰਾਸ਼ਨ-ਭੰਡਾਰ ਹੈ । ਅੱਜ-ਕਲ੍ਹ ਲੱਕੜਾਂ ਤੇ ਕੋਲਿਆਂ ਦੀ ਥਾਂ ਗੈਸ ਦੇ ਸਲੰਡਰਾਂ ਨਾਲ ਲੰਗਰ ਤਿਆਰ ਹੁੰਦਾ ਹੈ । ਇਕ ਜਥੇਦਾਰ, ਇਕ ਮੀਤ ਜਥੇਦਾਰ, ਪੰਜ ਕਲਰਕ, ਦੋ ਗੈਸ ਫਿਟਰ, ਪੰਜ ਹਲਵਾਈ, ਇਕ ਗ੍ਰੰਥੀ ਸਿੰਘ, ੩੩ ਸੇਵਾਦਾਰ ਇਸ ਸਮੇਂ ਸੇਵਾ ਕਰ ਰਹੇ ਹਨ ।

**੨. ਇਮਾਰਤ ਕੜਾਹ ਪ੍ਰਸ਼ਾਦ-** ਪੁਜਾਰੀਆਂ ਦੇ ਸਮੇਂ ਅਤੇ ਉਸ ਤੋਂ ਬਾਅਦ ਪੰਥਕ ਪ੍ਰਬੰਧ ਆਉਣ 'ਤੇ ਵੀ ਕਾਫੀ ਸਮਾਂ ਕੜਾਹ ਪ੍ਰਸ਼ਾਦ ਹਲਵਾਈਆਂ ਦੀਆਂ ਦੁਕਾਨਾਂ ਤੋਂ ਬਣਿਆਂ ਹੋਇਆ ਹੀ ਸੰਗਤਾਂ ਲਿਆ ਕੇ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿੱਚ ਭੇਟਾ ਕਰਦੀਆਂ ਸਨ । ਬਾਅਦ ਵਿੱਚ ਗੁਰਦੁਆਰਾ ਕਮੇਟੀ ਵੱਲੋਂ ਦਰਬਾਰ ਸਾਹਿਬ ਅਤੇ ਸੰਬੰਧਤ ਗੁਰਦੁਆਰਿਆਂ ਵਿੱਚ ਆਪਣੇ ਵੱਲੋਂ ਜੋ ਕੜਾਹ ਪ੍ਰਸ਼ਾਦ ਭੇਜਿਆ ਜਾਂਦਾ ਸੀ, ਉਸ ਨੂੰ ਤਿਆਰ ਕਰਨ ਦਾ ਪ੍ਰਬੰਧ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਹੀ ਹੁੰਦਾ ਸੀ ।

ਪ੍ਰੇਮੀਆਂ ਵੱਲੋਂ ਮਨੀ-ਆਰਡਰਾਂ ਰਾਹੀਂ ਜਾਂ ਹੱਥੀਂ ਜਮ੍ਹਾਂ ਕਰਵਾਈ ਹੋਈ ਮਾਇਆ ਦਾ ਕੜਾਹ ਪ੍ਰਸ਼ਾਦ ਵੀ ਲੰਗਰ ਵਿੱਚ ਹੀ ਤਿਆਰ ਕਰ ਕੇ ਪ੍ਰੇਮੀਆਂ ਦੀ ਇੱਛਾ ਅਨੁਸਾਰ ਗੁਰਦੁਆਰਿਆਂ ਵਿੱਚ ਭੇਜਿਆ ਜਾਂਦਾ ਸੀ ਪਰ ਅੱਜ-ਕਲ੍ਹ ਕੜਾਹ ਪ੍ਰਸ਼ਾਦ ਤਿਆਰ ਕਰਨ, ਕੜਾਹ ਪ੍ਰਸ਼ਾਦ ਦੀਆਂ ਪਰਚੀਆਂ ਕੱਟਣ, ਕੜਾਹ ਪ੍ਰਸ਼ਾਦ ਪ੍ਰੇਮੀਆਂ ਨੂੰ ਦੇਣ ਤੇ ਮਾਇਆ ਆਦਿ

ਜਮ੍ਹਾਂ ਕਰਾਉਣ ਹਿੱਤ ਇਕ ਵੱਖਰਾ ਹੀ ਵਿਭਾਗ ਖੋਲ੍ਹ ਦਿੱਤਾ ਹੈ । ਇਹ ਜਗ੍ਹਾ ਗੁਰਦੁਆਰਾ ਲਾਚੀ ਬੇਰ ਦੇ ਨੇੜੇ ਪ੍ਰਕਰਮਾ ਦੇ ਬਾਹਰਵਾਰ ਨਾਲ ਲੱਗਦੇ ਕਮਰਿ ਾਂ ਵਿੱਚ ਹੈ । ਇਸ ਵਿਭਾਗ ਦਾ ਸਟਾਫ ਹੇਠ ਲਿਖੇ ਅਨੁਸਾਰ ਹੈ -

ਸੁਪਰਵਾਈਜ਼ਰ ਇਕ, ਇੰਚਾਰਜ ਕੜਾਹ ਪ੍ਰਸ਼ਾਦ ਇੱਕ, ਇੰਚਾਰਜ ਵੱਟਕਾਂ ੧, ਕਲਰਕ ੯, ਗੈਸ ਫਿਟਰ ੧, ਗੈਸ ਹੈਲਪਰ ੧, ਹਲਵਾਈ ੨, ਸੇਵਾਦਾਰ ੧੪, ਸੇਵਾਦਾਰ ਸਫ਼ਾਈ ੧, ਸੇਵਾ ਨਿਭਾ ਰਹੇ ਹਨ ।

**੩. ਸ੍ਰੀ ਗੁਰੂ ਰਾਮਦਾਸ ਨਿਵਾਸ**- ਗੁਰਦੁਆਰਾ ਐਕਟ ਬਣ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸ੍ਰੀ ਦਰਬਾਰ ਸਾਹਿਬ ਪ੍ਰਬੰਧਕ ਕਮੇਟੀ ਬਣੀ ਤਾਂ, ਉਸ ਕਮੇਟੀ ਨੇ ਮਹਿਸੂਸ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਯਾਤਰਾ ਕਰਨ ਆਏ ਸ਼ਰਧਾਲੂਆਂ ਦੇ ਠਹਿਰਨ ਲਈ ਕੋਈ ਚੰਗਾ ਪ੍ਰਬੰਧ ਨਹੀਂ । ਇਸ ਮਕਸਦ ਲਈ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਨਾਮ ਉੱਪਰ ਸ੍ਰੀ ਗੁਰੂ ਰਾਮਦਾਸ ਨਿਵਾਸ (ਸਰਾਂ) ਉਸਾਰਿਆ ਜਾਵੇ । ਇਸ ਕਾਰਜ ਦੇ ਆਰੰਭ ਕਰਨ ਤੋਂ ਪਹਿਲਾਂ ੧੭-੧੦-੧੯੩੧ ਈ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਤੇ ਅਰਦਾਸ ਉਪਰੰਤ ਸੰਗਤਾਂ ਦੇ ਇਕ ਭਾਰੀ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਸੇਵਾ ਦੇ ਪੁੰਜ ਕਾਰ ਸੇਵਾ ਵਾਲੇ ਸੰਤ ਬਾਬਾ ਸਾਧੂ ਸਿੰਘ ਜੀ 'ਪਟਿਆਲੇ' ਵਾਲਿਆਂ ਨੇ ਸ੍ਰੀ ਗੁਰੂ ਰਾਮਦਾਸ ਨਿਵਾਸ ਦੀ ਸ਼ਾਨਦਾਰ ਇਮਾਰਤ ਦਾ ਨੀਂਹ ਪੱਥਰ ਆਪਣੇ ਪਵਿੱਤਰ ਹੱਥਾਂ ਨਾਲ ਰੱਖਿਆ । ਵਿਚਕਾਰ ਖੁੱਲ੍ਹਾ ਵੇਹੜਾ ਛੱਡ ਕੇ ਚੁਫੇਰੇ ਅੰਦਰ ਵੱਲ ਤੇ ਬਾਹਰ ਵੱਲ ਦੂਹਰੇ ਕਮਰੇ ਤੇ ਬਰਾਂਡੇ ਬਣਾਏ ਗਏ । ਪਹਿਲਾਂ ਦੋ ਮੰਜ਼ਲੀ ਇਮਾਰਤ ਉਸਾਰੀ ਗਈ । ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਤੀਜੀ ਮੰਜ਼ਲ ਬਣਾਈ ਗਈ । ਤਿੰਨ ਮੰਜ਼ਲੀ ਇਮਾਰਤ ਦੇ ਕੁਲ ੩੯੪ ਕਮਰੇ ਹਨ । ਹਰ ਮੰਜ਼ਲ ਦੀਆਂ ਚੌਹਾਂ ਕੋਨਾਂ ਵਿੱਚ ਚਾਰ-ਚਾਰ ਹਾਲ ਕਮਰੇ ਹਨ । ਪਹਿਲੀ ਮੰਜ਼ਲ ਦੀ ਦੱਖਣ-ਪੱਛਮੀ ਕੋਨ ਦੇ ਹਾਲ ਵਿੱਚ ਸ੍ਰੀ ਗੁਰੂ ਰਾਮਦਾਸ ਲਾਇਬਰੇਰੀ, ਦੱਖਣ-ਪੂਰਬੀ ਕੋਨ ਦੇ ਹਾਲ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਛਪੇ ਗੁਰਮਤਿ ਸਾਹਿਤ ਦਾ ਭੰਡਾਰ ਹੈ । ਇਸ ਦੇ ਉੱਪਰ ਦੂਜੀ ਮੰਜ਼ਲ ਦੇ ਹਾਲ ਵਿੱਚ ਧਰਮ ਪ੍ਰਚਾਰ ਕਮੇਟੀ ਵੱਲੋਂ ਛਪੇ ਜਾਂ ਪ੍ਰਚਾਰ ਹਿਤ ਖਰੀਦੇ ਗੁਰਮਤਿ ਸਾਹਿਤ ਦਾ ਭੰਡਾਰ ਹੈ । ਉੱਤਰ-ਪੱਛਮੀ ਕੋਨ ਦੇ ਹਾਲ ਵਿੱਚ ਯਾਤਰੂਆਂ ਦਾ ਸਾਮਾਨ ਰੱਖਣ ਦਾ ਸਟੋਰ ਹੈ । ਬਾਕੀ ਸਾਰੇ ਕਮਰੇ ਤੇ ਹਾਲ ਯਾਤਰੂਆਂ ਦੀ ਰਿਹਾਇਸ਼ ਲਈ ਵਰਤੇ ਜਾਂਦੇ ਹਨ । ਗਰਮੀਆਂ ਲਈ ਹਰ ਕਮਰੇ ਵਿੱਚ ਬਿਜਲੀ ਦੇ ਪੱਖੇ ਲੱਗੇ ਹੋਏ ਹਨ । ਹਰ ਕਮਰੇ, ਪੌੜੀਆਂ, ਬਰਾਂਡਿਆਂ ਤੇ ਵੱਡੇ ਦਰਵਾਜ਼ਿਆਂ ਦੇ ਅੰਦਰ ਤੇ ਬਾਹਰ ਬਿਜਲੀ ਦੇ ਬਲਬ ਲੱਗੇ, ਰੌਸ਼ਨੀ ਕਰ ਰਹੇ ਹਨ । ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਨਿਵਾਸ ਦੇ ਉੱਤਰ-ਪੂਰਬੀ ਦੇ ਕੋਨੇ ਬਾਹਰਵਾਰ ਬਹੁਤ ਵੱਡੀ ਪਾਣੀ ਦੀ ਟਾਂਚੀ ਤਿਆਰ ਕਰਵਾਈ ਹੈ, ਇਸ ਦੇ ਨੇੜੇ ਹੀ ਨਵੀਨ-ਢੰਗ ਦੇ ਇਸ਼ਨਾਨ ਘਰ ਤੇ ਫਲੱਸ਼ ਦੀਆਂ ਟੱਟੀਆਂ ਬਣਾਈਆਂ ਗਈਆਂ ਹਨ । ਜਿਸ ਨਾਲ ਇਸ ਵਰਤਮਾਨ ਯੁੱਗ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ। ਯਾਤਰੂਆਂ ਲਈ ਮੰਜਿਆਂ ਤੇ ਬਿਸਤਰਿਆਂ ਦਾ ਵੀ ਯੋਗ ਪ੍ਰਬੰਧ ਹੈ। ਨਿਵਾਸ ਦੇ ਪ੍ਰਬੰਧ ਲਈ ਇਕ ਸੁਪਰਵਾਇਜ਼ਰ, ਇਕ ਸਹਾਇਕ ਜਥੇਦਾਰ, ਕਲਰਕ (ਬੁਕਿੰਗ, ਬਿਸਤਰੇ, ਅਮਾਨਤਾਂ) ੧੦, ਟੇਲਰ ਮਾਸਟਰ ੧, ਹੈਲਪਰ-ਗਠੜੀ ਘਰ ਤੇ ਸਾਈਕਲ ਸਟੈਂਡ

ਨਿਵਾਸ ੭, ਸੇਵਾਦਾਰ ੨੯ ਤੇ ਸੇਵਾਦਾਰਨੀਆਂ ੪, ਇੰਚਾਰਜ ਸਫ਼ਾਈ ੧, ਟਰੈਕਟਰ ਡਰਾਈਵਰ ੧, ਸੇਵਾਦਾਰ ਸਫਾਈ ੨੨ ਹਨ ।

**੪. ਅਕਾਲ ਰੈਸਟ ਹਾਊਸ**– ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਉੱਤਰ ਵਿੱਚ ਇਕ ਪੁਰਾਣਾ ਤੇ ਇਕ ਨਵਾਂ ਦੋ ਅਕਾਲ ਰੈਸਟ ਹਾਊਸ ਹਨ । ਜਿਨ੍ਹਾਂ ਦੇ ਹਰ ਕਮਰੇ ਨਾਲ ਇਸ਼ਨਾਨ ਘਰ ਤੇ ਫਲੱਸ਼ ਦੀ ਟੱਟੀ ਹੈ । ਨਵੇਂ ਢੰਗ ਦੇ ਮੰਜੇ, ਬਿਸਤਰੇ ਮੇਜ਼, ਕੁਰਸੀ, ਪੱਖਿਆਂ ਤੇ ਬਿਜਲੀ ਦੀ ਰੌਸ਼ਨੀ ਦਾ ਤੱਸਲੀ-ਬਖਸ਼ ਪ੍ਰਬੰਧ ਹੈ । ਹੋਟਲਾਂ ਵਾਲਿਆਂ ਦੀ ਲੁੱਟ-ਖਸੁੱਟ ਤੋਂ ਬਚਾਉਣ ਲਈ ਅਮੀਰ ਤੇ ਵਿਦੇਸ਼ਾਂ ਤੋਂ ਆਏ ਯਾਤਰੂ ਸੱਜਣਾਂ ਦੇ ਸੁੱਖ ਅਰਾਮ ਦੀ ਸਹੂਲਤ ਨੂੰ ਮੁੱਖ ਰੱਖ ਕੇ ਇਹ ਦੋਨੋਂ ਰੈਸਟ ਹਾਊਸ ਕਮੇਟੀ ਵੱਲੋਂ ਬਣਾਏ ਗਏ ਹਨ । ਦੂਜੀ ਮੰਜ਼ਲ ਵਿੱਚ ਪੁਰਾਣੇ ਅਕਾਲ ਰੈਸਟ ਹਾਊਸ ਦੇ ਛੇ ਕਮਰੇ ਹਨ ਜਦ ਕਿ ਦੂਜੀ ਤੇ ਤੀਜੀ ਮੰਜ਼ਲ ਤੇ ਦੂਜੇ ਅਕਾਲ ਰੈਸਟ ਹਾਊਸ ਦੇ ੩੦ ਕਮਰੇ ਹਨ । ਕੁਝ ਕਮਰਿਆਂ ਦੇ ਅੱਗੇ ਬਰਾਂਡੇ ਵੀ ਹਨ । ਇਨ੍ਹਾਂ ਕਮਰਿਆਂ ਦਾ ਸਹਾਇਤਾ ਦੇ ਤੌਰ 'ਤੇ ਬਿਜਲੀ ਪਾਣੀ, ਸਾਮਾਨ ਤੇ ਸਟਾਫ ਦੇ ਖਰਚ ਨੂੰ ਪੂਰਾ ਕਰਨ ਹਿੱਤ ਮਾਮੂਲੀ ਜਿਹਾ ਕਿਰਾਇਆ ਵਸੂਲ ਕੀਤਾ ਜਾਂਦਾ ਹੈ । ਦੋਹਾਂ ਅਕਾਲ ਰੈਸਟ ਹਾਊਸਾਂ ਦੇ ਪ੍ਰਬੰਧ ਲਈ ਇਕ ਸੁਪਰਵਾਈਜਰ, ੩ ਕਲਰਕ, ੨ ਹੈਲਪਰ, ੩ ਸੇਵਾਦਾਰ, ੨ ਸੇਵਾਦਾਰ ਸਫਾਈ ਮੁਕੱਰਰ ਹਨ ।

**੫. ਗੁਰੂ ਨਾਨਕ ਨਿਵਾਸ**– ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੦੦ ਸਾਲਾ ਪ੍ਰਕਾਸ਼ ਉਤਸਵ ਗੁਰਪੁਰਬ ਸਮੇਂ ਜਿਥੇ ਪੰਜਾਬ ਦੀ ਅਕਾਲੀ ਸਰਕਾਰ ਵੱਲੋਂ ਇਸ ਗੁਰਪੁਰਬ ਦੀ ਯਾਦ ਨੂੰ ਸਦਾ ਤਾਜ਼ਾ ਰੱਖਣ ਲਈ ਸ੍ਰੀ ਅੰਮ੍ਰਿਤਸਰ ਜੀ ਵਿਖੇ ੨੪ ਨਵੰਬਰ ੧੯੬੯ ਈ: ਵਾਲੇ ਦਿਨ ਭਾਰਤ ਦੇ ਰਾਸ਼ਟਰਪਤੀ ਨੀਲਮ ਸੰਜੀਵਾ ਰੈਡੀ ਪਾਸੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨੀਂਹ-ਪੱਥਰ ਰਖਵਾਇਆ, ਉਥੇ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਫਤਹ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪਾਸੋਂ ੫੦੦ ਸਾਲਾ ਗੁਰਪੁਰਬ ਦੀ ਯਾਦ ਵੱਜੋਂ ਪੰਜ-ਮੰਜ਼ਲੀ ਨਵੀਨ ਢੰਗ ਦੀ ਇਮਾਰਤ ਗੁਰੂ ਨਾਨਕ ਨਿਵਾਸ ਦਾ ਨੀਂਹ-ਪੱਥਰ ਰਖਵਾਇਆ । ਉਸ ਸਮੇਂ ਸੰਤ ਚੰਨਣ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਜਿਨ੍ਹਾਂ ਦੀ ਦੇਖ-ਰੇਖ ਹੇਠ ਇਹ ਇਮਾਰਤ ਉਸਾਰੀ ਗਈ । ਜਿਸ ਦੀ ਪਹਿਲੀ ਮੰਜ਼ਲ ਵਿੱਚ ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ ਹੈ । ਬਾਕੀ ਉਪਰਲੀਆਂ ਚਹੁੰ ਮੰਜ਼ਲਾਂ ਵਿੱਚ ਰਿਹਾਇਸ਼ ਦੀਆਂ, (ਪਾਣੀ-ਬਿਜਲੀ, ਮੰਜੇ-ਬਿਸਤਰੇ, ਰਸੋਈਆਂ, ਇਸ਼ਨਾਨ -ਘਰ ਤੇ ਫਲੱਸ਼ ਦੀਆਂ ਟੱਟੀਆਂ ਆਦਿ) ਸਾਰੀਆਂ ਆਧੁਨਿਕ ਸਹੂਲਤਾਂ ਪ੍ਰਾਪਤ ਹਨ । ਵਿਦੇਸ਼ੀ ਯਾਤਰੂਆਂ ਲਈ ਇਹ ਮੰਜ਼ਲਾਂ ਰੀਜ਼ਰਵ ਸਨ, ਪਰ ਅੱਜ-ਕਲ੍ਹ ਆਮ ਯਾਤਰੂਆਂ ਲਈ ਵੀ ਵਰਤੀਆਂ ਜਾਂਦੀਆਂ ਹਨ । ਇਸ ਇਮਾਰਤ ਦੇ ਯਾਤਰੂਆਂ ਤੋਂ ਕੋਈ ਕਿਰਾਇਆ ਆਦਿ ਨਹੀਂ ਵਸੂਲਿਆ ਜਾਂਦਾ । ਭਾਵ ਸਭ ਲਈ ਫ੍ਰੀ ਸੇਵਾ ਹੈ ।

ਇਕ ਇੰਨਚਾਰਜ਼ ਕਲਰਕ, ਇਕ ਹੈਲਪਰ ਤੇ ੬ ਸੇਵਾਦਾਰ ਸੇਵਾ ਨਿਭਾਅ ਰਹੇ ਹਨ ।

**੬. ਸਿੱਖ ਰੈਫਰੈਂਸ ਲਾਇਬਰੇਰੀ (ਮਹਾਂ ਕਵੀ ਭਾਈ ਸੰਤੋਖ ਸਿੰਘ ਹਾਲ)**–

ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾ ਦੇ ਬਾਹਰਵਾਰ ਦੱਖਣੀ ਬਾਹੀ ਦੇ ਦਰਮਿਆਨ ਜੋ ਸ਼ਾਨਦਾਰ ਗੁੰਬਦ ਵਾਲੀ ਡਿਓਢੀ ਹੈ । ਇਸ ਦੀ ਉਪਰਲੀ ਮੰਜ਼ਲ ਦੇ ਵੱਡੇ ਹਾਲ ਨੂੰ ਗੁਰੂ ਪ੍ਰਤਾਪ

ਸੂਰਜ ਗ੍ਰੰਥ ਦੇ ਲੇਖਕ ਦੀ ਯਾਦਗਾਰ ਵਜੋਂ 'ਮਹਾਂਕਵੀ ਭਾਈ ਸੰਤੋਖ ਸਿੰਘ ਹਾਲ' ਨਾਮ ਦਿੱਤਾ ਗਿਆ ਹੈ । ਇਸ ਹਾਲ ਵਿੱਚ ਸਿੱਖ ਪੰਥ ਦਾ ਅਮੋਲਕ, (ਧਾਰਮਕ, ਸਾਹਿਤਕ ਤੇ ਇਤਿਹਾਸਕ) ਖ਼ਜ਼ਾਨਾ ਸਿੱਖ ਰੈਫਰੈਂਸ ਲਾਇਬਰੇਰੀ ਸਥਾਪਤ ਹੈ । ਜਿਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਗਏ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਅਧੀਨ ਹੈ ।

ਇਸ ਡਿਉਢੀ ਦੀ ਸੇਵਾ ਸੰਤ ਭੂਰੀ ਵਾਲਿਆਂ ਨੇ ਕਰਵਾਈ ਸੀ । ਇਹ ਡਿਉਢੀ ਤਿੰਨ-ਮੰਜ਼ਲੀ ਹੈ । ਚੌਥੀ ਮੰਜ਼ਲ ਦਾ ਇਕ ਕਮਰਾ ਹੈ, ਜਿਸ ਉੱਪਰ ਗੁੰਬਦ ਬਣਿਆ ਹੋਇਆ ਹੈ । ੧੯੮੪ ਈ: ਦੇ ਜੂਨ ਮਹੀਨੇ ਦੇ ਪਹਿਲੇ ਹਫਤੇ ਹੋਏ ਨੀਲਾ-ਤਾਰਾ ਘੱਲੂਘਾਰੇ ਸਮੇਂ ਇਸ ਲਾਇਬਰੇਰੀ ਵਿਚਲੀਆਂ ਦੁਰਲੱਭ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਪਾਵਨ ਬੀੜਾਂ, ਹੱਥ ਲਿਖਤ ਪੁਸਤਕਾਂ ਦੇ ਦੁਰਲੱਭ ਖਰੜੇ ਤੇ ਛਪੀਆਂ ਹੋਈਆਂ ਕਈ ਹਜ਼ਾਰ ਕੀਮਤੀ ਪੁਸਤਕਾਂ ਅਗਨਿ ਭੇਟ ਹੋ ਗਈਆਂ ਸਨ । ਇਹ ਲਾਇਬਰੇਰੀ ਹੁਣ ਨਵੇਂ ਸਿਰਿਓਂ ਆਰੰਭ ਕੀਤੀ ਗਈ ਹੈ । ਇਕ ਇੰਨਚਾਰਜ, ਇਕ ਲਾਇਬਰੇਰੀਅਨ, ਇਕ ਰੀਸਰਚ ਸਕਾਲਰ ਤੇ ਦੋ ਸੇਵਾਦਾਰ ਸੇਵਾ ਨਿਭਾ ਰਹੇ ਹਨ ।

**੭. ਕੇਂਦਰੀ ਸਿੱਖ ਅਜ਼ਾਇਬ ਘਰ**- ਉੱਤਰੀ ਬਾਹੀ ਵਾਲੀ ਡਿਉਢੀ ਜਿਥੇ ਅੰਗਰੇਜ਼ੀ ਰਾਜ ਸਮੇਂ ਘੰਟਾ ਘਰ ਹੁੰਦਾ ਸੀ, ਜਿਸ ਕਰ ਕੇ ਇਸ ਡਿਉਢੀ ਨੂੰ ਡਿਉਢੀ ਘੰਟਾ ਘਰ ਵੀ ਕਹਿੰਦੇ ਹਨ । ਇਸ ਦੀ ਦੂਜੀ ਮੰਜ਼ਲ ਉੱਪਰ ਬਣੇ ਹਾਲ ਤੇ ਨਾਲ ਲਗਦੇ ਪੂਰਬੀ ਦਿਸ਼ਾ ਦੇ ਕਮਰਿਆਂ ਵਿੱਚ ਸਿੱਖ ਇਤਿਹਾਸ ਨਾਲ ਸੰਬੰਧਤ ਵਿਅਕਤੀਆਂ ਤੇ ਘਟਨਾਵਾਂ ਦੀਆਂ ਪੁਰਾਤਨ ਤੇ ਨਵੀਨ ਤਸਵੀਰਾਂ ਸੁਚੱਜੇ ਢੰਗ ਨਾਲ ਸਜਾਈਆਂ ਹੋਈਆਂ ਹਨ । ਹੋਰ ਦੁਰਲੱਭ ਪੁਰਾਤਨ ਵਸਤੂਆਂ ਵੀ ਹਨ । ਇਸ ਡਿਉਢੀ ਦੇ ਸੱਜੇ-ਖੱਬੇ ਨਾਲ ਲਗਦੇ ਕਮਰੇ ਤੇ ਸਾਰੀ ਉੱਤਰੀ ਬਾਹੀ ਦੇ ਹੇਠਲੇ ਕਮਰੇ ਤੇ ਬਰਾਂਡੇ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਪਟਿਆਲੇ ਵਾਲੇ ਮਹਾਂਪੁਰਸ਼ਾਂ ਨੇ ਤਿਆਰ ਕਰਵਾਏ ਸਨ। ਇਸ ਕੇਂਦਰੀ ਸਿੱਖ ਅਜਾਇਬ ਘਰ ਦੀ ਉੱਨਤੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਇਕ ਅਜਾਇਬ ਘਰ ਸਬ- ਕਮੇਟੀ ਬਣਾਈ ਜਾਂਦੀ ਹੈ, ਜੋ ਇਸ ਦੀ ਤੱਰਕੀ ਲਈ ਤਜਵੀਜ਼ਾਂ ਪੇਸ਼ ਕਰਦੀ ਹੈ । ਦਾਸ ਆਰੰਭ ਤੋਂ ਹੀ ਇਸ ਸਬ-ਕਮੇਟੀ ਦਾ ਮੈਂਬਰ ਰਿਹਾ ਹੈ ।

ਅਜਾਇਬ ਘਰ ਦੇ ਪ੍ਰਬੰਧ ਲਈ ਇਕ ਕਿਊਰੇਟਰ, ਇਕ ਚਿਤ੍ਰਕਾਰ, ਇਕ ਸੁਪਰਵਾਈਜ਼ਰ ਪ੍ਰਦਰਸ਼ਨੀ, ਇਕ ਸਹਾਇਕ ਗੈਲਰੀ ਮਾਸਟਰ, ਇਕ ਕਲਰਕ ਤੇ ੯ ਸੇਵਾਦਾਰ ਸੇਵਾ ਕਰ ਰਹੇ ਹਨ ।

**੮. ਡਿਉਢੀ ਝੰਡਾ ਬੁੰਗਾ**- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਹਨ ਦੇ ਉੱਤਰ ਵਿੱਚ ਦੋ-ਮੰਜ਼ਲੀ ਡਿਉਢੀ ਹੈ, ਜਿਸ ਦੀ ਇਮਾਰਤ ਨਾਲ ਦੋਨੋਂ ਵੱਡੇ ਸੁਨਹਿਰੀ ਨਿਸ਼ਾਨ ਸਾਹਿਬ ਲੋਹੇ ਦੀਆਂ ਮੋਟੀਆਂ ਸੀਖਾਂ ਨਾਲ ਕੱਸੇ ਹੋਏ ਹਨ । ਪੁਰਾਤਨ ਸਮੇਂ ਇਸ ਡਿਉਢੀ ਵਾਲੀ ਥਾਂ 'ਤੇ ਇਕ ਬੁੰਗਾ ਸੀ, ਜਿਸ ਨੂੰ ਝੰਡਾ ਬੁੰਗਾ ਕਹਿੰਦੇ ਸਨ । ਅੱਜ-ਕਲ੍ਹ ਬੁੰਗੇ ਦੀ ਥਾਂ ਉੱਪਰ ਡਿਉਢੀ ਉਸਾਰੀ ਹੋਈ ਹੈ, ਜਿਸ ਦਾ ਨਾਮ ਡਿਉਢੀ ਝੰਡਾ ਬੁੰਗਾ ਹੈ । ਇਸ ਦੀ ਉਪਰਲੀ ਮੰਜ਼ਲ ਵਿੱਚ ਹਾਲ ਕਮਰਾ ਹੈ, ਜਿਸ ਵਿੱਚ ਪਹਿਲਾਂ ਅਖੰਡ-ਪਾਠਾਂ ਦੀਆਂ ਲੜੀਆਂ ਚਲਦੀਆਂ ਰਹਿੰਦੀਆਂ

ਸਨ । ਇਸ ਹਾਲ ਵਿੱਚ ਅੱਜ-ਕਲ੍ਹ ਹਰ ਬੁੱਧਵਾਰ ਤੇ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰ ਕੇ ਆਏ ਅਭਿਲਾਖੀਆਂ ਨੂੰ ਅੰਮ੍ਰਿਤ-ਪਾਨ ਕਰਵਾਉਂਦੇ ਹਨ । ਅੱਜ-ਕਲ੍ਹ ਡਿਉਢੀ ਦੀ ਹੇਠਲੀ ਮੰਜ਼ਲ ਦੇ ਨਾਲ ਲੱਗਦੇ ਪੂਰਬੀ ਦਿਸ਼ਾ ਦੇ ਕਮਰੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰੋਜ਼ਾਨਾ ਮਰਯਾਦਾ ਚਲ ਰਹੀ ਹੈ, ਜਦ ਕਿ ਦੂਜੀ ਤਰਫ ਦੇ ਕਮਰੇ ਵਿੱਚ ਕੋਠਾ ਸਾਹਿਬ ਵਾਲਾ ਸੁੰਦਰ ਪਲੰਘ ਸਜਾਇਆ ਹੋਇਆ ਹੈ, ਜਿਸ ਉੱਪਰ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਲਿਆ ਕੇ ਬਿਰਾਜਮਾਨ ਕੀਤਾ ਜਾਂਦਾ ਹੈ ।

**੯. ਡਿਉਢੀ ਬਾਜ਼ਾਰ ਮੁਨਿਆਰਾਂ**- ਝੰਡਾ ਬੁੰਗਾ ਡਿਉਢੀ ਦੇ ਐਨ ਸਾਹਮਣੇ ਉਸੇ ਹੀ ਨਮੂਨੇ ਦੀ ਡਿਉਢੀ ਹੈ ਜੋ ਬਾਜ਼ਾਰ ਮੁਨਿਆਰਾਂ ਵਿੱਚ ਖੁਲ੍ਹਦੀ ਹੈ । ਇਸ ਦੀ ਹੇਠਲੀ ਛੱਤ ਦੇ ਕੋਨੇ ਦੇ ਕਮਰਿਆਂ ਵਿੱਚ ਕੜਾਹ ਪ੍ਰਸ਼ਾਦ ਬਣਾਉਣ ਤੇ ਪ੍ਰਚੀਆਂ ਕੱਟਣ ਅਤੇ ਕੜਾਹ ਪ੍ਰਸ਼ਾਦ ਦੇਣ ਦਾ ਪ੍ਰਬੰਧ ਹੈ । ਇਹ ਡਿਉਢੀ ਅਜੇ ਨਾ-ਮੁਕੰਮਲ ਹੈ । ਇਸ ਦੀ ਸੇਵਾ ਬਾਬਾ ਖੜਕ ਸਿੰਘ ਜੀ ਨੇ ਆਰੰਭ ਕੀਤੀ ਸੀ ।

**੧੦. ਡਿਉਢੀ ਸ੍ਰੀ ਗੁਰੂ ਰਾਮਦਾਸ ਨਿਵਾਸ**- ਇਹ ਡਿਉਢੀ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਐਨ ਸਾਹਮਣੇ ਅਜੇ ਇਕ-ਮੰਜ਼ਲੀ ਹੀ ਹੈ ਅਤੇ ਨਾ-ਮੁਕੰਮਲ ਹੈ । ਇਸ ਰਾਹੀਂ ਪਉੜੀਆਂ ਉਤਰ ਕੇ ਪ੍ਰਕਰਮਾ ਵਿੱਚ ਦਾਖਲ ਹੋਈਦਾ ਹੈ । ਪ੍ਰਕਰਮਾ ਵਿੱਚ ਦਾਖਲ ਹੁੰਦਿਆਂ ਸੱਜੇ ਹੱਥ ਗੁਰਦੁਆਰਾ ਦੁੱਖ-ਭੰਜਨੀ ਬੇਰ ਅਤੇ ਸਾਹਮਣੇ ਥੜ੍ਹਾ ਸਾਹਿਬ ਹੈ ।

**੧੧. ਸ੍ਰੀ ਗੁਰੂ ਰਾਮਦਾਸ ਹਸਪਤਾਲ**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਪਹਿਲੋਂ ਪਹਿਲ ਕੌਲਸਰ ਬਾਜ਼ਾਰ ਦੀ ਉੱਤਰੀ-ਪੂਰਬੀ ਨੁੱਕਰ ਉੱਪਰ ਬਣੇ ਪੁਰਾਣੇ ਅਕਾਲੀ ਦਲ ਦੇ ਦਫ਼ਤਰ ਦੀ ਪਹਿਲੀ ਮੰਜ਼ਲ ਵਿੱਚ ਹਸਪਤਾਲ ਆਰੰਭ ਕੀਤਾ ਗਿਆ, ਜਿਸ ਦਾ ਨਾਮ ਸ੍ਰੀ ਗੁਰੂ ਰਾਮਦਾਸ ਹਸਪਤਾਲ ਰੱਖਿਆ । ਇਹ ਪਹਿਲਾਂ ਛੋਟੇ ਅਕਾਰ ਵਿੱਚ ਸੀ ਇਕ ਡਾਕਟਰ ਤੇ ਦੋ ਕੁ ਕੰਪਾਊਡਰ ਸਨ । ਡਾ: ਭਗਤ ਸਿੰਘ ਕਾਫ਼ੀ ਸਮਾਂ ਸੇਵਾ ਕਰਦੇ ਰਹੇ ਹਨ ।

੧੯੬੨ ਈ: ਵਿੱਚ ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਬਾਰਾਂਦਰੀ ਤੋਂ ਦੱਖਣ ਦੀ ਤਰਫ਼ ਦੀ ਬਣੀ ਨਵੀਂ ਇਮਾਰਤ, ਜਿਸ ਦੇ ਕਈ ਕਮਰੇ ਸਨ ਵਿੱਚ ਤਬਦੀਲ ਕੀਤਾ ਗਿਆ । ਸਟਾਫ ਵੀ ਵਧਾਇਆ ਗਿਆ । ਇਸ ਹਸਪਤਾਲ ਵਿੱਚ ਯਾਤਰੂਆਂ ਅਤੇ ਸਟਾਫ਼ ਦੇ ਮੈਂਬਰਾਂ ਦੇ ਇਲਾਜ ਤੋਂ ਇਲਾਵਾ ਸ਼ਹਿਰ ਦੀਆਂ ਸੰਗਤਾਂ ਵੀ ਲਾਭ ਪ੍ਰਾਪਤ ਕਰਦੀਆਂ ਸਨ ।

੧੯੭੩ ਈ: ਵਿੱਚ ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਦੀ ਪ੍ਰਧਾਨਗੀ ਸਮੇਂ ਇਸ ਨੂੰ ਹੋਰ ਵਧਾਉਣ ਦੇ ਖਿਆਲ ਨਾਲ ਗੁਰਦੁਆਰਾ ਬਿਬੇਕਸਰ ਦੇ ਨਾਲ ਲਗਦੇ ਖੁਲ੍ਹੇ ਮੈਦਾਨ ਵਿੱਚ ਵੱਡੇ ਅਕਾਰ ਦੀ ਇਮਾਰਤ ਉਸਾਰਨ ਦਾ ਫੈਸਲਾ ਕੀਤਾ ਗਿਆ । ਜਿਸ ਦਾ ਨੀਂਹ ਪੱਥਰ ਭਾਰਤ ਦੇ ਰਾਸ਼ਟਰਪਤੀ ਨੀਲਮ ਸੰਜੀਵਾ ਰੈਡੀ ਦੇ ਹੱਥੋਂ ੧੯੭੭ ਈ: ਵਿੱਚ ਰਖਾਇਆ ਗਿਆ ।

ਇਹ ਇਮਾਰਤ ਗੁਰਦੁਆਰਾ ਬਿਬੇਕਸਰ ਦੇ ਉੱਤਰ ਵੱਲ ਸ਼ਹਿਰ ਦੀ ਗੋਲ ਸੜਕ ਦੇ ਅੰਦਰਵਾਰ ਸ੍ਰੀ ਦਰਬਾਰ ਸਾਹਿਬ ਦੇ ਫੰਡ 'ਚੋਂ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਨਵੇਂ

ਡੀਜ਼ਾਇਨ ਦੀ ਤਿੰਨ ਮੰਜ਼ਲੀ ਉਸਾਰੀ ਗਈ ਹੈ, ਜਿਸ ਵਿੱਚ ਐਕਸਰੇ ਪਲਾਂਟ, ਈ.ਸੀ.ਜੀ. ਦੀਆਂ ਮਸ਼ੀਨਾਂ, ਟੱਟੀ, ਪੇਸ਼ਾਬ, ਖੂਨ ਤੇ ਬਲੱਡਪ੍ਰੈਸ਼ਰ ਟੈਸਟ ਕਰਨ ਦੇ ਸਾਰੇ ਆਧੁਨਿਕ ਯੰਤਰ ਲੱਗੇ ਹੋਏ ਹਨ। ਜਿਨ੍ਹਾਂ ਨਾਲ ਹਰ ਪ੍ਰਕਾਰ ਦੀਆਂ ਬੀਮਾਰੀਆਂ ਦੀ ਜਾਂਚ ਕੀਤੀ ਜਾਂਦੀ ਹੈ।

ਦਿਲ, ਅੱਖਾਂ, ਦੰਦਾਂ, ਹੱਡੀਆਂ ਆਦਿ ਦੇ ਇਲਾਜ ਕੀਤੇ ਜਾਂਦੇ ਹਨ। ਇਸ ਨਵੇਂ ਹਸਪਤਾਲ ਵਿੱਚ ਡਾ: ਹਰਚਰਨ ਸਿੰਘ ਜੀ, ਡਾ: ਬਲਦੇਵ ਸਿੰਘ ਜੀ ਬਰਾੜ, ਡਾ: ਰਛਪਾਲ ਸਿੰਘ ਜੀ ਆਦਿ ਚੋਟੀ ਦੇ ਡਾਕਟਰ ਇਲਾਜ ਕਰਦੇ ਰਹੇ ਹਨ। ਇਸ ਹਸਪਤਾਲ ਵਿੱਚ ਵਰਤਮਾਨ ਯੁੱਗ ਦੀਆਂ ਸਾਰੀਆਂ ਡਾਕਟਰੀ ਸਹੂਲਤਾਂ ਹਨ, ਸਟਾਫ ਤੇ ਯਾਤਰੂਆਂ ਦਾ ਫ਼ਰੀ ਇਲਾਜ ਕੀਤਾ ਜਾਂਦਾ ਹੈ। ਸ਼ਹਿਰ-ਵਾਸੀਆਂ ਨੂੰ ਵੀ ਇਲਾਜ ਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਦਵਾਈਆਂ ਤੇ ਸਟਾਫ ਦਾ ਸਾਰਾ ਖਰਚ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ 'ਚੋਂ ਕੀਤਾ ਜਾਂਦਾ ਹੈ।

ਡਾ : ਹਰਚਰਨ ਸਿੰਘ ਤੇ ਡਾ: ਰਛਪਾਲ ਸਿੰਘ ਦੇ ਚਲੇ ਜਾਣ ਅਤੇ ਡਾ: ਬਲਦੇਵ ਸਿੰਘ ਬਰਾੜ ਦੇ ਗੁੰਮ ਹੋ ਜਾਣ ਦੇ ਕਾਰਨ ਹਸਪਤਾਲ ਦਾ ਕੰਮ ਕਾਫੀ ਢਿੱਲਾ ਪੈ ਗਿਆ ਸੀ ਪਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਵੇਂ ਪ੍ਰਧਾਨ ਸਾਹਿਬ ਸ: ਬਲਦੇਵ ਸਿੰਘ ਐਡਵੋਕੇਟ ਨੇ ਪ੍ਰਬੰਧ ਸੰਭਾਲਦਿਆਂ ਹੀ ਡਾ: ਹਰਦਾਸ ਸਿੰਘ ਡਾਇਰੈਕਟਰ, ਡਾ: ਰਾਜਿੰਦਰਪਾਲ ਸਿੰਘ ਸੁਪ੍ਰੰਟੰਡੰਟ, ਡਾ: ਜਸਦੀਪ ਸਿੰਘ ਸਰਜਨ ਅਤੇ ਅੱਖਾਂ ਦੇ ਡਾ: ਸ਼ੌਕੀਨ ਸਿੰਘ ਦੀ ਨਿਯੁਕਤੀ ਕਰ ਦਿੱਤੀ ਹੈ। ਹੁਣ ਹਸਪਤਾਲ ਫਿਰ ਚੜ੍ਹਦੀ ਕਲਾ ਵਿੱਚ ਜਾ ਰਿਹਾ ਹੈ।

* * *

# ਚੌਂਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ

ਪੁਰਾਤਨ ਸਮੇਂ ਤੋਂ ਸਿੱਖ-ਪੰਥ ਵੱਲੋਂ ਕੀਤੀ ਜਾਣ ਵਾਲੀ ਅਰਦਾਸ ਵਿੱਚ ਇਹ ਸ਼ਬਦ ਹਰ ਅਰਦਾਸੀਆ ਸਿੰਘ ਉਚਾਰਨ ਕਰਦਾ ਹੈ--

"ਚੌਂਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ"

ਅਸੀਂ ਇਥੇ ਇਨ੍ਹਾਂ ਤਿੰਨਾਂ ਦੇ ਨਾਵਾਂ ਦੇ ਅਰਥ, ਇਨ੍ਹਾਂ ਦਾ ਸਰੂਪ ਤੇ ਇਨ੍ਹਾਂ ਦੇ ਆਰੰਭ ਤੇ ਵਰਤਮਾਨ ਬਾਰੇ ਸੰਖੇਪ ਵੀਚਾਰ ਪੇਸ਼ ਕਰਾਂਗੇ --

ਚਾਰ ਪਹਿਰੇਦਾਰਾਂ ਦੀ ਟੋਲੀ ਨੂੰ ਵੀ ਚੌਂਕੀ ਆਖਦੇ ਹਨ ਜਿਵੇਂ ਕਿ ਮਹਾਂਵਾਕ ਹੈ-

ਚਉਕੀ ਚਉਗਿਰਦ ਹਮਾਰੇ ॥ (ਸੋਰਠਿ ਮਹਲਾ ੫, ਪੰ: ੬੨੬)

**ਚੌਂਕੀਆਂ**- ਸਿੱਖ ਭਾਸ਼ਾ ਵਿੱਚ ਚੌਂਕੀ ਦਾ ਅਰਥ-ਗੁਰਬਾਣੀ ਦੇ ਸ਼ਬਦ ਗਾਉਣ ਵਾਲਾ ਚਾਰ ਸਿੰਘਾਂ ਦਾ ਜੱਥਾ 'ਗਾਵਤ ਚਉਂਕੀ ਸ਼ਬਦ ਪ੍ਰਕਾਸ਼' (ਗੁਰ ਪ੍ਰਤਾਪ ਸੂਰਜ) ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦੇ ਰਾਗੀ ਜਥਿਆਂ ਨੂੰ ਵੀ ਚੌਂਕੀਆਂ ਕਹਿੰਦੇ ਹਨ। ਜਿਨ੍ਹਾਂ 'ਚੋਂ ਪੰਜ ਮੁੱਖ ਚੌਂਕੀਆਂ ਹਨ (ਦੇਖੋ ਇਸ ਪੁਸਤਕ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਰਾਗੀ ਤੇ ਰਬਾਬੀ) ਪਰ ਇਥੇ ਚੌਂਕੀਆਂ ਤੋਂ ਭਾਵ ਉਹ ਸ਼ਬਦੀ ਜਥੇ ਹਨ ਜੋ ਦੋ ਹਿੱਸਿਆਂ ਵਿੱਚ ਹੋ ਕੇ ਬਿਨਾਂ ਸਾਜ਼ਾਂ ਤੋਂ ਜੋਟੀਆਂ ਦੇ ਸ਼ਬਦ ਪੜ੍ਹਦੇ ਚਲਦੇ ਹਨ। ਖਾਸ ਕਰ ਕੇ ਸ਼ਬਦ ਪੜ੍ਹਦੇ ਸ੍ਰੀ ਅੰਮ੍ਰਿਤਸਰ ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਕਰਦੇ ਹਨ। ਇਸ ਸਮੇਂ ਇਹ ਪੰਜ ਚੌਂਕੀਆਂ ਹਨ -

੧. ਪਹਿਲੀ ਚੌਂਕੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿਲ੍ਹਾ ਗੁਆਲੀਅਰ ਵਿਖੇ ਨਜ਼ਰਬੰਦ ਹੋਣ 'ਤੇ ਸਤਿਗੁਰਾਂ ਦੀ ਯਾਦ ਵਿੱਚ ਬਾਬਾ ਬੁੱਢਾ ਜੀ ਨੇ ਆਰੰਭ ਕੀਤੀ ਸੀ। ਇਸ ਚੌਂਕੀ ਦੀ ਪੂਰਨ ਮਰਯਾਦਾ ਇਸ ਪ੍ਰਕਾਰ ਹੈ :-

ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਉੱਪਰ ਸ੍ਰੀ ਰਹਿਰਾਸ ਦੇ ਪਾਠ ਦਾ ਭੋਗ ਪੈਣ ਉਪ੍ਰੰਤ ਚੌਂਕੀ ਦੇ ਮੁੱਖੀ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆ ਹਾਜ਼ਰ ਹੁੰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਾਹਿਬ ਇਨ੍ਹਾਂ ਨੂੰ ਸ੍ਰੀ ਸਾਹਿਬ ਤੇ ਇਕ ਨਿਸ਼ਾਨ ਸਾਹਿਬ ਬਖਸ਼ਸ਼ ਕਰਦੇ ਹਨ। ਇਹ ਦੋਨੋਂ ਵਸਤਾਂ ਪ੍ਰਾਪਤ ਕਰ ਕੇ ਇਨ੍ਹਾਂ 'ਚੋਂ ਇਕ ਸਿੰਘ ਅਰਦਾਸ ਕਰਦਾ ਹੈ, ਉਪ੍ਰੰਤ ਗੁਰਬਾਣੀ ਦਾ ਸ਼ਬਦ ਗਾਉਣ ਨਾਲ ਚੌਂਕੀ ਦਾ ਆਰੰਭ ਹੋ ਜਾਂਦਾ ਹੈ। ਸ਼ਬਦ ਪੜ੍ਹਨ ਵਾਲੇ ਪ੍ਰੇਮੀਆਂ ਦੇ ਦੋ ਜਥੇ ਬਣ ਜਾਂਦੇ ਹਨ। ਅਗਲਾ ਜਥਾ ਸ਼ਬਦ ਪੜ੍ਹਦਾ ਹੈ ਤੇ ਦੂਜਾ ਜਥਾ ਉਸੇ ਤੁਕ ਨੂੰ ਪਹਿਲੇ ਜਥੇ ਵਾਂਗ ਮਗਰ ਪੜ੍ਹਦਾ ਹੈ। ਇਕ ਮਸਾਲਚੀ ਰੌਸ਼ਨੀ ਹਿੱਤ ਚੌਂਕੀ ਦੇ ਅੱਗੇ ਚਲਦਾ ਹੈ ਤੇ ਦੂਜਾ ਪਿੱਛੇ ਇਕ ਚੋਬਦਾਰ ਚੌਂਕੀ ਦੇ ਅੱਗੇ ਚਲਦਾ ਹੈ ਜੋ ਪ੍ਰਕਰਮਾ ਵਿੱਚ ਸੁੱਤੇ ਪਏ, ਲੰਮੇ ਪਏ, ਬੈਠੇ ਜਾਂ ਖੜ੍ਹੇ ਜਾਂ ਗੱਲਾਂ ਕਰਦੇ ਯਾਤਰੂਆਂ ਨੂੰ ਸਾਵਧਾਨ ਕਰਦਾ ਜਾਂਦਾ ਹੈ।

ਇਸ ਚੌਂਕੀ ਵਿੱਚ ਕੁਝ ਗਿਣੇ-ਮਿਥੇ ਸ਼ਬਦ ਹੀ ਪੜ੍ਹੇ ਜਾਂਦੇ ਹਨ। ਜਿਨ੍ਹਾਂ ਸ਼ਬਦਾਂ ਦੇ ਵੱਖਰੇ ਗੁਟਕੇ ਵੀ ਇਸ ਚੌਂਕੀ ਵੱਲੋਂ ਛਪਵਾਏ ਹੋਏ ਮਿਲਦੇ ਹਨ। ਇਨ੍ਹਾਂ ਸ਼ਬਦਾਂ ਦੇ ਪੜ੍ਹਨ ਦਾ

ਢੰਗ ਵੀ ਬਹੁਤ ਪੁਰਾਣਾ ਤੇ ਆਪਣੀ ਹੀ ਕਿਸਮ ਦਾ ਹੈ । ਨਵੇਂ ਆਏ ਸੱਜਣ ਨੂੰ ਕਾਫੀ ਸਮਾਂ ਇਹ ਪਤਾ ਨਹੀਂ ਚਲਦਾ ਕਿ ਕੇਹੜਾ ਸ਼ਬਦ ਪੜ੍ਹਿਆ ਜਾ ਰਿਹਾ ਹੈ। ਇਸ ਤਰ੍ਹਾਂ ਪ੍ਰੇਮ ਨਾਲ ਸ਼ਬਦ ਪੜ੍ਹਦਿਆਂ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਸਾਰੀ ਪ੍ਰਕਰਮਾ ਕਰ ਕੇ ਦਰਸ਼ਨੀ ਦਰਵਾਜ਼ੇ ਰਾਹੀਂ ਸਰੋਵਰ ਦੇ ਪੁਲ ਉੱਪਰ ਦੀ ਇਹ ਚੌਂਕੀ ਸੰਗਤ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦਰਵਾਜ਼ੇ ਦੇ ਨਜ਼ਦੀਕ ਪੁੱਜ ਦੀ ਹੈ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੋ ਰਿਹਾ ਕੀਰਤਨ ਬੰਦ ਹੋ ਜਾਂਦਾ ਹੈ ਪਰ ਅੰਦਰਲੀ ਸੰਗਤ ਸਜੀ (ਬੈਠੀ) ਰਹਿੰਦੀ ਹੈ । ਚੌਂਕੀ ਸ਼ਬਦ ਪੜ੍ਹਦੀ ਸਹਿਜੇ-ਸਹਿਜੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੀ ਜਦ ਮੁੜ ਕੇ ਪਹਿਲੇ ਦਰਵਾਜ਼ੇ ਅੱਗੇ ਆ ਕੇ ਖੜ੍ਹੀ ਹੋ ਜਾਂਦੀ ਹੈ ਤਾਂ ਚੌਂਕੀ ਦਾ ਅਰਦਾਸੀਆ ਸਿੰਘ ਅਰਦਾਸ ਕਰ ਕੇ ਸ਼ਬਦ ਚੌਂਕੀ ਦਾ ਭੋਗ ਪਾ ਦਿੰਦਾ ਹੈ । ਉਸੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਆਰੰਭ ਹੋ ਜਾਂਦਾ ਹੈ। ਚੌਂਕੀ ਵਾਲੇ ਸੱਜਣ ਜੋ ਪਤਾਸੇ, ਬਰਫੀ ਜਾਂ ਕੜਾਹ ਪ੍ਰਸ਼ਾਦ ਲਿਆਏ ਹੁੰਦੇ ਹਨ, ਸੰਗਤ ਵਿੱਚ ਬਾਹਰ ਹੀ ਵਰਤਾ ਦੇਂਦੇ ਹਨ । ਵਾਪਸ ਅਕਾਲ ਤਖ਼ਤ ਸਾਹਿਬ ਉੱਪਰ ਜਾ ਕੇ ਸ੍ਰੀ ਸਾਹਿਬ ਤੇ ਨਿਸ਼ਾਨ ਸਾਹਿਬ ਡਿਊਟੀ ਵਾਲੇ ਸਿੰਘ ਨੂੰ ਵਾਪਸ ਕਰ ਦੇਂਦੇ ਹਨ ।

ਸ਼ਹਿਰ ਦੀ ਸੰਗਤ ਦੀ ਇਸ ਚੌਂਕੀ ਉੱਪਰ ਬਹੁਤ ਸ਼ਰਧਾ ਹੈ । ਸ਼ਰਧਾਲੂ ਇਸ ਚੌਂਕੀ ਵਿੱਚ ਸ਼ਾਮਲ ਹੋ ਕੇ ਸੁੱਖਣਾ ਸੁਖਦੇ ਹਨ ਤੇ ਕਹਿੰਦੇ ਹਨ ਕਿ ਚੌਂਕੀ ਦੀ ਹਾਜ਼ਰੀ ਭਰਨ ਨਾਲ ਕਾਮਨਾਂ ਵਾਲਿਆਂ ਦੀਆਂ ਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ । ਇਸ ਦਾ ਖ਼ਰਚਾ ਸ੍ਰੀ ਦਰਬਾਰ ਸਾਹਿਬ ਵੱਲੋਂ ਹੁੰਦਾ ਹੈ । ਇਹ ਬਾਬਾ ਬੁੱਢਾ ਸਾਹਿਬ ਜੀ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ ਆਰੰਭ ਕੀਤੀ ਹੋਣ ਕਰ ਕੇ ਇਤਿਹਾਸਕ ਚੌਂਕੀ ਹੈ ।

ਉਪ੍ਰੋਕਤ ਚੌਂਕੀ ਤੋਂ ਪ੍ਰਭਾਵਤ ਹੋ ਕੇ ਕੁਝ ਪ੍ਰੇਮੀਆਂ ਨੇ ਹੋਰ ਸਮਿਆਂ 'ਤੇ ਕੁਝ ਚੌਂਕੀਆਂ ਆਰੰਭ ਕਰ ਲਈਆਂ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

੨. ਚੌਂਕੀ ਮਹੰਤ ਸੋਭਾ ਸਿੰਘ ਜੀ । ੩. ਚੌਂਕੀ ਮਹੰਤ ਦੀਨਾ ਨਾਥ ਜੀ । ਪਹਿਲਾਂ ਇਹ ਇਕੋ ਚੌਂਕੀ ਸੀ, ਜਿਸ ਨੂੰ ੧੯੩੦ ਈ: ਵਿੱਚ ਭਾਈ ਘਨੱਯਾ ਸਿੰਘ ਅੱਡਣਸ਼ਾਹੀ ਨੇ ਆਰੰਭ ਕੀਤਾ ਸੀ, ਪਰ ਹੁਣ ਇਹ ਚੌਂਕੀ ਉਪ੍ਰੋਕਤ ਦੋਹਾਂ ਮਹੰਤਾਂ ਦੇ ਨਾਮ 'ਤੇ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ, ਭਾਵ ਦੋ ਚੌਂਕੀਆਂ ਬਣ ਗਈਆਂ ਹਨ । ਇਹ ਦੋਵੇਂ ਚੌਂਕੀਆਂ ਪਹਿਲੀ ਚੌਂਕੀਤੋਂ ਬਾਅਦ ਤੇ ਸਮਾਪਤੀ ਤੋਂ ਪਹਿਲਾਂ ਪਹਿਲਾਂ ਅੱਗੜ-ਪਿੱਛੜ ਚੜ੍ਹਦੀਆਂ ਹਨ । ਤੀਜੀ ਚੌਂਕੀ ਦੇ ਇਸ ਵਕਤ ਦੋ ਮਹੰਤ ਹਨ- ਮਹੰਤ ਕਰਮ ਸਿੰਘ ਜੀ ਅਤੇ ਮਹੰਤ ਅਮਰ ਸਿੰਘ ਜੀ । ਦੀਨਾ ਨਾਥ ਅੰਮ੍ਰਿਤ ਛਕ ਕੇ ਦੀਨਾ ਸਿੰਘ ਬਣ ਗਏ ਸਨ । ਮਹੰਤ ਅਮਰ ਸਿੰਘ ਜੀ ਮਹੰਤ ਦੀਨਾ ਸਿੰਘ ਦੇ ਸਪੁੱਤਰ ਹਨ ।

੪. ਇਹ ਚੌਥੀ ਚੌਂਕੀ ਭਾਈ ਅਰਜਨ ਸਿੰਘ ਬਾਗਾਂ ਵਾਲੇ ਦੇ ਭਰਾ ਭਾਈ ਨਰੈਣ ਸਿੰਘ ਨੇ ੧੯੦੫ ਈ: ਵਿੱਚ ਆਰੰਭ ਕੀਤੀ ਸੀ । ਇਹ ਚੌਂਕੀ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪੁੱਜਣ ਤੋਂ ਬਾਅਦ ਆਰੰਭ ਹੁੰਦੀ ਹੈ ।

੫. ਇਹ ਪੰਜਵੀਂ ਚੌਂਕੀ ਪਹਿਲੇ ਮਹੰਤ ਭਾਈ ਸੰਤ ਸਿੰਘ ਜੀ ਕਲੀ ਵਾਲਿਆਂ ਨੇ ੧੯੧੦ ਈ: ਵਿੱਚ ਆਰੰਭ ਕੀਤੀ ਸੀ । ਇਹ ਚੌਂਕੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ

ਸ੍ਰੀ ਆਸਾ ਜੀ ਦੀ ਵਾਰ ਦੇ ਭੋਗ, ਅਰਦਾਸ ਤੇ ਮਹਾਂਵਾਕ ਹੋਣ ਤੋਂ ਬਾਅਦ ਆਰੰਭ ਹੁੰਦੀ ਹੈ। ਇਹ ਪੰਜੇ ਚੌਂਕੀਆਂ ਸਿਰਫ਼ ਅੰਮ੍ਰਿਤਸਰ ਸਰੋਵਰ ਦੀ ਹੀ ਪ੍ਰਕਰਮਾ ਕਰਦੀਆਂ ਹਨ।

੬. ਇਕ ਚੌਂਕੀ ਹਰ ਮੱਸਿਆ ਤੋਂ ਇਕ ਦਿਨ ਪਹਿਲਾਂ ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਪੈਦਲ ਸ਼ਬਦ ਪੜ੍ਹਦਿਆਂ ਰਸਤੇ ਵਿੱਚ ਸੰਗਤਾਂ ਵੱਲੋਂ ਪ੍ਰਸ਼ਾਦਾ ਤੇ ਚਾਹ-ਪਾਣੀ ਦੇ ਲੰਗਰ ਛਕਦਿਆਂ ਸ੍ਰੀ ਦਰਬਾਰ ਸਾਹਿਬ ਤਰਨ-ਤਾਰਨ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਪਹਿਲੇ ਮਹਾਂਵਾਕ ਹੋਣ ਤੋਂ ਪਹਿਲਾਂ-ਪਹਿਲਾਂ ਉਥੇ ਪਹੁੰਚ ਜਾਂਦੀ ਹੈ।

੭. ਏਸੇ ਤਰ੍ਹਾਂ ਹਰ ਪੁੰਨਿਆ ਤੋਂ ਪਹਿਲੇ ਦਿਨ, ਰਾਤ ਨੂੰ ਇਕ ਚੌਂਕੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਅੰਮ੍ਰਿਤ ਵੇਲੇ ਦੇ ਮਹਾਂਵਾਕ ਤੋਂ ਪਹਿਲਾਂ ਗੋਇੰਦਵਾਲ ਪੁੱਜ ਜਾਂਦੀ ਹੈ। ਇਹ ਦੋਵੇਂ ਚੌਂਕੀਆਂ ਵਾਪਸ ਮੁੜਦਿਆਂ ਬੱਸ ਜਾਂ ਰੇਲ 'ਤੇ ਵਾਪਸ ਅੰਮ੍ਰਿਤਸਰ ਆ ਜਾਂਦੀਆਂ ਹਨ।

ਇਨ੍ਹਾਂ ਉਪ੍ਰੋਕਤ ਚੌਂਕੀਆਂ ਤੋਂ ਇਲਾਵਾ ਖਾਸ ਗੁਰਪੁਰਬਾਂ ਜਾਂ ਸਾਲਾਨਾ ਜੋੜ-ਮੇਲਿਆਂ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਛੇਹਰਟੇ, ਵੇਰਕੇ, ਵੱਲੇ, ਝਬਾਲ, ਬੀੜ ਬਾਬਾ ਬੁੱਢਾ ਸਾਹਿਬ, ਗੁ: ਸੰਨ੍ਹ ਸਾਹਿਬ ਬਾਸਰਕੇ ਅਤੇ ਗੁ: ਵਡਾਲੀ ਸਾਹਿਬ ਆਦਿ ਸਥਾਨਾਂ ਨੂੰ ਸਾਲ ਵਿੱਚ ਇਕ ਇਕ ਵਾਰ ਹਰ ਇਕ ਚੌਂਕੀ ਚੜ੍ਹਦੀ ਹੈ। ਇਨ੍ਹਾਂ ਚੌਂਕੀਆਂ ਨੂੰ ਯਾਤ੍ਰਾ-ਚੌਂਕੀਆਂ ਕਹਿੰਦੇ ਹਨ। ਇਨ੍ਹਾਂ ਚੌਂਕੀਆਂ ਦਾ ਸੰਬੰਧ ਬਾਹਰਲੇ ਗੁਰਦੁਆਰਿਆਂ ਨਾਲ ਹੋਣ ਕਰ ਕੇ ਅਤੇ ਵਿਸਥਾਰ ਦੇ ਭੈ ਤੋਂ ਇਨ੍ਹਾਂ ਚੌਂਕੀਆਂ ਬਾਰੇ ਇਥੇ ਵਿਸਥਾਰ ਸਹਿਤ ਵਰਣਨ ਨਹੀਂ ਕੀਤਾ।

**ਝੰਡੇ (ਭਾਵ ਨਿਸ਼ਾਨ ਸਾਹਿਬ)**– ੧. ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਤਿਆਰ ਹੋਇਆ, ਤਦੋਂ ਬਾਂਸ ਦੀ ਲੱਕੜ ਦਾ ਝੰਡਾ ਖੜ੍ਹਾ ਕੀਤਾ ਗਿਆ। ਨਿਸ਼ਾਨ ਸਾਹਿਬ ਚੁੱਕਣ ਵਾਲਿਆਂ ਵਿੱਚੋਂ ਇਕ ਨਿਸ਼ਾਨਚੀ ਝੰਡੇ ਦੀ ਸੇਵਾ ਵਾਸਤੇ ਮੁਕੱਰਰ ਹੋਇਆ।

੨. ਸੰਮਤ ੧੮੪੦ ਬਿ: ਵਿੱਚ ਸ੍ਰੀ ਮਹੰਤ ਪ੍ਰੀਤਮ ਦਾਸ ਨਿਰਬਾਣ ਅਤੇ ਸ੍ਰੀ ਮਹੰਤ ਸੰਤੋਖ ਦਾਸ ਨਿਰਬਾਣ (ਜੋ ਕਿ ਗੁਰੂ ਕੇ ਉਦਾਸੀ ਪੰਥ ਦੇ ਮੁਖੀ ਸਨ) ਇਕ ਵਾਰ ਗੁਰਧਾਮਾਂ ਦੀ ਯਾਤਰਾ 'ਤੇ ਧਰਮ ਪ੍ਰਚਾਰ ਕਰਦੇ ਹੋਏ ਹਰਿਦੁਆਰ ਤੋਂ ਅੱਗੇ ਦੇਹਰਾ ਰਾਮ ਰਾਇ (ਜਿਸ ਨੂੰ ਹੁਣ ਦੇਹਰਾਦੂਨ ਕਹਿੰਦੇ ਹਨ) ਵਿਖੇ ਪਹੁੰਚੇ। ਸਾਲ੍ਹ ਦੇ ਦਰੱਖਤ ਦਾ ਇਕ ਲੰਬਾ ਛੜ (ਵਲ੍ਹਾ) ਝੰਡਾ ਸਾਹਿਬ ਵਾਸਤੇ ਬੜੇ ਤਰੱਦਦ ਨਾਲ ਲੈ ਕੇ ਅੰਮ੍ਰਿਤਸਰ ਆਏ। ਬਾਂਸ ਦੀ ਲੱਕੜ ਦੀ ਥਾਂ ਸਾਲ੍ਹ ਦੀ ਲੱਕੜ ਦੇ ਵਲ੍ਹੇ ਦਾ ਝੰਡਾ ਖੜ੍ਹਾ ਕਰ ਦਿੱਤਾ।

੩. ਸੰਮਤ ੧੮੭੭ ਬਿ: ਨੂੰ ਸ: ਦੇਸਾ ਸਿੰਘ ਮਜੀਠਾ ਨੇ ਜੋ ਮਹਾਰਾਜਾ ਰਣਜੀਤ ਸਿੰਘ ਦਾ ਮੁਲਾਜ਼ਮ ਸੀ, ਲੋਹੇ ਦਾ ਝੰਡਾ ਬਣਵਾ ਕੇ ਉਸ ਉੱਪਰ ਤਾਂਬੇ ਦਾ ਖੋਲ ਚੜ੍ਹਾ ਕੇ ਉਸ ਨੂੰ ਸੋਨੇ ਦੇ ਵਰਕ ਚੜ੍ਹਾ ਕੇ ਸੁਨਿਹਰੀ ਕਰ ਦਿੱਤਾ ਗਿਆ। ਮਹੰਤ ਪ੍ਰੀਤਮ ਦਾਸ ਤੇ ਮਹੰਤ ਸੰਤੋਖ ਦਾਸ ਵੱਲੋਂ ਦੇਹਰਾਦੂਨ ਤੋਂ ਲਿਆਂਦਾ ਸਾਲ੍ਹ ਦਾ ਝੰਡਾ ਉਖੇੜ ਕੇ ਸਰੋਵਰ ਦੇ ਜਲ ਵਿੱਚ ਰੱਖ ਦਿੱਤਾ ਤੇ ਆਪਣਾ ਬਣਾਇਆ ਲੋਹੇ ਦਾ ਸੁਨਹਿਰੀ ਝੰਡਾ ਖੜ੍ਹਾ ਕਰ ਦਿੱਤਾ। ਜਦੋਂ ਮਹਾਰਾਜ ਰਣਜੀਤ ਸਿੰਘ ਵੱਲੋਂ ਲੋਹੇ ਦਾ ਝੰਡਾ ਬਣਵਾ ਕੇ ਤੇ ਸੁਨਹਿਰੀ ਕਰ ਕੇ ਖੜ੍ਹਾ ਕਰਨ ਦਾ ਹੁਕਮ ਹੋਇਆ ਤਾਂ ਦੇਸਾ ਸਿੰਘ ਨੇ ਲੋਹੇ ਦਾ ਝੰਡਾ ਬਣਵਾ ਤਾਂ ਦਿੱਤਾ ਤੇ ਸੁਨਹਿਰੀ ਵੀ ਕਰ ਦਿੱਤਾ ਪਰ ਉਸ ਨੂੰ ਖੜ੍ਹਾ ਨਾ ਕੀਤਾ। ਉਸ ਨੂੰ ਇਹ ਡਰ ਹੋ ਗਿਆ ਕਿ ਮਹਾਰਾਜੇ ਵੱਲੋਂ ਬਣਾਇਆ ਲੋਹੇ ਦਾ ਸੁਨਹਿਰੀ

ਝੰਡਾ ਖੜ੍ਹਾ ਹੋ ਗਿਆ ਤਾਂ ਮੇਰੇ ਵੱਲੋਂ ਖੜ੍ਹਾ ਕੀਤਾ ਝੰਡਾ ਪੁੱਟਣਾ ਪਵੇਗਾ। ਇਸ ਲਈ ਮਹਾਰਾਜੇ ਵੱਲੋਂ ਤਿਆਰ ਕੀਤਾ ਲੋਹੇ ਦਾ ਸੁਨਹਿਰੀ ਕੀਤਾ ਝੰਡਾ ਕਾਫੀ ਸਾਲ ਰਾਮਗੜ੍ਹੀਆ ਬੁੰਗੇ ਦੇ ਨੇੜੇ ਪਿਆ ਰਿਹਾ।

੪. ਸੰਮਤ ੧੮੯੮ ਬਿ: ਵਿੱਚ ਜਦ ਮਹਾਰਾਜਾ ਸ਼ੇਰ ਸਿੰਘ ਗੱਦੀ-ਨਸ਼ੀਨ ਹੋਏ ਤਾਂ ਉਸ ਸਮੇਂ ਅਜਿਹਾ ਭਾਰੀ ਤੂਫਾਨ ਆਇਆ, ਜਿਸ ਨੇ ਸ: ਦੇਸਾ ਸਿੰਘ ਵਾਲੇ ਝੰਡੇ ਨੂੰ ਤੋੜ ਦਿੱਤਾ ਜਿਸ ਨੂੰ ਸ: ਦੇਸਾ ਸਿੰਘ ਦੇ ਪੁੱਤਰ ਸ: ਲਹਿਣਾ ਸਿੰਘ ਨੇ ਮੁਰੰਮਤ ਕਰਵਾ ਕੇ ਖੜ੍ਹਾ ਕਰ ਦਿੱਤਾ। ਉਸ ਵਕਤ ਮਹਾਰਾਜਾ ਰਣਜੀਤ ਸਿੰਘ ਵੱਲੋਂ ਤਿਆਰ ਕੀਤਾ ਝੰਡਾ ਵੀ ਖੜ੍ਹਾ ਕਰ ਦਿੱਤਾ ਗਿਆ। ਉਸ ਤੋਂ ਬਾਅਦ ਇਹ ਦੋਵੇਂ ਲੋਹੇ ਦੇ ਝੰਡੇ ਜਿਨ੍ਹਾਂ ਉੱਪਰ ਤਾਂਬੇ ਦਾ ਖੋਲ ਚੜ੍ਹਾ ਕੇ ਉਨ੍ਹਾਂ ਨੂੰ ਸੋਨੇ ਦੇ ਵਰਕ ਚੜ੍ਹਾ ਕੇ ਸੁਨਹਿਰੀ ਕੀਤਾ ਹੋਇਆ ਸੀ ਕਾਫੀ ਅਰਸੇ ਤੱਕ ਸ਼ਾਨ ਨਾਲ ਝੂਲਦੇ ਰਹੇ।*

ਪਰ ਵਰਤਮਾਨ ਵਿਦਵਾਨ ਚਿੰਤਕਾਂ ਦਾ ਵੀਚਾਰ ਹੈ ਕਿ ਇਕ ਨਿਸ਼ਾਨ ਸਾਹਿਬ ਪੰਚਮ ਪਾਤਸ਼ਾਹ ਅਤੇ ਦੂਜਾ ਛੇਵੇਂ ਪਾਤਸ਼ਾਹ ਨੇ ਖੜ੍ਹਾ ਕੀਤਾ ਇਹ ਦੋਨੋਂ ਨਿਸ਼ਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੀਰੀ ਅਤੇ ਮੀਰੀ ਦੇ ਚਿੰਨ੍ਹ ਰੂਪ ਗੁਰੂ ਸਾਹਿਬਾਨ ਵੱਲੋਂ ਹੀ ਸਥਾਪਤ ਕੀਤੇ ਹੋਏ ਹਨ।

੫. ਉਪ੍ਰੋਕਤ ਦੋਵੇ ਨਿਸ਼ਾਨ ਸਾਹਿਬ ਪੁਰਾਣੇ ਤੇ ਖਸਤਾ ਹੋਣ ਕਰ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ੧੯੬੨ ਈ: ਵਿੱਚ ਇਨ੍ਹਾਂ ਦੋਹਾਂ ਦੀ ਜਾਂ ਦੋ ਨਵੇਂ ਨਿਸ਼ਾਨ ਸਾਹਿਬ ਬਣਵਾ ਕੇ ਖੜ੍ਹੇ ਕਰਨ ਦਾ ਫੈਸਲਾ ਕੀਤਾ। ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਸਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹ ਸਿੰਘ ਜੀ। ਦੋਹਾਂ ਸੰਤਾਂ ਨੇ ਸ: ਆਤਮਾ ਰਾਮ ਸਿੰਘ ਨੂੰ (ਜੋ ਕਾਫੀ ਸਮਾਂ ਅਫ਼ਰੀਕਾ ਰਹਿ ਆਏ ਸਨ) ਇਹ ਸੇਵਾ ਸੌਂਪੀ। ਇਨ੍ਹਾਂ ਕੁਝ ਮਾਇਆ ਆਪਣੇ ਕੋਲੋਂ ਕੁਝ ਸੰਗਤਾਂ ਪਾਸੋਂ ਤੇ ਬਾਕੀ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ 'ਚੋਂ ਖਰਚ ਕਰ ਕੇ ਆਪਣੀ ਨਿਗਰਾਨੀ ਵਿੱਚ ਦੋਵੇਂ ਨਿਸ਼ਾਨ ਸਾਹਿਬ ਤਿਆਰ ਕਰਵਾਏ। ਲੋਹੇ ਦੇ ਤਿਆਰ ਕਰ ਕੇ ਉੱਪਰ ਤਾਂਬੇ ਦੇ ਖੋਲ ਚੜ੍ਹਾਏ। ਤਾਂਬੇ ਉੱਪਰ ਛੇ-ਛੇ ਵਰਕ ਸੋਨੇ ਦੇ ਚੜ੍ਹਾਏ ਗਏ, ਵਿਚਕਾਰੋਂ ਗੋਲ, ਮੋਟਾ ਸੁਰਾਖ ਰੱਖਿਆ, ਜਿਸ ਰਾਹੀਂ ਬਿਜਲੀ ਦੀਆਂ ਤਾਰਾਂ ਉੱਪਰ ਤੱਕ ਜਾਣ, ਜਿਨ੍ਹਾਂ ਨਾਲ ਨਿਸ਼ਾਨ ਸਾਹਿਬ ਦੇ ਉੱਪਰ ਬਿਜਲੀ ਦੇ ਬਲਬ ਜਗ ਸਕਣ। ਜਦ ਦੋਵੇਂ ਨਿਸ਼ਾਨ ਸਾਹਿਬ ਮੁਕੰਮਲ ਤਿਆਰ ਹੋ ਗਏ ਤਾਂ ਪੁਰਾਣੇ ਨਿਸ਼ਾਨ ਸਾਹਿਬ ਉਖਾੜ ਕੇ ਪਾਸੇ ਰੱਖ ਦਿੱਤੇ। ਪੁਰਾਣੇ ਨਿਸ਼ਾਨ ਸਾਹਿਬ ਪਹਿਲੀ ਪ੍ਰਕਰਮਾਂ ਦੇ ਨੇੜੇ ਤੇ ਨਵੀਂ ਡਿਉਢੀ ਤੋਂ ਦੂਰ ਸਨ ਚੂੰਕਿ, ਨਵੇਂ ਨਿਸ਼ਾਨ ਸਾਹਿਬ ਨਵੀਂ ਡਿਉਢੀ ਦੇ ਨੇੜੇ ਖੜ੍ਹੇ ਕਰਨੇ ਸਨ, ਇਸ ਲਈ ਉਨ੍ਹਾਂ ਵਾਸਤੇ ਨਵੇਂ ਟੋਏ ਪੁੱਟਣ ਦੀ ਆਰੰਭਕ ਰਸਮ ਲਈ ਅਰਦਾਸ ਕਰ ਕੇ ਪੰਜਾਂ ਪਿਆਰਿਆਂ ਨੇ (੧੯੨੩ ਈ: ਦੀ ਕਾਰ-

*ੳ. (ਦੇਖੋ ਤਵਾਰੀਖ ਅੰਮ੍ਰਿਤਸਰ (੧੯੧੪-੧੫) ਕ੍ਰਿਤ ਗਿ: ਗਿਆਨ ਸਿੰਘ ਦਾ ਪੰਨਾ ੫੧)।
ਅ. (ਦੇਖੋ ਤਾਰੀਖ ਦਰਬਾਰ ਅੰਮ੍ਰਿਤਸਰ ਉਰਦੂ (੧੯੧੨ ਈ:) ਕ੍ਰਿਤ ਸ: ਊਧਮ ਸਿੰਘ ਦਾ ਪੰਨਾ ੩੭-੩੮)।
ੲ. (ਦੇਖੋ ਇਤਿਹਾਸਕ ਪੱਤਰ ਸੈਂਚੀ ੩, ਪੰਨਾ ੩੯੮, ਪ੍ਰਕਾਸ਼ਕ ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ ਸੰਨ ੧੯੫੧-੫੩)।

ਸੇਵਾ ਵਿੱਚ ਵਰਤੀਆਂ) ਸੋਨੇ ਦੀਆਂ ਪੰਜਾਂ ਕਹੀਆਂ ਨਾਲ ਪੰਜ-ਪੰਜ ਟੱਕ ਲਾ ਕੇ ਸੇਵਾ ਆਰੰਭ ਕੀਤੀ। ਪੰਜ ਪਿਆਰੇ ਇਹ ਸਨ :

੧. ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ, ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।
੨. ਸਿੰਘ ਸਾਹਿਬ ਗਿਆਨੀ ਅੱਛਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।
੩. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।
੪. ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਮੁੱਖੀ ਸੰਪ੍ਰਦਾਇ ਭਿੰਡਰਾਂ।
੫. ਦਾਸ (ਗਿਆਨੀ ਕਿਰਪਾਲ ਸਿੰਘ), ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।

ਹਿਸਾਬ ਨਾਲ ਡੂੰਘੇ ਟੋਏ ਪੁੱਟਣ ਤੋਂ ਬਾਅਦ ਇੰਜੀਨੀਅਰਾਂ ਨੇ ਹੋਰ ਤਜਰਬਾਕਾਰ ਵਿਅਕਤੀਆਂ ਦੀ ਦੇਖ-ਰੇਖ ਹੇਠ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਦੋਨੋਂ ਸੁਨਹਿਰੀ ਨਿਸ਼ਾਨ ਸਾਹਿਬ ਖੜ੍ਹੇ ਕਰ ਕੇ, ਝੰਡਾ ਬੁੰਗਾ ਡਿਉਢੀ ਵਿੱਚ ਲੋਹੇ ਦੇ ਬਾਹਰ ਵਧਵੇਂ, ਮੋਟੇ ਕੁੰਡਿਆਂ ਨਾਲ ਕੱਸ ਦਿੱਤੇ ਤੇ ਦੋਹਾਂ ਨੂੰ ਆਪਸ ਵਿੱਚ ਵੀ ਲੋਹੇ ਦੇ ਮੋਟੇ ਪੱਤ੍ਰਾਂ ਨਾਲ ਕੱਸ ਦਿੱਤਾ। ਜੋ ਦੋਨੋਂ ਸੁਨਹਿਰੀ ਨਿਸ਼ਾਨ ਸਾਹਿਬ ਇਸ ਸਮੇਂ ਬੜੀ ਸ਼ਾਨ ਨਾਲ ਝੂਲ ਰਹੇ ਹਨ ਤੇ ਪੰਥ ਦੀ ਸ਼ਾਨ ਨੂੰ ਚਾਰ ਚੰਨ ਲਾ ਰਹੇ ਹਨ।

ਇਨ੍ਹਾਂ ਉਪ੍ਰੋਕਤ ਦੋ ਵੱਡੇ ਝੰਡਿਆਂ (ਨਿਸ਼ਾਨ ਸਾਹਿਬਾਂ) ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੀ ਤੀਜੀ ਮੰਜ਼ਲ ਦੇ ਬਰਾਬਰ ਪਹਿਲਾਂ ਇਕ ਲੱਕੜ ਦਾ ਚੋਬੀ ਝੰਡਾ ਸੀ ਪਰ ਸੰਮਤ ੧੯੮੩ ਬਿ: ਵਿੱਚ ਲਾਲਾ ਰਾਮ ਕ੍ਰਿਸ਼ਨ ਅਤੇ ਲਾਲ ਚੰਦ ਖੱਤ੍ਰੀ ਨੇ ਚੋਬੀ ਝੰਡੇ ਉੱਪਰ ਸੁਨਹਿਰੀ ਰੰਗ ਕਰਵਾ ਦਿੱਤਾ। ਇਹ ਝੰਡਾ ਹੁਣ ਵੀ ਝੂਲ ਰਿਹਾ ਹੈ।

*(ਦੇਖੋ ਤਵਾਰੀਖ ਅੰਮ੍ਰਿਤਸਰ ਪੰਨਾ ੨੭)*

ਏਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੀਜੀ ਮੰਜ਼ਲ 'ਤੇ ਵੀ ਇਕ ਛੋਟਾ ਝੰਡਾ ਖੜ੍ਹਾ ਕੀਤਾ ਹੋਇਆ ਸੀ ਤੇ ਇਕ ਛੋਟਾ ਝੰਡਾ ਸ੍ਰੀ ਅਕਾਲ ਤਖ਼ਤ ਦੀ ਉੱਤਰ-ਪੱਛਮੀ ਕੋਨ ਦੇ ਨੇੜੇ ਹੇਠ ਸਿਹਨ ਦੇ ਫਰਸ਼ 'ਤੇ ਗੋਲ ਥੜ੍ਹਾ ਬਣਾ ਕੇ ਉਸ ਦੇ ਵਿਚਕਾਰ ਖੜ੍ਹਾ ਕੀਤਾ ਹੋਇਆ ਸੀ, ਜੋ ਜੂਨ ੧੯੮੪ ਈ: ਦੇ ਨੀਲਾ ਤਾਰਾ ਘਲੂਘਾਰੇ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵੀਂ ਇਮਾਰਤ ਉਸਾਰਨ ਲਈ ਪਹਿਲੀ ਇਮਾਰਤ ਨੂੰ ਢਾਹੁਣ ਸਮੇਂ ਦੋਨੋਂ ਛੋਟੇ ਝੰਡੇ ਵੀ ਉਖਾੜ ਦਿੱਤੇ ਗਏ ਸਨ। ਨਵੀਂ ਇਮਾਰਤ ਦੇ ਮੁਕੰਮਲ ਹੋਣ 'ਤੇ ਇਹ ਦੋਵੇਂ ਨਿਸ਼ਾਨ ਸਾਹਿਬ ਫਿਰ ਨਵੇਂ ਬਣਾ ਕੇ ਖੜ੍ਹੇ ਕਰ ਦਿੱਤੇ ਜਾਣਗੇ।

ਗੁਰੂ ਸਾਹਿਬ ਵੱਲੋਂ ਸਥਾਪਤ ਕੀਤੇ ਝੰਡਿਆਂ ਤੋਂ ਪ੍ਰੇਰਤ ਹੋ ਕੇ ਹੁਣ ਹਰ ਇਤਿਹਾਸਕ ਤੇ ਸਥਾਨਕ ਗੁਰਦੁਆਰੇ ਵਿੱਚ ਆਪੋ ਆਪਣੇ ਵਿੱਚ ਮੁਤਾਬਕ ਵੱਡੇ ਛੋਟੇ ਝੰਡੇ ਖੜ੍ਹੇ ਕੀਤੇ ਹੋਏ ਹਨ। ਇਨ੍ਹਾਂ ਉੱਪਰ ਕੇਸਰੀ ਰੰਗ ਦੇ ਚੋਲੇ ਚੜ੍ਹਾਏ ਜਾਂਦੇ ਹਨ। ਨਿਹੰਗ ਸਿੰਘ ਸੁਰਮਈ ਰੰਗ ਦੇ ਚੋਲੇ ਚੜ੍ਹਾਉਂਦੇ ਹਨ। ਝੰਡੇ ਦੇ ਸਿਰ ਉੱਪਰ ਲੋਹੇ ਦਾ ਤੀਰ ਜਾਂ ਨੇਜ਼ੇ ਦਾ ਚਿੰਨ੍ਹ ਜੜਿਆ ਹੁੰਦਾ ਹੈ। ਅੱਜ-ਕਲ੍ਹ ਕਈ ਜਗ੍ਹਾ ਚੱਕਰ ਵਿਚਕਾਰ ਦੋ ਕ੍ਰਿਪਾਨਾਂ ਵਾਲਾ ਚਿੰਨ੍ਹ ਵੀ ਲਾ ਲੈਂਦੇ ਹਨ। ਸਿੱਖਰ 'ਤੇ ਤਿੰਨ-ਕੋਨਾ ਕਪੜੇ ਦਾ ਫਰਰਾ ਲਹਿਰਾਉਂਦਾ ਰਹਿੰਦਾ ਹੈ। ਫਰਰੇ ਉੱਪਰ ੧ਓ ਜਾਂ ਚੱਕਰ ਵਿੱਚ ਕ੍ਰਿਪਾਨਾਂ ਤੇ ਖੰਡੇ ਵਾਲਾ ਚਿੰਨ੍ਹ ਸੁਰਮਈ ਰੰਗ ਦਾ ਬਣਾਇਆ ਹੁੰਦਾ ਹੈ।

**ਬੁੰਗੇ**– ਸ੍ਰੀ ਹਰਿਮੰਦਰ ਸਾਹਿਬ, ਸਰੋਵਰ, ਪ੍ਰਕਰਮਾ ਤੇ ਬੁੰਗਿਆਂ ਅਤੇ ਸਾਰੇ ਸ਼ਹਿਰ

ਅੰਮ੍ਰਿਤਸਰ ਦੀ ਜ਼ਮੀਨ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਇਰਦ-ਗਿਰਦ ਦੇ ਪਿੰਡਾਂ ਦੇ ਜ਼ਿਮੀਂਦਾਰਾਂ ਪਾਸੋਂ ਮੁੱਲ ਖਰੀਦੀ ਸੀ, ਜਿਸ ਕਰ ਕੇ ਸ਼ਹਿਰ ਦੀ ਕੁਲ ਜ਼ਮੀਨ ਦੀ ਮਾਲਕੀ ਗੁਰੂ ਘਰ ਦੀ ਸੀ। ਜਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਖੁਦਾਈ ਸ਼ੁਰੂ ਕਰਵਾਈ, ਤਾਂ ਸਰੋਵਰ ਵਿੱਚੋਂ ਨਿਕਲੀ ਸਾਰੀ ਮਿੱਟੀ ਪ੍ਰਕਰਮਾ ਤੋਂ ਬਾਹਰ-ਵਾਰ ਚੁਫੇਰੇ ਸੁਟਵਾ ਦਿੱਤੀ। ਕਾਰ-ਸੇਵਾ ਤੇ ਦਰਸ਼ਨ ਹਿੱਤ ਆਈਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਲਈ ਗੁਰੂ ਸਾਹਿਬ ਨੇ ਸਰੋਵਰ ਦੀ ਪ੍ਰਕਰਮਾ ਦੇ ਬਾਹਰਵਾਰ ਆਲੇ-ਦੁਆਲੇ ਛੱਪਰੀਆਂ ਅਤੇ ਮਕਾਨ ਬਣਵਾਏ। ਬਾਅਦ ਵਿੱਚ ਛੱਪਰੀਆਂ ਦੇ ਥਾਂ ਕੁਝ ਕੱਚੇ ਮਕਾਨ ਬਣਾਏ ਤੇ ਬਾਅਦ ਵਿੱਚ ਕੱਚੇ ਮਕਾਨਾਂ ਦੇ ਥਾਂ ਪੱਕੇ ਮਕਾਨ ਬਣ ਗਏ, ਜਿਨ੍ਹਾਂ ਵਿੱਚ ਦੀਵਾਲੀ ਤੇ ਵੈਸਾਖੀ ਦੇ ਸਾਲਾਨਾ ਅਤੇ ਮੱਸਿਆ, ਪੁੰਨਿਆਂ, ਸੰਗਰਾਂਦ ਦੇ ਮਾਹਵਾਰੀ ਜੋੜ ਮੇਲਿਆਂ ਸਮੇਂ ਸੰਗਤਾਂ ਦੇ ਲੰਗਰ ਤੇ ਆਰਾਮ ਦਾ ਪ੍ਰਬੰਧ ਹੁੰਦਾ ਰਿਹਾ, ਪਰ ਜਦ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਬਾਰੂਦ ਨਾਲ ਉਡਾ ਦਿੱਤਾ, ਸਰੋਵਰ ਮਿੱਟੀ ਨਾਲ ਭਰ ਦਿੱਤਾ, ਤਾਂ ਇਹ ਮਕਾਨ ਵੀ ਢਾਹ ਦਿੱਤੇ ਗਏ।

ਸਿੱਖ ਮਿਸਲਾਂ ਦੇ ਸਮੇਂ ਜਦ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨਵੇਂ ਸਿਰਿਓਂ ਉਸਾਰੀ ਗਈ ਤੇ ਸਰੋਵਰ ਦੀ ਮੁਰੰਮਤ ਕੀਤੀ ਗਈ, ਤਾਂ ਮਿਸਲਾਂ ਦੇ ਮੁਖੀਆਂ ਨੇ ਬੁੰਗਿਆਂ ਦੀਆਂ ਨਵੀਆਂ ਪੱਕੀਆਂ ਇਮਾਰਤਾਂ ਬਣਾਉਣੀਆਂ ਆਰੰਭ ਕੀਤੀਆਂ। ਜਦੋਂ ਸਿੱਖ ਰਿਆਸਤਾਂ ਕਾਇਮ ਹੋਈਆਂ, ਤਾਂ ਸਿੱਖ ਰਾਜਿਆਂ ਨੇ ਗੁਰੂ-ਘਰ ਦੀ ਸੇਵਾ ਸਮਝ ਕੇ ਸੰਗਤਾਂ ਦੇ ਆਰਾਮ ਵਾਸਤੇ ਪੱਕੇ ਬੁੰਗੇ ਬਣਵਾਏ। ਇਨ੍ਹਾਂ ਦੀ ਦੇਖਾ-ਦੇਖੀ ਹੋਰ ਕਈ ਸਰਦਾਰਾਂ, ਇਲਾਕਿਆਂ ਤੇ ਨਗਰਾਂ ਦੀਆਂ ਸੰਗਤਾਂ ਨੇ ਗੁਰੂ ਕੀਆਂ ਖੁਸ਼ੀਆਂ ਲੈਣ ਲਈ ਬੁੰਗਿਆਂ ਦੀ ਸੇਵਾ ਕਰਵਾਈ। ਬੁੰਗਿਆਂ ਦੇ ਨਾਮ ਸਿੱਖ ਸਰਦਾਰਾਂ, ਰਾਜੇ ਮਹਾਰਾਜਿਆਂ, ਮਿਸਲਾਂ, ਇਲਾਕਿਆਂ ਤੇ ਨਗਰਾਂ ਦੇ ਨਾਮ 'ਤੇ ਪ੍ਰਸਿੱਧ ਹੋਏ। ਗਿਆਨੀਆਂ ਦੇ ਬੁੰਗਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ, ਅਰਥ ਤੇ ਵਿਆਖਿਆ ਦੀ ਸਿਖਲਾਈ ਦਿੱਤੀ ਜਾਂਦੀ ਸੀ। ਰਾਗੀਆਂ ਦੇ ਬੁੰਗਿਆਂ 'ਚ ਗੁਰਮਤਿ ਸੰਗੀਤ ਤੇ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਜਦ ਕਿ ਅਕਾਲੀਆਂ ਦੇ ਬੁੰਗਿਆਂ 'ਚ ਸ਼ਸਤ੍ਰ ਵਿੱਦਿਆ ਦਾ ਅਭਿਆਸ ਕਰਵਾਇਆ ਜਾਂਦਾ ਸੀ ਇਸ ਤੋਂ ਇਲਾਵਾ ਹਰ ਬੁੰਗੇ ਵਿੱਚ ਯਾਤਰੂਆਂ ਦੇ ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਵੀ ਸੀ।

ਬੁੰਗਿਆਂ ਨੂੰ ਗੁਰਦੁਆਰੇ ਦਾ ਹਿੱਸਾ ਹੀ ਸਮਝਿਆ ਜਾਂਦਾ ਰਿਹਾ ਹੈ। ਆਮ ਸਿੱਖ ਸੰਗਤਾਂ ਤੋਂ ਇਲਾਵਾ ਮਿਸਲਾਂ ਦੇ ਸਮੇਂ ਸਿੱਖ ਸਰਦਾਰ ਆਪਣੇ ਜੰਗੀ ਸਵਾਰਾਂ ਸਮੇਤ ਜਦ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਲਈ ਆਉਂਦੇ, ਤਾਂ ਇਨ੍ਹਾਂ ਬੁੰਗਿਆਂ ਵਿੱਚ ਹੀ ਠਹਿਰਦੇ ਸਨ। ਹਰ ਇਕ ਬੁੰਗੇ ਵਿੱਚ ਇਕ ਬੁੰਗਈ ਹੁੰਦਾ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ ਅਤੇ ਬੁੰਗੇ ਆਦਿ ਦੀ ਸਫਾਈ ਅਤੇ ਆਏ ਗਏ ਯਾਤਰੂਆਂ ਦੀ ਸੇਵਾ ਕਰਦਾ ਹੁੰਦਾ ਸੀ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਦ ਕੋਈ ਸਿੱਖ ਸਰਦਾਰ ਜਾਂ ਰਾਜਾ ਮਹਾਰਾਜਾ ਆਉਂਦਾ ਸੀ, ਤਾਂ ਉਹ ਬੁੰਗਿਆਂ ਦੀ ਟਹਿਲ-ਸੇਵਾ ਦੇ ਬਦਲੇ ਸਰਬਰਾਹ ਸ੍ਰੀ ਦਰਬਾਰ ਸਾਹਿਬ ਨੂੰ ਕੁਝ ਮਾਇਆ ਤੇ ਮਿਠਾਈ ਦੇ ਜਾਂਦਾ ਸੀ, ਅੱਗੋਂ ਸਰਬਰਾਹ ਸਾਰੇ ਬੁੰਗਈਆਂ ਨੂੰ ਵੰਡ ਦੇਂਦਾ ਸੀ। ਵੱਡੇ ਵੱਡੇ ਬੁੰਗਿਆਂ ਦੀ ਮੁਰੰਮਤ ਲਈ ਸ੍ਰੀ ਦਰਬਾਰ ਸਾਹਿਬ ਵੱਲੋਂ ਰੁਜ਼ੀਨਾ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਨਾਵਾਂ ਮਿਲਦਾ ਹੁੰਦਾ ਸੀ। ਸਰਬਰਾਹ ਵੱਲੋਂ ਬੁੰਗਿਆਂ ਦੀ ਸਫਾਈ, ਸਫ਼ੈਦੀ

ਤੇ ਮੁਰੰਮਤ ਕਰਨ ਬਾਰੇ ਅਤੇ ਬੁੰਗਿਆਂ ਵਿੱਚ ਬਦਮਾਸ਼ੀ ਜਾਂ ਹੋਰ ਕੋਈ ਕੁਕਰਮ ਨਾ ਕਰਨ ਬਾਰੇ ਆਰਡਰ ਨਿਕਲਦੇ ਹੁੰਦੇ ਸਨ ਪਰ ਜਿਸ ਤਰ੍ਹਾਂ ਸਿੱਖ ਰਾਜ ਜਾਣ ਤੋਂ ਬਾਅਦ ਅੰਗਰੇਜ਼ੀ ਰਾਜ ਆ ਜਾਣ 'ਤੇ ਗੁਰਦੁਆਰਿਆਂ ਦਾ ਪ੍ਰਬੰਧ ਬਹੁਤ ਢਿੱਲਾ ਹੋ ਗਿਆ, ਉਸੇ ਤਰ੍ਹਾਂ ਬੁੰਗਿਆਂ ਦਾ ਪ੍ਰਬੰਧ ਵੀ ਕੋਈ ਤਸੱਲੀ-ਬਖ਼ਸ਼ ਨਾ ਰਿਹਾ। ਬੁੰਗਿਆਂ ਵਿੱਚ ਚੋਰੀਆਂ, ਬਦਮਾਸ਼ੀਆਂ ਅਤੇ ਸਿੱਖ ਧਰਮ ਦੇ ਵਿਰੁੱਧ ਪ੍ਰਚਾਰ ਦੇ ਕੰਮ ਹੋਣ ਲੱਗ ਪਏ। ਜਿਸ ਦੇ ਸੁਧਾਰ ਹਿਤ ਤੇ ਗੁਰਦੁਆਰਿਆਂ ਵਿੱਚ ਪੰਥਕ ਪ੍ਰਬੰਧ ਲਿਆਉਣ ਲਈ ਅਕਾਲੀ ਲਹਿਰ ਦਾ ਜਨਮ ਹੋਇਆ। ਪੰਥਕ ਪ੍ਰਬੰਧ ਆ ਜਾਣ ਨਾਲ ਬੁੰਗਿਆਂ ਵਿੱਚੋਂ ਬਦਮਾਸ਼ੀਆਂ ਤੇ ਕੁਰੀਤੀਆਂ ਦੂਰ ਹੋ ਗਈਆਂ। ਕਾਰ-ਸੇਵਾ ਅਤੇ ਮੋਰਚਿਆਂ ਦੇ ਦਿਨਾਂ ਵਿੱਚ ਸੰਗਤਾਂ ਅਤੇ ਅਕਾਲੀ ਜਥੇ ਇਨ੍ਹਾਂ ਬੁੰਗਿਆਂ ਵਿੱਚ ਹੀ ਰਹਿੰਦੇ ਸਨ।

੧੯੨੫ ਈ: ਵਿੱਚ ਗੁਰਦੁਆਰਾ ਐਕਟ ਬਣਨ ਬਾਅਦ ਕਮੇਟੀ ਨੇ ਜਦ ਬੁੰਗਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਜਾਇਦਾਦ ਵਿੱਚ ਦਰਜ ਕਰ ਦਿੱਤਾ, ਤਾਂ ਬੁੰਗਈਆਂ, ਪਿੰਡਾਂ ਤੇ ਇਲਾਕਿਆਂ ਵਾਲਿਆਂ ਨੇ ਆਪਣੀ ਮਲਕੀਅਤ ਦੱਸ ਕੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਲਾਹੌਰ ਵਿੱਚ ਦਾਅਵੇ ਦਾਇਰ ਕਰ ਦਿੱਤੇ। ਸਰਕਾਰ ਅੰਗਰੇਜ਼ੀ ਬੁੰਗਈਆਂ ਦੇ ਹੱਕ ਵਿੱਚ ਅਦਾਲਤੀ ਫੈਸਲੇ ਕਰਵਾਉਣ ਲੱਗੀ ਤਾਂ, ਕਮੇਟੀ ਨੇ ਇਸ ਪੰਥਕ ਜਾਇਦਾਦ ਨੂੰ ਖੁਰਦ-ਬੁਰਦ ਹੋਣੋਂ ਬਚਾਉਣ ਲਈ ਬੁੰਗਈਆਂ ਨਾਲ ਹੇਠ ਲਿਖੀਆਂ ਸ਼ਰਤਾਂ 'ਤੇ ਸਮਝੌਤੇ ਕਰ ਲਏ -

੧. ਇਹ ਬੁੰਗਾ ਯਾਤਰੂਆਂ ਸ੍ਰੀ ਦਰਬਾਰ ਸਾਹਿਬ ਲਈ ਵਕਫ਼ ਹੈ, ਇਸ ਦੀ ਜਾਇਦਾਦ ਨੂੰ ਕੋਈ ਗਹਿਣੇ ਜਾਂ ਬੈਅ ਨਹੀਂ ਕਰ ਸਕਦਾ।

੨. ਇਸ ਦਾ ਪ੍ਰਬੰਧ ਬੁੰਗੇ ਦੇ ਬਾਨੀਆਂ ਦੀ ਉਲਾਦ ਪਾਸ ਨਸਲਨ-ਬਾਅਦ ਨਸਲ ਉਦੋਂ ਤੱਕ ਰਹੇਗਾ ਜਦ ਤੱਕ ਉਹ ਸਿੱਖ ਰਹਿਣਗੇ। ਸਰਬਰਾਹੀ ਵੀ ਉਹ ਆਪ ਕਰਣਗੇ ਤੇ ਬੁੰਗਈ ਵੀ ਉਹੋ ਮੁਕੱਰਰ ਕਰਨਗੇ, ਜੋ ਅੰਮ੍ਰਿਤਧਾਰੀ ਸਿੱਖ ਹੋਵੇ।

੩. ਬੁੰਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸਫਾਈ ਆਦਿ ਕਰੇਗਾ, ਬੁੰਗੇ ਵਿੱਚ ਸਿੱਖ ਧਰਮ ਦੇ ਖਿਲਾਫ਼ ਕੋਈ ਕੰਮ ਨਹੀਂ ਹੋਣ ਦੇਵੇਗਾ। ਯਾਤਰੂਆਂ ਨੂੰ ਉਤਾਰੇਗਾ, ਪਰ ਉਨ੍ਹਾਂ ਪਾਸੋਂ ਕੋਈ ਕਿਰਾਇਆ ਆਦਿ ਨਹੀਂ ਲਏਗਾ।

੪. ਬੁੰਗਈ ਬਾਰੇ ਗੁਰਦੁਆਰਾ ਪ੍ਰਬੰਧਕ ਕਮੇਟੀ ਜੇ ਕੋਈ ਸ਼ਿਕਾਇਤ ਕਰੇ, ਤਾਂ ਪ੍ਰਬੰਧਕ ਪੁਰਾਣੇ ਬੁੰਗਈ ਨੂੰ ਹਟਾ ਕੇ ਨਵਾਂ ਬੁੰਗਈ ਰੱਖਣਗੇ।

੫. ਪ੍ਰਕਰਮਾ ਵਾਲੇ ਪਾਸੇ ਕੋਈ ਨਵੀਂ ਤਬਦੀਲੀ ਗੁਰਦੁਆਰਾ ਕਮੇਟੀ ਦੀ ਆਗਿਆ ਤੋਂ ਬਿਨਾਂ ਨਹੀਂ ਕਰ ਸਕਣਗੇ।

ਅਸੀਂ ਹੇਠ ਬੁੰਗਹ ਜਾਂ ਬੁੰਗਾ ਪਦ ਦੇ ਕੋਸ਼ਾਂ ਤੇ ਲੁਗਾਤਾਂ ਅਨੁਸਾਰ ਅਰਥ ਤੇ ਲਗਭਗ ਸੰਮਤ ੧੯੭੧ ਬਿ: (ਮੁਤਾਬਕ ੧੯੧੪ ਈ:) ਦੇ ਸਮੇਂ ਬੁੰਗੇ ਦਾ ਨਾਮ, ਮਲਕੀਅਤ, ਬਣਨ ਦਾ ਸੰਮਤ ਅਤੇ ਲਾਗਤ ਦਾ ਵੇਰਵਾ ਦਰਜ ਕਰ ਰਹੇ ਹਾਂ -

**ਪੁਰਾਣੇ ਬੁੰਗਿਆਂ ਦਾ ਵੇਰਵਾ**- ਬੁੰਗਾ ਜਾਂ ਬੁੰਗਹ ਫ਼ਾਰਸੀ ਦਾ ਪਦ ਹੈ, ਜਿਸ ਦਾ ਅਰਥ ਹੈ-ਅਸਥਾਨ, ਰਹਿਣ ਦੀ ਥਾਂ। ਇਸੇ ਹੀ ਪਦ ਤੋਂ ਅਕਾਲ ਬੁੰਗਾ ਅਤੇ ਸ਼ਹੀਦ ਬੁੰਗਾ ਆਦਿ ਪਦ ਬਣੇ ਹਨ। ਦੇਖੋ ਮਹਾਨ ਕੋਸ਼। ਲੁਗਾਤ ਕਿਸ਼ੋਰੀ ਅਨੁਸਾਰ, ਉਹ ਮਕਾਨ ਜਿਸ ਜਗ੍ਹਾ ਨਕਦੀ ਤੇ ਜਿਨਸ ਆਦਿ ਰੱਖੀ ਜਾਵੇ।

ਗਿਆਸੁਲ ਲੁਗਾਤ ਨਵਲ ਕਿਸ਼ੋਰ ਪ੍ਰੈਸ ਦੇ ਪੰਨਾ ੯੦ ਉੱਪਰ ਬੁੰਗਹ ਪਦ ਦਾ ਅਰਥ ਲਿਖਿਆ ਹੈ, ਬਹੁਤ ਸਾਰੇ ਲੋਕਾਂ ਅਤੇ ਘੋੜਿਆਂ ਅਤੇ ਯਾਤਰੂਆਂ ਦੇ ਰਹਿਣ ਦੀ ਥਾਂ ਅਤੇ ਉਨ੍ਹਾਂ ਦੇ ਅਸਬਾਬ ਰੱਖਣ ਦੀ ਜਗ੍ਹਾ ।

ਇਨ੍ਹਾਂ ਉਪ੍ਰੋਕਤ ਅਰਥਾਂ ਤੇ ਭਾਵਾਂ ਦੇ ਅਧਾਰ 'ਤੇ ਅੰਮ੍ਰਿਤਸਰ ਸਰੋਵਰ ਦੀ ਪ੍ਰਕਰਮਾ ਦੇ ਬਾਹਰਵਾਰ ਨਾਲ ਲੱਗਦੇ ਯਾਤਰੂਆਂ ਦੇ ਠਹਿਰਨ ਦੇ ਮਕਾਨਾਂ ਨੂੰ ਬੁੰਗੇ ਆਖਿਆ ਗਿਆ ਹੈ ।

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਬੁੰਗਿਆਂ ਬਾਰੇ ਤਵਾਰੀਖ ਅੰਮ੍ਰਿਤਸਰ ਵਿੱਚ ਹੇਠ ਲਿਖਿਆ ਵੇਰਵਾ ਦਿੱਤਾ ਹੈ -

## ਚੜ੍ਹਦੇ ਪਾਸੇ ਦੇ ਬੁੰਗੇ

| ਨੰ: | ਨਾਮ ਬੁੰਗਾ | ਛੱਤਾਂ | ਬਣਨ ਦਾ ਸੰਮਤ | ਲਾਗਤ |
|---|---|---|---|---|
| ੧. | ਬੁੰਗਾ ਅਖਾੜਾ ਬ੍ਰਹਮ ਬੂਟਾ | ਛੇ ਮੰਜ਼ਲਾ | ੧੮੧੨ ਬਿ: | ੩੧੫੦੦੦/- |
| ੨. ,, | ਰਾਮ ਸਿੰਘ ਗਿਆਨੀ | ਦੋ ਮੰਜ਼ਲਾ | ੧੮੩੫ ਬਿ: | ੧੮੦੦੦/- |
| ੩. ,, | ਰਾਮਗੜ੍ਹੀਆਂ | ਦੋ ਮੰਜ਼ਲਾ | ੧੮੧੨ ਬਿ: | ੨੭੫੦੦੦/- |
| ੪. ,, | ਬੂੜੀਏ ਵਾਲੇ ਸ੍ਰਦਾਰਾਂ ਦਾ | ਦੋ ਮੰਜ਼ਲਾ | ੧੮੨੮ ਬਿ: | ੫੨੫੦੦/- |
| ੫. ,, | ਜੇਠੂਵਾਲੀਆਂ | ਦੋ ਮੰਜ਼ਲਾ | ੧੮੩੫ ਬਿ: | ੨੦੦੦/- |
| ੬. ,, | ਮਜ਼ਹਬੀ ਸਿੰਘਾਂ | ਇਕ-ਮੰਜ਼ਲਾ | ੧੮੩੪ ਬਿ: | ੫੦੦੦/- |
| ੭. ,, | ਭਾਈ ਵਸਤੀ ਰਾਮ | ਤਿੰਨ-ਮੰਜ਼ਲਾ | ੧੮੭੦ ਬਿ: | ੨੫੦੦੦/- |

ਇਸ ਬੁੰਗੇ ਦੇ ਨਾਂ ਅਕਾਲ ਬੁੰਗੇ ਵੱਲੋਂ ਪੰਜ ਨਾਵੇਂ ਹਨ ਇਸ ਵਿੱਚ ਇਕ ਸਰਦਖਾਨਾ ਵੀ ਹੈ, ਇਥੋਂ ਦੀਵਾਲੀ ਨੂੰ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ ।

| | | | | |
|---|---|---|---|---|
| ੮. | ਬੁੰਗਾ ਜਵਾਲਾ ਸਿੰਘ ਭੜਾਣੀਆਂ | ਤਿੰਨ-ਮੰਜ਼ਲਾ | ੧੮੬੫ ਬਿ: | ੧੮੦੦੦/- |
| ੯. | ਬੁੰਗਾ ਸੰਤ ਜੋਗਾ ਸਿੰਘ ਨਿਰਮਲਾ | ਤਿੰਨ-ਮੰਜ਼ਲਾ | ੧੮੦੭ ਬਿ: | ੫੨੮੦੦/- |

ਇਸ ਬੁੰਗੇ ਦੀ ਨੀਂਹ ਭਾਈ ਰਣ ਸਿੰਘ ਨੇ ਰੱਖੀ ਸੀ ।

| | | | | |
|---|---|---|---|---|
| ੧੦. | ਬੁੰਗਾ ਟੇਕ ਸਿੰਘ ਵਾਲਾ | ਦੋ-ਮੰਜ਼ਲਾ | ੧੮੬੦ ਬਿ: | ੧੮੦੦/- |

## ਦੱਖਣੀ ਪਾਸੇ ਦੇ ਬੁੰਗੇ

| | | | | |
|---|---|---|---|---|
| ੧. | ਬੁੰਗਾ ਸਰਦਾਰਾਨ ਸੋਹਲਾਂ ਵਾਲੀਏ | ਦੋ-ਮੰਜ਼ਲਾ | ੧੮੪੨ ਬਿ: | ੩੮੦੦/- |
| ੨. | ਬੁੰਗਾ ਬੁੱਧ ਸਿੰਘ ਵਾਲਾ | ਇਕ-ਮੰਜ਼ਲਾ | ੧੮੪੭ ਬਿ: | ੧੫੦੦/- |
| ੩. ,, | ਸੋਹੀਆਂ ਵਾਲਾ | ਦੋ-ਮੰਜ਼ਲਾ | ੧੮੬੩ ਬਿ: | ੧੩੦੦/- |
| ੪. | ਸ਼ਹੀਦ ਬੁੰਗਾ | ਦੋ-ਮੰਜ਼ਲਾ | ੧੮੨੧ ਬਿ: | ੨੨੦੦੦/- |

ਇਹ ਬੁੰਗਾ ਪਹਿਲੋਂ ਸ਼ਹੀਦ ਮਿਸਲ ਦੀ ਰਿਹਾਇਸ਼ ਲਈ ਬਾਬਾ ਦੀਪ ਸਿੰਘ ਜੀ ਨੇ ਬਣਵਾਇਆ ਸੀ । ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਦੋ ਮੰਜ਼ਲਾਂ ਬਣੀਆਂ । ਇਸ ਦੇ ਨਾਮ ਜਾਗੀਰ ਸੀ ਜੋ ਗਿਆਰਾਂ ਹਿੱਸਿਆਂ ਵਿੱਚ ਵੰਡੀਦੀ ਸੀ । ਇਸ ਦੇ ਸਾਹਮਣੇ ਪ੍ਰਕਰਮਾ ਵੱਲ ਇਕ ਝੰਡਾ ਸਾਹਿਬ ਲੱਗਾ ਹੋਇਆ ਸੀ ।

| | | | | |
|---|---|---|---|---|
| ੫. | ਬੁੰਗਾ ਕੇਸ ਗੜ੍ਹੀਆਂ | ਦੋ-ਮੰਜ਼ਲਾ | ੧੮੨੨ ਬਿ: | ੧੫੦੦/- |
| ੬. ,, | ਅਨੰਦਪੁਰੀਆਂ | ਦੋ-ਮੰਜ਼ਲਾ | ੧੮੨੪ ਬਿ: | ੨੫੦੦/- |

੭. ,, ਦਸੌਂਧਾ ਸਿੰਘ ਸਿੱਧਵਾਂ ਇਕ-ਮੰਜ਼ਲਾ ੧੯੨੪ ਬਿ: ੨੫੦੦/-

੮. ,, ਝਬਾਲੀਆਂ ਦੋ-ਮੰਜ਼ਲਾ ੧੯੪੫ ਬਿ: ੨੩੧੦੦/-

੯. ,, ਕਾਲਿਆਂ ਵਾਲੇ ਸਰਦਾਰਾਂ ਦਾ ਇਕ-ਮੰਜ਼ਲਾ ੧੯੫੨ ਬਿ: ੨੯੪੫/-

੧੦. ,, ਬੁੰਗਾ ਤਾਰਾ ਸਿੰਘ ਗੈਬਾ ਦੋ-ਮੰਜ਼ਲਾ ੧੯੨੨ ਬਿ: ੪੭੦੯/-

੧੧. ,, ਬੁੰਗਾ ਤਾਰਾ ਸਿੰਘ, ਕਾਹਨ ਸਿੰਘ ਮਾਨ ਦੋ ਮੰਜ਼ਲਾ ੧੯੨੨ਬਿ: ੪੫੦੦/-

ਇਸ ਬੁੰਗੇ ਵਿੱਚ ਪਹਿਲਾਂ ਮਹੰਤ ਮੰਨਾ ਸਿੰਘ ਸੀ, ਹੁਣ ਆਤਮਾ ਸਿੰਘ ਸਿਰਕੀ ਵਾਲੇ ਦੇ ਕਬਜ਼ੇ ਵਿੱਚ ਹੈ । ਏਥੇ ਹਰ ਰੋਜ਼ ਪੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੁੰਦੇ ਹਨ ।

੧੨. ਬੁੰਗਾ ਭੰਗਾ ਸਿੰਘ ਥਾਨੇਸ੍ਰੀ ਦੋ-ਮੰਜ਼ਲਾ ੧੯੧੯ ਬਿ: ੨੬੦੦/-

੧੩. ਬੁੰਗਾ ਮੱਜਾ ਸਿੰਘ ਦੋ-ਮੰਜ਼ਲਾ ੧੯੧੩ ਬਿ: ੨੮੦੦/-

ਸਾਨ੍ਹੇ ਵਾਲੀਆਂ (ਜਿਹੜਾ ਅੱਜ-ਕੱਲ੍ਹ ਚਰਾਗੀਆਂ ਦੇ ਕਬਜ਼ੇ ਵਿੱਚ ਹੈ ।)

੧੪. ਬੁੰਗਾ ਬਘੇਲ ਸਿੰਘ ਪ੍ਰਸਿੱਧ ਮਾਨਾਂ ਵਾਲੀਆਂ ਤਿੰਨ-ਮੰਜ਼ਲਾ ੧੯੨੧ ਬਿ: ੨੨੦੦/-

੧੫. ਬੁੰਗਾ ਮੀਰਾਂ ਕੋਟੀਆਂ ਇਕ-ਮੰਜ਼ਲਾ ੧੯੪੮ ਬਿ: ੨੯੨੭/-

੧੬. ,, ਸ਼ਾਮ ਸਿੰਘ ਅਟਾਰੀ ਵਾਲਾ ਦੋ-ਮੰਜ਼ਲਾ ੧੯੫੫ ਬਿ: ੫੮੯੩/-

੧੭. ਬੁੰਗਾ ਜੱਸਾ ਸਿੰਘ ਨਿਰਮਲਾ ਤਿੰਨ-ਮੰਜ਼ਲਾ ੧੯੨੧ ਬਿ: ੩੦੦੦/-

੧੮. ,, ਲੱਖਾ ਸਿੰਘ ਨਿਰਮਲਾ ,, ੧੯੫੧ ਬਿ: ੫੦੦੦/-

੧੯. ,, ਚੜ੍ਹਤ ਸਿੰਘ ਰਾਗੀ ,, ੧੯੫੦ ਬਿ: ੩੫੦੦/-

੨੦. ,, ਜੋਧ ਸਿੰਘ ਸਉੜੀਆਂ ਵਾਲਾ ਦੋ-ਮੰਜ਼ਲਾ ੧੯੨੧ ਬਿ: ੪੫੦੦/-

੨੧. ਬੁੰਗਾ ਜਵਾਲਾ ਸਿੰਘ ਪੜ੍ਹਾਣੀਆਂ ,, ੧੯੬੭ ਬਿ: ੩੫੦੦/-

੨੨. ਬੁੰਗਾ ਕਬੂਲੇ ਵਾਲੀਆਂ ਇਕ-ਮੰਜ਼ਲਾ ੧੯੩੧ ਬਿ: ੩੯੦੦/-

(ਇਹ ਬੁੰਗਾ ਵੱਡੇ ਪੌਣੇ ਦੇ ਕੋਲ ਹੈ)

## ਪੱਛਮੀ ਪਾਸੇ ਦੇ ਬੁੰਗੇ

੧. ਬੁੰਗਾ ਜਲ੍ਹਿਆਂ ਵਾਲਾ ਤਿੰਨ-ਮੰਜ਼ਲਾ ੧੯੩੦ ਬਿ: ੧੧੦੦੦/-

੨. ,, ਸ਼ਾਹਬਾਦੀਆਂ ,, ,, ੮੦੦੦/-

(ਇਹ ਬੁੰਗਾ ਸੰਤ ਕਰਮ ਸਿੰਘ ਨਿਰਮਲੇ ਨੇ ਬਣਵਾਇਆ)

੩. ਬੁੰਗਾ ਮਜੀਠੀਆਂ ਤਿੰਨ-ਮੰਜ਼ਲਾ ੧੯੭੦ ਬਿ: ੧੧੦੦੦/-

੪. ਬੁੰਗਾ ਸਿੰਘ ਪੁਰੀਆਂ ਦੋ-ਮੰਜ਼ਲਾ ੧੯੬੦ ਬਿ: ੫੦੦੦/-

(ਇਹ ਬੁੰਗਾ ਸ: ਬੁੱਧ ਸਿੰਘ ਖੁਸ਼ਹਾਲ ਸਿੰਘ ਨੇ ਬਣਵਾਇਆ)

੫. ਬੁੰਗਾ ਸਿੰਘ ਪੁਰੀਆਂ ਦੂਜਾ ਦੋ-ਮੰਜ਼ਲਾ ੧੯੬੫ ਬਿ: ੪੦੦੦/-

(ਇਹ ਬੁੰਗਾ ਸ: ਅਤਰ ਸਿੰਘ ਨੇ ਬਣਵਾਇਆ)

੬. ਬੁੰਗਾ ਗੱਦੋ ਵਾਲੀਆਂ ਇਕ-ਮੰਜ਼ਲਾ ੧੯੫੦ ਬਿ: ੪੫੦੦/-

੭. ਬੁੰਗਾ ਜਮੇਂਦਾਰਾਂ ਤਿੰਨ-ਮੰਜ਼ਲਾ ੧੯੭੧ ਬਿ: ੯੩੪੦/-

(ਇਹ ਬੁੰਗਾ ਸ: ਖੁਸ਼ਹਾਲ ਸਿੰਘ ਜਮਾਂਦਾਰ ਨੇ ਬਲਾਕਾ ਸਿੰਘ ਪਾਸੋਂ ਥਾਂ ਲੈ ਕੇ ਬਣਵਾਇਆ ।)

੮. ਬੁੰਗਾ ਘਨੱਯਾਂ ਸਰਦਾਰਾਂ ਤਿੰਨ-ਮੰਜ਼ਲਾ ੧੯੦੯ ਬਿ: ੯੦੦੦/-

ਇਹ ਬੁੰਗਾ ਪਹਿਲਾਂ ੯੦੦੦/- ਲਾ ਕੇ ਦੋ-ਮੰਜ਼ਲਾ ਬਣਵਾਇਆ ਸੀ । ਪਿੱਛੋਂ ਸ: ਕਰਮ ਸਿੰਘ ਨੇ ਢੁਹਾ ਕੇ ਨਵੇਂ ਸਿਰਿਓਂ ੧੫੦੦੦ ਰੁਪਏ ਖਰਚ ਕੇ ੧੯੧੨ ਬਿ: 'ਚ ਬਣਵਾਇਆ। ਕਰਮ ਸਿੰਘ ਮਹਾਰਾਜਾ ਸ਼ੇਰ ਸਿੰਘ ਦਾ ਧਰਮ ਪੁੱਤਰ ਸੀ ।

੯. ਬੁੰਗਾ ਰਾਜਾ ਧਿਆਨ ਸਿੰਘ ਤਿੰਨ-ਮੰਜ਼ਲਾ ੧੮੮੧ ਬਿ: ੬੫੪੭/-

(ਇਹ ਬੁੰਗਾ ਪਹਿਲਾਂ ਅਟਾਰੀ ਵਾਲਿਆਂ ਦਾ ਸੀ, ਜਿਸ ਨੂੰ ਵੇਲਾ ਪਾ ਕੇ ਧਿਆਨ ਸਿੰਘ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ ।)

੧੦. ਬੁੰਗਾ ਬਾਰਾਂ ਦਰੀ ਵਾਲਾ ਦੋ-ਮੰਜ਼ਲਾ ੧੮੨੭ ਬਿ: ੪੦੦੦/-

ਕਈ ੬੦੩੫/- ਦੱਸਦੇ ਹਨ (ਇਹ ਬੁੰਗਾ ਨਕਈ ਸਰਦਾਰਾਂ ਦੇ ਕਬਜ਼ੇ ਵਿੱਚ ਰਿਹਾ)

੧੧. ਅਕਾਲ ਬੁੰਗਾ ਤਿੰਨ-ਮੰਜ਼ਲਾ ੧੮੬੫ ਬਿ: ੨੭੩੪੦੦/-

(ਇਸ ਦਾ ਪੂਰਾ ਵਿਰਤਾਂਤ ਦੇਖੋ ਸ੍ਰੀ ਅਕਾਲ ਤਖ਼ਤ ਸਾਹਿਬ)

੧੨. ਬੁੰਗਾ ਜੋਧ ਸਿੰਘ ਛਾਪਾ ਵਾਲਾ ਇਕ-ਮੰਜ਼ਲਾ ੧੮੫੦ ਬਿ: ੨੫੦੦/-

੧੩. ਬੁੰਗਾ ਭਾਗ ਸਿੰਘ ਸ਼ਹੀਦ ਵਾਲਾ

੧੪. ਬੁੰਗਾ ਦੇਵਾ ਸਿੰਘ ਸ਼ਹੀਦ (ਇਹ ਬਿਲਕੁਲ ਉਜੜਿਆ ਪਿਆ ਹੈ)

ਇਹ ਦੋਵੇਂ ੧੩ ਤੇ ੧੪ ਨੰ: ਦੇ ਬੁੰਗੇ ਦੋ-ਮੰਜ਼ਲੇ ਸਨ ਤੇ ੧੮੨੨ ਬਿ: ਵਿੱਚ ਬਣੇ, ਖਰਚ ਸੱਤ ਹਜ਼ਾਰ ਰੁਪਏ ਆਇਆ ।

੧੫. ਬੁੰਗਾ ਰਾਗੀ ਧਨਪਤਿ ਸਿੰਘ ਦੋ-ਮੰਜ਼ਲਾ ੧੮੩੦ ਬਿ: ੭੦੦/-

੧੬. ਬੁੰਗਾ ਜਰਨੈਲ ਮੀਹਾਂ ਸਿੰਘ ਚਾਰ-ਮੰਜ਼ਲਾ ੧੮੭੧ ਬਿ: ੯੦੦੦/-

੧੭. ਬੁੰਗਾ ਭਾਂਈ ਗੁਰਦਾਸ ਸਿੰਘ ਗਿਆਨੀ ਦੋ-ਮੰਜ਼ਲਾ ੧੮੬੧ ਬਿ: ੧੨੫੦/-

੧੮. ਬੁੰਗਾ ਅਭੈ ਸਿੰਘ ਹੁਕਮਨਾਮੀਆ ,, ੧੮੫੮ ਬਿ: ੭੦੦/-

੧੯. ਬੁੰਗਾ ਨਕਈ ਸ੍ਰਦਾਰਾਂ ਵਾਲਾ ,, ੧੮੪੭ ਬਿ: ੩੦੦੦/-

(ਇਸ ਬੁੰਗੇ ਨਾਲ ੬੭੨/- ਦੀ ਜਾਗੀਰ ਲੱਗੀ ਹੋਈ ਸੀ, ਹੁਣ ੨੦੦/-ਦੀ ਜਾਗੀਰ ਹੈ।)

੨੦. ਬੁੰਗਾ ਬਰਕੀ ਵਾਲੇ ਦੋ-ਮੰਜ਼ਲਾ ੧੮੩੬ ਬਿ: ੫੦੦੦/-

ਸਰਦਾਰਾਂ ਵਾਲਾ (ਅਨੋਖ ਸਿੰਘ ਨੇ ਬਣਵਾਇਆ)

੨੧. ਬੁੰਗਾ ਘੜਿਆਲੀਆਂ ਵਾਲਾ ਤਿੰਨ-ਮੰਜ਼ਲਾ ੧੮੪੧ ਬਿ: ੪੯੦੦/-

ਏਸ ਬੁੰਗੇ ਨਾਲ ੧੬੮੦/- ਰੁਪਏ ਦੀ ਜਾਗੀਰ ਸੀ ਤੇ ਏਥੇ ਘੜਿਆਲ ਵਜਾਇਆ ਜਾਂਦਾ ਸੀ ।)

੨੨. ਝੰਡਾ ਬੁੰਗਾ ਤਿੰਨ-ਮੰਜ਼ਲਾ ੧੮੪੦ ਬਿ: ੬੦੦੦/-

ਇਸ ਝੰਡੇ ਬੁੰਗੇ ਦੇ ਅੱਗੇ ਬਾਵਾ ਪ੍ਰੀਤਮ ਦਾਸ ਜੀ ਨੇ ਇਕ ਲੱਕੜੀ ਦਾ ਝੰਡਾ ਖੜ੍ਹਾ ਕੀਤਾ ਸੀ, ਜੋ ੧੮੮੦ ਬਿ: ਵਿੱਚ ਟੁੱਟ ਜਾਣ 'ਤੇ ਸ: ਦੇਸਾ ਸਿੰਘ ਮਜੀਠੀਏ ਨੇ ਲੋਹੇ ਦਾ ਬਣਵਾ ਕੇ ਉੱਪਰ ਸੁਨਹਿਰੀ ਕੰਮ ਕਰਵਾ ਕੇ ਖੜ੍ਹਾ ਕੀਤਾ ਸੀ ਜੋ ੧੮੯੮ ਬਿ: ਵਿੱਚ ਆਪੇ ਟੁੱਟ ਜਾਣ ਕਰ ਕੇ ਫੇਰ ਸ: ਲਹਿਣਾ ਸਿੰਘ ਮਜੀਠੀਏ ਨੇ ਮੁਰੰਮਤ ਕਰਵਾ ਕੇ ਖੜ੍ਹਾ ਕੀਤਾ ਸੀ । ਦੂਜਾ ਝੰਡਾ ਜਿਸ ਉੱਪਰ ਬਹੁਤਾ ਸੋਨਾ ਚੜ੍ਹਿਆ ਹੋਇਆ ਹੈ, ਉਸ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਗੱਦੀ ਉੱਪਰ ਬੈਠਣ ਸਮੇਂ ਬਣਵਾਇਆ ਸੀ । ੧੦੦੦/- ਰੁਪਏ ਸਾਲਾਨਾ ਪਿੰਡ ਖਪਰਾਲਾ ਦੀ ਆਮਦਨ ਇਸ ਬੁੰਗੇ ਦੇ ਨਾਮ ਹੈ । ਇਹ ਚੌਥੇ ਦਰਜੇ ਦਾ ਗੁਰਦੁਆਰਾ ਹੈ ।੩੧ ਨਾਵੇਂ ਇਸ ਬੁੰਗੇ

ਦੇ ਨਾਮ ਹਨ । ਏਥੇ ਉਲਾਦ ਵਾਲੇ ਪੁਜਾਰੀ ਨੂੰ ਤਿੰਨ ਹਿੱਸੇ ਹਮੇਸ਼ਾਂ ਮਿਲਦੇ ਹਨ ਤੇ ਧਰਮ ਦਾ ਪੁੱਤਰ ਬਣਾਨ ਵਾਲੇ ਨੂੰ ਕੁਝ ਨਹੀਂ ਮਿਲਦਾ ।

੨੩. ਬੁੰਗਾ ਚਮਾਰੀ ਵਾਲੇ ਸਰਦਾਰਾਂ ਦਾ ਦੋ-ਮੰਜ਼ਲਾ ੧੯੪੧ ਬਿ: ੨੫੦੦/-

(ਸ: ਹਰਨਾਮ ਸਿੰਘ ਨੇ ਬਣਵਾ ਕੇ ਗਿਆਨੀ ਸੰਤ ਸਿੰਘ ਨੂੰ ਅਰਦਾਸ ਕਰਾਇਆ ।)

੨੪. ਬੁੰਗਾ ਖਡੂਰੀਆਂ ਦੋ-ਮੰਜ਼ਲਾ ੧੯੪੦ਬਿ: ੨੫੦੦/-

(ਗੁਰੂ ਅੰਗਦ ਦੇਵ ਜੀ ਦੀ ਸੰਤਾਨ ਪਾਸ ਹੈ)

੨੫. ਬੁੰਗਾ ਸਿਆਲਕੋਟੀਆਂ ਦੋ-ਮੰਜ਼ਲਾ ੧੯੫੦ ਬਿ: ੨੦੦੦/-

੨੬. ਬੁੰਗਾ ਗੋਇੰਦਵਾਲੀਆਂ ਇਕ-ਮੰਜ਼ਲਾ ,, ੨੫੦੦/-

(ਇਹ ਬੁੰਗਾ ਪਹਿਲਾਂ ਭੱਲੇ ਸਾਹਿਬਜ਼ਾਦਿਆਂ ਪਾਸ ਸੀ)

੨੭. ਬੁੰਗਾ ਚੀਚੇ ਵਾਲੇ ਸਰਦਾਰਾਂ ਦਾ ਦੋ-ਮੰਜ਼ਲਾ ੧੯੫੬ ਬਿ: ੧੨੦੦/-

੨੮. ਬੁੰਗਾ ਸ਼ੁਕਰਚੱਕੀਏ ਸਰਦਾਰਾਂ ਦਾ ਤਿੰਨ-ਮੰਜ਼ਲਾ ੧੯੩੮ ਬਿ: ੫੫੦੦/-

(ਬੁੰਗਾ ਮਹਾਰਾਜਾ ਰਣਜੀਤ ਸਿੰਘ ਦਾ, ਇਸ ਨੂੰ ਬੁੰਗਾ ਸਰਕਾਰ ਵੀ ਕਹਿੰਦੇ ਸਨ । )

## ਉੱਤਰੀ ਪਾਸੇ ਦੇ ਬੁੰਗੇ

੧. ਬੁੰਗਾ ਘੰਟਾ ਘਰ ਪੋਲੀਸ ਚੌਂਕੀ 'ਤੇ ਚਬੂਤਰਾ ਘੰਟਾ ਘਰ ੧੯੨੪ ਬਿ: ੧੦੦੦੦/-

(ਏਥੇ ਪਹਿਲਾਂ ਕੰਵਰ ਨੌ-ਨਿਹਾਲ ਸਿੰਘ ਤੇ ਲਾਡਵੀਏ ਸਰਦਾਰਾਂ ਦਾ ਬੁੰਗਾ ਸੀ)

੨. ਬੁੰਗਾ ਸੋਢੀਆਂ ਅਨੰਦਪੁਰੀਆਂ ਦੋ-ਮੰਜ਼ਲਾ ੧੯੫੦ ਬਿ: ੧੨੦੦੦/-

ਇਸ ਨੂੰ ਸੋਢੀ ਕੇਸਰ ਸਿੰਘ ਅਨੰਦਪੁਰੀਏ ਨੇ ਬਣਵਾਇਆ ਤੇ ਇਸ ਵੇਲੇ ਸੋਢੀ ਕਿਸ਼ਨ ਸਿੰਘ ਦੇ ਕਬਜ਼ੇ ਵਿੱਚ ਹੈ ।

੩. ਬੁੰਗਾ ਕਾਹਨ ਸਿੰਘ ਨਿਰਮਲਾ

(ਪ੍ਰਸਿੱਧ ਟੂਟੀ ਵਾਲਾ) ਤਿੰਨ-ਮੰਜ਼ਲਾ ੧੯੮੨ਬਿ: ੨੫੦੦/-

੪. ਬੁੰਗਾ ਰਾਗੀ ਕਾਹਨ ਸਿੰਘ ਇਕ-ਮੰਜ਼ਲਾ ੧੯੬੪ ਬਿ: ੩੦੦੦/-

(ਇਹ ਪਹਿਲਾਂ ਹੀਰਾ ਸਿੰਘ ਤੋਸ਼ੇਖਾਨੀਏ ਦੇ ਪਾਸ ਸੀ, ਹੁਣ ਗੁਰਦਿੱਤ ਸਿੰਘ ਵੈਦਰਾਜ ਪਾਸ ਹੈ ।)

੫. ਬੁੰਗਾ ਨੂਰ ਮਹੱਲੀਆਂ ਦੋ-ਮੰਜ਼ਲਾ ੧੯੭੦ ਬਿ: ੨੦੦੦/-

੬. ਬੁੰਗਾ ਆਹਲੂਵਾਲੀਆਂ ਤਿੰਨ-ਮੰਜ਼ਲਾ ੧੯੬੧ ਬਿ: ੩੩੦੦੦/-

ਇਸ ਬੁੰਗੇ ਨੂੰ ਫਤ੍ਹੇ ਸਿੰਘ ਮਹਾਰਾਜਾ ਕਪੂਰਥਲਾ ਨੇ ਬਣਵਾਇਆ ।

੭. ਬੁੰਗਾ ਮਲਵੱਈਆਂ ਚਾਰ-ਮੰਜ਼ਲਾ ੧੯੩੫ ਬਿ: ੪੫੦੦੦/-

ਇਸ ਬੁੰਗੇ ਨੂੰ ਮਾਲਵੇ ਦੇ ਮਹਾਰਾਜਿਆਂ ਤੇ ਸਰਦਾਰਾਂ ਨੇ ਬਣਵਾਇਆ । ਇਸ ਬੁੰਗੇ ਨਾਲ ੭੦੦੦/- ਰੁਪਏ ਸਾਲਾਨਾ ਦੀ ਜਾਗੀਰ ਹੈ ।

੮. ਬੁੰਗਾ ਭਾਈ ਸਾਹਿਬਾਨ ਦੋ-ਮੰਜ਼ਲਾ ੧੯੬੩ ਬਿ: ੫੦੦੦/-

ਕੈਂਥਲਵਾਲੀਆਂ, ਇਹ ਬੁੰਗਾ ਸਿੱਧੂ ਭਾਈ ਭਗਤੂ ਦੀ ਵੰਸ਼ ਦਾ ਹੈ ।

੯. ਬੁੰਗਾ ਸਰਦਾਰਾਨ ਜੱਲ੍ਹੇ ਵਾਲੀਆਂ ਪੰਜ-ਮੰਜ਼ਲਾ ੧੯੬੮ ਬਿ: ੩੪੦੦੦/-

ਸਭ ਤੋਂ ਪੁਰਾਣੀ ਉਰਦੂ ਦੀ ਪੁਸਤਕ "ਤਵਾਰੀਖ ਦਰਬਾਰ ਸਾਹਿਬ ਯਾਨੀ ਹਰਿਮੰਦਰ

ਵਾਕਿਆ ਅੰਮ੍ਰਿਤਸਰ ਵ ਸ਼ਹਿਰ" ਵਿੱਚ ਬੁੰਗਿਆਂ ਦੀ ਗਿਣਤੀ ੯੬ ਦਿੱਤੀ ਹੋਈ ਹੈ। ਹਰ ਪੰਨੇ ਤੇ ਨੌਂ ਖਾਨੇ ਬਣਾ ਕੇ ਹਰ ਬੁੰਗੇ ਬਾਰੇ ਨੌਂ ਤਰ੍ਹਾਂ ਦੀ ਜਾਣਕਾਰੀ ਦਿੱਤੀ ਹੈ। ਨੰਬਰ, ਨਾਮ ਬੁੰਗਾ, ਨਾਮ ਬੁੰਗਾ ਵਾਲਾ, ਵਲਦੀਅਤ, ਕੌਮੀਅਤ, ਬੁੰਗਾ ਬਣਨ ਦਾ ਸਾਲ, ਕੈਫੀਅਤ ਮੰਜਲਹਾਂ, ਕੀਮਤ ਲਾਗਤ ਮਕਾਨ ਬੁੰਗਾ ਅਤੇ ਕੈਫੀਅਤ ਮਹਿ ਜ਼ਮੀਨ ਤਖਮੀਨਾ। ਪਰ ਦਰਬਾਰ ਸਾਹਿਬ ਕਮੇਟੀ ਵੱਲੋਂ ੧੯੩੦-੩੧ ਈ: 'ਚ ਛਪੀ "ਰਿਪੋਟ ਸ੍ਰੀ ਦਰਬਾਰ ਸਾਹਿਬ" ਵਿੱਚ ੭੧ ਬੁੰਗੇ ਲਿਖੇ ਹਨ ਤੇ ਅੰਤ 'ਚ ਇਹ ਨੋਟ ਦਿੱਤਾ ਹੈ। ਅਸਲ ਵਿੱਚ ਬੁੰਗਿਆਂ ਦੀ ਪੁਰਾਣੀ ਗਿਣਤੀ ੮੪ ਪ੍ਰਸਿੱਧ ਹੈ ਪਰ ਸਮੇਂ ਦੇ ਚੱਕਰ ਨਾਲ ਕਈ ਬੁੰਗੇ ਇਕ ਦੂਜੇ ਵਿੱਚ ਸ਼ਾਮਲ ਹੋ ਜਾਣ ਨਾਲ ਗਿਣਤੀ ਘਟ ਗਈ ਹੈ। ਕਬਜ਼ੇ ਬਦਲਣ ਨਾਲ ਕਈ ਬੁੰਗਿਆਂ ਦੇ ਨਾਮ ਵੀ ਬਦਲ ਗਏ ਹਨ। ਰਿਪੋਟ ਸ੍ਰੀ ਦਰਬਾਰ ਸਾਹਿਬ ਵਿੱਚ ਬੁੰਗੇ ਦੀ ਲਾਗਤ ਦਾ ਜ਼ਿਕਰ ਨਹੀਂ, ਮੰਜ਼ਲਾਂ ਤੇ ਬਣਨ ਦਾ ਸੰਮਤ ਦਿੱਤਾ ਹੈ ਜੋ ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਤਵਾਰੀਖ ਅੰਮ੍ਰਿਤਸਰ 'ਚੋਂ ਹੀ ਲਿਆ ਹੈ। ਉਸ ਵਿੱਚ ਬੁੰਗਿਆਂ ਦੀ ਗਿਣਤੀ ੬੯ ਦਿੱਤੀ ਹੈ। ਅਸੀਂ ਉਪ੍ਰੋਕਤ ਵੇਰਵਾ ਗਿਆਨੀ ਗਿਆਨ ਸਿੰਘ ਕ੍ਰਿਤ ਤਵਾਰੀਖ ਅੰਮ੍ਰਿਤਸਰ 'ਚੋਂ ਹੀ ਦਿੱਤਾ ਹੈ। ਜੋ ਲਗਭਗ ੧੯੧੪-੧੫ ਈ: 'ਚ ਲਿਖੀ ਗਈ। (ਦੇਖੋ ਇਸ ਦਾ ਪੰਨਾ ੪੯ ਤੋਂ ਪ੬ ਤੱਕ ਦੂਜੀ ਛਾਪ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਵੱਲੋਂ ਛਪੀ ੧੯੭੭ ਈ:)

**ਪੁਰਾਣੇ ਬੁੰਗਿਆਂ ਦੀ ਥਾਂ ਨਵੇਂ ਬੁੰਗੇ-** ੧੯੪੫ ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਨੁਭਵ ਕੀਤਾ ਕਿ ਬੁੰਗਿਆਂ ਦੀਆਂ ਇਮਾਰਤਾਂ ਬਹੁਤ ਪੁਰਾਣੀਆਂ ਅਤੇ ਖਸਤਾ ਹੋ ਚੁੱਕੀਆਂ ਹਨ। ਇਸ ਲਈ ਇਨ੍ਹਾਂ ਨੂੰ ਢਾਹ ਕੇ ਸ੍ਰੀ ਅੰਮ੍ਰਿਤਸਰ ਸਰੋਵਰ ਦੀਆਂ ਪ੍ਰਕਰਮਾ ਚੌੜੀਆਂ ਕੀਤੀਆਂ ਜਾਣ ਤੇ ਬੁੰਗੇ ਨਵੇਂ ਨਮੂਨੇ ਦੇ ਉਸਾਰੇ ਜਾਣ ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸ਼ੋਭਾ ਵਿੱਚ ਵੀ ਲੋੜੀਂਦਾ ਵਾਧਾ ਹੋਵੇ। ੧੯੪੬ ਈ: ਵਿੱਚ ਭਾਰਤ ਭਰ ਦੇ ਇਮਾਰਤਾਂ ਦੇ ਮਾਹਰ ਸਿੱਖ ਇੰਜੀਨੀਅਰਾਂ ਦੀ ਰਾਇ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਪ੍ਰਕਰਮਾ ਸਕੀਮ ਪਾਸ ਕਰ ਦਿੱਤੀ। ਇਸ ਸਾਰੀ ਸਕੀਮ ਨੂੰ ਬਣਾਉਣ ਤੇ ਪਾਸ ਕਰਾਉਣ ਵਿੱਚ ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਦੀ ਵਿਸ਼ੇਸ ਭੂਮਿਕਾ ਸੀ। ਉਨ੍ਹਾਂ ਦਿਨਾਂ ਵਿੱਚ ਉਹ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਸਨ।

ਕੁਝ ਬੁੰਗੇ ਤਾਂ ਕਮੇਟੀ ਦੀ ਆਪਣੀ ਹੀ ਜਾਇਦਾਦ ਸਨ, ਬਾਕੀ ਬੁੰਗਿਆਂ ਵਾਲਿਆਂ ਨੂੰ ਯੋਗ ਕੀਮਤਾਂ ਦੇ ਕੇ ਉਨ੍ਹਾਂ ਤੋਂ ਬੁੰਗੇ ਖਰੀਦ ਲਏ ਗਏ। ਕਈਆਂ ਨੂੰ ਇਵਜ਼ ਵਿੱਚ ਸ਼ਹਿਰ ਵਿੱਚ ਕਮੇਟੀ ਨੇ ਆਪਣੇ ਬਣੇ ਮਕਾਨ ਜੋ ਉਨ੍ਹਾਂ ਪਸੰਦ ਕੀਤੇ ਦੇ ਦਿੱਤੇ। ਇਕ ਦਿਨ ਅਰਦਾਸ ਉਪ੍ਰੰਤ ਪੰਜਾਂ ਪਿਆਰਿਆਂ ਨੇ ਜਿਨ੍ਹਾਂ ਵਿੱਚ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੋਵੇਂ ਜਥੇਦਾਰ ਤੇ ਦੋ ਹੋਰ ਸਿੰਘ ਸ਼ਾਮਲ ਸਨ-ਬੁੰਗੇ ਢਾਹੁਣ ਦੀ ਆਰੰਭਕ ਰਸਮ ਅਦਾ ਕੀਤੀ। ਪਹਿਲੇ ਦਿਨ ਪੰਜ ਬੁੰਗੇ ਢਾਹੇ। ਬੁੰਗਾ ਮਾਨਾ ਵਾਲੀਆਂ, ਬੁੰਗਾ ਘੜਿਆਲੀਆਂ, ਮਲਵਈ ਬੁੰਗਾ, ਬੁੰਗਾ ਨਿਰਮਲਿਆਂ ਤੇ ਝੰਡਾ ਬੁੰਗਾ। ਪ੍ਰਕਰਮਾ ਚੌੜੀ ਕਰ ਕੇ ਨਵੇਂ ਬੁੰਗੇ ਉਸਾਰਨ ਦਾ ਵਧੇਰੇ ਅਮਲ ੧੯੪੭ ਈ: ਦੇ ਦੇਸ਼ ਬਟਵਾਰੇ ਤੋਂ ਬਾਅਦ ਸ਼ੁਰੂ ਹੋਇਆ। ਉੱਤਰੀ, ਦੱਖਣੀ ਤੇ ਪੂਰਬੀ ਤਿੰਨਾਂ ਬਾਹੀਆਂ ਦੇ ਵਿਚਕਾਰ ਤਿੰਨ ਵੱਡੀਆਂ ਡਿਉਢੀਆਂ ਉਸਾਰੀਆਂ ਗਈਆਂ। ਦੋ ਛੋਟੀਆਂ ਡਿਉਢੀਆਂ (ਇਕ ਝੰਡਾ-ਬੁੰਗਾ ਵੱਲ ਤੇ ਦੂਜੀ ਮੁਨਿਆਰਾਂ ਦੇ ਬਾਜ਼ਾਰ ਵੱਲ) ਬਣਾਈਆਂ ਗਈਆਂ। ਪ੍ਰਕਰਮਾ ਹਰ ਥਾਂ ਤੋਂ ਪੰਜਾਹ-ਪੰਜਾਹ ਫੁੱਟ ਚੌੜੀ ਰੱਖੀ ਗਈ। ਚੁਫੇਰੇ

ਪ੍ਰਕਰਮਾ ਦੇ ਬਾਹਰਵਾਰ ੧੨ ਫੁੱਟ ਚੌੜਾ ਬਰਾਂਡਾ ਬਣਾਇਆ ਗਿਆ। ਬਰਾਂਡੇ ਦੇ ਪਿਛੇ ੩੦ ਫੁੱਟ ਮੁਰੱਬੇ ਦੇ ਕਮਰੇ ਤੇ ਹਰ ਕਮਰੇ ਦੇ ਇਕ ਪਾਸੇ ਪਉੜੀਆਂ ਚੜ੍ਹਾਈਆਂ ਗਈਆਂ। ਇਨ੍ਹਾਂ ਕਮਰਿਆਂ ਦੇ ਮੂੰਹ ਬਰਾਂਡੇ ਵਿੱਚ ਪ੍ਰਕਰਮਾ ਵੱਲ ਰੱਖੇ ਗਏ। ਹਰ ਕਮਰੇ ਦੇ ਉੱਪਰ ਬਾਹਰਵਾਰ ਬਾਜ਼ਾਰ ਵੱਲ ਮੂੰਹ ਰੱਖ ਕੇ ਦੁਕਾਨਾਂ ਬਣਾਈਆਂ ਗਈਆਂ। ਹੇਠਲੀਆਂ ਪੌੜੀਆਂ ਦੇ ਉੱਪਰ ਹੀ ਉੱਪਰ ਨੂੰ ਪੌੜੀਆਂ ਚੜ੍ਹਾਈਆਂ ਗਈਆਂ। ਤੀਸਰੀ ਮੰਜ਼ਲ ਵਿੱਚ ਹਰ ਦੁਕਾਨ ਉੱਪਰ ਦੋ ਕਮਰੇ ਅੱਗੇ ੪ ਕੁ ਫੁੱਟ ਦਾ ਬਰਾਂਡਾ ਜਿਸ ਦੇ ਇਕ ਪਾਸੇ ਰਸੋਈ ਤੇ ਇਕ ਪਾਸੇ ਇਸ਼ਨਾਨਘਰ ਬਣਾਇਆ ਗਿਆ। ਇਨ੍ਹਾਂ ਕਮਰਿਆਂ ਅੱਗੇ ਵਿਹੜਾ ਛੱਡਿਆ ਗਿਆ। ਕਮਰਿਆਂ ਦੇ ਮੂੰਹ ਅੰਦਰਵਾਰ ਪ੍ਰਕਰਮਾ ਵੱਲ ਰੱਖੇ ਗਏ। ਵਿਹੜੇ ਦੇ ਅੱਗੇ ਉੱਚਾ ਸੀਮਿੰਟ ਦਾ ਜੰਗਲਾ ਲਾਇਆ ਗਿਆ। ਕਮਰਿਆਂ ਦੇ ਪਿਛਲੇ ਪਾਸੇ ਬਾਜ਼ਾਰ ਵੱਲੋਂ ਤਿੰਨ-ਤਿੰਨ ਫੁੱਟ ਵਾਧਾ ਵਧਾਇਆ ਗਿਆ। ਉੱਤਰੀ ਦਿਸ਼ਾ ਦੀ ਘੰਟਾ ਘਰ ਡਿਉਢੀ ਤੇ ਪੂਰਬ ਦਿਸ਼ਾ ਦੇ ਕਮਰਿਆਂ ਵਿੱਚ ਕੇਂਦਰੀ ਸਿੱਖ ਅਜਾਇਬ ਘਰ ਖੋਲ੍ਹਿਆ ਗਿਆ 'ਤੇ ਦੱਖਣੀ ਦਿਸ਼ਾ ਦੀ ਡਿਉਢੀ ਤੇ ਉਸ ਦੇ ਪੱਛਮ ਦੀ ਤਰਫ਼ ਦੇ ਕਮਰਿਆਂ ਵਿੱਚ ਸਿੱਖ ਰੈਫਰੈਂਸ ਲਾਇਬਰੇਰੀ ਸਥਾਪਤ ਕੀਤੀ ਗਈ।

ਬੁੰਗਾ ਅਖਾੜਾ ਬ੍ਰਹਮ ਬੂਟਾ ਤੋਂ ਬਿਨਾਂ ਹੁਣ ਸਾਰੇ ਬੁੰਗੇ ਸ੍ਰੀ ਦਰਬਾਰ ਸਾਹਿਬ ਦੀ ਜਾਇਦਾਦ ਹਨ। ੧੯੯੦ ਈ: ਵਿੱਚ ਬ੍ਰਹਮ ਬੂਟੇ ਬੁੰਗੇ ਦਾ ਉੱਤਰ ਪੂਰਬੀ ਖੂੰਜਾ ਜਿਸ ਨਾਲ ਪ੍ਰਕਰਮਾ ਤੇ ਬਰਾਂਡਾ ਬਣ ਸਕੇਗਾ। ਪੰਜਾਬ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਨੂੰ ਅਰਦਾਸ ਕਰਵਾ ਦਿੱਤਾ ਹੈ। ਇਸ ਵਕਤ ਉੱਤਰੀ ਤੇ ਪੱਛਮੀ ਦੋਹਾਂ ਬਾਹੀਆਂ ਵਿੱਚੋਂ ਤੀਜੀ ਮੰਜ਼ਲ 'ਤੇ ਬਣੇ ਮਕਾਨਾਂ ਵਿੱਚ ਤਿੰਨ ਸਿੰਘ ਸਾਹਿਬਾਨ ਅਤੇ ਕੁਝ ਰਾਗੀ ਸਿੰਘ ਨਿਵਾਸ ਰੱਖਦੇ ਹਨ।

ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ-ਪੰਥ ਦੇ ਦੋ ਮਹਾਨ ਧਾਰਮਕ ਤੇ ਰਾਜਸੀ ਕੇਂਦਰੀ ਅਸਥਾਨ ਹਨ। ਇਨ੍ਹਾਂ ਦੇ ਅੰਦਰ ਤੇ ਇਰਦ-ਗਿਰਦ ਗੁਰਬਾਣੀ ਦੇ ਪਾਠ, ਕੀਰਤਨ, ਕਥਾ ਤੇ ਵਿਆਖਿਆ ਦੀਆਂ ਪ੍ਰਤੀਕ ਇਹ ਸ਼ਬਦ ਚੌਂਕੀਆਂ ਹਨ। ਇਹ ਗੁਰਬਾਣੀ ਦੀਆਂ ਜਗਦੀਆਂ ਮਸ਼ਾਲਾਂ ਹਨ ਜਿਨ੍ਹਾਂ ਤੋਂ ਕੌਮ ਨੂੰ ਗੁਰਮਤਿ ਗਿਆਨ ਦੀ ਰੌਸ਼ਨੀ ਮਿਲਦੀ ਹੈ।

ਝੰਡੇ (ਨਿਸ਼ਾਨ ਸਾਹਿਬ) ਸਿੱਖ ਕੌਮ ਦੀ ਹੋਂਦ, ਖੁਦ ਮੁਖਤਾਰ ਹਸਤੀ ਤੇ ਚੜ੍ਹਦੀ ਕਲਾ ਦੇ ਜਿਉਂਦੇ ਜਾਗਦੇ ਚਿੰਨ੍ਹ ਹਨ। ਬੁੰਗੇ ਕੌਮ ਦੇ ਲੰਗਰ ਤੇ ਆਰਾਮਗਾਹਾਂ, ਗੁਰਮਤਿ ਵਿੱਦਿਆ ਦੀਆਂ ਟਕਸਾਲਾਂ ਤੇ ਰੱਖਿਆ ਹਿਤ ਮਜ਼ਬੂਤ ਕਿਲ੍ਹੇ ਹਨ ਇਨ੍ਹਾਂ ਨੂੰ ਜੁਗੋ-ਜੁਗ ਭਾਵ ਸਦਾ ਸਦਾ ਅਟੱਲ,ਭਾਵ ਕਾਇਮ ਰੱਖਣ ਹਿਤ ਖਾਲਸਾ ਪੰਥ ਆਪਣੇ ਜਨਮ ਤੋਂ ਹੀ ਜੂਝਦਾ ਆਇਆ ਹੈ ਅਤੇ ਅੱਗੋਂ ਵੀ ਜੂਝਦਾ ਰਹੇਗਾ। ਇਸ ਲਈ ਸਮੁੱਚੇ ਖਾਲਸਾ ਪੰਥ ਅਤੇ ਹਰ ਗੁਰਸਿੱਖ ਦੀ ਦੋ ਵੇਲੇ ਦੀ ਅਰਦਾਸ ਦਾ ਇਹ ਇਕ ਅਟੁੱਟ ਅੰਗ ਬਣ ਗਿਆ ਹੈ, ਕਿ ਹੇ ਸਤਿਗੁਰੂ ! ਚੌਂਕੀਆਂ, ਝੰਡੇ, ਬੁੰਗੇ ਜੁਗੋ-ਜੁਗ ਅੱਟਲ ਰਹਿਣ।

* * *

# ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ

**ਗੁਰੂ ਸਾਹਿਬਾਨ ਦੇ ਸਮੇਂ-** ਸ੍ਰੀ ਹਰਿਮੰਦਰ ਸਾਜਿਬ ਜੀ ਦੀ ਇਮਾਰਤ ਸੰਪੂਰਨ ਹੋਣ ਉਪਰੰਤ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਪ੍ਰਕਾਸ਼ ਕਰ ਦਿੱਤਾ ਗਿਆ ਅਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਦਿੱਤਾ ਗਿਆ। ਅੰਦਰਲੀਆਂ ਸਾਰੀਆਂ ਧਾਰਮਕ ਰਹੁ-ਰੀਤਾਂ ਦੇ ਸੰਚਾਲਨ ਦੀ ਸਾਰੀ ਜ਼ਿਮੇਵਾਰੀ ਬਾਬਾ ਬੁੱਢਾ ਸਾਹਿਬ ਜੀ ਦੇ ਹੀ ਜ਼ਿੰਮੇ ਸੀ। ਉਂਜ ਤਾਂ ਭਾਵੇਂ ਅੰਦਰਲੇ ਬਾਹਰਲੇ ਸਾਰੇ ਪ੍ਰਬੰਧ ਦੇ ਮੁੱਖ ਜ਼ਿੰਮੇਵਾਰ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਹੀ ਖੁਦ ਆਪ ਸਨ ਪਰ ਸਤਿਗੁਰੂ ਜੀ ਨੇ ਹਰ ਪ੍ਰਕਾਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਹੀ ਸੌਂਪੀ ਹੋਈ ਸੀ। ਉਨ੍ਹਾਂ ਨਾਲ ਸਹਾਇਕ ਸਨ ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਜੀ, ਭਾਈ ਕਲਿਆਣਾ ਜੀ, ਭਾਈ ਜੇਠਾ ਜੀ, ਭਾਈ ਸਾਲ੍ਹੋ ਜੀ ਅਤੇ ਭਾਈ ਬਹਿਲੋ ਜੀ ਆਦਿ ਹੋਰ ਮੁਖੀ ਸਿੱਖ। ਆਈਆਂ ਸਿੱਖ ਸੰਗਤਾਂ ਦੀ ਰਿਹਾਇਸ਼, ਲੰਗਰ, ਇਮਾਰਤਾਂ ਦੀ ਨਵ-ਉਸਾਰੀ ਅਤੇ ਮੁਰੰਮਤ ਆਦਿ ਦੇ ਕਾਰਜ ਇਨ੍ਹਾਂ ਦੇ ਜ਼ਿੰਮੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵੀ ਪ੍ਰਬੰਧਕ ਸਿਲਸਿਲਾ ਪੰਚਮ ਪਾਤਸ਼ਾਹ ਜੀ ਦੇ ਸਮੇਂ ਵਾਂਗ ਹੀ ਚਲਦਾ ਰਿਹਾ। ਜਦ ਛੇਵੇਂ ਪਾਤਸ਼ਾਹ ੧੬੯੧ ਬਿ: ਦੀ ਅੰਮ੍ਰਿਤਸਰ ਜੰਗ ਤੋਂ ਬਾਅਦ ਇਥੋਂ ਦੀ ਰਿਹਾਇਸ਼ ਛੱਡ ਕੇ ਕੀਰਤਪੁਰ ਸਾਹਿਬ ਜਾ ਰਹੇ ਤੇ ਮੁੜ ਵਾਪਸ ਅੰਮ੍ਰਿਤਸਰ ਨਾ ਆਏ, ਤਾਂ ਉਸ ਸਮੇਂ ਦਿੱਲੀ ਸਰਕਾਰ ਦੀ ਮਦਦ ਨਾਲ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਉੱਪਰ ਕਬਜ਼ਾ ਕਰ ਲਿਆ। ੧੬੯੬ ਬਿ: ਦੀ ਮਾਘ ਸੁਦੀ ਪੰਚਮੀ ਨੂੰ ਮਿਹਰਵਾਨ ਦੇ ਦੇਹਾਂਤ ਤੋਂ ਬਾਅਦ ਉਸ ਦਾ ਪੁੱਤਰ ਹਰਿ ਜੀ ਗੱਦੀ 'ਤੇ ਬੈਠਾ। ਜਿਸ ਨੇ ਆਪਣੇ ਪਿਤਾ ਵਾਂਗ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਤੇ ਬਾਹਰ ਦਾ ਸਾਰਾ ਪ੍ਰਬੰਧ ਸੰਭਾਲ, ਲਿਆ ਜੋ ਉਸ ਦੇ ਦੇਹਾਂਤ ੧੭੫੩ ਬਿ: ਤੱਕ ਉਸ ਦੇ ਕਬਜ਼ੇ ਵਿੱਚ ਰਿਹਾ। ਉਸ ਦੇ ਦੇਹਾਂਤ ਤੋਂ ਬਾਅਦ ਉਸ ਦੇ ਤਿੰਨਾਂ ਪੁੱਤਰਾਂ ਵਿੱਚ ਗੱਦੀ ਤੋਂ ਝਗੜਾ ਚਲ ਪਿਆ ਤੇ ਅਖੀਰ ਨੂੰ ੧੭੫੫ ਬਿ: ਦੀ ਵੈਸਾਖੀ ਤੋਂ ਪਹਿਲਾਂ ਤਿੰਨੇ ਹੀ ਅੰਮ੍ਰਿਤਸਰ ਛੱਡ ਗਏ ਤੇ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਦਾ ਕੋਈ ਵੀ ਪ੍ਰਬੰਧਕ ਨਾ ਰਿਹਾ, ਤਾਂ ਸ਼ਹਿਰ ਦੀ ਸੰਗਤ ੧੭੫੬ ਬਿ: ਦੀ ਵੈਸਾਖੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਪੁੱਜੀ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਹਿਤ ਪ੍ਰਬੰਧਕਾਂ ਦੀ ਮੰਗ ਕੀਤੀ। ਸ੍ਰੀ ਗੁਰੂ ਜੀ ਨੇ ਮਹਾਨ ਵਿਦਵਾਨ ਤੇ ਬ੍ਰਹਮ ਗਿਆਨੀ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਅਤੇ ਮੁੱਖ ਪ੍ਰਬੰਧਕ ਬਣਾ ਕੇ ਭੇਜਿਆ ਤੇ ਨਾਲ ਸਹਾਇਤਾ ਵਾਸਤੇ ਪੰਜ ਹੋਰ ਅੰਮ੍ਰਿਤਧਾਰੀ ਸਿੰਘ

ਭੇਜੇ ਜਿਨ੍ਹਾਂ ਨੇ ਆ ਕੇ ਜੇਠ ਸੁਦੀ ਚੌਥ ਵਾਲੇ ਦਿਨ ਪ੍ਰਬੰਧ ਸੰਭਾਲ ਲਿਆ ।*

**ਭਾਈ ਮਨੀ ਸਿੰਘ ਜੀ ਦੇ ਸਮੇਂ-** ਭਾਈ ਮਨੀ ਸਿੰਘ ਜੀ ਨੇ ਜਿਥੇ ਆਈਆਂ ਸੰਗਤਾਂ ਲਈ ਲੰਗਰ, ਰਿਹਾਇਸ਼, ਪੁਰਾਣੀਆਂ ਇਮਾਰਤਾਂ ਦੀ ਮੁਰੰਮਤ ਅਤੇ ਨਵੀਆਂ ਇਮਾਰਤਾਂ ਦੀ ਨਵ-ਉਸਾਰੀ ਆਦਿ ਦੇ ਪਰਉਪਕਾਰੀ ਕਾਰਜਾਂ ਨੂੰ ਬੜੇ ਸੁਚੱਜੇ ਢੰਗ ਨਾਲ ਆਰੰਭਿਆ, ਉਥੇ ਮਿਹਰਵਾਨੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦੀਆਂ ਪ੍ਰਚੱਲਤ ਧਾਰਮਕ ਪ੍ਰੰਪਰਾਵਾਂ ਨੂੰ ਆਪਣੀ ਮਨਮਤਿ ਅਨੁਸਾਰ ਜੋ ਬਦਲ ਦਿੱਤਾ ਸੀ, ਉਨ੍ਹਾਂ ਨੂੰ ਗੁਰੂ ਸਾਹਿਬਾਨ ਵੱਲੋਂ ਪ੍ਰਚੱਲਤ ਕੀਤੀਆਂ ਰਹੁ-ਰੀਤਾਂ ਮੁਤਾਬਕ ਫਿਰ ਬਹਾਲ ਕਰ ਦਿੱਤਾ । ਅੱਜ-ਕਲ੍ਹ ਜੋ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਧਾਰਮਕ ਮਰਯਾਦਾ ਪ੍ਰਚੱਲਤ ਹੈ, ਇਹ ਭਾਈ ਮਨੀ ਸਿੰਘ ਜੀ ਦੇ ਸਮੇਂ ਪ੍ਰਚੱਲਤ ਕੀਤੀ ਹੋਈ ਮਰਯਾਦਾ ਹੀ ਹੁਣ ਤਕ ਸੀਨੇ-ਬਸੀਨੇ ਚਲੀ ਆ ਰਹੀ ਹੈ। ਗੁਰੂ ਸਾਹਿਬਾਨ ਅਤੇ ਭਾਈ ਮਨੀ ਸਿੰਘ ਜੀ ਦੇ ਸਮੇਂ ਦੌਰਾਨ ਕੀਰਤਨ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ, ਵਿਆਖਿਆ ਵੀ ਕੀਤੀ ਜਾਂਦੀ ਰਹੀ ਹੈ । ਇਹ ਮਰਯਾਦਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਆਉਣ ਤੱਕ ਜਾਰੀ ਰਹੀ । ਅੰਤਲੇ ਗਿਆਨੀ ਗੁਰਬਖ਼ਸ਼ ਸਿੰਘ ਜੀ ਦਿਨ ਢਲੇ ਕਥਾ ਕੀਤਾ ਕਰਦੇ ਸਨ ।**

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜਦ ਤੱਤ ਖਾਲਸੇ ਅਤੇ ਬੰਦਈ ਖਾਲਸੇ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸੰਭਾਲਣ ਦੇ ਮਾਮਲੇ 'ਤੇ ਝਗੜਾ ਆਰੰਭ ਹੋ ਗਿਆ ਅਤੇ ਦੋਨੋਂ ਧੜੇ ਗੱਲਬਾਤ ਰਾਹੀਂ ਜਦ ਕਿਸੇ ਸਿੱਟੇ 'ਤੇ ਨਾ ਪੁੱਜੇ ਤੇ ਆਪੋ ਵਿੱਚ ਲੜਨ ਨੂੰ ਤਿਆਰ ਹੋ ਗਏ ਤੇ ਤਲਵਾਰਾਂ ਧੂਹ ਲਈਆਂ, ਤਾਂ ਭਾਈ ਮਨੀ ਸਿੰਘ ਜੀ ਨੇ ਉਸ ਸਮੇਂ ਵਿੱਚ ਪੈ ਕੇ ਸਾਲਸ ਬਣ ਕੇ ਸਾਲਸੀ ਫੈਸਲਾ ਕੀਤਾ : ਦੋਹਾਂ ਧਿਰਾਂ ਦੀਆਂ ਚਿੱਠੀਆਂ ਸਰੋਵਰ ਵਿੱਚ ਪਾ ਦਿੱਤੀਆਂ ਜਾਣ, ਜਿਸ ਦੀ ਚਿੱਠੀ ਤਰ ਆਵੇ, ਉਹ ਪ੍ਰਬੰਧ ਦਾ ਮਾਲਕ ਹੋਵੇ, ਦੂਜੀ ਧਿਰ ਉਨ੍ਹਾਂ ਨੂੰ ਪ੍ਰਬੰਧਕ ਮੰਨ ਲਵੇ । ਤੱਤ ਖਾਲਸੇ ਦੀ ਚਿੱਠੀ ਤਰ ਆਈ । ਪ੍ਰਬੰਧ ਤੱਤ ਖਾਲਸੇ ਨੂੰ ਮਿਲ ਗਿਆ । ਤੱਤ ਖਾਲਸੇ ਵੱਲੋਂ ਮੁੱਖ ਪ੍ਰਬੰਧਕ ਭਾਈ ਮਨੀ ਸਿੰਘ ਜੀ ਹੀ ਰਹੇ । ਪ੍ਰਬੰਧਕ ਖਰਚਾਂ ਤੋਂ ਬਚਦੀ ਮਾਇਆ ਦਿੱਲੀ ਮਾਤਾ ਸੁੰਦਰੀ ਜੀ ਨੂੰ ਭੇਜ ਦਿੱਤੀ ਜਾਂਦੀ ਰਹੀ । ਭਾਈ ਸਾਹਿਬ ਖਾਲਸਾ ਪੰਥ ਦੀ ਧਾਰਮਕ, ਵਿਦਿਅਕ ਤੇ ਰਾਜਸੀ ਅਗਵਾਈ ਵੀ ਕਰਦੇ ਰਹੇ ਅਤੇ ਲੋੜੀਂਦੀ ਸੇਧ ਵੀ ਪ੍ਰਦਾਨ ਕਰਦੇ ਰਹੇ ।

**ਭਾਈ ਮਨੀ ਸਿੰਘ ਜੀ ਤੋਂ ਬਾਅਦ-** ਭਾਈ ਮਨੀ ਸਿੰਘ ਜੀ ਦੀ ਜ਼ਿੰਦਗੀ ਤੱਕ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਹਰ ਪੱਖੋਂ ਤਸੱਲੀ-ਬਖ਼ਸ਼ ਢੰਗ ਨਾਲ ਚਲਦਾ ਰਿਹਾ, ਜੋ ਤੁਰਕਾਂ ਨੂੰ ਅੱਖ ਦੇ ਕੰਡੇ ਵਾਂਗ ਰੜਕਦਾ ਸੀ । ਇਸ ਲਈ ਬਹਾਨਾ ਬਣਾ ਕੇ ਹਾੜ ਸੁਦੀ ੫, ਸੰਮਤ ੧੭੯੧ ਬਿ: ਨੂੰ ਭਾਈ ਸਾਹਿਬ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਸ੍ਰੀ ਅੰਮ੍ਰਿਤਸਰ ਸ਼ਹਿਰ ਅਤੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਸਰਕਾਰ ਦਾ ਮੁਕੰਮਲ ਕਬਜ਼ਾ ਹੋ

---

*ਦੇਖੋ ਸ਼ਹੀਦ ਬਿਲਾਸ ਕ੍ਰਿਤ ਭਾਈ ਸੇਵਾ ਸਿੰਘ ਸੰਪਾਦਕ ਗਿ: ਗਰਜਾ ਸਿੰਘ ਦਾ ਪੰਨਾ ੭੦ ।

**ਦੇਖੋ ਗਿਆਨੀ ਗਿਆਨ ਸਿੰਘ ਕ੍ਰਿਤ ਤਵਾਰੀਖ ਅੰਮ੍ਰਿਤਸਰ ਦਾ ਪੰਨਾ ੪੭ ।

ਗਿਆ । ੧੭੯੧ ਬਿ: ਤੋਂ ੧੮੨੧ ਬਿ: ਤੱਕ ਲਗਭਗ ਪੂਰੇ ਤੀਹ ਸਾਲਾਂ ਵਿੱਚ ਬਹੁਤਾ ਸਮਾਂ ਤਕਰੀਬਨ ਤੁਰਕਾਂ ਦਾ ਹੀ ਕਬਜ਼ਾ ਰਿਹਾ, ਜਿਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਅੰਦਰਲੀਆਂ ਸਾਰੀਆਂ ਧਾਰਮਕ ਰਹੁ-ਰੀਤਾਂ ਅਤੇ ਬਾਹਰਲਾ ਸਾਰਾ ਪ੍ਰਬੰਧਕੀ ਢਾਂਚਾ ਬਿਖਰ ਗਿਆ, ਇਸ ਸਮੇਂ ਦੌਰਾਨ ੧੭੯੮ ਬਿ: ਵਿੱਚ ਮੱਸੇ ਰੰਘੜ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਘੋਰ ਬੇਅਦਬੀ ਕੀਤੀ, ਜਿਸ ਦਾ ਫਲ ਉਸ ਨੂੰ ਮਤਾਬ ਸਿੰਘ ਤੇ ਸੁੱਖਾ ਸਿੰਘ ਨੇ ਭੁਗਤਾਇਆ। ਸੰਮਤ ੧੮੦੮ ਬਿ: ਵਿੱਚ ਮੀਰ ਮੰਨੂੰ ਅਤੇ ੧੮੦੯ ਬਿ: ਵਿੱਚ ਲਖਪਤ ਵੱਲੋਂ ਬਿਜੈ ਸਿੰਘ ਸੂਬੇ ਦੇ ਸਮੇਂ ਦੋ ਵਾਰ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ ਨਾਲ ਪੂਰਿਆ ਗਿਆ । ਦੋਨੋਂ ਵਾਰ ਸਿੰਘਾਂ ਨੇ ਕਬਜ਼ਾ ਕਰ ਕੇ ਕਾਰ ਸੇਵਾ ਰਾਹੀਂ ਸੇਵਾ ਕਰ ਕੇ ਸ੍ਵਛ ਅੰਮ੍ਰਿਤ ਜਲ ਨਾਲ ਅੰਮ੍ਰਿਤ ਸਰੋਵਰ ਨੂੰ ਭਰਿਆ । ੧੮੦੪ ਬਿ: ਤੋਂ ੧੮੨੩ ਬਿ: ਤੱਕ ਅਹਿਮਦ ਸ਼ਾਹ ਅਬਦਾਲੀ ਨੇ ੧੧ ਹਮਲੇ ਕੀਤੇ। ੧੮੧੪ ਬਿ: ਦੇ ਛੇਵੇਂ ਹੱਲੇ ਸਮੇਂ ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਤੇ ਉਸ ਦੇ ਜਰਨੈਲ ਜਹਾਨ ਖਾਨ ਨੇ ਸਰੋਵਰ ਨੂੰ ਮਿੱਟੀ ਨਾਲ ਭਰਿਆ । ਇਮਾਰਤਾਂ ਨੂੰ ਨੁਕਸਾਨ ਪੁਚਾਇਆ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ, ਜਿਸ ਬੇਅਦਬੀ ਨੂੰ ਦੂਰ ਕਰਾਉਣ ਹਿਤ ਬਾਬਾ ਦੀਪ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਚਲ ਕੇ ਸਿੰਘਾਂ ਸਮੇਤ ਆਏ ਤੇ ਸ਼ਹੀਦ ਹੋ ਗਏ । ਸਿੰਘਾਂ ਨੇ ਅੰਮ੍ਰਿਤਸਰ ਸ਼ਹਿਰ ਉੱਪਰ ਕਬਜ਼ਾ ਕਰ ਕੇ ਕਾਰ ਸੇਵਾ ਕਰ ਕੇ ਸਰੋਵਰ ਨੂੰ ਅੰਮ੍ਰਿਤ ਜਲ ਨਾਲ ਭਰਿਆ । ੧੮੧੯ ਬਿ: ਵਿੱਚ ਅੱਠਵੇਂ ਹੱਲੇ ਸਮੇਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਬਾਰੂਦ ਰੱਖ ਕੇ ਉਡਾ ਦਿੱਤਾ ਪਰ ਸਿੰਘਾਂ ਨੇ ਫਿਰ ਕਬਜ਼ਾ ਕਰ ਕੇ ੧੧ ਵੈਸਾਖ ੧੮੨੧ ਬਿ: ਨੂੰ ਖਾਲਸੇ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਨੀਂਹ ਰਖਾ ਕੇ ਭਾਈ ਦੇਸ ਰਾਜ ਸੁਰ ਸਿੰਘ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲਾਂ ਵਰਗੀ ਨਵੀਂ ਇਮਾਰਤ ਉਸਾਰ ਲਈ । ਇਸ ਸਮੇਂ ਤੋਂ ਬਾਅਦ ਫਿਰ ਅੰਮ੍ਰਿਤਸਰ ਉੱਪਰ ਖਾਲਸੇ ਦਾ ਹੀ ਕਬਜ਼ਾ ਰਿਹਾ ।

ਪਿਛਲੇ ਸਮੇਂ ਵਿੱਚ ਜਦ ਗੜਬੜੀ ਦੇ ਕਾਰਨ ਸਿੰਘ ਵਧੇਰੇ ਕਰ ਕੇ ਜੰਗਲਾਂ ਪਹਾੜਾਂ ਜਾਂ ਬੀਕਾਨੇਰ ਦੇ ਰੇਗਸਤਾਨਾਂ ਵਿੱਚ ਵਿਚਰਦੇ ਸਨ । ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘਾਂ ਨੂੰ ਅੰਮ੍ਰਿਤਸਰ ਅਤੇ ਖਾਸ ਕਰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਉੱਪਰ ਤੁਰਕ ਠਹਿਰਨ ਨਹੀਂ ਸਨ ਦੇਂਦੇ । ਇਸ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਸੰਭਾਲ ਤੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਦੇ ਖਿਆਲ ਨੂੰ ਮੁੱਖ ਰੱਖ ਕੇ ਭਾਈ ਗੋਪਾਲ ਦਾਸ ਉਦਾਸੀ ਸੰਤ ਨੂੰ ਖਾਲਸਾ ਪੰਥ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਅਤੇ ਪ੍ਰਬੰਧਕ ਥਾਪਿਆ ਗਿਆ ।

**ਸਿੱਖ ਮਿਸਲਾਂ ਦੇ ਸਮੇਂ**- ਕਾਫ਼ੀ ਸਮਾਂ ਤਾਂ ਭਾਈ ਗੋਪਾਲ ਦਾਸ ਸ੍ਰੀ ਹਰਿਮੰਦਰ ਸਾਹਿਬ ਦੀ ਧਾਰਮਕ ਮਰਯਾਦਾ ਤੇ ਪ੍ਰਬੰਧ ਨੂੰ ਚੰਗੇ ਸੁਚੱਜੇ ਢੰਗ ਨਾਲ ਚਲਾਉਂਦਾ ਰਿਹਾ ਪਰ ਬਾਅਦ ਵਿੱਚ ਬਹੁਤਾ ਸਮਾਂ ਗੈਰ ਹਾਜ਼ਰ ਰਹਿਣ ਲੱਗ ਪਿਆ ਤੇ ਚੜ੍ਹਤ ਦੀ ਮਾਇਆ ਲੰਗਰ ਤੇ ਹੋਰ ਗੁਰੂ-ਘਰ ਦੇ ਜ਼ਰੂਰੀ ਖਰਚਾਂ, ਧਰਮ ਪ੍ਰਚਾਰ ਅਤੇ ਗਰੀਬ ਲੋੜਵੰਦ ਤੇ ਮੁਹਤਾਜਾਂ ਦੀ ਸਹਾਇਤਾ ਕਰਨ ਦੀ ਥਾਂ ਆਪਣੇ ਪਿੰਡ ਜੱਸੋਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਆਪਣੇ ਜਾਤੀ ਕੰਮਾਂ ਵਿੱਚ ਵਰਤਣ ਲੱਗ ਪਿਆ, ਜਿਸ ਕਰ ਕੇ ਪੰਥਕ ਮੁਖੀਆਂ ਨੇ ਬੁਰਾ ਮਨਾਇਆ । ਅਖੀਰ ਜਦ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਬਣ ਗਈ ਤਾਂ ਸਿੱਖ ਮਿਸਲਾਂ ਦੇ ਮੁਖੀਆਂ ਨੇ ਮਿਲ

ਕੇ ਗੁਰਮਤਾ ਕਰ ਕੇ ਭਾਈ ਗੋਪਾਲ ਦਾਸ ਨੂੰ ਇਸ ਸੇਵਾ ਤੋਂ ਮੁਕਤ ਕਰ ਦਿੱਤਾ ਅਤੇ ਉਸ ਸਮੇਂ ਦੇ ਮਹਾਨ ਵਿਦਵਾਨ ਭਜਨੀਕ ਤੇ ਗੁਰਮੁਖ ਸੱਜਣ ਭਾਈ ਚੰਚਲ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਅਤੇ ਪ੍ਰਬੰਧਕ ਥਾਪ ਦਿੱਤਾ। ਉਨ੍ਹਾਂ ਦੇ ਆਉਣ ਨਾਲ ਭਾਈ ਮਨੀ ਸਿੰਘ ਜੀ ਦੇ ਸਮੇਂ ਵਾਂਗ ਫਿਰ ਸਾਰੀਆਂ ਗੁਰਮਤਿ ਅਨੁਸਾਰ ਧਾਰਮਕ ਮਰਯਾਦਾ ਬਹਾਲ ਹੋ ਗਈਆਂ ਤੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਗਈਆਂ ਹੋਈਆਂ ਰੌਣਕਾਂ ਮੁੜ ਆਈਆਂ। ਸੰਗਤਾਂ ਦੀ ਆਮਦ ਵਿੱਚ ਵਾਧਾ ਹੋਣ ਨਾਲ ਚੜ੍ਹਤ ਵਿੱਚ ਵੀ ਵਾਧਾ ਹੋਇਆ, ਜਿਸ ਕਰ ਕੇ ਲੰਗਰ ਰਿਹਾਇਸ਼ ਤੇ ਹੋਰ ਪੰਥਕ ਭਲਾਈ ਦੇ ਕਾਰਜ ਨਿਰਵਿਘਨ ਸਿਰੇ ਚੜ੍ਹਨ ਲੱਗੇ। ਲਗਭਗ ਪੂਰੇ ਤੀਹ ਸਾਲ ਸਿੱਖ ਮਿਸਲਾਂ ਦੇ ਅਧੀਨ ਚੰਗਾ ਪ੍ਰਬੰਧ ਚਲਦਾ ਰਿਹਾ।

**ਸਿੱਖ ਰਾਜ ਸਮੇਂ**- ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਉਣ ਹਿਤ ਉਨ੍ਹਾਂ ਨੇ ਮੁਖੀ ਸਿੱਖ ਸਰਦਾਰਾਂ ਦੀ ਇਕ ਪ੍ਰਬੰਧਕ ਕਮੇਟੀ ਬਣਾ ਦਿੱਤੀ। ਵੱਖ-ਵੱਖ ਕੰਮ ਵੱਖ-ਵੱਖ ਯੋਗ ਸੱਜਣਾਂ ਦੇ ਸਪੁਰਦ ਕਰ ਦਿੱਤੇ ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੋਨਾ ਚੜ੍ਹਾਉਣ ਹੀਰੇ ਜਵਾਹਰਾਤ ਜੜਨ, ਕੰਧਾਂ ਤੇ ਫਰਸ਼ ਉੱਪਰ ਸੰਗਮਰਮਰ ਲਾਉਣ ਅਤੇ ਵੱਖ-ਵੱਖ ਹੁਨਰਾਂ ਦੀ ਚਿੱਤ੍ਰਕਾਰੀ ਕਰ ਕੇ ਸੁੰਦਰ ਬਣਾਉਣ ਤੇ ਚਮਕਾਉਣ ਦਾ ਕਾਰਜ ਭਾਈ ਸੰਤ ਸਿੰਘ ਜੀ ਗਿਆਨੀ ਦੇ ਜ਼ਿੰਮੇ ਲਾਇਆ ਗਿਆ, ਜਿਸ ਨੂੰ ਉਨ੍ਹਾਂ ਨੇ ਪੂਰੀ ਜ਼ਿੰਮੇਵਾਰੀ ਨਾਲ ਨਿਭਾਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅਹਿਦ ਵਿੱਚ ਜਿਥੇ ਸ੍ਰੀ ਹਰਿਮੰਦਰ ਸਾਹਿਬ ਦੀ ਮੁਰੰਮਤ, ਸਜਾਵਟ, ਸੁਨਹਿਰੀ ਕਰਣ, ਚਾਂਦੀ ਤੇ ਸੰਗਮਰਮਰ ਨਾਲ ਅਦਭੁਤ ਤੇ ਸੁੰਦਰ ਬਣਾਉਣ ਹਿਤ ਬੇਅੰਤ ਧਨ ਖਰਚ ਕੀਤਾ ਉਥੇ ਬਹੁਤ ਅਮੋਲਕ ਤੇ ਕੀਮਤੀ ਵਸਤੂਆਂ ਭੇਟਾ ਕਰ ਕੇ ਜਿਲੌ ਦੇ ਸਾਮਾਨ ਵਿੱਚ ਵੀ ਵਾਧਾ ਕੀਤਾ। ਲੰਗਰ ਤੇ ਹੋਰ ਧਾਰਮਕ ਕਾਰਜਾਂ, ਪੰਥਕ ਭਲਾਈ ਤੇ ਲੋਕ ਭਲਾਈ, ਗਰੀਬ, ਲੋੜਵੰਦਾਂ, ਮੁਹਤਾਜਾਂ ਲਈ ਲੱਖਾਂ ਰੁਪਏ ਦਾਨ ਵੱਜੋਂ ਦਿੱਤੇ, ਜਿਸ ਨੂੰ ਵੇਖ ਕੇ ਹੋਰ ਰਾਜੇ ਮਹਾਰਾਜੇ ਤੇ ਸਿੱਖ ਸਰਦਾਰ ਵੀ ਆਪ ਦੀ ਪੈਰ ਵੀ ਕਰਦੇ ਰਹੇ।

ਮਹਾਰਾਜੇ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਹੀ ਸ਼ਹਿਰ ਦੀ ਨਗਰ ਪਾਲਕਾ ਕਮੇਟੀ ਹੁੰਦੀ ਸੀ। ਸ਼ਹਿਰ ਦੀ ਮਹਸੂਲ ਤੇ ਚੁੰਗੀ ਆਦਿ ਦੀ ਸਾਰੀ ਆਮਦਨ ਵੀ ਸ੍ਰੀ ਹਰਿਮੰਦਰ ਸਾਹਿਬ ਨੂੰ ਦਿੱਤੀ ਜਾਂਦੀ ਸੀ। ਸ਼ਹਿਰ ਦੀਆਂ ਸੜਕਾਂ 'ਤੇ ਬਿਜਲੀ ਆਦਿ ਦਾ ਸਾਰਾ ਖਰਚ ਮਹਾਰਾਜਾ ਸਾਹਿਬ ਸਰਕਾਰੀ ਖਜ਼ਾਨੇ 'ਚੋਂ ਦਿਆ ਕਰਦੇ ਸਨ। ਸਿੱਖ ਰਾਜ ਸਮੇਂ ਹੀ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦੀ ਖਾਤਰ ਪੱਕੇ ਬੁੰਗੇ ਬਣਾਏ ਗਏ। ਜਿਥੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੋਨਾ ਚੜ੍ਹਾਇਆ ਉਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਗੁਰਦੁਆਰਿਆਂ ਦੇ ਗੁੰਬਦ ਸੁਨਹਿਰੀ ਕੀਤੇ ਗਏ। ਇਹ ਸੱਚ ਹੈ ਕਿ ਸਿੱਖ ਰਾਜ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨ ਪੂਰੇ ਜੋਬਨ 'ਤੇ ਪੁੱਜ ਗਈ ਸੀ। ਗੁਰੂ ਕੀਆਂ ਸਿੱਖ ਸੰਗਤਾਂ ਅਤੇ ਦੂਜੇ ਧਰਮਾਂ ਦੇ ਲੋਕਾਂ ਦੇ ਮਨਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਉੱਪਰ ਸ਼ਰਧਾ ਬਹੁਤ ਵਧ ਗਈ ਸੀ।

**ਅੰਗਰੇਜ਼ੀ ਰਾਜ ਸਮੇਂ**-ਮਹਾਰਾਜਾ ਦਲੀਪ ਸਿੰਘ ਦੇ ਸਮੇਂ ੧੮੪੯ ਈ: ਦੇ ਅੰਤ ਵਿੱਚ ਅੰਗਰੇਜ਼ਾਂ ਨਾਲ ਇਕ ਅਹਿਦਨਾਮਾ ਹੋਇਆ ਜਿਸ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੀ

ਨਾਬਾਲਗੀ ਵਿੱਚ ਉਸ ਦੇ ਰਾਜ ਦਾ ਪ੍ਰਬੰਧ ਕਰਨ ਲਈ ਸਿੱਖ ਸਰਦਾਰਾਂ ਦੀ ਇਕ ਕੌਂਸਲ ਬਣਾਈ ਗਈ ਜਿਸ ਦਾ ਪ੍ਰਧਾਨ ਇਕ ਅੰਗਰੇਜ਼ ਰੈਜ਼ੀਡੰਟ ਥਾਪਿਆ ਗਿਆ।

ਭਾਈ ਮੱਖਣ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੇ ਯਤਨ ਨਾਲ ਸਿੱਖ ਕੌਮ ਦੇ ਧਾਰਮਕ ਜਜ਼ਬਾਤ ਦੀ ਕਦਰ ਕਰਦਿਆਂ ਸਰ ਹੈਨਰੀ ਲਾਰੰਸ ਰੈਜ਼ੀਡੰਟ ਲਾਹੌਰ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਸੰਬੰਧਤ ਗੁਰਦੁਆਰਿਆਂ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦਿਆਂ ੨੪ ਮਾਰਚ ੧੮੪੭ ਈ: ਨੂੰ ਹੇਠ ਲਿਖਿਆ ਹੁਕਮ ਜਾਰੀ ਕੀਤਾ-

੧. *ਅੰਮ੍ਰਿਤਸਰ ਦੇ ਪੁਜਾਰੀਆਂ ਦੀ ਸ਼ਿਕਾਇਤ ਪੁਰ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਸਭ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿੱਚ ਕੋਈ ਜੁੱਤੀ ਪਹਿਨੇ ਹੋਏ ਨਾ ਜਾਵੇ, ਪ੍ਰਕਰਮਾ ਵਿੱਚ ਜਾਣ ਤੋਂ ਪਹਿਲਾਂ ਤਾਲ ਦੇ ਕਿਨਾਰੇ ਦੇ ਬੁੰਗੇ ਵਿੱਚ ਜੋੜੇ ਉਤਾਰ ਦਿੱਤੇ ਜਾਣ। ਅੰਮ੍ਰਿਤਸਰ ਗਊ ਹੱਤਿਆ ਨਾ ਹੋਵੇ ਅਤੇ ਸਿੱਖਾਂ ਨੂੰ ਕਿਸੇ ਤਰ੍ਹਾਂ ਦੁਖਾਇਆ ਨਾ ਜਾਵੇ, ਨਾ ਉਨ੍ਹਾਂ ਦੇ ਮਾਮਲਿਆਂ ਵਿੱਚ ਕੋਈ ਮੁਦਾਖ਼ਲਤ ਕੀਤੀ ਜਾਵੇ।*

*(ਦੇਖੋ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਛਾਪ ਚੌਥੀ ਦੇ ਪੰਨਾ ੯੪੦ ਦੀ ਪੈਰ ਟੂਕ)*

ਇਹ ਹੁਕਮ ਰੈਜ਼ੀਡੰਸੀ ਜਾਂ ਦਰਬਾਰ ਲਾਹੌਰ ਦਾ ਪਹਿਲਾ ਐਲਾਨ ਅਖਵਾਉਂਦਾ ਹੈ।

੨. *ਗ਼ੈਰ ਮੁਲਕੀ ਜੋ ਯਾਤਰੂ ਇਸ ਹਰਿਮੰਦਰ ਦੀ ਤਸਵੀਰ ਦਸਤੀ, ਖਾਕਾ ਜਾਂ ਫੋਟੋ ਲੈਣਾ ਚਾਹੇ ਉਥੇ ਵਾਜਬ ਹੈ ਕਿ ਕਿਸੇ ਕਿਸਮ ਦੇ ਸਟੂਲ ਜਾਂ ਕੁਰਸੀ ਉੱਪਰ ਬੈਠ ਕੇ ਐਸਾ ਨਾ ਕਰੇ ਕਿਉਂਕਿ ਗ੍ਰੰਥ ਸਾਹਿਬ ਹਰਿਮੰਦਰ ਸਾਹਿਬ ਵਿੱਚ ਹੇਠ ਜ਼ਮੀਨ ਉੱਪਰ ਪ੍ਰਕਾਸ਼ ਹਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਗ੍ਰੰਥ ਸਾਹਿਬ ਤੋਂ ਉੱਚਾ ਬੈਠਣਾ ਬੇਅਦਬੀ ਹੈ।*

ਇਹ ਲਾਹੌਰ ਦਰਬਾਰ ਜਾਂ ਰੈਜ਼ੀਡੰਸੀ ਦਾ ਦੂਜਾ ਐਲਾਨ ਹੈ, ਇਹ ਐਲਾਨ ਉਸ ਸਮੇਂ ਦੇ ਮੌਜੂਦਾ ਗ੍ਰੰਥੀ ਸਿੰਘ ਦੇ ਕੋਲ ਇਕ ਪਿੱਤਲ ਦੀ ਤਖਤੀ ਉੱਪਰ ਉੱਕਰਿਆ ਹੋਇਆ ਸੀ।

੩. ਤੀਜਾ ਐਲਾਨ ਆਰਥਰ ਕੱਕ ਸਾਹਿਬ ਪ੍ਰੈਜ਼ੀਡੰਟ ਲਾਹੌਰ ਦਰਬਾਰ ਵੱਲੋਂ ੪ ਅਗਸਤ ੧੮੪੭ ਈ: ਨੂੰ ਜਾਰੀ ਕੀਤਾ ਗਿਆ ਜੋ ਇਸ ਪ੍ਰਕਾਰ ਹੈ -

*ਜੋ ਲੋਕ ਸੈਰ ਜਾਂ ਦਰਸ਼ਨਾਂ ਦੀ ਇੱਛਾ ਨਾਲ ਅੰਮ੍ਰਿਤਸਰ ਪਹੁੰਚਣ ਉਨ੍ਹਾਂ ਲਈ ਜ਼ਰੂਰੀ ਹੈ ਕਿ ਹਰਿਮੰਦਰ ਦੇ ਅੰਦਰ ਜਾਣ ਤੋਂ ਪਹਿਲਾਂ ਥਾਣੇਦਾਰ, ਕੋਤਵਾਲ ਜਾਂ ਡਿਊਟੀ ਅਫ਼ਸਰ ਪੁਲੀਸ ਚੌਂਕੀ ਦਰਬਾਰ ਸਾਹਿਬ ਜੋ ਇਸ ਹੁਕਮ ਨੂੰ ਆਪਣੇ ਪਾਸ ਰੱਖੇ ਤੇ ਉਨ੍ਹਾਂ ਨੂੰ ਦਿਖਾਏ ਅਤੇ ਉਹ ਉਨ੍ਹਾਂ ਦੀ ਅਗਵਾਈ ਵਿੱਚ ਚੱਲਣ। ਜੇ ਉਨ੍ਹਾਂ ਨੂੰ ਉਨ੍ਹਾਂ ਦੀ ਸੈਰ ਵਿੱਚ ਕੋਈ ਗੱਲ ਉਲਟ ਜਾਂ ਨਾ-ਮੁਨਾਸਬ ਮਲੂਮ ਹੋਵੇ ਤਾਂ ਲਿਖ ਜਾਣ ਤਾਂ ਕਿ ਉਸ ਉੱਪਰ ਗੌਰ ਹੋਵੇ। ਉਨ੍ਹਾਂ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਹਰਿਮੰਦਰ ਸਾਹਿਬ, ਪ੍ਰਕਰਮਾ ਜਾਂ ਕੋਈ ਹੋਰ ਜਗ੍ਹਾ ਜੋ ਸ੍ਰੀ ਹਰਿਮੰਦਰ ਸਾਹਿਬ ਨਾਲ ਸੰਬੰਧਤ ਹੋਵੇ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ ਜੁੱਤੇ ਜਾਂ ਬੂਟ ਉਤਾਰ ਦੇਣ। ਅਗਰ ਉਹ ਐਸਾ ਨਾ ਕਰਨਾ*

*ਚਾਹੁਣ ਤਾਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਦੇ ਦਰਸ਼ਨਾਂ ਦੀ ਇੱਛਾ ਨੂੰ ਬਦਲ ਲੈਣਾ ਚਾਹੀਦਾ ਹੈ ।*

੪. ਚੌਥਾ ਹੁਕਮ ਜਾਂ ਐਲਾਨ ਟੀ. ਮਰਸਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਾ ਇਕ ਜੁਲਾਈ ੧੮੬੩ ਈ: ਨੂੰ ਜਾਰੀ ਹੋਇਆ ਉਹ ਇਸ ਪ੍ਰਕਾਰ ਹੈ –

*ਸਿੱਖਾਂ ਦੇ ਇਸ ਮੰਦਰ ਤੇ ਇਸ ਮੰਦਰ ਨਾਲ ਸੰਬੰਧਤ ਹੋਰ ਅਸਥਾਨਾਂ ਵਿੱਚ ਜਾਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਥੇ ਜਾ ਕੇ ਤੰਬਾਕੂ ਤੇ ਉਸ ਤੋਂ ਬਣੀ ਕਿਸੇ ਹੋਰ ਚੀਜ਼ ਦੀ ਵਰਤੋਂ ਨਾ ਕਰਨ ।*

*(ਦੇਖੋ ਤਾਰੀਖ, ਦਰਬਾਰ ਅੰਮ੍ਰਿਤਸਰ ਉਰਦੂ ਕ੍ਰਿਤ ਊਧਮ ਸਿੰਘ ਦਾ ਪੰਨਾ ੧੦੯-੧੧੦)*

ਜਦ ਸੰਮਤ ੧੮੪੯ ਈ: ਮੁ: ੧੯੦੬ ਬਿ: ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਅੰਗਰੇਜ਼ਾਂ ਨੇ ਧੋਖੇ ਨਾਲ ਸਾਰੇ ਸਿੱਖ ਰਾਜ 'ਤੇ ਮੁਕੰਮਲ ਕਬਜ਼ਾ ਕਰ ਲਿਆ ਤੇ ਇਸ ਨੂੰ ਆਪਣੇ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ, ਤਾਂ ਜਿਥੇ ਪੰਜਾਬ ਦੇ ਰਾਜ ਪ੍ਰਬੰਧ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ, ਉਥੇ ਸ੍ਰੀ ਹਰਿਮੰਦਰ ਸਾਹਿਬ ਤੇ ਸ਼ਹਿਰ ਦੇ ਹੋਰ ਸੰਬੰਧਤ ਗੁਰਦੁਆਰਿਆਂ ਦਾ ਪ੍ਰਬੰਧ ਵੀ ਸਰਕਾਰ ਅੰਗਰੇਜ਼ੀ ਨੇ ਅਧੀਨ ਕਰ ਲਿਆ । ਲਾਟ ਸਾਹਿਬ ਦੇ ਹੁਕਮ ਨਾਲ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਆਪਣੀ ਮਰਜ਼ੀ ਨਾਲ ਚਲਾਉਣ ਲੱਗਾ । ਉਹ ਚੂੰਕਿ ਸਿੱਖ ਧਰਮ ਦੀ ਰਹੁ-ਰੀਤੀ ਤੇ ਪ੍ਰਬੰਧਕ ਪੱਖੋਂ ਬਿਲਕੁਲ ਅਣਜਾਣ ਸੀ, ਇਸ ਲਈ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀਆਂ, ਪੁਜਾਰੀਆਂ, ਰਾਗੀਆਂ, ਰਬਾਬੀਆਂ ਤੇ ਸਟਾਫ ਦੇ ਹੋਰ ਅੰਗਾਂ ਦੇ ਕਰਮਚਾਰੀਆਂ ਦੇ ਝਗੜੇ ਸ਼ੁਰੂ ਹੋ ਗਏ ।

ਡਿਪਟੀ ਕਮਿਸ਼ਨਰ ਪਾਸ ਸ਼ਿਕਾਇਤਾਂ ਤੇ ਸ਼ਿਕਾਇਤਾਂ ਆਉਣ ਲੱਗੀਆਂ । ਉਸ ਸਮੇਂ ਜ਼ਿਲ੍ਹਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ: ਕੂਪਰ ਸਾਹਿਬ ਸਨ । ਉਨ੍ਹਾਂ ਨੇ ਰਾਜਾ ਤੇਜ ਸਿੰਘ ਦੀ ਤਜਵੀਜ਼ 'ਤੇ ਲੈਫਟੀਨੈਂਟ ਗਵਰਨਰ ਪੰਜਾਬ ਦੀ ਆਗਿਆ ਲੈ ਕੇ ਰਾਜਾ ਤੇਜ ਸਿੰਘ ਦੀ ਕੋਠੀ ਵਿਖੇ ੫ ਸਤੰਬਰ ੧੮੫੯ ਈ: ਨੂੰ ਮੁਖੀ ਸਿੱਖਾਂ ਦਾ ਇਕ ਆਮ ਅਜਲਾਸ ਬੁਲਾਇਆ । ਜਿਸ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹਾ ਅੰਮ੍ਰਿਤਸਰ ਦੇ ਰਾਜੇ, ਰਈਸ ਤੇ ਪਤਵੰਤੇ ਸਿੱਖਾਂ ਤੋਂ ਇਲਾਵਾ ਪੰਜਾਂ ਗੁਰਦੁਆਰਿਆਂ ਦੇ ਪੁਜਾਰੀਆਂ, ਅਰਦਾਸੀਆਂ, ਰਾਗੀਆਂ ਤੇ ਰਬਾਬੀਆਂ ਨੂੰ ਵੀ ਬੁਲਾਇਆ । ਇਹ ਇਜਲਾਸ ੧੨ ਸਤੰਬਰ ਤੱਕ ਇਕ ਹਫ਼ਤਾ ਚਲਦਾ ਰਿਹਾ । ਇਸ ਵਿੱਚ ਮਿ: ਕੂਪਰ ਸਾਹਿਬ ਡਿਪਟੀ ਕਮਿਸ਼ਨਰ ਨੇ ਪ੍ਰਧਾਨਗੀ ਕੀਤੀ । ਉਨ੍ਹਾਂ ਤੋਂ ਇਲਾਵਾ ਹੇਠ ਲਿਖੇ ਮੁਖੀ ਸਿੱਖ ਸਰਦਾਰ ਸ਼ਾਮਲ ਹੋਏ–

(੧) ਰਾਜਾ ਤੇਜ ਸਿੰਘ । (੨) ਸ: ਸ਼ਮਸ਼ੇਰ ਸਿੰਘ ਸੰਧਾਂਵਾਲੀਆ ।
(੩) ਸ: ਦਿਆਲ ਸਿੰਘ । (੪) ਭਾਈ ਪ੍ਰਦੁਮਨ ਸਿੰਘ ।
(੫) ਸ: ਜੈਮਲ ਸਿੰਘ । (੬) ਸ: ਮਤਾਬ ਸਿੰਘ ਮਜੀਠੀਆ ।
(੭) ਰਾਇ ਮੂਲ ਸਿੰਘ । (੮) ਸ: ਮੰਗਲ ਸਿੰਘ ਰਾਮਗੜ੍ਹੀਆ ।
(੯) ਸ: ਲਾਲ ਸਿੰਘ ਤਲਵੰਡੀ ਵਾਲਾ। (੧੦) ਸ: ਹਰਦਿੱਤ ਸਿੰਘ ਪਢਾਣਾ ।
(੧੧) ਸ: ਜੋਧ ਸਿੰਘ । (੧੨) ਬਾਵਾ ਸੁੰਦਰ ਸਿੰਘ ।

ਉਪ੍ਰੋਕਤ ਅਜਲਾਸ ਵਿੱਚ ਬਹੁਤ ਸਾਰੇ ਪ੍ਰਬੰਧਕ ਤੇ ਕਾਨੂੰਨੀ ਫੈਸਲੇ ਕੀਤੇ ਗਏ,

ਜਿਨ੍ਹਾਂ 'ਚੋਂ ਕੁਝ ਕੁ ਖਾਸ-ਖਾਸ ਇਹ ਹਨ--

੧. *ਇਸ ਪਵਿੱਤਰ ਅਸਥਾਨ ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਹਨ ਅਤੇ ਕਿਸੇ ਇਕ ਸਿੱਖ ਦੀ ਇਥੇ ਮਾਲਕੀ ਨਹੀਂ ਹੈ । ਸਭ ਸਿੱਖ ਸੰਗਤਾਂ ਨੂੰ ਸੇਵਾ ਤੇ ਪੂਜਾ-ਪਾਠ ਕਰਨ ਦਾ ਇਕੋ-ਜਿਹਾ ਹੱਕ ਹੈ ।*

੨. *ਗ੍ਰੰਥੀਆਂ, ਪੁਜਾਰੀਆਂ ਤੇ ਰਾਗੀਆਂ-ਰਬਾਬੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਵਿੱਚੋਂ ਮੁਨਾਸਬ ਰੋਜ਼ੀਨਾ ਮਿਲਣਾ ਚਾਹੀਦਾ ਹੈ । ਗ੍ਰੰਥੀਆਂ, ਪੁਜਾਰੀਆਂ ਤੇ ਰਾਗੀਆਂ ਦੀਆਂ ਪੱਤੀਆਂ ਮੁਕੱਰਰ ਕੀਤੀਆਂ ਗਈਆਂ ਪਰ ਨਾਲ ਸ਼ਰਤ ਇਹ ਲਾਈ ਗਈ ਕਿ ਜਿਸ ਕਰਮਚਾਰੀ ਦਾ ਚਾਲ-ਚਲਨ ਵਿਗੜ ਜਾਵੇਗਾ, ਉਸ ਦਾ ਰੋਜ਼ੀਨਾ ਬੰਦ ਕਰ ਕੇ ਸੇਵਾ ਤੋਂ ਹਟਾ ਦਿੱਤਾ ਜਾਵੇਗਾ । ਜੋ ਸੱਜਣ ਨੇਕ ਚਾਲ-ਚਲਨ ਰੱਖ ਕੇ ਸੇਵਾ ਕਰਨਗੇ, ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਸੰਤਾਨ ਨੂੰ ਇਸੇ ਦਸਤੂਰ ਨਾਲ ਰੋਜ਼ੀਨੇ ਮਿਲਦੇ ਰਹਿਣਗੇ ।*

੩. *ਸ: ਜੋਧ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਤੇ ਸੰਬੰਧਤ ਗੁਰਦੁਆਰਾ ਪ੍ਰਬੰਧ ਦਾ ਸਰਬਰਾਹ (ਮੈਨੇਜਰ) ਨੀਯਤ ਕੀਤਾ ਗਿਆ, ਪਰ ਫੈਸਲੇ ਵਿੱਚ ਸਾਫ ਤੌਰ 'ਤੇ ਲਿਖ ਦਿੱਤਾ ਗਿਆ ਕਿ ਸਰਬਰਾਹ ਨੂੰ ਧਾਰਮਕ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ । ਉਸ ਦਾ ਕੰਮ ਆਮਦਨ ਤੇ ਖਰਚ ਦਾ ਹਿਸਾਬ ਰੱਖਣਾ ਤੇ ਪ੍ਰਬੰਧ ਦੀ ਪੂਰੀ ਨਿਗਰਾਨੀ ਕਰਨੀ ਹੋਵੇਗੀ । ਸਰਬਰਾਹ ਮੁਕੱਰਰ ਕਰਨ ਦਾ ਅਧਿਕਾਰ ਸਰਕਾਰ ਨੂੰ ਦਿੱਤਾ ਗਿਆ ਤੇ ਇਕ ਪ੍ਰਬੰਧਕ ਕਮੇਟੀ ਬਣਾ ਦਿੱਤੀ ਗਈ, ਜਿਸ ਦੀਆਂ ਹਦਾਇਤਾਂ ਅਨੁਸਾਰ ਸਰਬਰਾਹ ਪ੍ਰਬੰਧ ਚਲਾਏਗਾ ਤੇ ਕਮੇਟੀ ਪ੍ਰਬੰਧ ਵਿੱਚ ਉਸ ਦੀ ਮਦਦ ਕਰੇਗੀ ।*

੪. *ਇਮਾਰਤਾਂ ਦੀ ਮੁਰੰਮਤ ਅਤੇ ਨਵ-ਉਸਾਰੀ ਦਾ ਕੰਮ ਭਾਈ ਸੰਤ ਸਿੰਘ ਜੀ ਗਿਆਨੀ ਦੇ ਪੋਤਰੇ ਭਾਈ ਪ੍ਰਦੁਮਨ ਸਿੰਘ ਗਿਆਨੀ ਨੂੰ ਸੌਂਪਿਆ ਗਿਆ ।*

ਇਸ ਉਪ੍ਰੋਕਤ ਅਜਲਾਸ ਵਿੱਚ ਜੋ ਫੈਸਲੇ ਕੀਤੇ ਗਏ, ਉਨ੍ਹਾਂ ਦੀ ਪ੍ਰਵਾਨਗੀ ਹਿਤ ਲਗਭਗ ੬੦ ਸਿੱਖ ਮੁਖੀਆਂ ਦੇ ਤੇ ਮਿ: ਕੂਪਰ ਸਾਹਿਬ ਦੇ ਦਸਤਖਤ ਹਨ । *(ਦੇਖੋ, ਦਸਤੂਰ-ਉਲ-ਅਮਲ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਉਰਦੂ, ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਉਰਦੂ ਦਾ ਪੰਨਾ ੯੩ ਤੋਂ ੯੫)*

ਅੰਗਰੇਜ਼ੀ ਰਾਜ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਪ੍ਰਬੰਧ ਤੇ ਧਾਰਮਕ ਰਹੁ-ਰੀਤਾਂ ਦੇ ਮੁੱਖ ਪ੍ਰਬੰਧਕ ਤਾਂ ਪਹਿਲਾਂ ਵਾਂਗ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਹੀ ਸਨ ਤੇ ਉਨ੍ਹਾਂ ਦੀ ਮਦਦ ਦੂਜੇ ਗ੍ਰੰਥੀ ਸਾਹਿਬਾਨ, ਪੁਜਾਰੀ ਤੇ ਅਰਦਾਸੀਏ ਕਰਦੇ ਸਨ ਪਰ ਲੰਗਰ, ਬੁੰਗਿਆਂ, ਇਮਾਰਤਾਂ, ਜ਼ਮੀਨਾਂ, ਦੁਕਾਨਾਂ ਆਦਿ ਦਾ ਪ੍ਰਬੰਧ, ਸ੍ਰੀ ਦਰਬਾਰ ਸਾਹਿਬ ਤੇ ਦੂਜੇ ਗੁਰਦੁਆਰਿਆਂ ਦੀ ਚੜ੍ਹਤ ਤੇ ਹੋਰ ਆਮਦਨ, ਮਕਾਨਾਂ ਦੁਕਾਨਾਂ ਦੇ ਕਿਰਾਏ ਤੇ ਜ਼ਮੀਨਾ ਦੇ ਮਾਮਲੇ ਦੀ ਉਗਰਾਹੀ, ਆਮਦਨ ਅਤੇ ਖ਼ਰਚ ਦਾ ਪੂਰਾ ਵੇਰਵਾ ਤੇ ਰਸੀਦਾਂ ਸਮੇਤ ਹਿਸਾਬ-ਕਿਤਾਬ ਰੱਖਣ ਲਈ ਸਰਬਰਾਹ (ਮੈਨੇਜਰ) ਤੇ ਉਸ ਦੇ ਮਾਤਹਿਤ ਦਫ਼ਤਰੀ ਅਮਲਾ ਨਿਯੁਕਤ ਹੁੰਦਾ ਸੀ ।

ਇਸ ਅਜਲਾਸ ਵਿੱਚ ਇਕ ਜਨਰਲ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਲਈ ਹੇਠ ਲਿਖੇ ਸਿੱਖ ਸਰਦਾਰ ਮੈਂਬਰ ਚੁਣੇ ਗਏ –

(੧) ਰਾਜਾ ਤੇਜ ਸਿੰਘ ਜੀ ਰਾਜਾ ਕਲਾਂ ਬਹਾਦਰ ।
(੨) ਸ: ਸ਼ਮਸ਼ੇਰ ਸਿੰਘ ਜੀ ਸੰਧਾਂਵਾਲੀਆ ।
(੩) ਰਾਜਾ ਸੂਰਤ ਸਿੰਘ ਜੀ ਮਜੀਠਾ ।
(੪) ਸ: ਭਗਵਾਨ ਸਿੰਘ ਜੀ ਜਮਾਂਦਾਰ ।
(੫) ਭਾਈ ਪ੍ਰਦੁਮਨ ਸਿੰਘ ਜੀ ਗਿਆਨੀ, ਆਨਰੇਰੀ ਮੈਜਿਸਟਰੇਟ, ਅੰਮ੍ਰਿਤਸਰ ।
(੬) ਜਨਰਲ ਗੁਲਾਬ ਸਿੰਘ ਜੀ ਭਾਗੋਵਾਲੀਆ ।
(੭) ਸ: ਜੈਮਲ ਸਿੰਘ ਜੀ ਖੰਡਾ ।
(੮) ਸ: ਸਰਦੂਲ ਸਿੰਘ ਜੀ ਮਾਨ ।
(੯) ਸ: ਰਾਜਾ ਸਿੰਘ ਜੀ ਮਾਨ ।
(੧੦) ਰਾਇ ਮੂਲ ਸਿੰਘ ਜੀ ਆਨਰੇਰੀ ਮੈਜਿਸਟਰੇਟ ਸ਼ਹਿਰ ਲਾਹੌਰ ।

ਇਸ ਉਪਰੋਕਤ ਜਨਰਲ ਕਮੇਟੀ ਦੇ ਸਮੇਂ ਸਰਦਾਰ ਮੰਗਲ ਸਿੰਘ ਜੀ ਸਰਬਰਾਹ ਸਨ । ਇਸ ਪਹਿਲੀ ਜਨਰਲ ਕਮੇਟੀ ਦੀ ਪਹਿਲੀ ਮੀਟਿੰਗ ਵਿੱਚ ਹੇਠ ਲਿਖੇ ਫੈਸਲੇ ਕੀਤੇ ਗਏ--

*੧. ਰੋਜ਼ਾਨਾ ਅਰਦਾਸ ਤੋਂ ਇਲਾਵਾ ਗ੍ਰੰਥੀਆਂ ਦੇ ਨਾਮ ਜੋ ਰਕਮ ਚੜ੍ਹਤ ਸ੍ਰੀ ਦਰਬਾਰ ਸਾਹਿਬ 'ਚੋਂ ਮੁਕੱਰਰ ਹੈ ਉਹ ਪੀੜ੍ਹੀ-ਦਰ-ਪੀੜ੍ਹੀ ਮਿਲਦੀ ਰਹੇ ।*

*੨. ਪੁਜਾਰੀਆਂ ਨੂੰ ਜੋ ਹਿੱਸਾ ਚੜ੍ਹਤ ਦਰਬਾਰ ਸਾਹਿਬ 'ਚੋਂ' ਮਿਲਦਾ ਹੈ । ਉਹ ਵੀ ਪੀੜ੍ਹੀ-ਦਰ-ਪੀੜ੍ਹੀ ਛੇ ਪੱਤੀਆਂ ਦਾ ਬਾਕਾਇਦਾ ਕਾਇਮ ਰਹੇ ।*

*੩. ਰਾਗੀਆਂ-ਰਬਾਬੀਆਂ ਦੇ ਨਾਮ ੨੮੨ ਰੁਪਏ ਮਹਾਵਾਰ ਮੁਕੱਰਰ ਹੋਏ । ਇਸੇ ਤਰ੍ਹਾਂ ਘੜਿਆਲੀਆ, ਖਜ਼ਾਨਚੀ, ਕੁੰਜੀ-ਬਰਦਾਰ, ਮੁਨਸ਼ੀ, ਬਾਗਵਾਨ, ਖਾਸਾ ਬਰਦਾਰ ਅਤੇ ਫਰਾਸ਼ ਦੀ ਵੀ ਤਨਖ਼ਾਹ ਮੁਕੱਰਰ ਹੋਈ । ਸਾਰੇ ਸਟਾਫ ਨੂੰ ਰੁਜ਼ੀਨਾ ਵੰਡਣ ਤੋਂ ਬਾਅਦ ਜੋ ਬਚ ਰਹੇ, ਉਹ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚ ਜਮ੍ਹਾਂ ਹੋਵੇ ।*

*੪. ਇਹ ਰੋਜ਼ੀਨਾ ਸਾਰਿਆਂ ਨੂੰ ਨੇਕ ਚੱਲਣ ਹੋਣ ਦੀ ਸ਼ਰਤ 'ਤੇ ਪੀੜ੍ਹੀ-ਦਰ ਪੀੜ੍ਹੀ ਮਿਲੇਗਾ ਅਤੇ ਕੋਈ ਵਿਅਕਤੀ ਆਪਣਾ ਰੋਜ਼ੀਨਾ ਰਹਨ ਜਾਂ ਬੈ ਨਹੀਂ ਕਰ ਸਕਦਾ, ਜੇਕਰ ਕਿਸੇ ਪੁਜਾਰੀ ਦੀ ਉਲਾਦ ਨਾ ਹੋਵੇ, ਤਾਂ ਉਹ ਆਪਣਾ ਹਿੱਸਾ ਆਪਣੇ ਦੋਹਤਰੇ ਜਾਂ ਚੇਲੇ ਦੇ ਨਾਮ ਜੋ ਕੌਮ ਸਿੱਖ ਹੋਵੇ ਅਦਾਲਤ ਦੇ ਸਾਹਮਣੇ ਆਪਣੇ ਹੱਥੀਂ ਲਿਖ ਕੇ ਦੇ ਸਕਦਾ ਹੈ, ਇਸ ਤਰ੍ਹਾਂ ਦੋਹਤਰਾ ਜਾਂ ਚੇਲਾ ਮੁਤਬੰਨਾ ਹੋ ਕੇ ਉਸ ਪੱਤੀ ਦਾ ਮਾਲਕ ਬਣ ਸਕਦਾ ਹੈ ਪਰ ਜੇ ਕੋਈ ਪੁਜਾਰੀ ਪੱਤੀਦਾਰ ਕਿਸੇ ਦੇ ਨਾਮ ਮੁਤਬੰਨਾ ਕਰਾਏ ਤੋਂ ਬਿਨਾਂ ਮਰ ਜਾਏਗਾ, ਤਾਂ ਉਸ ਦੇ ਪਿੱਛੋਂ ਉਸ ਦੇ ਹਿੱਸੇ ਦਾ ਮਾਲਕ ਦਰਬਾਰ ਸਾਹਿਬ ਹੋਵੇਗਾ ਤੇ ਉਹ ਹਿੱਸਾ ਦਰਬਾਰ ਸਾਹਿਬ ਦੇ ਖਜ਼ਾਨੇ ਵਿੱਚ ਜਮ੍ਹਾਂ ਹੋਵੇਗਾ ।**

** ਤਵਾਰੀਖ ਅੰਮ੍ਰਿਤਸਰ ਗਿ: ਗਿਆਨ ਸਿੰਘ ਪੰ: ੪੪*

*ਅਤੇ ਇਹ ਵੀ ਫੈਸਲਾ ਹੋਇਆ ਕਿ ਰਾਗੀ-ਰਬਾਬੀ ਲੋਗ ਅਤਿ ਜ਼ਰੂਰੀ ਕੰਮਾਂ ਲਈ ਪੰਦਰਾਂ ਦਿਨ ਦੀ ਛੁੱਟੀ ਸਰਬਰਾਹ ਤੋਂ ਲੈ ਸਕਦੇ ਹਨ। ਜ਼ਿਆਦਾ ਛੁੱਟੀਆਂ ਲਈ ਆਪਣੇ ਵੱਲੋਂ ਕਿਸੇ ਨੂੰ ਡਿਊਟੀ ਲਈ ਮੁਕੱਰਰ ਕਰਨ।*

੫. *ਸਰਬਰਾਹ ਦੇ ਜ਼ਿੰਮੇ ਇਹ ਕੰਮ ਵੀ ਦਿੱਤਾ ਜਾਂਦਾ ਹੈ ਕਿ ਉਹ ਰੋਜ਼ੀਨਾ ਤੇ ਨਾਂਵਿਆਂ ਨੂੰ ਆਪਣੇ ਸਾਹਮਣੇ ਵੰਡੇ। ਦਰਬਾਰ ਸਾਹਿਬ ਦੇ ਕਰਮਚਾਰੀਆਂ ਦੇ ਚਾਲ ਚਲਨ 'ਤੇ ਨਿਗਰਾਨੀ ਰੱਖੇ। ਕਿਸੇ ਪ੍ਰਕਾਰ ਦਾ ਝਗੜਾ ਫਸਾਦ ਨਾ ਹੋਣ ਦੇਵੇ। ਇਹ ਵੀ ਫੈਸਲਾ ਹੋਇਆ ਕਿ ਸਰਬਰਾਹ ਸਿੱਖ ਕੌਮ ਵਿੱਚੋਂ ਹੋਵੇ। ਨਿਰਲੋਭ ਤੇ ਦਿਆਨਤਦਾਰ ਹੋਵੇ, ਜ਼ਿੱਦੀ ਨਾ ਹੋਵੇ।*

੬. *ਜੋ ਕਰਮਚਾਰੀ ਨਸ਼ਈ ਹਾਲਤ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਵੇਗਾ ਜਾਂ ਹੋਰ ਤਰ੍ਹਾਂ ਦੀ ਕੋਈ ਖਿਆਨਤ ਕਰੇਗਾ ਜਾਂ ਉਸ ਦਾ ਚਾਲ ਚਲਨ ਨੇਕ ਨਹੀਂ ਰਹੇਗਾ, ਉਸ ਦਾ ਰੋਜ਼ੀਨਾ ਆਦਿ ਜ਼ਬਤ ਹੋਵੇਗਾ।*

੭. *ਇਸ ਤਜਵੀਜ਼ ਅਨੁਸਾਰ ਚੜ੍ਹਤ ਦੀ ਰੱਖਿਆ ਲਈ ਛੇ ਰੁਪਏ ਮਹਾਵਾਰ ਤੇ ਇਕ ਦਰੋਗਾ ਮੁਕੱਰਰ ਹੋਵੇ ਜੋ ਛੇ ਮਹੀਨੇ ਬਾਅਦ ਬਦਲ ਦਿੱਤਾ ਜਾਇਆ ਕਰੇ।*

੮. *ਪਹਿਲਾਂ ਦਸਤੂਰ ਇਹ ਸੀ ਕਿ ਜੋ ਪੁਜਾਰੀ ਕਿਸੇ ਵਿਅਕਤੀ ਪਾਸੋਂ ਇਕ ਪੈਸਾ ਲਵੇ ਤਾਂ ਉਸ ਨੂੰ ਸੱਤ ਪੈਸੇ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚ ਦੇਣੇ ਪੈਂਦੇ ਸਨ ਅਤੇ ਸੱਤ ਦਿਨਾਂ ਲਈ ਦਰਬਾਰ ਸਾਹਿਬ ਦੇ ਅੰਦਰ ਨਹੀਂ ਸੀ ਆ ਸਕਦਾ ਪਰ ਹੁਣ ੧੯੬੯ ਈ: ਨਵੰਬਰ ਦੀ ਜਨਰਲ ਕਮੇਟੀ ਦੀ ਮੀਟਿੰਗ ਵਿੱਚ ਇਹ ਫੈਸਲਾ ਹੋਇਆ ਹੈ ਕਿ- ਜੇ ਕੋਈ ਵਿਅਕਤੀ ਪੁਜਾਰੀਆਂ ਨੂੰ ਆਪਣੀ ਖੁਸ਼ੀ ਨਾਲ ਕੁਝ ਦੇਵੇ, ਉਹ ਉਨ੍ਹਾਂ ਦਾ ਹੱਕ ਹੈ। ਅਗਰ ਕੋਈ ਪੁਜਾਰੀ ਦਰਬਾਰ ਸਾਹਿਬ ਦੇ ਅੰਦਰ ਕਿਸੇ ਤੋਂ ਧੋਖੇ ਨਾਲ ਇਕ ਪੈਸਾ ਲਵੇ, ਤਾਂ ਉਸ ਤੋਂ ਪੰਜ ਪੈਸੇ ਲਏ ਜਾਣਗੇ। ਦੋਬਾਰਾ ਐਸਾ ਕਰਨ ਕਰ ਕੇ ਉਹ ਪੁਜਾਰੀ ਪੰਜ ਦਿਨ ਹਰਿਮੰਦਰ ਦੇ ਅੰਦਰ ਦਾਖਲ ਨਹੀਂ ਹੋ ਸਕਦਾ। ਤੀਜੀ ਵਾਰ ਕਰਨ ਨਾਲ ਦਸ ਦਿਨ ਹਰਿਮੰਦਰ ਦੇ ਅੰਦਰ ਨਾ ਆਉਣ ਦੀ ਸਜ਼ਾ, ਚੌਥੀ ਵਾਰ ਗਲਤੀ ਕਰਨ ਵਾਲੇ ਦੀ ਰਿਪੋਟ ਕਮੇਟੀ ਕੋਲ ਕੀਤੀ ਜਾਵੇ।*

**ਇਸ ਤੋਂ ਬਾਅਦ ਸ: ਮਾਨ ਸਿੰਘ ਜੀ ਸਰਬਰਾਹ ਦੇ ਸਮੇਂ ੩ ਮਈ ੧੯੭੦ ਈ: ਤੋਂ ਦੂਜੀ ਜਨਰਲ ਕਮੇਟੀ ਮੁਕੱਰਰ ਕੀਤੀ ਗਈ। ਜਿਸ ਦੇ ਹੇਠ ਲਿਖੇ ਮੈਂਬਰ ਨਾਮਜ਼ਦ ਕੀਤੇ ਗਏ।**

੧. ਰਾਜਾ ਹਰਬੰਸ ਸਿੰਘ ਸਾਹਿਬ ਬਹਾਦਰ ਰਾਜਾ ਸ਼ੇਖੂਪੁਰਾ।

੨. ਰਾਜਾ ਸਾਹਿਬ ਦਿਆਲ ਸਿੰਘ ਸਾਹਿਬ ਬਹਾਦਰ ਕੇ.ਸੀ.ਐਸ.ਆਈ. ਸਰਦਾਰ ਔਫ਼ ਇੰਡੀਆ ਰਾਜਾ ਕਿਸ਼ਨ ਕੋਟ।

੩. ਸ: ਅਜੀਤ ਸਿੰਘ ਸਾਹਿਬ ਆਨਰੇਰੀ ਅਸਿਸਟੈਂਟ ਕਮਿਸ਼ਨਰ ਬਹਾਦਰ।

੪. ਸ: ਠਾਕੁਰ ਸਿੰਘ ਸਾਹਿਬ ਸੰਧਾਂਵਾਲੀਆ ਅਕਸਰਾ ਅਸਿਸਟੈਂਟ ਕਮਿਸ਼ਨਰ ਬਹਾਦਰ ।

੫. ਕਪਤਾਨ ਗੁਲਾਬ ਸਿੰਘ ਸਾਹਿਬ ਅਟਾਰੀ ਆਨਰੇਰੀ ਮੈਜਿਸ ਟਰੇਟ ਸ਼ਹਿਰ ਅੰਮ੍ਰਿਤਸਰ ।

੬. ਸ: ਅਰਜਨ ਸਿੰਘ ਸਾਹਿਬ ਚਾਹਲ ਵਾਲਾ ।

੭. ਰਾਇ ਕਲਿਆਨ ਸਿੰਘ ਸਾਹਿਬ ਰਾਇ ਬਹਾਦਰ ਆਨਰੇਰੀ ਮਜਿਸਟਰੇਟ ਸ਼ਹਿਰ ਅੰਮ੍ਰਿਤਸਰ ।

੮. ਮਲਾਜ਼ੁਲ ਉਲਮਾਵ ਅਜਫਜ਼ਲਾ ਸਰਦਾਰ ਅਤਰ ਸਿੰਘ ਸਾਹਿਬ ਸੀ,ਐਸ.ਆਈ.ਰਈਸ ਭਦੌੜ ਜ਼ਿਲ੍ਹਾ ਲੁਧਿਆਣਾ ।

੯. ਸ: ਜਗਤ ਸਿੰਘ ਸਾਹਿਬ ਮੁਅਤਬਿਰ ਰਾਜਾ ਸਾਹਿਬ ਬਹਾਦਰ ਵਾਲੀਏ ਜੀਂਦ, ਹਾਜ਼ਰ ਬਾਸ਼ ਮਹਿਕਮਾ ਲੈਫ਼ਟੀਨੈਂਟ ਗਵਰਨਰ ਬਹਾਦਰ ਪੰਜਾਬ । ਲੇਖਕ–ਮੂਲ ਰਾਜ ਸੁਪ੍ਰੰਟੰਡੰਟ ਜ਼ਿਲ੍ਹਾ ਅੰਮ੍ਰਿਤਸਰ ।

**੩ ਮਈ ੧੮੭੦ ਈ: ਦੀ ਮੀਟਿੰਗ ਵਿੱਚ ਹੇਠ ਲਿਖੇ ਫ਼ੈਸਲੇ ਹੋਏ --**

*੧. ਦਰਬਾਰ ਸਾਹਿਬ ਦੀ ਬੱਚਤ ਰਕਮ ਵੀ ਪੁਜਾਰੀਆਂ ਵਿੱਚ ਵੰਡੀ ਜਾਇਆ ਕਰੇ ।*

*੨. ਤੋਸ਼ੇਖਾਨੇ ਦੇ ਸਾਮਾਨ ਦੀ ਸੂਚੀ ਸਣੇ ਅਣਮਾਨਤ ਕੀਮਤ ਦੀਆਂ ਦੋ ਪਰਤਾਂ ਤਿਆਰ ਹੋਣ, ਇਕ ਪਰਤ ਦਰਬਾਰ ਸਾਹਿਬ ਤੇ ਦੂਜੀ ਮਹਿਕਮਾ ਕਮਿਸ਼ਨਰੀ ਵਿੱਚ ਰਹੇ ।*

*੩. ਤੋਸ਼ੇਖਾਨੇ ਦੇ ਮੌਜੂਦਾ ਸਾਮਾਨ ਵਿੱਚ ਵਾਧਾ ਘਾਟਾ ਹੋਵੇ, ਤਾਂ ਉਸ ਬਾਰੇ ਵੀ ਦੋਹਾਂ ਪਰਤਾਂ ਵਿੱਚ ਲਿਖਿਆ ਜਾਇਆ ਕਰੇ ।*

*੪. ਆਪਣੇ ਅਖਤਿਆਰ ਤੋਂ ਵੱਧ ਖਰਚ ਅਤੇ ਕਰਮਚਾਰੀਆਂ ਦੀ ਬਹਾਲੀ ਤੇ ਮੌਕੂਫ਼ੀ ਦੇ ਵਕਤ ਸਰਬਰਾਹ ਸਾਹਿਬ ਪੁਜਾਰੀਆਂ ਤੋਂ ਵੀ ਸਲਾਹ ਲੈ ਲਿਆ ਕਰਨ ।*

*੫. ਰੋਜ਼ਾਨਾ ਕੜਾਹ ਪ੍ਰਸ਼ਾਦ ਡਿਊਟੀਆਂ 'ਤੇ ਹਾਜ਼ਰ ਪੁਜਾਰੀਆਂ ਅਤੇ ਆਮ ਸੰਗਤ ਵਿੱਚ ਵਰਤਾਇਆ ਜਾਵੇ ।*

੧੫ ਅਗਸਤ ੧੮੭੪ ਈ: ਦੀ ਕਮੇਟੀ ਨੇ ਤਜਵੀਜ਼ ਕੀਤਾ ਸੀ ਕਿ ਦਰਬਾਰ ਸਾਹਿਬ ਦਾ ਸਾਲਾਨਾ ਖਰਚ ਅੱਠ ਹਜ਼ਾਰ ਛੇ ਸੌ ਨੌਂ ਰੁਪਏ ਚੌਂਦਾ ਆਨੇ ਛੇ ਪਾਈ ਤੋਂ ਵੱਧ ਨਾ ਕੀਤਾ ਜਾਵੇ ਪਰ ੨੯ ਮਾਰਚ ੧੮੭੭ ਈ: ਦੀ ਕਮੇਟੀ ਨੇ ਹੇਠ ਲਿਖੀਆਂ ਤਜਵੀਜ਼ਾਂ ਪਾਸ ਕੀਤੀਆਂ –

*੧. ਦਰਬਾਰ ਸਾਹਿਬ ਦੇ ਅੰਦਰਲੇ ਅਤੇ ਦਰਬਾਰ ਸਾਹਿਬ ਨਾਲ ਸੰਬੰਧਤ ਗੁਰਦੁਆਰਿਆਂ ਦੇ ਹਲਕੇ ਫ਼ੌਜਦਾਰੀ ਮੁਕੱਦਮਿਆਂ ਦਾ ਫੈਸਲਾ ਦੋ ਆਨਰੇਰੀ ਸਿੱਖ ਮੈਜਿਸਟਰੇਟ ਕੀਤਾ ਕਰਨ ਅਤੇ ਦੀਵਾਨੀ ਮੁਕੱਦਮਿਆਂ ਦਾ ਫੈਸਲਾ ਇਕ ਖਾਸ ਹਾਕਮ ਹਿੰਦੂ ਜਾਂ ਅੰਗਰੇਜ਼ ਕੀਤਾ ਕਰੇ ।*

*੨. ਜੋ ਅਰਦਾਸ ਦੀ ਰਕਮ ਕਿਸੇ ਪੁਜਾਰੀ ਦੀ ਰਾਹੀਂ ਆਵੇ, ਤਾਂ ਉਸ ਵਿੱਚੋਂ ਅੱਧੀ ਰਕਮ ਦਰਬਾਰ ਸਾਹਿਬ ਦੇ ਖਜ਼ਾਨੇ ਵਿੱਚ ਤੇ ਅੱਧੀ ਉਸ ਪੁਜਾਰੀ ਨੂੰ ਦਿੱਤੀ ਜਾਵੇ ਅਤੇ ਸਾਰੀਆਂ ਅਰਦਾਸਾਂ ਦੀ ਲਿਖਤ ਇਕ ਰਜਿਸਟਰ ਵਿੱਚ ਕੀਤੀ ਜਾਵੇ ।*

*੩. ਪੁਜਾਰੀ ਲੋਕ ਕਿਸੇ ਨੂੰ ਤੰਗ ਕਰ ਕੇ ਉਸ ਤੋਂ ਕੁਝ ਨਾ ਲੈਣ, ਨਾ ਹੀ ਉਨ੍ਹਾਂ ਦਾ*

*ਪਿੱਛਾ ਕਰਨ । ਨਹੀਂ ਤਾਂ ਉਹ ਸਜ਼ਾ ਦੇ ਹੱਕਦਾਰ ਹੋਣਗੇ ।*

*੪. ਡਿਊਟੀ ਵਾਲਾ ਪੁਜਾਰੀ ਦਰੋਗੇ ਦੇ ਨਾਲ ਖਜ਼ਾਨੇ ਦੇ ਨੇੜੇ ਬੈਠ ਕੇ ਰੱਖਿਆ ਤੇ ਨਿਗਰਾਨੀ ਕਰੇ । ਬਾਕੀ ਦੇ ਪੁਜਾਰੀ ਦੱਖਣ ਦੀ ਤਰਫ ਅਦਬ ਨਾਲ ਬੈਠਣ । ਸਮੇਂ ਸਿਰ ਅਰਦਾਸ ਕਰਾਉਣ ਵਾਲੇ ਲਈ ਅੜਿੱਕਾ ਨਾ ਬਣਨ ।*

*੫. ਡਿਊਟੀ ਵਾਲਾ ਗ੍ਰੰਥੀ ਸਿੰਘ ਗ੍ਰੰਥ ਸਾਹਿਬ ਦੀ ਤਾਬਿਆ ਤੋਂ ਉਠ ਕੇ ਉਕਾ ਹੀ ਨਾ ਜਾਵੇ, ਜੇ ਖਾਸ ਲੋੜ ਹੋਵੇ, ਤਾਂ ਆਪਣੀ ਜਗ੍ਹਾ ਦੂਜੇ ਗ੍ਰੰਥੀ ਨੂੰ ਬਿਠਾ ਕੇ ਜਾਵੇ ।*

*੬. ਫੁੱਲਾਂ, ਦੁਕਾਨਾਂ, ਗੋਹਾ ਤੇ ਪਾਥੀਆਂ ਤੇ ਡੋਰਾਂ ਆਦਿ ਦੇ ਠੇਕਿਆਂ ਦੀ ਰਕਮ ਤੋਸ਼ੇਖਾਨੇ ਵਿੱਚ ਜਮ੍ਹਾਂ ਹੋਵੇ ।*

ਬ-ਹੁਕਮ ੩੧ ਅਕਤੂਬਰ ੧੯੭੭ ਈ: ਮਿਸਟਰ ਪਰਕਨਜ਼ ਸਾਹਿਬ ਕਮਿਸ਼ਨਰ ਬਹਾਦਰ ਨੇ ਫੈਸਲਾ ਕੀਤਾ ਕਿ ਚੜ੍ਹਤ ਵਿੱਚੋਂ ਨੌਂ ਹਜ਼ਾਰ ਛੇ ਸੌ ਨੌਂ ਰੁਪਏ ਚੌਂਦਾ ਆਨੇ ਛੇ ਪਾਈ ਦਰਬਾਰ ਸਾਹਿਬ ਦਾ ਸਾਲਾਨਾ ਖ਼ਰਚ ਕੱਢਿਆ ਜਾਵੇ । ਜੋ ਬਾਕੀ ਰਹੇ ਉਸ ਵਿੱਚੋਂ ਤਿੰਨ ਫੀ ਸਦੀ ਵੱਖਰਾ ਖਰਚ ਕੱਢ ਕੇ ਬਾਕੀ ਰਕਮ ਪੁਜਾਰੀਆਂ ਵਿੱਚ ਵੰਡੀ ਜਾਵੇ । ਜੋ ਰਿਆਸਤਾਂ ਦੇ ਰਾਜੇ ਅਰਦਾਸ ਕਰਾਉਣ ਉਸ ਵਿੱਚੋਂ ਦੋ ਆਨਾ ਫੀ ਰੁਪਿਆ ਦਾ ਸਿਰੋਪਾ ਸਰਬਰਾਹ ਅਰਦਾਸ ਕਰਾਉਣ ਵਾਲੇ ਰਾਜਾ ਨੂੰ ਦੇ ਸਕਦੇ ਹਨ ।

ਇਸ ਤੋਂ ਬਾਅਦ ੨੯ ਅਕਤੂਬਰ ੧੯੭੮ ਈ: ਦੀ ਕਮੇਟੀ ਵਿੱਚ ਤਜਵੀਜ਼ ਹੋਇਆ ਕਿ: ਪਾਹੁਲ ਦੇਣਾ ਤੇ ਤਨਖ਼ਾਹ ਲਾਉਣੀ, ਅਕਾਲ ਬੁੰਗੇ ਦੇ ਪੁਜਾਰੀਆਂ ਦਾ ਕੰਮ ਹੈ । ਇਸ ਵਿੱਚ ਸਰਬਰਾਹ ਸਾਹਿਬ ਨੂੰ ਕੋਈ ਦਖਲ ਨਹੀਂ । ਹਾਂ ਜੇਕਰ ਹੈਸੀਅਤ ਤੋਂ ਜ਼ਿਆਦਾ ਤਨਖ਼ਾਹ ਲਾਈ ਗਈ ਹੋਵੇ, ਤਾਂ ਸਰਬਰਾਹ ਸਾਹਿਬ ਇਸ ਨੂੰ ਘੱਟ ਕਰ ਸਕਦੇ ਹਨ । ਫਿਰ ੧੪ ਅਪ੍ਰੈਲ ੧੯੮੨ ਈ: ਨੂੰ ਤਜਵੀਜ਼ ਹੋਇਆ ਕਿ--

*ਚੌਂਕੀ, ਅਸਵਾਰਾ ਸਾਹਿਬ ਅਤੇ ਆਰਤੀ ਦੇ ਵਕਤ ਇਕ ਪੁਜਾਰੀ ਨਾਲ ਰਹੇ ।*

ਸਰਕਾਰ ਅੰਗਰੇਜ਼ੀ ਦੇ ਸਮੇਂ ਜੋ ਸੱਜਣ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਰਬਰਾਹ ਦੀ ਪਦਵੀ ਉੱਪਰ ਨੀਯਤ ਹੋ ਕੇ ਮੁੱਖ ਪ੍ਰਬੰਧਕ ਵੱਜੋਂ ਸੇਵਾ ਕਰਦੇ ਰਹੇ । ਉਨ੍ਹਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ --

੧. ਸ: ਲਹਿਣਾ ਸਿੰਘ ਜੀ ਮਜੀਠੀਆ ਜ਼ਿਲ੍ਹਾ ਅੰਮ੍ਰਿਤਸਰ (ਇਹ ਸਿੱਖ ਰਾਜ ਸਮੇਂ ਸਰਬਰਾਹ ਸਨ )

੨. ਸ: ਜੋਧ ਸਿੰਘ ਜੀ ਅਦਾਲਤੀ ਅਕਸਰਾ, ਅਸਿਸਟੈਂਟ ਕਮਿਸ਼ਨਰ ਪਿੰਡ ਉੜੀਆ ਜ਼ਿਲ੍ਹਾ ਗੁਜਰਾਂਵਾਲਾ ।

੩. ਸ: ਮੰਗਲ ਸਿੰਘ ਰਾਮਗੜ੍ਹੀਆ ਆਨਰੇਰੀ ਮੈਜਿਸਟਰੇਟ ਵਾਸੀ ਅੰਮ੍ਰਿਤਸਰ ।

੪. ਸ: ਮਾਨ ਸਿੰਘ ਰਸਾਲਦਾਰ ਮੇਜਰ (ਸ: ਜੋਧ ਸਿੰਘ ਸਰਬਰਾਹ ਦਾ ਭਰਾ) ।

੫. ਸ: ਭਗਵਾਨ ਸਿੰਘ ਜੀ ਜਮਾਂਦਾਰ ਵਾਸੀ ਅੰਮ੍ਰਿਤਸਰ ।

੬. ਰਾਇ ਕਲਿਆਣ ਸਿੰਘ ਜੀ ਵਾਸੀ ਅੰਮ੍ਰਿਤਸਰ ।

੭. ਸ: ਅਰਜਨ ਸਿੰਘ ਜੀ ਸਰਦਾਰ ਬਹਾਦਰ ਆਨਰੇਰੀ ਮੈਜਿਸਟਰੇਟ ਪਿੰਡ ਚਾਹਲ ਜ਼ਿਲ੍ਹਾ ਅੰਮ੍ਰਿਤਸਰ ।

੮. ਸ: ਗੁਰਦਿੱਤ ਸਿੰਘ ਜੀ ਰਾਮਗੜੀਆ ਵਾਸੀ ਅੰਮ੍ਰਿਤਸਰ ।

੯. ਕਰਨੈਲ ਜਵਾਲਾ ਸਿੰਘ ਜੀ ਸਾਹਿਬ ਪਿੰਡ ਬੁੰਡਾਲਾ ਜ਼ਿਲ੍ਹਾ ਅੰਮ੍ਰਿਤਸਰ ।

੧੦. ਸ: ਰੂੜ ਸਿੰਘ ਜੀ ਸੀ.ਆਈ.ਈ.ਆਨਰੇਰੀ ਮੈਜਿਸਟਰੇਟ, ਪਿੰਡ ਨੌਸ਼ਹਿਰਾ ਨੰਗਲੀ ਜ਼ਿਲ੍ਹਾ ਅੰਮ੍ਰਿਤਸਰ ।

੧੧. ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਵਾਸੀ ਅੰਮ੍ਰਿਤਸਰ ।

*(ਰਿਪੋਟ ਸ੍ਰੀ ਦਰਬਾਰ ਸਾਹਿਬ ਪੰਨਾ ੧੧੬, ਤਾਰੀਖ ਦਰਬਾਰ ਅੰਮ੍ਰਿਤਸਰ ਉਰਦੂ ਪੰਨਾ ੧੧੩)*

**ਗੁਲਾਮੀ ਜ਼ਿਹਨੀਅਤ-ਕੌਮੀ ਗਿਰਾਵਟ-** ਜਨਰਲ ਕਮੇਟੀ ਦੀ ਪਹਿਲੀ ਮੀਟਿੰਗ ਵਿੱਚ ਇਕ ਮੈਂਬਰ ਨੇ ਸਵਾਲ ਕਰ ਦਿੱਤਾ ਕਿ ਅਸੀਂ ਸਰਕਾਰ ਦੀ ਮਦਦ ਤੋਂ ਬਿਨਾਂ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਕਰ ਸਕਦੇ ਹਾਂ ? ਜੇ ਕਰ ਸਕਦੇ ਹਾਂ, ਤਾਂ ਕਿਸ ਤਰ੍ਹਾਂ ? ਜੇ ਨਹੀਂ ਕਰ ਸਕਦੇ ਤਾਂ ਸਰਕਾਰ ਦੀ ਮਦਦ ਨਾਲ ਪ੍ਰਬੰਧ ਚਲਾਉਣ ਵਿੱਚ ਕੀ ਹਰਜ ਹੈ? ਅੰਗਰੇਜ਼ ਦੀ ਨਵੀਂ ਨਵੀਂ ਹਕੂਮਤ ਦੇ ਰੁਹਬ ਹੇਠ ਕੌਮੀ ਗਿਰਾਵਟ ਦੇ ਕਾਰਨ ਗੁਲਾਮੀ ਦੀ ਹਾਲਤ ਵਿੱਚ ਡਿਪਟੀ ਕਮਿਸ਼ਨਰ ਦੇ ਸਾਹਮਣੇ ਸਭ ਨੇ ਇਹੋ ਜਵਾਬ ਦਿੱਤਾ ਕਿ ਅਸੀਂ ਸਰਕਾਰ ਦੀ ਮਦਦ ਤੋਂ ਬਿਨਾਂ ਦਰਬਾਰ ਸਾਹਿਬ ਦਾ ਪ੍ਰਬੰਧ ਬਿਲਕੁਲ ਨਹੀਂ ਚਲਾ ਸਕਦੇ । ਇਸੇ ਜਵਾਬ ਦੀ ਹੀ ਆਸ ਕੀਤੀ ਜਾ ਸਕਦੀ ਸੀ । ਇਹ ਸਖ਼ਤ ਗਿਰਾਵਟ ਦੇ ਦਿਨ ਸਨ । ਕਿ ਕੁਝ ਦਿਨ ਪਹਿਲਾਂ ਸਾਰੇ ਪੰਜਾਬ ਦਾ ਰਾਜ-ਪ੍ਰਬੰਧ ਚਲਾਉਣ ਵਾਲੇ ਅੱਜ ਇਕ ਗੁਰਦੁਆਰੇ ਦਾ ਪ੍ਰਬੰਧ ਨਹੀਂ ਚਲਾ ਸਕਦੇ ? ਚਲਾ ਤਾਂ ਸਕਦੇ ਸਨ ਪਰ ਗੁਲਾਮੀ ਜ਼ਹਿਨੀਅਤ ਦੇ ਕਾਰਨ ਐਸਾ ਨਾ ਕਰ ਸਕੇ ।

**ਪ੍ਰਬੰਧ ਵਿੱਚ ਵਿਗਾੜ-** ਸਰਕਾਰ ਵੱਲੋਂ ਮੁਕੱਰਰ ਡਿਪਟੀ ਕਮਿਸ਼ਨਰ ਦਾ ਨਾਮਜ਼ਦ ਕੀਤਾ ਹੋਇਆ ਸਰਬਰਾਹ ਪ੍ਰਬੰਧ ਦਾ ਜ਼ਿੰਮੇਵਾਰ ਸੀ । ਉਸ ਨੂੰ ਕਮੇਟੀ ਜਾਂ ਪੰਥ ਦਾ ਕੋਈ ਡਰ ਨਹੀਂ ਸੀ । ਉਸ ਲਈ ਡਿਪਟੀ ਕਮਿਸ਼ਨਰ ਤੇ ਸਰਕਾਰ ਨੂੰ ਖੁਸ਼ ਰੱਖਣਾ ਹੀ ਕਾਫ਼ੀ ਸੀ । ਗ੍ਰੰਥੀਆਂ, ਪੁਜਾਰੀਆਂ ਵਿੱਚੋਂ ਬਹੁਤੇ ਲਾਲਚੀ ਬਣ ਗਏ ਸਨ । ਉਹ ਕਮੇਟੀ ਦੇ ਮੈਂਬਰਾਂ ਪਾਸ ਜਾ ਕੇ ਸਰਬਰਾਹ ਦੀਆਂ ਸ਼ਿਕਾਇਤਾਂ ਕਰਦੇ ਤੇ ਪ੍ਰਬੰਧ ਦੀਆਂ ਕਈ ਗੱਲਾਂ ਵਿੱਚ ਸਿੱਧਾ ਦਖਲ ਦੇਂਦੇ ਸਨ । ਕਮੇਟੀ ਦੇ ਮੈਂਬਰ ਜ਼ਿਆਦਾਤਰ ਸਰਬਰਾਹ ਦੇ ਵਿੱਰੁਧ ਗ੍ਰੰਥੀਆਂ ਦਾ ਪੱਖ ਕਰਦੇ ਸਨ ।

੩ ਮਈ ੧੯੭੦ ਈਸਵੀ ਦੀ ਮੀਟਿੰਗ ਵਿੱਚ ਪੁਜਾਰੀਆਂ ਦੀਆਂ ਕਈ ਗੱਲਾਂ ਮੰਨੀਆਂ ਗਈਆਂ ਅਤੇ ਪ੍ਰਬੰਧ ਵਿੱਚ ਉਨ੍ਹਾਂ ਦਾ ਦਖਲ ਵਧਾਇਆ ਗਿਆ । ਗ੍ਰੰਥੀਆਂ ਤੇ ਪੁਜਾਰੀਆਂ ਨੂੰ ਉਹ ਅਰਦਾਸੇ ਤੇ ਪੂਜਾ ਲੈਣ ਦਾ ਹੱਕ ਦਿੱਤਾ ਗਿਆ, ਜੋ ਸੰਗਤ ਵੱਲੋਂ ਉਨ੍ਹਾਂ ਨੂੰ ਦਿੱਤੀ ਜਾਵੇ । ਇਸ ਦਾ ਸਿੱਟਾ ਇਹ ਨਿਕਲਿਆ ਕਿ ਗ੍ਰੰਥੀਆਂ ਤੇ ਪੁਜਾਰੀਆਂ ਦੇ ਆਦਮੀ ਬਾਹਰੋਂ ਆਏ ਯਾਤਰੂਆਂ ਨੂੰ ਹਰਿਦੁਆਰ ਦੇ ਪੰਡਿਆਂ ਵਾਂਗ ਘੇਰ ਲੈਂਦੇ ਤੇ ਉਨ੍ਹਾਂ ਵੱਲੋਂ ਦਿੱਤੀ ਭੇਟਾ ਗੋਲਕ 'ਚ ਪਾਉਣ ਦੀ ਬਜਾਇ ਅਰਦਾਸਿਆਂ ਵਿੱਚ ਆਪ ਹੀ ਲੈ ਲੈਂਦੇ । ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੀ ਲੜਾਈ-ਝਗੜੇ ਹੋ ਪੈਂਦੇ ਤੇ ਗਾਲੀ-ਗਲੋਚ ਤੱਕ ਨੌਬਤ ਆ ਪਹੁੰਚਦੀ, ਅੰਤ ਨੂੰ ਏਨੇ ਝਗੜੇ ਵਧੇ ਕਿ ਉਨ੍ਹਾਂ ਨੂੰ ਅਦਾਲਤਾਂ ਵਿੱਚ ਲੈ ਜਾਣਾ ਪਿਆ । ੧੯੫੯ ਈ: ਤੋਂ ੧੯੯੩ ਈ: ਤੱਕ ਜਨਰਲ ਕਮੇਟੀ ਦੀਆਂ

ਕਈ ਮੀਟਿੰਗਾਂ ਹੋਈਆਂ ਪਰ ਪ੍ਰਬੰਧ ਦਾ ਸੁਧਾਰ ਨਾ ਹੋ ਸਕਿਆ ।

ਅੰਗਰੇਜ਼ ਸਰਕਾਰ ਨੇ ਪੰਜਾਬ 'ਤੇ ਕਬਜ਼ਾ ਕਰ ਕੇ ਸਿੱਖਾਂ ਪਾਸੋਂ ਰਾਜਸੀ ਸੱਤਾ ਤਾਂ ਖੋਹ ਹੀ ਲਈ ਸੀ, ਹੁਣ ਧਾਰਮਕ ਜਜ਼ਬੇ ਨੂੰ ਕਮਜ਼ੋਰ ਕਰਨ ਲਈ ਸ੍ਰੀ ਦਰਬਾਰ ਸਾਹਿਬ ਤੇ ਹੋਰ ਸੰਬੰਧਤ ਗੁਰਦੁਆਰਿਆਂ ਦਾ ਪ੍ਰਬੰਧ ਵੀ ਡਿਪਟੀ ਕਮਿਸ਼ਨਰ ਤੇ ਸਰਬਰਾਹ ਰਾਹੀਂ ਆਪਣੇ ਅਧੀਨ ਕਰ ਲਿਆ ਪਰ ਅੰਗਰੇਜ਼ਾਂ ਨੇ ਸਿੰਘਾਂ ਦੀ ਬਹਾਦਰੀ ਦੀਆਂ ਅਨੇਕਾਂ ਕਥਾਵਾਂ ਪੜ੍ਹੀਆਂ ਤੇ ਸੁਣੀਆਂ ਸਨ । ਉਨ੍ਹਾਂ ਇਹ ਵੀ ਸੁਣਿਆ ਸੀ ਕਿ ਇਨ੍ਹਾਂ ਨੂੰ ਜੋਸ਼ ਤੇ ਕੁਰਬਾਨੀ ਦਾ ਜਜ਼ਬਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਮਿਲਦਾ ਹੈ । ਮੁਗ਼ਲ ਹਕੂਮਤਾਂ ਵਾਂਗ ਅੰਗਰੇਜ਼ ਸਰਕਾਰ ਨੇ ਸਿੱਖਾਂ ਵੱਲੋਂ ਖਤਰੇ ਨੂੰ ਸਦਾ ਲਈ ਮੁਕਾਉਣ ਵਾਸਤੇ ਇਹ ਫੈਸਲਾ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਤੇ ਸਰੋਵਰ ਵਾਲਾ ਸਾਰਾ ਥਾਂ ਨੀਲਾਮ ਕਰ ਕੇ ਇਸ ਦਾ ਨਾਮੋ-ਨਿਸ਼ਾਨ ਹੀ ਮਿਟਾ ਦਿੱਤਾ ਜਾਵੇ, ਜਾਂ ਇਸ ਥਾਂ ਨੂੰ ਖਰੀਦ ਕੇ ਗਿਰਜੇ ਵਿੱਚ ਤਬਦੀਲ ਕਰ ਦਿੱਤਾ ਜਾਵੇ ਤੇ ਈਸਾਈ ਧਰਮ ਦੇ ਪ੍ਰਚਾਰ ਦਾ ਕੇਂਦਰ ਸਥਾਪਤ ਕਰ ਦਿੱਤਾ ਜਾਵੇ ।

੩੦ ਅਪ੍ਰੈਲ ੧੮੭੭ ਈ: ਦਾ ਦਿਨ ਇਸ ਕੰਮ ਲਈ ਨੀਯਤ ਕੀਤਾ ਹੋਇਆ ਸੀ, ਉਸ ਦਿਨ ਸਾਰੇ ਅੰਗਰੇਜ਼ ਤੇ ਹੋਰ ਅਫ਼ਸਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਏ ਬੈਠੇ ਸਨ । ਗ੍ਰੰਥੀ ਤੇ ਪੁਜਾਰੀ ਵਿਚਾਰੇ ਉਸ ਸਮੇਂ ਆਪਣੇ ਗੁਰੂ ਪਾਤਸ਼ਾਹ ਦੇ ਦਰ ਉੱਤੇ ਅਰਦਾਸਾਂ ਕਰਨ ਤੋਂ ਬਿਨਾਂ ਹੋਰ ਕੀ ਕਰਨ ਜੋਗੇ ਸਨ, ਉਸ ਵਕਤ ਜੋ ਅਸਚਰਜ ਘਟਨਾ ਵਾਪਰੀ, ਉਸ ਦਾ ਜ਼ਿਕਰ ਦਰਸ਼ਨੀ ਡਿਉਢੀ 'ਚ ਵੜਨ ਤੋਂ ਪਹਿਲਾਂ ਬਾਹਰਵਾਰ ਖੱਬੇ ਪਾਸੇ ਸੁਨਹਿਰੀ ਅੱਖਰਾਂ ਵਿੱਚ ਐਉਂ ਲਿਖਿਆ ਹੋਇਆ ਹੈ ;

## ਸ੍ਰੀ ਹਰਿਮੰਦਰ ਸਾਹਿਬ ਜੀ ਵਿੱਚ ਕੁਦਰਤੀ ਚਮਤਕਾਰ-

> *"ਸਭਨਾਂ ਦੀ ਗਿਆਤ ਲਈ ਦਸਿਆ ਜਾਂਦਾ ਹੈ ਕਿ ੩੦ ਅਪ੍ਰੈਲ ੧੮੭੭ ਈ: ਨੂੰ ਸਵੇਰ ਦੇ ੪-੩੦ ਵਜੇ ਇਕ ਅਜਬ ਖੇਲ ਵਰਤਿਆ । ਕੋਈ ਚਾਰ ਸੌ ਪ੍ਰੇਮੀ ਸ੍ਰੀ ਹਰਿਮੰਦਰ ਸਾਹਿਬ ਜੀ ਵਿੱਚ ਕੀਰਤਨ ਦਾ ਅਨੰਦ ਲੈ ਰਹੇ ਸਨ, ਜਦ ਕਿ ਅਚਨਚੇਤ ਹੀ ਬਿਜਲੀ ਦੀ ਲਿਸ਼ਕ ਦਿਸੀ । ਉਹ ਇਕ ਵੱਡੀ ਰੌਸ਼ਨੀ ਦੀ ਸ਼ਕਲ ਵਿੱਚ ਪਹਾੜ ਦੀ ਬਾਹੀ ਦੇ ਦਰਵਾਜ਼ੇ ਵਿੱਚੋਂ ਆਈ । ਠੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਗੋਲਾ ਜੇਹਾ ਬਣ ਕੇ ਫਟੀ ਅਤੇ ਚਾਨਣ ਹੀ ਚਾਨਣ ਕਰ ਕੇ ਦੱਖਣੀ ਦਰਵਾਜ਼ੇ ਥਾਣੀਂ ਇਕ ਰੌਸ਼ਨੀ ਦੀ ਲੀਕ ਹੋ ਕੇ ਨਿਕਲ ਗਈ । ਭਾਵੇਂ ਇਸ ਦੇ ਫਟਣ ਸਮੇਂ ਬੜੀ ਭਿਆਨਕ ਤੇ ਜ਼ੋਰ ਦੀ ਆਵਾਜ਼ ਆਈ, ਪਰ ਅੰਦਰ ਬੈਠੇ ਕਿਸੇ ਪ੍ਰੇਮੀ, ਇਮਾਰਤ ਜਾਂ ਚੀਜ਼ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਪੁੱਜਾ । ਇਸ ਅਲੌਕਿਕ ਦ੍ਰਿਸ਼ਯ ਨੂੰ ਸਭ ਲੋਕੀਂ ਸ੍ਰੀ ਗੁਰੂ ਰਾਮਦਾਸ ਜੀ ਦਾ ਆਪਣਾ ਕੌਤਕ ਦੱਸਦੇ ਹਨ ।*
>
> *ਇਹ ਉਪ੍ਰੋਕਤ ਨਜ਼ਾਰਾ ਵੇਖ ਕੇ ਅੰਗਰੇਜ਼ ਅਫ਼ਸਰ ਭੈ-ਭੀਤ ਹੋ ਗਏ । ਉਨ੍ਹਾਂ ਨੇ ਉਸ ਕੁਕਰਮ ਤੋਂ ਕੰਨਾਂ ਨੂੰ ਹੱਥ ਲਾਇਆ । ਭੁੱਲ ਬਖਸ਼ਾਉਣ ਲਈ ਕੜਾਹ ਪ੍ਰਸ਼ਾਦ ਦੀਆਂ ਖੁਲ੍ਹੀਆਂ ਦੇਗਾਂ ਸ੍ਰੀ ਦਰਬਾਰ ਸਾਹਿਬ ਭੇਟ ਕੀਤੀਆਂ । ਫਰਵਰੀ*

*੧੯੨੨ ਈ: ਵਿੱਚ ਇਹ ਵਾਰਤਾ ਸ: ਸੁੰਦਰ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ ਨੇ ਪ੍ਰੋ: ਸਾਹਿਬ ਸਿੰਘ (ਜੋ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸਨ) ਨੂੰ ਦੱਸਿਆ ਕਿ ਇਹ ਘਟਨਾ ਮੈਨੂੰ ਮੈਥੋਂ ਪਹਿਲੇ ਸਰਬਰਾਹ ਨੇ ਸੁਣਾਈ ਸੀ।*

*(ਦੇਖੋ ਪ੍ਰੋ: ਸਾਹਿਬ ਸਿੰਘ ਲਿਖਤ ਮੇਰੀ ਜੀਵਨ ਕਹਾਣੀ ਦਾ ਪੰਨਾ ੧੪੧-੪੨)*

**ਪ੍ਰਬੰਧ ਹੋਰ ਵਿਗੜਿਆ**- ਉਸ ਸਮੇਂ ਸਿੱਖ-ਪੰਥ ਦਾ ਤਾਂ ਇਸ ਪ੍ਰਬੰਧ ਵਿੱਚ ਕੋਈ ਦਖਲ ਨਹੀਂ ਸੀ, ਸਰਬਰਾਹ ਡਿਪਟੀ ਕਮਿਸ਼ਨਰ ਤੋਂ ਹੁਕਮ ਲੈਂਦਾ ਸੀ। ਜਨਰਲ ਕਮੇਟੀ ਦੇ ਫੈਸਲਿਆਂ ਉੱਪਰ ਸਹੀ ਢੰਗ ਨਾਲ ਅਮਲ ਨਾ ਹੋਣ ਕਰ ਕੇ ਆਖਰ ਹੌਲੀ-ਹੌਲੀ ਜਨਰਲ ਕਮੇਟੀ ਵੀ ਖਤਮ ਹੋ ਗਈ, ਸਰਬਰਾਹ ਹੀ ਸਭ ਕੁਝ ਹੋ ਗਿਆ। ਧਾਰਮਕ ਮਰਯਾਦਾ ਵਿੱਚ ਸਰਬਰਾਹ ਨੂੰ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਸੀ। ਜਿਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਹਰਿਮੰਦਰ ਸਾਹਿਬ ਦੀਆਂ ਧਾਰਮਕ ਮਰਯਾਦਾ ਵਿਗੜ ਗਈਆਂ। ਅੰਗਰੇਜ਼ ਵੀ ਸਿੱਖਾਂ ਨੂੰ ਧਾਰਮਕ ਤੌਰ 'ਤੇ ਕਮਜ਼ੋਰ ਰੱਖਣਾ ਚਾਹੁੰਦਾ ਸੀ, ਜਿਸ ਕਰ ਕੇ ਸਿੱਖ-ਰਹੁਰੀਤਾਂ ਢਿੱਲੀਆਂ ਕਰ ਦਿੱਤੀਆਂ ਗਈਆਂ, ਪ੍ਰਕਰਮਾ ਵਿੱਚ ਥਾਂ-ਥਾਂ ਠਾਕੁਰ ਰੱਖੇ ਗਏ। ਹਿੰਦੂ ਪੁਰਾਣਾਂ ਤੇ ਸ਼ਾਸਤ੍ਰਾਂ ਦੀਆਂ ਕਥਾ ਹੋਣ ਲੱਗ ਪਈਆਂ। ਬੁੱਤ ਪ੍ਰਸਤੀ, ਪੂਜਾ ਪਾਠ, ਵਰਤ ਨੇਮ, ਸਭ ਕੁਝ ਦਰਬਾਰ ਸਾਹਿਬ ਵਿੱਚ ਹੋਣ ਲੱਗੇ, ਇਹ ਨਿਰਾ ਹਿੰਦੂ ਮੰਦਰ ਬਣ ਗਿਆ।

ਪ੍ਰਕਰਮਾ ਵਿੱਚ ਬਾਜ਼ਾਰ ਲਗਦੇ, ਗੰਦੇ ਕਿੱਸੇ ਤੇ ਕਿਤਾਬਾਂ ਵਿਕਦੀਆਂ, ਛਾਬੜੀਆਂ ਲੱਗਦੀਆਂ, ਹਰ ਤਰ੍ਹਾਂ ਦੇ ਮਰਦ ਤੇ ਇਸਤ੍ਰੀਆਂ ਮੌਜ-ਮੇਲੇ ਲਈ ਇੱਕਠੇ ਹੁੰਦੇ ਅਤੇ ਇਥੇ ਮਨ ਪ੍ਰਚਾਵੇ ਕਰ ਕੇ ਘਰਾਂ ਨੂੰ ਜਾਂਦੇ। ਸ਼ਰਾਬ ਪੀ ਕੇ ਬਦਮਾਸ਼ ਲੋਕ ਖੁਲ੍ਹੇ-ਡੁਲ੍ਹੇ ਫਿਰਦੇ। ਬੁੰਗਿਆਂ ਵਿੱਚ ਉਹ ਉਪਦ੍ਰਵ ਹੋਣ ਲੱਗੇ, ਜੋ ਬਿਆਨ ਨਹੀਂ ਕੀਤੇ ਜਾ ਸਕਦੇ। ਜੇ ਕੋਈ ਸਿਦਕੀ ਸਿੱਖ ਆ ਕੇ ਇਹ ਹਾਲਤ ਵੇਖਦਾ, ਉਸ ਦਾ ਹਿਰਦਾ ਵਿਆਕੁਲ ਹੋ ਉੱਠਦਾ ਪਰ ਉਹ ਕੋਈ ਉਪਾਅ ਨਾ ਕਰ ਸਕਦਾ। ਗੈਰ ਸਿੱਖ ਦਰਬਾਰ ਸਾਹਿਬ ਦੀ ਯਾਤਰਾ ਕਰ ਕੇ ਕੋਈ ਚੰਗੇ ਖਿਆਲ ਲੈ ਕੇ ਨਾ ਜਾਂਦੇ।

ਇਕ ਪਾਸੇ ਤਾਂ ਇਸ ਤਰ੍ਹਾਂ ਧਾਰਮਕ ਮਰਯਾਦਾ ਵਿਗੜ ਗਈ, ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਲੱਗੀਆਂ ਹੋਈਆਂ ਆਮਦਨਾਂ ਦੇ ਵਸੀਲੇ ਘੱਟ ਹੁੰਦੇ ਗਏ। ਸਿੱਖ ਰਾਜ ਸਮੇਂ ਸ਼ਹਿਰ ਦੀ ਸਾਰੀ ਚੁੰਗੀ ਦੀ ਆਮਦਨ ਸ੍ਰੀ ਦਰਬਾਰ ਸਾਹਿਬ ਨੂੰ ਮਿਲਦੀ ਸੀ। ਇਹ ਘਟਦੀ ਘਟਦੀ ਇਥੋਂ ਤੱਕ ਚਲੀ ਗਈ ਕਿ ਹੁਣ ਕੇਵਲ ਦਰਬਾਰ ਸਾਹਿਬ ਦੀ ਬਿਜਲੀ ਦਾ ਬਿਲ ਤੇ ਹੰਸਲੀ ਦੀ ਜ਼ਮੀਨ ਦਾ ਮਾਲੀਆ ਹੀ ਮਿਉਂਸਪਲ ਕਮੇਟੀ ਦਿੰਦੀ ਸੀ। ਹੁਣ ਨਗਰ ਪਾਲਕਾ ਵਿੱਚ ਦਰਬਾਰ ਸਾਹਿਬ ਵੱਲੋਂ ਕੋਈ ਮੈਂਬਰ ਵੀ ਨਹੀਂ ਸੀ ਜਦ ਕਿ ਪਹਿਲਾਂ ਦਰਬਾਰ ਸਾਹਿਬ ਦੀ ਕਮੇਟੀ ਹੀ ਸ਼ਹਿਰ ਦੀ ਨਗਰ ਪਾਲਕਾ ਹੁੰਦੀ ਸੀ ਤੇ ਉਸ ਦੀ ਸਾਰੀ ਆਮਦਨੀ ਦਰਬਾਰ ਸਾਹਿਬ ਦੇ ਖਜ਼ਾਨੇ 'ਚ ਜਮ੍ਹਾਂ ਹੁੰਦੀ ਸੀ। ਹੁਣ ਲੱਖਾਂ ਰੁਪਇਆਂ ਦੀ ਆਮਦਨ ਤੇ ਖਰਚ ਦਾ ਹਿਸਾਬ-ਕਿਤਾਬ ਕਦੇ ਪਬਲਿਕ ਦੇ ਸਾਹਮਣੇ ਪੇਸ਼ ਨਹੀਂ ਕੀਤਾ ਗਿਆ।

**ਸਿੱਖ ਜਾਗ੍ਰਤੀ ਦਾ ਸਮਾਂ**- ਪੰਥਕ ਅਖਬਾਰਾਂ, ਜਲਸਿਆਂ, ਦੀਵਾਨਾਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਭੈੜੇ ਪ੍ਰਬੰਧ ਵਿਰੁੱਧ ਭਾਰੀ ਅੰਦੋਲਨ ਆਰੰਭ ਹੋ ਗਿਆ। ਇਹ ਅੰਦੋਲਨ

ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਤੇ ਸਰਕਾਰ ਦੇ ਵਿਰੁੱਧ ਸੀ । ਸਿੱਖ-ਪੰਥ ਦੀ ਇਹ ਮੁਖ ਮੰਗ ਸੀ ਕਿ ਸਰਬਰਾਹ ਪੰਥ ਦੀ ਮਰਜ਼ੀ ਮੁਤਾਬਿਕ ਨੀਯਤ ਕੀਤਾ ਜਾਵੇ । ਪ੍ਰਬੰਧ ਲਈ ਪੰਥ ਵੱਲੋਂ ਚੁਣੀ ਹੋਈ ਕਮੇਟੀ ਹੋਵੇ, ਜੋ ਪੰਥ ਅੱਗੇ ਉਤਰਦਾਈ ਹੋਵੇ । ਗ੍ਰੰਥੀ ਤੇ ਪੁਜਾਰੀ ਕੇਵਲ ਉਹ ਸੱਜਣ ਹੀ ਹੋਣ, ਜੋ ਹਰ ਤਰ੍ਹਾਂ ਇਸ ਮਹਾਨ ਧਾਰਮਿਕ ਕੇਂਦਰ ਦੇ ਯੋਗ ਹੋਣ । ਅਯੋਗ ਤੇ ਦੁਰਾਚਾਰੀ ਆਦਮੀਆਂ ਨੂੰ ਸੇਵਾ 'ਚੋਂ ਹਟਾ ਦਿੱਤਾ ਜਾਵੇ । ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦੀਆਂ ਸਾਰੀਆਂ ਧਾਰਮਿਕ ਰਹੁ ਰੀਤਾ ਗੁਰਮਤਿ ਅਨੁਸਾਰ ਹੋਣ । ਪ੍ਰਬੰਧਕ ਕਮੇਟੀ ਆਮਦਨ ਖਰਚ ਦਾ ਬਾਕਾਇਦਾ-ਹਿਸਾਬ ਕਿਤਾਬ ਰੱਖੇ ਤੇ ਹਰ ਸਾਲ ਪਬਲਿਕ ਦੇ ਸਾਹਮਣੇ ਪੇਸ਼ ਕਰੇ । ਸਰਬਰਾਹ ਨੂੰ ਤਾਂ ਪੰਥ ਦੀ ਆਵਾਜ਼ ਦੀ ਕੋਈ ਪ੍ਰਵਾਹ ਹੀ ਨਹੀਂ ਸੀ, ਉਹ ਤਾਂ ਡਿਪਟੀ ਕਮਿਸ਼ਨਰ ਨੂੰ ਖੁਸ਼ ਰੱਖਣਾ ਹੀ ਆਪਣਾ ਫ਼ਰਜ਼ ਸਮਝਦਾ ਸੀ । ਸੰਗਤਾਂ ਦੀਆਂ ਸ਼ਿਕਾਇਤਾਂ ਨਾਲ ਤਾਂ ਸਰਕਾਰ ਦੇ ਕੰਨਾਂ 'ਤੇ ਜੂੰ ਵੀ ਨਹੀਂ ਸੀ ਸਰਕਦੀ ।

ਦਰਬਾਰ ਸਾਹਿਬ ਦੇ ਭੈੜੇ ਪ੍ਰਬੰਧ ਤੋਂ ਇਲਾਵਾ ਹੋਰ ਵੀ ਕਈ ਕਾਰਨ ਹੋ ਗਏ ਜਿਨ੍ਹਾਂ ਕਰ ਕੇ ਸਿੱਖ-ਪੰਥ ਵਿੱਚ ਸਰਕਾਰ ਵਿਰੁੱਧ ਨਾਰਾਜ਼ਗੀ ਵਧਦੀ ਗਈ । ਉਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਸੁਆਲ ਵੀ ਛਿੜ ਰਿਹਾ ਸੀ ।

**ਸਿੰਘ ਸਭਾ ਲਹਿਰ ਦਾ ਸਮਾਂ**- ਇਸ ਸਮੇਂ ਸਿੰਘ ਸਭਾ ਦੀ ਲਹਿਰ ਜ਼ੋਰਾਂ 'ਤੇ ਹੋਣ ਕਰ ਕੇ ਸਿੱਖਾਂ ਵਿੱਚ ਬੜੀ ਜਾਗ੍ਰਤੀ ਆਈ ਹੋਈ ਸੀ ਤੇ ਸਿੱਖ ਆਪਣੇ ਧਾਰਮਿਕ ਮੰਦਰਾਂ ਭਾਵ ਗੁਰਦੁਆਰਿਆਂ ਦੀਆਂ ਬਦ-ਇੰਤਜ਼ਾਮੀਆਂ ਅਤੇ ਬੇਅਦਬੀਆਂ ਨੂੰ ਬਹੁਤ ਦੁੱਖ ਨਾਲ ਮਹਿਸੂਸ ਕਰ ਰਹੇ ਸਨ ।

੧੯੦੫ ਈ: ਦੀਆਂ ਗਰਮੀਆਂ ਵਿੱਚ ਸੁਧਾਰਕ ਸਿੱਖਾਂ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ 'ਚੋਂ ਬੁੱਤ ਉਠਾ ਦਿੱਤੇ । ਇਸ ਉੱਤੇ ਹਿੰਦੂਆਂ ਨੇ ਬਹੁਤ ਰੌਲਾ ਪਾਇਆ । ਸਿੱਖਾਂ ਦੀ ਸੁਧਾਰਕ ਜਥੇਬੰਦੀ ਨੂੰ ਬਦਨਾਮ ਕਰਨ ਤੇ ਉਸ ਦੇ ਵਿਰੁੱਧ ਵੱਡੇ-ਵੱਡੇ ਲੋਕਾਂ ਨੂੰ ਉਕਸਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ । ਮਹਾਰਾਜਾ ਹੀਰਾ ਸਿੰਘ 'ਨਾਭਾ' ਨੂੰ ਵੀ ਇਸ ਮਾਮਲੇ ਵਿੱਚ ਪੈਣ ਲਈ ਕਿਹਾ ਗਿਆ ਪਰ ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ । ਉਨ੍ਹਾਂ ਹਿੰਦੂਆਂ ਦੀ ਮਦਦ ਲਈ ਕੋਈ ਵੀ ਤਿਆਰ ਨਾ ਹੋਇਆ । ਉਸ ਤੋਂ ਬਾਅਦ ਮੁੜ ਪ੍ਰਕਰਮਾ ਵਿੱਚ ਠਾਕੁਰ ਨਹੀਂ ਰੱਖੇ ਗਏ ।

੧੯੦੬ ਈ: ਵਿੱਚ ਪੰਥਕ ਅਖਬਾਰਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਹਿੱਤ ਖੂਬ ਧੜੱਲੇਦਾਰ ਲੇਖ ਲਿਖੇ, ਜਿਨ੍ਹਾਂ ਵਿੱਚ ਇਨ੍ਹਾਂ ਗੱਲਾਂ 'ਤੇ ਵਧੇਰੇ ਜ਼ੋਰ ਦਿੱਤਾ ਗਿਆ ਕਿ ਗੁਰਦੁਆਰਿਆਂ ਦੇ ਮਹੰਤ, ਗ੍ਰੰਥੀ, ਪੁਜਾਰੀ ਜੱਦੀ ਮਾਲਕ ਨਹੀਂ ਹੋਣੇ ਚਾਹੀਦੇ ਕਿਉਂਕਿ ਆਰੰਭ ਵਿੱਚ ਇਸ ਤਰ੍ਹਾਂ ਨਹੀਂ ਸਨ । ਚੰਗੇ ਚਾਲ-ਚਲਨ ਤੇ ਪੂਰਨ ਯੋਗਤਾ ਅਨੁਸਾਰ ਇਨ੍ਹਾਂ ਦੀਆਂ ਨਿਯੁਕਤੀਆਂ ਹੋਣੀਆਂ ਚਾਹੀਦੀਆਂ ਹਨ । ਗੁਰਦੁਆਰਿਆਂ ਦੀਆਂ ਜਾਇਦਾਦਾਂ ਪੰਥਕ ਜਾਇਦਾਦਾਂ ਹਨ । ਇਹ ਗੁਰਦੁਆਰਿਆਂ ਦੇ ਨਾਮ ਹੀ ਦਰਜ ਹੋਣੀਆਂ ਚਾਹੀਦੀਆਂ ਹਨ । ਜਾਇਦਾਦਾਂ ਤੇ ਜਾਗੀਰਾਂ ਨੂੰ ਵੇਚਣ ਤੇ ਵਟਾਉਣ ਦਾ ਕਿਸੇ ਨੂੰ ਵੀ ਹੱਕ ਨਹੀਂ ਹੋਣਾ ਚਾਹੀਦਾ । ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਪੰਥ ਵੱਲੋਂ ਨੀਯਤ ਹੋਣਾ ਚਾਹੀਦਾ ਹੈ । ਪੰਥ ਵੱਲੋਂ ਚੁਣੀ ਕਮੇਟੀ ਹੀ ਸਾਰਾ ਪ੍ਰਬੰਧ ਚਲਾਵੇ । ਸਰਕਾਰ ਵੱਲੋਂ ਗੁਰਦੁਆਰਾ ਪ੍ਰਬੰਧ ਵਿੱਚ ਦਖ਼ਲ ਦੇਣਾ ਸਖ਼ਤ ਬੇ-ਇਨਸਾਫ਼ੀ ਤੇ

ਜ਼ਿਆਦਤੀ ਹੈ । ਅਖਬਾਰਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਪਿਛਲੇ ਹਿਸਾਬ-ਕਿਤਾਬ ਨੂੰ ਪ੍ਰਕਾਸ਼ਤ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਤੇ ਹੋਰ ਸਾਰੀਆਂ ਪ੍ਰਬੰਧਕ ਖਰਾਬੀਆਂ ਨੂੰ ਜਨਤਾ ਦੇ ਸਾਹਮਣੇ ਲਿਆਂਦਾ । ਪੰਥਕ ਅਖਬਾਰਾਂ ਵੱਲੋਂ ਚਲਾਏ ਇਸ ਅੰਦੋਲਨ ਸਦਕਾ ਸਾਰੇ ਸਮਾਗਮਾਂ ਤੇ ਦੀਵਾਨਾਂ ਵਿੱਚ ਫਿਰ ਜ਼ੋਰਦਾਰ ਲਹਿਰ ਚੱਲ ਪਈ ਤੇ ਗੁਰਮਤੇ ਪਾਸ ਹੋਣ ਲੱਗ ਪਏ । ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਨੂੰ ਹਟਾ ਕੇ ਪੰਥਕ ਪ੍ਰਬੰਧ ਕਰਨ 'ਤੇ ਜ਼ੋਰ ਦਿੱਤਾ ਜਾਣ ਲੱਗਾ ।

੧੯੦੭ ਈ: ਤੱਕ ਇਹ ਐਜੀਟੇਸ਼ਨ ਖੂਬ ਗਰਮ ਰਹੀ । ਸ੍ਰੀ ਦਰਬਾਰ ਸਾਹਿਬ ਦੀ ਬਦ-ਇੰਤਜ਼ਾਮੀ ਦੀਆਂ ਸ਼ਿਕਾਇਤਾਂ ਦੇ ਨਾਲ ਖਾਲਸਾ ਕਾਲਜ ਦਾ ਮਸਲਾ ਵੀ ਆਰੰਭ ਹੋ ਗਿਆ ਕਿਉਂਕਿ ਸਰਕਾਰ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਬੰਧ 'ਤੇ ਆਪਣਾ ਕਬਜ਼ਾ ਕਰ ਲਿਆ ਸੀ । ਨਾਲ ਹੀ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਝਗੜਾ ਚਲ ਪਿਆ ਪਰ ਸਰਕਾਰ ਨੇ ਇਨ੍ਹਾਂ ਦੋਹਾਂ ਕਾਰਜਾਂ ਸੰਬੰਧੀ ਆਰੰਭੇ ਸੰਘਰਸ਼ ਨੂੰ ਆਪਣੇ ਜ਼ੋਰ ਨਾਲ ਦਬਾ ਦਿੱਤਾ ।

੧੯੧੪ ਈ: ਵਿੱਚ ਜਦ ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਰਾਜਧਾਨੀ ਕਲਕੱਤੇ ਤੋਂ ਬਦਲ ਕੇ ਦਿੱਲੀ ਬਣਾ ਲਈ । ਕੇਂਦਰ ਸਰਕਾਰ ਦੇ ਸਕੱਤਰੇਤ ਨੂੰ ਜਾਂਦੀ ਸੜਕ ਨੂੰ ਸਿੱਧੀ ਰੱਖਣ ਦੀ ਖਾਤਰ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਦਿੱਤੀ । ਫਿਰ ਕੀ ਸੀ ਪੰਥ ਵਿੱਚ ਰੋਸ ਦੀ ਲਹਿਰ ਦੌੜ ਗਈ । ਥਾਂ-ਥਾਂ ਜਲਸੇ ਜਲੂਸ ਕਰ ਕੇ ਮੰਗ ਕੀਤੀ ਜਾਣ ਲੱਗੀ ਕਿ ਇਹ ਪੰਥ ਦੇ ਇਤਿਹਾਸਕ ਗੁਰਦੁਆਰੇ ਹਨ । ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਕਿਸੇ ਗੁਰਦੁਆਰੇ ਦੀ ਇਕ ਇੱਟ ਨੂੰ ਵੀ ਛੇੜੇ, ਗੁਰਦੁਆਰੇ ਦੀ ਢੱਠੀ ਹੋਈ ਕੰਧ ਨੂੰ ਤੁਰੰਤ ਉਸਾਰ ਕੇ ਦੇਵੇ। ਜਦ ਇਸ ਮਸਲੇ 'ਤੇ ਸਿੱਖ ਕੌਮ ਗਰਮ ਹੋ ਉੱਠੀ ਤੇ ਸ਼ਹੀਦੀ ਜਥੇ ਭਰਤੀ ਹੋਣ ਲੱਗੇ, ਤਾਂ ਸਿੱਖਾਂ ਦੇ ਜੋਸ਼ ਤੋਂ ਡਰਦਿਆਂ ਸਰਕਾਰ ਨੇ ਠੇਕੇਦਾਰਾਂ ਰਾਹੀਂ ਗੁਰਦੁਆਰਾ ਰਕਾਬ ਗੰਜ ਦੀ ਢੱਠੀ ਹੋਈ ਕੰਧ ਨਵੇਂ ਸਿਰਿਉਂ ਬਣਵਾ ਦਿੱਤੀ । ਇਹ ਸਿੰਘਾਂ ਦੀ ਅੰਗਰੇਜ਼ੀ ਸਰਕਾਰ ਉੱਪਰ ਪਹਿਲੀ ਫ਼ਤਹਿ ਸੀ ।

ਏਸੇ ਹੀ ਸਮੇਂ ੧੯੧੪ ਈ: ਵਿੱਚ ਕਲਕੱਤੇ ਦੇ ਬਜ-ਬਜ ਘਾਟ ਉੱਤੇ ਬਾਬਾ ਗੁਰਦਿੱਤ ਸਿੰਘ ਜੀ ਦੀ ਅਗਵਾਈ ਹੇਠ ਆਏ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਉੱਤੇ (ਜੋ ਅਮਰੀਕਾ ਤੋਂ ਵਾਪਿਸ ਪਰਤੇ ਸਨ) ਗੱਦਾਰ ਹੋਣ ਦਾ ਬਹਾਨਾ ਲਾ ਕੇ ਸਰਕਾਰ ਅੰਗਰੇਜ਼ੀ ਵੱਲੋਂ ਗੋਲੀ ਚਲਾਈ ਗਈ । ਜਿਸ ਕਾਰਨ ਬਹੁਤ ਸਾਰੇ ਯਾਤਰੂ ਮਾਰੇ ਗਏ, ਕੁਝ ਗ੍ਰਿਫਤਾਰ ਕਰ ਲਏ ਤੇ ਉਨ੍ਹਾਂ ਦਾ ਸਾਮਾਨ ਲੁੱਟ ਲਿਆ । ਇਸ ਘਟਨਾ ਨਾਲ ਦੇਸ਼-ਪ੍ਰਦੇਸ਼ ਦੇ ਸਿੱਖਾਂ ਵਿੱਚ ਵਧੇਰੇ ਜੋਸ਼ ਫੈਲ ਗਿਆ । ਇਸ ਨਾਲ ਲਗਦੀ ਦੂਜੀ ਮਾੜੀ ਘਟਨਾ ਇਹ ਹੋਈ ਕਿ ਅੰਗਰੇਜ਼ਾਂ ਦੇ ਪਿੱਠੂ ਸ੍ਰੀ ਦਰਬਾਰ ਸਾਹਿਬ ਦੇ ਉਸ ਸਮੇਂ ਦੇ ਸਰਬਰਾਹ ਅਰੂੜ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਦੀਵਾਨ ਸਜਾ ਕੇ ਉਨ੍ਹਾਂ ਆਜ਼ਾਦੀ ਦੇ ਪਰਵਾਨੇ ਸੂਰਬੀਰ ਯੋਧੇ ਸਿੰਘਾਂ ਨੂੰ ਸਿੱਖੀ ਤੋਂ ਪਤਿਤ ਕਰਾਰ ਦੇ ਦਿੱਤਾ, ਜਿਸ ਦਾ ਸਾਰੀ ਸਿੱਖ ਕੌਮ ਨੇ ਬਹੁਤ ਬੁਰਾ ਮਨਾਇਆ ।

੧੯੧੯ ਈ: ਦੀ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ ਭਾਰੀ ਇਕੱਠ ਉੱਪਰ ਜਨਰਲ ਡਾਇਰ ਨੇ ਮਸ਼ੀਨਗੰਨ ਦੀਆਂ ਗੋਲੀਆਂ ਦੀ ਅੰਨ੍ਹੇਵਾਹ ਵਾਛੜ ਕਰ ਕੇ ਬੇਅੰਤ ਬੇਕਸੂਰ, ਨਿਹੱਥੇ ਲੋਕ ਭੁੰਨ ਸੁੱਟੇ । ਜਦ ਇਹ ਡਾਇਰ ਉਪ੍ਰੋਕਤ ਜਲ੍ਹਿਆਂ ਵਾਲੇ ਬਾਗ ਵਿੱਚ ਬੇਗੁਨਾਹ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੇ ਖ਼ੂਨ ਨਾਲ ਹੱਥ ਰੰਗ ਕੇ ਸ੍ਰੀ ਦਰਬਾਰ ਸਾਹਿਬ ਆਇਆ, ਤਾਂ ਉਪ੍ਰੋਕਤ ਸਰਬਰਾਹ ਅਰੂੜ

ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਨੂੰ ਸਿਰੋਪਾ ਦਿੱਤਾ ਤੇ ਉਸ ਨੂੰ ਸਿੱਖ ਪ੍ਰਗਟ ਕਰ ਕੇ ਉਸ ਦੀ ਇੱਜ਼ਤ ਕੀਤੀ ਗਈ।

ਇਸ ਦੁਖਦਾਈ ਘਟਨਾ ਨੂੰ ਸੁਣ ਕੇ ਸਾਰਾ ਪੰਥ ਬਹੁਤ ਦੁਖੀ ਹੋਇਆ ਕਿਉਂਕਿ ਇਕ ਅਤਿ ਦਰਜੇ ਦੇ ਜ਼ਾਲਮ, ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਭਾਵ ਪੰਜਾਬੀ ਜਨਤਾ ਦੇ ਕਾਤਲ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦੇ ਕੇ ਸਰਬਰਾਹ ਨੇ ਇਸ ਪਵਿੱਤਰ ਅਸਥਾਨ ਦੀ ਘੋਰ ਬੇਅਦਬੀ ਕੀਤੀ ਹੈ ਤੇ ਸਿੱਖ ਰਵਾਇਤਾਂ ਦਾ ਖ਼ੂਨ ਕੀਤਾ ਹੈ। ਇਨ੍ਹਾਂ ਉਪ੍ਰੋਕਤ ਘਟਨਾਵਾਂ ਦੇ ਕਾਰਨ ਸਰਬਰਾਹ ਦੇ ਵਿਰੁੱਧ ਸਾਰੀ ਸਿੱਖ ਕੌਮ ਜਥੇਬੰਦ ਹੋ ਕੇ ਸੰਘਰਸ਼ ਲਈ ਤਤਪਰ ਹੋ ਗਈ।

**ਅਕਾਲੀ ਲਹਿਰ ਦਾ ਆਰੰਭ–** ਉਸ ਸਮੇਂ ਅਕਾਲੀ ਲਹਿਰ ਆਰੰਭ ਹੋ ਚੁੱਕੀ ਸੀ। ਅੰਮ੍ਰਿਤਸਰ ਵਾਸੀਆਂ ਨੇ ਆਪਣੇ ਸ਼ਹਿਰ ਦੇ ਇਸ ਉੱਚ ਪਵਿੱਤਰ ਅਸਥਾਨ ਦੇ ਪ੍ਰਬੰਧ ਸੁਧਾਰ ਦਾ ਬੀੜਾ ਚੁੱਕਿਆ। ੧੯੨੦ ਈ: ਦੇ ਅਗਸਤ ਦੇ ਪਹਿਲੇ ਹਫ਼ਤੇ ਸਰਬਰਾਹ ਵਿਰੁੱਧ ਸੰਘਰਸ਼ ਕਰਨ ਲਈ ਇਕ ਮੀਟਿੰਗ ਮੰਜੀ ਸਾਹਿਬ ਅਸਥਾਨ 'ਤੇ ਬੁਲਾਈ। ਡਿਪਟੀ ਕਮਿਸ਼ਨਰ ਨੇ ਮੀਟਿੰਗ ਬੰਦ ਕਰਨ ਦਾ ਹੁਕਮ ਜਾਰੀ ਕੀਤਾ, ਪਰ ਸਰਦਾਰ ਅਮਰ ਸਿੰਘ ਅਤੇ ਸਰਦਾਰ ਜਸਵੰਤ ਸਿੰਘ 'ਝਬਾਲ' ਨੇ ਡਿਪਟੀ ਕਮਿਸ਼ਨਰ ਦਾ ਹੁਕਮ ਤੋੜਨ ਦੀ ਅਗਵਾਈ ਕੀਤੀ ਤੇ ਮੰਜੀ ਸਾਹਿਬ ਧੜੱਲੇਦਾਰ ਤਕਰੀਰਾਂ ਕੀਤੀਆਂ। ਮੀਟਿੰਗ ਕਰ ਕੇ ਸਰਬਰਾਹ ਤੇ ਡਿਪਟੀ ਕਮਿਸ਼ਨਰ ਦੇ ਵਿਰੁੱਧ ਮਤੇ ਪਾਸ ਕੀਤੇ।

ਲੋਕਾਂ ਦਾ ਜੋਸ਼ ਵੇਖ ਸਰਕਾਰ ਨੇ ਸਰਬਰਾਹ ਨੂੰ ਦੋ ਮਹੀਨੇ ਦੀ ਛੁੱਟੀ 'ਤੇ ਭੇਜ ਦਿੱਤਾ ਪਰ ਇਸ ਤਰ੍ਹਾਂ ਸੰਗਤਾਂ ਦੀ ਤਸੱਲੀ ਨਾ ਹੋਈ ਤੇ ਸੰਗਤ ਨੇ ਫੈਸਲਾ ਕੀਤਾ ਕਿ ਜੇ ਸਰਬਰਾਹ ੨੯ ਅਗਸਤ ੧੯੨੦ ਈ: ਤੱਕ ਅਸਤੀਫ਼ਾ ਨਾ ਭੇਜੇ, ਤਾਂ ਉਸ ਦੀ ਅਰਥੀ ਦਾ ਬਾਜ਼ਾਰਾਂ 'ਚ ਜਲੂਸ ਕੱਢਿਆ ਜਾਵੇ ਅਤੇ ਅਖੀਰ 'ਤੇ ਅਰਥੀ ਸਾੜੀ ਜਾਵੇ। ਜ਼ਨਾਨੀਆਂ ਨੇ ਵੀ ਇਸ ਦੇ ਹੱਕ 'ਚ ਮਤੇ ਪਾਸ ਕੀਤੇ। ਇਸ ਫੈਸਲੇ ਨਾਲ ਸਾਰੇ ਸ਼ਹਿਰ ਵਿੱਚ ਹਲਚਲ ਮੱਚ ਗਈ।

ਜਲ੍ਹਿਆਂ ਵਾਲੇ ਬਾਗ ਵਿੱਚ ਸਿੱਖਾਂ ਦਾ ਇਕ ਭਾਰੀ ਦੀਵਾਨ ਸੱਜ ਰਿਹਾ ਸੀ। ਦਰਬਾਰ ਸਾਹਿਬ ਦੇ ਪ੍ਰਬੰਧ ਸੁਧਾਰ ਅਤੇ ਸਰਬਰਾਹ ਦੀ ਅਰਥੀ ਕੱਢਣ ਬਾਰੇ ਵਿਚਾਰਾਂ ਹੋ ਰਹੀਆਂ ਸਨ ਕਿ ਸਰਬਰਾਹ ਅਰੂੜ ਸਿੰਘ ਹੱਥ ਬੰਨ੍ਹ ਕੇ ਦੀਵਾਨ ਵਿੱਚ ਆ ਹਾਜ਼ਰ ਹੋਇਆ ਤੇ ਸੰਗਤਾਂ ਅੱਗੇ ਬੇਨਤੀ ਕੀਤੀ, ਕਿ ***"ਖਾਲਸਾ ਜੀ ! ਮੈਂ ਆਪ ਦਾ ਹੁਕਮ ਮੰਨਦਾ ਹੋਇਆ ਸਰਬਰਾਹੀ ਤੋਂ ਅਸਤੀਫਾ ਦੇਂਦਾ ਹਾਂ। ਮੇਰੀਆਂ ਪਿਛਲੀਆਂ ਭੁੱਲਾਂ ਮੁਆਫ਼ ਕੀਤੀਆਂ ਜਾਣ।"***

ਗੁਰਦੁਆਰਾ ਰਕਾਬਗੰਜ ਤੋਂ ਬਾਅਦ ਖਾਲਸਾ ਜੀ ਨੂੰ ਇਹ ਦੂਜੀ ਜਿੱਤ ਪ੍ਰਾਪਤ ਹੋਈ। ਸਰਕਾਰ ਨੇ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਏ ਨੂੰ ਸਰਬਰਾਹ ਮੁਕੱਰਰ ਕਰ ਦਿੱਤਾ। ਸੰਗਤਾਂ ਦੀ ਸਰਬਰਾਹ ਦੀ ਸ਼ਿਕਾਇਤ ਤਾਂ ਦੂਰ ਹੋ ਗਈ, ਪਰ ਵੱਡੀ ਸ਼ਿਕਾਇਤ ਤਾਂ ਇਹ ਸੀ ਕਿ ਗੁਰਦੁਆਰਾ ਪ੍ਰਬੰਧ ਪੰਥ ਵੱਲੋਂ ਚੁਣੀ ਕਮੇਟੀ ਕਰੇ। ਇਸ ਨੂੰ ਸਰਕਾਰ ਮੰਨਣ ਲਈ ਤਿਆਰ ਨਹੀਂ, ਸੀ ਇਸ ਲਈ ਐਜ਼ੀਟੇਸ਼ਨ ਚਲਦੀ ਰਹੀ।

ਸਿੱਖ ਸੰਗਤਾਂ ਨੂੰ ਇਕ ਵੱਡੀ ਸ਼ਿਕਾਇਤ ਇਹ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਤੇ ਗ੍ਰੰਥੀਆਂ ਨੇ ਪਛੜੀਆਂ ਸ਼੍ਰੇਣੀਆਂ 'ਚੋ ਅੰਮ੍ਰਿਤ ਛਕ ਕੇ ਸਜੇ ਸਿੰਘਾਂ ਦੇ ਅਰਦਾਸੇ

ਸ੍ਰੀ ਦਰਬਾਰ ਸਾਹਿਬ ਅੰਦਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਬੰਦ ਕੀਤੇ ਹੋਏ ਸਨ ।

੨੦ ਅਕਤੂਬਰ ੧੯੨੦ ਈ: ਨੂੰ ਜਲ੍ਹਿਆਂ ਵਾਲੇ ਬਾਗ ਅੰਦਰ ਸਜੇ ਪੰਥਕ ਦੀਵਾਨ ਵਿੱਚ ਫੈਸਲਾ ਕਰ ਕੇ ਮੁੱਖੀ ਸ਼ਹਿਰੀਆਂ, ਖਾਲਸਾ ਕਾਲਜ ਦੇ ਪ੍ਰੋਫੈਸਰਾਂ ਤੇ ਸੰਗਤਾਂ ਨੇ ਪਛੜੀਆਂ ਸ਼੍ਰੇਣੀਆਂ 'ਚੋਂ ਨਵੇਂ ਸਜੇ ਸਿੰਘਾਂ ਨੂੰ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਚੁਕਵਾ ਕੇ ਸ੍ਰੀ ਹਰਿਮੰਦਰ ਸਾਹਿਬ ਆ ਮੱਥਾ ਟੇਕਿਆ । ਜਦ ਪੁਜਾਰੀਆਂ ਨੇ ਕੜਾਹ ਪ੍ਰਸ਼ਾਦ ਲੈਣ ਤੋਂ ਇਨਕਾਰ ਕੀਤਾ, ਤਾਂ ਸੰਗਤ ਵਿੱਚ ਰੌਲਾ ਪੈ ਗਿਆ । ਥੋੜ੍ਹੇ ਬਹੁਤ ਆਪਸੀ ਤਕਰਾਰ ਤੋਂ ਬਾਅਦ ਪੁਜਾਰੀਆਂ ਨੇ ਸੰਗਤ ਦੇ ਇਸ ਸੁਝਾਉ ਨੂੰ ਪ੍ਰਵਾਨ ਕਰ ਲਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਵੇ ਅਤੇ ਹੁਕਮਨਾਮੇ ਦੀ ਰੌਸ਼ਨੀ ਵਿੱਚ ਕੜਾਹ ਪ੍ਰਸ਼ਾਦ ਪ੍ਰਵਾਨ ਜਾਂ ਅਪ੍ਰਵਾਨ ਕੀਤਾ ਜਾਵੇ । ਉਸ ਵਕਤ ਤਾਬਿਆ ਬੈਠੇ ਭਾਈ ਸਾਹਿਬ ਭਾਈ ਫਤਹ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਹੇਠ ਲਿਖਿਆ ਮਹਾਂਵਾਕ ਪੜ੍ਹ ਕੇ ਸੰਗਤਾਂ ਨੂੰ ਸੁਣਾਇਆ --

**ਸੋਰਠਿ ਮਹਲਾ ੩ ਦੁਤੁਕੀ ॥**

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥
ਹਰਿ ਜੀਉ ਆਪੇ ਬਖਸਿ ਮਿਲਾਇ ॥ ਗੁਣਹੀਣ ਹਮ ਅਪਰਾਧੀ
ਭਾਈ ਪੂਰੈ ਸਤਿਗੁਰਿ ਲਏ ਰਲਾਇ ॥ *(ਪੰਨਾ ੬੩੮)*

ਉਪ੍ਰੋਕਤ ਮਹਾਂਵਾਕ ਦੇ ਉਚਾਰਨ ਹੁੰਦਿਆਂ ਹੀ ਸੰਗਤਾਂ ਵੱਲੋਂ ਧੰਨ ਗੁਰੂ ਅਮਰਦਾਸ ਤੇ ਧੰਨ ਗੁਰੂ ਰਾਮਦਾਸ ਦੇ ਗਜਾਏ ਜੈਕਾਰਿਆਂ ਨਾਲ ਸਾਰਾ ਵਾਤਾਵਰਣ ਗੂੰਜ ਉੱਠਿਆ । ਪੁਜਾਰੀਆਂ ਤੇ ਗ੍ਰੰਥੀਆਂ ਨੇ ਵੀ ਇਸ ਹੁਕਮਨਾਮੇ ਅੱਗੇ ਸਿਰ ਨਿਵਾ ਦਿੱਤਾ । ਉਨ੍ਹਾਂ ਸਿੰਘਾਂ ਦਾ ਕੜਾਹ ਪ੍ਰਸ਼ਾਦ ਲੈ ਕੇ ਅਰਦਾਸ ਕਰ ਕੇ ਵਰਤਾ ਦਿੱਤਾ । ਇਹ ਖ਼ਬਰ ਸੁਣਦੇ ਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁੰਵਾ ਛੱਡ ਕੇ ਦੌੜ ਗਏ, ਜਦ ਸੰਗਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਨਮਸ਼ਕਾਰ ਕੀਤੀ ਤੇ ਪੁਜਾਰੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁੰਵਾ ਛੱਡ ਕੇ ਚਲੇ ਜਾਣ ਦਾ ਪਤਾ ਲੱਗਾ, ਤਾਂ ਸੰਗਤਾਂ ਨੇ ਬਹੁਤ ਬੁਰਾ ਮਨਾਇਆ ਤੇ ਸੰਗਤ 'ਚੋਂ ਤੇਜਾ ਸਿੰਘ 'ਭੁੱਚਰ' ਦੀ ਜਥੇਦਾਰੀ ਹੇਠ ੨੫ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘਾਂ ਨੂੰ ਚੁਣ ਕੇ ਉਨ੍ਹਾਂ ਨੂੰ ਪ੍ਰਬੰਧ ਸੰਭਾਲ ਦਿੱਤਾ । ਇਹ ਖਾਲਸੇ ਦੀ ਤੀਜੀ ਫ਼ਤਹ ਸੀ। ਸਰਬਰਾਹ ਸੁੰਦਰ ਸਿੰਘ ਦੇ ਨੋਟਿਸ ਵਿੱਚ ਮਾਮਲਾ ਲਿਆਂਦਾ ਗਿਆ । ਉਨ੍ਹਾਂ ਨੇ ੧੩-੧੦-੧੯੨੦ ਨੂੰ ਡਿਪਟੀ ਕਮਿਸ਼ਨਰ ਨਾਲ ਸਲਾਹ ਕਰ ਕੇ ੯ ਸਿੰਘਾਂ ਦੀ ਆਰਜ਼ੀ ਕਮੇਟੀ ਬਣਾ ਦਿੱਤੀ ਜੋ ਪੱਕੇ ਪ੍ਰਬੰਧ ਹੋਣ ਤੱਕ ਕੰਮ ਚਲਾਵੇਗੀ ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ --

ਜਥੇਦਾਰ ਤੇਜਾ ਸਿੰਘ 'ਭੁੱਚਰ' ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਦੇ ਮੁੱਖੀਆਂ ਦੇ ਨਾਮ ਹੁਕਮਨਾਮਾ ਜਾਰੀ ਕੀਤਾ ਗਿਆ, ਜਿਸ ਅਨੁਸਾਰ ੧੫ ਨਵੰਬਰ ੧੯੨੦ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਪੰਥ ਦਾ ਪ੍ਰਤੀਨਿਧ ਇਕੱਠ ਬੁਲਾਇਆ ਗਿਆ । ਉਸ ਇਕੱਠ ਵਿੱਚ ਪੰਜਾਂ ਤਖ਼ਤਾਂ, ਗੁਰਦੁਆਰਿਆਂ, ਸਿੰਘ ਸਭਾਵਾਂ, ਸਿੱਖ ਸੁਸਾਇਟੀਆਂ, ਖਾਲਸਾ ਕਾਲਜਾਂ, ਖਾਲਸਾ ਹਾਈ ਸਕੂਲਾਂ ਤੇ ਪ੍ਰਾਇਮਰੀ ਸਕੂਲਾਂ, ਰਿਆਸਤਾਂ, ਫ਼ੌਜਾਂ, ਨਿਹੰਗ ਸਿੰਘਾਂ ਤੇ

# ਆਰੰਭ ਤੋਂ ਹੁਣ ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਉਨ੍ਹਾਂ ਦਾ ਸੇਵਾ-ਕਾਲ

| | | | | |
|---|---|---|---|---|
| ੧. ਸ: ਸੁੰਦਰ ਸਿੰਘ ਜੀ 'ਮਜੀਠਾ' | ੧੨ ਦਸੰਬਰ ੧੯੨੦ ਈ: | ਤੋਂ | ੧੩ ਅਗਸਤ ੧੯੨੧ ਈ: | ਤੱਕ |
| ੨. ਬਾਬਾ ਖੜਕ ਸਿੰਘ ਜੀ | ੧੪ ਅਗਸਤ ੧੯੨੧ ਈ: | ਤੋਂ | ੧੩ ਅਕਤੂਬਰ ੧੯੨੩ਈ: | ਤੱਕ |
| ੩. ਸ: ਬ: ਮਹਤਾਬ ਸਿੰਘ ਜੀ | ੧੪ ਅਕਤੂਬਰ ੧੯੨੩ " | " | ੨.੧੦.੧੯੨੬ | " " |
| ੪. ਬਾਬਾ ਖੜਕ ਸਿੰਘ ਜੀ | ੨.੧੦.੧੯੨੬ " | " | ੧੨.੧੦.੧੯੩੦ | " " |
| ੫. ਮਾਸਟਰ ਤਾਰਾ ਸਿੰਘ ਜੀ | ੧੨.੧੦.੧੯੩੦ " | " | ੧੭.੬..੧੯੩੩ | " " |
| ੬. ਸ: ਗੋਪਾਲ ਸਿੰਘ ਜੀ 'ਕੌਮੀ' | ੧੭.੬.੩੩ " | " | ੨੯.੧੦.੩੩ | " " |
| ੭. ਸ: ਪ੍ਰਤਾਪ ਸਿੰਘ ਜੀ 'ਸ਼ੰਕਰ' | ੨੯.੧੦.੩੩ " | " | ੧੩.੬.੩੬ | " " |
| ੮. ਮਾਸਟਰ ਤਾਰਾ ਸਿੰਘ ਜੀ | ੧੩.੬.੩੬ " | " | ੧੯.੧੧.੪੪ | " " |
| ੯. ਜੱਥੇਦਾਰ ਮੋਹਣ ਸਿੰਘ ਜੀ 'ਨਾਗੋਕੇ' | ੧੯.੧੧.੪੪ " | " | ੨੮.੬.੪੮ | " " |
| ੧੦. ਜੱਥੇਦਾਰ ਊਧਮ ਸਿੰਘ ਜੀ " | ੨੮.੬.੪੮ " | " | ੧੮.੩.੫੦ | " " |
| ੧੧. ਜੱਥੇਦਾਰ ਚੰਨਣ ਸਿੰਘ ਜੀ 'ਉਰਾੜਾ' | ੧੮.੩.੫੦ " | " | ੨੬.੧੧.੫੦ | " " |
| ੧੨. ਜੱਥੇਦਾਰ ਊਧਮ ਸਿੰਘ ਜੀ 'ਨਾਗੋਕੇ' | ੨੬.੧੧.੫੦ " | " | ੨੯.੬.੫੨ | " " |
| ੧੩. ਮਾਸਟਰ ਨਾਹਰ ਸਿੰਘ ਜੀ | ੨੯.੬.੫੨ " | " | ੫.੧੦.੫੨ | " " |
| ੧੪. ਸ: ਪ੍ਰੀਤਮ ਸਿੰਘ ਜੀ 'ਖੁੜੰਜ' | ੫.੧੦.੫੨ " | " | ੧੮.੧.੫੪ | " " |
| ੧੫. ਸ: ਈਸ਼ਰ ਸਿੰਘ ਜੀ 'ਮਝੈਲ' | ੧੮.੧.੫੪ " | " | ੭.੨.੫੫ | " " |
| ੧੬. ਮਾ: ਤਾਰਾ ਸਿੰਘ ਜੀ | ੭.੨.੫੫ " | " | ੨੧.੫.੫੫ | " " |
| ੧੭. ਬਾਵਾ ਹਰਿਕਿਸ਼ਨ ਸਿੰਘ ਜੀ | ੨੧.੫.੫੫ " | " | ੭.੭.੫੫ | " " |
| ੧੮. ਸ: ਗਿਆਨ ਸਿੰਘ ਜੀ 'ਰਾੜੇਵਾਲਾ' | ੭.੭.੫੫ " | " | ੧੭.੧੦.੫੫ | " " |
| ੧੯. ਮਾ: ਤਾਰਾ ਸਿੰਘ ਜੀ | ੧੭.੧੦.੫੫ " | " | ੧੬.੧੧.੫੮ | " " |
| ੨੦. ਸ: ਪ੍ਰੇਮ ਸਿੰਘ ਜੀ 'ਲਾਲਪੁਰਾ' | ੧੬.੧੧.੫੮ " | " | ੭.੩.੬੦ | " " |
| ੨੧. ਮਾ: ਤਾਰਾ ਸਿੰਘ ਜੀ | ੭.੩.੬੦ " | " | ੩੦.੪.੬੦ | " " |
| ੨੨. ਸ: ਅਜੀਤ ਸਿੰਘ ਜੀ 'ਬਾਲਾ' | ੩੦.੪.੬੦ " | " | ੧੦.੩.੬੧ | " " |
| ੨੩. ਮਾ: ਤਾਰਾ ਸਿੰਘ ਜੀ | ੧੦.੩.੬੧ " | " | ੧੧.੩.੬੨ | " " |
| ੨੪. ਸ: ਕ੍ਰਿਪਾਲ ਸਿੰਘ ਜੀ 'ਚੱਕਸ਼ੇਰਾ' | ੧੧.੩.੬੨ " | " | ੨.੧੦.੬੨ | " " |
| ੨੫. ਸੰਤ ਚੰਨਣ ਸਿੰਘ ਜੀ | ੨.੧੦.੬੨ " | " | ੨੯.੧੧.੭੨ | " " |
| ੨੬. ਸ: ਗੁਰਚਰਨ ਸਿੰਘ ਜੀ 'ਟੌਹੜਾ' | ੬.੧.੭੩ " | " | ੩੦.੩.੮੬ | " " |
| ੨੭. ਸ: ਕਾਬਲ ਸਿੰਘ ਜੀ | ੩੦.੩.੮੬ " | " | ੩੦.੧੧.੮੬ | " " |
| ੨੮. ਸ: ਗੁਰਚਰਨ ਸਿੰਘ ਜੀ 'ਟੌਹੜਾ' | ੩੦.੧੧.੮੬ " | " | ੨੮.੧੧.੯੦ | " " |
| ੨੯. ਸ: ਬਲਦੇਵ ਸਿੰਘ ਜੀ ਐਡਵੋਕੇਟ | ੨੮.੧੧.੯੦ " | " | ਹੁਣ ਤੱਕ | " " |

ਉਪ੍ਰੋਕਤ ਸੂਚੀ ਵਿੱਚ ਬਾਬਾ ਖੜਕ ਸਿੰਘ ਜੀ ਦੋ ਵਾਰ, ਮਾਸਟਰ ਤਾਰਾ ਸਿੰਘ ਜੀ ਛੇ ਵਾਰ, ਜੱਥੇਦਾਰ ਊਧਮ ਸਿੰਘ ਜੀ ਦੋ ਵਾਰ ਅਤੇ ਦੋ ਵਾਰ ਜੱਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ' ਪ੍ਰਧਾਨ ਬਣੇ ਹਨ ਪ੍ਰਧਾਨਾਂ ਦੀ ਚੋਣ ੨੯ ਵਾਰ ਹੋਈ ਹੈ ਉਂਜ ਪ੍ਰਧਾਨਾਂ ਦੀ ਗਿਣਤੀ ੨੧ ਹੀ ਬਣਦੀ ਹੈ ।

ਸਿੱਖ ਸੰਪ੍ਰਦਾਵਾਂ ਆਦਿ ਵੱਲੋਂ ਮੁਨਾਸਬ ਵੰਡ ਅਨੁਸਾਰ ਪ੍ਰਤਿਨਿਧ ਸੱਦੇ ਗਏ । ਇਸ ਇਕੱਠ ਵਿੱਚ ਸ਼ਾਮਲ ਹੋਣ ਵਾਲੇ ਪ੍ਰਤੀਨਿਧਾਂ ਲਈ ਸ਼ਰਤਾਂ ਇਹ ਸਨ --

੧. ਅੰਮ੍ਰਿਤਧਾਰੀ ਹੋਵੇ ।

੨. ਪੰਜਾਂ ਕਕਾਰਾਂ ਦਾ ਧਾਰਨੀ ਹੋਵੇ ।

੩. ਨਿੱਤਨੇਮ ਦੀਆਂ ਬਾਣੀਆਂ ਦਾ ਨਿੱਤ ਪਾਠ ਕਰਦਾ ਹੋਵੇ ।

੪. ਅੰਮ੍ਰਿਤ ਵੇਲੇ ਜਾਗਣ ਦਾ ਨੇਮੀ ਹੋਵੇ ।

੫. ਆਪਣੀ ਕਮਾਈ ਦਾ ਦਸਵੰਧ ਦੇਣ ਵਾਲਾ ਹੋਵੇ ।

ਇਸ ਇਕੱਠ ਵਿੱਚ ਹਰ ਪ੍ਰਕਾਰ ਦੇ ਸਿੰਘ ਸ਼ਾਮਲ ਸਨ । ਕਾਫੀ ਬਹਿਸ-ਮੁਬਾਹਸੇ ਅਤੇ ਵਿਚਾਰ-ਵਟਾਂਦਰੇ ਤੋਂ ਬਾਅਦ ਇਹ ਫੈਸਲਾ ਹੋਇਆ ਕਿ ੧੭੫ ਮੈਂਬਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਜਾਵੇ । ਸਰਕਾਰ ਵੱਲੋਂ ਮੁਕੱਰਰ ਕੀਤੇ ੩੬ ਮੈਂਬਰ ਵੀ ਇਸ ਵਿੱਚ ਸ਼ਾਮਲ ਕਰ ਲਏ ਜਾਣ । ੧੭੫ ਮੈਂਬਰਾਂ ਦੀ ਸ਼੍ਰੋਮਣੀ ਕਮੇਟੀ ਚੁਣੀ ਗਈ ਅਤੇ ਫੈਸਲਾ ਕੀਤਾ ਕਿ ਇਸ ਕਮੇਟੀ ਦੀ ਪੱਕੀ ਚੋਣ ਹੋਣ ਤੱਕ ਆਰਜ਼ੀ ਤੌਰ 'ਤੇ ਸ: ਹਰਬੰਸ ਸਿੰਘ ਅਟਾਰੀ ਪ੍ਰਧਾਨ ਅਤੇ ਸ: ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਦੀ ਹੈਸੀਅਤ ਵਿੱਚ ਕੰਮ ਚਲਾਂਦੇ ਰਹਿਣਗੇ ।

੧੨ ਦਸੰਬਰ ੧੯੨੦ ਈ: ਨੂੰ ਉਪ੍ਰੋਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਮੀਟਿੰਗ ਹੋਈ । ਹਰ ਇਕ ਮੈਂਬਰ ਪੰਜਾਂ ਪਿਆਰਿਆਂ ਪਾਸੋਂ ਸੁਧਾਈ ਕਰਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਛੱਤ ਉੱਪਰ ਜਾਂਦਾ ਸੀ, ਇਸ ਮੀਟਿੰਗ ਵਿੱਚ ਅਹੁਦੇਦਾਰ ਚੁਣੇ ਗਏ । ਉਪ੍ਰੋਕਤ ਮੀਟਿੰਗ ਵਿੱਚ ਸ: ਸੁੰਦਰ ਸਿੰਘ ਮਜੀਠਾ ਪ੍ਰਧਾਨ, ਸ: ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ ਅਤੇ ਸ: ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ । ੩੦ ਅਪ੍ਰੈਲ ੧੯੨੧ ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਜਿਸਟਰਡ ਕਰਾਈ ਗਈ । ਜੁਲਾਈ ੧੯੨੧ ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਕਾਇਦਾ ਪ੍ਰਚੀਆਂ ਨਾਲ ਚੁਣੀ ਗਈ । ਇਸ ਚੁਣੀ ਹੋਈ ਕਮੇਟੀ ਦੀ ਮੀਟਿੰਗ ੧੪ ਅਗਸਤ ੧੯੨੧ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋਈ । ਇਸ ਵਿੱਚ ਬਾਬਾ ਖੜਕ ਸਿੰਘ ਜੀ ਪ੍ਰਧਾਨ ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਮੀਤ ਪ੍ਰਧਾਨ ਤੇ ਸ: ਮਹਿਤਾਬ ਸਿੰਘ ਜੀ ਜਨਰਲ ਸਕੱਤਰ ਚੁਣੇ ਗਏ। ੩੧ ਮੈਂਬਰਾਂ ਦੀ ਅੰਤ੍ਰਿੰਗ ਕਮੇਟੀ ਬਣਾਈ ਗਈ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਰੰਭ ਤੋਂ ਹੁਣ ਤੱਕ ਜਿਨ੍ਹਾਂ ਸੱਜਣਾਂ ਨੇ ਬਤੌਰ ਸਕੱਤਰ ਸੇਵਾ ਨਿਭਾਈ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

੧. ਮਾਸਟਰ ਤਾਰਾ ਸਿੰਘ ਜੀ । ੨. ਮਾਸਟਰ ਦੌਲਤ ਸਿੰਘ ਜੀ । ੩. ਸ: ਹਰੀ ਸਿੰਘ ਜੀ ਜਾਲੰਧਰੀ । ੪. ਸ: ਜਸਵੰਤ ਸਿੰਘ ਜੀ ਦਾਨੇਵਾਲੀਆ । ੫. ਹੈੱਡ ਮਾਸਟਰ ਅਭੈ ਸਿੰਘ ਜੀ । ੬. ਗਿ: ਗੁਰਮੁਖ ਸਿੰਘ ਜੀ ਮੁਸਾਫ਼ਰ । ੭. ਸ: ਸਰਮੁਖ ਸਿੰਘ ਜੀ ਚਮਕ। ੮. ਸ: ਕਰਤਾਰ ਸਿੰਘ ਜੀ । ੯. ਸ: ਰਘਬੀਰ ਸਿੰਘ ਜੀ । ੧੦. ਸ: ਲਾਲ ਸਿੰਘ ਜੀ ਮੀਤ ਸਕੱਤਰ (ਇਹ ੧.੯.੧੯੨੭ ਤੋਂ ੩੦.੯.੧੯੩੭ ਤੱਕ ਸਕੱਤਰ ਦੇ ਫਰਜ਼ ਨਿਭਾਉਂਦੇ ਹੋਏ ਦਫ਼ਤਰ ਦੇ ਇੰਨਚਾਰਜ ਰਹੇ) । ੧੧. ਸ: ਹਰਨਾਮ ਸਿੰਘ ਜੀ (ਇਹ ਮਿਤੀ ੧.੧੦.੩੮ ਤੋਂ ੧੬.੬.੧੯੪੩

ਈ: ਤੱਕ ਮੀਤ ਸਕੱਤਰ ਹੁੰਦਿਆਂ ਸਕੱਤਰ ਦੇ ਫਰਜ਼ ਨਿਭਾਉਂਦੇ ਹੋਏ ਦਫ਼ਤਰ ਦੇ ਇੰਚਾਰਜ ਰਹੇ।) ਫਿਰ ੧੭.੬.੧੯੪੩ ਤੋਂ ੧੯੫੪ ਈ: ਤੱਕ ਸਕੱਤਰ ਰਹੇ । ਮੁੜ ੭.੨.੧੯੫੫ ਤੋਂ ੨੦.੬.੧੯੫੮ ਤੱਕ ਅਤੇ ਫਿਰ ੭.੩.੧੯੬੦ ਤੋਂ ੧੫.੨.੧੯੬੧ ਤੱਕ ਸਕੱਤਰ ਦੀ ਪਦਵੀ 'ਤੇ ਨਿਯੁਕਤ ਰਹੇ । **੧੨.** ਸ: ਸੱਜਣ ਸਿੰਘ ਗਿਆਨੀ ਐਡਵੋਕੇਟ ਜਨਵਰੀ ੧੯੫੪ ਤੋਂ ਮਈ ੧੯੫੪ ਤੱਕ ਸਕੱਤਰ ਰਹੇ । **੧੩.** ਹੈੱਡ ਮਾਸਟਰ ਸ: ਮਾਹਣਾ ਸਿੰਘ ਜੀ ਜੂਨ ੧੯੫੪ ਤੋਂ ਫਰਵਰੀ ੧੯੫੫ ਤੱਕ ਸਕੱਤਰ ਰਹੇ । **੧੪.** ਸ: ਰਵੇਲ ਸਿੰਘ ਜੀ ੨੧.੬.੧੯੫੮ ਤੋਂ ੨੮.੨.੧੯੬੦ ਤੱਕ ਸਕੱਤਰ ਰਹੇ । **੧੫.** ਸ: ਜਸਬੀਰ ਸਿੰਘ ਜੀ ਹਿਸਾਰ । ਇਹ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਸਨ ਅਤੇ ੧੬.੨.੧੯੬੧ ਤੋਂ ੩੦ ਜੂਨ ੧੯੬੧ ਈ: ਤੱਕ ਆਨਰੇਰੀ ਸਕੱਤਰ ਵੀ ਰਹੇ । **੧੬.** ਮਾਸਟਰ ਸੁਜਾਨ ਸਿੰਘ ਜੀ ਸਰਹਾਲੀ, ਇਹ ਸ: ਜਸਬੀਰ ਸਿੰਘ ਜੀ ਹਿਸਾਰ ਦੇ ਨਾਲ ਹੀ ੧੬.੨.੬੧ ਤੋਂ ੩੦.੬.੬੧ ਤੱਕ ਆਨਰੇਰੀ ਸਕੱਤਰ ਰਹੇ । **੧੭.** ਸ: ਹਰਬੰਤ ਸਿੰਘ ਜੀ ਪ੍ਰਿੰਸੀਪਲ ੧.੭.੬੧ ਤੋਂ ੧੮.੧੨.੬੩ ਤੱਕ ਸਕੱਤਰ ਰਹੇ । **੧੮.** ਗਿਆਨੀ ਮਹਿੰਦਰ ਸਿੰਘ ਜੀ ਤਰਨ ਤਾਰਨੀ ੪.੧੦.੬੨ ਤੋਂ ੧੮.੭.੭੯ ਤੱਕ ਸਕੱਤਰ ਰਹੇ । **੧੯.** ਗਿਆਨੀ ਭਰਪੂਰ ਸਿੰਘ ਜੀ ੪.੧.੧੯੭੮ ਤੋਂ ੧ ਨਵੰਬਰ ੧੯੮੧ ਈ: ਤੱਕ । **੨੦.** ਸ: ਭਾਨ ਸਿੰਘ ਜੀ ਸਾਬਕ ਐਲ.ਏ. ੧.੧੧.੧੯੮੧ ਈ: ਤੋਂ ੨੫.੭.੧੯੮੮ ਤੱਕ । **੨੧.** ਸ: ਮਨਜੀਤ ਸਿੰਘ ਜੀ ਕਲਕੱਤਾ ੨੯.੭.੮੮ ਤੋਂ ਹੁਣ ਤੱਕ ਸਫਲਤਾ ਪੂਰਬਕ ਸਕੱਤਰ ਦੀ ਸੇਵਾ ਨਿਭਾ ਰਹੇ ਹਨ ।

## ਮੀਤ ਸਕੱਤਰ

੧. ਪ੍ਰੋ: ਸਾਹਿਬ ਸਿੰਘ ਜੀ । ੨. ਪ੍ਰੋ: ਹਰਿਭਜਨ ਸਿੰਘ ਜੀ । ੩. ਗਿ: ਤੇਜਾ ਜੀ। ੪. ਸ: ਗੁਰਬਖਸ਼ ਸਿੰਘ ਜੀ ਕੋਕਰੀ ਕਲਾਂ (ਜੋ ਅੱਜ-ਕੱਲ੍ਹ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਹਨ) ਸ: ਰਣਜੀਤ ਸਿੰਘ ਜੀ । ੫. ਸ: ਕੁਲਦੀਪ ਸਿੰਘ ਜੀ ਭਾਟੀਆ । ੬. ਸ: ਅਬਿਨਾਸ਼ੀ ਸਿੰਘ ਜੀ ਜੋ ਨਾਲ-ਨਾਲ ਪ੍ਰਧਾਨ ਦੇ ਪੀ.ਏ. ਦੇ ਤੌਰ 'ਤੇ ਵੀ ਡਿਊਟੀ ਨਿਭਾਉਂਦੇ ਰਹੇ । ੭. ਸ: ਰਣਜੀਤ ਸਿੰਘ ਜੀ ।

## ਵਰਤਮਾਨ ਸਮੇਂ ਡਿਊਟੀ ਨਿਭਾ ਰਹੇ ਮੀਤ ਸਕੱਤਰ

੧. ਸ: ਕੁਲਵੰਤ ਸਿੰਘ ਜੀ । ੨. ਸ: ਸੁਰਜੀਤ ਸਿੰਘ ਜੀ । ੩. ਸ: ਸੁਰਜੀਤ ਸਿੰਘ ਜੀ ਵਿਤ ਮੀਤ ਸਕੱਤਰ ਦੀ ਡਿਊਟੀ ਦੇ ਨਾਲ ਪੀ.ਏ. ਪ੍ਰਧਾਨ ਦੀ ਡਿਊਟੀ ਵੀ ਨਿਭਾ ਰਹੇ ਹਨ । ੪. ਸ: ਵਰਿਆਮ ਸਿੰਘ ਜੀ । ੫. ਸ: ਹਰਬਿਅੰਤ ਸਿੰਘ ਜੀ । ੬. ਸ: ਗੁਰਬਚਨ ਸਿੰਘ ਜੀ ਚਾਂਦ ।

੧੪ ਅਗਸਤ ੧੯੨੧ ਈ: ਵਾਲੇ ਦਿਨ ਚੁਣੀ ਗਈ ੩੧ ਮੈਂਬਰੀ ਅੰਤ੍ਰਿੰਗ ਕਮੇਟੀ ਨੇ ਅੱਗੋਂ ਇਕ ਵਰਕਿੰਗ ਕਮੇਟੀ ਬਣਾਈ ਅਤੇ ਬਾਕੀ ਗੁਰਦੁਆਰਿਆਂ ਦੀਆਂ ਲੋਕਲ ਕਮੇਟੀਆਂ ਬਣਾਈਆਂ । ਸ੍ਰੀ ਦਰਬਾਰ ਸਾਹਿਬ ਦੀ ਚਾਰ ਮੈਂਬਰੀ ਪ੍ਰਬੰਧਕ ਕਮੇਟੀ ਬਣਾਈ ਗਈ, ਜਿਸ ਦੇ ਮੈਂਬਰ ਸਨ- ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ, ਸ: ਦਾਨ ਸਿੰਘ ਵਿਛੋਆ, ਸ: ਜਸਵੰਤ ਸਿੰਘ ਝਬਾਲੀਆ ਅਤੇ ਸ: ਦੀਦਾਰ ਸਿੰਘ । ਫਿਰ ਸਤੰਬਰ

੧੯੨੧ ਈ: ਵਿੱਚ ਨੌਂ ਮੈਂਬਰਾਂ ਦੀ ਲੋਕਲ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਸ: ਸੁੰਦਰ ਸਿੰਘ ਰਾਮਗੜ੍ਹੀਆ ਸਨ ।

**ਅਕਾਲੀ ਦਲ ਦੀ ਸਥਾਪਨਾ-** ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਵਜੂਦ ਵਿੱਚ ਆ ਜਾਣ ਤੋਂ ਥੋੜ੍ਹੇ ਹੀ ਸਮੇਂ ਬਾਅਦ ਗੁਰਦੁਆਰਾ ਪ੍ਰਬੰਧ ਸੁਧਾਰ ਅਤੇ ਸ਼੍ਰੋਮਣੀ ਕਮੇਟੀ ਦੇ ਹੱਥ ਮਜ਼ਬੂਤ ਕਰਨ ਲਈ ਪੰਥ ਦੇ ਰਾਜਸੀ ਤੇ ਸਮਾਜੀ ਪਿੜ ਵਿੱਚ ਆ ਰਹੇ ਸੰਘਰਸ਼ ਦਾ ਮੁਕਾਬਲਾ ਕਰਨ ਲਈ ਜੁਝਾਰੂ ਸਿੰਘਾਂ ਦੀ ਜਥੇਬੰਦੀ ਦੀ ਸਥਾਪਨਾ ਕਰਨ ਲਈ ਵਿਚਾਰ ਪੈਦਾ ਹੋਈ । ਇਸ ਮਕਸਦ ਲਈ ੨੦ ਦਸੰਬਰ ੧੯੨੦ ਈ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਪੰਥਕ ਮੁਖੀਆਂ ਦਾ ਇਕ ਇਕੱਠ ਬੁਲਾਇਆ ਗਿਆ । ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਮ ਦੀ ਪੰਥਕ ਜਥੇਬੰਦੀਆਂ ਦਾ ਗਠਨ ਕੀਤਾ ਗਿਆ । ਜਿਸ ਦਾ ਪਹਿਲਾ ਪ੍ਰਧਾਨ ਸ: ਸਰਮੁਖ ਸਿੰਘ 'ਝਬਾਲ' ਨੂੰ ਬਣਾਇਆ ਗਿਆ । ਐਉਂ ਇਕ ਮਹੀਨੇ ਦੇ ਅੰਦਰ-ਅੰਦਰ ਗੁਰੂ-ਪੰਥ ਦੀਆਂ ਦੋਵੇਂ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਗੁਰਦੁਆਰਿਆਂ ਦੀ ਸੇਵਾ-ਸੰਭਾਲ, ਗੁਰਮਤਿ ਤੇ ਵਿਦਿਆ ਪ੍ਰਚਾਰ, ਸਮਾਜੀ ਤੇ ਰਾਜਸੀ ਖੇਤਰਾਂ ਵਿੱਚ ਵਿਰੋਧੀਆਂ ਨਾਲ ਜੂਝਣ ਲਈ ਕਾਇਮ ਹੋ ਗਈਆਂ ।

**ਗੁ: ਸੁਧਾਰ ਲਹਿਰ ਤੇ ਅਕਾਲੀ ਮੋਰਚੇ-** ਉਪ੍ਰੋਕਤ ਦੋਹਾਂ ਪੰਥਕ ਜਥੇਬੰਦੀਆਂ ਦੀ ਸਥਾਪਨਾ ਤੋਂ ਪਹਿਲਾਂ ਹੀ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਪ੍ਰਬੰਧ ਹੇਠ ਆ ਚੁੱਕੇ ਸਨ । ਸੈਂਟਰਲ ਮਾਝਾ ਖਾਲਸਾ ਦੀਵਾਨ ਦੇ ਸਿੰਘਾਂ ਨੇ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਤੇ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਉੱਪਰ ਵੀ ਜਾ ਕਬਜ਼ਾ ਕੀਤਾ ਸੀ । ੨੦ ਦਸੰਬਰ ੧੯੨੦ ਈ: ਨੂੰ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਦਾ ਪ੍ਰਬੰਧ (ਜੋ ਪਹਿਲਾਂ ਇਕ ਮਹੰਤ ਦੇ ਅਧੀਨ ਸੀ) ਜ: ਕਰਤਾਰ ਸਿੰਘ ਝੱਬਰ ਦੀ ਜਥੇਦਾਰੀ ਹੇਠ ੨੫ ਸਿੰਘਾਂ ਦੇ ਜਥੇ ਨੇ ਜਾ ਕੇ ਸੰਭਾਲ ਲਿਆ। ਇਸ ਤਰ੍ਹਾਂ ਇਹ ਗੁਰਦੁਆਰਾ ਵੀ ਪੰਥਕ ਪ੍ਰਬੰਧ ਵਿੱਚ ਆ ਗਿਆ । ੨੫ ਜਨਵਰੀ ੧੯੨੧ ਈ: ਵਾਲੇ ਦਿਨ ੪੦ ਸਿੰਘਾਂ ਦਾ ਇਕ ਜਥਾ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿੱਚ ਤਰਨ ਤਾਰਨ ਪੁੱਜਾ । ਪੁਜਾਰੀਆਂ ਵੱਲੋਂ ਹੱਲਾ ਕਰਨ 'ਤੇ ਦੋ ਸਿੰਘ ਸ਼ਹੀਦ ਹੋ ਗਏ ਅਤੇ ੨੨ ਸਿੰਘ ਜ਼ਖ਼ਮੀ ਹੋ ਗਏ ਤਦ ਪੁਜਾਰੀ ਦੌੜ ਗਏ । ੨੬ ਜਨਵਰੀ ਨੂੰ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਉੱਪਰ ਪੰਥਕ ਕਬਜ਼ਾ ਹੋ ਗਿਆ ।

**ਸਾਕਾ ਨਨਕਾਣਾ ਸਾਹਿਬ-** ੨੦ ਫਰਵਰੀ ੧੯੨੧ ਈ: ਨੂੰ ਸ੍ਰੀ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਵਰਤਿਆ । ਜਿਸ ਵਿੱਚ ਜ਼ਾਲਮ ਮਹੰਤ ਨੇ ਲਗਭਗ ੨੦੦ ਸਿੰਘ ਸ਼ਹੀਦ ਕਰ ਦਿੱਤੇ । ਜਥੇਦਾਰ ਲਛਮਣ ਸਿੰਘ ਨੂੰ ਜਿਉਂਦਿਆਂ ਜੰਡ ਨਾਲ ਬੰਨ੍ਹ ਕੇ ਉੱਪਰ ਤੇਲ ਪਾ ਕੇ ਅੱਗ ਲਾ ਕੇ ਸ਼ਹੀਦ ਕੀਤਾ ਗਿਆ । ਜਥੇਦਾਰ ਦਲੀਪ ਸਿੰਘ ਨੂੰ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕੀਤਾ ਗਿਆ । ਬਾਕੀ ਸਿੰਘਾਂ ਨੂੰ ਗੋਲੀਆਂ, ਤਲਵਾਰਾਂ, ਗੰਡਾਸਿਆਂ ਤੇ ਛਵੀਆਂ ਨਾਲ ਕਤਲ ਕੀਤਾ ਗਿਆ ।

ਜਨਮ ਅਸਥਾਨ ਵਿਖੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਵੀ ਕੁਝ

ਗੋਲੀਆਂ ਵੱਜੀਆਂ। ਅਜਿਹੇ ਦਰਦਨਾਕ ਸਾਕੇ ਦੀ ਖ਼ਬਰ ਸੁਣ ਕੇ ਸਾਰਾ ਪੰਥ ਜੋਸ਼ ਵਿੱਚ ਆ ਗਿਆ। ਪੰਥਕ ਮੁੱਖੀ ਨਨਕਾਣਾ ਸਾਹਿਬ ਪੁੱਜ ਗਏ। ੨੧ ਫਰਵਰੀ ਨੂੰ ਸਤਿਕਾਰ ਸਹਿਤ ਸ਼ਹੀਦਾਂ ਦਾ ਸਸਕਾਰ ਕਰ ਦਿੱਤਾ ਗਿਆ। ਸਰਕਾਰ ਨੇ ਹਾਲਾਤ ਨੂੰ ਬੇਕਾਬੂ ਹੁੰਦਿਆਂ ਵੇਖ ਕੇ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹਵਾਲੇ ਕਰ ਦਿੱਤਾ। ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿ: ਕਿੰਗ ਨੇ ਗੁਰਦੁਆਰੇ ਦੀਆਂ ਚਾਬੀਆਂ ਸ: ਕਰਤਾਰ ਸਿੰਘ 'ਝੱਬਰ' ਨੂੰ ਫੜਾ ਦਿੱਤੀਆਂ। ਇਹ ਪੰਥ ਦੀ ਚੌਥੀ ਜਿੱਤ ਹੋਈ।

**ਚਾਬੀਆਂ ਦਾ ਮੋਰਚਾ**– ੭ ਨਵੰਬਰ ੧੯੨੧ ਈ: ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਅਤੇ ਤੋਸ਼ੇਖਾਨੇ ਦੀਆਂ ੫੩ ਚਾਬੀਆਂ ਲਾਲਾ ਅਮਰਨਾਥ ਮੈਜਿਸਟਰੇਟ ਰਾਹੀਂ ਸਰਬਰਾਹ ਤੋਂ ਲੈ ਕੇ ਆਪਣੇ ਕਬਜ਼ੇ ਕਰ ਲਈਆਂ। ਸਰਕਾਰ ਦੀ ਇਸ ਕਾਰਵਾਈ ਦਾ ਖਾਲਸਾ ਪੰਥ ਅਤੇ ਸਿੱਖ ਸੰਗਤਾਂ ਨੇ ਬਹੁਤ ਬੁਰਾ ਮਨਾਇਆ। ੨੧ ਨਵੰਬਰ ਨੂੰ ਅਕਾਲੀ ਦਲ ਵੱਲੋਂ ਮੋਰਚਾ ਲਾ ਦਿੱਤਾ ਗਿਆ। ਕਈ ਗ੍ਰਿਫ਼ਤਾਰੀਆਂ ਹੋਈਆਂ। ਜਦ ਮੋਰਚਾ ਚੰਗੀ ਤਰ੍ਹਾਂ ਭੱਖ ਪਿਆ, ਤਾਂ ਸਰਕਾਰ ਨੇ ਹਾਰ ਮੰਨ ਕੇ ੧੯ ਫਰਵਰੀ ੧੯੨੨ ਈ: ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਚਾਬੀਆਂ ਵਾਪਸ ਕਰ ਦਿੱਤੀਆਂ, ਇਹ ਪੰਥ ਦੀ ਪੰਜਵੀਂ ਜਿੱਤ ਹੋਈ।

**ਗੁਰੂ ਕੇ ਬਾਗ ਦਾ ਮੋਰਚਾ**– ਗੁਰੂ ਕੇ ਬਾਗ ਦੇ ਗੁਰਦੁਆਰੇ ਦੇ ਲੰਗਰ ਵਾਸਤੇ ਗੁਰੂ ਕੇ ਬਾਗ ਵਿੱਚੋਂ ਬਾਲਣ ਹਿੱਤ ਲੱਕੜਾਂ ਕੱਟਣ ਗਏ ਸਿੰਘਾਂ ਨੂੰ ਮਹੰਤ ਨੇ ਰੋਕ ਦਿੱਤਾ। ੮ ਅਗਸਤ ੧੯੨੨ ਈ: ਤੋਂ ਸ਼੍ਰੋ: ਅਕਾਲੀ ਦਲ ਵੱਲੋਂ ਮੋਰਚਾ ਲਾ ਦਿੱਤਾ ਗਿਆ। ੧੭ ਨਵੰਬਰ ਤੱਕ ਇਹ ਮੋਰਚਾ ਚਲਿਆ। ਸਤਿਆਗ੍ਰਹੀ ਸਿੰਘਾਂ ਨੂੰ ਡਾਂਗਾਂ ਨਾਲ ਕੁੱਟਿਆ ਗਿਆ। ਸਿੰਘਾਂ ਨੂੰ ਲੰਮੇ ਪਾ ਕੇ ਉਨ੍ਹਾਂ ਉੱਪਰ ਦੀ ਘੋੜੇ ਦੌੜਾ ਕੇ ਉਨ੍ਹਾਂ ਨੂੰ ਹੇਠ ਲਿਤਾੜਿਆ ਗਿਆ। ਕੁਝ ਸਿੰਘ ਸ਼ਹੀਦ ਵੀ ਹੋਏ। ਬਹੁਤੇ ਅੰਗ-ਭੰਗ ਹੋ ਕੇ ਅਪਾਹਜ ਹੋ ਗਏ ਪਰ ਸਿੰਘਾਂ ਨੇ ਹਠ ਨਾ ਹਾਰਿਆ। ਸ਼ਾਂਤਮਈ ਰਹਿ ਕੇ ਸਰਕਾਰ ਦਾ ਤਸ਼ੱਦਦ ਸਹਾਰਦੇ ਰਹੇ। ਅੰਤ ੧੭ ਨਵੰਬਰ ਨੂੰ ਸਰਕਾਰ ਨੇ ਹਥਿਆਰ ਸੁੱਟ ਦਿੱਤੇ ਤੇ ੫੬੦੫ ਅਕਾਲੀ ਰਿਹਾ ਕਰ ਦਿੱਤੇ। ਗੰਗਾ ਰਾਮ ਨੂੰ ਬਾਗ ਠੇਕੇ ਉੱਤੇ ਦੇ ਕੇ ਸਰਕਾਰ ਨੇ ਮਸਾਂ ਇਸ ਮੋਰਚੇ ਤੋਂ ਖਹਿੜਾ ਛੁਡਵਾਇਆ। ਖਾਲਸੇ ਦੀ ਇਹ ਛੇਵੀਂ ਫਤਹਿ ਹੋਈ।

**ਜੈਤੋ ਦਾ ਮੋਰਚਾ**– ੯ ਜੁਲਾਈ ੧੯੨੩ ਈ: ਜਦ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸੰਪੂਰਨ ਹੋਈ ਅਚਾਨਕ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਸਰਕਾਰ ਵੱਲੋਂ ਬਿਨਾਂ ਕਾਰਨ ਗੱਦੀਓਂ ਲਾਹੇ ਜਾਣ 'ਤੇ ਨਾਭਾ ਐਜ਼ੀਟੇਸ਼ਨ ਦੀ ਸ਼ਕਲ ਵਿੱਚ ਜੈਤੋ ਦਾ ਮੋਰਚਾ ਲੱਗ ਗਿਆ। ਗੁਰਦੁਆਰਾ ਗੰਗਸਰ ਜੈਤੋ ਵਿਖੇ ਚਲ ਰਹੇ ਅਖੰਡ ਪਾਠਾਂ ਨੂੰ ਸਰਕਾਰ ਨੇ ਖੰਡਨ ਕਰ ਕੇ ਅਖੰਡ ਪਾਠੀ ਤੇ ਸਰੋਤਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਘਟਨਾ ੧੪ ਸਤੰਬਰ ੧੯੨੩ ਈ: ਦੀ ਸੀ। ਇਸ ਦੁਖਦਾਈ ਘਟਨਾ ਨੂੰ ਸੁਣ ਕੇ ਸਾਰਾ ਸਿੱਖ ਜਗਤ ਭੜਕ ਉੱਠਿਆ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਇਹ

ਮਾਮਲਾ ਆਪਣੇ ਹੱਥ ਵਿੱਚ ਲੈ ਲਿਆ ਤੇ ੨੫-੨੫ ਸਿੰਘਾਂ ਦੇ ਪੈਦਲ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਨੂੰ ਭੇਜਣੇ ਸ਼ੁਰੂ ਕਰ ਦਿੱਤੇ। ਪਹਿਲਾ ਜਥਾ ੨੫-੯-੨੩ ਨੂੰ ਰਸਾਲਦਾਰ ਰਣਜੋਧ ਸਿੰਘ ਦੀ ਜਥੇਦਾਰੀ ਹੇਠ ਰਵਾਨਾ ਹੋਇਆ। ਲਗਭਗ ਚਾਰ ਮਹੀਨੇ ਇਹ ਸਿਲਸਿਲਾ ਜਾਰੀ ਰਿਹਾ। ਇਸ ਮੋਰਚੇ ਦਾ ਕੋਈ ਕਾਰਗਰ ਨਤੀਜਾ ਨਾ ਨਿਕਲਦਾ ਵੇਖ ਕੇ ੯ ਫਰਵਰੀ ੧੯੨੪ ਈ: ਨੂੰ ੫੦੦ ਸਿੰਘਾਂ ਦਾ ਜਥਾ ਜੈਤੋ ਨੂੰ ਭੇਜਣ ਦਾ ਫੈਸਲਾ ਕੀਤਾ, ਜਿਸ ਦੇ ਮੁੱਖ ਜਥੇਦਾਰ ਊਧਮ ਸਿੰਘ ਨਾਗੋਕੇ ਨੀਯਤ ਹੋਏ। ਪਰ ਛੇਤੀ ਹੀ ਸਰਕਾਰ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਣ 'ਤੇ ਉਨ੍ਹਾਂ ਦੀ ਥਾਂ ਜਥੇਦਾਰ ਊਧਮ ਸਿੰਘ ਵਰਪਾਲ ਨੇੜੇ ਅੰਮ੍ਰਿਤਸਰ ਦੀ ਮੁੱਖ ਜਥੇਦਾਰੀ ਹੇਠ ੯-੨-੨੪ ਨੂੰ ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਚੱਲਿਆ। (ਜਥੇਦਾਰ ਮੋਹਣ ਸਿੰਘ ਤੁੜ ਦੇ ਪਿਤਾ) ਜਥੇਦਾਰ ਜਗਤ ਸਿੰਘ ਤੁੜ, ਤਹਿਸੀਲ ਤਰਨਤਾਰਨ (ਅੰਮ੍ਰਿਤਸਰ) ਜਥੇਦਾਰ ਸਨ। ਸਰਦਾਰ ਕੇਸਰ ਸਿੰਘ ਖਤ੍ਰਾਕਲਾਂ ਤਹਿਸੀਲ ਅਜਨਾਲਾ (ਅੰਮ੍ਰਿਤਸਰ) ਮੀਤ ਜਥੇਦਾਰ ਸਨ।

੨੧ ਫਰਵਰੀ ਨੂੰ ਗੁ: ਟਿੱਬੀ ਸਾਹਿਬ ਨੇੜੇ ਪੁੱਜਣ ਤੇ ਸ਼ਾਮ ਦੇ ਪੌਣੇ ਤਿੰਨ ਵਜੇ ਸਰਕਾਰ ਨੇ ਮਸ਼ੀਨਗੰਨਾਂ ਦੀਆਂ ਗੋਲੀਆਂ ਨਾਲ ਇਸ ਜਥੇ ਨੂੰ ਭੁੰਨ ਸੁੱਟਿਆ। ੧੫੦ ਦੇ ਲਗਭਗ ਸਿੰਘ ਸ਼ਹੀਦ ਹੋ ਗਏ। ਸੈਂਕੜੇ ਜ਼ਖ਼ਮੀ ਹੋ ਗਏ। ਬਾਕੀ ਗ੍ਰਿਫ਼ਤਾਰ ਕਰ ਲਏ। ਇਸ ਜਥੇ ਸਮੇਤ ਪੰਜ-ਪੰਜ ਸੌ ਸਿੰਘਾਂ ਦੇ ਸਤਾਰਾਂ ਸ਼ਹੀਦੀ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਨੂੰ ਗਏ।

ਇਸ ਮੋਰਚੇ ਦੌਰਾਨ ੨੧ ਜਨਵਰੀ ੧੯੨੫ ਈ: ਨੂੰ ਸਰਕਾਰ ਨੇ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਤ ਕਰ ਕੇ ਗੁਰਦੁਆਰਾ ਪ੍ਰਬੰਧ ਉੱਪਰ ਪੰਥ ਦਾ ਹੱਕ ਮੰਨ ਲਿਆ। ੨੭ ਅਪ੍ਰੈਲ ੧੯੨੫ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋਈ ਸ਼੍ਰੋਮਣੀ ਕਮੇਟੀ ਦੀ ਆਪਣੀ ਮੀਟਿੰਗ ਵਿੱਚ ਉਪ੍ਰੋਕਤ ਬਿਲ 'ਤੇ ਵੀਚਾਰ ਕਰ ਕੇ ਕੁਝ ਤਰਮੀਮਾਂ ਸਮੇਤ ਪ੍ਰਵਾਨ ਕਰ ਲਿਆ, ਜਿਸ ਕਰ ਕੇ ਮੋਰਚਾ ਵਾਪਸ ਲੈ ਲਿਆ ਗਿਆ। ਇਹ ਬਿਲ ੯ ਜੁਲਾਈ ੧੯੨੫ ਈ: ਨੂੰ ਪੰਜਾਬ ਕੌਂਸਲ ਵਿੱਚ ਪੇਸ਼ ਹੋ ਕੇ ਪਾਸ ਹੋ ਗਿਆ। ਪੰਜਾਬ ਦੇ ਗਵਰਨਰ ਨੇ ੨੮ ਜੁਲਾਈ ੧੯੨੫ ਨੂੰ ਇਸ ਦੀ ਪ੍ਰਵਾਨਗੀ ਦਿੱਤੀ ਤੇ ਇਹ ਐਕਟ ੧ ਨਵੰਬਰ ੧੯੨੫ ਈ: ਨੂੰ ਲਾਗੂ ਹੋਇਆ। ਇਹ ਖਾਲਸੇ ਦੀ ਸੱਤਵੀਂ ਤੇ ਬਹੁਤ ਵੱਡੀ ਜਿੱਤ ਸੀ।

**ਗੁਰਦੁਆਰਾ ਐਕਟ ਅਨੁਸਾਰ ਚੁਣੀ ਸ਼੍ਰੋਮਣੀ ਕਮੇਟੀ**- ਉਪ੍ਰੋਕਤ ਗੁਰਦੁਆਰਾ ਐਕਟ ੧੯੨੫ ਈ: ਅਨੁਸਾਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਪਹਿਲੀ ਚੋਣ ਪੰਜਾਬ ਸਰਕਾਰ ਨੇ ੧੮ ਜੁਲਾਈ ੧੯੨੬ ਈ: ਨੂੰ ਕਰਵਾਈ। ਉਸ ਸਮੇਂ ਦੇ ਪੰਜਾਬ 'ਚੋਂ ੧੨੦ ਮੈਂਬਰ ਬਾਲਗ ਸਿੱਖ ਵੋਟਾਂ ਨਾਲ ਚੁਣ ਕੇ ਆਏ। ੧੬ ਮੈਂਬਰ ਪੰਜਾਬ ਦੀਆਂ ਸਿੱਖ ਰਿਆਸਤਾਂ ਵੱਲੋਂ ਅਤੇ ੧੪ ਮੈਂਬਰ ਭਾਰਤ ਦੇ ਬਾਕੀ ਪ੍ਰਾਂਤਾਂ ਵਿੱਚੋਂ ਨਾਮਜ਼ਦ ਕੀਤੇ ਗਏ। ਚਾਰ ਤਖ਼ਤਾਂ ਦੇ ਜਥੇਦਾਰ ਤੇ ਇਕ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵੀ ਪਦਵੀਆਂ ਕਾਰਨ ਨਾਮਜ਼ਦ ਮੰਨੇ ਗਏ। ਇਸ ਤਰ੍ਹਾਂ ਕੁਲ ਮੈਂਬਰਾਂ ਦੀ ਗਿਣਤੀ ੧੫੫ ਹੋ ਗਈ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਲਈ ਪਹਿਲੀ ਇਕੱਤ੍ਰਤਾ ੨ ਅਕਤੂਬਰ ੧੯੨੬

ਈ: ਨੂੰ ਟਾਊਨ ਹਾਲ ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਰੰਭ ਹੋਈ। ਇਸ ਵਿੱਚ ਬਾਬਾ ਖੜਕ ਸਿੰਘ ਸਿਆਲਕੋਟ ਪ੍ਰਧਾਨ, ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ ਤੇ ਬਾਅਦ ਵਿੱਚ ਜਨਰਲ ਮੈਂਬਰਾਂ ਦੀਆਂ ਵੋਟਾਂ ਨਾਲ ਅੰਤ੍ਰਿੰਗ ਕਮੇਟੀ ਦੇ ੮ ਮੈਂਬਰ ਚੁਣੇ ਗਏ।

ਸਰਕਾਰ ਨੇ ਗੁਰਦੁਆਰਾ ਐਕਟ ਵਿੱਚ ਨਾਮ ਗੁਰਦੁਆਰਾ ਸੈਂਟਰਲ ਬੋਰਡ ਲਿਖਿਆ ਸੀ ਪਰ ਅੱਜ ਦੀ ਪਹਿਲੀ ਮੀਟਿੰਗ ਵਿੱਚ ਇਸ ਦਾ ਨਾਮ ਗੁਰਦੁਆਰਾ ਸੈਂਟਰਲ ਬੋਰਡ ਤੋਂ ਬਦਲ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਰੱਖਿਆ ਗਿਆ।

### ਇਸੇ ਇਕੱਤਰਤਾ ਵਿੱਚ ਇਹ ਮਤੇ ਪਾਸ ਕੀਤੇ ਗਏ–

੧. ਬੋਰਡ ਦੀ ਸਾਰੀ ਕਾਰਵਾਈ ਪੰਜਾਬੀ ਵਿੱਚ ਕੀਤੀ ਜਾਵੇ।

੨. ਬੋਰਡ ਦੀ ਹਰ ਪ੍ਰਕਾਰ ਦੀ ਕਾਰਵਾਈ ਵਿੱਚ ਦੇਸੀ ਤਾਰੀਖਾਂ ਤੇ ਖਾਲਸਾ ਸੰਮਤ ਵਰਤਿਆ ਜਾਵੇ, ਪਰ ਜੇ ਨਾਲ ਅੰਗਰੇਜ਼ੀ ਤਾਰੀਖ ਵੀ ਵਰਤੀ ਜਾਵੇ ਤਾਂ ਕੋਈ ਇਤਰਾਜ਼ ਨਹੀਂ ਹੋਵੇਗਾ।

### ਸ੍ਰੀ ਹਰਿਮੰਦਰ ਸਾਹਿਬ ਦੀ ਲੋਕਲ ਪ੍ਰਬੰਧਕ ਕਮੇਟੀ–

ਉਪ੍ਰੋਕਤ ਇਕੱਤਰਤਾ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਉਸ ਨਾਲ ਸੰਬੰਧਤ ਸ਼ਹਿਰ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਹੇਠ ਲਿਖੇ ਪੰਜ ਮੈਂਬਰਾਂ ਦੀ ਲੋਕਲ ਕਮੇਟੀ ਨੀਯਤ ਕੀਤੀ ਗਈ –

੧. ਪ੍ਰੋ: ਅਰਬੇਲ ਸਿੰਘ। ੨. ਮਾਸਟਰ ਸੁਜਾਨ ਸਿੰਘ ਸਰਹਾਲੀ।

੩. ਸਰਦਾਰ ਰਤਨ ਸਿੰਘ ਅੰਬਾਲਾ। ੪. ਸਰਦਾਰ ਜਵਾਹਰ ਸਿੰਘ ਬੁਰਜ।

੫. ਸਰਦਾਰ ਬਖਸ਼ੀਸ਼ ਸਿੰਘ ਲੁਧਿਆਣਾ।

ਸ੍ਰੀ ਦਰਬਾਰ ਸਾਹਿਬ ਤੇ ਸ਼ਹਿਰ ਦੇ ਸੰਬੰਧਤ ਗੁਰਦੁਆਰਿਆਂ ਲਈ ਜੋ ਸਭ ਤੋਂ ਪਹਿਲੀ ਪ੍ਰਬੰਧਕ ਕਮੇਟੀ ਬਾਲਗ ਸਿੱਖ ਵੋਟਾਂ ਨਾਲ ਚੁਣੀ ਗਈ, ਉਸ ਦੇ ਹੇਠ ਲਿਖੇ ੧੨ ਮੈਂਬਰ ਸਨ –

### ਜ਼ਿਲ੍ਹਾ ਅੰਮ੍ਰਿਤਸਰ ਦੇ–

੧. ਸ: ਜਸਵੰਤ ਸਿੰਘ ਜੀ 'ਝਬਾਲੀਏ'।

੨. ਸ: ਗੁਰਦਿਆਲ ਸਿੰਘ ਸੰਧਾਵਾਲੀਏ, ਰਾਜਾਸਾਂਸੀ।

੩. ਸ: ਹਜ਼ਾਰਾ ਸਿੰਘ ਜੀ ਜਾਮਾਰਾਇ।

੪. ਸ: ਦਰਸ਼ਨ ਸਿੰਘ ਜੀ ਫੇਰੂਮਾਨ।

### ਅੰਮ੍ਰਿਤਸਰ ਸ਼ਹਿਰ ਵੱਲੋਂ–

੫. ਸ: ਚਰਨ ਸਿੰਘ ਜੀ ਧੂਪੀਏ, ਅੰਮ੍ਰਿਤਸਰ।

੬. ਸ: ਰਵੇਲ ਸਿੰਘ ਜੀ, ਅੰਮ੍ਰਿਤਸਰ।

੭. ਸ: ਤੇਜਾ ਸਿੰਘ ਜੀ ਨਾਗੀ, ਅੰਮ੍ਰਿਤਸਰ।

### ਹੇਠ ਲਿਖੇ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਨਾਮਜ਼ਦ ਕੀਤੇ :

੮. ਮਾਸਟਰ ਸੁਜਾਨ ਸਿੰਘ ਜੀ ਸਰਹਾਲੀ (ਅੰਮ੍ਰਿਤਸਰ)।

੯. ਸ: ਜਵਾਹਰ ਸਿੰਘ ਜੀ ਬੁਰਜ ,, ,,

੧੦. ਸ: ਰਤਨ ਸਿੰਘ ਜੀ ਸਹੌਰਾ, ਡਾ: ਕੁਰਾਲੀ (ਅੰਬਾਲਾ)।

੧੧. ਪ੍ਰੋ: ਅਰਬੇਲ ਸਿੰਘ ਜੀ ਐਮ.ਏ. ਕਪੂਰਥਲਾ।

੧੨. ਸ: ਬਖਸ਼ੀਸ਼ ਸਿੰਘ ਜੀ, ਲੁਧਿਆਣਾ।

ਉਪ੍ਰੋਕਤ ਕਮੇਟੀ ਦੀ ਪਹਿਲੀ ਇਕੱਤਰਤਾ ੧੯-੧੧-੨੬ ਨੂੰ ਹੋਈ, ਜਿਸ ਵਿੱਚ ਸ: ਜਸਵੰਤ ਸਿੰਘ ਝਬਾਲੀਏ ਪ੍ਰਧਾਨ ਅਤੇ ਸ: ਹਜ਼ਾਰਾ ਸਿੰਘ ਜਾਮਾਰਾਇ ਮੀਤ ਪ੍ਰਧਾਨ ਚੁਣੇ ਗਏ। ੨੩-੧-੧੯੨੭ ਈ: ਨੂੰ ਸ: ਜਸਵੰਤ ਸਿੰਘ ਝਬਾਲੀਏ ਦੇ ਅਸਤੀਫਾ ਦੇਣ ਕਰ ਕੇ ਉਨ੍ਹਾਂ ਦੀ ਥਾਂ ਸ: ਹਜ਼ਾਰਾ ਸਿੰਘ ਜਾਮਾਰਾਇ ਪ੍ਰਧਾਨ ਅਤੇ ਸ: ਗੁਰਦਿਆਲ ਸਿੰਘ ਸੰਧਾਵਾਲੀਏ ਰਾਜਾਸਾਂਸੀ ਮੀਤ ਪ੍ਰਧਾਨ ਨੀਯਤ ਹੋਏ। ੧੪-੪-੨੯ ਨੂੰ ਸ: ਹਜ਼ਾਰਾ ਸਿੰਘ ਜੀ ਨੇ ਅਸਤੀਫਾ ਦੇ ਦਿੱਤਾ ਤਾਂ ਉਨ੍ਹਾਂ ਦੀ ਜਗ੍ਹਾ ਸ: ਜਵਾਹਰ ਸਿੰਘ ਬੁਰਜ ਪ੍ਰਧਾਨ ਥਾਪੇ ਗਏ ਤੇ ਮੀਤ ਪ੍ਰਧਾਨ ਸ: ਗੁਰਦਿਆਲ ਸਿੰਘ ਜੀ ਹੀ ਰਹੇ।

### ੧੯੩੦ ਈ: ਵਿੱਚ ਹੋਈ ਨਵੀਂ ਚੋਣ 'ਚ ਹੇਠ ਲਿਖੇ ਮੈਂਬਰ ਚੁਣੇ ਗਏ :

### ਜ਼ਿਲ੍ਹਾ ਅੰਮ੍ਰਿਤਸਰ ਵੱਲੋਂ :-

੧. ਸ: ਜਵਾਹਰ ਸਿੰਘ ਜੀ ਪਿੰਡ ਬੁਰਜ (ਅੰਮ੍ਰਿਤਸਰ)।

੨. ਜ: ਊਧਮ ਸਿੰਘ ਜੀ ਪਿੰਡ ਨਾਗੋਕੇ ,,

੩. ਸ: ਈਸ਼ਰ ਸਿੰਘ ਜੀ ਮਰ੍ਹਾਣਾ ਤਹਿ: ਤਰਨ ਤਾਰਨ (ਅੰਮ੍ਰਿਤਸਰ)।

੪. ਸ: ਦਰਸ਼ਨ ਸਿੰਘ ਜੀ ਫੇਰੂਮਾਨ (ਅੰਮ੍ਰਿਤਸਰ)।

### ਅੰਮ੍ਰਿਤਸਰ ਸ਼ਹਿਰ ਵੱਲੋਂ :

੫. ਸ: ਹੁਕਮ ਸਿੰਘ ਜੀ ਰੀਟਾਇਰਡ ਡਿਪਟੀ ਜੇਲ੍ਹਰ।

੬. ਸ: ਤੇਜਾ ਸਿੰਘ ਜੀ ਨਾਗੀ।

੭. ਡਾਕਟਰ ਹਰੀ ਸਿੰਘ ਜੀ।

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਜ਼ਦ :

੮. ਸ: ਸੰਤੋਖ ਸਿੰਘ ਜੀ ਲੂਸ, ਸ਼ਹਿਰ ਅੰਮ੍ਰਿਤਸਰ।

੯. ਸ: ਅਰਜਨ ਸ਼ਾਹ ਸਿੰਘ ਜੀ ਸੈਸ਼ਨ ਜੱਜ ਰਿਆਸਤ ਪਟਿਆਲਾ।

੧੦. ਸ: ਨਾਹਰ ਸਿੰਘ ਜੀ ਫਤਹਗੜ੍ਹ ਸ਼ੁੱਕਰਚੱਕੀਆ (ਅੰਮ੍ਰਿਤਸਰ)।

੧੧. ਮਾਸਟਰ ਸੁਜਾਨ ਸਿੰਘ ਜੀ ਸਰਹਾਲੀ ,,

੧੨. ਬਾਬਾ ਪਾਲਾ ਸਿੰਘ ਜੀ ਛੀਨਾ, ਤਹਿ: ਅਜਨਾਲਾ ,,

ਉਪ੍ਰੋਕਤ ੧੨ ਮੈਂਬਰੀ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦੀ ੪-੭-੩੦ ਨੂੰ ਹੋਈ ਇਕੱਤਰਤਾ ਵਿੱਚ ਹੇਠ ਲਿਖੇ ਅਨੁਸਾਰ ਚੋਣ ਹੋਈ –

ਪ੍ਰਧਾਨ ਸ: ਜਵਾਹਰ ਸਿੰਘ ਜੀ ਬੁਰਜ ਅਤੇ ਮੀਤ ਪ੍ਰਧਾਨ ਬਾਬਾ ਈਸ਼ਰ ਸਿੰਘ ਜੀ ਚੁਣੇ ਗਏ, ਜੋ ਅਗਲੀ ਚੋਣ ਤੱਕ ਪ੍ਰਬੰਧ ਚਲਾਉਂਦੇ ਰਹੇ। ਲਗਭਗ ੧੯੪੫ ਈ: ਤੱਕ ਹਰ ਤਿੰਨ ਸਾਲ ਬਾਅਦ ਉਪ੍ਰੋਕਤ ਢੰਗ ਨਾਲ ਮੈਂਬਰਾਂ ਦੀ ਚੋਣ ਹੋ ਕੇ ਸ੍ਰੀ ਦਰਬਾਰ ਸਾਹਿਬ ਦੀਆਂ ਲੋਕਲ ਕਮੇਟੀਆਂ ਬਣਦੀਆਂ ਰਹੀਆਂ ਪਰ ੧੯੪੫ ਈ: ਨੂੰ ਸ਼੍ਰੋਮਣੀ ਕਮੇਟੀ ਦੀ ਮੰਗ ਅਨੁਸਾਰ ਗੁਰਦੁਆਰਾ ਐਕਟ ਵਿੱਚ ਸੋਧ ਕਰ ਕੇ ਦਫਾ ੮੫ ਦੀਆਂ ਲੋਕਲ ਕਮੇਟੀਆਂ

ਦੀ ਚੋਣ ਰੱਦ ਕਰ ਦਿੱਤੀ ਗਈ ਤੇ ਵੱਡੀ ਆਮਦਨ ਵਾਲੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਕਮੇਟੀ ਦੇ ਅਧੀਨ ਕਰ ਦਿੱਤਾ ਗਿਆ। ਇਨ੍ਹਾਂ ਸਾਰੀਆਂ ਲੋਕਲ ਕਮੇਟੀਆਂ ਵਿੱਚੋਂ ਸਭ ਤੋਂ ਵੱਧ ਮਹੱਤਵਪੂਰਨ ਅਤੇ ਵਧੇਰੇ ਆਮਦਨ ਵਾਲੀ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦੀ ਹੀ ਸੀ।

ਸ੍ਰੀ ਦਰਬਾਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਦੇ ਸੰਬੰਧਤ ਗੁਰਦੁਆਰਿਆਂ ਦੇ ਹੇਠ ਲਿਖੇ ਆਨਰੇਰੀ ਮੈਨੇਜਰ, ਮੈਂਬਰ ਇੰਚਾਰਜ ਜਾਂ ਪ੍ਰਧਾਨ ਰਹੇ --

## ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ :

੧. ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਸਤੰਬਰ, ਅਕਤੂਬਰ ੧੯੨੧ ਈ:।
੨. ਸ: ਜਸਵੰਤ ਸਿੰਘ ਜੀ ਝਬਾਲੀਆ ਅਕਤੂਬਰ, ਨਵੰਬਰ ੧੯੨੧ ਈ:।
੩. ਬਾਵਾ ਹਰਿਕ੍ਰਿਸ਼ਨ ਸਿੰਘ ਜੀ ਪ੍ਰੋ: ਦਸੰਬਰ ੧੯੨੧ ਤੋਂ ਜੂਨ ੧੯੨੨ ਈ: ਤੱਕ।
੪. ਸ: ਦਲੀਪ ਸਿੰਘ ਜੀ ਗਿੱਲ ਬੈਰਿਸਟਰ, ਲਾਇਲਪੁਰੀ, ਜੁਲਾਈ ੧੯੨੨ ਤੋਂ ਜਨਵਰੀ ੧੯੨੩ ਈ: ਤੱਕ।
੫. ਸ: ਤਾਰਾ ਸਿੰਘ ਜੀ ਬੀ.ਏ.ਫਰਵਰੀ ੧੯੨੩ ਈ: ਤੋਂ ਅਪ੍ਰੈਲ ੧੯੨੩ ਈ: ਤੱਕ।
੬. ਸ: ਤੇਜਾ ਸਿੰਘ ਜੀ ਸਮੁੰਦਰੀ ਮਈ ੧੯੨੩ ਈ: ਤੋਂ ਸਤੰਬਰ ੧੯੨੩ ਈ: ਤੱਕ।
੭. ਸ: ਖਜ਼ਾਨ ਸਿੰਘ ਜੀ ਰੀ.ਈ.ਏ.ਸੀ, ਸਿਆਲਕੋਟ ਅਕਤੂਬਰ ੧੯੨੪ ਈ: ਤੋਂ ਦਸੰਬਰ ੧੯੨੪ ਈ: ਤੱਕ।
੮. ਸ: ਮੰਗਲ ਸਿੰਘ ਜੀ ਬੀ.ਏ.ਜਨਵਰੀ ੧੯੨੫ ਈ: ਤੋਂ ਫਰਵਰੀ ੧੯੨੫ ਈ: ਤੱਕ।
੯. ਸ: ਦੌਲਤ ਸਿੰਘ ਜੀ ਬੀ.ਏ. ਫਰਵਰੀ ੧੯੨੫ ਈ: ਤੋਂ ਮਾਰਚ ੧੯੨੫ ਈ: ਤੱਕ।
੧੦. ਸ: ਖਜ਼ਾਨ ਸਿੰਘ ਜੀ ਰੀ. ਈ.ਏ.ਸੀ. ਸਿਆਲਕੋਟ ਮਾਰਚ ੧੯੨੫ ਈ: ਤੋਂ ਮਈ ੧੯੨੫ ਈ: ਤੱਕ।
੧੧. ਸ: ਜਸਵੰਤ ਸਿੰਘ ਜੀ ਝਬਾਲੀਆ ਮਈ ੧੯੨੫ ਈ: ਤੋਂ ਜੁਲਾਈ ੧੯੨੫ ਈ: ਤੱਕ।
੧੨. ਮਾਸਟਰ ਦੌਲਤ ਸਿੰਘ ਜੀ ਬੀ.ਏ.ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਜੁਲਾਈ ੧੯੨੫ ਈ: ਤੋਂ ਅਗਸਤ ੧੯੨੫ ਈ: ਤੱਕ।
੧੩. ਸ: ਅਮਰ ਸਿੰਘ ਜੀ ਝਬਾਲੀਆ ੨੩-੯-੨੫ ਤੋਂ ੪-੧੦-੧੯੨੫ ਈ: ਤੱਕ।
੧੪. ਸ: ਹਰਬੰਸ ਸਿੰਘ ਜੀ ਸੀਸਤਾਨੀ ੫-੧੦-੧੯੨੫ ਤੋਂ ੪-੧੧-੧੯੨੫ ਈ: ਤੱਕ।
੧੫. ਸ: ਹਜ਼ਾਰਾ ਸਿੰਘ ਜੀ ਜਾਮਾਰਾਇ ੫-੧੧-੧੯੨੫ ਈ: ਤੋਂ ੪-੧੨-੧੯੨੫ ਈ: ਤੱਕ।
੧੬. ਸ: ਅਮਰ ਸਿੰਘ ਜੀ ਝਬਾਲੀਆ ੫-੧੨-੧੯੨੫ ਤੋਂ ੧-੨-੧੯੨੬ ਈ: ਤੱਕ।
੧੭. ਸ: ਹਰਬੰਸ ਸਿੰਘ ਜੀ ਸੀਸਤਾਨੀ ੨-੨-੧੯੨੬ ਤੋਂ ੨੬-੭-੧੯੨੬ ਈ: ਤੱਕ।
੧੮. ਸ: ਬਖਸ਼ੀਸ਼ ਸਿੰਘ ਜੀ ਲੁਧਿਆਣਾ ੨੭-੭-੧੯੨੬ ਤੋਂ ੨੬-੧੧-੧੯੨੬ ਈ: ਤੱਕ।
੧੯. ਸ: ਰਵੇਲ ਸਿੰਘ ਜੀ ਮੈਂਬਰ ਇੰਚਾਰਜ।

## ਗੁ: ਐਕਟ ਬਣਨ ਤੋਂ ਪਿਛੋਂ–

੨੦. ਸ: ਜਸਵੰਤ ਸਿੰਘ ਜੀ ਝਬਾਲੀਆ ਪ੍ਰਧਾਨ ੨੭-੧੧-੧੯੨੬ ਈ: ਤੋਂ

੨੩-੧-੧੯੨੭ ਈ: ਤੱਕ ।

੨੧. ਸ: ਹਜ਼ਾਰਾ ਸਿੰਘ ਜੀ ਜਾਮਾ ਰਾਇ ਪ੍ਰਧਾਨ ੨੪-੧-੧੯੨੭ ਤੋਂ ੧੪-੪-੧੯੨੯ ਈ: ਤੱਕ ।

੨੨. ਸ: ਜਵਾਹਰ ਸਿੰਘ ਜੀ ਬੁਰਜ ਪ੍ਰਧਾਨ ੧੪-੪-੧੯੨੯ ਤੋਂ ੨੪-੩-੧੯੩੦ ਈ: ਤੱਕ ।

*(ਦੇਖੋ ਰੀਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੧੧੬-੧੧੭)*

੧੯੫੯ ਈ: ਨੂੰ ਦੂਜੀ ਵਾਰ ਗੁਰਦੁਆਰਾ ਐਕਟ ਵਿੱਚ ਸੋਧ ਕਰ ਕੇ ਜਿਥੇ ਪੈਪਸੂ ਪ੍ਰਾਂਤ ਦੇ ਸਾਰੇ ਇਤਿਹਾਸਕ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਅਧੀਨ ਕਰ ਦਿੱਤੇ ਗਏ ਉਥੇ ਧਰਮ ਪ੍ਰਚਾਰ ਕਮੇਟੀ ਬਣਾਉਣ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੂੰ ਸੌਂਪੇ ਗਏ ਤੇ ਧਰਮ ਪ੍ਰਚਾਰ ਦੇ ਖਰਚਾਂ ਦੀ ਪੂਰਤੀ ਲਈ ਹਰ ਗੁਰਦੁਆਰੇ ਦੇ ਫੰਡ 'ਚੋਂ ੧੫ ਫੀਸਦੀ ਰਕਮ ਧਰਮ ਪ੍ਰਚਾਰ ਕਮੇਟੀ ਨੂੰ ਦੇਣ ਦਾ ਵੀ ਕਾਨੂੰਨ ਬਣਾਇਆ ਗਿਆ । ਉਪ੍ਰੋਕਤ ਐਕਟ 'ਚ ਕੀਤੀ ਸੋਧ ਤੋਂ ਪਹਿਲਾਂ ੧੯੫੯ ਈ: ਤੱਕ ਧਰਮ ਪ੍ਰਚਾਰ ਦਾ ਸਾਰਾ ਖਰਚ ਸ੍ਰੀ ਦਰਬਾਰ ਸਾਹਿਬ ਦੇ ਫੰਡ ਵਿੱਚੋਂ ਹੀ ਕੀਤਾ ਜਾਂਦਾ ਸੀ ।

**ਗੁਰਮਤਿ ਪ੍ਰਚਾਰ**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਆ ਜਾਣ ਤੋਂ ਪਹਿਲਾਂ ਪੁਜਾਰੀਆਂ ਦੇ ਸਮੇਂ ਸਿੱਖ ਧਰਮ ਪ੍ਰਚਾਰ ਭਾਵ ਗੁਰਮਤਿ ਪ੍ਰਚਾਰ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ, ਸਗੋਂ ਪ੍ਰਕਰਮਾ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਤੇ ਰਾਮਾਇੰਣ ਤੇ ਮਹਾਭਾਰਤ ਆਦਿ ਹਿੰਦੂ ਮੱਤ ਦੇ ਗ੍ਰੰਥਾਂ ਦੀਆਂ ਕਥਾਵਾਂ ਹੁੰਦੀਆਂ ਤੇ ਗੁਰਮਤਿ ਵਿਰੁੱਧ ਅਨਯ ਮੱਤਾਂ ਤੇ ਮਨਮਤ ਦਾ ਪ੍ਰਚਾਰ ਕੀਤਾ ਜਾਂਦਾ ਸੀ ।

ਜਦ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਆ ਗਿਆ ਤਾਂ ਪ੍ਰਕਰਮਾ ਅਤੇ ਗੁਰੂ ਕੇ ਬਾਗ ਵਿੱਚ ਮੰਜੀ ਸਾਹਿਬ ਦੇ ਅਸਥਾਨ 'ਤੇ ਗੁਰਬਾਣੀ ਤੇ ਗੁਰ ਇਤਿਹਾਸ ਦੀਆਂ ਕਥਾਵਾਂ ਸ਼ੁਰੂ ਕੀਤੀਆਂ ਗਈਆਂ ।

ਪਹਿਲੋਂ ਪਹਿਲ ਚੀਫ਼ ਖਾਲਸਾ ਦੀਵਾਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਹੁੰਦੀ ਸੀ । ਜਿਸ ਵਿੱਚ ਗਿਆਨੀ ਬੁੱਧ ਸਿੰਘ ਜੀ 'ਉਪਦੇਸ਼ਕ' ਗੁਰਮਤਿ ਸਿਧਾਂਤਾਂ ਦਾ ਚੰਗੀ ਤਰ੍ਹਾਂ ਵਰਣਨ ਕਰਦੇ ਸਨ । ਉਸ ਸਮੇਂ ਸ੍ਰੀ ਅੰਮ੍ਰਿਤਸਰ ਦੀ ਸਿੰਘ ਸਭਾ ਵੱਲੋਂ ਹਰ ਐਤਵਾਰ ਨੂੰ ਮੰਜੀ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਇਆ ਜਾਂਦਾ ਸੀ । ਇਸ ਲੋਕਲ ਧਰਮ ਪ੍ਰਚਾਰ ਤੋਂ ਇਲਾਵਾ ਬਾਹਰੋਂ ਸੰਗਤਾਂ ਦੀ ਮੰਗ ਅਨੁਸਾਰ ਰਾਗੀ ਤੇ ਪ੍ਰਚਾਰਕ ਬਾਹਰ ਭੇਜੇ ਜਾਂਦੇ ਸਨ ਅਤੇ ਖਾਸ ਸਮਾਗਮਾਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਵੀ ਜਾ ਕੇ ਗੁਰਮਤਿ ਵਿਖਿਆਨਾਂ ਦੁਆਰਾ ਸੰਗਤਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਸਨ, ਜਿਵੇਂ ਕਿ ਭਾਈ ਸਾਹਿਬ ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਬਾਰੇ ਰੀਪੋਰਟ ਸ੍ਰੀ ਦਰਬਾਰ ਸਾਹਿਬ ਦੇ ਪੰਨਾ ੧੪੪-੧੪੯ ਉੱਪਰ ਦਰਜ ਹੈ ।

ਭਾਰਤ ਦੇ ਦੂਜੇ ਪ੍ਰਾਂਤਾਂ ਵਿੱਚ ਸਿੱਖ ਮਿਸ਼ਨ ਸਥਾਪਤ ਕੀਤੇ ਗਏ ਸਨ ਜਿਵੇਂ ਕਿ ਕਾਂਗੜਾ ਸਿੱਖ ਮਿਸ਼ਨ, ਹਾਪੜ ਸਿੱਖ ਮਿਸ਼ਨ ਤੇ ਸਿੰਧ ਸਿੱਖ ਮਿਸ਼ਨ ਆਦਿ । ਇਨ੍ਹਾਂ ਸਾਰੇ

ਮਿਸ਼ਨਾਂ ਦੇ ਪ੍ਰਚਾਰਕ ਆਪੋ ਆਪਣੇ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਸਨ। ਇਨ੍ਹਾਂ ਮਿਸ਼ਨਾਂ ਦੇ ਦਫ਼ਤਰਾਂ ਤੇ ਪ੍ਰਚਾਰਕਾਂ ਦਾ ਸਾਰਾ ਖਰਚ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ 'ਚੋਂ ਕੀਤਾ ਜਾਂਦਾ ਸੀ।

੧੯੨੭ ਈ: ਵਿੱਚ ਯੂ.ਪੀ. ਦੇ ਅਲੀਗੜ੍ਹ ਸ਼ਹਿਰ ਵਿੱਚ ਕੀਤੀ ਗਈ ਭਾਰੀ ਅਕਾਲੀ ਕਾਨਫ਼ਰੰਸ ਸਮੇਂ ਉਸ ਇਲਾਕੇ ਦੇ ਪਛੜੀਆਂ ਸ਼੍ਰੇਣੀਆਂ ਦੇ ਕਈ ਹਜ਼ਾਰ ਪ੍ਰਾਣੀਆਂ ਨੇ ਗੁਰਮਤਿ ਪ੍ਰਚਾਰ ਦੇ ਪ੍ਰਭਾਵ ਨੂੰ ਗ੍ਰਹਣ ਕਰ ਕੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਖਾਲਸਾ ਧਰਮ ਧਾਰਨ ਕੀਤਾ। ਉਸ ਕਾਨਫ਼ਰੰਸ ਸਮੇਂ ਅੰਮ੍ਰਿਤ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਦਾ ਸਾਰਾ ਖਰਚ ਸ੍ਰੀ ਦਰਬਾਰ ਸਾਹਿਬ ਵੱਲੋਂ ਹੀ ਕੀਤਾ ਗਿਆ ਸੀ।

ਭਾ: ਵੀਰ ਸਿੰਘ ਜੀ ਦੇ ਲਿਖੇ ਤੇ ਖਾਲਸਾ ਟਰੈਕਟ ਸੁਸਾਇਟੀ ਅੰਮ੍ਰਿਤਸਰ ਵੱਲੋਂ ਛਪੇ ਧਾਰਮਕ ਟਰੈਕਟ ਤੇ ਪੰਜਾਬੀ ਅਖਬਾਰਾਂ ਦੇ ਗੁਰਪੁਰਬ ਨੰਬਰ ਖਰੀਦ ਕੇ ਤੇ ਹੋਰ ਪ੍ਰਸਿੱਧ ਵਿਦਵਾਨਾਂ ਦੇ ਲਿਖੇ ਧਾਰਮਿਕ ਲੇਖਾਂ ਦੇ ਟਰੈਕਟ ਤੇ ਪੁਸਤਕਾਂ ਪੰਜਾਬੀ ਤੇ ਹਿੰਦੀ ਵਿੱਚ ਦਰਬਾਰ ਸਾਹਿਬ ਵੱਲੋਂ ਛਪਵਾ ਕੇ ਧਰਮ ਪ੍ਰਚਾਰ ਦੀ ਖਾਤਰ ਮੁਫ਼ਤ ਵੰਡੇ ਜਾਂਦੇ ਸਨ ਤੇ ਡਾਕ ਰਾਹੀਂ ਦੂਰ ਦੁਰਾਡੇ ਦੇਸ਼ਾਂ ਪ੍ਰਦੇਸ਼ਾਂ ਵਿੱਚ ਭੇਜੇ ਜਾਂਦੇ ਸਨ।

੧੯੨੫ ਈ: ਤੋਂ ਬਾਅਦ ਹੁਣ ਤੱਕ ਗੁਰਦੁਆਰਾ ਮੰਜੀ ਸਾਹਿਬ ਵਿਖੇ ਸੁਬ੍ਹਾ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਅੰਮ੍ਰਿਤ ਵੇਲੇ ਦੇ ਪਹਿਲੇ ਮਹਾਂਵਾਕ ਦੀ ਕਥਾ ਅਤੇ ਸ਼ਾਮ ਨੂੰ ਇਤਿਹਾਸਕ ਗ੍ਰੰਥਾਂ ਗੁਰ ਪ੍ਰਤਾਪ ਸੂਰਜ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਕਥਾ ਹਰ ਰੋਜ਼ ਨੇਮ ਨਾਲ ਹੁੰਦੀ ਹੈ। ਇਸ ਮਕਸਦ ਲਈ ਇਕ ਵਿਸ਼ੇਸ਼ ਕਥਾ-ਵਾਚਕ ਗਿਆਨੀ ਮੁੱਕਰਰ ਹੈ। ਇਸੇ ਹੀ ਅਸਥਾਨ 'ਤੇ ਸਾਰੇ ਗੁਰਪੁਰਬ ਮਨਾਏ ਜਾਂਦੇ ਹਨ। ਗੁਰਪੁਰਬ ਦੇ ਇਤਿਹਾਸ ਬਾਰੇ ਕਥਾ ਵਿੱਚ ਤੇ ਬਾਅਦ ਵਿੱਚ ਵਿਖਿਆਨਾਂ ਦੁਆਰਾ ਭਰਪੂਰ ਚਾਨਣਾ ਪਾਇਆ ਜਾਂਦਾ ਹੈ ਅਤੇ ਗੁਰਮਤਿ ਦੇ ਅਸੂਲ ਦ੍ਰਿੜ੍ਹ ਕਰਵਾਏ ਜਾਂਦੇ ਹਨ। ਗੁਰਪੁਰਬਾਂ ਸਮੇਂ ਕਥਾ ਦਰਬਾਰ, ਕੀਰਤਨ ਦਰਬਾਰ, ਕਵੀ ਦਰਬਾਰ ਤੇ ਢਾਡੀ ਦਰਬਾਰ ਅਤੇ ਵਿਖਿਆਨ ਦਰਬਾਰ ਕਰਵਾਏ ਜਾਂਦੇ ਹਨ। ਜਿਨ੍ਹਾਂ ਵਿੱਚ ਗੁਰਬਾਣੀ ਤੇ ਗੁਰ ਇਤਿਹਾਸ ਦੇ ਸਾਰੇ ਪੱਖਾਂ ਦੀ ਵਿਆਖਿਆ ਕੀਤੀ ਜਾਂਦੀ ਹੈ, ਜਿਸ ਦਾ ਸੰਗਤਾਂ 'ਤੇ ਭਾਰੀ ਅਸਰ ਹੁੰਦਾ ਹੈ। ਅਜਿਹੇ ਸਮਿਆਂ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਅਤੇ ਗ੍ਰੰਥੀ ਸਾਹਿਬਾਨ ਤੋਂ ਇਲਾਵਾ ਪੰਥ ਪ੍ਰਸਿੱਧ ਗੁਰਮਤਿ ਦੇ ਮਹਾਨ ਵਿਦਵਾਨ, ਕਥਾ ਵਾਚਕ ਤੇ ਭਾਸ਼ਨਕਾਰ, ਗੁਣੀ-ਗਿਆਨੀ ਆਪਣੇ ਵੱਲੋਂ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਉਪ੍ਰੋਕਤ ਸਮਿਆਂ ਤੇ ਬਾਹਰੋਂ ਆਏ ਰਾਗੀਆਂ, ਕਥਾ ਵਾਚਕਾਂ, ਕਵੀਆਂ, ਢਾਡੀਆਂ ਤੇ ਵਿਆਖਿਆਕਾਰਾਂ ਨੂੰ ਸੰਗਤਾਂ 'ਤੋਂ ਇਲਾਵਾ ਯਥਾ ਯੋਗ ਸਿਰੋਪਾਓ ਤੇ ਮਾਇਆ ਦਰਬਾਰ ਸਾਹਿਬ ਵੱਲੋਂ ਵੀ ਭੇਟ ਕੀਤੀ ਜਾਂਦੀ ਹੈ।

ਗੁਰਪੁਰਬਾਂ ਤੋਂ ਇਲਾਵਾ ਹਰ ਮੱਸਿਆ 'ਤੇ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਦੀਵਾਲੀ ਤੇ ਵੈਸਾਖੀ ਦੇ ਮੌਕੇ ਸਾਲ ਵਿੱਚ ਦੋ ਭਾਰੀ ਸਾਲਾਨਾ ਮੇਲਿਆਂ ਸਮੇਂ ਵੱਡੀ ਪੱਧਰ 'ਤੇ ਦੀਵਾਨ ਸਜਾ ਕੇ ਕੀਰਤਨ ਕਥਾ ਤੇ ਵਿਖਿਆਨ ਕਰਵਾਏ ਜਾਂਦੇ ਹਨ। ਮਾਘੀ, ਹੋਲਾ-ਮਹੱਲਾ ਅਤੇ ਪ੍ਰਕਾਸ਼ ਉਤਸਵ ਸ੍ਰੀ ਗੁਰੂ ਰਾਮਦਾਸ ਸਮੇਂ ਵਿਸ਼ੇਸ਼ ਧਾਰਮਿਕ ਦੀਵਾਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਵਿੱਚੋਂ ਸ਼੍ਰੋਮਣੀ ਕਮੇਟੀ ਦੇ ਫੰਡ ਲਈ ਦਸਵੰਧ ਦੇਣ ਤੋਂ ਇਲਾਵਾ ੧੫ ਫੀਸਦੀ ਰਕਮ ਧਰਮ ਪ੍ਰਚਾਰ ਲਈ, ਕੁਝ ਰਕਮ ਲੋਕ ਭਲਾਈ ਅਤੇ ਇਕ ਫ਼ੀਸਦੀ ਰਕਮ ਸਿੱਖ ਇਤਿਹਾਸ ਖੋਜ ਬੋਰਡ ਲਈ ਵੀ ਦਿੱਤੀ ਜਾਂਦੀ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਚਲਾਉਣ ਲਈ ਕੁਝ ਰਕਮ ਸਹਾਇਤਾ ਵੱਜੋਂ ਵੀ ਦਿੱਤੀ ਜਾਂਦੀ ਸੀ ਅਤੇ ਕੁਝ ਰਕਮ ਸ਼੍ਰੋਮਣੀ ਅਕਾਲੀ ਦਲ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਵੀ ਸਹਾਇਤਾ ਵੱਜੋਂ ਦਿੱਤੀ ਜਾਂਦੀ ਸੀ।

**ਵਿੱਦਿਆ ਪ੍ਰਚਾਰ**-ਪ੍ਰਚਾਰ ਅਤੇ ਵਿੱਦਿਆ ਦਾ ਪ੍ਰਸਪਰ ਬਹੁਤ ਨੇੜੇ ਦਾ ਸਬੰਧ ਹੈ। ਵਿਦਿਅਕ ਆਸ਼ਰਮ ਜਿਨ੍ਹਾਂ ਵਿੱਚੋਂ ਪੜ੍ਹ ਕੇ ਨਿਕਲੇ ਹੋਏ ਵਿਦਿਆਰਥੀ ਕਿਸੇ ਹੱਦ ਤੱਕ ਪ੍ਰਚਾਰ ਦਾ ਜ਼ਰੀਆ ਬਣਦੇ ਹਨ, ਉਨ੍ਹਾਂ ਵਿਦਿਅਕ ਆਸ਼ਰਮਾਂ ਵਿੱਚੋਂ ਕੁਝ-ਕੁ ਆਰਥਕ ਪੱਖੋਂ ਡਿਗਦੇ ਸਕੂਲਾਂ ਨੂੰ ਸ੍ਰੀ ਦਰਬਾਰ ਸਾਹਿਬ ਕਮੇਟੀ ਨੇ ਆਰਥਕ ਸਹਾਇਤਾ ਦੇ ਕੇ ਪੱਕੇ ਪੈਰਾਂ 'ਤੇ ਖੜ੍ਹਾ ਕੀਤਾ।

ਬਾਅਦ ਵਿੱਚ ਸ੍ਰੀ ਗੁਰੂ ਰਾਮਦਾਸ ਹਾਈ ਸਕੂਲ (ਲੜਕਿਆਂ) ਰਾਮਸਰ ਰੋਡ, ਅਤੇ ਸ੍ਰੀ ਗੁਰੂ ਨਾਨਕ ਗਰਲਜ਼ ਹਾਈ ਸਕੂਲ (ਲੜਕੀਆਂ) ਨੇੜੇ ਕੋਤਵਾਲੀ ਅਤੇ ਉਸ ਦੀ ਇਕ ਸ਼ਾਖ ਰਾਮਸਰ ਰੋਡ ਦੀਆਂ ਇਮਾਰਤਾਂ ਦੀ ਉਸਾਰੀ, ਫਰਨੀਚਰ ਤੇ ਸਾਰੇ ਸਟਾਫ ਦਾ ਖਰਚ ਪਹਿਲੋਂ-ਪਹਿਲ, ਸ੍ਰੀ ਦਰਬਾਰ ਸਾਹਿਬ ਦੀ ਆਮਦਨ ਵਿੱਚੋਂ ਹੀ ਕੀਤਾ ਜਾਂਦਾ ਸੀ। ਅੱਜ-ਕੱਲ੍ਹ ਇਹ ਦੋਨੋਂ ਸਕੂਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸੀਨੀਅਰ ਸੈਕੰਡਰੀ ਸਕੂਲਾਂ ਦੇ ਰੂਪ ਵਿੱਚ ਸਫਲਤਾ ਪੂਰਵਕ ਚਲ ਰਹੇ ਹਨ।

**ਧਰਮ ਅਰਥ**- ਸਰਬਰਾਹਾਂ ਦੇ ਵੇਲੇ ਵੀ ਰੋਜ਼ੀਨਾ ਵੰਡਣ ਸਮੇਂ ਕੁਝ-ਕੁ ਰਕਮ ਧਰਮ ਅਰਥ ਵੱਜੋਂ ਸਾਲਾਨਾ ਕੱਢੀ ਜਾਂਦੀ ਸੀ। ਇਸ ਨਾਲ ਲੋੜਵੰਦਾਂ ਤੇ ਅਨਾਥਾਂ ਦੀ ਸਹਾਇਤਾ ਕੀਤੀ ਜਾਂਦੀ ਸੀ। ਸ੍ਰੀ ਦਰਬਾਰ ਸਾਹਿਬ ਕਮੇਟੀ ਨੇ ਵੀ ਇਸ ਸ਼ੁਭ ਕੰਮ ਨੂੰ ਅੱਗੋਂ ਜਾਰੀ ਰੱਖਿਆ। ਕਈ ਇਕ ਵਿਧਵਾ ਲੋੜਵੰਦ ਗਰੀਬ ਔਰਤਾਂ ਨੂੰ ਮਾਹਵਾਰੀ ਸਹਾਇਤਾ ਦਿਤੀ ਜਾਂਦੀ ਹੈ। ਯਤੀਮ ਤੇ ਲੋੜਵੰਦ ਵਿਦਿਆਰਥੀ ਨੂੰ ਮਾਹਵਾਰੀ ਵਜ਼ੀਫੇ ਦਿੱਤੇ ਜਾਂਦੇ ਰਹੇ ਹਨ। ਮੇਲਿਆਂ ਜਾਂ ਹੋਰ ਮੌਕਿਆਂ 'ਤੇ ਕਈ ਵਾਰ ਆਏ ਯਾਤਰੂਆਂ ਦੀਆਂ ਜੇਬਾਂ ਕੱਟੀਆਂ ਜਾਂਦੀਆਂ ਹਨ। ਕਈ ਪ੍ਰਦੇਸੀ ਸੱਜਣਾਂ ਕੋਲ ਘਰ ਪੁੱਜਣ ਲਈ ਕਿਰਾਏ ਜੋਗੇ ਵੀ ਪੈਸੇ ਨਹੀਂ ਹੁੰਦੇ, ਕਮੇਟੀ ਉਨ੍ਹਾਂ ਨੂੰ ਇਸ ਧਰਮ ਖਾਤੇ ਵਿੱਚੋਂ ਕਿਰਾਏ ਤੇ ਰਾਹ ਦੇ ਖਰਚ ਜੋਗੀ ਮਾਇਆ ਦੇ ਕੇ ਸਹਾਇਤਾ ਕਰਦੀ ਹੈ। ਹੁਣ ਤੱਕ ਉਪ੍ਰੋਕਤ ਪ੍ਰੋਗਰਾਮ 'ਤੇ ਅਮਲ ਹੋ ਰਿਹਾ ਹੈ। ਹੋਰ ਵੀ ਗਰੀਬ ਤੇ ਲੋੜਵੰਦਾਂ ਦੀ ਯੋਗ ਸਹਾਇਤਾ ਕੀਤੀ ਜਾਂਦੀ ਹੈ।

**ਲਾਇਬਰੇਰੀ**- ੧੯੨੭ ਈ: ਤੋਂ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਲਾਇਬਰੇਰੀ ਕਾਇਮ ਕੀਤੀ ਹੋਈ ਹੈ, ੧੯੩੧ ਈ: ਵਿੱਚ ਕੁਲ ੧੩੨੬ ਪੁਸਤਕਾਂ ਸਨ। ਉਸ ਤੋਂ ਬਾਅਦ ਸਮੇਂ-ਸਮੇਂ ਹੋਰ ਕਾਫੀ ਗਿਣਤੀ ਵਿੱਚ ਪੁਸਤਕਾਂ ਖਰੀਦ ਕੇ ਲਾਇਬਰੇਰੀ ਵਿੱਚ ਰੱਖੀਆਂ ਹੋਈਆਂ ਹਨ। ਕੁਝ-ਕੁ ਪੁਰਾਤਨ ਹੱਥ-ਲਿਖਤ ਦੁਰੱਲਭ ਪੁਸਤਕਾਂ ਵੀ ਹਨ।

ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਦੇ ਰੋਜ਼ਾਨਾ ਅਖ਼ਬਾਰ ਤੇ ਮਾਹਵਾਰੀ ਰਸਾਲੇ ਵੀ ਮੰਗਵਾਏ ਜਾਂਦੇ ਹਨ ਜਿਨ੍ਹਾਂ ਤੋਂ ਯਾਤਰੂਆਂ ਤੇ ਸ਼ਹਿਰ ਦੀ ਸੰਗਤ ਨੂੰ ਕਾਫੀ ਲਾਭ ਪੁੱਜ ਰਿਹਾ ਹੈ। ਸ: ਸ਼ਿੰਗਾਰਾ ਸਿੰਘ ਲਾਇਬਰੇਰੀਅਨ ਕਾਫੀ ਲੰਬਾ ਸਮਾਂ ਇਸ ਲਾਇਬਰੇਰੀ ਨੂੰ ਚਲਾਉਂਦੇ ਰਹੇ, ਉਨ੍ਹਾਂ ਨੇ ਇਸ ਨੂੰ ਕਾਮਯਾਬ ਕਰਨ ਵਾਸਤੇ ਸ਼ਲਾਘਾਯੋਗ ਕੰਮ ਕੀਤਾ ਹੈ। ਪਹਿਲਾਂ ਇਹ ਲਾਇਬਰੇਰੀ ਕੌਲਸਰ

ਦੇ ਲਾਗੇ ਇਕ ਛੋਟੇ ਜਿਹੇ ਕਮਰੇ ਵਿੱਚ ਸੀ। ਬਾਅਦ ਵਿੱਚ ਇਸ ਦੇ ਪਿਛਲੀਆਂ ਦੋ ਦੁਕਾਨਾਂ ਵਿੱਚ ਮਿਲਾ ਕੇ ਲਾਇਬਰੇਰੀ ਲਈ ਇਕ ਹਾਲ ਕਮਰਾ ਬਣਾ ਦਿੱਤਾ। ਅੱਜ ਕਲ੍ਹ ਇਹ ਲਾਇਬਰੇਰੀ ਸ੍ਰੀ ਗੁਰੂ ਰਾਮਦਾਸ ਨਿਵਾਸ ਦੀ ਦੱਖਣ-ਪੱਛਮੀ ਕੋਨ ਦੇ ਵੱਡੇ ਹਾਲ ਵਿੱਚ ਸਥਾਪਤ ਹੈ। ਹੁਣ ਲਾਇਬਰੇਰੀ ਵਿੱਚ ਰੌਸ਼ਨੀ ਲਈ ਬਿਜਲੀ, ਮੇਜ਼ਾਂ, ਕੁਰਸੀਆਂ ਤੇ ਅਲਮਾਰੀਆਂ ਆਦਿ ਦਾ ਪੂਰਾ ਪ੍ਰਬੰਧ ਹੈ।

ਜੂਨ ੧੯੮੪ ਈ: ਦੇ ਨੀਲਾ ਤਾਰਾ ਘਲੂਘਾਰੇ ਸਮੇਂ ਜਿਥੇ ਸਿੱਖ ਰੈਫਰੈਂਸ ਲਾਇਬਰੇਰੀ ਸਾਰੀ ਦੀ ਸਾਰੀ ਸਾੜ ਦਿੱਤੀ ਗਈ ਸੀ, ਉਥੇ ਇਹ ਲਾਇਬਰੇਰੀ ਬਚ ਤਾਂ ਗਈ ਸੀ, ਪਰ ਕੁਝ-ਕੁ ਨੁਕਸਾਨ ਇਸ ਦਾ ਵੀ ਹੋਇਆ ਸੀ, ਇਸ ਸਮੇਂ ਲਾਇਬਰੇਰੀ ਸਟਾਫ ਵਿੱਚ ਇਕ ਲਾਇਬਰੇਰੀਅਨ, ਇਕ ਮੀਤ ਲਾਇਬਰੇਰੀਅਨ, ਦੋ ਕਲਰਕ ਤੇ ਇਕ ਹੈਲਪਰ ਕੰਮ ਕਰ ਰਹੇ ਹਨ।

**ਗਾਈਡ**- ਸੰਸਾਰ ਦੇ ਪ੍ਰਸਿੱਧ ਸੱਤ ਅਜੂਬਿਆਂ ਵਿੱਚੋਂ ਇਸ ਸ਼੍ਰੋਮਣੀ ਅਜੂਬੇ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਅਤੇ ਦਰਸ਼ਨਾਂ ਹਿੱਤ ਭਾਰਤ ਦੇ ਦੂਜੇ ਸਾਰੇ ਪ੍ਰਾਂਤਾਂ ਅਤੇ ਬਾਹਰਲੇ ਸਾਰੇ ਮੁਲਕਾਂ ਤੋਂ ਲੰਬਾ ਸਫ਼ਰ ਕਰ ਕੇ ਯਾਤਰੂ ਇਥੇ ਪੁੱਜਦੇ ਹਨ। ਉਨ੍ਹਾਂ ਲੋਕਾਂ ਨੂੰ ਜੋ ਪੰਜਾਬੀ, ਉਰਦੂ ਜਾਂ ਹਿੰਦੀ ਭਾਸ਼ਾ ਨਹੀਂ ਸਮਝ ਸਕਦੇ, ਇਸ ਅਲੌਕਿਕ, ਸਿੱਖ ਧਰਮ ਦੇ ਕੇਂਦਰੀ ਤੇ ਸ਼੍ਰੋਮਣੀ ਧਾਰਮਿਕ ਅਸਥਾਨ ਦਾ ਇਤਿਹਾਸ, ਮਹਿਮਾ ਤੇ ਸਿੱਖ ਧਰਮ ਦੇ ਸਿਧਾਂਤਾਂ ਸੰਬੰਧੀ ਜ਼ਰੂਰੀ ਵਾਕਫ਼ੀਅਤ ਦੱਸਣ ਲਈ ਸ੍ਰੀ ਦਰਬਾਰ ਸਾਹਿਬ ਵੱਲੋਂ ਇਕ ਯੋਗ, ਸਿਖਿਅਤ ਵਿਦਵਾਨ ਗਾਈਡ ਰੱਖਿਆ ਹੋਇਆ ਹੈ। ਉਹ ਹਰ ਯਾਤਰੂ ਨੂੰ ਉਸ ਦੀ ਭਾਸ਼ਾ ਵਿੱਚ, ਖਾਸ ਕਰ ਕੇ ਵਿਦੇਸ਼ੀਆਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਚੰਗੀ ਤਰ੍ਹਾਂ ਸਮਝਾ ਕੇ ਸਿੱਖ ਧਰਮ ਅਤੇ ਸ੍ਰੀ ਅੰਮ੍ਰਿਤਸਰ ਆਦਿ ਪਵਿੱਤ੍ਰ ਗੁਰ-ਅਸਥਾਨ ਦੇ ਇਤਿਹਾਸ 'ਤੇ ਰੌਸ਼ਨੀ ਪਾਉਂਦਾ ਹੈ, ਜਿਸ ਨੂੰ ਸੁਣ ਕੇ ਵਿਦੇਸ਼ੀ ਲੋਕ ਸਿੱਖ ਧਰਮ ਦੇ ਅਸੂਲਾਂ ਤੋਂ ਕਾਫੀ ਪ੍ਰਭਾਵਤ ਹੁੰਦੇ ਹਨ। ਪ੍ਰੋ: ਪ੍ਰਕਾਸ਼ ਸਿੰਘ ਜੀ ਕਾਫੀ ਸਮਾਂ ਗਾਈਡ ਦੀ ਸੇਵਾ ਪੂਰੀ ਯੋਗਤਾ ਨਾਲ ਨਿਭਾਉਂਦੇ ਰਹੇ। ਉਨ੍ਹਾਂ ਤੋਂ ਬਾਅਦ ਸ: ਨਰਿੰਦਰ ਸਿੰਘ ਜੀ ਇਸ ਸੇਵਾ ਵਿੱਚ ਬੜੇ ਉਤਸ਼ਾਹ ਨਾਲ ਲੱਗੇ ਰਹੇ। ਅੱਜ ਕੱਲ੍ਹ ਸ: ਅਮਰਜੀਤ ਸਿੰਘ ਜੀ ਗਾਈਡ ਤੇ ਅਮਰੀਕ ਸਿੰਘ ਜੀ ਸਹਾਇਕ ਗਾਈਡ ਦੀ ਸੇਵਾ ਨਿਭਾ ਰਹੇ ਹਨ।

ਪਹਿਲੋਂ ਪਹਿਲ ਗਾਈਡ ਦਾ ਦਫਤਰ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਖੱਬੇ ਹੱਥ ਨਾਲ ਦੇ ਕਮਰੇ ਵਿੱਚ ਹੁੰਦਾ ਸੀ। ਅੱਜ ਕੱਲ੍ਹ ਪ੍ਰਕਰਮਾ ਤੋਂ ਬਾਹਰ ਘੰਟਾ ਘਰ ਡਿਉਢੀ ਵਿੱਚ ਵੜਦਿਆਂ ਸੱਜੇ ਹੱਥ ਦੋ ਕੁ ਦੁਕਾਨਾਂ ਛੱਡ ਕੇ ਉਸੇ ਲਾਈਨ ਵਿੱਚ ਹੈ। ਗਾਈਡ ਪਾਸ ਇਕ ਰਜਿਸਟਰ ਹੁੰਦਾ ਹੈ ਜਿਸ ਉੱਪਰ ਬਾਹਰੋਂ ਆਏ ਯਾਤ੍ਰੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਤੋਂ ਆਪਣੇ ਉੱਪਰ ਪਏ ਪ੍ਰਭਾਵ ਲਿਖ ਜਾਂਦੇ ਹਨ। ਸਿੱਖ ਧਰਮ ਸੰਬੰਧੀ ਹਿੰਦੀ ਤੇ ਅੰਗਰੇਜ਼ੀ ਵਿੱਚ

* * *

# ਦਫ਼ਤਰ ਸ੍ਰੀ ਦਰਬਾਰ ਸਾਹਿਬ

ਸ੍ਰੀ ਹਰਿਮੰਦਰ ਸਾਹਿਬ ਅਤੇ ਇਸ ਦੇ ਪ੍ਰਬੰਧ ਨਾਲ ਸਬੰਧਤ ਸ਼ਹਿਰ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਹਿਤ ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ ਹੈ। ਪੁਜਾਰੀਆਂ ਅਤੇ ਸਰਬਰਾਹਾਂ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਉੱਤਰ ਵੱਲ ਦੇ ਹੇਠਲੇ ਦੋਹਾਂ ਕਮਰਿਆਂ ਵਿੱਚ ਦਫ਼ਤਰ ਦਾ ਅਮਲਾ ਬੈਠਦਾ ਸੀ। ਅਮਲੇ ਵਿੱਚ ਸਰਬਰਾਹ ਦੇ ਅਧੀਨ ਅਕਾਊਂਟੈਂਟ(ਲੇਖਾਕਾਰ), ਖਜ਼ਾਨਚੀ, ਰੀਕਾਰਡ ਕੀਪਰ, ਸਟੋਰ ਕੀਪਰ ਤੇ ਕੁਝ ਸੇਵਾਦਾਰ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਆ ਜਾਣ 'ਤੇ ਪੁਰਾਣੇ ਲੰਗਰ ਦੀ ਇਮਾਰਤ ਵਿੱਚ ਦਫ਼ਤਰ ਲੈ ਆਂਦਾ। ਉਸ ਤੋਂ ਬਾਅਦ ਪੁਰਾਣੇ ਅਕਾਲ ਰੈਸਟ ਹਾਊਸ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ ਪੱਛਮ ਵੱਲ ਦੁਕਾਨਾਂ ਤੇ ਪਿੱਛੇ ਸਟੋਰ ਤੇ ਉਸ ਦੀ ਉਪਰਲੀ ਮੰਜ਼ਲ ਵਿੱਚ ਦਫ਼ਤਰ ਲਈ ਕਮਰੇ ਬਣਾਏ ਗਏ। ੧੯੫੮ ਈ: ਵਿੱਚ ਜਦ ਦਾਸ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਉੱਪਰ ਨਿਯੁਕਤ ਹੋਇਆ ਉਸ ਸਮੇਂ ਇਸੇ ਦਫ਼ਤਰ ਵਿੱਚ ਕੰਮ ਚਲ ਰਿਹਾ ਸੀ।

ਜਦ ੧੯੭੫ ਈ: ਵਿੱਚ ਬੁੰਗਾ ਰਾਮਗੜ੍ਹੀਆਂ ਵਿੱਚ ਲੰਗਰ ਦੀ ਨਵੀਂ ਵਿਸ਼ਾਲ ਇਮਾਰਤ ਉਸਾਰਨ ਦਾ ਫੈਸਲਾ ਹੋਇਆ ਤਾਂ ਇਸ ਦਫ਼ਤਰ ਹੇਠਲੀਆਂ ਦੁਕਾਨਾਂ ਤੇ ਸਟੋਰ ਸਮੇਤ ਸਾਰੀ ਇਮਾਰਤ ਢਾਹ ਦਿੱਤੀ ਗਈ ਤੇ ਦਫ਼ਤਰ ਗੁਰੂ ਨਾਨਕ ਨਿਵਾਸ ਦੀ ਪੱਹਿਲੀ ਮੰਜ਼ਲ ਵਿੱਚ ਖੋਲ੍ਹ ਦਿੱਤਾ ਗਿਆ ਜੋ ਹੁਣ ਤੱਕ ਇਸੇ ਇਮਾਰਤ ਵਿੱਚ ਚਲ ਰਿਹਾ ਹੈ।

**ਦਫ਼ਤਰ ਦਾ ਸਟਾਫ਼-**

੧੯੨੬ ਈ: ਦੀ ਚੋਣ ਸਮੇਂ ਚੁਣੀ ਹੋਈ ਪਹਿਲੀ ਲੋਕਲ ਕਮੇਟੀ ਸਮੇਂ ਇਕ ਪ੍ਰਧਾਨ, ਇਕ ਮੀਤ ਪ੍ਰਧਾਨ, ਇਕ ਸਕੱਤਰ, ਇਕ ਸੁਪ੍ਰਿੰਟੈਂਡੈਂਟ, ਇਕ ਰੀਲੀਵਿੰਗ ਕਲਰਕ, ਇਕ ਰੀਕਾਰਡ ਕੀਪਰ, ਇਕ ਅਕਾਊਂਟੈਂਟ, ਇਕ ਖਜ਼ਾਨਚੀ, ਇਕ ਸਟੋਰ ਕੀਪਰ, ਇਕ ਮੁਖ਼ਤਾਰ-ਆਮ ਤੇ ੪ ਸੇਵਾਦਾਰ ਸਨ।

੧੯੪੫ ਈ: ਵਿੱਚ ਗੁਰਦੁਆਰਾ ਐਕਟ ਵਿੱਚ ਤਰਮੀਮ ਕਰ ਕੇ ਜਦ ਲੋਕਲ ਕਮੇਟੀ ਦੀ ਚੋਣ ਰਦ ਕਰ ਕੇ ਦਫ਼ਾ ੮੫ ਦੀਆਂ ਕਮੇਟੀਆਂ ਜੋ ਪਹਿਲਾਂ ਸੁਤੰਤਰ ਸਨ, ਉਨ੍ਹਾਂ ਸਾਰੀਆਂ ਕਮੇਟੀਆਂ ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੂੰ ਦਿੱਤਾ ਗਿਆ, ਜਿਸ ਕਰ ਕੇ ਪ੍ਰਧਾਨ, ਮੀਤ ਪ੍ਰਧਾਨ ਤੇ ਸਕੱਤਰ ਦੀਆਂ ਤਿੰਨੇ ਪਦਵੀਆਂ ਖਤਮ ਹੋ ਗਈਆਂ। ਸੁਪ੍ਰਿੰਟੈਂਡੈਂਟ ਨੂੰ ਮੈਨੇਜਰ ਦਾ ਨਾਮ ਦਿੱਤਾ ਗਿਆ। ਦਫ਼ਤਰ ਦੇ ਸਾਰੇ ਕੰਮ ਦਾ ਮੈਨੇਜਰ ਨੂੰ ਮੁਖੀ ਥਾਪਿਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਸਾਰੇ ਕੇਸ ਮੈਨੇਜਰ ਖੁਦ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਵਿੱਚ ਪੇਸ਼ ਕਰਦਾ ਸੀ।

੧੯੫੮ ਈ: ਵਿੱਚ ਦਫ਼ਤਰੀ ਸਟਾਫ ਵਿੱਚ ਇਕ ਮੈਨੇਜਰ, ਇਕ ਮੀਤ ਮੈਨੇਜਰ, ਇਕ ਅਕਾਊਂਟੈਂਟ, ਇਕ ਖਜ਼ਾਨਚੀ, ਇਕ ਈ.ਸੀ., ਇਕ ਰੀਕਾਰਡ ਕੀਪਰ, ਇਕ ਸਟੋਰ ਕੀਪਰ, ਇਕ ਮੁਖਤਾਰ ਆਮ, ਇਕ ਪਟਵਾਰੀ, ਇਕ ਕਿਰਾਇਆ ਕਲਰਕ, ਇਕ ਰਸੀਟ ਕਲਰਕ,

ਇਕ ਡਿਸਪੈਚਰ, ਦੋ ਟਾਈਪਿਸਟ ਤੇ ਅੱਠ ਕੁ ਸੇਵਾਦਾਰ ਸਨ ।

ਹੁਣ ਅੱਜ ਕਲ੍ਹ ਮੈਨੇਜਰ ਇਕ, ਐਡੀਸ਼ਨਲ ਮੈਨੇਜਰ ਇਕ, ਮੀਤ ਮੈਨੇਜਰ ਛੇ, ਅਕਾਊਂਟੈਂਟ ਇਕ, ਐਡੀਸ਼ਨਲ ਅਕਾਊਂਟੈਂਟ ਇਕ, ਅਕਾਊਂਟਸ ਕਲਰਕ ੧੨ (ਅਕਾਊਂਟਸ ਬਰਾਂਚ ੮, ਆਡਿਟ ਬਰਾਂਚ ੪), ਸੁਪਰਵਾਈਜ਼ਰ ਅਮਲਾ ਇਕ, ਈ.ਸੀ. ਇਕ, ਸੁਪਰਵਾਈਜ਼ਰ ਦਫ਼ਤਰ ਇਕ, ਖਜ਼ਾਨਚੀ ਇਕ, ਮੀਤ ਖਜ਼ਾਨਚੀ ਚਾਰ, ਮੁਖਤਾਰ ਆਮ ਦੋ, ਪਟਵਾਰੀ ਇਕ, ਸਟੋਰ ਕੀਪਰ ਤਿੰਨ, ਸੀਨੀਅਰ ਰੀਕਾਰਡ ਕੀਪਰ ਇਕ, ਇੰਚਾਰਜ ਰੀਕਾਰਡ ਬਰਾਂਚ ਇਕ, ਰੀਕਾਰਡ ਕੀਪਰ ਕਲਰਕ ਛੇ, ਸਟੇਸ਼ਨਰੀ ਕਲਰਕ ਇਕ, ਕਿਰਾਇਆ ਕਲਰਕ ਇਕ, ਡਰਾਈਵਰ ਦੋ, ਟਾਈਪਿਸਟ ਪੰਜ, ਡਿਸਪੈਚਰ ਇਕ, ਰਸੀਟ ਕਲਰਕ ਇਕ, ਟੈਲੀ ਕਲਰਕ ਦੋ, ਰਿਜ਼ਰਵ ਕਲਰਕ ੧੬, ਹੈਲਪਰ ੧੨, ਸੇਵਾਦਾਰ ੩੦ ।

੧੯੨੬ ਈਸਵੀ ਤੋਂ ਜਦ ਤੋਂ ਚੁਣੀ ਹੋਈ ਲੋਕਲ ਕਮੇਟੀ ਬਣੀ ਹੈ ਓਦੋਂ ਤੋਂ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਤੇ ਗੁਰਦੁਆਰਿਆਂ ਅਤੇ ਦਫ਼ਤਰ ਦੇ ਸਾਰੇ ਪੱਕੇ ਮੁਲਾਜ਼ਮਾਂ ਨੂੰ ਗਰੇਡ, ਪ੍ਰਾਈਵੇਟ ਫੰਡ, ਤਰੱਕੀਆਂ, ਮਹਿੰਗਾਈ ਅਲਾਊਂਸ, ਹਰ ਪ੍ਰਕਾਰ ਦੀਆਂ ਛੁੱਟੀਆਂ, ਸਫਰ ਖਰਚ, ਅਲਾਊਂਸ ਆਦਿ ਦੀਆਂ ਰਿਆਇਤਾਂ ਸਰਕਾਰੀ ਮੁਲਾਜ਼ਮਾਂ ਵਾਂਗ ਦਿੱਤੀਆਂ ਜਾਂਦੀਆਂ ਹਨ ।

## ੧੯੨੬ ਈ: ਤੋਂ ਹੁਣ ਤੱਕ ਰਹੇ ਸੁਪ੍ਰਿੰਟੈਂਡੈਂਟ ਤੇ ਮੈਨੇਜਰ ਸਾਹਿਬਾਨ-

੧-ਸਰਦਾਰ ਹਰਨਾਮ ਸਿੰਘ ਜੀ 'ਮਨੋਹਰ', ਪਿੰਡ ਸੁਖੋ, ਰਾਵਲ ਪਿੰਡੀ ।
੧੯੨੩ ਈ: ਤੋਂ ੧੯੨੬ ਈ: ਤੱਕ ਸੁਪ੍ਰਿੰਟੈਂਡੈਂਟ ਰਹੇ ।

੨-ਸਰਦਾਰ ਗੁਰਦਿਆਲ ਸਿੰਘ ਜੀ (੧੯੪੫ ਈਸਵੀ ਤੋਂ ੧੯੬੨ ਈਸਵੀ ਤੱਕ ਮੈਨੇਜਰ ਰਹੇ । ੧੯੨੬ ਤੋਂ ੧੯੪੫ ਈਸਵੀ ਤੱਕ ਲੋਕਲ ਕਮੇਟੀਆਂ ਸਮੇਂ ਆਪ ਸੁਪ੍ਰਿੰਟੈਂਡੈਂਟ, ਸ੍ਰੀ ਦਰਬਾਰ ਸਾਹਿਬ ਦੀ ਪਦਵੀ ਉੱਪਰ ਰਹੇ ।)

੩-ਸ: ਗੁਰਦਾਸ ਸਿੰਘ ਜੀ । ੪-ਗਿਆਨੀ ਗੁਰਬਚਨ ਸਿੰਘ ਜੀ ।

੫-ਸ: ਲਖਮੀਰ ਸਿੰਘ ਜੀ 'ਜਾਮਾਰਾਇ' । ੬-ਸ: ਗੰਗਾ ਸਿੰਘ ਜੀ ।

੭-ਸਰਦਾਰ ਰਣਜੀਤ ਸਿੰਘ ਜੀ ੧੯੬੫ ਤੋਂ ੧੯੮੮ ਈਸਵੀ ਤੱਕ ।

੮-ਸ: ਕੁਲਵੰਤ ਸਿੰਘ ਜੀ । ੯-ਸ: ਰਵਿੰਦਰਬੀਰ ਸਿੰਘ ਜੀ ।

## ਮੀਤ ਮੈਨੇਜਰ

੧-ਬਾਬੂ ਸੰਤਾ ਸਿੰਘ ਜੀ ਸੁਲਤਾਨ ਵਿੰਡ ।

੨-ਸਰਦਾਰ ਪੂਰਨ ਸਿੰਘ ਜੀ । ੩-ਸਰਦਾਰ ਰਣਜੀਤ ਸਿੰਘ ਜੀ ।

੪-ਸਰਦਾਰ ਕੁਲਵੰਤ ਸਿੰਘ ਜੀ । ੫-ਸਰਦਾਰ ਬਲਵੰਤ ਸਿੰਘ ਜੀ ।

੬-ਸਰਦਾਰ ਸੁਰਜੀਤ ਸਿੰਘ ਜੀ ਐਡੀਸ਼ਨਲ ਮੈਨੇਜਰ ।

੭-ਸਰਦਾਰ ਹਰਿਭਜਨ ਸਿੰਘ ਜੀ ,, ,, ।

੮-ਸਰਦਾਰ ਰਵਿੰਦਰ ਬੀਰ ਸਿੰਘ ਜੀ ਐਡੀਸ਼ਨਲ ਮੈਨੇਜਰ ।

੯-ਸਰਦਾਰ ਗੁਰਬਚਨ ਸਿੰਘ ਜੀ ਚਾਂਦ ।

੧੦-ਸਰਦਾਰ ਦਿਆਲ ਸਿੰਘ ਜੀ ਐਡੀਸ਼ਨਲ ਮੈਨੇਜਰ ।

੧੧-ਸਰਦਾਰ ਰਾਜ ਸਿੰਘ ਜੀ ।

੧੨-ਸਰਦਾਰ ਅਜਾਇਬ ਸਿੰਘ ਜੀ ।

੧੩-ਸਰਦਾਰ ਮੇਜਰ ਸਿੰਘ ਜੀ ।

## ਸ੍ਰੀ ਦਰਬਾਰ ਸਾਹਿਬ ਦਫ਼ਤਰ ਨਾਲ ਸਬੰਧਤ ਵਿਭਾਗ

### ਕਾਰ ਪਾਰਕ, ਸਕੂਟਰ ਸਟੈਂਡ, ਸਾਈਕਲ ਸਟੈਂਡ (ਘੰਟਾ ਘਰ)-

ਯਾਤਰੂਆਂ ਤੇ ਸ਼ਹਿਰ ਦੇ ਪ੍ਰੇਮੀਆਂ ਦੀਆਂ ਕਾਰਾਂ, ਸਕੂਟਰ ਤੇ ਸਾਈਕਲ ਖੜ੍ਹੇ ਕਰਨ ਤੇ ਉਨ੍ਹਾਂ ਦੀ ਸੰਭਾਲ ਹਿਤ ਕਮੇਟੀ ਵੱਲੋਂ ਡਿਉਢੀ ਘੰਟਾ ਘਰ ਦੇ ਬਾਹਰਵਾਰ ਖੁਲ੍ਹੇ ਪਾਰਕ ਬਣਾਏ ਹੋਏ ਹਨ । ਇਕ ਵਿੱਚ ਕਾਰਾਂ ਤੇ ਸਕੂਟਰ ਅਤੇ ਦੂਜੇ ਵਿੱਚ ਸਾਈਕਲ ਖੜ੍ਹੇ ਕੀਤੇ ਜਾਂਦੇ ਹਨ। ਕਿਸੇ ਪਾਸੋਂ ਕੋਈ ਇਵਜ਼ਾਨਾ ਨਹੀਂ ਲਿਆ ਜਾਂਦਾ । ਇਨ੍ਹਾਂ ਦੋਹਾਂ ਪਾਰਕਾਂ ਦੇ ਪ੍ਰਬੰਧ ਲਈ ਇਕ ਇੰਚਾਰਜ ਘੰਟਾ ਘਰ, ਸਟਾਫ ੩ ਕਲਰਕ ਤੇ ੬ ਸੇਵਾਦਾਰ ਉਪ੍ਰੋਕਤ ਸੇਵਾ ਨੂੰ ਨਿਭਾਅ ਰਹੇ ਹਨ ।

### ਗੁਰੂ ਕਾ ਬਾਗ-

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਤੇ ਲੰਗਰ ਦੀ ਨਵੀਂ ਇਮਾਰਤ ਦੇ ਵਿਚਕਾਰ ਗੁਰੂ ਕਾ ਬਾਗ ਹੈ । ਇਥੇ ਸੁੰਦਰ ਹਰਾ ਘਾਹ ਅਤੇ ਸੁਗੰਧਤ ਫੁੱਲਾਂ ਵਾਲੇ ਬੂਟੇ ਲਗਾਏ ਜਾਂਦੇ ਹਨ ਜਿਥੇ ਯਾਤਰੂ ਅਤੇ ਸ਼ਹਿਰੀ ਪ੍ਰੇਮੀ ਬੈਠ ਕੇ ਅਨੰਦ ਮਾਣਦੇ ਹਨ ਅਤੇ ਜਿਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦਾ ਚੁਗਿਰਦਾ ਸੁਗੰਧਤ ਰਹਿੰਦਾ ਹੈ । ਰੁੱਤ ਅਨੁਸਾਰ ਬੂਟੇ ਲਾਉਣੇ ਤੇ ਉਨ੍ਹਾਂ ਦੀ ਸਾਂਭ-ਸੰਭਾਲ, ਗੋਡੀ ਤੇ ਪਾਣੀ ਆਦਿ ਦੇਣ ਲਈ ਇਕ ਹੈੱਡ ਮਾਲੀ ਤੇ ਦੋ ਮਾਲੀ ਨੀਯਤ ਹਨ, ਜੋ ਇਸ ਸੇਵਾ ਨੂੰ ਨਿਭਾਅ ਰਹੇ ਹਨ ।

**ਬਿਜਲੀ ਵਿਭਾਗ**-੧੮੯੭ ਈ: ਨੂੰ ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਨੇ ਬਿਜਲੀ ਪੈਦਾ ਕਰਨ ਵਾਲਾ ਇਕ ਇੰਜਨ ਅਰਦਾਸ ਕਰਵਾਇਆ, ਜਿਸ ਨਾਲ ਪਹਿਲਾਂ ਪ੍ਰਕਰਮਾਂ ਵਿੱਚ ਬਿਜਲੀ ਜਗਾਈ ਗਈ । ਫਿਰ ੧੯੩੦-੩੧ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਬਿਜਲੀ ਫਿੱਟ ਕਰ ਕੇ ਜਗਾਈ ਗਈ । ਉਸ ਤੋਂ ਬਾਅਦ ਮਿਉਂਸਪੈਲਟੀ ਵੱਲੋਂ ਪੈਦਾ ਕੀਤੀ ਬਿਜਲੀ ਆਉਣ ਲੱਗ ਪਈ । ਅੱਜ-ਕਲ੍ਹ ਜੋਗਿੰਦਰ ਨਗਰ ਜਾਂ ਭਾਖੜੇ ਡਾਇਮ ਉੱਪਰੋਂ ਪੈਦਾ ਹੁੰਦੀ ਬਿਜਲੀ ਕਾਰਪੋਰੇਸ਼ਨ ਦੇ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਸਮੂੰਹ ਵਿਖੇ ਜਗਦੀ ਹੈ । ਬਿਜਲੀ ਦਾ ਕਮੇਟੀ ਵੱਲੋਂ ਇੱਕ ਵੱਖਰਾ ਵਿਭਾਗ ਕਾਇਮ ਕੀਤਾ ਗਿਆ ਹੈ ਜਿਸ ਦਾ ਨਾਮ ਬਿਜਲੀ ਵਿਭਾਗ ਹੈ ।

ਅੱਜ-ਕੱਲ੍ਹ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਨਾਲ ਸੰਬੰਧਤ ਸ਼ਹਿਰ ਦੇ ਸਾਰੇ ਗੁਰਦੁਆਰਿਆਂ, ਇਮਾਰਤਾਂ, ਦੁਕਾਨਾਂ ਤੇ ਰਿਹਾਇਸ਼ੀ ਮਕਾਨਾਂ ਵਿੱਚ ਬਿਜਲੀ ਜਗਦੀ ਹੈ । ਇਸ ਦੀ ਮੁਰੰਮਤ ਅਤੇ ਸਦਾ ਜਗਦੀ ਰੱਖਣ ਲਈ ਕੁਝ ਸਟਾਫ ਨੀਯਤ ਹੈ ਜਿਸ ਨੂੰ ਬਿਜਲੀ ਵਿਭਾਗ ਦਾ ਸਟਾਫ ਕਹਿੰਦੇ ਹਨ ।

ਜੇ. ਈ. ੧, ਬਿਜਲੀ ਮਿਸਤਰੀ ੩,ਫਿਟਰ (ਮੋਟਰ ਪੰਪਾ ਵਾਸਤੇ)੧, ਬਿਜਲੀ ਹੈਲਪਰ ੩, ਸੇਵਾਦਾਰ ੪ ਹਨ ।

**ਜਨਰੇਟਰ ਵਿਭਾਗ**-ਮਿਉਂਸਿਪਲ ਕਾਰਪੋਰੇਸ਼ਨ ਵੱਲੋਂ ਆਉਦੀਂ ਬਿਜਲੀ ਜਦ ਕਿਸੇ ਖਰਾਬੀ ਕਾਰਨ ਬੰਦ ਹੋ ਜਾਂਦੀ ਹੈ ਤਾਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਦੇ ਦੋਹਾਂ ਦਫ਼ਤਰਾਂ, ਦੋਹਾਂ ਹੀ ਨਿਵਾਸਾਂ, ਦੋਹਾਂ ਹੀ ਅਕਾਲ ਰੈਸਟ ਹਾਊਸਾਂ, ਲੰਗਰ ਤੇ ਦੀਵਾਨ ਹਾਲ ਮੰਜੀ ਸਾਹਿਬ, ਪ੍ਰਕਰਮਾਂ ਤੇ ਸੰਬੰਧਤ ਗੁਰ ਅਸਥਾਨਾਂ ਵਿੱਚ

ਹਨੇਰੇ ਤੋਂ ਇਲਾਵਾ ਗਰਮੀਆਂ 'ਚ ਪੱਖੇ ਬੰਦ ਹੋ ਜਾਣ ਕਰ ਕੇ ਸੰਗਤਾਂ ਤੇ ਪ੍ਰਬੰਧਕਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ ।

ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਸ੍ਰੀ ਦਰਬਾਰ ਸਾਹਿਬ ਪ੍ਰਬੰਧ ਵੱਲੋਂ ਬਿਜਲੀ ਦੇ ਦੋ ਵੱਡੇ ਜਨਰੇਟਰ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਉੱਤਰ ਵਿੱਚ ਇਕ ਬਹੁਤ ਵੱਡੇ ਕਮਰੇ ਵਿੱਚ ਲਗਾਏ ਗਏ ਹਨ । ਬਾਹਰੋਂ ਆਉਣ ਵਾਲੀ ਬਿਜਲੀ ਦੇ ਬੰਦ ਹੋ ਜਾਣ ਸਾਰ ਹੀ ਆਪਣੇ ਆਪ ਇਕ ਜਨਰੇਟਰ ਚੱਲ ਪੈਂਦਾ ਹੈ, ਜੇ ਉਹ ਚਲਦਾ ਹੋਇਆ ਖਰਾਬ ਹੋ ਜਾਵੇ ਤਾਂ ਦੂਜਾ ਜਨਰੇਟਰ ਚਲਾ ਦਿੱਤਾ ਜਾਂਦਾ ਹੈ । ਐਉਂ ਬਿਜਲੀ ਅੱਠੇ ਪਹਿਰ ਜਗਦੀ ਰਹਿੰਦੀ ਹੈ । ਜਨਰੇਟਰ ਵਿਭਾਗ ਦਾ ਸਟਾਫ ਹੇਠ ਲਿਖੇ ਅਨੁਸਾਰ ਹੈ-

ਸੁਪਰਵਾਈਜ਼ਰ (ਜੇ. ਈ.) ੧, ਸੀਨੀਅਰ ਬਿਜਲੀ ਮਿਸਤਰੀ ੧, ਵਾਂਈਡਰ-ਕਮ-ਇਲੈਕਟਰੀਸ਼ੀਅਨ ੧, ਬਿਜਲੀ ਮਿਸਤਰੀ ੫, ਹੈਲਪਰ ੪, ਸੇਵਾਦਾਰ ੪ ।

**ਇਮਾਰਤੀ ਵਿਭਾਗ**-ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਵਿੱਚ ਸੰਗਮਰਮਰ ਲਾਉਣ ਸਮੇਂ ਇਕ ਕਾਰਖਾਨਾ ਆਰੰਭ ਕੀਤਾ ਗਿਆ ਸੀ । ਜਿਸ ਵਿੱਚ ਸੰਗਮਰਮਰ ਦੇ ਵੱਡੇ ਤੇ ਮੋਟੇ ਪੱਥਰਾਂ ਦੀ ਚਿਰਾਈ ਤੇ ਕਟਾਈ ਤੋਂ ਇਲਾਵਾ ਰਗੜਾਈ ਦਾ ਕੰਮ ਵੀ ਕੀਤਾ ਜਾਂਦਾ ਸੀ । ਜਿਸ ਕਰ ਕੇ ਪਹਿਲਾਂ ਇਸ ਦਾ ਨਾਮ ਕਾਰਖਾਨਾ ਸੰਗਮਰਮਰ ਪੈ ਗਿਆ । ਇਸ ਦੇ ਮੁੱਖ ਇੰਚਾਰਜ ਪਹਿਲਾਂ ਗਿਆਨੀ ਸੰਤ ਸਿੰਘ ਜੀ ਸਨ । ਫਿਰ ਨਕਾਸ਼ੀ ਦਾ ਕੰਮ ਵੀ ਇਸ ਕਾਰਖ਼ਾਨੇ ਦੇ ਅਧੀਨ ਕਰ ਦਿੱਤਾ ਗਿਆ । ਗਿਆਨੀ ਸੰਤ ਸਿੰਘ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਗਿਆਨੀ ਗੁਰਮੁਖ ਸਿੰਘ ਫਿਰ ਉਨ੍ਹਾਂ ਦੇ ਪੁੱਤਰ ਗਿਆਨੀ ਪ੍ਰਦੁਮਨ ਸਿੰਘ ਤੇ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਗਿਆਨੀ ਗੁਰਬਖਸ਼ ਸਿੰਘ ਕਾਰਖਾਨੇ ਦੇ ਮੁੱਖ ਇੰਚਾਰਜ ਰਹੇ । ਪੰਥਕ ਪ੍ਰਬੰਧ ਆ ਜਾਣ ਤੇ ਸੰਗਮਰਮਰ ਤੇ ਇਮਾਰਤ ਦੇ ਹੋਰ ਕੰਮਾਂ ਲਈ ਰਾਇ ਕਲਿਆਣ ਸਿੰਘ ਸਰਬਰਾਹ ਨੂੰ ਇੰਚਾਰਜ ਥਾਪਿਆ । ਪ੍ਰੇਮੀਆਂ ਵੱਲੋਂ ਸੰਗਮਰਮਰ ਵੀ ਇਸੇ ਕਾਰਖਾਨੇ ਰਾਹੀਂ ਲਗਾਇਆ ਜਾਂਦਾ ਸੀ । ਅੱਜ ਕੱਲ੍ਹ ਸੰਗਮਰਮਰ ਦੇ ਕੰਮ ਤੋਂ ਇਲਾਵਾ ਨਕਾਸ਼ੀ ਕਰਨ ਵਾਲੇ ਕਾਰੀਗਰ ਵੀ ਇਸੇ ਕਾਰਖਾਨੇ ਦੇ ਅਧੀਨ ਹਨ । ਪੰਥਕ ਪ੍ਰਬੰਧ ਸਮੇਂ ਲੰਬੇ ਅਰਸੇ ਤੱਕ ਚੌਧਰੀ ਗੁਰਬਚਨ ਸਿੰਘ ਇਮਾਰਤੀ ਵਿਭਾਗ ਦੇ ਮੁੱਖ ਪ੍ਰਬੰਧਕ ਰਹੇ । ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਤ ਇਮਾਰਤਾਂ, ਦੁਕਾਨਾਂ ਤੇ ਰਿਹਾਇਸ਼ੀ ਮਕਾਨਾਂ ਦੀ ਮੁਰੰਮਤ ਅਤੇ ਕਲੀ ਤੇ ਰੰਗ-ਰੋਗਨ ਆਦਿ ਇਸੇ ਕਾਰਖਾਨੇ ਰਾਹੀਂ ਹੁੰਦਾ ਹੈ । ਇਸ ਕਾਰਖਾਨੇ ਦਾ ਹੇਠ ਲਿਖਿਆ ਸਟਾਫ ਹੈ -

ਇੰਜੀਨੀਅਰ ੧, ਸੁਪਰਵਾਈਜ਼ਰ ਇੰਜੀਨੀਅਰ ਵਿਭਾਗ ੧, ਓਵਰਸੀਅਰ ਇਮਾਰਤੀ ਵਿਭਾਗ ੧, ਨਕਾਸ਼ ੧, ਸਟੋਰ ਕੀਪਰ ੧, ਪਲੰਬਰ ੨, ਡਰਾਫ਼ਟਸਮੈਨ ੧, ਟਰੇਸਰ ੧, ਫਿਟਰ ੨, ਹੈਲਪਰ ੧, ਕਲਰਕ ੧, ਮਿਸਤਰੀ ਚੱਕੀ ੧, ਸੇਵਾਦਾਰ ੪ ਹਨ । ਇਸ ਕਾਰਖਾਨੇ ਨੂੰ ਹੁਣ ਇਮਾਰਤੀ ਵਿਭਾਗ ਆਖਦੇ ਹਨ । ਇਹ ਉਪਰੋਕਤ ਪੱਕੇ ਮੁਲਾਜ਼ਮ ਹਨ । ਇਨ੍ਹਾਂ ਤੋਂ ਇਲਾਵਾ ਲੋੜ ਅਨੁਸਾਰ ਦਿਹਾੜੀਦਾਰ ਮਜ਼ਦੂਰ ਵੀ ਕਾਫ਼ੀ ਗਿਣਤੀ ਵਿੱਚ ਕੰਮ ਕਰਦੇ ਹਨ ।

**- ਸਮਾਪਤ -**

* * *

# ਸਹਾਇਕ ਪੁਸਤਕਾਂ


੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

੨. ਬਾਣੀ ਭਾਈ ਗੁਰਦਾਸ ਜੀ ਅਤੇ ਭਾਈ ਗੁਰਦਾਸ ਜੀਵਨ ਤੇ ਰਚਨਾ ਡਾ: ਰਤਨ ਸਿੰਘ ਜੱਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ।

੩. ਗੁਰਬਿਲਾਸ ਪਾ:੬, ੧੭੭੫ ਬਿ: ਕਵੀ ਸੋਹਨ ਸੰਪਾਦਕ ਇੰਦਰ ਸਿੰਘ ੧੯੬੮ ਈ:

੪. ਗੁਰ ਬਿਲਾਸ ਪਾ: ੧੦ਵੀਂ ਕੋਇਰ ਸਿੰਘ ੧੮੦੮ ਬਿਕ੍ਰਮੀ ਸੰਪਾਦਕ ਸ਼ਮਸ਼ੇਰ ਸਿੰਘ 'ਅਸ਼ੋਕ'।

੫. ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਕੇਸਰ ਸਿੰਘ ਛਿੱਬਰ ੧੮੨੬ ਬਿ: ਸੰਪਾਦਕ ਡਾ: ਰਤਨ ਸਿੰਘ ਜੱਗੀ, ਪਰਖ ੧੯੭੨ ਈ: ਪ੍ਰਕਾਸ਼ਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ।

੬. ਮਹਿਮਾ ਪ੍ਰਕਾਸ਼ ਭਾਗ ਦੂਜਾ, ਕ੍ਰਿਤ ਕਵਿ ਸਰੂਪ ਦਾਸ ਭੱਲਾ ੧੮੩੩ ਬਿ: ਸੰਪਾਦਕ ਗੋਬਿੰਦ ਸਿੰਘ ਲਾਂਬਾ ਅਤੇ ਖਜ਼ਾਨ ਸਿੰਘ, ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ੧੯੭੧ ਈ: ।

੭. ਸ੍ਰੀ ਗੁਰੁ ਪ੍ਰਤਾਪ ਸੂਰਜ, ਭਾਈ ਸੰਤੋਖ ਸਿੰਘ ੧੯੦੦ ਬਿ: ਸੰਪਾਦਕ ਭਾਈ ਵੀਰ ਸਿੰਘ ੧੯੩੫ ਈ:।

੮. ਸੁਧਾਸਰ ਸ਼ੱਤਕ ਪੱਚੀਸਾ ਸੰਤ ਨਿਹਾਲ ਸਿੰਘ ੧੯੨੦ ਬਿ: ਛਾਪਾ ਪੱਥਰ ੧੯੪੭ ਬਿ:, ਮੇਰੇ ਵੱਲੋਂ ਸੰਪਾਦਿਤ ਛਪਿਆ ਗੁਰਦੁਆਰਾ ਗਜ਼ਟ ੧੯੯੦-੯੧ ।

੯. ਭਾਈ ਸਾਹਿਬ ਚੰਦ੍ਰਕਾ, ਮੇਘ ਸਿੰਘ ੧੮੮੯ ਬਿ: ਮੇਰੇ ਵੱਲੋਂ ਸੰਪਾਦਿਤ ਹੱਥ ਲਿਖਤ ।

੧੦. ਸ਼ਹੀਦ ਬਿਲਾਸ ਸੇਵਾ ਸਿੰਘ ਭੱਟਖਰੀ 'ਚ ਲਿਖਿਆ, ਗੁਰਮੁਖੀ ਉਤਾਰਾ ਕੀਤਾ ਛੱਜੂ ਸਿੰਘ, ਸੰਪਾਦਕ ਗਿ: ਗਰਜਾ ਸਿੰਘ ੧੯੬੧ ਈ: ਪ੍ਰਕਾਸ਼ਕ ਪੰਜਾਬੀ ਸਾਹਿਤਕ ਅਕਾਡਮੀ ਲੁਧਿਆਣਾ ।

੧੧. ਸ੍ਰੀ ਗੁਰੁ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ ੧੮੯੮ ਬਿ: ਸੰਪਾਦਕ ਡਾ: ਜੀਤ ਸਿੰਘ ਸੀਤਲ, ਪ੍ਰਕਾਸ਼ਕ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ । ੧੯੮੪ ਈ:

੧੨. ਸ੍ਰੀ ਗੁਰੁ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ੧੯੪੬ ਬਿ: ਮੇਰੇ ਵੱਲੋਂ ਸੰਪਾਦਿਤ ਪ੍ਰਕਾਸ਼ਕ ਮਨਮੋਹਨ ਸਿੰਘ ਬਰਾੜ ੧੯੭੪ ਈ: ।

੧੩. ਤਵਾਰੀਖ ਗੁਰੂ ਖਾਲਸਾ ਛਾਪਾ ਪੱਥਰ ਗਿ: ਗਿਆਨ ਸਿੰਘ ੧੯੪੯ ਬਿ:

੧੪. ਤਵਾਰੀਖ ਅੰਮ੍ਰਿਤਸਰ ਗਿ: ਗਿਆਨ ਸਿੰਘ ੧੯੧੫ ਈ : ਦੂਜੀ ਵਾਰ ਸਿੰਘ ਸਭਾ ਪੋਰਤਕਾ ੧੯੭੭ ਈ: ।

੧੫. ਰਿਪੋਟ ਸ੍ਰੀ ਦਰਬਾਰ ਸਾਹਿਬ, ਦਰਬਾਰ ਸਾਹਿਬ ਕਮੇਟੀ ੧੯੩੧ ਈ. ।

੧੬. ਜੀਵਨ ਬਾਬਾ ਬੁੱਢਾ ਜੀ, ਕ੍ਰਿਤ ਮੰਗਲ ਸਿੰਘ, ੧੯੧੬ ਈ: ।

੧੭. 'ਅੰਮ੍ਰਿਤਸਰੁ ਸਿਫਤੀ ਦਾ ਘਰੁ', ਗਿਆਨੀ ਜੰਗ ਸਿੰਘ ਪ੍ਰਕਾਸ਼ਕ ਸ਼੍ਰੋ: ਗੁ: ਪ੍ਰ: ਕਮੇਟੀ ੧੯੭੭ ਈਸਵੀ ।

੧੮.'ਅੰਮ੍ਰਿਤ ਸਰ ਸਿਫਤੀ ਦਾ ਘਰ 'ਡਾ: ਜੀਤ ਸਿੰਘ ਸੀਤਲ ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ੧੯੭੮ ਈ:

੧੯. ਸਿੱਖ ਇਤਿਹਾਸ ਪ੍ਰੋ: ਤੇਜਾ ਸਿੰਘ, ਗੰਡਾ ਸਿੰਘ (ਅੰਗਰੇਜ਼ੀ) ਅਨੁਵਾਦਕ ਸ: ਭਗਤ ਸਿੰਘ ਵੀ.ਸੀ. ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ।
੨੦. ਸੰਖੇਪ ਸਿੱਖ ਇਤਿਹਾਸ ਪ੍ਰੋ: ਪਿਆਰਾ ਸਿੰਘ 'ਪਦਮ' ੧੯੬੪ ਈ: ।
੨੧. ਗੁਰ ਇਤਿਹਾਸ ਪ੍ਰਿੰ: ਸਾਹਿਬ ਸਿੰਘ ।
੨੨. ਮੇਰੀ ਜੀਵਨ ਕਹਾਣੀ ਪ੍ਰਿੰ: ਸਾਹਿਬ ਸਿੰਘ ।
੨੩. ਗੁਰੁ ਸ਼ਬਦ ਰਤਨਾਕਰ (ਮਹਾਨ ਕੋਸ਼) ਭਾਈ ਕਾਨ੍ਹ ਸਿੰਘ ਨਾਭਾ ਚੌਥੀ ਛਾਪ ਭਾਸ਼ਾ ਵਿਭਾਗ ਪੰਜਾਬ ਪਟਿਆਲਾ ੧੯੮੭ ਈ: ।
੨੪. ਇਤਿਹਾਸਕ ਖੋਜ ਕਰਮ ਸਿੰਘ ਹਿਸਟੋਰੀਅਨ, ਸੰਪਾਦਕ ਸ: ਹੀਰਾ ਸਿੰਘ 'ਦਰਦ' ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ, ਅੰਮ੍ਰਿਤਸਰ ੧੯੨੫ ਈ:
੨੫. ਜੀਵਨ ਬਾਬਾ ਸ਼ਾਮ ਸਿੰਘ ਜੀ, ਮੇਜਰ ਪ੍ਰੇਮ ਸਿੰਘ ।
੨੬. ਅਫਗਾਨੀ ਸਫਰਨਾਮਾ ਇਤਿਹਾਸਕ ਪੱਤ੍ਰ ਡਾ: ਗੰਡਾ ਸਿੰਘ ੧੯੫੨-੫੩ ਪ੍ਰਕਾਸ਼ਕ ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ ।
੨੭. ਸ੍ਰੀ ਗੁਰੂ ਗ੍ਰੰਥ ਕੋਸ਼ ਗਿ: ਹਜ਼ਾਰਾ ਸਿੰਘ ਸੋਧਕ ਭਾਈ ਵੀਰ ਸਿੰਘ ਖਾਲਸਾ ਟਰੈਕਟ ਸੁਸਾਇਟੀ, ਸ੍ਰੀ ਅੰਮ੍ਰਿਤਸਰ ।
੨੮. ਸ੍ਰੀ ਦਰਬਾਰ ਸਾਹਿਬ ਦੀ ਫਾਈਲ ਬਿਜਲੀ ਨੰ: ੫੬ ਸੀ. ੧੯੨੯-੩੦ ਈ:।
੨੯. ਮੇਰੀਆਂ ਯਾਦਾਂ (ਹੱਥ ਲਿਖਤ) ।

## ਉਰਦੂ ਪੁਸਤਕਾਂ

੧. ਦਸਤੂਰ-ਉਲ ਅਮਲ ਸ੍ਰੀ ਦਰਬਾਰ ਸਾਹਿਬ ।
੨. ਰਈਸਾਨਿ ਪੰਜਾਬ ਸ੍ਰੀ ਗੁਰੂ ਰਾਮਦਾਸ ਲਾਇਬਰੇਰੀ ।
੩. ਤਾਰੀਖ਼ਿ ਦਰਬਾਰ ਸਾਹਿਬ ਊਧਮ ਸਿੰਘ ੧੯੧੫ ਈ: ।
੪. ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖਜ਼ ਸੰਪਾਦਕ ਰਣਧੀਰ ਸਿੰਘ ।

## ਅੰਗਰੇਜ਼ੀ ਪੁਸਤਕਾਂ

੧. ਅਹਿਮਦ ਸ਼ਾਹ ਅਬਦਾਲੀ ਡਾ: ਗੰਡਾ ਸਿੰਘ ।
੨. ਹਿਸਟਰੀ ਔਫ ਦੀ ਸਿਖਸ-ਹਰੀਰਾਮ ਗੁਪਤਾ ।
੩. ਗੋਲਡਨ ਟੈਂਪਲ-ਬੀਬੀ ਮਦਨਜੀਤ ਕੌਰ ਮੁਖੀ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ੧੯੮੩ ਈ:

(ਅੰਤਿਕਾ ਨੰ. ੧)

# ਬੰਸ-ਪ੍ਰਣਾਲੀ

**ਜਨਮ ੧੫੬੩ ਬਿ:** ਬਾਬਾ ਬੁੱਢਾ ਜੀ (੧) **੧੬੮੮ ਬਿ: ਦੇਹਾਂਤ**

ਭਾਈ ਸੁਧਾਰੀ ਜੀ — ਭਾਈ ਭਿਖਾਰੀ ਜੀ — ਭਾਈ ਮਹਿਮੂੰ ਜੀ — ਜ: ੧੫੯੩ ਬਿ: ਭਾ: ਭਾਨਾ ਜੀ (੨) ਦੇ: ੧੭੦੧ ਬਿ:

ਜ: ੧੬੧੫ ਬਿ: ਭਾ: ਜਲਾਲ ਜੀ (੩) ਦੇ: ੧੭੦੧ ਬਿ: (ਇਹ ਦੋ ਮਹੀਨੇ ਹੀ ਗੱਦੀ 'ਤੇ ਰਹੇ ।) — ਜ: ੧੬੧੭ ਬਿ: ਭਾ: ਸਰਵਣ ਜੀ (੪) ਦੇ: ੧੭੦੮ ਬਿ: — ਭਾ: ਦਾਸੂ ਰਾਇ ਜੀ

ਜ: ੧੬੩੭ ਬਿ: ਭਾਈ ਝੰਡਾ ਜੀ (੫) ਦੇ: ੧੭੧੮ ਬਿ:

ਜ: ੧੬੮੨ ਬਿ: ਭਾ: ਗੁਰਦਿੱਤਾ ਜੀ (੬) ਦੇ: ੧੭੩੨ ਬਿ: — ਭਾ: ਹਰਦਿੱਤਾ ਜੀ

ਬੀਬੀ ਲਛਮੀ ਜੀ

ਜ: ੧੭੩੨ ਬਿ: ਭਾ: ਰਾਮ ਕੌਰ ਜੀ (ਗੁਰਬਖਸ਼ ਸਿੰਘ) (੭) ਦੇ: ੧੮੧੮ ਬਿ:

ਬੀ: ਸੁੱਖਾਂ ਜੀ | ਬੀ: ਕਰਮੋ ਜੀ | ਭਾ: ਮੋਹਰ ਸਿੰਘ ਜੀ (੮) (ਜ: ੧੭੫੦ ਬਿ: ਦੇ: ੧੮੨੩ ਬਿ:) | ਭਾ: ਕਿਸ਼ਨ ਕੌਰ ਜੀ | ਭਾ: ਅਨੂਪ ਸਿੰਘ ਜੀ

ਭਾ: ਅਭੈ ਸਿੰਘ ਜੀ | ਭਾ: ਵਡਭਾਗ ਸਿੰਘ ਜੀ | ਭਾ: ਸ਼ਾਮ ਸਿੰਘ ਜੀ (੯) ਜ: ੧੭੮੦ ਬਿ: ਦੇ: ੧੮੩੪ ਬਿ: | ਭਾ: ਭੂਪ ਸਿੰਘ ਜੀ

↓

ਜ: ੧੮੦੫ ਬਿ: ਭਾ: ਕਾਨ੍ਹ ਸਿੰਘ ਜੀ (੧੦) ਦੇ: ੧੮੪੯ ਬਿ: ਜੇਠ ੨੮

↓

ਜ: ੧੮੪੪ ਬਿ: ਭਾਈ ਸੁਜਾਨ ਸਿੰਘ (੧੧) ਦੇ: ੧੮੪੯ ਬਿ:

↓

ਸ਼ਾਦੀ ੧੮੨੩ ਬਿ: ਮਾਤਾ ਕਰਮ ਕੌਰ (੧੨) ਦੇਹਾਂਤ ੧੮੮੧ ਬਿ:

(ਅੰਤਿਕਾ ਨੰ. ੨)

# ਪ੍ਰਣਾਲੀ ਗ੍ਰੰਥੀ ਅਤੇ ਮੁੱਖ ਗ੍ਰੰਥੀ ਸਾਹਿਬਾਨ ਸ੍ਰੀ ਹਰਿਮੰਦਰ ਸਾਹਿਬ

**ਮੁੱਖ ਗ੍ਰੰਥੀ ਨੰਬਰ ੧**

| | |
|---|---|
| ੧. ਭਾਈ ਸਾਹਿਬ ਬਾਬਾ ਬੁੱਢਾ ਸਾਹਿਬ ਜੀ | ੧੬੬੧ ਬਿ: ਤੋਂ ੧੬੮੮ ਬਿ: ਤੱਕ |
| ੨. ਭਾਈ ਸਾਹਿਬ ਭਾਈ ਮਨੀ ਸਿੰਘ ਜੀ | ੧੭੫੬ ਬਿ: ਤੋਂ ੧੭੯੧ ਬਿ: ਤੱਕ |
| ੩. ਭਾਈ ਸਾਹਿਬ ਭਾਈ ਗੋਪਾਲ ਦਾਸ ਜੀ | _ _ |
| ੪. ਭਾਈ ਸਾਹਿਬ ਭਾਈ ਚੰਚਲ ਸਿੰਘ ਜੀ | ੧੮੨੨ ਬਿ: _ |
| ੫. ਭਾਈ ਸਾਹਿਬ ਭਾਈ ਆਤਮਾ ਸਿੰਘ ਜੀ | _ _ |

| ਮੁੱਖ ਗ੍ਰੰਥੀ ਨੰ: ੧ | ਗ੍ਰੰਥੀ ਨੰ: ੨ | ਗ੍ਰੰਥੀ ਨੰ: ੩ | ਗ੍ਰੰਥੀ ਨੰ: ੪ |
|---|---|---|---|
| ੬. ਭਾਈ ਸ਼ਾਮ ਸਿੰਘ ਜੀ | ਭਾਈ ਮੱਖਣ ਸਿੰਘ ਜੀ (ਦੇ: ੧੯੦੯ ਬਿ:) | ਭਾਈ ਗੋਪਾਲ ਸਿੰਘ ਜੀ (ਦੇ: ੧੯੧੧ ਬਿ:) | |
| ੭. ਭਾਈ ਜੱਸਾ ਸਿੰਘ ਜੀ (ਦੇ: ੧੯੧੩ ਬਿ:) | ਭਾਈ ਗਹਿਣਾ ਸਿੰਘ ਜੀ | ਭਾਈ ਦੀਵਾਨ ਸਿੰਘ ਜੀ | |
| ੮. ਭਾਈ ਜਵਾਹਰ ਸਿੰਘ ਜੀ (ਦੇ: ੧੯੪੨ ਬਿ:) | ਭਾਈ ਭਗਤ ਸਿੰਘ ਜੀ | ਭਾਈ ਹੀਰਾ ਸਿੰਘ ਜੀ | |
| ੯. ਭਾਈ ਹਰਨਾਮ ਸਿੰਘ ਜੀ | ਭਾਈ ਸੁੰਦਰ ਸਿੰਘ ਜੀ | ਭਾਈ ਪ੍ਰਤਾਪ ਸਿੰਘ ਜੀ | |
| ,, ,, | ਭਾਈ ਸੰਤ ਸਿੰਘ ਜੀ | ,, ,, | |

| | | | |
|---|---|---|---|
| ੧੦ ਭਾ: ਫਤਹ ਸਿੰਘ ਜੀ ਗੁਰਬਚਨ ਸਿੰਘ ਜੀ | | ਭਾਈ ਪ੍ਰਤਾਪ ਸਿੰਘ ਜੀ | |
| ,, ,, ,, | ,, ,, | ਭਾਈ ਗੁਰਦਿੱਤ ਸਿੰਘ ਜੀ | |
| ੧੯੨੬ ਈ: ,, | ਭਾਈ ਕਰਤਾਰ **ਸਿੰਘ ਜੀ** | ਭਾਈ ਲਾਭ ਸਿੰਘ ਜੀ | |
| ੧੯੨੭ ਈ: ,, | ,, ,, | ,, ,, | ਭਾਈ ਠਾਕਰ ਸਿੰਘ ਜੀ |
| ੧੧. ੧੯੨੯ ਈ: ਗਿ: ਕਰਤਾਰ ਸਿੰਘ ਜੀ | ਗਿ: ਲਾਭ ਸਿੰਘ | ਗਿਆਨੀ ਠਾਕਰ ਸਿੰਘ ਜੀ | |
| ੧੨. ੧੯੩੭ ਈ: ਗਿ: ਲਾਭ ਸਿੰਘ ਜੀ | ਭਾਈ ਠਾਕੁਰ ਸਿੰਘ ਜੀ | ਮਹੰਤ ਮੂਲ ਸਿੰਘ ਜੀ | |
| ੧੩. ੧੯੪੦ ਈ: ਮਹੰਤ ਮੂਲ ਸਿੰਘ ਜੀ | ਗਿ: ਠਾਕੁਰ ਸਿੰਘ ਜੀ | ਜ: ਅੱਛਰ ਸਿੰਘ ਜੀ | |
| ੧੯੪੪ ਈ: ,, ,, | ਜ: ਅੱਛਰ ਸਿੰਘ ਜੀ | ਗਿ: ਚੇਤ ਸਿੰਘ ਜੀ | |
| ੧੯੪੯ ਈ: ,, ,, | ,, ,, | ,, ,, | ਗਿ: ਭੂਪਿੰਦਰ ਸਿੰਘ ਜੀ |
| ੧੪. ੧੯੫੨ ਈ: ਗਿ: ਭੂਪਿੰਦਰ ਸਿੰਘ ਜੀ | ,, ,, | ,, ,, | ਗਿ: ਅਰਜਨ ਸਿੰਘ ਜੀ |
| ੨ ਅਪ੍ਰੈਲ ੧੯੫੯ ਈ:,, ,, | ,, ,, | ,, ,, | ਗਿ: ਕ੍ਰਿਪਾਲ ਸਿੰਘ ਜੀ |
| ੧੫. ੧੯੬੩ ਈ: ਗਿ: ਚੇਤ ਸਿੰਘ ਜੀ | ਗਿ: ਕ੍ਰਿਪਾਲ ਸਿੰਘ ਜੀ | ,, ,, | ਗਿ: ਕਪੂਰ ਸਿੰਘ ਜੀ |
| ੩ ਦਸੰਬਰ ੧੯੬੬ ਈ: ,, ,, | ,, ,, | ,, ,, | ਗਿ: ਸੋਹਣ ਸਿੰਘ ਜੀ'ਬਰਾੜ' |
| ੧੯੭੩ ਈ: ,, ,, | ,, ,, | ਗਿ: ਸੋਹਣ ਸਿੰਘ ਜੀ | |

| ਮੁੱਖ ਗ੍ਰੰਥੀ ਨੰ: ੧ | ਗ੍ਰੰਥੀ ਨੰ: ੨ | ਗ੍ਰੰਥੀ ਨੰ: ੩ | ਗ੍ਰੰਥੀ ਨੰ: ੪ | ਗ੍ਰੰਥੀ ਨੰ: ੫ |
|---|---|---|---|---|
| ੧੬.੧੯੭੪ ਈ: ੨ ਜੂਨ | | | | |
| ਗਿ: ਕ੍ਰਿਪਾਲ ਸਿੰਘ ਜੀ | ਗਿ: ਸੋਹਣ ਸਿੰਘ ਜੀ, | ਗਿ: ਨਰਿੰਜਨ ਸਿੰਘ ਜੀ | ਗਿ: ਜਸਬੀਰ ਸਿੰਘ ਜੀ, | ਗਿ:ਮਨੀ ਸਿੰਘ ਜੀ |
| ੧੯੭੬ ਈ: ,, ,, | ,, ,, | ਗਿ: ਮਨੀ ਸਿੰਘ ਜੀ, | ਗਿ: ਸਾਹਿਬ ਸਿੰਘ ਜੀ | |
| ੧੯੭੯ ਈ: ਗਿ: ਕ੍ਰਿਪਾਲ ਸਿੰਘ ਜੀ, | ਗਿ: ਸੋਹਣ ਸਿੰਘ ਜੀ, | ਗਿ: ਮਨੀ ਸਿੰਘ ਜੀ, | ਗਿ: ਸਾਹਿਬ ਸਿੰਘ ਜੀ | ਗਿ: ਮੋਹਣ ਸਿੰਘ ਜੀ |

| | | | | |
|---|---|---|---|---|
| ੧੯੮੩ ਈ:੧੬ਅਪ੍ਰੈਲ | | | | |
| ੧੭. ਗਿ: ਸਾਹਿਬ ਸਿੰਘ ਜੀ | ਗਿ: ਸੋਹਣ ਸਿੰਘ ਜੀ | ਗਿ: ਮੋਹਣ ਸਿੰਘ ਜੀ | ਗਿ: ਪੂਰਨ ਸਿੰਘ ਜੀ | |
| ੪. ੭. ੧੯੮੫ ਤੋਂ | | | | |
| ਗਿ: ਸਾਹਿਬ ਸਿੰਘ ਜੀ | ਗਿ: ਸੋਹਣ ਸਿੰਘ ਜੀ | ਗਿ: ਮੋਹਣ ਸਿੰਘ ਜੀ | ਗਿ: ਪੂਰਨ ਸਿੰਘ ਜੀ | ਗਿ:ਜਸਵੰਤ ਸਿੰਘ ਜੀ |
| ੨੪. ੧੨. ੮੬ ਤੋਂ | | | | |
| ੧੮. ਗਿ: ਪੂਰਨ ਸਿੰਘ ਜੀ | ,, ,, | ,, ,, | ਗਿ: ਜਸਵੰਤ ਸਿੰਘ ਜੀ | |
| ੬ ਮਾਰਚ ੧੯੮੭ | | | | |
| ਗਿ: ਪੂਰਨ ਸਿੰਘ ਜੀ | | | ਗਿ: ਰਾਮ ਸਿੰਘ ਜੀ | |
| ੧੯. ੨ ਮਈ ੧੯੮੮ | | | | |
| ਗਿ: ਸੋਹਣ ਸਿੰਘ ਜੀ | ਗਿ: ਮੋਹਣ ਸਿੰਘ ਜੀ | ਗਿ: ਰਾਮ ਸਿੰਘ ਜੀ | | |
| ੨੦. ੨੬ ਜੁਲਾਈ ੧੯੮੮ | | | | |
| ਗਿ: ਮੋਹਣ ਸਿੰਘ ਜੀ | ਗਿ: ਰਾਮ ਸਿੰਘ ਜੀ | | | |
| ੧੦ ਅਗਸਤ ੧੯੮੮ | ,, ,, | ਗਿ: ਪ੍ਰੀਤਮ ਸਿੰਘ ਜੀ | | |
| ੨੯ ਨਵੰਬਰ ੧੯੮੮ | ,, ,, | ,, ,, | ਗਿ: ਜਗਤਾਰ ਸਿੰਘ ਜੀ 'ਜਾਚਕ' | |
| ੧੭ ਮਈ ੧੯੮੯ | ,, ,, | ,, ,, | ਗਿ: ਜੋਗਿੰਦਰ ਸਿੰਘ ਜੀ 'ਵੇਦਾਂਤੀ' | |
| ੨੯ ਨਵੰਬਰ ੧੯੮੯ | ,, ,, | ,, ,, | ,, ,, | ਗਿ: ਚਰਨ ਸਿੰਘ ਜੀ |
| ੨੧ ਨਵੰਬਰ ੧੯੯੦ ਈ: ਤੋਂ ਗਿਆਨੀ ਪੂਰਨ ਸਿੰਘ ਜੀ ਗੁੰਬੀ ਨੰ: ੬ | | | | |

## ਅੰਤਿਕਾ ਨੰ. ੩: ਦਰਬਾਰ ਸਾਹਿਬ ਦੇ ਰਾਗੀਆਂ ਤੇ ਰਬਾਬੀਆਂ ਦਾ ਵੇਰਵਾ

| ਨੰ. ਨਾਮ ਚੌਂਕੀ | ਰਾਗੀਆਂ ਦੇ ਨਾਮ | ਗਿਣਤੀ | ਵੇਲਾ | ਵੇਰਵਾ |
|---|---|---|---|---|
| ੧-ਆਸਾ ਦੀ ਵਾਰ | ਭਾਈ ਚੇਤ ਸਿੰਘ, ਭਾਈ ਹਜ਼ਾਰਾ ਸਿੰਘ | ੧੦ ਆਦਮੀ | ਡੇਢ ਪਹਿਰ ਰਾਤ ਤੋਂ ਇਕ ਘੜੀ ਦਿਨ ਚੜ੍ਹੇ ਤੱਕ, | ੧੧ ਘੜੀਆਂ |
| ੨-ਬਿਲਾਵਲ | ਮਿਸ਼ਰਾ ਸਿੰਘ, ਕਪੂਰ ਸਿੰਘ, ਮੱਖਣ ਸਿੰਘ | ੪ ਆਦਮੀ | ਚਾਰ ਘੜੀ ਦਿਨ ਚੜ੍ਹੇ ਤੱਕ, | ੪ ਘੜੀਆਂ |
| ੩- | ਪੈੜਾ ਸਿੰਘ, ਕਿਸ਼ਨ ਸਿੰਘ, ਗੁਰਦਿੱਤ ਸਿੰਘ ਆਦਿ | ੩ ਆਦਮੀ | ਪਹਿਰ ਦਿਨ ਚੜ੍ਹੇ ਤੱਕ | ੪ ਘੜੀਆਂ |
| ੪- | ਰਤਨ ਸਿੰਘ, ਕਰਮ ਸਿੰਘ, ਮੰਗਲ ਸਿੰਘ | ੩ ਆਦਮੀ | ੪ ਘੜੀ | ੪ ਘੜੀਆਂ |
| ੫- | ਗੰਡਾ ਸਿੰਘ, ਜਮੀਤ ਸਿੰਘ, ਮੰਗਲ ਸਿੰਘ | ੩ ਆਦਮੀ | ੩ ਘੜੀ | |
| ੬-ਅਨੰਦ | ਮਾਨ ਸਿੰਘ, ਅਮੀਰ ਸਿੰਘ | ੨ ਆਦਮੀ | ੨ ਘੜੀ | |
| ੭- | ਭਾਈ ਮਾਲਾ, ਹੁਸੈਨਾ, ਬੋਰੀ ਆਦਿ | ੬ ਆਦਮੀ | ੩ ਘੜੀ (ਰਬਾਬੀ) | ੧।) ਦਿਹਾੜੀ |
| ੮-ਚਰਨ ਕਵੰਲ | ਗੁਲਾਬ, ਮੇਹਰਾ, ਸਾਧ | ੪ ਆਦਮੀ | ੩ ਘੜੀ | ॥) ਦਿਹਾੜੀ |
| ੯- | ਭਾਈ ਰਾਓ, ਲਾਡਾ, ਫੇਰਾ, ਈਦੂ | ੫ ਆਦਮੀ | ੩ ਘੜੀ | ੧) ਦਿਹਾੜੀ |
| ੧੦-ਕਥਾ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਈ ਗੁਰਬਖ਼ਸ਼ ਸਿੰਘ | ੧ ਆਦਮੀ | ੨ ਘੜੀ | ੧) ਦਿਹਾੜੀ |
| ੧੧- | ਭਾਈ ਅਤਰਾ ਤੇ ਵਧਾਵਾ | ੪ ਆਦਮੀ | ੩ ਘੜੀ | ।≡ ਦਿਹਾੜੀ |
| ੧੨- | ਭਾਈ ਦਿੱਤੂ, ਜੰਮੂ, ਮੰਮੂ | ੫ ਆਦਮੀ | ੨ ਘੜੀ | ।≡ ਦਿਹਾੜੀ |
| ੧੩- | ਸਾਹਿਬ, ਅਮੀਰਾ,ਭਾਈ ਝੰਡਾ,ਮੇਹਰਾ | ੪ ਆਦਮੀ | ੩ ਘੜੀ | ॥) ਦਿਹਾੜੀ |
| ੧੪- | ਭਾਈ ਬਿਸ਼ਨ ਸਿੰਘ, ਬੁੱਧ ਸਿੰਘ ਆਦਿ | ੪ ਆਦਮੀ | ੨ ਘੜੀ | ॥) ਦਿਹਾੜੀ |
| ੧੫- | ਨੱਥੂ, ਰੱਖੂ, ਖੈਰਾ ਆਦਿ | ੬ ਆਦਮੀ | ੨ ਘੜੀ | ॥) ਦਿਹਾੜੀ |
| ੧੬- | ਮੰਗਲ ਸਿੰਘ, ਰਾਮ ਸਿੰਘ | ੪ ਆਦਮੀ | ੧ ਘੜੀ | ਸਮਾਪਤੀ |